ਐਤਵਾਰ, 14 ਜੂਨ, 2026
31 ਜੇਠ { ਨਾਨਕਸ਼ਾਹੀ 558 / ਬਿਕਰਮੀ 2083 }
ਜਿਲਦ/VOL. : 75
ਅੰਕ/NO. : 13

ਰੋਜ਼ਾਨਾ
ਨਵਾਂ ਜ਼ਮਾਨਾ
DAILY NAWAN ZAMANA • SUNDAY, 14 JUNE, 2026 ਜਲੰਧਰ

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ
ਪੁੱਛ-ਗਿੱਛ (ਰਿਸੈਪਸ਼ਨ) 0181-5097300
ਇਸ਼ਤਿਹਾਰ ਵਿਭਾਗ 0181-5097302
ਸਾਹਿਤ ਸੰਪਾਦਕ (ਐਤਵਾਰਤਾ) 0181-5097305
ਕੰਪਿਊਟਰ ਰੂਮ 0181-5097310
ਵੈੱਬ ਟੀ ਵੀ 0181-5133160

YouTube nawan zamana TV

ਕੀਮਤ/PRICE : 5.00 ਰੁਪਏ Regd. No : L-4/Pb-JL-0023/2024-26, (R.N.I.)-00068/57 E-mail : nawanzamana@gmail.com www.nawanzamana.in ਸਫ਼ੇ : 8+6=14

ਮੋਦੀ ਸਰਕਾਰ ਵਿਰੋਧੀਆਂ ਨੂੰ ਬਦਨਾਮ ਕਰਨ ਦਾ ਕੰਮ ਕਰਦੀ ਹੈ : ਦੀਪਕੇ

ਅੰਮ੍ਰਿਤਸਰ (ਨਵਾਂ ਜ਼ਮਾਨਾ ਸਰਵਿਸ)
ਕਾਕਰੋਚ ਜਨਤਾ ਪਾਰਟੀ ਨੇ ਸ਼ਨੀਵਾਰ ਨੂੰ ਅੰਮ੍ਰਿਤਸਰ ਵਿੱਚ ਕੇਂਦਰ ਸਰਕਾਰ ਖਿਲਾਫ ਰੋਸ ਪ੍ਰਦਰਸ਼ਨ ਕੀਤਾ ਜਿਸ ਦੀ ਅਗਵਾਈ ਪਾਰਟੀ ਦੇ ਮੁਖੀ ਅਭਿਜੀਤ ਦੀਪਕੇ ਨੇ ਕੀਤੀ। ਉਨ੍ਹਾਂ ਹਰਿਮੰਦਰ ਸਾਹਿਬ ਵਿਖੇ ਮੱਥਾ ਟੇਕਿਆ। ਸਥਾਨਕ ਗੋਲਡਨ ਗੇਟ ਨੇੜੇ ਇੱਕ ਸਮਾਗਮ ਵਿੱਚ ਕੇਂਦਰ ਦੀ ਮੋਦੀ ਸਰਕਾਰ ਨੂੰ ਕਰੜੇ ਹੱਥੀ ਲੈਂਦਿਆਂ ਸ੍ਰੀ ਦੀਪਕੇ ਨੇ ਆਖਿਆ ਕਿ ਦੇਸ਼ ਵਿੱਚ ਜੇਕਰ ਕੋਈ ਕੇਂਦਰ ਸਰਕਾਰ ਖਿਲਾਫ ਬੋਲਦਾ ਹੈ ਤਾਂ ਉਸ ਨੂੰ ਬਦਨਾਮ ਕੀਤਾ ਜਾਂਦਾ ਹੈ। ਇਸ ਮੌਕੇ ਮੋਦੀ ਸਰਕਾਰ ਖਿਲਾਫ ਜੰਮ ਕੇ ਨਾਅਰੇਬਾਜ਼ੀ ਹੋਈ । ਕਿਸਾਨ ਅੰਦੋਲਨ ਦੀ ਗੱਲ ਕਰਦਿਆਂ ਉਹਨਾਂ ਆਖਿਆ ਕਿ

ਜਦੋਂ ਦਿੱਲੀ ਸਰਕਾਰ ਖਿਲਾਫ ਕਿਸਾਨ ਅੰਦੋਲਨ ਚੱਲ ਰਿਹਾ ਸੀ ਤਾਂ ਉਹ ਉਸ ਵੇਲੇ ਉਥੇ ਗਏ ਸਨ। ਉਹਨਾਂ ਦੇਖਿਆ ਸੀ ਕਿ ਕਿਵੇਂ ਉਸ ਵੇਲੇ ਕਿਸਾਨ ਅੰਦੋਲਨ ਨੂੰ ਬਦਨਾਮ ਕੀਤਾ ਗਿਆ। ਉਨ੍ਹਾਂ ਆਖਿਆ ਕਿ ਦੇਸ਼ ਵਿੱਚ ਸਿੱਖਿਆ ਦੇ ਖੇਤਰ ਵਿੱਚ ਜੋ ਕੁਝ ਵਾਪਰਿਆ ਹੈ , ਪ੍ਰਧਾਨ ਮੰਤਰੀ ਨੂੰ ਉਸ ਦੀ ਜ਼ਿੰਮੇਵਾਰੀ ਲੈਣੀ ਪਵੇਗੀ।
ਉਹਨਾਂ ਨੇ ਹਾਜ਼ਰ ਲੋਕਾਂ ਨੂੰ ਵੀ ਪੁੱਛਿਆ ਕਿ ਕੀ ਸਰਕਾਰ ਨੂੰ ਇਸ ਦੀ ਜ਼ਿੰਮੇਵਾਰੀ ਲੈਣੀ ਚਾਹੀਦੀ ਹੈ ਜਾਂ ਨਹੀਂ ਤਾਂ ਲੋਕਾਂ ਨੇ ਇੱਕ ਸੁਰ ਵਿੱਚ ਆਖਿਆ ਕਿ ਸਰਕਾਰ ਨੂੰ ਇਸ ਦੀ ਜ਼ਿੰਮੇਵਾਰੀ ਲੈਣੀ ਚਾਹੀਦੀ ਹੈ। ਪ੍ਰਦਰਸ਼ਨ ਵਿੱਚ ਅੰਮ੍ਰਿਤਸਰ ਤੋਂ ਇਲਾਵਾ ਸਮੁੱਚੇ ਪੰਜਾਬ ਵਿਚੋਂ ਨੌਜਵਾਨ ਪੁੱਜੇ ਜਿਨ੍ਹਾਂ ਵਿੱਚ ਵੱਡੀ ਗਿਣਤੀ 'ਚ ਕੁੜੀਆਂ ਸ਼ਾਮਿਲ ਸਨ।

ਸੇਵਾ-ਮੁਕਤ ਮੁਲਾਜ਼ਮਾਂ ਦਾ ਹੱਕ ਹੜੱਪਣਾ ਤੇ ਕਿਸਾਨੀ ਰਾਹਤ ਬੰਦ ਕਰਨੀ ਬਰਦਾਸ਼ਤਯੋਗ ਨਹੀਂ : ਬੰਤ ਬਰਾੜ

ਸ਼ਾਹਕੋਟ (ਗਿਆਨ ਸੈਦਪੁਰੀ)
ਪੰਜਾਬ ਦੇ ਕਿਸਾਨਾਂ ਨੂੰ ਰਾਹਤ ਦੇਣ ਦੇ ਮਨਸ਼ੇ ਨਾਲ ਸਥਾਪਤ ਕੀਤੀ ਗਈ ਸਹਿਕਾਰੀ ਖੇਤੀਬਾੜੀ ਵਿਕਾਸ ਬੈਂਕ ਦੇ ਉੱਚ ਅਧਿਕਾਰੀਆਂ ਵੱਲੋਂ ਆਪਣੀ ਹੀ ਬੈਂਕ ਦੇ ਸੇਵਾ-ਮੁਕਤ ਕਰਮਚਾਰੀਆਂ ਦੇ ਹੱਕਾਂ ਅੱਗੇ ਅੜਿੱਕੇ ਡਾਹੁਣ ਅਤੇ ਕਿਸਾਨਾਂ ਨੂੰ ਰਾਹਤ ਦੇਣ ਲਈ ਦਿੱਤਾ ਜਾਣ ਵਾਲਾ ਕਰਜ਼ਾ ਪਿਛਲੇ ਛੇ ਸਾਲ ਤੋਂ ਬੰਦ ਕੀਤੇ ਜਾਣ ਦਾ ਮਾਮਲਾ ਸਾਹਮਣੇ ਆਇਆ ਹੈ।ਇਸ ਸੰਬੰਧ ਵਿੱਚ ਭਾਰਤੀ ਕਮਿਊਨਿਸਟ ਪਾਰਟੀ ਦੀ ਕੌਮੀ ਕੌਂਸਲ ਦੇ ਮੈਂਬਰ ਤੇ ਸਾਬਕਾ ਸੂਬਾ ਸਕੱਤਰ ਬੰਤ ਸਿੰਘ ਬਰਾੜ ਨੇ ਬੈਂਕ ਦੇ ਸੇਵਾ-ਮੁਕਤ ਕਰਮਚਾਰੀਆਂ ਨੂੰ ਬਣਦੇ ਲਾਭ ਤੁਰੰਤ ਜਾਰੀ ਕਰਨ ਅਤੇ ਕਿਸਾਨਾਂ ਨੂੰ ਰਾਹਤ ਦੇਣ ਲਈ ਦਿੱਤੇ ਜਾਂਦੇ ਕਰਜ਼ੇ ਦੀ ਬੰਦ ਸਕੀਮ ਨੂੰ ਸ਼ੁਰੂ ਕਰਨ ਦੀ ਮੰਗ ਕੀਤੀ ਹੈ।ਪ੍ਰਾਪਤ ਜਾਣਕਾਰੀ ਅਨੁਸਾਰ ਸਹਿਕਾਰੀ ਖੇਤੀਬਾੜੀ ਵਿਕਾਸ ਬੈਂਕ ਦੇ ਸੇਵਾ-ਮੁਕਤ ਕਰਮਚਾਰੀਆਂ ਵਾਸਤੇ 1-4- 1989 ਤੋਂ ਪੈਨਸ਼ਨ ਸਕੀਮ ਲਾਗੂ ਕੀਤੀ ਗਈ ਸੀ।ਇਸ ਉੱਤੇ ਅਮਲ ਨਾ ਹੋਣ ਕਾਰਨ ਸੇਵਾ-ਮੁਕਤ ਕਰਮਚਾਰੀਆਂ ਨੇ ਪੰਜਾਬ ਐਂਡ ਹਰਿਆਣਾ ਹਾਈ ਕੋਰਟ ਵਿੱਚ ਪਟੀਸ਼ਨ ਪਾਈ ਸੀ।ਇਸ ਪਟੀਸ਼ਨ 'ਤੇ ਜਸਟਿਸ ਹਰਪ੍ਰੀਤ ਸਿੰਘ ਬਰਾੜ ਨੇ ਮਹੱਤਵਪੂਰਨ ਫੈਸਲਾ ਕਰਦਿਆਂ ਤਿੰਨ ਮਹੀਨੇ ਅੰਦਰ ਪੈਨਸ਼ਨ ਅਤੇ ਬਣਦੇ ਬਕਾਏ ਦੇਣ ਦੀ ਹਦਾਇਤ ਕੀਤੀ ਸੀ। ਸੇਵਾ-ਮੁਕਤ ਕਰਮਚਾਰੀਆਂ ਨੂੰ ਪਰੇਸ਼ਾਨ ਕਰਨ

ਦੇ ਆਧਾਰ 'ਤੇ ਬੈਂਕ ਨੂੰ ਇਕ ਲੱਖ ਰੁਪਏ ਦਾ ਜੁਰਮਾਨਾ ਵੀ ਠੋਕਿਆ ਗਿਆ ਸੀ।ਇੱਕ ਮਹੀਨੇ ਅੰਦਰ ਇਹ ਜੁਰਮਾਨਾ ਬੈਂਕ ਵੱਲੋਂ ਜਮ੍ਹਾਂ ਕਰਵਾ ਦਿੱਤਾ ਗਿਆ ਸੀ।
ਸੇਵਾ-ਮੁਕਤ ਮੁਲਾਜ਼ਮ ਯੂਨੀਅਨ ਦੇ ਆਗੂ ਬਖਸ਼ੀਸ਼ ਸਿੰਘ ਸਭਰਾ ਅਨੁਸਾਰ ਤਨਖਾਹ ਕਮਿਸ਼ਨ ਦੀ ਰਿਪੋਰਟ ਦੇ ਆਧਾਰ 'ਤੇ ਹੀ ਬੈਂਕ ਮੈਨੇਜਮੈਂਟ ਵੱਲੋਂ ਆਪਣੇ ਮੁਲਾਜ਼ਮਾਂ ਲਈ 1-4-1989 ਤੋਂ ਪੈਨਸ਼ਨ ਸਕੀਮ ਲਾਗੂ ਕੀਤੀ ਗਈ ਸੀ। ਪਤਾ ਨਹੀਂ ਕਿਉਂ ਬੈਂਕ ਦੇ ਉੱਚ ਅਧਿਕਾਰੀਆਂ ਨੂੰ ਇਹ ਸਕੀਮ ਪਚੀ ਨਹੀਂ। ਉਹਨਾ ਬੈਂਕ ਦੇ ਫੈਸਲੇ ਨੂੰ ਰੋਕਣ ਲਈ ਐਡਵੋਕੇਟ ਜਨਰਲ ਪੰਜਾਬ ਪਾਸੋਂ ਐੱਲ ਪੀ ਏ ਦਾਖਲ ਕਰਨ ਦੀ ਆਗਿਆ ਮੰਗੀ। ਐਡਵੋਕੇਟ ਜਨਰਲ ਨੇ ਪੰਜਾਬ ਦੇ ਸਹਿਕਾਰਤਾ ਕਮਿਸ਼ਨਰ ਰਾਹੀਂ ਐੱਲ ਪੀ ਏ ਪਾਉਣ ਤੋਂ ਰੋਕ ਦਿੱਤਾ। ਉੱਚ ਅਧਿਕਾਰੀ ਫਿਰ ਵੀ ਰੁਕੇ ਨਾ। ਉਹਨਾਂ ਲਗਭਗ 18 ਲੱਖ ਰੁਪਏ ਵਿੱਚ ਵਕੀਲ ਕਰਕੇ ਐੱਲ ਪੀ ਏ ਦਾਖਲ ਕਰਵਾ ਦਿੱਤੀ।ਅਦਾਲਤ ਨੇ ਪਹਿਲੀ ਪੇਸ਼ੀ 'ਤੇ ਹੀ ਅਪੀਲ ਖਾਰਜ ਕਰ ਦਿੱਤੀ।ਬੈਂਕ ਦੇ 143 ਸੇਵਾ-ਮੁਕਤ ਕਰਮਚਾਰੀਆਂ ਨੇ ਮਾਨਹਾਨੀ ਦਾ ਕੇਸ ਵੀ ਕੀਤਾ ਹੋਇਆ ਹੈ।ਬੈਂਕ ਦੇ ਅਧਿਕਾਰੀਆਂ ਦੀਆਂ ਪੇਸ਼ੀਆਂ ਚੱਲ ਰਹੀਆਂ ਹਨ। ਹਰ ਪੇਸ਼ੀ 'ਤੇ ਦਿੱਤੇ ਜਾਣ ਵਾਲੇ ਹਲਫੀਆ ਬਿਆਨ ਰਾਹੀਂ ਫੈਸਲਾ ਲਾਗੂ ਕਰਨ ਦੀ ਵਚਨਬੱਧਤਾ ਦਾ ਵਿਸ਼ਵਾਸ ਦਿਵਾਇਆ ਜਾਂਦਾ • ਬਾਕੀ ਸਫਾ 2 'ਤੇ

ਹਵਾਈ ਹਾਦਸੇ 'ਚ ਹਵਾਈ ਫੌਜ ਦੇ 5 ਜਵਾਨ ਸ਼ਹੀਦ

ਜੋਰਹਾਟ : ਸਨਿੱਚਰਵਾਰ ਅਸਾਮ ਦੇ ਜੋਰਹਾਟ ਜ਼ਿਲ੍ਹੇ ਵਿੱਚ ਏਅਰ ਫੋਰਸ ਸਟੇਸ਼ਨ 'ਤੇ ਲੈਂਡਿੰਗ ਕਰਦੇ ਸਮੇਂ ਇੱਕ ਏ ਐੱਨ ਸੀ ਬੀ ਟਰਾਂਸਪੋਰਟ ਜਹਾਜ਼ ਦੇ ਹਾਦਸਾਗ੍ਰਸਤ ਹੋਣ ਤੋਂ ਬਾਅਦ ਪੰਜ ਭਾਰਤੀ ਹਵਾਈ ਸੈਨਾ ਦੇ ਜਵਾਨ ਸ਼ਹੀਦ ਹੋ ਗਏ। ਹਵਾਈ ਸੈਨਾ ਦੇ ਅਧਿਕਾਰੀਆਂ ਨੇ ਦੱਸਿਆ ਕਿ ਜਹਾਜ਼ ਦਾ ਸਹਿ-ਪਾਇਲਟ ਬਚ ਗਿਆ ਹੈ ਅਤੇ ਉਸ ਦਾ ਇਲਾਜ ਚੱਲ ਰਿਹਾ ਹੈ। ਜਹਾਜ਼ ਨੇ ਛੇ ਵਿਅਕਤੀਆਂ, ਜਿਨ੍ਹਾਂ ਵਿੱਚ ਪਾਇਲਟ ਵੀ ਸ਼ਾਮਲ ਸਨ, ਦੇ ਨਾਲ ਜੋਰਹਾਟ ਸਥਿਤ ਹਵਾਈ ਸੈਨਾ ਦੇ ਬੇਸ ਤੋਂ ਉਡਾਣ ਭਰੀ ਸੀ। ਸੂਤਰਾਂ ਅਨੁਸਾਰ ਪਾਇਲਟ ਨੇ ਉਡਾਣ ਭਰਨ ਤੋਂ ਤੁਰੰਤ ਬਾਅਦ ਤਕਨੀਕੀ ਖਰਾਬੀ ਦੀ ਰਿਪੋਰਟ ਕੀਤੀ ਅਤੇ ਏਅਰਬੇਸ 'ਤੇ

ਵਾਪਸ ਆਉਣ ਦਾ ਫੈਸਲਾ ਕੀਤਾ। ਹਾਲਾਂਕਿ ਲੈਂਡ ਕਰਨ ਦੀ ਕੋਸ਼ਿਸ਼ ਦੌਰਾਨ ਜਹਾਜ਼ ਰਨਵੇ ਤੋਂ ਫਿਸਲ ਗਿਆ ਅਤੇ ਹਾਦਸਾਗ੍ਰਸਤ ਹੋ ਗਿਆ। ਲੈਂਡਿੰਗ ਤੋਂ ਬਾਅਦ ਅੱਗ ਲੱਗ ਗਈ, ਜਿਸ ਦੇ ਨਤੀਜੇ ਵਜੋਂ ਪੰਜ ਜਵਾਨਾਂ ਦੀ ਮੌਤ ਹੋ ਗਈ। ਜਾਨਾਂ ਗਵਾਉਣ ਵਾਲਿਆਂ ਵਿਚ 2 ਅਗਨੀਵੀਰ ਵੀ ਸ਼ਾਮਿਲ ਹਨ। ਸ਼ਹੀਦ ਹੋਣ ਵਾਲੇ ਹਵਾਈ ਫੌਜ ਦੇ ਜਾਂਬਾਜ਼ਾਂ ਵਿੱਚ ਸਕੁਐਡਰਨ ਲੀਡਰ ਪ੍ਰਸ਼ਾਂਤ ਸਿੰਘ, ਫਲਾਈਟ ਲੈਫਟੀਨੈਂਟ ਸ਼ੁਭਮ ਕੁਮਾਰ, ਸਾਰਜੈਂਟ ਜਿਤੇਂਦਰ ਸ਼ਰਮਾ, ਅਗਨੀਵੀਰ ਵਾਯੂ ਖੇਮਾਰਾਮ ਕੁਮਾਵਤ ਅਤੇ ਅਗਨੀਵੀਰ ਵਾਯੂ ਦਾਨਿਸ਼ ਆਲਮ ਸ਼ਾਮਲ ਹਨ।

ਪ੍ਰਧਾਨ ਮੰਤਰੀ 'ਅਘੋਰੀ' ਤੇ ਜ਼ਾਲਮ : ਸੰਜੇ ਰਾਊਤ

ਮੁੰਬਈ : ਸ਼ਿਵ ਸੈਨਾ (ਯੂ ਬੀ ਟੀ) ਨੇਤਾ ਸੰਜੇ ਰਾਊਤ ਨੇ ਸ਼ਨੀਵਾਰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ 'ਅਘੋਰੀ' ਅਤੇ ਇੱਕ ਜ਼ਾਲਮ ਵਿਅਕਤੀ ਵਜੋਂ ਦਰਸਾਉਣ ਤੋਂ ਬਾਅਦ ਇੱਕ ਰਾਜਨੀਤਕ ਵਿਵਾਦ ਛੇੜ ਦਿੱਤਾ। ਪੁਣੇ ਵਿੱਚ ਪੱਤਰਕਾਰਾਂ ਨਾਲ ਗੱਲ ਕਰਦੇ ਹੋਏ ਰਾਊਤ ਨੇ ਕਿਹਾ ਕਿ ਉਸ ਨੇ ਰਾਜਨੀਤੀ ਵਿੱਚ ਕਦੇ ਵੀ ਅਜਿਹਾ 'ਅਘੋਰੀ' ਨਹੀਂ ਦੇਖਿਆ ਅਤੇ ਦਾਅਵਾ ਕੀਤਾ ਕਿ ਮੋਦੀ ਦਾ ਸਮੁੱਚਾ ਕਿਰਦਾਰ ਡਰ ਨੂੰ ਪ੍ਰੇਰਿਤ ਕਰਦਾ ਹੈ। ਉਨ੍ਹਾ ਕਿਹਾ, "ਇਸ ਦੇਸ਼ ਦੀ ਰਾਜਨੀਤੀ ਵਿੱਚ ਪਹਿਲਾਂ ਕਦੇ ਵੀ ਅਜਿਹਾ 'ਅਘੋਰੀ' ਵਿਅਕਤੀ ਪੈਦਾ ਨਹੀਂ ਹੋਇਆ। ਪਹਿਲਾਂ ਕਦੇ ਵੀ ਕੋਈ ਏਨਾ ਜ਼ਾਲਮ ਨਹੀਂ ਉਭਰਿਆ। ਇਸ ਦੇਸ਼ ਨੇ ਜਵਾਹਰ ਲਾਲ ਨਹਿਰੂ, ਇੰਦਰਾ ਗਾਂਧੀ, ਲਾਲ ਬਹਾਦੁਰ ਸ਼ਾਸਤਰੀ, ਪੀ ਵੀ ਨਰਸਿਮਹਾ ਰਾਓ, ਰਾਜੀਵ ਗਾਂਧੀ, ਬਾਬਾ ਸਾਹਿਬ ਅੰਬੇਡਕਰ ਅਤੇ ਬਾਲਾ ਸਾਹਿਬ ਠਾਕਰੇ ਵਰਗੇ ਮਹਾਨ ਨੇਤਾ ਪੈਦਾ ਕੀਤੇ ਹਨ, ਜਦੋਂ ਅਸੀਂ ਮੋਦੀ ਦੇ ਸਮੁੱਚੇ ਕਿਰਦਾਰ ਨੂੰ ਦੇਖਦੇ ਹਾਂ, ਡਰ ਪੈਦਾ ਕਰਦਾ ਹੈ। ਅਜਿਹਾ ਵਿਅਕਤੀ ਕਿੱਥੋਂ ਆਇਆ ਹੈ? " ਉਸ ਨੇ ਕਿਹਾ, 'ਉਹ ਉਸੇ ਮਿੱਟੀ ਤੋਂ ਆਉਂਦਾ ਹੈ, ਜਿਸ ਨੇ ਔਰੰਗਜ਼ੇਬ ਨੂੰ ਪੈਦਾ ਕੀਤਾ ਸੀ। ਔਰੰਗਜ਼ੇਬ ਗੁਜਰਾਤ ਵਿੱਚ ਪੈਦਾ ਹੋਇਆ ਸੀ, ਹੈ ਨਾ?'

ਅਮਰੀਕਾ-ਈਰਾਨ ਸ਼ਾਂਤੀ ਸਮਝੌਤਾ 24 ਘੰਟਿਆਂ 'ਚ ਸੰਭਵ : ਸ਼ਾਹਬਾਜ਼

ਇਸਲਾਮਾਬਾਦ : ਪਾਕਿਸਤਾਨ ਦੇ ਪ੍ਰਧਾਨ ਮੰਤਰੀ ਸ਼ਾਹਬਾਜ਼ ਸ਼ਰੀਫ਼ ਨੇ ਕਿਹਾ ਹੈ ਕਿ ਅਮਰੀਕਾ-ਈਰਾਨ ਸ਼ਾਂਤੀ ਸਮਝੌਤਾ 24 ਘੰਟਿਆਂ ਦੇ ਅੰਦਰ ਹੋਣ ਦੀ ਉਮੀਦ ਹੈ। ਸ਼ਰੀਫ਼ ਨੇ ਪੁਸ਼ਟੀ ਕੀਤੀ ਕਿ ਅੰਤਮ ਖਰੜਾ ਤਿਆਰ ਹੈ ਤੇ ਪਾਕਿਸਤਾਨ ਤਕਨੀਕੀ ਪੱਧਰ ਦੀ ਗੱਲਬਾਤ ਤੋਂ ਬਾਅਦ ਤੁਰੰਤ ਇਲੈਕਟਰਾਨਿਕ ਦਸਤਖਤਾਂ ਲਈ ਤਿਆਰੀ ਕਰ ਰਿਹਾ ਹੈ। ਉਨ੍ਹਾ ਦਾਅਵਾ ਕੀਤਾ ਹੈ ਕਿ ਮਹੀਨਿਆਂ ਤੋਂ ਚੱਲੀ ਆ ਰਹੀ ਜੰਗ ਵਿੱਚ ਹਾਰਮੁਜ਼ ਜਲਡਮਰੂ ਵਿੱਚ ਨਵੀਆਂ ਝੜਪਾਂ ਦੇ ਬਾਵਜੂਦ ਇੱਕ ਲੰਮੇ ਸਮੇਂ ਤੋਂ ਉਡੀਕਿਆ ਜਾ ਰਿਹਾ ਸਮਝੌਤਾ ਆਪਣੇ

ਆਖਰੀ ਪੜਾਅ 'ਤੇ ਹੈ। ਈਰਾਨ ਦੇ ਵਿਦੇਸ਼ ਮੰਤਰੀ ਅੱਬਾਸ ਅਰਾਘਚੀ ਨੇ ਸ਼ੁੱਕਰਵਾਰ ਇੱਕ ਸੋਸ਼ਲ ਮੀਡੀਆ ਪੋਸਟ ਵਿੱਚ ਲਿਖਿਆ ਸੀ, 'ਇਸਲਾਮਾਬਾਦ ਸਮਝੌਤਾ ਕਦੇ ਵੀ ਏਨਾ ਨੇੜੇ ਨਹੀਂ ਰਿਹਾ, ਜਿੰਨਾ ਹੁਣ ਹੈ।' ਜਿਵੇਂ ਕਿ ਵਾਸ਼ਿੰਗਟਨ ਤੇ ਤਹਿਰਾਨ ਈਰਾਨ ਦੇ ਪ੍ਰਮਾਣੂ ਪ੍ਰੋਗਰਾਮ 'ਤੇ ਇੱਕ ਸੰਭਾਵੀ ਸਮਝੌਤੇ ਦੇ ਨੇੜੇ ਪਹੁੰਚ ਰਹੇ ਹਨ, ਈਰਾਨ ਨੇ ਆਪਣੇ ਬਹੁਤ ਜ਼ਿਆਦਾ ਜਰਖੇਜ਼ ਯੂਰੇਨੀਅਮ ਦੇ ਭੰਡਾਰ ਦੇ ਆਲੇ-ਦੁਆਲੇ ਸੁਰੱਖਿਆ ਨੂੰ ਮਜ਼ਬੂਤ ਕਰ ਦਿੱਤਾ ਹੈ, ਤਾਂ ਜੋ ਕਿਸੇ ਅਚਨਚੇਤ ਕਾਰਵਾਈ ਤੋਂ ਇਸ ਨੂੰ ਬਚਾਇਆ ਜਾ ਸਕੇ। ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਵੱਲੋਂ ਈਰਾਨ ਦੇ ਯੂਰੇਨੀਅਮ ਭੰਡਾਰਾਂ ਨੂੰ ਜ਼ਬਤ ਕਰਨ ਲਈ ਅਮਰੀਕੀ ਫੌਜ ਨੂੰ ਆਦੇਸ਼ ਦੇਣ ਦੀ ਸੰਭਾਵਨਾ ਦੇ ਮੱਦੇਨਜ਼ਰ ਈਰਾਨ ਨੇ ਇਹ ਕਦਮ ਚੁੱਕਿਆ ਹੈ। ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਈਰਾਨ ਨੇ ਯੂਰੇਨੀਅਮ ਤੱਕ ਪਹੁੰਚਣਾ ਬਹੁਤ ਮੁਸ਼ਕਲ ਬਣਾ ਦਿੱਤਾ ਹੈ, ਜੋ ਭੂਮੀਗਤ ਤੌਰ 'ਤੇ ਸਟੋਰ ਕੀਤਾ ਗਿਆ ਮੰਨਿਆ ਜਾਂਦਾ ਹੈ। ਇਹ ਸਮਗਰੀ ਮੁੱਖ ਤੌਰ 'ਤੇ ਮੱਧ ਈਰਾਨ ਵਿੱਚ ਇਸਫਾਹਾਨ ਪ੍ਰਮਾਣੂ ਕੰਪਲੈਕਸ ਵਿੱਚ ਢਹਿ-ਢੇਰੀ ਹੋਈਆਂ ਸੁਰੰਗਾਂ ਵਿੱਚ ਹੈ ਤੇ ਬਹੁਤ ਹੀ ਘੱਟ ਮਾਤਰਾ ਹੋਰ ਸਥਾਨਾਂ 'ਤੇ ਭੰਡਾਰ ਕੀਤੀ ਗਈ ਹੈ। ਇਸ ਦੌਰਾਨ ਈਰਾਨ ਨੇ ਸਪੱਸ਼ਟ ਕੀਤਾ ਹੈ ਕਿ ਐਤਵਾਰ ਸ਼ਾਂਤੀ ਸਮਝੌਤੇ ਉਪਰ ਦਸਤਖਤ ਨਹੀਂ ਹੋਣਗੇ।

ਲੈਫਟੀਨੈਂਟ ਜਨਰਲ ਧੀਰਜ ਸੇਠ ਹੋਣਗੇ ਫੌਜ ਦੇ ਅਗਲੇ ਮੁਖੀ

ਨਵੀਂ ਦਿੱਲੀ : ਕੇਂਦਰ ਸਰਕਾਰ ਨੇ ਇੱਕ ਵੱਡਾ ਫੈਸਲਾ ਲੈਂਦਿਆਂ ਲੈਫਟੀਨੈਂਟ ਜਨਰਲ ਧੀਰਜ ਸੇਠ ਨੂੰ ਭਾਰਤੀ ਫੌਜ (ਥਲ ਸੈਨਾ) ਦਾ ਅਗਲਾ ਮੁਖੀ ਨਿਯੁਕਤ ਕੀਤਾ ਹੈ।
ਲੈਫਟੀਨੈਂਟ ਜਨਰਲ ਸੇਠ ਮੌਜੂਦਾ ਸਮੇਂ ਫੌਜ ਦੇ ਉਪ-ਮੁਖੀ (ਵਾਈਸ ਚੀਫ਼) ਵਜੋਂ ਸੇਵਾਵਾਂ ਨਿਭਾਅ ਰਹੇ ਹਨ। ਉਹ 30 ਜੂਨ ਨੂੰ ਮੌਜੂਦਾ ਫੌਜ ਮੁਖੀ ਜਨਰਲ ਉਪੇਂਦਰ ਦਿਵੇਦੀ ਦੇ ਸੇਵਾਮੁਕਤ ਹੋਣ ਤੋਂ ਬਾਅਦ ਆਪਣਾ ਨਵਾਂ ਅਹੁਦਾ ਸੰਭਾਲਣਗੇ। ਭਾਰਤੀ ਫੌਜ ਦੇ ਇਤਿਹਾਸ ਵਿੱਚ ਪਿਛਲੇ ਦੋ ਦਹਾਕਿਆਂ ਤੋਂ ਵੱਧ ਸਮੇਂ ਵਿੱਚ ਇਹ ਪਹਿਲਾ ਮੌਕਾ ਹੈ, ਜਦੋਂ 'ਆਰਮਰਡ ਕੋਰ' (ਬਖਤਰਬੰਦ ਰੈਜੀਮੈਂਟ) ਦੇ ਕਿਸੇ ਅਧਿਕਾਰੀ ਨੂੰ ਫੌਜ ਮੁਖੀ ਦੀ ਕਮਾਨ ਸੌਂਪੀ ਗਈ ਹੈ।

85 ਸਾਲਾ ਦਾਦੀ ਨੂੰ ਕੁੱਟ-ਕੁੱਟ ਕੇ ਮਾਰਿਆ

ਬਠਿੰਡਾ : ਇਥੋਂ ਥੋੜ੍ਹੀ ਦੂਰ ਥਾਣਾ ਨੰਦਗੜ੍ਹ ਅਧੀਨ ਪੈਂਦੇ ਪਿੰਡ ਜੰਗੀਰਾਣਾ ਵਿੱਚ ਪੋਤੇ ਵੱਲੋਂ ਆਪਣੀ ਹੀ 85 ਸਾਲਾ ਬਜ਼ੁਰਗ ਦਾਦੀ ਦਾ ਬੇਰਹਿਮੀ ਨਾਲ ਕੁੱਟ-ਕੁੱਟ ਕੇ ਕਤਲ ਕਰ ਦਿੱਤਾ ਗਿਆ। ਇਸ ਖ਼ੌਫ਼ਨਾਕ ਵਾਰਦਾਤ ਤੋਂ ਬਾਅਦ ਪੂਰੇ ਪਿੰਡ ਵਿੱਚ ਮਾਤਮ ਛਾ ਗਿਆ ਹੈ। ਪਿੰਡ ਦੇ ਨਿਵਾਸੀ ਸੁਖਰਾਜ ਸਿੰਘ ਅਨੁਸਾਰ ਬਜ਼ੁਰਗ ਮਾਂ ਦੀਆਂ ਚੀਕਾਂ ਸੁਣ ਕੇ ਜਦੋਂ ਉਹ ਭੱਜਾ-ਭੱਜਾ ਘਰ ਪਹੁੰਚਿਆ, ਤਾਂ ਉੱਥੋਂ ਦਾ ਮੰਜ਼ਰ ਦੇਖ ਕੇ ਉਸ ਦੇ ਪੈਰਾਂ ਹੇਠੋਂ ਜ਼ਮੀਨ ਖਿਸਕ ਗਈ। 85 ਸਾਲਾ ਬਸੰਤ ਕੌਰ ਲਹੂ-ਲੁਹਾਨ ਹਾਲਤ ਵਿੱਚ ਤੜਫ ਰਹੀ ਸੀ ਅਤੇ ਦੋਸ਼ੀ ਪੋਤਾ ਮੌਕੇ ਤੋਂ ਫ਼ਰਾਰ ਹੋ ਚੁੱਕਾ ਸੀ। ਸੁਖਰਾਜ ਨੇ ਤੁਰੰਤ ਡਾਕਟਰ ਨੂੰ ਫੋਨ ਕੀਤਾ, ਪਰ ਅਫ਼ਸੋਸ! ਜਦੋਂ ਤੱਕ ਡਾਕਟਰੀ ਸਹਾਇਤਾ ਘਰ ਪਹੁੰਚੀ, ਉਦੋਂ ਤੱਕ ਬਜ਼ੁਰਗ ਮਾਂ ਸੰਸਾਰ ਨੂੰ ਅਲਵਿਦਾ ਕਹਿ ਚੁੱਕੀ ਸੀ। ਥਾਣਾ ਨੰਦਗੜ੍ਹ ਦੇ ਸਹਾਇਕ ਸਬ-ਇੰਸਪੈਕਟਰ ਸੁਰਜੀਤ ਸਿੰਘ ਨੇ ਦੱਸਿਆ ਕਿ ਸੁਖਰਾਜ ਸਿੰਘ ਦੇ ਬਿਆਨਾਂ ਦੇ ਆਧਾਰ 'ਤੇ ਮੁਲਜ਼ਮ ਮਹਿਕਦੀਪ ਸਿੰਘ ਖ਼ਿਲਾਫ਼ ਕਤਲ ਦਾ ਮੁਕੱਦਮਾ ਦਰਜ ਕਰ ਲਿਆ ਗਿਆ ਹੈ। ਪੁਲਸ ਮੁਤਾਬਕ ਜਲਦ ਹੀ ਮੁਲਜ਼ਮ ਨੂੰ ਸਲਾਖਾਂ ਪਿੱਛੇ ਡੱਕ ਦਿੱਤਾ ਜਾਵੇਗਾ।

70 ਫੀਸਦੀ ਨਸ਼ੀਲੇ ਪਦਾਰਥ ਗੁਜਰਾਤ ਤੋਂ ਆਉਂਦੇ ਹਨ : ਕੇਜਰੀਵਾਲ

ਜਲੰਧਰ (ਨਵਾਂ ਜ਼ਮਾਨਾ ਸਰਵਿਸ)
ਆਮ ਆਦਮੀ ਪਾਰਟੀ ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ ਨੇ ਸ਼ਨਿੱਚਰਵਾਰ ਨੂੰ ਵੱਡਾ ਬਿਆਨ ਦਿੰਦਿਆਂ ਕਿਹਾ ਕਿ ਪੰਜਾਬ ਵਿੱਚ ਆਉਣ ਵਾਲੇ 70 ਫੀਸਦੀ ਨਸ਼ੀਲੇ ਪਦਾਰਥ ਗੁਜਰਾਤ ਤੋਂ ਆ ਰਹੇ ਹਨ। ਉਨ੍ਹਾਂ ਦੋਸ਼ ਲਾਇਆ ਕਿ 'ਈ ਡੀ ਪਾਰਟੀ' (ਭਾਜਪਾ) ਦੇ ਰਾਜ ਵਿੱਚ ਗੁਜਰਾਤ ਨਸ਼ਿਆਂ ਦਾ ਗੇਟਵੇਅ ਬਣ ਗਿਆ ਹੈ। ਕੇਜਰੀਵਾਲ ਨੇ ਇਹ ਟਿੱਪਣੀਆਂ ਜਲੰਧਰ ਦੇ ਐਪੀਜੇ ਸਕੂਲ ਸਥਿਤ ਰਾਜੇਸ਼ਵਰੀ ਸਤਿਆ ਆਡੀਟੋਰੀਅਮ ਵਿਖੇ ਵਪਾਰੀਆਂ ਨੂੰ ਸੰਬੋਧਨ ਕਰਦਿਆਂ 'ਸਰਕਾਰ ਵਪਾਰ ਮਿਲਣੀ' ਦੌਰਾਨ ਕੀਤੀਆਂ। ਉਨ੍ਹਾਂ ਕਿਹਾ ਕਿ ਜਿੱਥੇ ਪਹਿਲੀਆਂ ਪਾਰਟੀਆਂ ਦੇ ਕਾਰਨਾਮੇ ਸਭ ਦੇ ਸਾਹਮਣੇ ਹਨ, ਉੱਥੇ ਹੀ ਸਿਰਫ਼ 'ਆਪ' ਹੀ ਲੋਕਾਂ ਅਤੇ ਸੂਬੇ ਦੇ ਵਪਾਰੀਆਂ ਦੇ ਹਿੱਤਾਂ ਦੀ ਰਾਖੀ ਕਰ ਸਕਦੀ ਹੈ। ਕੇਜਰੀਵਾਲ ਨੇ ਇਹ ਵੀ ਦੋਸ਼ ਲਾਇਆ ਕਿ ਸੂਬੇ ਵਿੱਚ ਨਸ਼ਿਆਂ ਅਤੇ ਗੈਂਗਸਟਰਾਂ ਦਾ ਤਾਣਾ-ਬਾਣਾ ਪਿਛਲੀਆਂ ਲਗਾਤਾਰ ਰਹੀਆਂ ਪਾਰਟੀਆਂ ਵੱਲੋਂ ਸ਼ੁਰੂ ਕੀਤਾ ਗਿਆ

ਸੀ। ਭਾਜਪਾ 'ਤੇ ਸੂਬੇ ਵਿੱਚ ਈਡੀ ਰਾਹੀਂ ਵਪਾਰੀਆਂ ਨੂੰ ਨਿਸ਼ਾਨਾ ਬਣਾਉਣ ਦਾ ਦੋਸ਼ ਲਗਾਉਂਦਿਆਂ ਉਨ੍ਹਾਂ ਦੁਹਰਾਇਆ ਕਿ 'ਆਪ' ਉਨ੍ਹਾਂ ਦੀਆਂ ਸਮੱਸਿਆਵਾਂ ਨੂੰ ਹੱਲ ਕਰਨ ਲਈ ਉਨ੍ਹਾਂ ਤੱਕ ਪਹੁੰਚ ਕਰ ਰਹੀ ਹੈ। ਕੇਜਰੀਵਾਲ ਨੇ ਕਿਹਾ ਕਿ ਪੰਜਾਬ ਵਿੱਚ ਆਉਣ ਵਾਲਾ 70 ਫੀਸਦੀ ਨਸ਼ਾ ਅਤੇ ਚਿੱਟਾ ਗੁਜਰਾਤ ਤੋਂ ਆ ਰਿਹਾ ਹੈ। ਜਦੋਂ ਪੰਜਾਬ ਵਿੱਚ 'ਆਪ' ਦੀ ਸਰਕਾਰ ਬਣੀ ਸੀ, ਤਾਂ 70 ਫੀਸਦੀ ਨਸ਼ਾ ਪਾਕਿਸਤਾਨ ਤੋਂ ਅਤੇ 30 ਫੀਸਦੀ ਗੁਜਰਾਤ ਤੋਂ ਆ ਰਿਹਾ ਸੀ। ਪਰ ਅਸੀਂ ਸਖ਼ਤ ਕਦਮ ਚੁੱਕੇ ਅਤੇ ਬਿਹਤਰ ਪੁਲੀਸ ਪ੍ਰਬੰਧਾਂ ਤੇ ਐਂਟੀ-ਡਰੋਨ ਕਾਰਵਾਈਆਂ ਸਦਕਾ ਪਾਕਿਸਤਾਨ ਤੋਂ ਆਉਣ ਵਾਲੇ ਨਸ਼ੇ ਨੂੰ ਕਾਫੀ ਹੱਦ ਤੱਕ ਨੱਥ ਪਾਈ ਹੈ। ਆਪਣੇ ਦਾਅਵਿਆਂ ਨੂੰ ਸਹੀ ਸਾਬਤ ਕਰਨ ਲਈ ਉਨ੍ਹਾਂ ਨੇ ਮੁੰਦਰਾ ਬੰਦਰਗਾਹ (ਪੋਰਟ) 'ਤੇ 21,000 ਕਰੋੜ ਰੁਪਏ ਦੀ ਕੀਮਤ ਵਾਲੇ 3,000 ਕਿਲੋ ਨਸ਼ੀਲੇ ਪਦਾਰਥ ਫੜੇ ਜਾਣ ਦਾ ਹਵਾਲਾ ਦਿੱਤਾ। ਇਸ ਦੇ ਨਾਲ ਹੀ ਉਨ੍ਹਾਂ ਨੇ ਕੈਗ ਦੀ ਉਸ ਰਿਪੋਰਟ ਦਾ ਵੀ • ਬਾਕੀ ਸਫਾ 2 'ਤੇ

ਪਤੀ 5 ਸਾਲਾ ਪੁੱਤ, ਪਤਨੀ ਦਾ ਪਾਸਪੋਰਟ ਤੇ ਨਕਦੀ ਲੈ ਕੇ ਫ਼ਰਾਰ

ਅੰਮ੍ਰਿਤਸਰ : ਅੰਮ੍ਰਿਤਸਰ ਤੋਂ ਇੱਕ ਬੇਹੱਦ ਹੈਰਾਨੀਜਨਕ ਅਤੇ ਦਿਲ ਨੂੰ ਝੰਜੋੜਨ ਵਾਲਾ ਮਾਮਲਾ ਸਾਹਮਣੇ ਆਇਆ ਹੈ, ਜਿੱਥੇ ਨਿਊ ਜ਼ੀਲੈਂਡ ਰਹਿੰਦੀ ਇੱਕ ਐੱਨ ਆਰ ਆਈ ਮਹਿਲਾ ਨੇ ਆਪਣੇ ਹੀ ਪਤੀ 'ਤੇ ਉਸ ਨੂੰ ਨਸ਼ੀਲੀ ਚੀਜ਼ ਪਿਲਾਉਣ, ਪੰਜ ਸਾਲ ਦੇ ਮਾਸੂਮ ਪੁੱਤਰ ਨੂੰ ਅਗਵਾ ਕਰਨ ਅਤੇ ਉਸ ਦਾ ਪਾਸਪੋਰਟ, ਨਕਦੀ ਤੇ ਹੋਰ ਜ਼ਰੂਰੀ ਦਸਤਾਵੇਜ਼ ਚੋਰੀ ਕਰਕੇ ਫ਼ਰਾਰ ਹੋਣ ਦੇ ਗੰਭੀਰ ਦੋਸ਼ ਲਗਾਏ ਹਨ। ਇਹ ਘਟਨਾ ਗੁਰਦੁਆਰਾ ਸ਼ਹੀਦ ਬਾਬਾ ਦੀਪ ਸਿੰਘ ਦੇ ਨੇੜੇ ਸਥਿਤ ਇੱਕ ਸਰਾਂ ਵਿੱਚ ਵਾਪਰੀ, ਜਿੱਥੇ ਇਹ ਪਰਵਾਰ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਅਤੇ ਗੁਰਦਵਾਰਾ ਸ਼ਹੀਦਾਂ ਸਾਹਿਬ ਨਤਮਸਤਕ ਹੋਣ ਲਈ ਆਇਆ ਹੋਇਆ ਸੀ। ਪੀੜਤ ਮਹਿਲਾ ਦੀ ਸ਼ਿਕਾਇਤ 'ਤੇ ਥਾਣਾ ਡਵੀਜ਼ਨ 'ਬੀ' ਦੀ ਪੁਲਸ ਨੇ ਪਤੀ ਖ਼ਿਲਾਫ਼ ਮਾਮਲਾ ਦਰਜ ਕਰਕੇ ਜਾਂਚ ਸ਼ੁਰੂ ਕਰ ਦਿੱਤੀ ਹੈ।
ਮੂਲ ਰੂਪ ਵਿੱਚ ਜਲੰਧਰ ਦੀ ਰਹਿਣ ਵਾਲੀ ਪੀੜਤ ਰਮਨਪ੍ਰੀਤ ਕੌਰ ਨੇ ਦੱਸਿਆ ਕਿ ਉਸ ਦਾ ਵਿਆਹ ਨਵੰਬਰ 2019 ਵਿੱਚ ਵੈਲਿੰਗਟਨ (ਨਿਊ ਜ਼ੀਲੈਂਡ) ਦੇ ਰਹਿਣ ਵਾਲੇ ਸੁਖਦੀਪ ਸਿੰਘ ਨਾਲ ਹੋਇਆ ਸੀ। ਵਿਆਹ ਤੋਂ ਬਾਅਦ ਦੋਵੇਂ ਵਿਦੇਸ਼ ਸੈਟਲ ਹੋ ਗਏ ਅਤੇ ਉਨ੍ਹਾਂ ਦੇ ਘਰ ਇੱਕ ਪੁੱਤਰ ਸਾਹਿਬਜੋਤ ਸਿੰਘ ਨੇ ਜਨਮ ਲਿਆ। ਰਮਨਪ੍ਰੀਤ ਨੇ ਦੋਸ਼ ਲਾਇਆ ਕਿ ਵਿਆਹ ਦੇ ਕੁਝ ਸਮੇਂ ਬਾਅਦ ਹੀ ਉਸ ਦਾ ਪਤੀ ਸੁਖਦੀਪ, ਸਹੁਰਾ ਗੁਰਮੀਤ ਸਿੰਘ, ਸੱਸ ਪਰਮਜੀਤ ਕੌਰ ਅਤੇ ਜੇਠ ਗੁਰਦੀਪ ਸਿੰਘ ਉਸ ਨੂੰ ਦਾਜ-ਦਹੇਜ (ਸੋਨੇ ਅਤੇ ਗੱਡੀ ਦੀ ਮੰਗ) ਲਈ ਤੰਗ-ਪਰੇਸ਼ਾਨ ਕਰਨ ਲੱਗੇ। ਉਸ ਨੇ ਭਾਰਤ ਅਤੇ ਨਿਊ ਜ਼ੀਲੈਂਡ ਦੋਵਾਂ ਥਾਵਾਂ 'ਤੇ ਕਈ ਵਾਰ ਸਰੀਰਕ ਅਤੇ ਮਾਨਸਿਕ ਤਸ਼ੱਦਦ ਬਰਦਾਸ਼ਤ ਕੀਤਾ।
ਪੀੜਤਾ ਅਨੁਸਾਰ ਸੁਖਦੀਪ ਨੇ ਆਪਣਾ ਫੋਨ ਸਵਿੱਚ ਆਫ਼ ਕਰ ਲਿਆ ਹੈ। ਪੀੜਤਾ ਨੇ ਦੱਸਿਆ ਕਿ ਉਸ ਦਾ ਪਤੀ ਬੱਚੇ ਨੂੰ ਅਗਵਾ ਕਰਨ ਦੇ ਨਾਲ-ਨਾਲ ਉਸ ਦਾ ਭਾਰਤੀ ਪਾਸਪੋਰਟ, ਕਰੀਬ 2000 ਨਿਊ ਜ਼ੀਲੈਂਡ ਡਾਲਰ, ਪਛਾਣ ਪੱਤਰ, ਡਰਾਈਵਿੰਗ ਲਾਇਸੰਸ ਅਤੇ ਬੈਂਕ ਕਾਰਡ ਵੀ ਆਪਣੇ ਨਾਲ ਲੈ ਗਿਆ ਹੈ।

ਚੰਡੀਗੜ੍ਹ 'ਚ ਮੈਡੀਕਲ ਸਟੋਰ 'ਤੇ ਚਿੱਟੇ ਦਿਨ ਗੋਲੀਬਾਰੀ, ਕੈਸ਼ੀਅਰ ਦੀ ਮੌਤ

ਚੰਡੀਗੜ੍ਹ : ਸਿਟੀ ਬਿਊਟੀਫੁੱਲ ਦੇ ਸੈਕਟਰ 11 ਸਥਿਤ ਪ੍ਰਸਿੱਧ ਮੈਡੀਕਲ ਸਟੋਰ 'ਸ੍ਰੀ ਕੁਮਾਰ ਮੈਡੀਕੋਜ਼' 'ਤੇ ਦਿਨ-ਦਿਹਾੜੇ ਹੋਈ ਗੋਲੀਬਾਰੀ ਦੀ ਘਟਨਾ ਨੇ ਪੂਰੇ ਇਲਾਕੇ ਵਿੱਚ ਸਨਸਨੀ ਫੈਲਾ ਦਿੱਤੀ ਹੈ। ਦੋ ਨਕਾਬਪੋਸ਼ ਹਮਲਾਵਰਾਂ ਨੇ ਕੈਸ਼ੀਅਰ 'ਤੇ ਆਟੋਮੈਟਿਕ ਹਥਿਆਰ ਨਾਲ ਤਾਬੜਤੋੜ ਕਈ ਰੌਂਦ ਫਾਇਰ ਕੀਤੇ। ਹਮਲੇ ਵਿੱਚ ਬੁਰੀ ਤਰ੍ਹਾਂ ਜ਼ਖ਼ਮੀ ਹੋਏ ਮੈਡੀਕਲ ਸਟੋਰ ਦੇ ਕੈਸ਼ੀਅਰ ਦੀ ਇਲਾਜ ਦੌਰਾਨ ਮੌਤ ਹੋ ਗਈ। ਮ੍ਰਿਤਕ ਦੀ ਪਛਾਣ ਜਾਨਕੀ ਵਜੋਂ ਹੋਈ ਹੈ, ਜੋ ਹਿਮਾਚਲ ਪ੍ਰਦੇਸ਼ ਦਾ ਰਹਿਣ ਵਾਲਾ ਸੀ ਅਤੇ ਉੱਥੇ ਸਰਪੰਚ ਵਜੋਂ ਵੀ ਸੇਵਾਵਾਂ ਨਿਭਾਅ ਰਿਹਾ ਸੀ। ਇਹ ਖ਼ੂਨੀ ਵਾਰਦਾਤ ਦੁਪਹਿਰ ਕਰੀਬ 3 ਵਜੇ ਵਾਪਰੀ। ਐਕਟਿਵਾ 'ਤੇ ਸਵਾਰ ਹੋ ਕੇ ਆਏ ਅਣਪਛਾਤੇ ਹਮਲਾਵਰਾਂ ਨੇ ਜਾਨਕੀ 'ਤੇ ਤਾਬੜਤੋੜ ਗੋਲੀਆਂ ਚਲਾ ਦਿੱਤੀਆਂ। ਬਦਮਾਸ਼ਾਂ ਨੇ ਕਰੀਬ 16 ਰੌਂਦ ਫਾਇਰ ਕੀਤੇ, ਜਾਨਕੀ ਨੂੰ ਕਈ ਗੋਲੀਆਂ ਲੱਗੀਆਂ। ਵਾਰਦਾਤ ਨੂੰ ਅੰਜਾਮ ਦੇਣ ਤੋਂ ਬਾਅਦ ਮੁਲਜ਼ਮ ਬੜੀ ਆਸਾਨੀ ਨਾਲ ਮੌਕੇ ਤੋਂ ਫ਼ਰਾਰ ਹੋ ਗਏ। ਖ਼ੂਨ ਨਾਲ ਲਹੂ-ਲੁਹਾਨ ਹੋਏ ਜਾਨਕੀ ਨੂੰ ਤੁਰੰਤ ਹਸਪਤਾਲ ਪਹੁੰਚਾਇਆ ਗਿਆ, ਜਿੱਥੇ ਡਾਕਟਰਾਂ ਨੇ ਉਸ ਨੂੰ ਮ੍ਰਿਤਕ ਐਲਾਨ ਦਿੱਤਾ।

ਗੱਡੀ 400 ਫੁੱਟ ਡੂੰਘੀ ਖੱਡ 'ਚ ਡਿੱਗੀ, ਪਿਓ-ਧੀ ਦੀ ਮੌਤ

ਕੁੱਲੂ : ਮਨਾਲੀ ਘੁੰਮਣ ਗਏ ਪੰਜਾਬੀ ਸੈਲਾਨੀਆਂ ਦੀ ਗੱਡੀ 400 ਫੁੱਟ ਡੂੰਘੀ ਖੱਡ ਵਿੱਚ ਡਿੱਗ ਗਈ। ਹਾਦਸਾ ਹਿਮਾਚਲ ਪ੍ਰਦੇਸ਼ ਦੇ ਕੁੱਲੂ ਵਿਚ ਵਾਪਰਿਆ। ਇਸ ਹਾਦਸੇ ਵਿੱਚ ਪਿਤਾ ਅਤੇ ਧੀ ਦੀ ਮੌਤ ਹੋ ਗਈ, ਜਦੋਂ ਕਿ ਮਾਂ, ਪੁੱਤਰ ਅਤੇ ਇੱਕ ਹੋਰ ਨੌਜਵਾਨ ਗੰਭੀਰ ਜ਼ਖ਼ਮੀ ਹੋ ਗਏ। ਜ਼ਖ਼ਮੀਆਂ ਵਿੱਚੋਂ ਇੱਕ ਨੂੰ ਕੁੱਲੂ ਦੇ ਹਸਪਤਾਲ ਵਿੱਚ ਦਾਖਲ ਕਰਵਾਇਆ ਗਿਆ, ਜਦੋਂ ਕਿ ਦੋ ਗੰਭੀਰ ਜ਼ਖ਼ਮੀਆਂ ਨੂੰ ਨੇਰਚੌਕ ਮੈਡੀਕਲ ਕਾਲਜ ਰੈਫਰ ਕਰ ਦਿੱਤਾ ਗਿਆ।
ਸ਼ਨੀਵਾਰ ਸੈਲਾਨੀ ਕਾਰ ਨੰਬਰ ਪੀ ਬੀ -08 ਐਫ ਕੇ-8223 ਵਿੱਚ ਮਨੀਕਰਨ ਜਾ ਰਹੇ ਸਨ। ਉਨ੍ਹਾਂ ਦੀ ਕਾਰ ਡੂੰਘੀ ਖੱਡ ਵਿੱਚ ਡਿੱਗ ਗਈ। ਸਥਾਨਕ ਲੋਕਾਂ ਨੇ ਪਹਿਲਾਂ ਕਾਰ ਵਿੱਚ ਫਸੇ ਸੈਲਾਨੀਆਂ ਨੂੰ ਬਾਹਰ ਕੱਢਿਆ । ਇੱਕ ਸੈਲਾਨੀ ਦੀ ਮੌਕੇ 'ਤੇ ਹੀ ਮੌਤ ਹੋ ਗਈ, ਜਦੋਂ ਕਿ ਇੱਕ ਹੋਰ ਦੀ ਹਸਪਤਾਲ ਲਿਜਾਂਦੇ ਸਮੇਂ ਮੌਤ ਹੋ ਗਈ। ਮ੍ਰਿਤਕਾਂ ਵਿੱਚ ਪਿਤਾ ਪਰਵਿੰਦਰ (43) ਅਤੇ ਧੀ ਨਿਧੀ ਦੀਵਾਨ (19) ਸ਼ਾਮਲ ਹਨ, ਜਦੋਂ ਕਿ ਪੁੱਤਰ ਆਦਿਤਿਆ ਦੀਵਾਨ (17) ਅਤੇ ਮਾਂ ਰਿਤੂ (42) ਗੰਭੀਰ ਜ਼ਖ਼ਮੀ ਹਨ। ਸਾਰੇ ਜਲੰਧਰ ਦੇ ਬੁੱਧ ਜੀ ਨਗਰ ਦੇ ਰਹਿਣ ਵਾਲੇ ਹਨ। ਕਪੂਰਥਲਾ ਦੇ ਹਨੂੰਮਾਨ ਮੰਦਰ ਦਾ ਰਹਿਣ ਵਾਲਾ ਮਾਨਵ ਕਸ਼ਯਪ ਵੀ ਜ਼ਖ਼ਮੀ ਹੈ।

ਸੱਭਿਆਚਾਰਕ ਵਿੰਗ ਦੀ ਮੀਟਿੰਗ 'ਚ ਕਾਰਜਾਂ ਨੂੰ ਨੇਪਰੇ ਚਾੜ੍ਹਨ ਲਈ ਅਹਿਦ ਲਿਆ

ਜਲੰਧਰ (ਨਵਾਂ ਜ਼ਮਾਨਾ ਸਰਵਿਸ)
ਦੇਸ਼ ਭਗਤ ਯਾਦਗਾਰ ਕਮੇਟੀ ਦੇ ਸੱਭਿਆਚਾਰਕ ਵਿੰਗ ਦੀ ਵਿਸ਼ਾਲ ਮੀਟਿੰਗ ਵਿੱਚ ਗੰਭੀਰ ਵਿਚਾਰ-ਵਟਾਂਦਰੇ ਉਪਰੰਤ ਅਗਲੇ ਅਰਸੇ ਦੀਆਂ ਸਰਗਰਮੀਆਂ ਅਤੇ ਹੱਥ ਲਏ ਜਾਣ ਵਾਲੇ ਕਾਰਜਾਂ ਨੂੰ ਸਫ਼ਲਤਾਪੂਰਵਕ ਨੇਪਰੇ ਚਾੜ੍ਹਨ ਲਈ ਦ੍ਰਿੜ੍ਹਤਾਪੂਰਵਕ ਅਹਿਦ ਲਿਆ ਗਿਆ।
ਮੀਟਿੰਗ ਦਾ ਆਗਾਜ਼ ਜੂਨ ਮਹੀਨੇ ਦੀਆਂ ਆਜ਼ਾਦੀ ਸੰਗਰਾਮ ਨਾਲ ਜੁੜੀਆਂ ਇਤਿਹਾਸਕ ਘਟਨਾਵਾਂ ਤੇ ਨਾਇਕਾਂ ਨੂੰ ਦੇਸ਼ ਭਗਤ ਯਾਦਗਾਰ ਕਮੇਟੀ ਦੇ ਜਨਰਲ ਸਕੱਤਰ ਗੁਰਮੀਤ ਸਿੰਘ ਵੱਲੋਂ ਮੀਟਿੰਗ ਦੀ ਤਰਫ਼ੋਂ ਸਿਜਦਾ ਕਰਨ ਨਾਲ ਹੋਇਆ। ਦੇਸ਼ ਭਗਤ ਯਾਦਗਾਰ ਕਮੇਟੀ ਦੇ ਸੱਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਸਿੰਘ ਨੇ ਆਜ਼ਾਦੀ ਤਵਾਰੀਖ਼ ਦੇ ਅਨਮੋਲ ਵਰਕੇ ਬੱਬਰ ਅਕਾਲੀ ਲਹਿਰ ਦੀ ਸ਼ਹਾਦਤ ਸ਼ਤਾਬਦੀ ਮੁਹਿੰਮ ਨੂੰ ਭਰਵਾਂ ਬਣਾਉਣ ਲਈ ਜਨਤਕ ਸਮਰਥਨ ਹਾਸਲ ਕਰਨ ਲਈ ਅਗਲੇ ਮਹੀਨਿਆਂ ਵਿੱਚ ਹੋਣ ਵਾਲੀਆਂ ਸਰਗਰਮੀਆਂ ਦੇ ਵਿਸ਼ੇ ਵਸਤੂ ਅਤੇ ਕਲਾ ਰੂਪਾਂ ਦੀਆਂ ਵੰਨ-ਸੁਵੰਨੀਆਂ ਵੰਨਗੀਆਂ ਉਪਰ ਜ਼ੋਰ ਦਿੱਤਾ। ਮੀਟਿੰਗ 'ਚ 27 ਜੂਨ (ਸਨਿੱਚਰਵਾਰ) ਸਵੇਰੇ 11 ਵਜੇ ਬੱਬਰ ਅਕਾਲੀ ਲਹਿਰ ਨਾਲ ਸੰਬੰਧਤ ਆਜ਼ਾਦੀ ਸੰਗਰਾਮੀਆਂ ਦੀ ਵਿਸ਼ੇਸ਼ ਮੀਟਿੰਗ ਸਥਾਨਕ ਦੇਸ਼ ਭਗਤ ਯਾਦਗਾਰ ਹਾਲ 'ਚ ਬੁਲਾਉਣ ਦਾ ਫੈਸਲਾ ਕੀਤਾ ਗਿਆ। ਅਗਲੇ ਮਹੀਨਿਆਂ 'ਚ ਬੱਬਰਾਂ ਦੇ ਪਿੰਡਾਂ ਤੱਕ ਕਮੇਟੀ ਦਾ ਵਫ਼ਦ/ ਕਾਫ਼ਲਾ ਜੋ ਸੰਭਵ ਹੋਇਆ, ਉਹ ਵੀ ਲਿਜਾਣ ਦਾ ਯਤਨ ਹੋਏਗਾ। ਅਗਲੇ ਮਹੀਨਿਆਂ ਦੀਆਂ ਸਰਗਰਮੀਆਂ 'ਚ ਬੱਬਰ ਇਤਿਹਾਸ ਤੋਂ ਰੌਸ਼ਨੀ ਲੈਣ ਦਾ ਸਿਖ਼ਰ ਸ਼ਹਾਦਤ ਸ਼ਤਾਬਦੀ ਨੂੰ ਸਮਰਪਤ ਪਹਿਲੀ ਨਵੰਬਰ ਨੂੰ 'ਮੇਲਾ ਗ਼ਦਰੀ ਬਾਬਿਆਂ ਦਾ' ਹੋਏਗਾ। ਮੀਟਿੰਗ 'ਚ ਇਹ ਫੈਸਲਾ ਵੀ ਕੀਤਾ ਗਿਆ ਕਿ ਸਿਖਿਆਰਥੀ ਚੇਤਨਾ ਕੈਂਪ 28, 29, 30 ਅਗਸਤ ਨੂੰ ਦੇਸ਼ ਭਗਤ ਯਾਦਗਾਰ ਹਾਲ ਵਿੱਚ ਹੋਏਗਾ। ਇਸ ਦੇ ਵਿਸ਼ੇ ਅਤੇ ਬੁਲਾਰੇ ਆਦਿ 4 ਜੁਲਾਈ ਨੂੰ ਹੋਣ ਵਾਲੀ ਬੋਰਡ ਆਫ਼ ਟਰੱਸਟ ਦੀ ਮੀਟਿੰਗ 'ਚ ਤੈਅ ਕੀਤੇ ਜਾਣਗੇ। ਇਉਂ ਹੀ ਸਤੰਬਰ ਮਹੀਨੇ 'ਚ ਸ਼ਹੀਦ ਭਗਤ ਸਿੰਘ ਦੀ ਵਿਚਾਰਧਾਰਾ ਅਤੇ ਉਹਨਾ ਦੀ ਇਨਕਲਾਬ ਦੇ ਸੂਹੇ ਚਿੰਨ੍ਹ ਵਜੋਂ ਅਦੁੱਤੀ ਦੇਣ 'ਤੇ ਵਿਚਾਰ-ਚਰਚਾ ਹੋਏਗੀ।
ਦੇਸ਼ ਭਗਤ ਯਾਦਗਾਰ ਹਾਲ ਦੇ ਅੰਦਰ ਨਿਰੰਤਰ ਵਿਚਾਰ-ਚਰਚਾ, ਪੁਸਤਕ ਜਾਣ-ਪਹਿਚਾਣ ਅਤੇ ਮੰਥਨ, ਗੀਤ-ਸੰਗੀਤ, ਰੰਗ ਮੰਚ, ਚਿੱਤਰ ਅਤੇ ਫੋਟੋ ਕਲਾ, ਬਾਲ ਮਿਲਣੀਆਂ, ਵਿਦਿਅਕ ਅਦਾਰਿਆਂ 'ਚ ਪਹੁੰਚ ਕਰਨ ਅਤੇ ਉਹਨਾਂ ਨੂੰ ਦੇਸ਼ ਭਗਤ ਯਾਦਗਾਰ ਹਾਲ ਬੁਲਾਵਾ ਦੇਣ, ਫ਼ਿਲਮ ਸ਼ੋਅ ਅਤੇ ਵਿਸ਼ੇਸ਼ ਕਰਕੇ ਸੋਸ਼ਲ ਮੀਡੀਆ ਅਤੇ ਹਾਲ ਅੰਦਰ ਬਣੇ ਥੀਏਟਰ 'ਚ ਸਰਗਰਮੀਆਂ ਉਪਰ ਧਿਆਨ ਦਿੱਤਾ ਜਾਏਗਾ। ਵਿਚਾਰ-ਚਰਚਾ 'ਚ ਰਣਜੀਤ ਸਿੰਘ ਔਲਖ, ਸੁਰਿੰਦਰ ਕੁਮਾਰੀ ਕੋਛੜ, ਡਾ. ਸੈਲੇਸ਼, ਪ੍ [illegible] • ਬਾਕੀ ਸਫਾ 2 'ਤੇ

ਅੱਜ-ਨਾਮਾ

ਲੋਕਲ ਕੌਂਸਲਾਂ ਦੀ ਰਹਿੰਦੀ ਚੋਣ ਜਿਹੜੀ,
ਸਿਰੇ ਚੜ੍ਹੀ ਆ ਆਖਰ ਵਿੱਚ ਅੱਜ ਬੇਲੀ।
ਕਿਸੇ ਥਾਂ ਪਾਰਟੀ ਕੋਈ ਤੇ ਜਾਂ ਧੜੇ ਕੋਈ,
ਸਿਹਰਾ ਜਿੱਤਣ ਦਾ ਗਿਆ ਹੈ ਸੱਜ ਬੇਲੀ।
ਜਿਹੜੇ ਆਏ ਨੇ ਦੇਸ਼ ਵਿੱਚ ਚੜ੍ਹਤ ਵਾਲੇ,
ਨਤੀਜੇ ਸੁਣੇ ਤੋਂ ਸੁੱਝਦੇ ਨਹੀਂ ਪੱਜ ਬੇਲੀ।
ਕਿਸੇ ਨੂੰ ਵੱਜੀ ਹੈ ਚੋਣਾਂ ਦੀ ਮਾਰ ਤਕੜੀ,
ਕਿਸੇ ਤੋਂ ਹੋਇਆ ਨਾ ਕੱਜਣਾ ਕੱਜ ਬੇਲੀ।
ਲੋਕਤੰਤਰ ਵਿੱਚ ਮੋਹਰੀ ਨੇ ਲੋਕ ਆਖਰ,
ਫੈਸਲਾ ਉਨ੍ਹਾਂ ਦਾ ਸਿਖਰਾਂ ਦੀ ਸੱਟ ਬੇਲੀ।
ਹਾਰਿਆ ਕੋਈ ਜਾਂ ਕਿਸੇ ਦੀ ਜਿੱਤ ਸਮਝੋ,
ਜਿਹੜਾ ਜਿੱਤਿਆ, ਗਿਆ ਈ ਖੱਟ ਬੇਲੀ।

-ਤੀਸ ਮਾਰ ਖਾਂ

ਮਾਰਕਸਵਾਦੀ ਸਿਧਾਂਤ ਨੌਜਵਾਨਾਂ ਨੂੰ ਨਵਾਂ ਦ੍ਰਿਸ਼ਟੀਕੋਣ ਪ੍ਰਦਾਨ ਕਰਦਾ : ਜਗਰੂਪ

ਮੋਗਾ (ਨਵਾਂ ਜ਼ਮਾਨਾ ਸਰਵਿਸ)
ਸਥਾਨਕ ਸ਼ਹੀਦ ਨਛੱਤਰ ਸਿੰਘ ਧਾਲੀਵਾਲ ਭਵਨ ਵਿਖੇ ਸਰਬ ਭਾਰਤ ਨੌਜਵਾਨ ਸਭਾ ਅਤੇ ਆਲ ਇੰਡੀਆ ਸਟੂਡੈਂਟਸ ਫੈਡਰੇਸ਼ਨ ਪੰਜਾਬ ਵੱਲੋਂ ਬਨੇਗਾ ਪ੍ਰਾਪਤੀ ਮੁਹਿੰਮ ਦੀ ਅਗਵਾਈ 'ਚ 3 ਰੋਜ਼ਾ ਸਿਧਾਂਤਕ ਕੈਂਪ 12 ਜੂਨ ਤੋਂ ਸ਼ੁਰੂ ਹੋਇਆ, ਜੋ ਦੂਜੇ ਦਿਨ ਸ਼ਨੀਵਾਰ ਵੀ ਜਾਰੀ ਰਿਹਾ।ਇਸ ਵਿੱਚ ਪੰਜਾਬ ਦੇ ਵੱਖ-ਵੱਖ ਜ਼ਿਲ੍ਹਿਆਂ ਵਿੱਚੋਂ ਚੁਣੇ ਹੋਏ ਨੌਜਵਾਨਾਂ ਅਤੇ ਵਿਦਿਆਰਥੀਆਂ ਨੇ ਸ਼ਮੂਲੀਅਤ ਕੀਤੀ। ਇਸ ਕੈਂਪ ਦੀ ਅਗਵਾਈ ਸਰਬ ਭਾਰਤ ਨੌਜਵਾਨ ਸਭਾ ਦੇ ਸੂਬਾ ਸਕੱਤਰ ਚਰਨਜੀਤ ਸਿੰਘ ਛਾਂਗਾ ਰਾਏ ਤੇ ਆਲ ਇੰਡੀਆ ਸਟੂਡੈਂਟਸ ਫੈਡਰੇਸ਼ਨ ਦੇ ਸੂਬਾ ਸਕੱਤਰ ਸੁਖਵਿੰਦਰ ਮਲੋਟ ਨੇ ਕੀਤੀ। ਇਸ ਸਿਧਾਂਤਕ ਕੈਂਪ ਦਾ ਉਦਘਾਟਨ ਵਿਸ਼ੇਸ਼ ਤੌਰ 'ਤੇ ਹਾਜ਼ਰ ਸਰਬ ਭਾਰਤ ਨੌਜਵਾਨ ਸਭਾ ਦੇ ਕੌਮੀ ਜਨਰਲ ਸਕੱਤਰ ਸੁਖਜਿੰਦਰ ਮਹੇਸਰੀ ਨੇ ਕੀਤਾ।
ਸਿਧਾਂਤਕ ਕਲਾਸ ਦੇ ਪਹਿਲੇ ਦਿਨ ਹਾਜ਼ਰੀਨ ਨੂੰ ਸੰਬੋਧਨ ਕਰਦਿਆਂ ਸਾਥੀ ਜਗਰੂਪ ਨੇ ਕਿਹਾ ਕਿ ਮਾਰਕਸਵਾਦੀ ਸਿਧਾਂਤ ਨੌਜਵਾਨਾਂ , ਵਿਦਿਆਰਥੀਆਂ ਨੂੰ ਦੇਸ਼ ਦੇ ਮੌਜੂਦਾ ਹਾਲਾਤ ਨੂੰ ਸਮਝਣ ਅਤੇ ਬਦਲਣ ਲਈ ਇਕ ਠੋਸ ਦ੍ਰਿਸ਼ਟੀਕੋਣ ਪ੍ਰਦਾਨ ਕਰਦਾ ਹੈ ਅਤੇ ਇਸ ਦ੍ਰਿਸ਼ਟੀਕੋਣ ਦੀ ਮਦਦ

ਨਾਲ ਉਹ ਆਪਣੀਆਂ ਹੱਕੀ ਮੰਗਾਂ ਦੀ ਪ੍ਰਾਪਤੀ ਲਈ ਸੰਘਰਸ਼ਾਂ ਨੂੰ ਤੇਜ਼ ਕਰ ਸਕਦੇ ਹਨ। ਉਹਨਾਂ ਨੌਜਵਾਨਾਂ ਤੇ ਵਿਦਿਆਰਥੀਆਂ ਨੂੰ ਸੱਦਾ ਦਿੰਦਿਆਂ ਕਿਹਾ ਕਿ ਉਹਨਾਂ ਨੂੰ ਮਾਰਕਸਵਾਦ ਦਾ ਵੱਧ ਤੋਂ ਵੱਧ ਅਧਿਐਨ ਕਰਨਾ ਚਾਹੀਦਾ ਹੈ ਅਤੇ ਆਪਣੀ ਜ਼ਿੰਦਗੀ ਵਿੱਚ ਲਾਗੂ ਕਰਨਾ ਚਾਹੀਦਾ ਹੈ।
ਕੈਂਪ ਦੇ ਦੂਜੇ ਦਿਨ ਮਾਰਕਸਵਾਦ ਦੇ ਦਿਲਚਸਪ ਵਿਸ਼ੇ 'ਇਤਿਹਾਸਕ ਪਦਾਰਥਵਾਦ' 'ਤੇ ਸੰਬੋਧਨ ਕਰਦਿਆਂ ਸਰਬ ਭਾਰਤ ਨੌਜਵਾਨ ਸਭਾ ਦੇ ਸੂਬਾ ਸਕੱਤਰ ਚਰਨਜੀਤ ਸਿੰਘ ਛਾਂਗਾ ਰਾਏ ਨੇ ਕਿਹਾ ਕਿ ਮਨੁੱਖੀ ਇਤਿਹਾਸ ਸੰਘਰਸ਼ਾਂ ਅਤੇ ਪ੍ਰਾਪਤੀਆਂ ਭਰਿਆ ਇਤਿਹਾਸ ਹੈ ਅਤੇ ਵਿਕਾਸ ਦੇ ਹਰ ਪੜਾਅ 'ਤੇ ਅੱਗੇ ਵਧਣ ਲਈ ਲੜੇ ਜਾਂਦੇ ਸੰਘਰਸ਼ ਦੀ ਜਿੱਤ ਹੋਈ ਹੈ। ਉਹਨਾ ਕਿਹਾ ਕਿ ਜ਼ਿੰਦਗੀ ਲਈ ਇਸ ਸੰਘਰਸ਼ ਅਤੇ ਵਿਕਾਸ ਤੋਂ ਸਬਕ ਮਿਲਦਾ ਹੈ ਕਿ ਸਭ ਕੁਝ ਬਦਲਾਅ ਵਿੱਚ ਹੈ ਅਤੇ ਮੌਜੂਦਾ ਗਲੇ-ਸੜੇ ਰਾਜਨੀਤਕ ਪ੍ਰਬੰਧ ਨੂੰ ਅਵੱਛ ਹੀ ਬਦਲਿਆ ਜਾ ਸਕਦਾ ਹੈ। ਉਹਨਾਂ ਨੌਜਵਾਨਾਂ ਅਤੇ ਵਿਦਿਆਰਥੀਆਂ ਨੂੰ ਕਿਹਾ ਕਿ ਸਰਬ ਭਾਰਤ ਨੌਜਵਾਨ ਸਭਾ ਅਤੇ ਆਲ ਇੰਡੀਆ ਸਟੂਡੈਂਟਸ ਫੈਡਰੇਸ਼ਨ ਵੱਲੋਂ ਚਲਾਈ ਬਨੇਗਾ ਪ੍ਰਾਪਤੀ ਮੁਹਿੰਮ ਮਾਰਕਸਵਾਦੀ • ਬਾਕੀ ਸਫਾ 2 'ਤੇ

ਮੰਗਾਂ ਪੂਰੀਆਂ ਨਾ ਹੋਣ ਕਾਰਨ ਕਮਿਊਨਿਟੀ ਹੈੱਲਥ ਅਫ਼ਸਰਾਂ 'ਚ ਭਾਰੀ ਰੋਸ

ਸਰਕਾਰ ਖ਼ਿਲਾਫ਼ ਵਿੱਢਣਗੇ ਵੱਡਾ ਸੰਘਰਸ਼

ਫਿਰੋਜ਼ਪੁਰ (ਅਸ਼ੋਕ ਸ਼ਰਮਾ)-ਪੰਜਾਬ ਦੇ ਕਮਿਊਨਿਟੀ ਹੈੱਲਥ ਅਫ਼ਸਰਾਂ ਦੀਆਂ ਲੰਬੇ ਸਮੇਂ ਤੋਂ ਲਟਕ ਰਹੀਆਂ ਮੰਗਾਂ ਵੱਲ ਸਿਹਤ ਵਿਭਾਗ ਤੇ ਸਰਕਾਰ ਦੁਆਰਾ ਕੋਈ ਧਿਆਨ ਨਾ ਦਿੱਤੇ ਜਾਣ ਕਾਰਨ ਮੁਲਾਜ਼ਮਾਂ ਵਿੱਚ ਤਿੱਖਾ ਰੋਸ ਹੈ। ਵਾਰ-ਵਾਰ ਮਿਲਣ ਵਾਲੇ ਕੋਰੇ ਭਰੋਸਿਆਂ ਤੋਂ ਅੱਕ ਕੇ ਹੁਣ ਜਥੇਬੰਦੀ ਨੇ ਸਰਕਾਰ ਵਿਰੁੱਧ ਪੜਾਅਵਾਰ ਸੂਬਾ ਪੱਧਰੀ ਸੰਘਰਸ਼ ਛੇੜਨ ਦਾ ਅੰਤਿਮ ਫ਼ੈਸਲਾ ਕਰ ਲਿਆ ਹੈ। ਐਸੋਸੀਏਸ਼ਨ ਪੰਜਾਬ ਦੇ ਸੂਬਾਈ ਆਗੂਆਂ ਡਾ. ਪ੍ਰੀਤ ਮਖੀਜਾ ਤੇ ਨਰਿੰਦਰ ਸਿੰਘ ਨੇ ਪ੍ਰੈੱਸ ਬਿਆਨ ਜਾਰੀ ਕਰਦਿਆਂ ਦੱਸਿਆ ਕਿ ਕਮਿਊਨਿਟੀ ਹੈਲਥ ਅਫ਼ਸਰ ਰਾਸ਼ਟਰੀ ਸਿਹਤ ਮਿਸ਼ਨ ਦੇ ਸਾਰੇ ਅਹਿਮ ਪ੍ਰੋਗਰਾਮਾਂ, ਜਿਵੇਂ ਕਿ ਟੀ.ਬੀ. ਦੇ ਖ਼ਾਤਮੇ, ਗੈਰ-ਛੂਤਕਾਰੀ ਬੀਮਾਰੀਆਂਅਤੇ ਮਾਤਾ-ਬਾਲ ਸਿਹਤ ਸੇਵਾਵਾਂ ਨੂੰ ਜ਼ਮੀਨੀ ਪੱਧਰ 'ਤੇ ਸਫ਼ਲ ਬਣਾਉਣ ਲਈ ਦਿਨ-ਰਾਤ ਤਨਦੇਹੀ ਨਾਲ ਡਿਊਟੀ ਨਿਭਾਅ ਰਹੇ ਹਨ, ਪਰ ਅਫ਼ਸੋਸ ਦੀ ਗੱਲ ਹੈ ਕਿ ਉਨ੍ਹਾਂ ਦੀਆਂ ਹੱਕੀ ਤੇ ਜਾਇਜ਼ ਮੰਗਾਂ ਨੂੰ ਹਮੇਸ਼ਾ ਅਣਗੌਲਿਆ ਕੀਤਾ ਗਿਆ ਹੈ। ਕਈ ਵਾਰ ਉੱਚ ਅਧਿਕਾਰੀਆਂ ਤੇ ਸਰਕਾਰ ਨਾਲ ਮੀਟਿੰਗਾਂ ਕਰਨ ਤੇ ਮੰਗ ਪੱਤਰ ਸੌਂਪਣ ਦੇ ਬਾਵਜੂਦ, ਹਾਲੇ ਤੱਕ ਪ੍ਰਸ਼ਾਸਨ ਦੇ ਕੰਨ 'ਤੇ ਜੂੰ ਨਹੀਂ ਸਰਕੀ। ਆਗੂਆਂ ਨੇ ਮੁਲਾਜ਼ਮਾਂ ਦੀਆਂ ਮੁੱਖ ਮੰਗਾਂ ਦਾ ਜ਼ਿਕਰ ਕਰਦਿਆਂ ਕਿਹਾ ਕਿ ਐੱਨ.ਐੱਚ.ਐੱਮ. ਸਟਾਫ਼ ਲਈ 'ਬਰਾਬਰ ਕੰਮ-ਬਰਾਬਰ ਤਨਖ਼ਾਹ' ਦਾ ਨਿਯਮ ਤੁਰੰਤ ਲਾਗੂ ਕੀਤਾ ਜਾਵੇ। ਇਸ ਦੇ ਨਾਲ ਹੀ ਵਫ਼ਾਦਾਰੀ ਭੱਤਾ (ਲੋਇਲਟੀ ਬੋਨਸ) ਬਹਾਲ ਕਰਨ, ਨਵੇਂ ਜਾਰੀ ਕੀਤੇ ਗਏ ਗੁੰਝਲਦਾਰ ਇੰਸੈਂਟਿਵ ਪਰਫਾਰਮੇ ਨੂੰ ਤੁਰੰਤ ਰੱਦ ਕਰਨ ਤੇ ਕਮਿਊਨਿਟੀ ਹੈਲਥ ਅਫ਼ਸਰਾਂ ਦੇ ਪੱਕੇ ਕੈਡਰ ਤੇ ਅਸਾਮੀਆਂ ਨੂੰ ਮਨਜ਼ੂਰੀ ਦਿੱਤੀ ਜਾਣੀ ਚਾਹੀਦੀ ਹੈ। ਉਨ੍ਹਾਂ ਮੰਗ ਕੀਤੀ ਕਿ ਮੂਲ ਤਨਖ਼ਾਹ ਤੇ ਭੱਤਿਆਂ (ਇੰਸੈਂਟਿਵ) ਨੂੰ ਆਪਸ ਵਿੱਚ ਜੋੜਿਆ ਜਾਵੇ, ਬੀ.ਏ.ਐੱਮ.ਐੱਸ. ਡਾਕਟਰਾਂ ਨੂੰ ਨਾਨ-ਪ੍ਰੈਕਟਿਸਿੰਗ ਭੱਤਾ ਮਿਲੇ, ਔਖੇ ਖੇਤਰਾਂ ਦਾ ਵਿਸ਼ੇਸ਼ ਭੱਤਾ ਮੁੜ ਸ਼ੁਰੂ ਹੋਵੇ, ਵਿਭਾਗ ਵਿੱਚ ਖਾਲੀ ਪਈਆਂ ਅਸਾਮੀਆਂ ਜਲਦੀ ਭਰੀਆਂ ਜਾਣ ਤੇ ਮੁਲਾਜ਼ਮਾਂ ਦੀ ਤਰੱਕੀ ਲਈ ਢੁੱਕਵੇਂ ਮੌਕੇ ਪੈਦਾ ਕੀਤੇ ਜਾਣ। ਯੂਨੀਅਨ ਆਗੂਆਂ ਨੇ ਦੱਸਿਆ ਕਿ 15 ਜੂਨ ਨੂੰ ਰਾਸ਼ਟਰੀ ਸਿਹਤ ਮਿਸ਼ਨ ਦੇ ਮੈਨੇਜਿੰਗ ਡਾਇਰੈਕਟਰ ਨਾਲ ਉਨ੍ਹਾਂ ਦੀ ਇੱਕ ਉੱਚ ਪੱਧਰੀ ਮੀਟਿੰਗ ਤੈਅ ਹੋਈ ਹੈ, ਜਿਸ ਤੋਂ ਸਮੁੱਚੇ ਕੈਡਰ ਨੂੰ ਬਹੁਤ ਆਸਾਂ ਹਨ, ਪਰ ਜੇਕਰ ਇਹ ਮੀਟਿੰਗ ਵੀ ਪਹਿਲਾਂ ਵਾਂਗ ਬੇਸਿੱਟਾ ਰਹਿੰਦੀ ਹੈ, ਤਾਂ ਉਹ ਤਿੱਖਾ ਐਕਸ਼ਨ ਲੈਣ ਲਈ ਮਜਬੂਰ ਹੋਣਗੇ। ਉਨ੍ਹਾਂ ਸੰਘਰਸ਼ ਦੇ ਰੂਪ ਰੇਖਾ ਦਾ ਐਲਾਨ ਕਰਦਿਆਂ ਦੱਸਿਆ ਕਿ 16 ਜੂਨ ਤੋਂ ਸਾਰੇ ਹੈਲਥ ਅਫ਼ਸਰ ਮੁਕੰਮਲ ਤੌਰ 'ਤੇ ਕੰਮ ਬੰਦ ਕਰਕੇ ਬਲਾਕ ਪੱਧਰ 'ਤੇ ਰੋਸ ਪ੍ਰਦਰਸ਼ਨ ਸ਼ੁਰੂ ਕਰ ਦੇਣਗੇ।

ਅਗਲੇ ਪੜਾਅ ਤਹਿਤ 22 ਜੂਨ 2026 ਨੂੰ ਸੂਬੇ ਦੇ ਸਾਰੇ ਸਿਵਲ ਸਰਜਨ ਦਫ਼ਤਰਾਂ ਸਾਹਮਣੇ ਵਿਸ਼ਾਲ ਧਰਨੇ ਦਿੱਤੇ ਜਾਣਗੇ ਤੇ ਪ੍ਰਸ਼ਾਸਨ ਰਾਹੀਂ ਸਰਕਾਰ ਨੂੰ ਮੰਗ ਪੱਤਰ ਭੇਜੇ ਜਾਣਗੇ। ਜੇਕਰ ਫਿਰ ਵੀ ਮੁੱਖ ਮੰਗਾਂ ਦਾ ਨਿਪਟਾਰਾ ਨਾ ਹੋਇਆ, ਤਾਂ 2 ਜੁਲਾਈ 2026 ਨੂੰ ਮੁੱਖ ਮੰਤਰੀ ਦੇ ਸ਼ਹਿਰ ਸੰਗਰੂਰ ਵਿਖੇ ਉਨ੍ਹਾਂ ਦੀ ਰਿਹਾਇਸ਼ ਅੱਗੇ ਰਾਜ ਪੱਧਰੀ ਮਹਾ-ਧਰਨਾ ਲਗਾਇਆ ਜਾਵੇਗਾ, ਜਿਸ ਦੌਰਾਨ ਸਿਹਤ ਸੇਵਾਵਾਂ ਦੇ ਪ੍ਰਭਾਵਿਤ ਹੋਣ ਦੀ ਪੂਰੀ ਜ਼ਿੰਮੇਵਾਰੀ ਪੰਜਾਬ ਸਰਕਾਰ ਤੇ ਸਿਹਤ ਵਿਭਾਗ ਦੀ ਹੋਵੇਗੀ। ਇਸ ਅਹਿਮ ਫ਼ੈਸਲੇ ਮੌਕੇ ਡਾ. ਪ੍ਰੇਮ ਸਿੰਘ, ਰਾਜਵਿੰਦਰ ਕੌਰ, ਗੌਰਵ ਦਾਸ, ਕਿਰਨਜੀਤ ਕੌਰ, ਨਵਜੀਤ ਸਿੰਘ, ਡਾ. ਸਤਨਾਮ ਸਿੰਘ, ਅਮਰੀਕ ਸਿੰਘ, ਮਨੀਸ਼ਾ, ਬਲਦੇਵ ਸਿੰਘ ਸਮੇਤ ਵੱਡੀ ਗਿਣਤੀ ਵਿੱਚ ਜਥੇਬੰਦੀ ਦੇ ਮੈਂਬਰ ਤੇ ਮੁਲਾਜ਼ਮ ਹਾਜ਼ਰ ਸਨ।

ਸਾਬਕਾ ਵਿਧਾਇਕ ਰਾਜਿੰਦਰ ਸਿੰਘ ਅਪ੍ਰੈਂਟਿਸਸ਼ਿਪ ਲਾਈਨਮੈਨਾਂ ਦੇ ਹੱਕ 'ਚ ਡਟੇ

ਸਰਕਾਰ ਬੇਰੁਜ਼ਗਾਰਾਂ ਨੂੰ ਕੁੱਟਣ ਦੀ ਥਾਂ ਰੁਜ਼ਗਾਰ ਦਾ ਪ੍ਰਬੰਧ ਕਰੇ : ਰਾਜਿੰਦਰ ਸਿੰਘ

ਪਟਿਆਲਾ (ਰਾਜਿੰਦਰ ਸਿੰਘ ਥਿੰਦ)-ਪੰਜਾਬ ਕਾਂਗਰਸ ਦੇ ਸੀਨੀਅਰ ਨੇਤਾ ਤੇ ਹਲਕਾ ਸਮਾਣਾ ਦੇ ਸਾਬਕਾ ਵਿਧਾਇਕ ਕਾਕਾ ਰਾਜਿੰਦਰ ਸਿੰਘ ਨੇ ਆਖਿਆ ਕਿ ਬੇਰੋਜ਼ਗਾਰ ਲਾਈਨਮੈਨਾਂ ਨਾਲ ਸਰਕਾਰ ਵੱਲੋਂ ਕੀਤਾ ਜਾ ਰਹੀ ਧੱਕਾ ਨਾ-ਸਹਿਣਯੋਗ ਹੈ।ਸਰਕਾਰ ਨੌਜਵਾਨਾਂ ਨੂੰ ਲਾਠੀਆਂ ਨਾਲ ਕੁੱਟਣ ਦੀ ਥਾਂ ਉਨ੍ਹਾਂ ਲਈ ਰੁਜ਼ਗਾਰ ਦਾ ਪ੍ਰਬੰਧ ਕਰੇ। ਰਾਜਿੰਦਰ ਸਿੰਘ ਪਿਛਲੇ ਕਈ ਦਿਨਾਂ ਤੋਂ ਅਪ੍ਰੈਂਟਿਸਸ਼ਿਪ ਲਾਈਨਮੈਨਾਂ ਦੇ ਹੱਕ 'ਚ ਡਟੇ ਹੋਏ ਹਨ।ਇਸ ਤੋਂ ਪਹਿਲਾਂ ਉਹ ਹੈੱਡ ਆਫ਼ਿਸ ਸਾਹਮਣੇ ਲੱਗੇ ਧਰਨੇ 'ਚ ਵੀ ਡੱਟ ਕੇ ਹਾਜ਼ਰੀ ਲਵਾ ਕੇ ਗਏ ਸਨ।ਕਾਕਾ ਰਾਜਿੰਦਰ ਸਿੰਘ ਨੇ ਆਖਿਆ ਕਿ ਪੰਜਾਬ ਸਰਕਾਰ ਤੇ ਪਾਵਰਕਾਮ ਮੈਨੇਜਮੈਂਟ ਨੇ ਅਪ੍ਰੈਂਟਿਸਸ਼ਿਪ ਲਾਈਨਮੈਨਾਂ 'ਤੇ ਜਿਹੜਾ ਤਸੱਦਦ ਢਾਹਿਆ ਹੈ, ਉਹ ਪੂਰੀ ਤਰ੍ਹਾਂ ਨਿੰਦਣਯੋਗ ਹੈ।ਉਨ੍ਹਾਂ ਆਖਿਆ ਕਿ ਇਨ੍ਹਾਂ ਨੌਜਵਾਨਾਂ ਨੂੰ ਨੌਕਰੀਆਂ ਦੇਣੀਆਂ ਬਣਦੀਆਂ ਹਨ, ਪਰ ਜਦੋਂ ਇਹ ਨੌਕਰੀਆਂ ਮੰਗ ਰਹੇ ਹਨ ਤਾਂ ਇਨ੍ਹਾਂ ਉੱਪਰ ਲਾਠੀਚਾਰਜ ਕੀਤਾ ਜਾ ਰਿਹਾ ਹੈ।ਮੈਂ ਬਤੌਰ ਸਾਬਕਾ ਵਿਧਾਇਕ ਕਾਂਗਰਸੀ ਸਿਪਾਹੀ ਹੋਣ ਦੇ ਨਾਤੇ ਲਗਾਤਾਰ ਇਨ੍ਹਾਂ ਅਪ੍ਰੈਂਟਿਸਸ਼ਿਪ ਲਾਈਨਮੈਨਾਂ ਦੇ ਟੱਚ 'ਚ ਹਾਂ ਤੇ ਡੱਟ ਕੇ ਇਨ੍ਹਾਂ ਦੀ ਮਦਦ ਕਰ ਰਿਹਾ ਹਾਂ।ਉਨ੍ਹਾਂ ਆਖਿਆ ਕਿ ਭਾਰੀ ਤੂਫ਼ਾਨ, ਮੀਂਹ ਵੀ ਇਨ੍ਹਾਂ ਲਾਈਨਮੈਨਾਂ ਦੇ ਹੌਸਲੇ ਪਸਤ ਨਹੀਂ ਕਰ ਸਕਿਆ।ਉਨ੍ਹਾਂ ਕਿਹਾ ਸੀ ਕਿ ਮੁੱਖ ਮੰਤਰੀ ਤੇ ਸਰਕਾਰ ਨੂੰ ਸਮਝ ਲੈਣਾ ਚਾਹੀਦਾ ਹੈ ਕਿ ਇਹ ਨੌਜਵਾਨ ਡੱਟ ਕੇ ਲੜਨ ਵਾਲੇ ਹਨ, ਹਾਰਨ ਵਾਲੇ ਨਹੀਂ।ਉਨ੍ਹਾਂ ਆਖਿਆ ਕਿ ਉਹ ਲੰਘੇ ਦਿਨ ਰਾਜਾ ਵੜਿੰਗ ਕਾਂਗਰਸ ਪ੍ਰਧਾਨ ਨੂੰ ਵੀ ਇੱਥੇ ਲੈ ਕੇ ਆਏ ਸਨ ਤੇ ਰਾਜਾ ਵੜਿੰਗ ਪੂਰੀ ਤਰ੍ਹਾਂ ਡੱਟ ਕੇ ਇਨ੍ਹਾਂ ਨੌਜਵਾਨਾਂ ਦੀ ਪਿੱਠ 'ਤੇ ਖੜ੍ਹੇ ਹਨ ਅਤੇ ਕਾਂਗਰਸ ਇਹ ਲੜਾਈ ਖੁਦ ਲੜੇਗੀ।

ਦੇਸ਼ ਭਗਤ ਆਯੁਰਵੈਦਿਕ ਕਾਲਜ ਤੇ ਹਸਪਤਾਲ 'ਚ ਜਲ-ਚਿਕਿਤਸਾ ਇਕਾਈ ਦਾ ਉਦਘਾਟਨ

ਮੰਡੀ ਗੋਬਿੰਦਗੜ੍ਹ (ਪ੍ਰਮੋਦ ਭਾਰਦਵਾਜ)-ਦੇਸ਼ ਭਗਤ ਆਯੁਰਵੈਦਿਕ ਕਾਲਜ ਤੇ ਹਸਪਤਾਲ ਦੇ ਵੈਲਨੈੱਸ ਕੇਂਦਰ ਨੇ ਕੁਦਰਤੀ ਚਿਕਿਤਸਾ ਰਾਹੀਂ ਸਮੁੱਚੀ ਸਿਹਤ ਸੰਭਾਲ ਤੇ ਤੰਦਰੁਸਤੀ ਪ੍ਰਤੀ ਆਪਣੀ ਵਚਨਬੱਧਤਾ ਨੂੰ ਹੋਰ ਮਜ਼ਬੂਤ ਕਰਦਿਆਂ ਨਵੀਂ ਜਲ-ਚਿਕਿਤਸਾ (ਹਾਈਡ੍ਰੋਥੈਰੇਪੀ) ਇਕਾਈ ਦੇ ਉਦਘਾਟਨ ਦਾ ਐਲਾਨ ਕੀਤਾ।ਇਸ ਜਲ-ਚਿਕਿਤਸਾ ਇਕਾਈ ਦਾ ਰਸਮੀ ਉਦਘਾਟਨ ਦੇਸ਼ ਭਗਤ ਯੂਨੀਵਰਸਿਟੀ ਦੇ ਚਾਂਸਲਰ ਡਾ. ਜ਼ੋਰਾ ਸਿੰਘ ਤੇ ਪ੍ਰੋ-ਚਾਂਸਲਰ ਡਾ. ਤਜਿੰਦਰ ਕੌਰ ਵੱਲੋਂ ਅਧਿਆਪਕਾਂ, ਵਿਦਿਆਰਥੀਆਂ ਤੇ ਸਿਹਤ ਸੇਵਾ ਮਾਹਿਰਾਂ ਦੀ ਹਾਜ਼ਰੀ ਵਿੱਚ ਕੀਤਾ ਗਿਆ।ਇਹ ਸਹੂਲਤ ਚਾਂਸਲਰ ਤੇ ਪ੍ਰੋ-ਚਾਂਸਲਰ ਦੀ ਸਰਪ੍ਰਸਤੀ ਤੇ ਦੂਰਅੰਦੇਸ਼ੀ ਅਗਵਾਈ ਹੇਠ ਸਥਾਪਤ ਕੀਤੀ ਗਈ ਹੈ।ਇਸ ਕਾਰਜ ਨੂੰ ਦੇਸ਼ ਭਗਤ ਆਯੁਰਵੈਦਿਕ ਕਾਲਜ ਤੇ ਹਸਪਤਾਲ ਦੇ ਡਾਇਰੈਕਟਰ ਅਤੇ ਯੋਗ ਵਿਭਾਗ ਦੇ ਪ੍ਰੋਫੈਸਰ ਤੇ ਮੁਖੀ ਡਾ. ਕੁਲਭੂਸ਼ਣ ਦੀ ਮਾਹਿਰਾਨਾ ਰਹਿਨੁਮਾਈ ਪ੍ਰਾਪਤ ਹੋਈ।ਇਸ ਉਪਰਾਲੇ ਨੂੰ ਕਾਲਜ ਦੇ ਪ੍ਰਿੰਸੀਪਲ ਡਾ. ਹੇਮਰਾਜ ਤੇ ਮੈਡੀਕਲ ਸੁਪਰਡੈਂਟ ਡਾ. ਜੋਤੀ ਐੱਚ. ਧਾਮੀ ਨੇ ਵੀ ਪੂਰਾ ਸਹਿਯੋਗ ਦਿੱਤਾ।ਉਦਘਾਟਨੀ ਸਮਾਗਮ ਵਿੱਚ ਕਾਲਜ ਦੇ ਅਧਿਆਪਕਾਂ ਤੇ ਵਿਦਿਆਰਥੀਆਂ ਨੇ ਉਤਸ਼ਾਹਪੂਰਵਕ ਭਾਗ ਲਿਆ, ਜਿਸ ਨਾਲ ਇਹ ਸਮਾਗਮ ਯਾਦਗਾਰ ਤੇ ਪ੍ਰੇਰਨਾਦਾਇਕ ਬਣ ਗਿਆ। ਇਸ ਮੌਕੇ ਡਾ. ਜ਼ੋਰਾ ਸਿੰਘ ਨੇ ਕਿਹਾ ਕਿ ਦੇਸ਼ ਭਗਤ ਆਯੁਰਵੈਦਿਕ ਕਾਲਜ ਤੇ ਹਸਪਤਾਲ ਹਮੇਸ਼ਾ ਸਮਾਜ ਦੀਆਂ ਸਿਹਤ ਸੰਬੰਧੀ ਲੋੜਾਂ ਦੀ ਪੂਰਤੀ ਲਈ ਸਮਰਪਿਤ ਰਿਹਾ ਹੈ ਅਤੇ ਅੱਗੇ ਵੀ ਇਸੇ ਤਰ੍ਹਾਂ ਸੇਵਾ ਕਰਦਾ ਰਹੇਗਾ।ਇਸ ਜਲ-ਚਿਕਿਤਸਾ ਇਕਾਈ ਦੀ ਸ਼ੁਰੂਆਤ ਆਯੁਰਵੇਦ, ਕੁਦਰਤੀ ਚਿਕਿਤਸਾ ਤੇ ਤੰਦਰੁਸਤੀ ਦੇ ਲਾਭਾਂ ਨੂੰ ਇਕੱਠਾ ਕਰਕੇ ਸਮੁੱਚੀ ਸਿਹਤ ਸੰਭਾਲ ਵੱਲ ਇੱਕ ਹੋਰ ਮਹੱਤਵਪੂਰਨ ਕਦਮ ਹੈ। ਅਸੀਂ ਮਰੀਜ਼ਾਂ ਦੀ ਸੁਰੱਖਿਆ, ਗੁਣਵੱਤਾ ਭਰੀ ਸਿਹਤ ਸੇਵਾ ਤੇ ਮਨੁੱਖਤਾ ਦੀ ਭਲਾਈ ਲਈ ਪੂਰੀ ਤਰ੍ਹਾਂ ਵਚਨਬੱਧ ਹਾਂ।

ਕੈਬਨਿਟ ਮੰਤਰੀ ਨੇ 1.76 ਕਰੋੜ ਦੀ ਲਾਗਤ ਬਣੀਆਂ ਗਲੀਆਂ ਦਾ ਕੀਤਾ ਉਦਘਾਟਨ



ਮਲੋਟ/ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ/ਓਮ ਪ੍ਰਕਾਸ਼ ਸੇਖੂ/ਪੂਜਾ)-ਪੰਜਾਬ ਸਰਕਾਰ ਵੱਲੋਂ ਸੂਬੇ ਦੇ ਵਿਕਾਸ ਲਈ ਹਰ ਸੰਭਵ ਯਤਨਸ਼ੀਲ ਕੀਤੇ ਜਾ ਰਹੇ ਹਨ ਤਾਂ ਜੋ ਵੱਧ ਤੋਂ ਵੱਧ ਲੋਕਾਂ ਨੂੰ ਸਰਕਾਰੀ ਸਕੀਮਾਂ ਦਾ ਲਾਭ ਮਿਲ ਸਕੇ।ਇਹ ਪ੍ਰਗਟਾਵਾ ਡਾ. ਬਲਜੀਤ ਕੌਰ ਸਮਾਜਿਕ ਸੁਰੱਖਿਆ, ਇਸਤਰੀ ਤੇ ਬਾਲ ਵਿਕਾਸ ਮੰਤਰੀ ਪੰਜਾਬ ਨੇ ਮਲੋਟ ਵਿਖੇ 1 ਕਰੋੜ 76 ਲੱਖ ਰੁਪਏ ਦੀ ਲਾਗਤ ਨਾਲ ਤਿਆਰ ਹੋਈਆਂ ਗਲੀਆਂ ਦਾ ਉਦਘਾਟਨ ਕਰਦਿਆਂ ਕੀਤਾ।ਇਸ ਮੌਕੇ ਉਨ੍ਹਾਂ ਦੱਸਿਆ ਕਿ ਅਧੂਰੀਆਂ ਰਹਿ ਗਈਆਂ ਗਲੀਆਂ ਦਾ ਕੰਮ ਵੀ ਜਲਦੀ ਮੁਕੰਮਲ ਕਰਵਾਇਆ ਜਾ ਰਿਹਾ ਹੈ ਤਾਂ ਜੋ ਸ਼ਹਿਰ ਨਿਵਾਸੀਆਂ ਨੂੰ ਆਉਣ ਜਾਣ ਵਿੱਚ ਕਿਸੇ ਵੀ ਤਰ੍ਹਾਂ ਦੀ ਕੋਈ ਸਮੱਸਿਆ ਪੇਸ਼ ਨਾ ਆਵੇ।ਉਨ੍ਹਾਂ ਕਿਹਾ ਕਿ ਗਲੀਆਂ ਤੋਂ ਇਲਾਵਾ, ਜੋ ਵੀ ਵਿਧਾਨ ਸਭਾ ਹਲਕਾ ਮਲੋਟ ਵਿੱਚ ਵਿਕਾਸ ਦੇ ਕੰਮ ਚੱਲ ਰਹੇ ਹਨ, ਇਹ ਵੀ ਜਲਦ ਮੁਕੰਮਲ ਕਰਵਾਏ ਜਾਣਗੇ।ਇਸ ਮੌਕੇ ਸ਼ਹਿਰੀ ਪ੍ਰਧਾਨ ਜਸਮੀਤ ਬਰਾੜ, ਚੇਅਰਮੈਨ ਗੁਰਪ੍ਰੀਤ ਸਿੰਘ ਵਿਰਦੀ, ਰਾਜੀਵ ਉੱਪਲ, ਲਵ ਬੱਤਰਾ, ਸਾਬਕਾ ਕੌਂਸਲਰ ਹਰਮੇਲ ਸਿੰਘ ਸੰਧੂ, ਆਪ ਆਗੂ ਗੁਰਮੀਤ ਸਿੰਘ ਚਿੰਟੂ ਤੇ ਪਤਵੰਤੇ ਵਿਅਕਤੀ ਹਾਜ਼ਰ ਸਨ।

ਮੌੜਾਂ ਦੇ ਕਿਸਾਨ ਨੇ ਆਪਣੀ ਜ਼ਮੀਨ 'ਚ ਲਗਾਇਆ ਬਾਗ਼

ਦਿੜ੍ਹਬਾ ਮੰਡੀ (ਜਸਵੀਰ ਲਾਡੀ)-ਪਿੰਡ ਮੌੜਾਂ ਦੇ ਅਗਾਂਹਵਧੂ ਕਿਸਾਨ ਜਰਨੈਲ ਸਿੰਘ ਪੁੱਤਰ ਸੁਰਜੀਤ ਸਿੰਘ ਨੇ ਕਣਕ ਤੇ ਝੋਨੇ ਦੀਆਂ ਫ਼ਸਲਾਂ ਨੂੰ ਛੱਡ ਕੇ ਇੱਕ ਵਿੱਘਾ ਜ਼ਮੀਨ ਵਿੱਚ ਵੱਖ ਵੱਖ ਫ਼ਲਦਾਰ ਬੂਟਿਆਂ ਦਾ ਬਾਗ਼ ਲਗਾਇਆ ਹੈ।ਇਸ ਸਮੇਂ ਗੱਲਬਾਤ ਕਰਦਿਆਂ ਜਰਨੈਲ ਸਿੰਘ ਨੇ ਕਿਹਾ ਕਿ ਦਿਨੋਂ ਦਿਨ ਬਿਗੜ ਰਹੇ ਵਾਤਾਵਰਣ ਨੂੰ ਦੇਖਦਿਆਂ ਹਰ ਵਿਅਕਤੀ ਨੂੰ ਪੌਦੇ ਲਗਾਉਣੇ ਚਾਹੀਦੇ ਹਨ ਤਾਂ ਜੋ ਵਾਤਾਵਰਨ ਨੂੰ ਸ਼ੁੱਧ ਰੱਖਿਆ ਜਾ ਸਕੇ।ਸਰਕਾਰ ਵੱਲੋਂ ਵੀ ਵੱਧ ਤੋਂ ਵੱਧ ਪੌਦੇ ਲਗਾਉਣ ਲਈ ਪ੍ਰੇਰਿਤ ਕੀਤਾ ਜਾਂਦਾ ਹੈ।ਇਸ ਲਈ ਉਨ੍ਹਾਂ ਨੇ ਆਪਣੀ ਤਕਰੀਬਨ ਇੱਕ ਵਿੱਘਾ ਜ਼ਮੀਨ ਵਿੱਚ ਬਾਗ਼ ਲਗਾਇਆ ਹੈ।ਉਨ੍ਹਾਂ ਦੱਸਿਆ ਕਿ ਉਹ ਇਸ ਤੋਂ ਪਹਿਲਾਂ ਵੀ ਆਪਣੇ ਖੇਤਾਂ ਵਿੱਚ ਸਮੇਂ ਸਮੇਂ 'ਤੇ ਪੌਦੇ ਲਗਾਉਂਦੇ ਰਹਿੰਦੇ ਹਨ।ਉਨ੍ਹਾਂ ਕਿਹਾ ਕਿ ਛੋਟੇ ਪੌਦਿਆਂ ਨੂੰ ਅਵਾਰਾ ਪਸ਼ੂ ਤੇ ਸ਼ਰਾਰਤੀ ਅਨਸਰ ਉਜਾੜ ਦਿੰਦੇ ਹਨ, ਇਸ ਲਈ ਹਰ ਕੋਈ ਪੌਦੇ ਲਗਾਉਣ ਦੀ ਪਹਿਲ ਨਹੀਂ ਕਰਦਾ।ਪਿੰਡ ਵਾਸੀਆਂ ਵੱਲੋਂ ਇਸ ਕੰਮ ਲਈ ਜਰਨੈਲ ਸਿੰਘ ਦੀ ਭਰਭੂਰ ਸ਼ਲਾਘਾ ਕੀਤੀ ਗਈ।

ਜੱਗਾ ਸ਼ੋਰੜ ਤੇ ਵਿੱਕੀ ਸੈਂਕੜੇ ਨੌਜਵਾਨਾਂ ਸਮੇਤ ਅਕਾਲੀ ਦਲ 'ਚ ਸ਼ਾਮਲ



ਰਾਮਪੁਰਾ ਫੂਲ (ਦਰਸ਼ਨ ਜਿੰਦਲ)-ਹਲਕਾ ਰਾਮਪੁਰਾ ਫੂਲ ਵਿੱਚ ਸ਼੍ਰੋਮਣੀ ਅਕਾਲੀ ਦਲ ਨੂੰ ਉਸ ਸਮੇਂ ਵੱਡਾ ਬਲ ਮਿਲਿਆ, ਜਦੋਂ ਪਿੰਡ ਸੇਲਬਰਾਹ ਵਿਖੇ ਜਗਸੀਰ ਸਿੰਘ ਜੱਗਾ ਸ਼ੋਰੜ ਤੇ ਸਾਬਕਾ ਸਰਪੰਚ ਜਤਿੰਦਰ ਸਿੰਘ ਵਿੱਕੀ ਨੇ ਸੈਂਕੜੇ ਨੌਜਵਾਨਾਂ ਸਮੇਤ ਆਪ ਤੇ ਕਾਂਗਰਸ ਛੱਡ ਕੇ ਸ਼੍ਰੋਮਣੀ ਅਕਾਲੀ ਦਲ ਵਿੱਚ ਸ਼ਮੂਲੀਅਤ ਕੀਤੀ।ਇਸ ਮੌਕੇ ਗੁਰਪ੍ਰੀਤ ਸਿੰਘ, ਅਮਨ, ਕ੍ਰਿਸ਼ਨ, ਅਮਰਿੰਦਰ ਸਿੰਘ, ਪ੍ਰਿੰਸ, ਕਰਨ, ਏਕਮਕਾਰ, ਮਨਿੰਦਰ ਸਿੰਘ, ਹਰਪ੍ਰੀਤ ਸਿੰਘ, ਅਰਸ,ਜਸਵੀਰ ਸਿੰਘ, ਭੁਪਿੰਦਰ ਸਿੰਘ, ਗਗਨਦੀਪ ਸਿੰਘ, ਹਰਮਨ, ਭੋਲਾ ਪ੍ਰਧਾਨ, ਮਨਪ੍ਰੀਤ ਸਿੰਘ, ਸੁਖਦੇਵ ਸਿੰਘ, ਜਸਨ ਸਿੰਘ, ਕੁਲਵੰਤ ਸਿੰਘ, ਗੁਰਵਿੰਦਰ ਸਿੰਘ, ਅਰਮਾਨ ਸਿੰਘ, ਪਾਲਾ ਸਿੰਘ, ਸੁਖਪ੍ਰੀਤ ਸਿੰਘ, ਖੁਸ਼ਪ੍ਰੀਤ ਸਿੰਘ, ਸੰਦੀਪ ਸਿੰਘ, ਮੰਗਾ ਸਿੰਘ, ਜਸ਼ਨ, ਪ੍ਰਦੀਪ, ਪ੍ਰਵੀਨ ਸਿੰਘ, ਅਜੇ, ਹੁਸਨਪ੍ਰੀਤ, ਗੋਪੀ, ਰਵੀ, ਜਸ਼ਨਪ੍ਰੀਤ ਸਿੰਘ, ਚੈਨਾ, ਅਰਸ਼ਦੀਪ ਸਿੰਘ, ਮਨਪ੍ਰੀਤ ਸਿੰਘ, ਗੁਰਦੀਪ ਸਿੰਘ, ਸਿਕੰਦਰ ਸਿੰਘ, ਗੁਰਮੀਤ ਸਿੰਘ, ਸੁਖ ਪਿਆਰ ਸਿੰਘ, ਦੀਪ ਸਿੰਘ, ਹਰਜੀਤ ਸਿੰਘ, ਜਸਪ੍ਰੀਤ ਸਿੰਘ, ਸਾਗਰ, ਕੁਲਦੀਪ ਸਿੰਘ, ਕੁਲਵਿੰਦਰ ਸਿੰਘ, ਸੁਖਪ੍ਰੀਤ ਸਿੰਘ ਮਨਦੀਪ ਸਿੰਘ ਸਮੇਤ ਹੋਰ ਅਨੇਕਾਂ ਨੌਜਵਾਨਾਂ ਨੇ ਵੀ ਸ਼੍ਰੋਮਣੀ ਅਕਾਲੀ ਦਲ ਵਿੱਚ ਸ਼ਮੂਲੀਅਤ ਕੀਤੀ।ਇਸ ਮੌਕੇ ਸ੍ਰ ਸਿਕੰਦਰ ਸਿੰਘ ਮਲੂਕਾ ਨੇ ਪਾਰਟੀ ਵਿੱਚ ਸ਼ਾਮਲ ਹੋਣ ਵਾਲੇ ਵੀਰਾਂ ਨੂੰ ਜੀ ਆਇਆਂ ਕਿਹਾ ਤੇ ਕਿਹਾ ਕਿ ਪਾਰਟੀ ਵਿੱਚ ਉਨ੍ਹਾਂ ਨੂੰ ਪੂਰਾ ਮਾਣ ਸਤਿਕਾਰ ਦਿੱਤਾ ਜਾਵੇਗਾ।ਇਸ ਮੌਕੇ ਪਿੰਡ ਸੇਲਬਰਾਹ ਦੀ ਸਮੁੱਚੀ ਜਥੇਬੰਦੀ ਹਾਜ਼ਰ ਰਹੀ।

ਕੰਗਣਾ ਰਣੌਤ ਦੇ ਨਰਸਾਂ ਖਿਲਾਫ਼ ਦਿੱਤੇ ਬਿਆਨ ਦੀ ਸਖਤ ਨਿੰਦਾ

ਨਿਹਾਲ ਸਿੰਘ ਵਾਲਾ (ਲਵਲੀ ਕੁਮਾਰ)-ਮੈਂਬਰ ਪਾਰਲੀਮੈਂਟ ਕੰਗਣਾ ਰਣੌਤ ਵੱਲੋਂ ਨਰਸਾਂ ਖ਼ਿਲਾਫ਼ ਦਿੱਤੇ ਬਿਆਨ ਦੀ ਸਖਤ ਸ਼ਬਦਾਂ ਵਿੱਚ ਨਿਖੇਧੀ ਕਰਦਿਆਂ ਸੀਨੀਅਰ ਐਡਵੋਕੇਟ ਤੇ ਲੀਗਲ ਸੈੱਲ ਆਮ ਆਦਮੀ ਪਾਰਟੀ ਨਿਹਾਲ ਸਿੰਘ ਵਾਲਾ ਦੇ ਪ੍ਰਧਾਨ ਚਮਨ ਲਾਲ ਗੋਇਲ ਨੇ ਕਿਹਾ ਕਿ ਇਹ ਬਿਆਨ ਬਹੁਤ ਹੀ ਮੰਦਭਾਗਾ ਤੇ ਇਤਰਾਜ਼ਯੋਗ ਹੈ ਅਤੇ ਸਮੁੱਚੀ ਔਰਤ ਵਰਗ ਤੇ ਮੈਡੀਕਲ ਪੇਸ਼ੇ ਨੂੰ ਢਾਹ ਲਾਉਣ ਵਾਲਾ ਹੈ। ਉਨ੍ਹਾਂ ਕਿਹਾ ਕਿ ਕੰਗਣਾ ਆਪਣਾ ਮਾਨਸਿਕ ਸੰਤੁਲਨ ਗੁਆ ਚੁੱਕੀ ਹੈ ਅਤੇ ਅਜਿਹੀ ਬਿਆਨਬਾਜ਼ੀ ਕਰਕੇ ਉਹ ਬੀਜੇਪੀ ਦੀ ਐੱਮ ਪੀ ਹੋਣ ਦੇ ਨਾਤੇ ਪਾਰਟੀ ਨੂੰ ਵੀ ਬਦਨਾਮ ਕਰ ਰਹੀ ਹੈ ਅਤੇ ਪਾਰਟੀ ਨੂੰ ਚਾਹੀਦਾ ਹੈ ਕਿ ਉਸ ਦਾ ਕਿਸੇ ਮੈਂਟਲ ਹਸਪਤਾਲ ਤੋਂ ਚੈੱਕਅਪ ਕਰਵਾਏ। ਵਰਨਣਯੋਗ ਹੈ ਕਿ ਉਸ ਨੇ ਪਹਿਲਾਂ ਵੀ ਮਹਿਲਾ ਕਿਸਾਨ ਯੂਨੀਅਨ ਦੇ ਧਰਨੇ 'ਤੇ ਬੈਠੀ ਇੱਕ ਬਜ਼ੁਰਗ ਖਿਲਾਫ਼ ਇਤਰਾਜ਼ਯੋਗ ਬਿਆਨ ਦਿੱਤਾ ਸੀ, ਜਿਸ ਦਾ ਮਾਨਹਾਨੀ ਦਾ ਕੇਸ ਬਠਿੰਡਾ ਦੀ ਮਾਣਯੋਗ ਅਦਾਲਤ ਵਿੱਚ ਚੱਲ ਰਿਹਾ ਹੈ ਅਤੇ ਭਾਜਪਾ ਦੀ ਮੈਂਬਰ ਪਾਰਲੀਮੈਂਟ ਵੱਲੋਂ ਅਜਿਹੀ ਬਿਆਨਬਾਜ਼ੀ ਆਉਣ ਵਾਲੀਆਂ 2027 ਦੀਆਂ ਵਿਧਾਨ ਸਭਾਂ ਚੋਣਾਂ ਵਿੱਚ ਬੀਜੇਪੀ ਨੂੰ ਵੱਡਾ ਖਮਿਆਜ਼ਾ ਭੁਗਤਣਾ ਪੈ ਸਕਦਾ ਹੈ।

ਸਾਂਝਾ ਫਰੰਟ ਵੱਲੋਂ ਸੰਘਰਸ਼ ਤੇਜ਼ ਕਰਨ ਦਾ ਐਲਾਨ

ਸ਼੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ ਸਿੰਘ/ਪੂਜਾ)- ਪੰਜਾਬ ਮੁਲਾਜ਼ਮ ਅਤੇ ਪੈਨਸ਼ਨਰ ਸਾਂਝਾ ਫਰੰਟ ਵੱਲੋਂ ਪੰਜਾਬ ਸਰਕਾਰ ਦੀਆਂ ਮੁਲਾਜ਼ਮ ਵਿਰੋਧੀ ਅਤੇ ਲੋਕ ਵਿਰੋਧੀ ਨੀਤੀਆਂ ਖ਼ਿਲਾਫ਼ ਸੰਘਰਸ਼ ਨੂੰ ਤੇਜ਼ ਕਰਨ ਦਾ ਐਲਾਨ ਕੀਤਾ ਗਿਆ ਹੈ।ਇਸ ਸਬੰਧੀ ਜ਼ਿਲ੍ਹਾ ਪੱਧਰੀ ਕਨਵੈਨਸ਼ਨ 11 ਜੁਲਾਈ ਨੂੰ ਸਵੇਰੇ 10 ਵਜੇ ਸ਼੍ਰੀ ਮੁਕਤਸਰ ਸਾਹਿਬ ਵਿਖੇ ਕਰਵਾਉਣ ਦਾ ਫੈਸਲਾ ਕੀਤਾ ਗਿਆ ਹੈ। ਇਹ ਫੈਸਲਾ ਰੋਡਵੇਜ਼ ਪੈਨਸ਼ਨਰ ਭਵਨ ਸ਼੍ਰੀ ਮੁਕਤਸਰ ਸਾਹਿਬ ਵਿਖੇ ਹੋਈ ਪੰਜਾਬ ਮੁਲਾਜ਼ਮ ਤੇ ਪੈਨਸ਼ਨਰ ਸਾਂਝਾ ਫਰੰਟ ਦੀ ਜ਼ਿਲ੍ਹਾ ਮੀਟਿੰਗ ਦੌਰਾਨ ਲਿਆ ਗਿਆ।ਮੀਟਿੰਗ ਸੂਬਾ ਕਮੇਟੀ ਦੇ ਕਨਵੀਨਰ ਜਗਦੀਸ਼ ਸਿੰਘ ਚਾਹਲ ਦੀ ਨਿਗਰਾਨੀ ਹੇਠ ਹੋਈ, ਜਿਸ ਦੀ ਪ੍ਰਧਾਨਗੀ ਜ਼ਿਲ੍ਹਾ ਕਨਵੀਨਰਾਂ ਜੋਗਿੰਦਰ ਸਿੰਘ ਮੱਲਣ, ਪਵਨ ਕੁਮਾਰ, ਅੰਗਰੇਜ਼ ਸਿੰਘ, ਪ੍ਰਗਟ ਸਿੰਘ ਜੰਬਰ, ਪਰਮਜੀਤ ਸਿੰਘ, ਮਲਕੀਤ ਸਿੰਘ, ਬੂਟਾ ਸਿੰਘ ਅਤੇ ਬਸੰਤ ਸਿੰਘ ਨੇ ਕੀਤੀ।ਮੀਟਿੰਗ ਦੌਰਾਨ ਬੁਲਾਰਿਆਂ ਨੇ ਪੰਜਾਬ ਸਰਕਾਰ ਵੱਲੋਂ ਮੁਲਾਜ਼ਮਾਂ ਦੀਆਂ ਲੰਬੇ ਸਮੇਂ ਤੋਂ ਲਟਕਦੀਆਂ ਮੰਗਾਂ ਨੂੰ ਅਣਡਿੱਠਾ ਕਰਨ ਦੀ ਨਿਖੇਧੀ ਕੀਤੀ।ਉਨ੍ਹਾਂ ਕਿਹਾ ਕਿ 18 ਫੀਸਦੀ ਮਹਿੰਗਾਈ ਭੱਤਾ (ਡੀ.ਏ.), ਪੁਰਾਣੀ ਪੈਨਸ਼ਨ ਸਕੀਮ ਦੀ ਬਹਾਲੀ, ਛੇਵੇਂ ਤਨਖਾਹ ਕਮਿਸ਼ਨ ਦੀਆਂ ਤਰੁੱਟੀਆਂ ਦੂਰ ਕਰਨ, ਕੱਚੇ ਮੁਲਾਜ਼ਮਾਂ ਨੂੰ ਪੱਕਾ ਕਰਨ ਤੇ ਸੋਧੇ ਹੋਏ ਬਕਾਏ ਜਾਰੀ ਕਰਨ ਵਰਗੀਆਂ ਮੰਗਾਂ ਨੂੰ ਸਰਕਾਰ ਲਗਾਤਾਰ ਟਾਲ ਰਹੀ ਹੈ।ਇਸ ਤੋਂ ਇਲਾਵਾ ਹੱਕ ਮੰਗਦੇ ਮੁਲਾਜ਼ਮਾਂ ਉੱਤੇ ਦਮਨਕਾਰੀ ਕਾਰਵਾਈਆਂ ਕੀਤੀਆਂ ਜਾ ਰਹੀਆਂ ਹਨ।ਆਗੂਆਂ ਨੇ ਕਿਹਾ ਕਿ 11 ਜੁਲਾਈ ਦੀ ਕਨਵੈਨਸ਼ਨ ਵਿੱਚ ਮੁਲਾਜ਼ਮਾਂ ਤੇ ਪੈਨਸ਼ਨਰਾਂ ਨੂੰ ਸਰਕਾਰ ਦੀਆਂ ਨੀਤੀਆਂ ਬਾਰੇ ਜਾਣੂ ਕਰਵਾਉਣ ਦੇ ਨਾਲ-ਨਾਲ ਆਉਣ ਵਾਲੇ ਸੰਘਰਸ਼ ਦੀ ਰੂਪ-ਰੇਖਾ ਵੀ ਤਿਆਰ ਕੀਤੀ ਜਾਵੇਗੀ।ਮੀਟਿੰਗ ਵਿੱਚ ਬਲਵਿੰਦਰ ਸਿੰਘ, ਸ਼ਮਿੰਦਰ ਸਿੰਘ, ਮੰਗਤੂ ਰਾਮ, ਦਰਸ਼ਨ ਕੁਮਾਰ, ਪ੍ਰੀਤਮ ਕੁਮਾਰ, ਮਹਿੰਦਰ ਸਿੰਘ, ਗੁਰਜੰਟ ਸਿੰਘ ਸਮੇਤ ਵੱਡੀ ਗਿਣਤੀ ਵਿੱਚ ਮੁਲਾਜ਼ਮ ਤੇ ਪੈਨਸ਼ਨਰ ਆਗੂ ਹਾਜ਼ਰ ਸਨ।

ਪੰਜਵੇਂ ਦਿਨ ਵੀ ਮੋਬਾਇਲ ਟਾਵਰ 'ਤੇ ਡਟਿਆ ਰਿਹਾ ਬੇਰੁਜ਼ਗਾਰ ਅਧਿਆਪਕ ਹਰਜੀਤ ਸਿੰਘ

ਸਾਥੀਆਂ ਨੇ ਸ਼ਹਿਰ ਵਿੱਚ ਕੱਢਿਆ ਵਿਸ਼ਾਲ ਕੈਂਡਲ ਮਾਰਚ

ਧੂਰੀ (ਮੋਹਿਤ ਗਰਗ, ਮਨੋਹਰ ਸੱਗੂ, ਬਿੰਨੀ ਗਰਗ)-5994 ਕਾਡਰ ਈ.ਟੀ.ਟੀ. ਅਧਿਆਪਕਾਂ ਵਿੱਚੋਂ ਰਹਿੰਦੇ 2994 ਬੈਕਲਾਗ ਅਧਿਆਪਕਾਂ ਦੀ ਭਰਤੀ ਦਾ ਨੋਟੀਫਿਕੇਸ਼ਨ ਜਾਰੀ ਕਰਵਾਉਣ ਦੀ ਜ਼ਿੱਦ 'ਤੇ ਅੜਿਆ ਬੇਰੁਜ਼ਗਾਰ ਅਧਿਆਪਕ ਹਰਜੀਤ ਸਿੰਘ ਬਰਨਾਲਾ ਅੱਜ ਲਗਾਤਾਰ ਪੰਜਵੇਂ ਦਿਨ ਵੀ ਸਥਾਨਕ ਟੈਲੀਫੋਨ ਐਕਸਚੇਂਜ ਦੇ ਉੱਚੇ ਮੋਬਾਇਲ ਟਾਵਰ 'ਤੇ ਡਟਿਆ ਰਿਹਾ।ਅਸਮਾਨੋਂ ਵਰ੍ਹਦੀ ਤਪਦੀ-ਕੜਕਦੀ ਲੋਅ ਦੇ ਬਾਵਜੂਦ, ਹਰਜੀਤ ਸਿੰਘ ਦੇ ਹੌਸਲੇ ਪਸਤ ਨਹੀਂ ਹੋਏ।ਉਹ ਪ੍ਰਸ਼ਾਸਨ ਤੇ ਸਰਕਾਰ ਦੀ ਬੇਰੁਖ਼ੀ ਖ਼ਿਲਾਫ਼ ਅਡੋਲ ਖੜ੍ਹਾ ਹੈ।ਦੂਜੇ ਪਾਸੇ, ਟਾਵਰ ਦੇ ਹੇਠਾਂ ਬੈਠੇ ਉਸ ਦੇ ਸਾਥੀ ਅਧਿਆਪਕਾਂ ਨੇ ਸਰਕਾਰ ਦੇ ਅੜੀਅਲ ਵਤੀਰੇ ਖ਼ਿਲਾਫ਼ ਜ਼ੋਰਦਾਰ ਨਾਅਰੇਬਾਜ਼ੀ ਕੀਤੀ।ਸਰਕਾਰ ਦੇ ਕੰਨਾਂ ਤੱਕ ਆਵਾਜ਼ ਪਹੁੰਚਾਉਣ ਤੇ ਹਰਜੀਤ ਸਿੰਘ ਦੀ ਹਮਾਇਤ ਲਈ ਬੇਰੁਜ਼ਗਾਰ ਅਧਿਆਪਕ ਯੂਨੀਅਨ ਵੱਲੋਂ ਸ਼ਹਿਰ ਦੇ ਬਾਜ਼ਾਰਾਂ ਵਿੱਚ ਕੈਂਡਲ ਮਾਰਚ ਕੱਢਿਆ ਗਿਆ।ਹੱਥਾਂ ਵਿੱਚ ਰੋਸ ਪ੍ਰਦਰਸ਼ਨ ਦੇ ਬੈਨਰ ਫੜੀ ਸਾਥੀਆਂ ਨੇ ਸ਼ਹਿਰ ਵਾਸੀਆਂ ਨੂੰ ਜਗਾਉਣ ਤੇ ਸਰਕਾਰ ਨੂੰ ਸੁੱਤੀ ਨੀਂਦ ਤੋਂ ਉਠਾਉਣ ਲਈ ਪੈਦਲ ਮਾਰਚ ਕੀਤਾ।ਜੇਕਰ ਹਰਜੀਤ ਸਿੰਘ ਦੀ ਸਿਹਤ ਨੂੰ ਕੋਈ ਨੁਕਸਾਨ ਪਹੁੰਚਦਾ ਹੈ, ਤਾਂ ਇਸ ਦੀ ਪੂਰੀ ਜ਼ਿੰਮੇਵਾਰੀ ਪੰਜਾਬ ਸਰਕਾਰ ਤੇ ਸਥਾਨਕ ਪ੍ਰਸ਼ਾਸਨ ਦੀ ਹੋਵੇਗੀ।ਸਰਕਾਰ ਤੁਰੰਤ 2994 ਬੈਕਲਾਗ ਅਧਿਆਪਕਾਂ ਦੀ ਭਰਤੀ ਦਾ ਨੋਟੀਫਿਕੇਸ਼ਨ ਜਾਰੀ ਕਰਕੇ ਯੋਗ ਨੌਜਵਾਨਾਂ ਨੂੰ ਇਨਸਾਫ਼ ਦੇਵੇ। ਅਧਿਆਪਕਾਂ ਨੇ ਚੇਤਾਵਨੀ ਦਿੱਤੀ ਕਿ ਜਿੰਨਾ ਚਿਰ ਮੰਗਾਂ ਪੂਰੀਆਂ ਨਹੀਂ ਹੁੰਦੀਆਂ, ਇਹ ਸੰਘਰਸ਼ ਹੋਰ ਤਿੱਖਾ ਕੀਤਾ ਜਾਵੇਗਾ।

ਦੋ ਟਰੱਕਾਂ ਦੀ ਭਿਆਨਕ ਟੱਕਰ, ਡਰਾਈਵਰ ਦੀ ਮੌਕੇ 'ਤੇ ਮੌਤ

ਰਾਏਕੋਟ (ਇਕਬਾਲ ਸਿੰਘ/ਸੰਤੋਖ ਗਿੱਲ)-ਲੁਧਿਆਣਾ-ਬਠਿੰਡਾ ਰਾਜ ਮਾਰਗ 'ਤੇ ਸ਼ਨੀਵਾਰ ਤੜਕੇ ਕਰੀਬ 4 ਵਜੇ ਵਾਪਰੇ ਇੱਕ ਭਿਆਨਕ ਸੜਕ ਹਾਦਸੇ ਵਿੱਚ ਟਰੱਕ ਡਰਾਈਵਰ ਦੀ ਮੌਕੇ 'ਤੇ ਹੀ ਮੌਤ ਹੋ ਗਈ, ਜਦਕਿ ਇੱਕ ਹੋਰ ਡਰਾਈਵਰ ਗੰਭੀਰ ਰੂਪ ਵਿੱਚ ਜ਼ਖ਼ਮੀ ਹੋ ਗਿਆ।ਹਾਦਸੇ ਕਾਰਨ ਰਾਜ ਮਾਰਗ 'ਤੇ ਕਰੀਬ ਦੋ ਘੰਟਿਆਂ ਤੱਕ ਆਵਾਜਾਈ ਪੂਰੀ ਤਰ੍ਹਾਂ ਠੱਪ ਰਹੀ ਤੇ ਵਾਹਨਾਂ ਦੀਆਂ ਲੰਬੀਆਂ ਕਤਾਰਾਂ ਲੱਗ ਗਈਆਂ।ਜਾਣਕਾਰੀ ਅਨੁਸਾਰ ਬਰਨਾਲਾ ਵੱਲੋਂ ਰਾਏਕੋਟ ਨੂੰ ਆ ਰਿਹਾ ਇੱਕ ਕੈਂਟਰ ਤੇ ਰਾਏਕੋਟ ਤੋਂ ਬਰਨਾਲਾ ਵੱਲ ਜਾ ਰਿਹਾ ਇੱਕ ਟਰੱਕ ਆਹਮੋ-ਸਾਹਮਣੇ ਟਕਰਾ ਗਏ।ਟੱਕਰ ਇੰਨੀ ਜ਼ਬਰਦਸਤ ਸੀ ਕਿ ਦੋਵੇਂ ਵਾਹਨਾਂ ਦੇ ਅਗਲੇ ਹਿੱਸੇ ਪੂਰੀ ਤਰ੍ਹਾਂ ਚਕਨਾਚੂਰ ਹੋ ਗਏ।ਹਾਦਸੇ ਵਿੱਚ ਕੈਂਟਰ ਚਾਲਕ ਸੰਦੀਪ ਸਿੰਘ ਪੁੱਤਰ ਬਲਵਿੰਦਰ ਸਿੰਘ ਵਾਸੀ ਨੱਥੋਵਾਲ ਦੀ ਮੌਕੇ 'ਤੇ ਹੀ ਮੌਤ ਹੋ ਗਈ।ਦੂਜੇ ਟਰੱਕ ਦੇ ਡਰਾਈਵਰ ਪ੍ਰੇਮ ਸਿੰਘ ਪੁੱਤਰ ਬਲਵੀਰ ਸਿੰਘ ਵਾਸੀ ਜ਼ਿਲ੍ਹਾ ਮਾਨਸਾ ਦੇ ਮੌਕੇ 'ਤੇ ਗੰਭੀਰ ਸੱਟਾਂ ਲੱਗੀਆਂ ਹਨ।ਹਾਦਸੇ ਮਗਰੋਂ ਮ੍ਰਿਤਕ ਸੰਦੀਪ ਸਿੰਘ ਦੀ ਲਾਸ਼ ਨੂੰ ਟਰੱਕ ਵਿੱਚੋਂ ਕੱਢ ਕੇ ਐਂਬੂਲੈਂਸ ਰਾਹੀਂ ਸਿਵਲ ਹਸਪਤਾਲ ਰਾਏਕੋਟ ਭੇਜਿਆ ਗਿਆ।ਉੱਧਰ ਸੜਕ 'ਤੇ ਵਾਹਨਾਂ ਦਾ ਮਲਬਾ ਖਿੱਲਰ ਜਾਣ ਕਾਰਨ ਲੁਧਿਆਣਾ-ਬਠਿੰਡਾ ਰਾਜ ਮਾਰਗ 'ਤੇ ਆਵਾਜਾਈ ਪੂਰੀ ਤਰ੍ਹਾਂ ਪ੍ਰਭਾਵਿਤ ਹੋਈ। ਇਸ ਸਬੰਧੀ ਥਾਣਾ ਸਿਟੀ ਰਾਏਕੋਟ ਦੇ ਏਐੱਸਆਈ ਗੁਰਪ੍ਰੀਤ ਸਿੰਘ ਨੇ ਦੱਸਿਆ ਕਿ ਪੁਲਸ ਵੱਲੋਂ ਕਾਨੂੰਨੀ ਕਾਰਵਾਈ ਕੀਤੀ ਜਾ ਰਹੀ ਹੈ।ਮ੍ਰਿਤਕ ਦੀ ਲਾਸ਼ ਨੂੰ ਪੋਸਟਮਾਰਟਮ ਲਈ ਹਸਪਤਾਲ ਵਿੱਚ ਰੱਖਿਆ ਗਿਆ ਤੇ ਸਾਰੀ ਕਾਰਵਾਈ ਪੂਰੀ ਹੋਣ ਉਪਰੰਤ ਵਾਰਸਾਂ ਦੇ ਹਵਾਲੇ ਕੀਤਾ ਜਾਵੇਗਾ।

ਕੇਂਦਰ ਸਰਕਾਰ ਦਾ 200 ਲੀਟਰ ਡੀਜ਼ਲ ਸੀਮਾ ਵਾਲਾ ਫੈਸਲਾ ਕਿਸਾਨ ਵਿਰੋਧੀ : ਕੋਟਲੀ

ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ ਸਿੰਘ, ਪੂਜਾ)-ਭਾਰਤੀ ਕਿਸਾਨ ਯੂਨੀਅਨ ਰਾਜੇਵਾਲ ਦੇ ਪੰਜਾਬ ਪ੍ਰਧਾਨ ਬਲਬੀਰ ਸਿੰਘ ਰਾਜੇਵਾਲ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਜ਼ਿਲ੍ਹਾ ਪ੍ਰਧਾਨ ਗੋਬਿੰਦ ਸਿੰਘ ਕੋਟਲੀ ਨੇ ਕੇਂਦਰ ਸਰਕਾਰ ਵੱਲੋਂ ਪ੍ਰਤੀ ਦਿਨ 200 ਲੀਟਰ ਡੀਜ਼ਲ ਦੀ ਲਿਮਟ ਲਗਾਉਣ ਦੇ ਫੈਸਲੇ ਦੀ ਸਖ਼ਤ ਸ਼ਬਦਾਂ ਵਿੱਚ ਨਿੰਦਾ ਕੀਤੀ ਹੈ।ਉਨ੍ਹਾਂ ਕਿਹਾ ਕਿ ਝੋਨੇ ਦਾ ਸੀਜ਼ਨ ਸ਼ੁਰੂ ਹੋ ਚੁੱਕਾ ਹੈ ਤੇ ਇਸ ਸਮੇਂ ਕਿਸਾਨਾਂ ਨੂੰ ਖੇਤਾਂ ਵਿੱਚ ਪਾਣੀ ਲਗਾਉਣਾ, ਕੱਦੂ ਕਰਨ ਤੇ ਹੋਰ ਖੇਤੀ ਕਾਰਜਾਂ ਲਈ ਵੱਡੀ ਮਾਤਰਾ ਵਿੱਚ ਡੀਜ਼ਲ ਦੀ ਲੋੜ ਪੈਂਦੀ ਹੈ।ਸਰਕਾਰ ਦਾ ਇਹ ਫੈਸਲਾ ਕਿਸਾਨਾਂ ਲਈ ਮੁਸ਼ਕਲਾਂ ਖੜ੍ਹੀਆਂ ਕਰੇਗਾ ਤੇ ਖੇਤੀ ਦੀ ਲਾਗਤ ਵਿੱਚ ਵਾਧਾ ਕਰੇਗਾ।ਕੋਟਲੀ ਨੇ ਕਿਹਾ ਕਿ ਖੇਤੀਬਾੜੀ ਪਹਿਲਾਂ ਹੀ ਸੰਕਟ ਦਾ ਸਾਹਮਣਾ ਕਰ ਰਹੀ ਹੈ ਤੇ ਅਜਿਹੇ ਫੈਸਲੇ ਕਿਸਾਨਾਂ ਦੀਆਂ ਮੁਸ਼ਕਲਾਂ ਹੋਰ ਵਧਾਉਣਗੇ।ਉਨ੍ਹਾਂ ਮੰਗ ਕੀਤੀ ਕਿ ਖੇਤੀਬਾੜੀ ਸੈਕਟਰ ਨੂੰ ਇਸ ਫੈਸਲੇ ਤੋਂ ਤੁਰੰਤ ਬਾਹਰ ਰੱਖਿਆ ਜਾਵੇ ਤਾਂ ਜੋ ਕਿਸਾਨਾਂ ਨੂੰ ਕਿਸੇ ਤਰ੍ਹਾਂ ਦੀ ਪ੍ਰੇਸ਼ਾਨੀ ਦਾ ਸਾਹਮਣਾ ਨਾ ਕਰਨਾ ਪਵੇ।ਉਨ੍ਹਾਂ ਚੇਤਾਵਨੀ ਦਿੱਤੀ ਕਿ ਜੇਕਰ ਸਰਕਾਰ ਨੇ ਇਹ ਫੈਸਲਾ ਵਾਪਸ ਨਾ ਲਿਆ ਤਾਂ ਕਿਸਾਨ ਜਥੇਬੰਦੀਆਂ ਸੰਘਰਸ਼ ਦਾ ਰਾਹ ਅਖਤਿਆਰ ਕਰਨ ਲਈ ਮਜਬੂਰ ਹੋਣਗੀਆਂ। ਬਲਬੀਰ ਸਿੰਘ ਰਾਜੇਵਾਲ ਨੇ ਵੀ ਇਸ ਫੈਸਲੇ ਨੂੰ ਖੇਤੀ ਤੇ ਕਿਸਾਨ ਵਿਰੋਧੀ ਕਰਾਰ ਦਿੰਦਿਆਂ ਸਰਕਾਰ ਤੋਂ ਤੁਰੰਤ ਮੁੜ ਵਿਚਾਰ ਕਰਨ ਦੀ ਮੰਗ ਕੀਤੀ ਹੈ।

ਵਾਰਡ ਦੇ ਵਿਕਾਸ ਲਈ ਤਨਦੇਹੀ ਨਾਲ ਜੁਟੇ ਕੌਂਸਲਰ ਰਜਨੀ ਚੋਪੜਾ ਤੇ ਸ਼ੰਟੀ ਚੋਪੜਾ

ਜਗਰਾਉਂ (ਅਮਿਤ ਖੰਨਾ)-ਜਗਰਾਓਂ ਦੇ ਵਾਰਡ ਨੰਬਰ 15 ਤੋਂ ਚੁਣੇ ਗਏ ਕੌਂਸਲਰ ਰਜਨੀ ਚੋਪੜਾ ਤੇ ਉਨ੍ਹਾਂ ਦੇ ਪਤੀ ਸ਼ੰਟੀ ਚੋਪੜਾ ਨੇ ਜਿੱਤ ਤੋਂ ਤੁਰੰਤ ਬਾਅਦ ਹੀ ਵਾਰਡ ਦੇ ਸਰਵਪੱਖੀ ਵਿਕਾਸ ਲਈ ਕੰਮ ਸ਼ੁਰੂ ਕਰ ਦਿੱਤਾ ਹੈ।ਵਾਰਡ ਵਿੱਚ ਸਫ਼ਾਈ, ਬਿਜਲੀ, ਸੀਵਰੇਜ ਤੇ ਪੀਣ ਵਾਲੇ ਪਾਣੀ ਵਰਗੀਆਂ ਬੁਨਿਆਦੀ ਸਹੂਲਤਾਂ ਨੂੰ ਸੁਧਾਰਨ ਲਈ ਲਗਾਤਾਰ ਯਤਨ ਕੀਤੇ ਜਾ ਰਹੇ ਹਨ।ਸ਼ੰਟੀ ਚੋਪੜਾ ਵਾਰਡ ਵਾਸੀਆਂ ਦੀਆਂ ਸਮੱਸਿਆਵਾਂ ਨੂੰ ਬਹੁਤ ਗੰਭੀਰਤਾ ਨਾਲ ਲੈਂਦੇ ਹੋਏ ਤੁਰੰਤ ਮੌਕੇ 'ਤੇ ਪਹੁੰਚਦੇ ਹਨ।ਚਾਹੇ ਮੋਟਰ ਖਰਾਬ ਹੋਣ ਦੀ ਸਮੱਸਿਆ ਹੋਵੇ, ਪਾਣੀ ਦੀ ਕਮੀ ਹੋਵੇ ਜਾਂ ਹੋਰ ਕੋਈ ਜਨਤਕ ਮੁੱਦਾ, ਉਹ ਉਸ ਦਾ ਹੱਲ ਕਰਵਾਉਣ ਲਈ ਪੂਰੀ ਤਨਦੇਹੀ ਨਾਲ ਕੰਮ ਕਰ ਰਹੇ ਹਨ।ਵਾਰਡ ਦੇ ਵਿਕਾਸ ਬਾਰੇ ਗੱਲਬਾਤ ਦੌਰਾਨ ਸ਼ੰਟੀ ਚੋਪੜਾ ਨੇ ਕਿਹਾ ਕਿ ਵਾਰਡ ਦੇ ਲਗਭਗ 2500 ਮੈਂਬਰ ਦੇ ਪਰਿਵਾਰਾਂ ਨੇ ਜੋ ਭਰੋਸਾ ਉਨ੍ਹਾਂ 'ਤੇ ਕੀਤਾ ਹੈ, ਉਹ ਉਸ 'ਤੇ ਪੂਰੀ ਤਰ੍ਹਾਂ ਖਰਾ ਉਤਰਨਗੇ।ਉਨ੍ਹਾਂ ਕਿਹਾ ਕਿ ਆਉਣ ਵਾਲੇ ਪੰਜ ਸਾਲ ਉਹ ਪੂਰੀ ਮਿਹਨਤ, ਇਮਾਨਦਾਰੀ ਤੇ ਲਗਨ ਨਾਲ ਵਾਰਡ ਦੀ ਸੇਵਾ ਲਈ ਸਮਰਪਤ ਰਹਿਣਗੇ।ਉਨ੍ਹਾਂ ਇਹ ਵੀ ਐਲਾਨ ਕੀਤਾ ਕਿ ਕੌਂਸਲਰ ਵਜੋਂ ਮਿਲਣ ਵਾਲਾ ਮਾਨ-ਭੱਤਾ ਜਾਂ ਤਨਖਾਹ ਦਾ ਇੱਕ ਵੀ ਪੈਸਾ ਨਿੱਜੀ ਵਰਤੋਂ ਲਈ ਨਹੀਂ ਲਿਆ ਜਾਵੇਗਾ, ਸਗੋਂ ਪੂਰੀ ਰਕਮ ਵਾਰਡ ਦੇ ਵਿਕਾਸ ਕਾਰਜਾਂ 'ਤੇ ਹੀ ਖਰਚ ਕੀਤੀ ਜਾਵੇਗੀ।ਉਨ੍ਹਾਂ ਕਿਹਾ ਕਿ ਅਸੀਂ ਇੱਥੇ ਤਨਖਾਹ ਲੈਣ ਨਹੀਂ, ਸਗੋਂ ਲੋਕਾਂ ਦੀ ਸੇਵਾ ਕਰਨ ਆਏ ਹਾਂ। ਵਾਰਡ ਨੰਬਰ 15 ਦੇ ਵੋਟਰਾਂ ਨੇ ਖੁਸ਼ੀ ਜ਼ਾਹਰ ਕਰਦਿਆਂ ਕਿਹਾ ਕਿ ਸ਼ੰਟੀ ਚੋਪੜਾ ਨੇ ਜਿੱਤ ਤੋਂ ਬਾਅਦ ਕੁਝ ਹੀ ਦਿਨਾਂ ਵਿੱਚ ਜਿਹੜੇ ਵਿਕਾਸ ਕਾਰਜ ਤੇ ਲੋਕ ਭਲਾਈ ਦੇ ਕੰਮ ਕਰਵਾ ਕੇ ਦਿਖਾਏ ਹਨ, ਉਹ ਪਿਛਲੇ ਕਈ ਸਾਲਾਂ ਦੌਰਾਨ ਵੀ ਨਹੀਂ ਹੋ ਸਕੇ ਸਨ।ਵਾਰਡ ਵਾਸੀਆਂ ਨੇ ਕਿਹਾ ਕਿ ਸ਼ੰਟੀ ਚੋਪੜਾ ਹਰ ਸਮੱਸਿਆ ਨੂੰ ਗੰਭੀਰਤਾ ਨਾਲ ਲੈਂਦੇ ਹਨ ਅਤੇ ਤੁਰੰਤ ਹੱਲ ਕਰਵਾਉਣ ਲਈ ਮੌਕੇ 'ਤੇ ਪਹੁੰਚਦੇ ਹਨ, ਜਿਸ ਕਾਰਨ ਲੋਕਾਂ ਵਿੱਚ ਖੁਸ਼ੀ ਤੇ ਸੰਤੁਸ਼ਟੀ ਦਾ ਮਾਹੌਲ ਹੈ।

ਪ੍ਰਧਾਨ ਮੰਤਰੀ ਮੋਦੀ ਦੀ ਅਗਵਾਈ 'ਚ ਭਾਰਤ ਨੇ ਵਿਸ਼ਵ ਪੱਧਰ 'ਤੇ ਨਵੀਂ ਪਛਾਣ ਬਣਾਈ : ਹਰਦੀਪ ਪੁਰੀ

ਲੁਧਿਆਣਾ (ਰੈਕਟਰ ਕਥੂਰੀਆ)

ਕੇਂਦਰੀ ਪੈਟਰੋਲੀਅਮ ਤੇ ਕੁਦਰਤੀ ਗੈਸ ਮੰਤਰੀ ਸ਼੍ਰੀ ਹਰਦੀਪ ਸਿੰਘ ਪੁਰੀ ਨੇ ਲੁਧਿਆਣਾ ਵਿਖੇ ਪ੍ਰੈੱਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਦੱਸਿਆ ਕਿ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੀ ਅਗਵਾਈ ਵਿੱਚ ਕੇਂਦਰ ਸਰਕਾਰ ਦੇ ਪਿਛਲੇ 12 ਸਾਲਾਂ ਦਾ ਕਾਰਜਕਾਲ ਵਿਸ਼ਵਾਸ, ਵਿਕਾਸ ਤੇ ਲੋਕ ਭਲਾਈ ਨੂੰ ਸਮਰਪਤ ਰਿਹਾ ਹੈ।ਉਨ੍ਹਾਂ ਕਿਹਾ ਕਿ 140 ਕਰੋੜ ਦੇਸ਼ ਵਾਸੀਆਂ ਦੇ ਆਸ਼ੀਰਵਾਦ ਤੇ ਰਾਸ਼ਟਰ ਪਹਿਲਾਂ ਦੀ ਭਾਵਨਾ ਨਾਲ ਸਰਕਾਰ ਨੇ ਖ਼ਾਸ ਕਰ ਨੌਜਵਾਨਾਂ, ਔਰਤਾਂ ਤੇ ਕਿਸਾਨਾਂ ਨੂੰ ਸਸ਼ਕਤ ਬਣਾਉਣ ਲਈ ਅਣਥੱਕ ਕੰਮ ਕੀਤਾ ਹੈ, ਜਿਸ ਦੇ ਸਿੱਟੇ ਵਜੋਂ ਭਾਰਤ ਨੇ ਵਿਸ਼ਵ ਪੱਧਰ 'ਤੇ ਇੱਕ ਵੱਖਰੀ ਪਛਾਣ ਬਣਾਈ ਹੈ।

ਸ੍ਰੀ ਪੁਰੀ ਨੇ ਅੰਕੜੇ ਪੇਸ਼ ਕਰਦੇ ਹੋਏ ਦੱਸਿਆ ਕਿ 2014 ਤੋਂ ਲੈ ਕੇ ਹੁਣ ਤੱਕ ਲਗਭਗ 24 ਕਰੋੜ ਤੋਂ ਵੱਧ ਲੋਕਾਂ ਨੂੰ ਗਰੀਬੀ 'ਚੋਂ ਬਾਹਰ ਲਿਆਂਦਾ ਗਿਆ ਹੈ।ਸਰਕਾਰ ਦੀਆਂ ਲੋਕ ਭਲਾਈ ਯੋਜਨਾਵਾਂ ਦਾ ਜ਼ਿਕਰ ਕਰਦਿਆਂ ਉਨ੍ਹਾਂ ਕਿਹਾ ਕਿ ਸਵੱਛ ਭਾਰਤ ਮੁਹਿੰਮ ਤਹਿਤ 11 ਕਰੋੜ ਤੋਂ ਵੱਧ ਪਖਾਨੇ ਬਣਾਏ ਗਏ, ਜਿਨ੍ਹਾਂ ਨਾਲ ਮੁੱਖ ਤੌਰ 'ਤੇ ਸਾਡੀਆਂ ਬੇਟੀਆਂ ਨੂੰ ਲਾਭ ਹੋਇਆ ਹੈ।ਇਸੇ ਤਰ੍ਹਾਂ ਪ੍ਰਧਾਨ ਮੰਤਰੀ ਆਵਾਸ ਯੋਜਨਾ ਅਧੀਨ 4 ਕਰੋੜ ਤੋਂ ਵੱਧ ਪੱਕੇ ਘਰ ਬਣਾਏ ਗਏ ਤੇ ਇਨ੍ਹਾਂ ਘਰਾਂ ਦੇ ਮਾਲਕਾਨਾ ਹੱਕ ਸਾਡੀਆਂ ਭੈਣਾਂ ਤੇ ਬੇਟੀਆਂ ਦੇ ਨਾਮ 'ਤੇ ਦਿੱਤੇ ਗਏ ਹਨ।

ਊਰਜਾ ਖੇਤਰ ਬਾਰੇ ਚਰਚਾ ਕਰਦਿਆਂ ਕੇਂਦਰੀ ਮੰਤਰੀ ਨੇ ਦੱਸਿਆ ਕਿ 2014 ਵਿੱਚ ਐੱਲਪੀਜੀ ਸਿਲੰਡਰਾਂ ਦੀ ਗਿਣਤੀ 14 ਕਰੋੜ ਦੇ ਕਰੀਬ ਸੀ, ਜੋ ਹੁਣ ਵਧ ਕੇ ਕਰੀਬ 33 ਕਰੋੜ 50 ਲੱਖ ਹੋ ਗਈ ਹੈ।ਪ੍ਰਧਾਨ ਮੰਤਰੀ ਉੱਜਵਲਾ ਯੋਜਨਾ ਦੇ ਕਰੀਬ 10 ਕਰੋੜ 50 ਲੱਖ ਲਾਭਪਾਤਰੀਆਂ ਨੂੰ ਰਾਹਤ ਦਿੰਦੇ ਹੋਏ, ਸਰਕਾਰ ਗਲੋਬਲ ਚੁਣੌਤੀਆਂ ਦੇ ਬਾਵਜੂਦ ਸਬਸਿਡੀ ਜਾਰੀ ਰੱਖ ਰਹੀ ਹੈ।ਸ੍ਰੀ ਪੁਰੀ ਨੇ ਦੱਸਿਆ ਕਿ ਰੂਸ-ਯੂਕਰੇਨ ਯੁੱਧ ਤੇ ਹੋਰ ਅੰਤਰਰਾਸ਼ਟਰੀ ਸੰਕਟਾਂ ਕਾਰਨ ਦੁਨੀਆ ਭਰ ਵਿੱਚ ਤੇਲ ਦੀਆਂ ਕੀਮਤਾਂ ਵਿੱਚ ਲਗਭਗ 35% ਤੋਂ 70% ਤੱਕ ਦਾ ਵਾਧਾ ਹੋਇਆ, ਪਰ ਭਾਰਤ ਵਿੱਚ ਪ੍ਰਧਾਨ ਮੰਤਰੀ ਦੇ ਯਤਨਾਂ ਸਦਕਾ ਮਈ, 2022 ਤੇ ਮਈ 2026 ਦੇ ਵਿਚਕਾਰ ਤੇਲ ਦੀਆਂ ਕੀਮਤਾਂ 3.1% ਘੱਟ ਹੋਈਆਂ ਹਨ।ਉਨ੍ਹਾਂ ਦੱਸਿਆ ਕਿ ਕੇਂਦਰ ਸਰਕਾਰ ਨੇ ਐਕਸਾਈਜ਼ ਡਿਊਟੀ ਵਿੱਚ ਤਿੰਨ ਵਾਰ ਕਟੌਤੀ ਕੀਤੀ, ਜਿਸ ਨਾਲ ਸਰਕਾਰੀ ਖ਼ਜ਼ਾਨੇ 'ਤੇ ਕਰੀਬ 1 ਲੱਖ ਕਰੋੜ ਰੁਪਏ ਦਾ ਭਾਰ ਪਿਆ, ਪਰ ਆਮ ਨਾਗਰਿਕਾਂ 'ਤੇ ਭਾਰ ਨਹੀਂ ਪੈਣ ਦਿੱਤਾ ਗਿਆ।ਸ੍ਰੀ ਪੁਰੀ ਨੇ ਵਿਸ਼ਵਾਸ ਪ੍ਰਗਟਾਇਆ ਕਿ ਵਿਕਸਿਤ ਭਾਰਤ ਦੇ ਸੰਕਲਪ ਨੂੰ ਸਾਕਾਰ ਕਰਨ ਲਈ ਸਰਕਾਰ ਸੇਵਾ, ਸੁਸ਼ਾਸਨ ਤੇ ਖ਼ੁਸ਼ਹਾਲੀ ਦੇ ਰਾਹ 'ਤੇ ਲਗਾਤਾਰ ਅੱਗੇ ਵਧਦੀ ਰਹੇਗੀ।

ਕਮਿਊਨਿਟੀ ਹੈੱਲਥ ਅਫ਼ਸਰਾਂ ਦੀਆਂ ਮੰਗਾਂ ਪ੍ਰਤੀ ਸਰਕਾਰ ਤੇ ਸਿਹਤ ਵਿਭਾਗ ਦਾ ਅੜੀਅਲ ਰਵੱਈਆ ਨਿੰਦਣਯੋਗ : ਨਰਿੰਦਰ ਸਿੰਘ



ਮਮਦੋਟ/ਫਿਰੋਜ਼ਪੁਰ (ਜਸਬੀਰ ਸਿੰਘ ਕੰਬੋਜ/ਅਸ਼ੋਕ ਸ਼ਰਮਾ)-ਪੰਜਾਬ ਦੇ ਕਮਿਊਨਿਟੀ ਹੈਲਥ ਅਫ਼ਸਰਾਂ ਦੀਆਂ ਲੰਬੇ ਸਮੇਂ ਤੋਂ ਲਟਕਦੀਆਂ ਆ ਰਹੀਆਂ ਜਾਇਜ਼ ਮੰਗਾਂ ਦੇ ਹੱਲ ਲਈ ਸਰਕਾਰ ਤੇ ਸਿਹਤ ਵਿਭਾਗ ਨਾਲ ਕਈ ਵਾਰ ਮੀਟਿੰਗਾਂ ਕੀਤੀਆਂ ਗਈਆਂ, ਮੰਗ ਪੱਤਰ ਦਿੱਤੇ ਗਏ ਤੇ ਵੱਖ-ਵੱਖ ਪੱਧਰਾਂ 'ਤੇ ਆਪਣੀਆਂ ਸਮੱਸਿਆਵਾਂ ਤੋਂ ਜਾਣੂ ਕਰਵਾਇਆ ਗਿਆ, ਪ੍ਰੰਤੂ ਲੰਮਾ ਸਮਾਂ ਬੀਤ ਜਾਣ ਦੇ ਬਾਵਜੂਦ ਅੱਜ ਤੱਕ ਕਿਸੇ ਵੀ ਮੰਗ ਦਾ ਕੋਈ ਹੱਲ ਨਹੀਂ ਕੀਤਾ ਗਿਆ, ਜਿਸ ਕਾਰਨ ਸਮੂਹ ਕਮਿਊਨਿਟੀ ਹੈਲਥ ਅਫ਼ਸਰਾਂ ਵਿੱਚ ਭਾਰੀ ਰੋਸ ਪਾਇਆ ਜਾ ਰਿਹਾ ਹੈ।ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਸੀ ਐੱਚ ਓ ਐਸੋਸੀਏਸ਼ਨ ਪੰਜਾਬ ਦੇ ਸੂਬਾ ਆਗੂ ਕਮਿਊਨਿਟੀ ਹੈਲਥ ਅਫਸਰ ਨਰਿੰਦਰ ਸਿੰਘ ਤੇ ਜ਼ਿਲ੍ਹਾ ਆਗੂ ਡਾਕਟਰ ਪ੍ਰੇਮ ਨੇ ਕੀਤਾ।ਉਨ੍ਹਾਂ ਕਿਹਾ ਕਿ ਪੰਜਾਬ ਦੇ ਕਮਿਊਨਿਟੀ ਹੈਲਥ ਅਫ਼ਸਰ ਸਿਹਤ ਸੇਵਾਵਾਂ ਨੂੰ ਲੋਕਾਂ ਤੱਕ ਪਹੁੰਚਾਉਣ, ਟੀ.ਬੀ., ਐੱਨ.ਸੀ.ਡੀ., ਮਾਤਾ-ਬਾਲ ਸਿਹਤ ਤੇ ਹੋਰ ਰਾਸ਼ਟਰੀ ਸਿਹਤ ਪ੍ਰੋਗਰਾਮਾਂ ਨੂੰ ਸਫ਼ਲ ਬਣਾਉਣ ਲਈ ਦਿਨ-ਰਾਤ ਮਿਹਨਤ ਕਰ ਰਹੇ ਹਨ, ਪ੍ਰੰਤੂ ਉਨ੍ਹਾਂ ਦੀਆਂ ਜਾਇਜ਼ ਮੰਗਾਂ ਵੱਲ ਸਰਕਾਰ ਤੇ ਵਿਭਾਗ ਵੱਲੋਂ ਕੋਈ ਧਿਆਨ ਨਹੀਂ ਦਿੱਤਾ ਜਾ ਰਿਹਾ।ਇਸ ਸਮੇਂ ਸੂਬਾ ਜਨਰਲ ਸਕੱਤਰ ਡਾ. ਪ੍ਰੀਤ ਮਖੀਜਾ ਨੇ ਕਿਹਾ ਕਿ ਵਾਰ-ਵਾਰ ਮੰਗ ਪੱਤਰ ਦੇਣ ਤੇ ਮੀਟਿੰਗਾਂ ਕਰਨ ਦੇ ਬਾਵਜੂਦ ਸਰਕਾਰ ਵੱਲੋਂ ਸਿਰਫ਼ ਭਰੋਸੇ ਹੀ ਦਿੱਤੇ ਗਏ ਹਨ, ਜਦਕਿ ਜ਼ਮੀਨੀ ਪੱਧਰ 'ਤੇ ਕੋਈ ਕਾਰਵਾਈ ਨਹੀਂ ਕੀਤੀ ਗਈ।ਇਸ ਕਾਰਨ ਪੰਜਾਬ ਭਰ ਦੇ ਕਮਿਊਨਿਟੀ ਹੈਲਥ ਅਫ਼ਸਰਾਂ ਨੂੰ ਸੰਘਰਸ਼ ਦਾ ਰਾਹ ਅਖਤਿਆਰ ਕਰਨ ਲਈ ਮਜਬੂਰ ਹੋਣਾ ਪਿਆ ਹੈ।ਉਨ੍ਹਾਂ ਦੱਸਿਆ ਕਿ 15 ਜੂਨ ਨੂੰ ਯੂਨੀਅਨ ਆਗੂਆਂ ਦੀ ਮਾਣਯੋਗ ਐੱਮ ਡੀ ਐੱਨ ਐੱਚ ਐੱਮ ਨਾਲ ਮੰਗਾਂ ਸਬੰਧੀ ਮੀਟਿੰਗ ਵੀ ਹੈ, ਜਿਸ ਤੋਂ ਉਨ੍ਹਾਂ ਨੂੰ ਬਹੁਤ ਉਮੀਦ ਹੈ, ਜੇਕਰ ਇਹ ਮੀਟਿੰਗ ਵੀ ਬੇਸਿੱਟਾ ਨਿੱਕਲਦੀ ਹੈ ਤਾਂ ਉਨ੍ਹਾਂ ਕੋਲ ਸੰਘਰਸ਼ ਤੋਂ ਇਲਾਵਾ ਕੋਈ ਰਾਹ ਨਹੀਂ ਬਚੇਗਾ।ਉਨ੍ਹਾਂ ਐਲਾਨ ਕੀਤਾ ਕਿ 16 ਜੂਨ 2026 ਤੋਂ ਸਮੂਹ ਕਮਿਊਨਿਟੀ ਹੈਲਥ ਅਫ਼ਸਰ ਪੂਰਨ ਰੂਪ ਵਿੱਚ ਕੰਮ ਬੰਦ ਕਰਕੇ ਬਲਾਕ ਪੱਧਰ 'ਤੇ ਰੋਸ ਪ੍ਰਦਰਸ਼ਨ ਕਰਨਗੇ।ਇਸ ਤੋਂ ਬਾਅਦ 22 ਜੂਨ 2026 ਨੂੰ ਸਿਵਲ ਸਰਜਨ ਦਫ਼ਤਰਾਂ ਅੱਗੇ ਧਰਨੇ ਦਿੱਤੇ ਜਾਣਗੇ ਤੇ ਸਰਕਾਰ ਦੇ ਨਾਮ ਮੰਗ ਪੱਤਰ ਸੌਂਪੇ ਜਾਣਗੇ।ਇਸ ਮੌਕੇ ਡਾ. ਗੁਰਵਿੰਦਰ ਸਿੰਘ, ਰਾਜਵਿੰਦਰ ਕੌਰ, ਗੌਰਵ, ਕਿਰਨਜੀਤ ਕੌਰ, ਨਵਜੀਤ ਸਿੰਘ, ਡਾ. ਸਤਨਾਮ ਸਿੰਘ, ਅਮਰੀਕ ਸਿੰਘ, ਮਨੀਸ਼ਾ ਤੇ ਬਲਦੇਵ ਸਿੰਘ ਹਾਜ਼ਰ ਸਨ।

ਸਕੂਲ ਫੈਡਰੇਸ਼ਨ ਵੱਲੋਂ ਸਰਕਾਰ ਨੂੰ ਫੀਸ ਸੋਧ ਪ੍ਰਸਤਾਵ 'ਤੇ ਮੁੜ ਵਿਚਾਰ ਕਰਨ ਦੀ ਅਪੀਲ

ਫੀਸ ਐਕਟ ਦੀ ਸਮੀਖਿਆ ਕਮੇਟੀ 'ਚ ਫੈਪ ਦੇ ਪ੍ਰਤੀਨਿਧ ਸ਼ਾਮਲ ਕਰਨ ਦੀ ਮੰਗ

ਧੂਰੀ (ਮੋਹਿਤ ਗਰਗ, ਮਨੋਹਰ ਸੱਗੂ, ਬਿੰਨੀ ਗਰਗ)-ਪੰਜਾਬ ਦੇ ਪ੍ਰਾਈਵੇਟ ਸਕੂਲਾਂ ਦੀ ਪ੍ਰਮੁੱਖ ਸੰਸਥਾ ਫੈਡਰੇਸ਼ਨ ਆਫ ਪ੍ਰਾਈਵੇਟ ਸਕੂਲਜ਼ ਐਂਡ ਐਸੋਸੀਏਸ਼ਨਜ਼ ਆਫ ਪੰਜਾਬ (ਫੈਪ) ਨੇ ਪੰਜਾਬ ਸਰਕਾਰ ਨੂੰ ਪ੍ਰਸਤਾਵਤ ਫੀਸ ਸੋਧ ਬਿੱਲ 'ਤੇ ਮੁੜ ਵਿਚਾਰ ਕਰਨ ਦੀ ਅਪੀਲ ਕੀਤੀ ਹੈ।ਫੈਡਰੇਸ਼ਨ ਨੇ ਨਾਲ ਹੀ ਫੀਸ ਰੈਗੂਲੇਟਰੀ ਐਕਟ ਦੀ ਸਮੀਖਿਆ ਲਈ ਬਣਾਈ ਗਈ ਕਮੇਟੀ ਵਿੱਚ ਆਪਣੇ ਪ੍ਰਤੀਨਿਧਾਂ ਨੂੰ ਸ਼ਾਮਲ ਕਰਨ ਦੀ ਮੰਗ ਵੀ ਕੀਤੀ ਹੈ।

ਫੈਪ ਦੇ ਪ੍ਰਧਾਨ ਡਾ. ਜਗਜੀਤ ਸਿੰਘ ਧੂਰੀ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਹਾਲ ਹੀ ਵਿੱਚ ਮਾਨਯੋਗ ਮੁੱਖ ਮੰਤਰੀ ਪੰਜਾਬ ਵੱਲੋਂ ਐਲਾਨ ਕੀਤਾ ਗਿਆ ਸੀ ਕਿ ਪੰਜਾਬ ਸਰਕਾਰ ਸੈਲਫ-ਫਾਇਨਾਂਸਡ ਪ੍ਰਾਈਵੇਟ ਸਕੂਲਾਂ ਦੀਆਂ ਫੀਸਾਂ ਵਿੱਚ ਸਾਲਾਨਾ ਵਾਧੇ ਦੀ ਹੱਦ 8 ਫੀਸਦੀ ਤੋਂ ਘਟਾ ਕੇ 5 ਫੀਸਦੀ ਕਰਨ ਲਈ ਪੰਜਾਬ ਰੈਗੂਲੇਸ਼ਨ ਆਫ ਫੀਸ ਐਕਟ ਵਿੱਚ ਸੋਧ ਕਰਨ ਬਾਰੇ ਵਿਚਾਰ ਕਰ ਰਹੀ ਹੈ।ਇਸ ਸਬੰਧੀ ਅਗਲਾ ਕਦਮ ਚੁੱਕਦਿਆਂ ਸਰਕਾਰ ਨੇ ਐਕਟ ਦੀ ਸਮੀਖਿਆ ਲਈ ਇੱਕ ਕਮੇਟੀ ਦਾ ਗਠਨ ਵੀ ਕਰ ਦਿੱਤਾ ਹੈ।ਡਾ. ਧੂਰੀ ਨੇ ਕਿਹਾ ਕਿ ਫੈਪ ਵੱਲੋਂ ਮੁੱਖ ਮੰਤਰੀ ਤੇ ਸਿੱਖਿਆ ਮੰਤਰੀ ਪੰਜਾਬ ਨੂੰ ਭੇਜੇ ਗਏ ਪੱਤਰ ਰਾਹੀਂ ਬੇਨਤੀ ਕੀਤੀ ਗਈ ਹੈ ਕਿ ਕਮੇਟੀ ਵਿੱਚ ਫੈਡਰੇਸ਼ਨ ਦੇ ਘੱਟੋ-ਘੱਟ ਦੋ ਪ੍ਰਤੀਨਿਧ ਸ਼ਾਮਲ ਕੀਤੇ ਜਾਣ, ਤਾਂ ਜੋ ਜਿਨ੍ਹਾਂ ਸਕੂਲਾਂ ਨੂੰ ਇਹ ਸੋਧ ਸਿੱਧੇ ਤੌਰ 'ਤੇ ਪ੍ਰਭਾਵਿਤ ਕਰੇਗੀ, ਉਨ੍ਹਾਂ ਦਾ ਪੱਖ ਵੀ ਨੀਤੀ ਨਿਰਧਾਰਨ ਦੌਰਾਨ ਸਾਹਮਣੇ ਆ ਸਕੇ।ਉਨ੍ਹਾਂ ਕਿਹਾ ਕਿ ਪੰਜਾਬ ਦੇ ਲਗਭਗ 90 ਫੀਸਦੀ ਪ੍ਰਾਈਵੇਟ ਸਕੂਲ ਬਹੁਤ ਹੀ ਕਿਫਾਇਤੀ ਫੀਸਾਂ 'ਤੇ ਵਿਦਿਆਰਥੀਆਂ ਨੂੰ ਮਿਆਰੀ ਸਿੱਖਿਆ ਪ੍ਰਦਾਨ ਕਰ ਰਹੇ ਹਨ, ਜਿਨ੍ਹਾਂ ਦੀ ਫੀਸ ਦੀ ਦਰ ਸਰਕਾਰ ਵੱਲੋਂ ਸਰਕਾਰੀ ਸਕੂਲ ਵਿੱਚ ਪੜ੍ਹਦੇ ਵਿਦਿਆਰਥੀ ਤੋਂ ਘੱਟ ਹੈ।ਅਜਿਹੇ ਸਕੂਲਾਂ ਲਈ ਫੀਸ ਵਾਧੇ ਦੀ ਮੌਜੂਦਾ 8 ਫੀਸਦੀ ਸੀਮਾ ਨੂੰ ਹੋਰ ਘਟਾਉਣਾ ਆਰਥਿਕ ਤੌਰ 'ਤੇ ਵੱਡੀ ਚੁਣੌਤੀ ਸਾਬਿਤ ਹੋ ਸਕਦਾ ਹੈ।ਡਾ. ਧੂਰੀ ਨੇ ਕਿਹਾ ਕਿ ਪਿਛਲੇ ਕੁਝ ਸਾਲਾਂ ਦੌਰਾਨ ਸਕੂਲਾਂ ਉੱਪਰ ਵਿੱਤੀ ਬੋਝ ਵਿੱਚ ਲਗਾਤਾਰ ਵਾਧਾ ਹੋਇਆ ਹੈ। ਸਕੂਲਾਂ ਨੂੰ ਵਪਾਰਕ ਬਿਜਲੀ ਦਰਾਂ, ਸਕੂਲ ਬੱਸਾਂ ਤੇ ਸਪੈਸ਼ਲ ਰੋਡ ਟੈਕਸ, ਪ੍ਰਾਪਰਟੀ ਟੈਕਸ, ਬਿਲਡਿੰਗ ਸੇਫਟੀ ਤੇ ਫਾਇਰ ਸੇਫਟੀ ਸਰਟੀਫਿਕੇਟਾਂ ਸਮੇਤ ਕਈ ਤਰ੍ਹਾਂ ਦੀਆਂ ਸਰਕਾਰੀ ਫੀਸਾਂ ਤੇ ਖਰਚਿਆਂ ਦਾ ਸਾਹਮਣਾ ਕਰਨਾ ਪੈਂਦਾ ਹੈ।

ਸਫਾ 1 ਦੇ ਬਾਕੀ...

ਸੇਵਾ-ਮੁਕਤ ਮੁਲਾਜ਼ਮਾਂ ਦਾ ...

ਹੈ।ਲੰਘੀ ਮਈ ਦੀ 5 ਤਰੀਕ ਨੂੰ ਬੈਂਕ ਅਧਿਕਾਰੀਆਂ ਨੇ ਹਲਫੀਆ ਬਿਆਨ ਰਾਹੀਂ ਪਹਿਲੀ ਜੂਨ 2026 ਨੂੰ ਸਮੂਹ ਸੇਵਾ-ਮੁਕਤ ਕਰਮਚਾਰੀਆਂ ਨੂੰ ਪੈਨਸ਼ਨ ਅਦਾ ਕਰਨ ਦੀ ਵਚਨਬੱਧਤਾ ਪ੍ਰਗਟਾਈ ਸੀ।ਸਨਿੱਚਰਵਾਰ ਇਸ ਵਚਨਬੱਧਤਾ ਦੇ 13 ਦਿਨ ਬੀਤ ਗਏ ਹਨ, ਪਰ ਇਸ ਵਾਅਦੇ 'ਤੇ ਅਮਲ ਨਹੀਂ ਹੋ ਸਕਿਆ।ਇਸੇ ਦੌਰਾਨ ਪਤਾ ਲੱਗਾ ਹੈ ਕਿ ਸੇਵਾ-ਮੁਕਤ ਕਰਮਚਾਰੀਆਂ ਵੱਲੋਂ ਅਦਾਲਤ ਵਿੱਚ ਮਾਨਹਾਨੀ ਸੰਬੰਧੀ ਕੀਤੇ ਕੇਸ ਵਿੱਚ ਬੈਂਕ ਅਧਿਕਾਰੀਆਂ ਵੱਲੋਂ ਇੱਕ ਹੋਰ ਵਕੀਲ ਨੂੰ ਮੋਟੀ ਰਕਮ ਦੇ ਕੇ ਪੇਸ਼ ਕੀਤਾ ਜਾ ਰਿਹਾ ਹੈ। ਬੈਂਕ ਦੇ ਸੇਵਾ-ਮੁਕਤ ਕਰਮਚਾਰੀਆਂ ਦੀ ਜਥੇਬੰਦੀ ਦੇ ਆਗੂਆਂ ਵੱਲੋਂ ਦੱਸਿਆ ਗਿਆ ਕਿ ਪੰਜਾਬ ਦੇ ਕਿਸਾਨਾਂ ਨੂੰ ਰਾਹਤ ਦੇਣ ਲਈ ਦਿੱਤਾ ਜਾਂਦਾ ਕਰਜ਼ਾ ਪਿਛਲੇ ਛੇ ਸਾਲ ਤੋਂ ਬੰਦ ਕੀਤਾ ਹੋਇਆ ਹੈ।ਆਗੂਆਂ ਦਾ ਕਹਿਣਾ ਹੈ ਕਿ ਬੈਂਕ ਦੇ ਅਧਿਕਾਰੀਆਂ ਵੱਲੋਂ ਅਦਾਲਤ ਦਾ ਫੈਸਲਾ ਲਾਗੂ ਕਰਨ ਦੀ ਥਾਂ ਖਾਹਮਖਾਹ ਵਕੀਲਾਂ ਦੀਆਂ ਤਿਜੌਰੀਆਂ ਭਰੀਆਂ ਜਾ ਰਹੀਆਂ ਹਨ। ਇਸ ਸਾਰੇ ਮਾਮਲੇ ਦੀ ਜਾਣਕਾਰੀ ਪ੍ਰਾਪਤ ਕਰਕੇ ਸ੍ਰੀ ਬਰਾੜ ਨੇ ਪੰਜਾਬ ਸਰਕਾਰ ਕੋਲੋਂ ਮੰਗ ਕੀਤੀ ਕਿ ਇਸ ਮਾਮਲੇ ਨੂੰ ਜਲਦੀ ਤੋਂ ਜਲਦੀ ਨਿਪਟਾਇਆ ਜਾਵੇ। ਉਹਨਾ ਕਿਹਾ ਕਿ ਖੇਤੀਬਾੜੀ ਵਿਕਾਸ ਬੈਂਕ ਦੇ ਉੱਚ ਅਧਿਕਾਰੀਆਂ ਵੱਲੋਂ ਬੈਂਕ ਦੇ ਸੇਵਾ-ਮੁਕਤ ਕਰਮਚਾਰੀਆਂ ਦੇ ਹੱਕਾਂ ਨੂੰ ਹੜੱਪਣਾ ਤੇ ਕਿਸਾਨਾਂ ਨੂੰ ਰਾਹਤ ਦੇਣੀ ਬੰਦ ਕਰਨੀ ਬਰਦਾਸ਼ਤਯੋਗ ਨਹੀਂ।

70 ਫੀਸਦੀ ਨਸ਼ੀਲੇ ...

ਜ਼ਿਕਰ ਕੀਤਾ, ਜਿਸ ਵਿੱਚ ਕਿਹਾ ਗਿਆ ਸੀ ਕਿ ਗੁਜਰਾਤ ਅੰਦਰ 2,200 ਕਿਲੋ ਨਸ਼ਾ ਚੂਹੇ ਖਾ ਗਏ ਸਨ। ਕਾਨੂੰਨ ਵਿਵਸਥਾ ਦੇ ਮੁੱਦੇ 'ਤੇ ਭਾਜਪਾ ਨੂੰ ਆੜੇ ਹੱਥੀਂ ਲੈਂਦਿਆਂ ਕੇਜਰੀਵਾਲ ਨੇ ਕਿਹਾ ਕਿ ਸੂਬੇ ਦੇ ਲਗਪਗ ਸਾਰੇ ਗੈਂਗਸਟਰ, ਪਿਛਲੀਆਂ ਪਾਰਟੀਆਂ ਦੇ ਆਗੂਆਂ ਦੇ ਗੁਰਗੇ, ਸਾਥੀ, ਕਰੀਬੀ ਜਾਂ ਰਿਸ਼ਤੇਦਾਰ ਹਨ। ਪਰ 'ਆਪ' ਗੈਂਗਸਟਰਾਂ ਦਾ ਸਫਾਇਆ ਕਰ ਰਹੀ ਹੈ। ਪਹਿਲੀ ਵਾਰ 'ਆਪ' ਨੇ ਸੱਤ ਦੇਸ਼ਾਂ ਤੋਂ 7 ਗੈਂਗਸਟਰਾਂ ਨੂੰ ਡਿਪੋਰਟ ਕਰਵਾਇਆ ਹੈ। ਸਿਰਫ਼ ਇੱਕ ਬਚਿਆ ਹੈ - ਲਾਰੈਂਸ ਬਿਸ਼ਨੋਈ। ਉਹ ਸਾਬਰਮਤੀ ਜੇਲ੍ਹ ਵਿੱਚ ਬੈਠਾ ਹੈ। ਉਹ ਈ ਡੀ ਪਾਰਟੀ ਦਾ 'ਦਾਮਾਦ' (ਜਵਾਈ) ਹੈ ਅਤੇ ਉਨ੍ਹਾਂ ਵੱਲੋਂ ਉਸ ਨੂੰ ਸੁਰੱਖਿਆ ਦਿੱਤੀ ਜਾ ਰਹੀ ਹੈ।

ਮਾਰਕਸਵਾਦੀ ਸਿਧਾਂਤ ...

ਸਿਧਾਂਤ ਅਨੁਸਾਰ ਸਮਾਜ ਦੀ ਸਿਰਜਣਾ ਲਈ ਸੰਘਰਸ਼ ਕਰ ਰਹੀ ਹੈ ਤੇ ਹਰੇਕ ਨੌਜਵਾਨ ਅਤੇ ਵਿਦਿਆਰਥੀ ਨੂੰ ਇਸ ਮੁਹਿੰਮ ਦਾ ਆਗੂ ਬਣ ਕੇ ਅੱਗੇ ਆਉਣਾ ਚਾਹੀਦਾ ਹੈ।

ਇਸ ਮੌਕੇ ਹੋਰਨਾਂ ਤੋਂ ਇਲਾਵਾ ਨਵਜੀਤ ਸੰਗਰੂਰ, ਕੁੜੀਆਂ ਦੀ ਸੂਬਾ ਕਨਵੀਨਰ ਰੇਸ਼ਮ ਕੌਰ ਮੁਕਤਸਰ, ਜਸਪ੍ਰੀਤ ਬੱਧਣੀ, ਸੋਨਾ ਸਿੰਘ ਧੁਨਕੀਆਂ, ਸੰਗਰਾਮ ਤਖਤਬੱਧ, ਜਸ਼ਨ ਸਿੰਘ, ਹਰਮਨ ਸਿੰਘ ਅਤੇ ਖੁਸ਼ਹਾਲ ਸਿੰਘ ਮੁਕਤਸਰ, ਬਲਵਿੰਦਰ ਘੁਬਾਇਆ ਦੀ ਅਗਵਾਈ ਵਿੱਚ ਨੌਜਵਾਨਾਂ ਤੇ ਵਿਦਿਆਰਥੀਆਂ ਨੇ ਸ਼ਮੂਲੀਅਤ ਕੀਤੀ ਅਤੇ ਸਰਬ ਭਾਰਤ ਨੌਜਵਾਨ ਸਭਾ ਮੋਗਾ ਦੇ ਜਿਲ੍ਹਾ ਸਕੱਤਰ ਜਗਵਿੰਦਰ ਕਾਕਾ, ਜ਼ਿਲ੍ਹਾ ਪ੍ਰਧਾਨ ਇੰਦਰਜੀਤ ਦੀਨਾ ਅਤੇ ਸੂਬਾ ਕਮੇਟੀ ਮੈਂਬਰ ਬੋਹੜ ਬੁੱਟਰ ਦੀ ਅਗਵਾਈ ਹੇਠ ਕੈਂਪ ਦਾ ਸਮੁੱਚਾ ਪ੍ਰਬੰਧ ਬਾਖੂਬੀ ਕੀਤਾ ਹੋਇਆ ਸੀ।

ਸੱਭਿਆਚਾਰਕ ਵਿੰਗ ...

ਤੇਜਿੰਦਰ ਵਿਰਲੀ, ਹਰਮੇਸ਼ ਮਾਲੜੀ, ਸੁਵਰਨ ਸਿੰਘ ਵਿਰਕ, ਅਮਰੀਕ ਸਿੰਘ, ਆਰਟਿਸਟ ਇੰਦਰਜੀਤ ਸਿੰਘ ਜਲੰਧਰ, ਮਾਸਟਰ ਮੁਨੀ ਲਾਲ, ਕਿਸ਼ੋਰ ਕੁਮਾਰ, ਬੂਟਾ ਸਿੰਘ ਮਹਿਮੂਦਪੁਰ, ਦੀਪ ਦਿਲਬਰ ਨੇ ਆਪਣੇ ਅਮੁੱਲੇ ਵਿਚਾਰ ਤੇ ਸੁਝਾਅ ਰੱਖੇ। ਵਿਚਾਰ-ਚਰਚਾ ਦਾ ਨਿਤਰਵਾਂ ਅਤੇ ਨਿਚੋੜਵਾਂ ਪੱਖ ਇਹ ਕੇਂਦਰਤ ਰੂਪ ਵਿੱਚ ਸਾਹਮਣੇ ਆਇਆ ਕਿ ਦੇਸ਼ ਭਗਤ ਯਾਦਗਾਰ ਹਾਲ ਅੰਦਰ ਇਤਿਹਾਸਕ, ਪੁਸਤਕ ਚਰਚਾਵਾਂ, ਵਿਚਾਰ-ਗੋਸ਼ਟੀਆਂ, ਗੀਤ-ਸੰਗੀਤ, ਫ਼ਿਲਮ ਅਤੇ ਰੰਗਮੰਚੀ ਸਰਗਰਮੀਆਂ ਲਈ ਪੱਕਾ ਸਰੋਤਾ/ਦਰਸ਼ਕ ਘੇਰਾ ਸਿਰਜਣ ਉਪਰ ਵਿਸ਼ੇਸ਼ ਧਿਆਨ ਦੇਣ ਦੀ ਲੋੜ ਹੈ। ਦੇਸ਼ ਭਗਤ ਯਾਦਗਾਰ ਕਮੇਟੀ ਦੇ ਪ੍ਰਧਾਨ ਕੁਲਵੰਤ ਸਿੰਘ ਸੰਧੂ ਨੇ ਖੁਸ਼ੀ ਦਾ ਇਜ਼ਹਾਰ ਕਰਦਿਆਂ ਕਿਹਾ ਕਿ ਸੱਭਿਆਚਾਰਕ ਵਿੰਗ ਦੀ ਮੀਟਿੰਗ ਨੂੰ ਜਿਵੇਂ ਭਰਵਾਂ ਹੁੰਗਾਰਾ ਮਿਲਿਆ ਅਤੇ ਕੀਮਤੀ ਸੁਝਾਅ ਸਾਹਮਣੇ ਆਏ, ਇਹ ਭਵਿੱਖ ਵਿੱਚ ਸਰਗਰਮੀਆਂ ਵਿੱਚ ਸਿਫ਼ਤੀ ਰੰਗ ਖਿੜਨ ਦੀ ਆਸ ਬੰਨ੍ਹਾਉਂਦੇ ਹਨ।

ਅਧਿਕਾਰੀਆਂ ਨੇ ਸੁਣੀਆਂ ਸ਼ਹਿਰ ਦੇ ਵਪਾਰੀਆਂ ਦੀਆਂ ਮੁਸ਼ਕਲਾਂ

ਮੱਖੂ (ਰਛਪਾਲ ਸਿੰਘ ਸੰਧੂ)-ਵਿਧਾਨ ਸਭਾ ਹਲਕਾ ਜ਼ੀਰਾ ਦੇ ਵਿਧਾਇਕ ਨਰੇਸ਼ ਕਟਾਰੀਆ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਮੱਖੂ ਸ਼ਹਿਰ ਦੇ ਵਪਾਰੀਆਂ ਨਾਲ ਇੱਕ ਮੀਟਿੰਗ ਕੀਤੀ ਗਈ, ਜਿਸ ਵੱਡੀ ਗਿਣਤੀ ਵਿੱਚ ਸ਼ਹਿਰ ਦੇ ਵਪਾਰੀਆਂ ਨੇ ਹਿੱਸਾ ਲਿਆ।ਇਸ ਮੀਟਿੰਗ ਵਿੱਚ ਉਚੇਚੇ ਤੌਰ 'ਤੇ ਬਲਵੰਤ ਸਿੰਘ ਢਿੱਲੋਂ ਪ੍ਰਧਾਨ ਜ਼ਿਲ੍ਹਾ ਵਪਾਰ ਸੈੱਲ, ਐੱਸ.ਡੀ.ਐੱਮ. ਜ਼ੀਰਾ ਲਸ਼ਮਣ ਸਿੰਘ, ਬਲਾਕ ਵਿਕਾਸ ਤੇ ਪੰਚਾਇਤ ਅਫਸਰ ਵਿਜੇ ਵਿਕਰਾਂਤ, ਈ. ਓ. ਮੱਖੂ ਨਰਿੰਦਰ ਕੁਮਾਰ, ਜਤਿੰਦਰ ਸਿੰਘ ਇੰਸਪੈਕਟਰ ਪਨਗ੍ਰੇਨ, ਨਿਰਮਲਜੀਤ ਸਿੰਘ ਸੇਲ ਟੈਕਸ ਵਿਭਾਗ ਤੇ ਐਕਸਾਈਜ਼ ਵਿਭਾਗ, ਪੁਲਸ ਵਿਭਾਗ ਦੇ ਅਧਿਕਾਰੀਆਂ ਤੋਂ ਇਲਾਵਾ ਨਗਰ ਪੰਚਾਇਤ ਮੱਖੂ ਦੇ ਪ੍ਰਧਾਨ ਨਰਿੰਦਰ ਮੋਹਨ ਕਟਾਰੀਆ, ਨਗਰ ਪੰਚਾਇਤ ਮੱਖੂ ਦੇ ਸਾਬਕਾ ਪ੍ਰਧਾਨ ਵਰਿੰਦਰ ਠੁਕਰਾਲ, ਆੜ੍ਹਤੀਆ ਐਸੋਸੀਏਸ਼ਨ ਮੱਖੂ ਦੇ ਪ੍ਰਧਾਨ ਰਿਸ਼ੂ ਖੁਰਾਣਾ, ਪ੍ਰਦੀਪ ਕੱਕੜ, ਮਨਮੋਹਨ ਗਰੋਵਰ, ਸੋਨੂੰ ਚੱਕੀ ਵਾਲਾ, ਬਲਵਿੰਦਰ ਠੁਕਰਾਲ, ਕਰਿਆਨਾ ਯੂਨੀਅਨ ਮੱਖੂ ਦੇ ਪ੍ਰਧਾਨ ਹੀਰਾ ਖੁਰਾਣਾ, ਜਨਰਲ ਸਕੱਤਰ ਕੀਮਤੀ ਲਾਲ ਨਰੂਲਾ, ਵਿਕਾਸ ਮਾਨਕਟਾਲਾ, ਰਿੱਕੀ ਖੁਰਾਣਾ ਆਦਿ ਨੇ ਮੀਟਿੰਗ ਵਿੱਚ ਹਿੱਸਾ ਲਿਆ।ਇਸ ਮੌਕੇ ਸ਼ਹਿਰ ਵਾਸੀਆਂ ਨੇ ਆਪਣੀਆਂ ਮੁਸ਼ਕਲਾਂ ਦੱਸਦਿਆਂ ਕਿਹਾ ਕਿ 75 ਸਾਲ ਹੋ ਗਏ ਸਾਡੇ ਦੇਸ਼ ਨੂੰ ਆਜ਼ਾਦ ਹੋਏ, ਪਰ ਕਸਬਾ ਮੱਖੂ ਨੂੰ ਬੱਸ ਅੱਡਾ ਨਸੀਬ ਨਹੀਂ ਹੋਇਆ, ਮੱਖੂ ਸ਼ਹਿਰ ਨੂੰ ਬੱਸ ਅੱਡੇ ਦੀ ਬਹੁਤ ਜ਼ਰੂਰਤ ਹੈ।ਰੋਜ਼ਾਨਾ ਸੈਂਕੜੇ ਲੋਕ ਕਸਬਾ ਮੱਖੂ ਵਿੱਚ ਆਉਂਦੇ ਜਾਂਦੇ ਹਨ, ਪਰ ਬੱਸ ਅੱਡਾ ਨਾ ਹੋਣ ਕਾਰਨ ਸਵਾਰੀਆਂ ਨੂੰ ਖੱਜਲ ਖੁਆਰੀ ਦਾ ਸਾਹਮਣਾ ਕਰਨਾ ਪੈਂਦਾ ਹੈ।ਕਸਬੇ ਵਿੱਚ ਲੜਕੀਆਂ ਲਈ ਕੋਈ ਕਾਲਜ ਨਹੀਂ ਹੈ, ਜਿਸ ਕਰਕੇ ਬਹੁਤ ਸਾਰੀਆਂ ਲੜਕੀਆਂ ਉੱਚ ਸਿੱਖਿਆ ਤੋਂ ਵਾਂਝੀਆਂ ਰਹਿ ਜਾਂਦੀਆਂ ਹਨ।ਸ਼ਹਿਰ ਵਾਸੀਆਂ ਦੀ ਸੁਰੱਖਿਆ ਨੂੰ ਲੈ ਕੇ ਭਾਰੀ ਪ੍ਰੇਸ਼ਾਨੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ।ਸ਼ਹਿਰ ਵਿੱਚ ਸਰਕਾਰੀ ਹਸਪਤਾਲ ਹੈ, ਪਰ ਉਸ ਵਿੱਚ ਡਾਕਟਰੀ ਸਟਾਫ ਦੀ ਘਾਟ ਹੋਣ ਕਾਰਨ ਇਲਾਕੇ ਦੇ ਲੋਕਾਂ ਨੂੰ ਇਲਾਜ ਕਰਵਾਉਣ ਲਈ ਪ੍ਰਾਈਵੇਟ ਹਸਪਤਾਲ ਵਿੱਚ ਮਹਿੰਗੇ ਰੇਟਾਂ ਵਿੱਚ ਇਲਾਜ ਕਰਵਾਉਣਾ ਪੈਂਦਾ ਹੈ।ਇਸ ਮੌਕੇ ਐੱਸ ਡੀ ਐੱਮ ਜ਼ੀਰਾ ਨੇ ਸ਼ਹਿਰ ਵਾਸੀਆਂ ਨੂੰ ਵਿਸ਼ਵਾਸ ਦਿਵਾਇਆ ਕਿ ਸ਼ਹਿਰ ਵਾਸੀਆਂ ਦੀਆਂ ਮੰਗਾਂ ਪੰਜਾਬ ਸਰਕਾਰ ਤੱਕ ਪਹੁੰਚਾਈਆਂ ਜਾਣਗੀਆਂ ਤੇ ਜਲਦੀ ਹੀ ਹੱਲ ਕਰਵਾਇਆ ਜਾਵੇਗਾ।

ਨਵਾਂ ਜ਼ਮਾਨਾ
ਪੋਸਟ ਬਾਕਸ ਨੰ. 134

Printed and Published by Printer, Publisher and Editor : Chand Singh @ Chand Fatehpuri for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar.
ਪ੍ਰਕਾਸ਼ਕ, ਛਾਪਕ ਤੇ ਸੰਪਾਦਕ : ਚੰਦ ਸਿੰਘ ਉਰਫ ਚੰਦ ਫਤਿਹਪੁਰੀ ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਤ ਕੀਤਾ। * ਪੀ ਆਰ ਬੀ ਐਕਟ ਤਹਿਤ ਖ਼ਬਰਾਂ ਦੀ ਚੋਣ ਲਈ ਜ਼ਿੰਮੇਵਾਰ।
ਫੋਨ ਨੰਬਰ ਪ੍ਰਬੰਧਕੀ ਵਿਭਾਗ : 0181-5097300, ਸਮਾਚਾਰ ਵਿਭਾਗ : 0181-5097310, ਈ-ਮੇਲ : nawanzamana@gmail.com * Web : www.nawanzamana.in

ਸ਼ਹੀਦ ਭਗਤ ਸਿੰਘ ਨੌਜਵਾਨ ਸਭਾ ਨੇ ਰੋਸ ਵਜੋਂ ਸਰਕਾਰ ਦਾ ਪੁਤਲਾ ਫੂਕਿਆ

ਕੱਚੇ ਮੁਲਾਜ਼ਮਾਂ 'ਤੇ ਲਾਠੀਚਾਰਜ ਦੀ ਕੀਤੀ ਸਖ਼ਤ ਨਿਖੇਧੀ; ਨੀਟ ਦਾ ਪੇਪਰ ਲੀਕ ਹੋਣ ਨੂੰ ਦੱਸਿਆ ਕੇਂਦਰ ਦੀ ਘੋਰ ਅਣਗਹਿਲੀ

ਖਡੂਰ ਸਾਹਿਬ (ਸਰਬਜੋਤ ਸਿੰਘ ਸੰਧਾ)- ਸ਼ਹੀਦ ਭਗਤ ਸਿੰਘ ਨੌਜਵਾਨ ਸਭਾ ਵੱਲੋਂ ਨੀਟ ਦੇ ਪੇਪਰ ਲੀਕ ਅਤੇ ਪਟਿਆਲਾ ਵਿਖੇ ਕੱਚੇ ਮੁਲਾਜ਼ਮਾਂ 'ਤੇ ਕੀਤੇ ਲਾਠੀਚਾਰਜ ਦੇ ਵਿਰੁੱਧ ਕੇਂਦਰ ਦੀ ਬੀਜੇਪੀ ਸਰਕਾਰ ਅਤੇ ਪੰਜਾਬ ਸਰਕਾਰ ਦਾ ਪੁਤਲਾ ਫੂਕ ਮੁਜ਼ਾਹਰਾ ਕੀਤਾ।ਇਸ ਦੀ ਅਗਵਾਈ ਸਭਾ ਦੇ ਤਹਿਸੀਲ ਪ੍ਰਧਾਨ ਬੌਬੀ ਗੋਇੰਦਵਾਲ ਅਤੇ ਖੁਸ਼ਦੀਪ ਸਿੰਘ ਤੁੜ ਨੇ ਕੀਤੀ।ਇਸ ਮੌਕੇ ਸ਼ਹੀਦ ਭਗਤ ਸਿੰਘ ਨੌਜਵਾਨ ਸਭਾ ਦੇ ਸੂਬਾ ਮੀਤ ਪ੍ਰਧਾਨ ਸੁਲੱਖਣ ਸਿੰਘ ਤੁੜ, ਜ਼ਿਲ੍ਹਾ ਪ੍ਰਧਾਨ ਕੈਪਟਨ ਸਿੰਘ ਕਾਹਲਵਾਂ ਨੇ ਸੰਬੋਧਨ ਕਰਦਿਆਂ ਕਿਹਾ ਕਿ ਕੇਂਦਰ ਸਰਕਾਰ ਨੇ ਨੀਟ ਦਾ ਪੇਪਰ ਲੀਕ ਕਰਕੇ ਦੇਸ਼ ਦੀ ਜਵਾਨੀ ਦੇ ਭਵਿੱਖ ਨਾਲ ਖਿਲਵਾੜ ਕੀਤਾ ਹੈ ਜਿਸ ਕਾਰਨ ਕਈ ਵਿਦਿਆਰਥੀਆਂ ਨੇ ਆਤਮ ਹੱਤਿਆ ਵੀ ਕੀਤੀ ਹੈ।ਇਸ ਨਾਲ ਭਾਜਪਾ ਸਰਕਾਰ ਦੀ ਸਿੱਖਿਆ ਅਤੇ ਪ੍ਰੀਖਿਆ ਪ੍ਰਣਾਲੀ ਨੂੰ ਕਮਜ਼ੋਰ ਕਰਨ ਦੀ ਸਾਜ਼ਿਸ਼ ਸਾਹਮਣੇ ਆ ਜਾਂਦੀ ਹੈ। ਕੁਝ ਕੁ ਗਿਣਤੀ ਦੇ ਕਾਰਪੋਰੇਟ ਘਰਾਣਿਆਂ ਨੂੰ ਮੁਨਾਫ਼ੇ ਪਹੁੰਚਾਉਣ ਦੀ ਨੀਤੀ ਕਾਰਨ ਅੱਜ ਦੇਸ਼ ਦੀ ਸਿੱਖਿਆ ਪ੍ਰਣਾਲੀ ਦਾ ਘਾਣ ਕੀਤਾ ਜਾ ਰਿਹਾ ਹੈ ਜਿਸ ਨਾਲ ਦੇਸ਼ ਦੇ ਕਰੋੜਾਂ ਨੌਜਵਾਨ, ਵਿਦਿਆਰਥੀਆਂ ਦੀਆਂ ਆਸਾਂ ਨਾਲ ਜੁੜੀ ਇਸ ਪ੍ਰੀਖਿਆ ਵਿੱਚ ਗੰਭੀਰ ਗੜਬੜੀਆਂ ਲਈ ਯੂਨੀਅਨ ਸਿੱਖਿਆ ਮੰਤਰੀ ਧਰਮੇਂਦਰ ਪ੍ਰਧਾਨ ਦੀ ਨਾਕਾਮੀ ਸਪੱਸ਼ਟ ਨਜ਼ਰ ਆ ਰਹੀ ਹੈ।ਕਾਹਲਵਾਂ ਨੇ ਅੱਗੇ ਕਿਹਾ ਕਿ ਇਹ ਵੀ ਗੰਭੀਰ ਸਵਾਲ ਹੈ ਕਿ ਪਿਛਲੇ ਵਿਵਾਦਾਂ ਨਾਲ ਜੁੜੀਆ ਕੰਪਨੀਆਂ ਨੂੰ ਪ੍ਰੀਖਿਆ ਪ੍ਰਬੰਧ ਦੇ ਠੇਕੇ ਦਿੱਤੇ ਗਏ ਹਨ।ਸਭਾ ਦੇ ਆਗੂਆਂ ਨੇ ਚਿਤਾਵਨੀ ਦਿੰਦਿਆਂ ਕਿਹਾ ਕਿ ਯੂਨੀਅਨ ਸਿੱਖਿਆ ਮੰਤਰੀ ਧਰਮੇਂਦਰ ਪ੍ਰਧਾਨ ਤੁਰੰਤ ਅਸਤੀਫਾ ਦੇਵੇ ਨਹੀਂ ਤਾਂ ਆਉਣ ਵਾਲੇ ਸਮੇਂ ਵਿੱਚ ਹੋਰ ਤਿੱਖਾ ਸੰਘਰਸ਼ ਕੀਤਾ ਜਾਵੇਗਾ। ਪਟਿਆਲਾ ਵਿਚ ਬਿਜਲੀ ਵਿਭਾਗ ਦੇ ਕੱਚੇ ਮੁਲਾਜ਼ਮਾਂ ਉਪਰ ਕੀਤੇ ਲਾਠੀਚਾਰਜ ਦੀ ਸਖ਼ਤ ਸ਼ਬਦਾਂ ਵਿੱਚ ਨਿਖੇਧੀ ਕੀਤੀ ਅਤੇ ਪੰਜਾਬ ਸਰਕਾਰ ਅਤੇ ਕੇਂਦਰ ਸਰਕਾਰ ਖ਼ਿਲਾਫ਼ ਨਾਅਰੇਬਾਜ਼ੀ ਕੀਤੀ ਅਤੇ ਪੰਜਾਬ ਸਰਕਾਰ ਤੋਂ ਮੰਗ ਕੀਤੀ ਕਿ ਸਾਰੇ ਅਦਾਰਿਆਂ ਦੇ ਕੱਚੇ ਕਰਮਚਾਰੀਆਂ ਨੂੰ ਪੱਕੇ ਕੀਤਾ ਜਾਵੇ ਅਤੇ ਖਾਲੀ ਪਈਆਂ ਸਰਕਾਰੀ ਆਸਾਮੀਆਂ ਨੂੰ ਤੁਰੰਤ ਭਰਿਆ ਜਾਵੇ ਅਤੇ ਪੁਲਸ ਸਿਆਸੀ ਗਠਜੋੜ ਨੂੰ ਨੱਥ ਪਾਈ ਜਾਵੇ ਅਤੇ ਕਾਮਿਆਂ ਉਪਰ ਕੀਤੇ ਪਰਚੇ ਬਿਨਾਂ ਸ਼ਰਤ ਰੱਦ ਕੀਤੇ ਜਾਣ ਅਤੇ ਇਸ ਸਬੰਧੀ ਦੋਸ਼ੀ ਪੁਲਸ ਮੁਲਾਜ਼ਮਾਂ ਉਪਰ ਸਖ਼ਤ ਕਾਰਵਾਈ ਕੀਤੀ ਜਾਵੇ।ਇਸ ਮੌਕੇ ਸੋਨੂੰ ਫਤਿਹਾਬਾਦ ਪ੍ਰੈੱਸ ਸਕੱਤਰ, ਸੁਖਵੰਤ ਸਿੰਘ ਛਾਪੜੀ ਸਾਹਿਬ ਬਲਵਿੰਦਰ ਸਿੰਘ ਗੋਇੰਦਵਾਲ, ਇੰਦਰਜੀਤ ਸਿੰਘ ਸਾਜਨ ਪ੍ਰੀਤ ਸਿੰਘ ਕੋਟ ਮੁਹੰਮਦ ਖਾਂ, ਸਾਹਿਬ ਸਿੰਘ ਚੱਕ ਮਹਿਰ, ਬਗੀਚਾ ਸਿੰਘ ਸਾਹਿਬ ਸਿੰਘ ਚੰਡੀਗੜ੍ਹ, ਅਰਵਿੰਦਰ ਸਿੰਘ ਲੁਹਾਰ, ਰਿੰਕੂ, ਜਸ਼ਨਦੀਪ ਸਿੰਘ, ਨਾਨਕ ਸਿੰਘ, ਲਵਪ੍ਰੀਤ ਸਿੰਘ, ਅਨਮੋਲ ਸਿੰਘ ਲੁਹਾਰ, ਪੱਪੂ ਛਾਪੜੀ ਸਾਹਿਬ, ਦਰਸ਼ਨ ਸਿੰਘ ਛਾਪੜੀ ਸਾਹਿਬ, ਲਾਡੀ ਫਤਿਹਾਬਾਦ, ਗੋਲੂ ਫਤਿਹਾਬਾਦ, ਵਰਿਆਮ ਸਿੰਘ ਤੁੜ, ਗੁਰਪ੍ਰੀਤ ਸਿੰਘ ਤੁੜ ਅਤੇ ਪ੍ਰਭਦੀਪ ਸਿੰਘ ਆਦਿ ਵੀ ਹਾਜ਼ਰ ਸਨ।

ਸਿਵਲ ਸਰਜਨ ਗੁਰਦਾਸਪੁਰ ਵੱਲੋਂ ਦੋ ਨਵੇਂ ਬਣੇ ਆਮ ਆਦਮੀ ਕਲੀਨਿਕਾਂ ਦਾ ਦੌਰਾ

ਗੁਰਦਾਸਪੁਰ, (ਜਨਕ ਮਹਾਜਨ)- ਪੰਜਾਬ ਵਾਸੀਆਂ ਨੂੰ ਬਿਹਤਰ ਸਿਹਤ ਸੇਵਾਵਾਂ ਦੇਣ ਦੇ ਉਦੇਸ਼ ਤਹਿਤ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਸਿਵਲ ਸਰਜਨ ਗੁਰਦਾਸਪੁਰ ਡਾਕਟਰ ਮਹੇਸ਼ ਕੁਮਾਰ ਪ੍ਰਭਾਕਰ ਵੱਲੋਂ ਸਬ-

ਡਵੀਜ਼ਨਲ ਹਸਪਤਾਲ ਬਟਾਲਾ ਦੇ ਨਵੇਂ ਬਣੇ ਆਮ ਆਦਮੀ ਕਲੀਨਿਕ ਪੁਤਲੀ ਘਰ ਬਟਾਲਾ ਅਤੇ ਸੁੱਖਾ ਸਿੰਘ ਮਹਿਤਾਬ ਸਿੰਘ ਚੌਕ ਵਿੱਚ ਬਣੇ ਆਮ ਆਦਮੀ ਕਲੀਨਿਕ ਦਾ ਦੌਰਾ ਕੀਤਾ ਗਿਆ। ਇਸ ਦੌਰਾਨ ਉਨ੍ਹਾਂ ਬਟਾਲਾ ਹਸਪਤਾਲ ਦੇ ਵੱਖ-ਵੱਖ ਵਿੰਗਾਂ ਦੀ ਚੈਕਿੰਗ ਕੀਤੀ ਗਈ। ਸਮੂਹ ਸਟਾਫ ਨੂੰ ਬਿਹਤਰ ਢੰਗ ਨਾਲ ਕੰਮ ਕਰਨ ਲਈ ਪ੍ਰੇਰਿਤ ਕੀਤਾ। ਮਰੀਜ਼ਾਂ ਨੂੰ ਦਿੱਤੀਆਂ ਜਾ ਰਹੀਆਂ ਸਿਹਤ ਸਹੂਲਤਾਂ ਦੀ ਸਮੀਖਿਆ ਕੀਤੀ, ਆਉਂਦੇ ਸਮੇਂ ਵਿਚ ਡੇਂਗੂ ਅਤੇ ਮਲੇਰੀਆ ਦੀ ਰੋਕਥਾਮ ਲਈ ਕੀਤੇ ਜਾਣ ਵਾਲੇ ਪ੍ਰਬੰਧਾਂ ਤਹਿਤ ਜ਼ਰੂਰੀ ਦਿਸ਼ਾ ਨਿਰਦੇਸ਼ ਜਾਰੀ ਕੀਤੇ। ਡਾ. ਪ੍ਰਭਾਕਰ ਨੇ ਦੱਸਿਆ ਕਿ ਬਟਾਲਾ ਵਿਚ 2 ਨਵੇਂ ਆਮ ਆਦਮੀ ਕਲੀਨਿਕ ਪੁਤਲੀ ਘਰ ਅਤੇ ਸੁੱਖਾ ਸਿੰਘ ਮਹਿਤਾਬ ਸਿੰਘ ਚੌਕ ਬਣਾਏ ਗਏ ਹਨ ਜੋ ਜਲਦ ਜਨਤਾ ਨੂੰ ਸਮਰਪਤ ਹੋਣਗੇ। ਹਸਪਤਾਲ ਦੇ ਦੌਰੇ ਦੌਰਾਨ ਸਿਵਲ ਸਰਜਨ ਨੇ ਹਦਾਇਤ ਕੀਤੀ ਕਿ ਗਰਮੀ ਦੇ ਮੱਦੇਨਜ਼ਰ ਹੀਟ ਵੇਵ ਵਾਰਡ ਬਣਾਇਆ ਜਾਵੇ। ਸੰਸਥਾ ਵਿਚ ਸਾਫ ਪੀਣ ਵਾਲੇ ਪਾਣੀ ਅਤੇ ਛਾਂ ਦਾ ਪ੍ਰਬੰਧ ਕੀਤਾ ਜਾਵੇ। ਸੀ. ਐੱਚ. ਸੀ. ਸਿੰਘੋਵਾਲ ਵਿਖੇ ਮੁੱਖ ਮੰਤਰੀ ਸਿਹਤ ਯੋਜਨਾ ਅਧੀਨ ਬਣ ਰਹੇ ਸਿਹਤ ਬੀਮਾ ਕਾਰਡ ਦੀ ਸਮੀਖਿਆ ਕਰਦੇ ਹੋਏ ਉਨ੍ਹਾਂ ਕਿਹਾ ਕਿ ਹਰੇਕ ਯੋਗ ਲਾਭਪਾਤਰੀ ਦਾ ਸਿਹਤ ਬੀਮਾ ਕਾਰਡ ਬਣਾਇਆ ਜਾਵੇ ਅਤੇ ਇਲਾਜ ਦਾ ਯੋਗ ਪ੍ਰਬੰਧ ਕੀਤਾ ਜਾਵੇ। ਇਸ ਮੌਕੇ ਉਨ੍ਹਾਂ ਨਾਲ ਐੱਸਐੱਮਓ ਡਾਕਟਰ ਮਨਿੰਦਰਜੀਤ ਸਿੰਘ ਵੀ ਹਾਜ਼ਰ ਸਨ।

ਮੀਂਹ ਤੇ ਤੇਜ਼ ਝੱਖੜ ਨੇ ਪੋਲਟਰੀ ਫਾਰਮ ਨੂੰ ਕੀਤਾ ਤੀਲਾ-ਤੀਲਾ

ਫਤਿਹਗੜ੍ਹ ਚੂੜੀਆਂ, (ਜਸਦੇਵ ਸਿੰਘ ਮਾਨ)- ਬੀਤੀ ਰਾਤ ਆਏ ਤੂਫਾਨ ਅਤੇ ਤੇਜ਼ ਝੱਖੜ ਨਾਲ ਫਤਿਹਗੜ੍ਹ ਚੂੜੀਆਂ ਮਜੀਠਾ ਦੇ ਨਜ਼ਦੀਕ ਪਿੰਡ ਭੰਗਵਾਂ ਵਿਖੇ ਪਰਫੈਕਟ ਪੋਲਟਰੀ ਪ੍ਰੋਡਕਟ ਬੀ ਡਬਲਯੂ ਆਈ ਐੱਲ ਐੱਲ ਪੀ ਪੋਲਟਰੀ ਫਾਰਮ ਦੇ ਸ਼ੈੱਡ ਦਾ ਭਾਰੀ ਨੁਕਸਾਨ ਹੋਣ ਦੀ ਖਬਰ ਹੈ।ਇਸ ਸਬੰਧੀ ਜਤਿੰਦਰ ਸਿੰਘ ਪੁੱਤਰ ਗੁਰਮੀਤ ਸਿੰਘ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ

ਬੀਤੀ ਰਾਤ ਆਏ ਭਾਰੀ ਤੂਫਾਨ, ਬਾਰਸ਼ ਅਤੇ ਚਲੇ ਤੇਜ਼ ਝੱਖੜ ਕਾਰਨ ਉਸ ਦੇ ਪੋਲਟਰੀ ਫਾਰਮ ਦੀਆਂ ਟੀਨਾ ਉਡ ਗਈਆਂ ਅਤੇ ਕਮਰੇ ਵੀ ਢਹਿ ਢੇਰੀ ਹੋਏ ਹਨ ਜਿਸ ਨਾਲ ਉਸ ਦਾ ਲੱਖਾਂ ਰੁਪਿਆਂ ਦਾ ਨੁਕਸਾਨ ਹੋਇਆ ਹੈ।ਜਤਿੰਦਰ ਸਿੰਘ ਵੱਲੋਂ ਮੁਆਵਜ਼ੇ ਦੀ ਮੰਗ ਕੀਤੀ ਗਈ ਹੈ।

ਜੱਬੋਵਾਲ 'ਚ ਨੌਜਵਾਨ ਦਾ ਗੋਲੀਆਂ ਮਾਰ ਕੇ ਕਤਲ

ਤਰਸਿੱਕਾ, (ਤਰਸੇਮ ਸਿੰਘ ਸਾਧਪੁਰ)- ਥਾਣਾ ਤਰਸਿੱਕਾ ਅਧੀਨ ਪੈਂਦੇ ਪਿੰਡ ਤਲਵੰਡੀ ਮਾਲੋਵਾਲ ਦੇ ਮਾਸਟਰ ਜਗਦੀਪ ਸਿੰਘ ਦੇ ਕਤਲ ਨੂੰ ਅਜੇ ਕੁਝ ਹੀ ਦਿਨ ਹੋਏ ਸਨ ਕਿ ਅੱਜ ਫਿਰ

ਥਾਣਾ ਤਰਸਿੱਕਾ ਦੇ ਪਿੰਡ ਜੱਬੋਵਾਲ ਵਿੱਚ ਇਕ ਨੌਜਵਾਨ ਦਾ ਕਤਲ ਕਰ ਦਿੱਤਾ ਗਿਆ ਜਿਸ ਕਾਰਨ ਸਮੁੱਚੇ ਇਲਾਕੇ ਵਿੱਚ ਸਹਿਮ ਦੀ ਲਹਿਰ ਪਾਈ ਜਾ ਰਹੀ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਬੀਤੇ ਰਾਤ ਕਰੀਬ 10 ਵਜੇ ਹਲਕਾ ਜੰਡਿਆਲਾ ਗੁਰੂ ਅਤੇ ਪੁਲਸ ਸਟੇਸ਼ਨ ਤਰਸਿੱਕਾ ਦੇ ਅਧੀਨ ਪੈਂਦੇ ਪਿੰਡ ਜੱਬੋਵਾਲ ਵਿੱਚ ਮਨਜਿੰਦਰ ਸਿੰਘ ਉਰਫ ਮੰਨਾ ਜਿਸ ਦੀ ਉਮਰ, 32 ਸਾਲ ਜੋ ਕਿ ਵਿਆਹ ਹੋਇਆ ਸੀ ਤੇ ਇੱਕ ਪੰਜ ਮਹੀਨੇ ਦਾ ਬੱਚਾ ਸੀ ਤੇ ਰਾਤ ਸਮੇਂ ਆਪਣੀ ਦੁਕਾਨ ਬੰਦ ਕਰਕੇ 10 ਵਜੇ ਦੇ ਕਰੀਬ ਆਪਣੇ ਘਰੇ ਵਾਪਸ ਆ ਰਹੇ ਸੀ।ਕੁੱਝ ਅਣਪਛਾਤਿਆਂ ਵੱਲੋਂ ਬਹੁਤ ਹੀ ਨਜ਼ਦੀਕ ਤੋਂ ਸੱਤ-ਅੱਠ ਗੋਲੀਆਂ ਮਾਰੀਆਂ ਗਈਆਂ ਜਿਨ੍ਹਾਂ ਵਿੱਚੋਂ ਉਸ ਦੀ ਪਿੱਠ ਉੱਤੇ 3 ਤੋਂ ਚਾਰ ਗੋਲੀਆਂ ਲੱਗ ਗਈਆਂ। ਮਨਜਿੰਦਰ ਸਿੰਘ ਦੀ ਹਸਪਤਾਲ ਵਿੱਚ ਲੈ ਕੇ ਜਾਣ ਵਕਤ ਮੌਕੇ 'ਤੇ ਹੀ ਮੌਤ ਹੋ ਗਈ। ਇਸ ਸਮੇਂ ਪਿੰਡ ਵਿੱਚ ਪੂਰਾ ਸਹਿਮ ਦਾ ਮਾਹੌਲ ਬਣਿਆ ਹੋਇਆ ਤੇ ਪੁਲਸ ਵੱਲੋਂ ਪੂਰੇ ਇਲਾਕੇ ਦੇ ਕੈਮਰੇ ਖੰਗਾਲੇ ਜਾ ਰਹੇ ਹਨ ਤਾਂ ਕਿ ਪੁਲਸ ਵੱਲੋਂ ਪਰਿਵਾਰ ਨੂੰ ਬਣਦਾ ਇਨਸਾਫ਼ ਦਿੱਤਾ ਜਾਵੇਗਾ।

ਬੀਕੇਯੂ ਏਕਤਾ ਮਾਲਵਾ ਦੀ ਮੀਟਿੰਗ 'ਚ ਮਹਿਲਾ ਵਿੰਗ ਦੇ ਅਹੁਦੇਦਾਰ ਨਿਯੁਕਤ

ਸ੍ਰੀ ਮੁਕਤਸਰ ਸਾਹਿਬ, (ਸ਼ਮਿੰਦਰਪਾਲ/ਪੂਜਾ)- ਭਾਰਤੀ ਕਿਸਾਨ ਯੂਨੀਅਨ ਏਕਤਾ ਮਾਲਵਾ ਦੀ ਵਿਸ਼ੇਸ਼ ਮੀਟਿੰਗ ਸ੍ਰੀ ਗੁਰਦੁਆਰਾ ਸਾਹਿਬ ਦੇ ਦੀਵਾਨ ਹਾਲ ਵਿਖੇ ਪ੍ਰਧਾਨ ਜਗਜੀਤ ਸਿੰਘ ਕੋਟਸ਼ਮੀਰ ਦੀ ਅਗਵਾਈ ਹੇਠ ਹੋਈ। ਮੀਟਿੰਗ ਦੌਰਾਨ ਜਥੇਬੰਦੀ ਦੇ

ਮਹਿਲਾ ਵਿੰਗ ਦੇ ਨਵੇਂ ਅਹੁਦੇਦਾਰਾਂ ਦੀ ਨਿਯੁਕਤੀ ਕੀਤੀ ਗਈ ਅਤੇ ਬਲਾਕ ਸ੍ਰੀ ਮੁਕਤਸਰ ਸਾਹਿਬ ਦੀ ਚੋਣ ਸੰਪੰਨ ਹੋਈ।ਚੋਣ ਪ੍ਰਕਿਰਿਆ ਦੌਰਾਨ ਬੀਬੀ ਕਰਮਜੀਤ ਕੌਰ ਨੂੰ ਬਲਾਕ ਪ੍ਰਧਾਨ ਸ੍ਰੀ ਮੁਕਤਸਰ ਸਾਹਿਬ ਨਿਯੁਕਤ ਕੀਤਾ ਗਿਆ।ਇਸ ਤੋਂ ਇਲਾਵਾ ਇੰਦਰਜੀਤ ਕੌਰ ਨੂੰ ਮੀਤ ਪ੍ਰਧਾਨ, ਮਲਕੀਤ ਕੌਰ ਨੂੰ ਇਕਾਈ ਪ੍ਰਧਾਨ ਅਤੇ ਇੰਦਰਜੀਤ ਕੌਰ ਨੂੰ ਮਹਿਲਾ ਵਿੰਗ ਦੀ ਮੀਤ ਪ੍ਰਧਾਨ ਦੀ ਜ਼ਿੰਮੇਵਾਰੀ ਸੌਂਪੀ ਗਈ।ਮੀਟਿੰਗ ਦੌਰਾਨ ਦੇਸ਼ ਵਿੱਚ ਲਗਾਤਾਰ ਵੱਧ ਰਹੀਆਂ ਡੀਜ਼ਲ, ਪੈਟਰੋਲ ਅਤੇ ਹੋਰ ਪੈਟਰੋਲੀਅਮ ਪਦਾਰਥਾਂ ਦੀਆਂ ਕੀਮਤਾਂ 'ਤੇ ਚਿੰਤਾ ਪ੍ਰਗਟ ਕਰਦਿਆਂ ਕੇਂਦਰ ਸਰਕਾਰ ਤੋਂ ਇਨ੍ਹਾਂ ਵਿੱਚ ਤੁਰੰਤ ਕਟੌਤੀ ਕਰਨ ਦੀ ਮੰਗ ਕੀਤੀ ਗਈ।ਆਗੂਆਂ ਨੇ ਕਿਹਾ ਕਿ ਵਧਦੀਆਂ ਕੀਮਤਾਂ ਕਾਰਨ ਕਿਸਾਨਾਂ ਅਤੇ ਆਮ ਲੋਕਾਂ 'ਤੇ ਆਰਥਿਕ ਬੋਝ ਲਗਾਤਾਰ ਵੱਧ ਰਿਹਾ ਹੈ। ਇਸ ਮੌਕੇ 6 ਜੂਨ ਦੇ ਘੱਲੂਘਾਰੇ ਦੇ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕੀਤੀ ਗਈ ਅਤੇ ਉਨ੍ਹਾਂ ਦੀ ਕੁਰਬਾਨੀ ਨੂੰ ਯਾਦ ਕੀਤਾ ਗਿਆ।ਮੀਟਿੰਗ ਵਿੱਚ ਸੂਬਾ ਮੀਤ ਪ੍ਰਧਾਨ ਗੁਰਜੰਟ ਸਿੰਘ ਕਾਉਣੀ, ਗੁਰਜੰਟ ਸਿੰਘ ਦੋਦਾ, ਗੋਰਾ ਸਿੰਘ, ਨਿਹੰਗ ਸਿੰਘ ਜਥੇਬੰਦੀ ਕਲਗੀਧਰ ਪੰਥ ਮਜ਼ਬੀ ਸਿੰਘ ਖਾਲਸਾ ਦਲ, ਗੁਰਸੇਵਕ ਸਿੰਘ, ਜਥੇਦਾਰ ਬਾਬਾ ਗੁਰਦਾਸ ਸਿੰਘ ਕਾਉਣੀ, ਸੰਦੀਪ ਸਿੰਘ ਖਾਲਸਾ, ਜੀਤਾ ਸਿੰਘ ਦੋਦਾ, ਕੁਲਵੰਤ ਸਿੰਘ ਗੁਰੂਸਰ ਅਤੇ ਹੋਰ ਵੱਡੀ ਗਿਣਤੀ ਵਿੱਚ ਕਿਸਾਨ ਆਗੂ ਅਤੇ ਮੈਂਬਰ ਹਾਜ਼ਰ ਸਨ।

ਈਟੀਓ ਨੇ ਕਰੋੜਾਂ ਰੁਪਏ ਦੇ ਵਿਕਾਸ ਪ੍ਰਾਜੈਕਟਾਂ ਦੇ ਰੱਖੇ ਨੀਂਹ ਪੱਥਰ

ਜੰਡਿਆਲਾ ਗੁਰੂ (ਹਰਿੰਦਰ ਪਾਲ ਸਿੰਘ)- ਪੰਜਾਬ ਸਰਕਾਰ ਵੱਲੋਂ ਸੂਬੇ ਦੇ ਪਿੰਡਾਂ ਅਤੇ ਸ਼ਹਿਰਾਂ ਵਿੱਚ ਬੁਨਿਆਦੀ ਢਾਂਚੇ ਨੂੰ ਮਜ਼ਬੂਤ ਕਰਨ ਅਤੇ ਲੋਕਾਂ ਨੂੰ ਬਿਹਤਰ ਆਵਾਜਾਈ ਸਹੂਲਤਾਂ ਮੁਹੱਈਆ ਕਰਵਾਉਣ ਲਈ ਲਗਾਤਾਰ ਵਿਕਾਸ ਕਾਰਜ ਕਰਵਾਏ ਜਾ ਰਹੇ ਹਨ।ਇਸੇ ਕੜੀ ਤਹਿਤ ਵਿਧਾਨ ਸਭਾ ਹਲਕਾ ਜੰਡਿਆਲਾ ਗੁਰੂ ਦੇ ਵਾਸੀਆਂ ਲਈ ਇਕ

• ਪਾਣੀ ਦੀ ਨਿਕਾਸੀ ਲਈ ਬਣੇਗੀ ਸਾਈਡ ਡਰੇਨ; ਬਾਈਪਾਸ 'ਤੇ ਪੁਲ ਬਣਾਉਣ ਦੀ ਤਜਵੀਜ਼

ਹੋਰ ਖੁਸ਼ਖਬਰੀ ਤਹਿਤ ਇਕ ਸਾਈਡ ਡਰੇਨ ਦਾ ਨਿਰਮਾਣ ਕੀਤਾ ਜਾਵੇਗਾ ਜਿਸ ਨਾਲ ਕਾਫੀ ਲੰਬੇ ਸਮੇਂ ਤੋਂ ਜੰਡਿਆਲਾ ਗੁਰੂ ਸਰਾਂ ਤੇ ਲੰਬੇ ਸਮੇਂ ਤੋਂ ਚਲਦੀ ਆ ਰਹੀ ਪਾਣੀ ਦੀ ਨਿਕਾਸੀ ਦੀ ਮੁਸ਼ਕਲ ਦਾ ਹੱਲ ਹੋਵੇਗਾ।ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਲੋਕ ਨਿਰਮਾਣ ਮੰਤਰੀ ਹਰਭਜਨ ਸਿੰਘ ਈਟੀਓ ਨੇ ਜੰਡਿਆਲਾ ਗੁਰੂ ਵਿਖੇ ਸਾਈਡ ਡਰੇਨ ਦਾ ਨੀਂਹ ਪੱਥਰ ਰੱਖਦੇ ਸਮੇਂ ਕੀਤਾ।ਉਨ੍ਹਾਂ ਕਿਹਾ ਕਿ ਇਸ ਡਰੇਨ ਤੇ ਕਰੀਬ 9.31 ਕਰੋੜ ਰੁਪਏ ਦੀ ਲਾਗਤ ਆਵੇਗੀ ਅਤੇ 6 ਮਹੀਨੇ ਦੇ ਅੰਦਰ ਅੰਦਰ ਇਸ ਕੰਮ ਨੂੰ ਮੁਕੰਮਲ ਕਰਨ ਦਾ ਟੀਚਾ ਮਿਥਿਆ ਗਿਆ ਹੈ।ਉਨ੍ਹਾਂ ਦੱਸਿਆ ਕਿ ਇਸ ਕੰਮ ਲਈ ਟੈਂਡਰਾਂ ਦਾ ਕੰਮ ਮੁਕੰਮਲ ਹੋ ਚੁੱਕਾ ਅਤੇ ਜਲਦੀ ਹੀ ਇਸ ਕੰਮ ਦੀ ਸ਼ੁਰੂਆਤ ਕਰ ਦਿੱਤੀ ਜਾਵੇਗੀ।ਉਨ੍ਹਾਂ ਦੱਸਿਆ ਕਿ ਜੰਡਿਆਲਾ ਗੁਰੂ ਜੀਟੀਰੋਡ 'ਤੇ ਬਰਸਾਤਾਂ ਦੌਰਾਨ ਕਾਫੀ ਪਾਣੀ ਖੜ੍ਹਾ ਹੋ ਜਾਂਦਾ ਸੀ ਜਿਸ ਕਾਰਨ ਰਾਹਗੀਰ ਅਤੇ ਦੁਕਾਨਦਾਰਾਂ

ਨੂੰ ਇਸ ਸਮੱਸਿਆ ਤੋਂ ਛੁਟਕਾਰਾ ਮਿਲੇਗਾ।ਇਸ ਉਪਰੰਤ ਲੋਕ ਨਿਰਮਾਣ ਮੰਤਰੀ ਵੱਲੋਂ ਅੰਮ੍ਰਿਤਸਰ-ਦਿੱਲੀ ਨੈਸ਼ਨਲ ਹਾਈਵੇ ਤੋਂ ਜੰਡਿਆਲਾ-ਵੈਰੋਵਾਲ ਸੜਕ ਬਣਨ ਵਾਲੇ ਪੁਲ ਦਾ ਨੀਂਹ ਪੱਥਰ ਵੀ ਰੱਖਿਆ।ਉਨ੍ਹਾਂ ਦੱਸਿਆ ਕਿ ਪਿੰਡ ਗੁਣੋਵਾਲ ਵਿਖੇ 81.67 ਲੱਖ ਰੁਪਏ ਦੀ ਲਾਗਤ ਨਾਲ ਇਸ ਪੁਲ ਨੂੰ ਬਣਾਇਆ ਜਾਵੇਗਾ ਅਤੇ ਇਸ ਦੀ ਸਮੇਂ ਸੀਮਾ ਵੀ 6 ਮਹੀਨੇ ਨਿਸ਼ਚਤ ਕੀਤੀ ਜਾ ਚੁੱਕੀ ਹੈ ਅਤੇ ਸਬੰਧਤ ਠੇਕੇਦਾਰ ਨੂੰ ਇਸ ਦਾ ਕੰਮ ਵੀ ਅਲਾਟ ਹੋ ਚੁੱਕਾ ਹੈ।ਸ. ਈਟੀਓ ਨੇ ਦੱਸਿਆ ਕਿ ਇਸ ਪੁਲ ਦੀ ਉਸਾਰੀ ਨਾਲ ਆਮ ਲੋਕਾਂ ਨੂੰ ਕਾਫੀ ਰਾਹਤ ਮਿਲੇਗੀ।ਉਨ੍ਹਾਂ ਨੀਂਹ ਪੱਥਰ ਰੱਖਦਿਆਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਪਿੰਡਾਂ ਅਤੇ ਸ਼ਹਿਰਾਂ ਦੇ ਵਿਕਾਸ ਲਈ ਵਚਨਬੱਧ ਹੈ।ਉਨ੍ਹਾਂ ਕਿਹਾ ਕਿ ਸੂਬੇ ਦੇ ਹਰੇਕ ਖੇਤਰ ਵਿੱਚ ਲੋਕਾਂ ਦੀਆਂ ਲੋੜਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਵਿਕਾਸ ਪ੍ਰੋਜੈਕਟਾਂ ਨੂੰ ਪਹਿਲ ਦਿੱਤੀ ਜਾ ਰਹੀ ਹੈ ਤਾਂ ਜੋ ਲੋਕਾਂ ਨੂੰ ਆਧੁਨਿਕ ਅਤੇ ਸੁਵਿਧਾਜਨਕ ਬੁਨਿਆਦੀ ਢਾਂਚਾ ਮੁਹੱਈਆ ਕਰਵਾਇਆ ਜਾ ਸਕੇ।ਉਨ੍ਹਾਂ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਪ੍ਰੋਜੈਕਟ ਦੇ ਨਿਰਮਾਣ ਦੌਰਾਨ ਗੁਣਵੱਤਾ ਦੇ ਮਿਆਰਾਂ ਨਾਲ ਕੋਈ ਸਮਝੌਤਾ ਨਾ ਕੀਤਾ ਜਾਵੇ ਅਤੇ ਕੰਮ ਨੂੰ ਨਿਰਧਾਰਤ ਸਮੇਂ ਅੰਦਰ ਮੁਕੰਮਲ ਕਰਕੇ ਲੋਕਾਂ ਨੂੰ ਸਮਰਪਿਤ ਕੀਤਾ ਜਾਵੇ।ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਵਿਕਾਸ ਕਾਰਜਾਂ ਦੀ ਨਿਰੰਤਰ ਨਿਗਰਾਨੀ ਕੀਤੀ ਜਾ ਰਹੀ ਹੈ ਤਾਂ ਜੋ ਜਨਤਕ ਧਨ ਦੀ ਸਹੀ ਵਰਤੋਂ ਯਕੀਨੀ ਬਣਾਈ ਜਾ ਸਕੇ।ਇਸ ਮੌਕੇ ਵਿਭਾਗ ਦੇ ਅਧਿਕਾਰੀਆਂ ਨੇ ਜਾਣਕਾਰੀ ਦਿੱਤੀ ਕਿ 81.67 ਲੱਖ ਰੁਪਏ ਦੀ ਲਾਗਤ ਵਾਲਾ ਇਹ ਪ੍ਰੋਜੈਕਟ ਇਲਾਕੇ ਦੀਆਂ ਲੰਬੇ ਸਮੇਂ ਤੋਂ ਚੱਲੀਆਂ ਆ ਰਹੀਆਂ ਆਵਾਜਾਈ ਸੰਬੰਧੀ ਲੋੜਾਂ ਨੂੰ ਪੂਰਾ ਕਰੇਗਾ।

ਉਨ੍ਹਾਂ ਦੱਸਿਆ ਕਿ ਪੁਲ ਦੇ ਨਿਰਮਾਣ ਨਾਲ ਖਾਸ ਤੌਰ ਤੇ ਪਿੰਡ ਗੁਣੋਵਾਲ ਅਤੇ ਆਸ-ਪਾਸ ਦੇ ਇਲਾਕਿਆਂ ਦੇ ਲੋਕਾਂ ਨੂੰ ਸਿੱਧਾ ਲਾਭ ਮਿਲੇਗਾ।ਸਮਾਗਮ ਦੌਰਾਨ ਹਾਜ਼ਰ ਪਤਵੰਤਿਆਂ ਅਤੇ ਸਥਾਨਕ ਲੋਕਾਂ ਨੇ ਪੰਜਾਬ ਸਰਕਾਰ ਵੱਲੋਂ ਕੀਤੇ ਜਾ ਰਹੇ ਵਿਕਾਸ ਕਾਰਜਾਂ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਅਜਿਹੇ ਪ੍ਰੋਜੈਕਟ ਖੇਤਰ ਦੇ ਸਰਵਪੱਖੀ ਵਿਕਾਸ ਵਿੱਚ ਅਹਿਮ ਭੂਮਿਕਾ ਨਿਭਾਉਣਗੇ।ਇਸ ਮੌਕੇ ਸਰਦਾਰ ਅਮਰੀਕ ਸਿੰਘ ਸੋਢੀ, ਸੁਰਿੰਦਰ ਸੋਨੂ ਮਨਜਿੰਦਰ ਹੈਪੀ, ਕੌਂਸਲਰ ਨਰਿੰਦਰ ਸਿੰਘ ਨਿੰਦਾ, ਅਵਤਾਰ ਸਿੰਘ ਕਾਲਾ, ਰਾਜ ਕੁਮਾਰ ਮਲਹੋਤਰਾ, ਸਤਿੰਦਰ ਸਿੰਘ, ਅਮਨ ਵਿਰਕ, ਮਨਜਿੰਦਰ ਭੀੜੀ, ਚੇਅਰਮੈਨ ਗੁਰਵਿੰਦਰ ਸਿੰਘ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਇਲਾਕਾ ਨਿਵਾਸੀ ਹਾਜ਼ਰ ਸਨ।

ਵੇਰਕਾ ਨੇ 350 ਗ੍ਰਾਮ ਦਹੀ ਦਾ ਕੱਪ ਸਿਰਫ਼ 30 ਰੁਪਏ 'ਚ ਕੀਤਾ ਲਾਂਚ

ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ, ਕੰਵਲਜੀਤ ਸਿੰਘ)- ਮਿਲਕ ਪਲਾਂਟ ਵੇਰਕਾ ਇੱਕ ਸਹਿਕਾਰੀ ਅਦਾਰਾ ਹੈ, ਜੋ ਆਪਣੇ ਸਥਾਪਨਾ ਸਮੇਂ ਤੋਂ ਹੀ ਇਸ ਖੇਤਰ ਦੇ ਦੁੱਧ ਉਤਪਾਦਕਾਂ ਅਤੇ ਖਪਤਕਾਰਾਂ ਦੇ ਹਿੱਤਾਂ ਦੀ ਰਾਖੀ ਕਰਦਾ ਆ ਰਿਹਾ ਹੈ।ਇਹ ਅਦਾਰਾ ਅੰਮ੍ਰਿਤਸਰ ਅਤੇ ਤਰਨ ਤਾਰਨ ਜ਼ਿਲ੍ਹਿਆਂ ਦੀਆਂ ਦੁੱਧ ਉਤਪਾਦਕ ਸਹਿਕਾਰੀ ਸਭਾਵਾਂ ਅਤੇ ਡੇਅਰੀ ਫਾਰਮਾਂ ਤੋਂ ਉੱਚ ਗੁਣਵੱਤਾ ਵਾਲਾ ਦੁੱਧ ਇਕੱਠਾ ਕਰਕੇ ਉਸ ਦੀ ਆਧੁਨਿਕ ਤਕਨੀਕਾਂ ਨਾਲ ਪ੍ਰੋਸੈਸਿੰਗ ਕਰਦਾ ਹੈ ਅਤੇ ਉੱਚ ਮਿਆਰੀ ਦੁੱਧ ਅਤੇ ਦੁੱਧ ਪਦਾਰਥ ਤਿਆਰ ਕਰਕੇ ਖਪਤਕਾਰਾਂ ਤੱਕ ਪਹੁੰਚਾਉਂਦਾ ਹੈ।ਵੇਰਕਾ ਵੱਲੋਂ ਦੁੱਧ ਅਤੇ ਦੁੱਧ ਪਦਾਰਥਾਂ ਦੇ ਉਤਪਾਦਨ ਦੌਰਾਨ ਗੁਣਵੱਤਾ ਦੇ ਹਰ ਪੱਖ ਦਾ ਵਿਸ਼ੇਸ਼ ਧਿਆਨ ਰੱਖਿਆ ਜਾਂਦਾ ਹੈ ਤਾਂ ਜੋ ਖਪਤਕਾਰਾਂ ਨੂੰ ਸੁਰੱਖਿਅਤ, ਸਿਹਤਮੰਦ ਅਤੇ ਮਿਆਰੀ ਉਤਪਾਦ ਪ੍ਰਾਪਤ ਹੋ ਸਕਣ।ਇਸੇ ਮਕਸਦ ਨੂੰ ਅੱਗੇ ਵਧਾਉਂਦੇ ਹੋਏ ਅਤੇ ਉਪਭੋਗਤਾਵਾਂ ਦੀ ਮੰਗ ਦੇ ਨਾਲ-ਨਾਲ ਮੌਜੂਦਾ ਮਹਿੰਗਾਈ ਨੂੰ ਧਿਆਨ ਵਿੱਚ ਰੱਖਦਿਆਂ ਮਾਨਯੋਗ ਮੈਨੇਜਿੰਗ ਡਾਇਰੈਕਟਰ, ਮਿਲਕਫੈੱਡ ਪੰਜਾਬ, ਚੰਡੀਗੜ੍ਹ ਦੇ ਦਿਸ਼ਾ-ਨਿਰਦੇਸ਼ਾਂ ਅਤੇ ਮਾਨਯੋਗ ਬੋਰਡ ਆਫ਼ ਡਾਇਰੈਕਟਰਜ਼, ਮਿਲਕ ਯੂਨੀਅਨ ਅੰਮ੍ਰਿਤਸਰ ਦੇ ਸਹਿਯੋਗ ਨਾਲ ਵੇਰਕਾ ਅੰਮ੍ਰਿਤਸਰ ਡੇਅਰੀ ਵੱਲੋਂ 350 ਗ੍ਰਾਮ ਦਹੀ ਦਾ ਕੱਪ ਸਿਰਫ਼ 30 ਰੁਪਏ ਦੀ ਕਿਫਾਇਤੀ ਕੀਮਤ 'ਤੇ ਲਾਂਚ ਕੀਤਾ ਗਿਆ ਹੈ। ਵੇਰਕਾ ਨੇ ਦੁਹਰਾਇਆ ਕਿ ਉਪਭੋਗਤਾਵਾਂ ਨੂੰ ਸ਼ੁੱਧ, ਪੌਸ਼ਟਿਕ ਅਤੇ ਉਚ ਗੁਣਵੱਤਾ ਵਾਲੇ ਉਤਪਾਦ ਕਿਫਾਇਤੀ ਕੀਮਤਾਂ 'ਤੇ ਮੁਹੱਈਆ ਕਰਵਾਉਣਾ ਅਤੇ ਦੁੱਧ ਉਤਪਾਦਕਾਂ ਦੇ ਹਿੱਤਾਂ ਦੀ ਰਾਖੀ ਕਰਨਾ ਸੰਸਥਾ ਦੀ ਮੁੱਖ ਤਰਜੀਹ ਹੈ।

ਏਐੱਲਐੱਮ, ਸੈਕਟਰ ਸੁਪਰਵਾਈਜ਼ਰਾਂ ਤੇ ਟੈਕਨੀਕਲ ਸਟਾਫ਼ ਨੂੰ ਐੱਸਆਈਆਰ ਸੰਬੰਧੀ ਦਿੱਤੀ ਟ੍ਰੇਨਿੰਗ

ਤਰਨ ਤਾਰਨ, (ਪ੍ਰਿਤਪਾਲ ਸਿੰਘ) ਭਾਰਤ ਚੋਣ ਕਮਿਸ਼ਨ ਦੀਆਂ ਹਦਾਇਤਾਂ ਅਤੇ ਡਿਪਟੀ ਕਮਿਸ਼ਨਰ-ਕਮ-ਜ਼ਿਲ੍ਹਾ ਚੋਣ ਅਫਸਰ ਰਾਹੁਲ ਦੇ ਦਿਸ਼ਾ-ਨਿਰਦੇਸ਼ਾਂ ਤਹਿਤ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਜ਼ਿਲ੍ਹੇ ਦੇ ਸਮੂਹ ਵਿਧਾਨ ਸਭਾ ਹਲਕਿਆਂ ਦੇ ਏ. ਐੱਲ. ਐੱਮ. ਟੀਜ਼, ਸੈਕਟਰ ਸੁਪਰਵਾਈਜ਼ਰਾਂ ਅਤੇ ਟੈਕਨੀਕਲ ਸਟਾਫ਼ ਦੀ ਵੋਟਰ ਸੂਚੀਆਂ ਦੀ ਸਪੈਸ਼ਲ ਇੰਟੈਂਸਿਵ ਰਵੀਜ਼ਨ (ਐੱਸ. ਆਈ. ਆਰ.) ਸਬੰਧੀ ਟ੍ਰੇਨਿੰਗ ਕਰਵਾਈ ਗਈ।ਵਧੀਕ ਡਿਪਟੀ ਕਮਿਸ਼ਨਰ (ਪੇਂਡੂ ਵਿਕਾਸ) ਤਰਨ ਤਾਰਨ-ਕਮ-ਸਟੇਟ ਲੈਵਲ ਮਾਸਟਰ ਟ੍ਰੇਨਰ (ਐੱਸ. ਆਈ. ਆਰ.) ਸੁਰਿੰਦਰ ਸਿੰਘ ਦੀ ਨਿਗਰਾਨੀ ਹੇਠ ਕਰਵਾਈ ਗਈ ਇਸ ਟ੍ਰੇਨਿੰਗ ਵਿੱਚ 021-ਤਰਨ ਤਾਰਨ, 022-ਖੇਮਕਰਨ, 023-ਪੱਟੀ ਅਤੇ 024-ਖਡੂਰ ਸਾਹਿਬ ਦੇ ਸਮੂਹ ਏ. ਐੱਲ. ਐੱਮ. ਟੀਜ਼, ਸੈਕਟਰ ਸੁਪਰਵਾਈਜ਼ਰਾਂ ਅਤੇ ਟੈਕਨੀਕਲ ਸਟਾਫ਼ ਨੇ ਭਾਗ ਲਿਆ।ਇਸ ਦੌਰਾਨ ਜ਼ਿਲ੍ਹਾ ਪੱਧਰ ਦੇ ਮਾਸਟਰ ਟ੍ਰੇਨਰਾਂ ਵੱਲੋਂ 25 ਜੂਨ ਤੋਂ ਸ਼ੁਰੂ ਹੋ ਰਹੀ ਐੱਸ. ਆਈ. ਆਰ. ਸਬੰਧੀ ਵਿਸਥਾਰ ਨਾਲ ਟ੍ਰੇਨਿੰਗ ਕਰਵਾਈ ਗਈ।ਇਸ ਮੌਕੇ ਤਹਿਸੀਲਦਾਰ ਚੋਣਾਂ ਇੰਦਰਜੀਤ ਸਿੰਘ, ਚੋਣ ਕਾਨੂੰਗੋ ਦਿਲਬਾਗ ਸਿੰਘ, ਮਾਸਟਰ ਟ੍ਰੇਨਰ ਯਾਦਵਿੰਦਰ ਸਿੰਘ, ਗੁਰਪ੍ਰੀਤਪਾਲ ਸਿੰਘ, ਹਰਦਿਲਅਜ਼ੀਜ਼, ਰਣਜੀਤ ਸਿੰਘ, ਗੁਰਪ੍ਰੀਤ ਸਿੰਘ ਪ੍ਰੋਗਰਾਮਰ ਅਤੇ ਚੋਣ ਦਫ਼ਤਰ ਦੇ ਅਧਿਕਾਰੀ ਤੇ ਕਰਮਚਾਰੀ ਹਾਜ਼ਰ ਸਨ।

ਅਕਸ਼ੈ ਨੇ ਹਨੇਰੀ ਨਾਲ ਪ੍ਰਭਾਵਿਤ ਇਲਾਕਿਆਂ 'ਚ ਕਰਵਾਇਆ ਪਾਣੀ ਦਾ ਸੁਚਾਰੂ ਪ੍ਰਬੰਧ

ਛੇਹਰਟਾ, (ਮਨੋਜ ਕੁਮਾਰ) : ਤੇਜ਼ ਹਨੇਰੀ ਚੱਲਣ 'ਤੇ ਹਲਕਾ ਉੱਤਰੀ ਦੇ ਕਈ ਇਲਾਕਿਆਂ ਵਿੱਚ ਭਾਰੀ ਨੁਕਸਾਨ ਹੋਇਆ। ਕਈ ਥਾਵਾਂ 'ਤੇ ਦਰੱਖਤ ਤੇ ਬਿਜਲੀ ਦੇ ਖੰਭੇ ਡਿੱਗਣ ਕਾਰਨ ਅਨੇਕਾਂ ਇਲਾਕਿਆਂ ਦੀ ਬਿਜਲੀ ਸਪਲਾਈ ਠੱਪ ਹੋ ਗਈ। ਬਿਜਲੀ ਬੰਦ ਹੋਣ ਕਾਰਨ ਲੋਕਾਂ ਨੂੰ ਪੀਣ ਵਾਲੇ ਪਾਣੀ ਦੀ ਭਾਰੀ ਸਮੱਸਿਆ ਦਾ ਸਾਹਮਣਾ ਕਰਨਾ ਪਿਆ। ਇਸ ਸਬੰਧੀ ਜਾਣਕਾਰੀ ਮਿਲਦਿਆਂ ਹਲਕਾ ਉੱਤਰੀ ਤੋਂ ਭਾਜਪਾ ਆਗੂ ਅਕਸ਼ੈ ਸ਼ਰਮਾ ਆਪਣੀ ਟੀਮ ਸਮੇਤ ਪ੍ਰਭਾਵਿਤ ਇਲਾਕਿਆਂ ਵਿਚ ਪੁੱਜੇ ਅਤੇ ਲੋਕਾਂ ਨੂੰ ਰਾਹਤ ਪਹੁੰਚਾਉਂਦੇ ਹੋਏ ਪੀਣ ਵਾਲੇ ਪਾਣੀ ਦਾ ਪ੍ਰਬੰਧ ਕਰਵਾਇਆ। ਉਨ੍ਹਾਂ ਕਿਹਾ ਕਿ ਜਦੋਂ ਤੱਕ ਬਿਜਲੀ ਸਪਲਾਈ ਪੂਰੀ ਤਰ੍ਹਾਂ ਬਹਾਲ ਨਹੀਂ ਹੋ ਜਾਂਦੀ, ਉਦੋਂ ਤੱਕ ਲੋੜਵੰਦ ਲੋਕਾਂ ਤੱਕ ਪੀਣ ਵਾਲੇ ਪਾਣੀ ਦੀ ਸੇਵਾ ਨਿਰੰਤਰ ਜਾਰੀ ਰੱਖੀ ਜਾਵੇਗੀ। ਅਕਸ਼ੈ ਸ਼ਰਮਾ ਨੇ ਕਿਹਾ ਕਿ ਤੇਜ਼ ਹਨੇਰੀ ਇਕ ਕੁਦਰਤੀ ਆਫ਼ਤ ਸੀ, ਜਿਸ ਕਾਰਨ ਕਈ ਥਾਵਾਂ 'ਤੇ ਨੁਕਸਾਨ ਹੋਇਆ। ਇਸ ਦੇ ਬਾਵਜੂਦ ਅਗਲੇ ਦਿਨ ਸ਼ਾਮ ਤੱਕ ਵੀ ਬਿਜਲੀ ਸਪਲਾਈ ਬਹਾਲ ਨਾ ਹੋਣ ਕਾਰਨ ਲੋਕ ਪੀਣ ਵਾਲੇ ਪਾਣੀ ਲਈ ਤਰਸਦੇ ਰਹੇ। ਉਨ੍ਹਾਂ ਕਿਹਾ ਕਿ ਆਮ ਲੋਕਾਂ ਨੂੰ ਬੁਨਿਆਦੀ ਸਹੂਲਤਾਂ ਮੁਹੱਈਆ ਕਰਵਾਉਣਾ ਸਰਕਾਰ ਦੀ ਜ਼ਿੰਮੇਵਾਰੀ ਹੈ। ਤਕਨੀਕੀ

ਯੁੱਗ ਵਿਚ ਵੀ ਜੇਕਰ ਲੋਕਾਂ ਨੂੰ ਪੂਰੇ ਦਿਨ ਬਿਜਲੀ ਤੇ ਪਾਣੀ ਵਰਗੀਆਂ ਜ਼ਰੂਰੀ ਸਹੂਲਤਾਂ ਉਪਲਬਧ ਨਹੀਂ ਹੋ ਰਹੀਆਂ, ਤਾਂ ਇਹ ਗੰਭੀਰ ਚਿੰਤਾ ਦਾ ਵਿਸ਼ਾ ਹੈ। ਉਨ੍ਹਾਂ ਕਿਹਾ ਕਿ ਸਰਕਾਰ ਨੂੰ ਲੋਕ ਹਿੱਤ ਨਾਲ ਜੁੜੇ ਮੁੱਦਿਆਂ ਪ੍ਰਤੀ ਗੰਭੀਰਤਾ ਦਿਖਾਉਂਦਿਆਂ ਠੋਸ ਕਦਮ ਚੁੱਕਣ ਦੀ ਲੋੜ ਹੈ।

ਪੀਐੱਮਸ੍ਰੀ ਸਰਕਾਰੀ ਸਮਾਰਟ ਸਕੂਲ (ਗਰਲਜ਼) ਡੇਰਾ ਬਾਬਾ ਨਾਨਕ ਤੋਂ 3 ਏ. ਸੀ. ਚੋਰੀ

ਡੇਰਾ ਬਾਬਾ ਨਾਨਕ (ਰਮੇਸ਼ ਸ਼ਰਮਾ)- ਪੀ. ਐੱਮ. ਸ੍ਰੀ ਸਰਕਾਰੀ ਸੀਨੀਅਰ ਸੈਕੰਡਰੀ ਸਮਾਰਟ ਸਕੂਲ (ਗਰਲਜ਼) ਡੇਰਾ ਬਾਬਾ ਨਾਨਕ ਵਿੱਚੋਂ 3 ਏ. ਸੀ. ਚੋਰੀ ਹੋਣ ਦਾ ਸਮਾਚਾਰ ਪ੍ਰਾਪਤ ਹੋਇਆ ਹੈ।ਇਸ ਸਬੰਧੀ ਪੱਤਰਕਾਰਾਂ ਨੂੰ ਜਾਣਕਾਰੀ ਦਿੰਦਿਆਂ ਸਕੂਲ ਦੇ ਚੌਕੀਦਾਰ ਵਿਪਨ ਕੁਮਾਰ ਨੇ ਦੱਸਿਆ ਕਿ ਸਵੇਰੇ ਜਦੋਂ ਉਹ ਸਕੂਲ ਵਿੱਚ ਰੁਟੀਨ ਅਨੁਸਾਰ ਚੱਕਰ ਲਗਾ ਰਿਹਾ ਸੀ ਤਾਂ ਉਸ ਨੇ ਵੇਖਿਆ ਕਿ ਸਕੂਲ ਦੇ ਤਿੰਨ ਕਲਾਸ ਰੂਮ ਦੀਆਂ

ਪਿਛਲੀਆਂ ਖਿੜਕੀਆਂ ਟੁੱਟੀਆਂ ਹੋਈਆਂ ਸਨ ਅਤੇ ਇਨ੍ਹਾਂ ਵਿੱਚ ਲੱਗੇ ਵਿੰਡੋ ਏ. ਸੀ. ਗਾਇਬ ਸਨ।

ਉਸ ਅਨੁਸਾਰ ਇਹ ਵਿੰਡੋ ਏ. ਸੀ. ਡਾਇਕਨ ਕੰਪਨੀ ਦੇ ਸਨ ਜੋ ਚੋਰਾਂ ਵੱਲੋਂ ਰਾਤ ਚੋਰੀ ਕਰ ਲਏ ਗਏ ਹਨ।

ਚੌਕੀਦਾਰ ਵਿਪਨ ਕੁਮਾਰ ਨੇ ਦੱਸਿਆ ਕਿ ਉਸ ਨੇ ਸਕੂਲ ਦੇ ਕੈਂਪਸ ਮੈਨੇਜਰ ਅੰਮ੍ਰਿਤਪਾਲ ਸਿੰਘ ਨਾਲ ਫੋਨ 'ਤੇ ਗੱਲ ਕੀਤੀ ਅਤੇ ਚੋਰੀ ਸਬੰਧੀ ਜਾਣਕਾਰੀ ਦਿੱਤੀ।ਵਿਪਨ ਕੁਮਾਰ ਨੇ ਦੱਸਿਆ ਕਿ ਉਸ ਵੱਲੋਂ ਥਾਣਾ ਡੇਰਾ ਬਾਬਾ ਨਾਨਕ ਵਿਖੇ ਇਸ ਚੋਰੀ ਸਬੰਧੀ ਰਿਪੋਰਟ ਦੇ ਦਿੱਤੀ ਗਈ ਹੈ।

200 ਲੀਟਰ ਡੀਜ਼ਲ ਪ੍ਰਤੀ ਦਿਨ ਵਾਲੀ ਲਿਮਿਟ ਵਾਲਾ ਫੈਸਲਾ ਸਰਕਾਰ ਵਾਪਸ ਲਵੇ : ਧਰਦਿਉ

ਬਿਆਸ (ਪਰਮਜੀਤ ਸਿੰਘ ਰੱਖੜਾ)- ਭਾਰਤੀ ਕਿਸਾਨ ਯੂਨੀਅਨ (ਰਾਜੇਵਾਲ) ਦੇ ਜ਼ਿਲ੍ਹਾ ਪ੍ਰਧਾਨ ਓਮਰਾਜ ਸਿੰਘ ਧਰਦਿਉ, ਜ਼ਿਲ੍ਹਾ ਜਨਰਲ ਸਕੱਤਰ ਜੋਗਿੰਦਰ ਸਿੰਘ ਬਦੇਸ਼ਾ ਧਿਆਨਪੁਰ ਅਤੇ ਜ਼ਿਲ੍ਹਾ ਪ੍ਰੈੱਸ ਸਕੱਤਰ ਸੁਖਵਿੰਦਰ ਸਿੰਘ ਚਾਹਲ ਨੇ ਪ੍ਰੈੱਸ ਨੋਟ ਜਾਰੀ ਕਰਦਿਆਂ ਦੱਸਿਆ ਕਿ ਕੇਂਦਰ ਸਰਕਾਰ ਦਾ 200 ਲੀਟਰ ਪ੍ਰਤੀ ਦਿਨ ਡੀਜ਼ਲ ਦੀ ਲਿਮਿਟ ਵਾਲਾ ਫੈਸਲਾ ਮੰਦ ਭਾਗਾ ਹੈ ਅਤੇ ਮੋਦੀ ਸਰਕਾਰ ਦਾ ਨਾਦਰਸ਼ਾਹੀ ਫੁਰਮਾਨ ਹੈ।ਭਾਰਤੀ ਕਿਸਾਨ ਯੂਨੀਅਨ (ਰਾਜੇਵਾਲ) ਇਸ ਫੈਸਲੇ ਦਾ ਸਖਤ ਵਿਰੋਧ ਕਰਦੇ ਹੋਏ, ਘੋਰ ਨਿਖੇਧੀ ਕਰਦੀ ਹੈ, ਕਿਉਂਕਿ ਜਦੋਂ ਕਿਸਾਨ ਝੋਨੇ ਦੀ ਬਿਜਾਈ ਕਰ ਰਹੇ ਹਨ ਤਾਂ ਇਸ ਸਮੇਂ ਡੀਜ਼ਲ ਖਰੀਦਣ ਦੀ ਲਿਮਿਟ ਥੋਪਣ ਦਾ ਫ਼ੈਸਲਾ ਸਹੀ ਨਹੀਂ ਹੈ। ਝੋਨੇ ਦੀ ਬਿਜਾਈ ਸਮੇਂ ਸੈਂਟਰ ਸਰਕਾਰ ਦਾ ਇਹ ਫੈਸਲਾ ਅੱਤ ਨਿੰਦਣਯੋਗ ਫੈਸਲਾ।ਕੇਂਦਰ ਸਰਕਾਰ ਨੂੰ ਇਹ ਫੈਸਲਾ ਬਿਨਾਂ ਦੇਰੀ ਵਾਪਸ ਲੈਣਾ ਚਾਹੀਦਾ ਹੈ ਅਤੇ ਇਸ ਫੈਸਲੇ ਤੋਂ ਖੇਤੀਬਾੜੀ ਸੈਕਟਰ ਨੂੰ ਬਾਹਰ ਰੱਖਿਆ ਜਾਣਾ ਚਾਹੀਦਾ ਹੈ।ਜੇਕਰ ਸਰਕਾਰ ਇਸ ਫੈਸਲੇ ਨੂੰ ਨਹੀਂ ਬਦਲਦੀ ਤਾਂ ਭਾਰਤੀ ਕਿਸਾਨ ਯੂਨੀਅਨ (ਰਾਜੇਵਾਲ) ਹਮਖਿਆਲੀ ਜਥੇਬੰਦੀਆਂ ਨਾਲ ਰਾਬਤਾ ਕਰਕੇ ਕੇਂਦਰ ਸਰਕਾਰ ਨੂੰ ਇਸ ਫੈਸਲੇ ਨੂੰ ਵਾਪਸ ਲੈਣ ਵਾਸਤੇ ਮਜਬੂਰ ਕਰ ਦੇਵੇਗੀ।ਇਸ ਮੌਕੇ ਸੁਖਰਾਮ, ਬੀਰ ਸਿੰਘ ਲੁਹਾਰਕਾ, ਕੁਲਵਿੰਦਰ ਸਿੰਘ ਮਾਨ, ਸੁਰਜੀਤ ਸਿੰਘ ਬੋਹੜਵਾਲ, ਹਰਜੀਤ ਸਿੰਘ ਸ਼ਹਿਜ਼ਾਦਾ, ਅਨੋਖ ਸਿੰਘ ਹਸਨਪੁਰ, ਜਸਵੰਤ ਸਿੰਘ ਕਾਲੇਕੇ, ਜਥੇਦਾਰ ਧਰਮ ਸਿੰਘ ਗੱਗੜਭਾਣਾ, ਸੁਰਜੀਤ ਸਿੰਘ ਖੂਹ ਵਾਲੇ, ਹਰਵਿੰਦਰ ਸਿੰਘ ਬੁੱਟਰ, ਸੂਬੇਦਾਰ ਲਾਲਦੀਨ, ਮਲਕੀਤ ਸਿੰਘ ਸਾਬਾ ਨੰਬਰਦਾਰ ਆਦਿਕ ਕਿਸਾਨ ਆਗੂ ਹਾਜ਼ਰ ਸਨ।

28 ਤੋਂ ਸ਼ੁਰੂ ਹੋਵੇਗਾ ਪਲਸ ਪੋਲੀਓ ਰਾਊਂਡ

ਗੁਰਦਾਸਪੁਰ, (ਜਨਕ ਮਹਾਜਨ)- ਸਰਕਾਰ ਵੱਲੋਂ ਜਾਰੀ ਹਦਾਇਤਾਂ ਅਤੇ ਸਿਹਤ ਮੰਤਰੀ ਪੰਜਾਬ ਦੇ ਯੋਗ ਮਾਰਗਦਰਸ਼ਨ ਅਧੀਨ 28 ਜੂਨ ਤੋਂ ਸ਼ੁਰੂ ਹੋ ਰਹੇ ਪਲਸ ਪੋਲੀਓ ਰਾਊਂਡ ਦੇ ਸੰਬੰਧ ਵਿੱਚ ਸਮੂਹ ਐੱਲ. ਐੱਚ. ਵੀ. ਅਤੇ ਬੀ. ਈ. ਈ. ਦੀ ਇੱਕ ਮੀਟਿੰਗ ਸਿਵਲ ਸਰਜਨ ਗੁਰਦਾਸਪੁਰ ਡਾਕਟਰ ਮਹੇਸ਼ ਕੁਮਾਰ ਪ੍ਰਭਾਕਰ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਦਫ਼ਤਰ ਸਿਵਲ ਸਰਜਨ ਵਿਖੇ ਹੋਈ। ਮੀਟਿੰਗ ਦੀ ਪ੍ਰਧਾਨਗੀ ਕਰਦੇ ਹੋਏ ਜ਼ਿਲ੍ਹਾ ਟੀਕਾਕਰਨ ਅਫ਼ਸਰ ਡਾਕਟਰ ਭਾਵਨਾ ਸ਼ਰਮਾ ਨੇ ਕਿਹਾ ਕਿ ਪਲਸ ਪੋਲੀਓ ਮੁਹਿੰਮ 28 ਜੂਨ ਤੋਂ ਸ਼ੁਰੂ ਹੋ ਰਹੀ ਹੈ।

ਫੀਲਡ ਸਟਾਫ਼ ਵੱਲੋਂ ਸਰਵੇ ਕਰਕੇ 0 ਤੋਂ 5 ਸਾਲ ਤੱਕ ਦੇ ਬੱਚਿਆਂ ਦਾ ਬਿਉਰਾ ਇਕੱਠਾ ਕੀਤਾ ਜਾਵੇਗਾ। 5 ਸਾਲ ਤੱਕ ਦੇ ਸਾਰੇ ਬੱਚਿਆਂ ਨੂੰ ਪੋਲੀਓ ਰੋਕੂ ਬੂੰਦਾਂ ਪਿਲਾਈਆਂ ਜਾਣਗੀਆਂ। ਉਨ੍ਹਾਂ ਕਿਹਾ ਕਿ ਭਾਰਤ ਦੇਸ਼ ਪੋਲੀਓ ਮੁਕਤ ਹੋ ਚੁੱਕਾ ਹੈ ਅਤੇ ਇਸ ਮੁਹਿੰਮ ਵਿਚ ਯੋਗਦਾਨ ਦਿੰਦੇ ਹੋਏ ਬੱਚਿਆਂ ਨੂੰ ਪੋਲੀਓ ਰੋਕੂ ਬੂੰਦਾਂ ਪਿਲਾ ਕੇ ਦੇਸ਼ ਨੂੰ ਪੋਲੀਓ ਮੁਕਤ ਰੱਖਿਆ ਜਾਵੇ। ਉਨ੍ਹਾਂ ਸਮੂਹ ਲੋਕਾਂ ਨੂੰ ਇਸ ਮੁਹਿੰਮ ਵਿਚ ਯੋਗਦਾਨ ਕਰਨ ਦੀ ਅਪੀਲ ਕੀਤੀ।

ਪਹਿਲੀ ਜੁਲਾਈ ਤੋਂ ਯੋਗ ਮਹਿਲਾਵਾਂ ਨੂੰ ਮਿਲੇਗੀ ਮਹੀਨਾਵਾਰ ਆਰਥਕ ਸਹਾਇਤਾ : ਈ ਟੀ ਓ

ਬਿਆਸ (ਪਰਮਜੀਤ ਸਿੰਘ ਰੱਖੜਾ) ਪੰਜਾਬ ਸਰਕਾਰ ਵੱਲੋਂ ਮਹਿਲਾਵਾਂ ਦੇ ਆਰਥਕ ਸਸ਼ਕਤੀਕਰਨ ਅਤੇ ਸਮਾਜਿਕ ਸਨਮਾਨ ਨੂੰ ਯਕੀਨੀ ਬਣਾਉਣ ਦੇ ਉਦੇਸ਼ ਨਾਲ ਸ਼ੁਰੂ ਕੀਤੀ ਗਈ ਮੁੱਖ ਮੰਤਰੀ ਮਾਵਾਂ-ਧੀਆਂ ਸਤਿਕਾਰ ਯੋਜਨਾ ਨੂੰ ਜ਼ਮੀਨੀ ਪੱਧਰ 'ਤੇ ਪ੍ਰਭਾਵਸ਼ਾਲੀ ਢੰਗ ਨਾਲ ਲਾਗੂ ਕਰਨ ਲਈ

ਸ਼ਨੀਵਾਰ ਜੰਡਿਆਲਾ ਗੁਰੂ ਵਿਖੇ ਇੰਦਰ ਫਾਰਮ ਵਿੱਚ ਮਹਿਲਾ ਸਤਿਕਾਰ ਸਖੀਆਂ ਲਈ ਵਿਸ਼ੇਸ਼ ਟ੍ਰੇਨਿੰਗ ਸੈਸ਼ਨ ਕਰਵਾਇਆ ਗਿਆ। ਇਸ ਮੌਕੇ ਪੰਜਾਬ ਦੇ ਲੋਕ ਨਿਰਮਾਣ ਮੰਤਰੀ ਹਰਭਜਨ ਸਿੰਘ ਈ ਟੀ ਓ ਨੇ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕਰਦੇ ਹੋਏ ਸਖੀਆਂ ਨੂੰ ਸੰਬੋਧਨ ਕੀਤਾ। ਉਨ੍ਹਾ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਮਹਿਲਾਵਾਂ ਦੀ ਆਰਥਿਕ ਮਜ਼ਬੂਤੀ ਲਈ ਪੂਰੀ ਤਰ੍ਹਾਂ ਵਚਨਬੱਧ ਹੈ ਅਤੇ ਇਸੇ ਉਦੇਸ਼ ਨਾਲ ਇਹ ਇਤਿਹਾਸਕ ਯੋਜਨਾ ਸ਼ੁਰੂ ਕੀਤੀ ਗਈ ਹੈ।ਉਨ੍ਹਾ ਕਿਹਾ ਕਿ ਇਸ ਯੋਜਨਾ ਤਹਿਤ ਯੋਗ ਆਮ ਵਰਗ ਦੀਆਂ ਮਹਿਲਾਵਾਂ ਨੂੰ 1000 ਰੁਪਏ ਪ੍ਰਤੀ ਮਹੀਨਾ ਅਤੇ ਅਨੁਸੂਚਿਤ ਜਾਤੀ (ਐੱਸ ਸੀ) ਨਾਲ ਸੰਬੰਧਤ ਯੋਗ ਮਹਿਲਾਵਾਂ ਨੂੰ 1500 ਰੁਪਏ ਪ੍ਰਤੀ ਮਹੀਨਾ ਵਿੱਤੀ ਸਹਾਇਤਾ ਪ੍ਰਦਾਨ ਕੀਤੀ ਜਾਵੇਗੀ। ਇਸ ਯੋਜਨਾ ਦੇ ਤਹਿਤ ਆਰਥਿਕ ਸਹਾਇਤਾ ਦੀ ਸ਼ੁਰੂਆਤ 1 ਜੁਲਾਈ ਤੋਂ ਕੀਤੀ ਜਾਵੇਗੀ। ਟ੍ਰੇਨਿੰਗ ਦੌਰਾਨ ਮਾਸਟਰ ਟ੍ਰੇਨਰਾਂ ਅਤੇ ਸੁਪਰਵਾਈਜ਼ਰਾਂ ਵੱਲੋਂ ਸਖੀਆਂ ਨੂੰ ਫਾਰਮ ਭਰਨ ਦੀ ਪ੍ਰਕਿਰਿਆ, ਯੋਗਤਾ ਦੀਆਂ ਸ਼ਰਤਾਂ, ਲੋੜੀਂਦੇ ਦਸਤਾਵੇਜ਼ਾਂ, ਲਾਭਪਾਤਰੀਆਂ ਦੀ ਪਛਾਣ ਅਤੇ ਰਜਿਸਟ੍ਰੇਸ਼ਨ ਪ੍ਰਕਿਰਿਆ ਬਾਰੇ ਵਿਸਥਾਰ ਨਾਲ ਜਾਣੂ ਕਰਵਾਇਆ ਗਿਆ। ਸਖੀਆਂ ਨੂੰ ਇਹ ਵੀ ਦੱਸਿਆ ਗਿਆ ਕਿ ਉਹ ਆਪਣੇ-ਆਪਣੇ ਖੇਤਰਾਂ ਵਿੱਚ ਘਰ-ਘਰ ਜਾ ਕੇ ਯੋਗ ਮਹਿਲਾਵਾਂ ਤੱਕ ਯੋਜਨਾ ਦੀ ਜਾਣਕਾਰੀ ਪਹੁੰਚਾਉਣ ਅਤੇ ਉਨ੍ਹਾਂ ਨੂੰ ਯੋਜਨਾ ਨਾਲ ਜੋੜਨ ਵਿੱਚ ਅਹਿਮ ਭੂਮਿਕਾ ਨਿਭਾਉਣ।

ਇਸ ਮੌਕੇ ਵਿਭਾਗ ਦੇ ਅਧਿਕਾਰੀ, ਮਾਸਟਰ ਟਰੇਨਰ, ਸੁਪਰਵਾਈਜ਼ਰ, ਮਹਿਲਾ ਸਤਿਕਾਰ ਸਖੀਆਂ ਅਤੇ ਵੱਡੀ ਗਿਣਤੀ ਵਿੱਚ ਮਹਿਲਾਵਾਂ ਹਾਜ਼ਰ ਸਨ।

ਪ੍ਰਧਾਨਾਂ ਦੀਆਂ ਨਿਯੁਕਤੀਆਂ ਕਰਨ 'ਤੇ ਰਾਜਾ ਭੈਲ ਵੱਲੋਂ ਪਾਰਟੀ ਹਾਈਕਮਾਂਡ ਦਾ ਧੰਨਵਾਦ

ਖਡੂਰ ਸਾਹਿਬ (ਸਰਬਜੋਤ ਸਿੰਘ ਸੰਧਾ)- ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ, ਐੱਸ ਈ ਵਿੰਗ ਦੇ ਪ੍ਰਧਾਨ ਗੁਲਜ਼ਾਰ ਸਿੰਘ ਰਣੀਕੇ, ਬੀ. ਸੀ. ਵਿੰਗ ਦੇ ਪ੍ਰਧਾਨ ਹੀਰਾ ਸਿੰਘ ਗਾਬੜੀਆ, ਯੂਥ ਅਕਾਲੀ ਦਲ ਦੇ ਪ੍ਰਧਾਨ ਸਰਬਜੀਤ ਸਿੰਘ ਝਿੰਜਰ, ਹਲਕਾ ਖਡੂਰ ਸਾਹਿਬ ਦੇ ਇੰਚਾਰਜ ਬੀਬੀ ਰਮਨਦੀਪ ਕੌਰ ਖਹਿਰਾ ਅਤੇ ਸੀਨੀਅਰ ਆਗੂ ਸਰਪੰਚ ਅਵਤਾਰ ਸਿੰਘ ਬਿੱਲਾ ਦਾ ਧੰਨਵਾਦ ਜਿਨ੍ਹਾਂ ਨੇ ਭੁਪਿੰਦਰ ਸਿੰਘ ਭਿੰਦਾ ਫਤਿਆਬਾਦ ਨੂੰ ਹਲਕਾ ਖਡੂਰ ਸਾਹਿਬ ਦਾ ਬੀ ਸੀ ਵਿੰਗ ਦਾ ਪ੍ਰਧਾਨ, ਕਸ਼ਮੀਰ ਸਿੰਘ ਫਤਿਆਬਾਦ ਨੂੰ ਬੀ. ਸੀ. ਵਿੰਗ ਹਲਕਾ ਖਡੂਰ ਸਾਹਿਬ ਦਾ ਪ੍ਰਧਾਨ ਅਤੇ ਮਹਿਲ ਸਿੰਘ ਜੋਧਪੁਰੀ ਨੂੰ ਹਲਕਾ ਖਡੂਰ ਦਾ ਯੂਥ ਵਿੰਗ ਦਾ ਪ੍ਰਧਾਨ ਬਣਾਇਆ ਗਿਆ ਹੈ।ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਚੋਣਵੇਂ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਸੁਖਰਾਜ ਬਹਾਦਰ ਸਿੰਘ ਰਾਜਾ ਭੈਲ ਸਾਬਕਾ ਸਰਪੰਚ ਨੇ ਕੀਤਾ।ਉਨ੍ਹਾਂ ਜਿਥੇ ਪਾਰਟੀ ਹਾਈਕਮਾਂਡ ਦਾ ਧੰਨਵਾਦ ਕੀਤਾ ਉਥੇ ਹੀ ਨਵ-ਨਿਯੁਕਤ ਅਹੁਦੇਦਾਰਾਂ ਨੂੰ ਮੁਬਾਰਕਬਾਦ ਦਿੰਦਿਆਂ ਕਿਹਾ ਕਿ ਇਹ ਨਿਯੁਕਤੀਆਂ ਨਾਲ ਪਾਰਟੀ ਵਰਕਰਾਂ ਵਿਚ ਜੋਸ਼ ਭਰਿਆ ਹੈ ਅਤੇ ਆਗਾਮੀ ਚੋਣਾਂ ਲਈ ਅਕਾਲੀ ਦਲ ਹੋਰ ਮਜ਼ਬੂਤ ਹੋਇਆ ਹੈ।

ਡਾ. ਸਵੈਮਾਨ ਸਿੰਘ ਦਾ ਸਨਮਾਨ 16 ਨੂੰ



ਛੇਹਰਟਾ/ਖਾਸਾ, (ਮਨੋਜ ਕੁਮਾਰ/ਸ਼ਸ਼ਪਾਲ ਸਿੰਘ) : ਕੁੱਲ ਹਿੰਦ ਕਿਸਾਨ ਸਭਾ ਦੀ ਮੀਟਿੰਗ ਕਾਮਰੇਡ ਸੁੱਚਾ ਸਿੰਘ ਅਜਨਾਲਾ ਦੀ ਪ੍ਰਧਾਨਗੀ ਹੇਠ ਕਿਸਾਨ ਸਭਾ ਦੇ ਦਫ਼ਤਰ ਪੁਤਲੀਘਰ ਵਿਚ ਹੋਈ। ਮੀਟਿੰਗ ਦੇ ਫ਼ੈਸਲੇ ਜਾਰੀ ਕਰਦਿਆਂ ਜਨਰਲ ਸਕੱਤਰ ਕਾਮਰੇਡ ਸਵਿੰਦਰ ਸਿੰਘ ਮੀਰਾਂਕੋਟ ਨੇ ਦੱਸਿਆ ਕਿ ਇਸ ਮੌਕੇ ਸਰਬਸੰਮਤੀ ਨਾਲ ਮਤਾ ਪਾਸ ਕੀਤਾ ਗਿਆ ਕਿ ਇਤਿਹਾਸਕ ਕਿਸਾਨ ਅੰਦੋਲਨ ਦੌਰਾਨ ਦਿਨ-ਰਾਤ ਮਾਨਵਤਾ ਦੀ ਵਧ-ਚੜ੍ਹ ਕੇ ਸੇਵਾ ਕਰਨ ਵਾਲੇ ਮਸ਼ਹੂਰ ਡਾ. ਸਵੈਮਾਨ ਸਿੰਘ ਨੂੰ 16 ਜੂਨ ਨੂੰ ਵਿਸ਼ੇਸ਼ ਤੌਰ 'ਤੇ ਸਨਮਾਨਿਤ ਕੀਤਾ ਜਾਵੇਗਾ। ਇਸ ਵੱਕਾਰੀ ਸਨਮਾਨ ਸਮਾਰੋਹ ਨੂੰ ਸਫ਼ਲ ਬਣਾਉਣ ਲਈ ਕੁੱਲ ਹਿੰਦ ਕਿਸਾਨ ਸਭਾ ਦੇ ਨਾਲ-ਨਾਲ ਸੀਟੂ ਅਤੇ ਹਿੰਦ ਖੇਤ ਮਜ਼ਦੂਰ ਯੂਨੀਅਨ ਦੇ ਆਗੂ ਤੇ ਵਰਕਰ ਵੀ ਵੱਡੀ ਗਿਣਤੀ ਵਿਚ ਸ਼ਾਮਲ ਹੋਣਗੇ। ਮੀਟਿੰਗ ਵਿਚ ਸੀਟੂ ਦੇ ਪ੍ਰਮੁੱਖ ਆਗੂ ਜਸਪਾਲ ਸ਼ਰਮਾ ਨੂੰ ਇਨਸਾਫ਼ ਦਿਵਾਉਣ ਲਈ ਵਿੱਢੇ ਸੰਘਰਸ਼ ਦੀ ਪੁਰਜ਼ੋਰ ਹਮਾਇਤ ਕੀਤੀ ਗਈ। ਕਿਸਾਨ ਆਗੂਆਂ ਨੇ ਐਲਾਨ ਕੀਤਾ ਕਿ 17 ਜੂਨ ਨੂੰ ਥਾਣਾ ਛੇਹਰਟਾ ਦੇ ਕੀਤੇ ਜਾ ਰਹੇ ਘਿਰਾਓ ਦਾ ਕੁੱਲ ਹਿੰਦ ਕਿਸਾਨ ਸਭਾ ਪੂਰਨ ਸਮਰਥਨ ਕਰਦੀ ਹੈ। ਇਸ ਰੋਸ ਪ੍ਰਦਰਸ਼ਨ ਵਿਚ ਕਿਸਾਨ ਤੇ ਮਜ਼ਦੂਰ ਵੱਡੀ ਗਿਣਤੀ ਵਿਚ ਸ਼ਾਮਲ ਹੋ ਕੇ ਪ੍ਰਸ਼ਾਸਨ ਖ਼ਿਲਾਫ਼ ਆਵਾਜ਼ ਬੁਲੰਦ ਕਰਨਗੇ। ਇਸ ਮੌਕੇ ਕਿਸਾਨੀ ਹਿੱਤਾਂ ਤੇ ਅਗਲੇਰੀ ਰਣਨੀਤੀ 'ਤੇ ਚਰਚਾ ਕਰਨ ਲਈ ਭੁਪਿੰਦਰ ਸਿੰਘ ਛੀਨਾ, ਜਸਬੀਰ ਸਿੰਘ ਝਬਾਲ ਤੇ ਕਿਰਪਾ ਰਾਮ ਸਮੇਤ ਕਈ ਪ੍ਰਮੁੱਖ ਸਾਥੀ ਤੇ ਅਹੁਦੇਦਾਰ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ।

ਹੈਰੋਇਨ ਸਮੇਤ ਦੋ ਨਸ਼ਾ ਤਸਕਰ ਗ੍ਰਿਫ਼ਤਾਰ

ਡੇਰਾ ਬਾਬਾ ਨਾਨਕ (ਰਮੇਸ਼ ਸ਼ਰਮਾ)- ਪੰਜਾਬ ਸਰਕਾਰ ਵੱਲੋਂ ਛੇੜੇ ਗਏ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਤਹਿਤ ਪੁਲਸ ਥਾਣਾ ਡੇਰਾ ਬਾਬਾ ਨਾਨਕ ਵੱਲੋਂ ਦੋ ਨਸ਼ਾ ਤਸਕਰਾਂ ਨੂੰ ਹੈਰੋਇਨ ਸਮੇਤ ਗ੍ਰਿਫ਼ਤਾਰ ਕਰਨ ਵਿੱਚ ਸਫਲਤਾ ਹਾਸਲ ਕੀਤੀ ਹੈ।ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਪੁਲਸ ਚੌਕੀ ਧਰਮਕੋਟ ਦੇ ਇੰਚਾਰਜ ਏਐੱਸਆਈ ਸੁਖਦੇਵ ਸਿੰਘ ਨੇ ਦੱਸਿਆ ਕਿ ਮਾਨਯੋਗ ਡੀਜੀਪੀ ਪੰਜਾਬ ਗੌਰਵ ਯਾਦਵ ਅਤੇ ਐੱਸਐੱਸਪੀ ਬਟਾਲਾ ਡਾਕਟਰ ਮਹਿਤਾਬ ਸਿੰਘ ਦੇ ਦਿਸ਼ਾ ਨਿਰਦੇਸ਼ਾਂ ਅਤੇ ਡੀਐੱਸਪੀ ਡੇਰਾ ਬਾਬਾ ਨਾਨਕ ਜੋਗਾ ਸਿੰਘ ਤੇ

ਐੱਸਐੱਚਓ ਡੇਰਾ ਬਾਬਾ ਨਾਨਕ ਅਸ਼ੋਕ ਕੁਮਾਰ ਸ਼ਰਮਾ ਦੀ ਯੋਗ ਅਗਵਾਈ ਹੇਠ ਪਿੰਡ ਰੱਤੜ-ਛੱਤੜ ਵਿਖੇ ਪੁਲਸ ਪਾਰਟੀ ਵੱਲੋਂ ਗਸ਼ਤ ਕੀਤੀ ਜਾ ਰਹੀ ਸੀ, ਜਿਸ ਦੌਰਾਨ ਦੋ ਨੌਜਵਾਨਾਂ ਦੀ ਤਲਾਸ਼ੀ ਲਈ ਗਈ ਤਾਂ ਇਨ੍ਹਾਂ ਕੋਲੋਂ 20 ਗ੍ਰਾਮ ਹੈਰੋਇਨ ਬਰਾਮਦ ਹੋਈ ਹੈ।ਉਨ੍ਹਾਂ ਦੱਸਿਆ ਕਿ ਇਹ ਦੋਵੇਂ ਦੋਸ਼ੀ ਪਿੰਡਾਂ ਵਿੱਚ ਫਿਰ ਤੁਰ ਕੇ ਨਸ਼ਾ ਵੇਚਦੇ ਸਨ ਅਤੇ ਨੌਜਵਾਨਾਂ ਨੂੰ ਗਲਤ ਰਾਹੇ ਪਾਉਂਦੇ ਸਨ।ਫੜੇ ਗਏ ਦੋਸ਼ੀਆਂ ਦੀ ਪਹਿਚਾਣ ਨਿਸ਼ਾਨ ਸਿੰਘ ਪੁੱਤਰ ਇੰਦਰ ਸਿੰਘ ਵਾਸੀ ਪਿੰਡ ਰੱਤੜ-ਛੱਤੜ ਅਤੇ ਹਰਵੰਤ ਸਿੰਘ ਪੁੱਤਰ ਦਲੀਪ ਸਿੰਘ ਵਾਸੀ ਪਿੰਡ ਜੋੜੀਆਂ ਕਲਾਂ ਵਜੋਂ ਹੋਈ ਹੈ।ਉਨ੍ਹਾਂ ਦੱਸਿਆ ਕਿ ਇਨ੍ਹਾਂ ਨੌਜਵਾਨਾਂ ਦੇ ਖਿਲਾਫ ਐੱਨ ਡੀ ਪੀ ਐੱਸ ਧਾਰਾਵਾਂ ਤਹਿਤ ਮਾਮਲਾ ਦਰਜ ਕੀਤਾ ਗਿਆ ਹੈ ਤੇ ਇਨ੍ਹਾਂ ਨੂੰ ਮਾਨਯੋਗ ਅਦਾਲਤ ਵਿੱਚ ਪੇਸ਼ ਕਰਕੇ ਰਿਮਾਂਡ ਹਾਸਲ ਕੀਤਾ ਜਾਵੇਗਾ ਜਿਨ੍ਹਾਂ ਕੋਲੋਂ ਹੋਰ ਵੀ ਖੁਲਾਸੇ ਹੋਣ ਦੀ ਸੰਭਾਵਨਾ ਹੈ।ਇਸ ਮੌਕੇ ਸਬ-ਇੰਸਪੈਕਟਰ ਕੈਲਾਸ਼ ਚੰਦਰ ਸ਼ਰਮਾ, ਸਬ-ਇੰਸਪੈਕਟਰ ਬਿੰਐਤ ਸਿੰਘ, ਹੋਮਗਾਰਡ ਜਵਾਨ ਗੁਰਮੁੱਖ ਸਿੰਘ ਅਤੇ ਦਰਸ਼ਨ ਲਾਲ ਹੋਮਗਾਰਡ ਜਵਾਨ ਹਾਜ਼ਰ ਸਨ।

ਫੋਰਟਿਸ ਹਸਪਤਾਲ ਜਲੰਧਰ ਨੇ ਲਾਇਆ ਸਵੈ-ਇੱਛੁਕ ਖ਼ੂਨਦਾਨ ਕੈਂਪ

ਜਲੰਧਰ: ਫੋਰਟਿਸ ਹਸਪਤਾਲ ਜਲੰਧਰ ਨੇ ਸਵੈ-ਇੱਛਾ ਨਾਲ ਖ਼ੂਨਦਾਨ ਕਰਨ ਵਾਲਿਆਂ, ਸਮਾਜਿਕ ਵਰਕਰਾਂ ਅਤੇ ਭਾਈਵਾਲ ਗੈਰ-ਸਰਕਾਰੀ ਸੰਗਠਨਾਂ-ਐਨਜੀਓ ਦਾ ਸਨਮਾਨ ਕਰਨ ਲਈ ਇੱਕ ਵਿਸ਼ੇਸ਼ ਸਨਮਾਨ ਸਮਾਰੋਹ ਦੇ ਨਾਲ-ਨਾਲ ਇੱਕ ਖ਼ੂਨਦਾਨ ਕੈਂਪ ਦਾ ਆਯੋਜਨ ਕੀਤਾ।ਇਸ ਦੌਰਾਨ ਉਨ੍ਹਾਂ ਨੂੰ ਖਾਸ ਤੌਰ 'ਤੇ ਸਨਮਾਨਿਤ ਕੀਤਾ ਗਿਆ, ਜਿਨ੍ਹਾਂ ਨੇ ਇਸ ਖੇਤਰ ਵਿੱਚ ਸੁਰੱਖਿਅਤ ਅਤੇ ਨਿਯਮਤ ਖ਼ੂਨਦਾਨ ਪਹਿਲਕਦਮੀਆਂ ਦਾ ਸਮਰਥਨ ਕਰਨ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਈ ਹੈ।ਸਮਾਰੋਹ ਨੇ ਨਿਯਮਤ ਸਵੈ-ਇੱਛਾ ਨਾਲ ਖ਼ੂਨਦਾਨ ਕਰਨ ਵਾਲਿਆਂ ਨੂੰ ਮਾਨਤਾ ਅਤੇ ਸਨਮਾਨ ਦਿੱਤਾ ਜਿਨ੍ਹਾਂ ਨੇ ਕਈ ਵਾਰ ਖ਼ੂਨਦਾਨ ਕੀਤਾ ਹੈ ਅਤੇ ਹਸਪਤਾਲ ਦੇ ਬਲੱਡ ਸੈਂਟਰ ਵਿੱਚ ਢੁੱਕਵੀਂ ਖ਼ੂਨ ਦੀ ਸੂਚੀ ਬਣਾਈ ਰੱਖਣ ਵਿੱਚ ਮਹੱਤਵਪੂਰਨ ਯੋਗਦਾਨ ਪਾਇਆ ਹੈ।ਇਸ ਮੌਕੇ ਬੋਲਦਿਆਂ ਫੋਰਟਿਸ ਹਸਪਤਾਲ ਜਲੰਧਰ ਦੇ ਟਰਾਂਸਫਿਊਜ਼ਨ ਮੈਡੀਸਨ (ਬਲੱਡ ਸੈਂਟਰ) ਦੀ ਮੁਖੀ ਡਾ. ਕੁਸੁਮ ਠਾਕੁਰ ਨੇ ਕਿਹਾ ਕਿ ਦਾਨ ਕੀਤੇ ਗਏ ਖ਼ੂਨ ਦੀ ਹਰੇਕ ਯੂਨਿਟ ਵਿੱਚ ਕਈ ਜਾਨਾਂ ਬਚਾਉਣ ਦੀ ਸਮਰੱਥਾ ਹੁੰਦੀ ਹੈ।ਸਵੈ-ਇੱਛੁਕ ਖ਼ੂਨਦਾਨ ਕਰਨ ਵਾਲੇ ਇੱਕ ਸੁਰੱਖਿਅਤ ਅਤੇ ਟਿਕਾਊ ਖ਼ੂਨ ਸਪਲਾਈ ਪ੍ਰਣਾਲੀ ਦੀ ਰੀੜ੍ਹ ਦੀ ਹੱਡੀ ਹੁੰਦੇ ਹਨ।ਫੋਰਟਿਸ ਹਸਪਤਾਲ ਜਲੰਧਰ ਦੇ ਫੈਸਿਲਟੀ ਡਾਇਰੈਕਟਰ ਡਾ. ਅੰਕੁਸ਼ ਮਹਿਤਾ ਨੇ ਕਿਹਾ ਕਿ ਖ਼ੂਨਦਾਨ ਉਨ੍ਹਾਂ ਕੁਝ ਕਾਰਜਾਂ ਵਿੱਚੋਂ ਇੱਕ ਹੈ ਜੋ ਪ੍ਰਾਪਤਕਰਤਾ ਅਤੇ ਖ਼ੂਨ ਦਾਨੀ ਦੋਵਾਂ ਨੂੰ ਲਾਭ ਪਹੁੰਚਾਉਂਦਾ ਹੈ।

ਦੋਸਾਂਝ ਬਰਾਦਰੀ ਦੀ ਮੇਲ ਕਾਲੇਚੱਕ ਵਿਖੇ ਭਲਕੇ

ਗੁਰਦਾਸਪੁਰ, (ਜਨਕ ਮਹਾਜਨ)- ਦੋਸਾਂਝ ਬਰਾਦਰੀ ਦੀ ਸਾਲਾਨਾ ਮੇਲ ਹਰੇਕ ਸਾਲ ਵਾਂਗ ਇਸ ਸਾਲ ਵੀ 15 ਜੂਨ ਨੂੰ ਪਠਾਨਕੋਟ ਦੇ ਪਿੰਡ ਕਾਲੇਚੱਕ ਵਿਖੇ ਬਾਵਾ ਬੂਆ ਦੇ ਸਥਾਨ ਵਿਖੇ ਬੜੀ ਸ਼ਰਧਾ ਤੇ ਉਤਸ਼ਾਹ ਨਾਲ ਮਨਾਈ ਜਾ ਰਹੀ ਹੈ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਮੁੱਖ ਸੇਵਾਦਾਰ ਤਰਸੇਮ ਲਾਲ ਨੇ ਦੱਸਿਆ ਕਿ ਇਸ ਧਾਰਮਿਕ ਸਥਾਨ 'ਤੇ ਪੰਜਾਬ ਅਤੇ ਹੋਰਨਾਂ ਰਾਜਾਂ ਤੋਂ ਸ਼ਰਧਾਲੂ ਵੱਡੀ ਗਿਣਤੀ ਵਿਚ ਨਤਮਸਤਕ ਹੁੰਦੇ ਹਨ। ਉਨ੍ਹਾਂ ਦੱਸਿਆ ਕਿ ਸਵੇਰੇ 9 ਵਜੇ ਹਵਨ ਯੱਗ ਹੋਵੇਗਾ। ਉਪਰੰਤ ਲੰਗਰ ਦਾ ਭੰਡਾਰਾ ਨਿਰੰਤਰ ਚਲੇਗਾ। ਉਨ੍ਹਾਂ ਦੱਸਿਆ ਕਿ ਇਸ ਮੇਲ ਸਬੰਧੀ ਸਾਰੇ ਪ੍ਰਬੰਧ ਮੁਕੰਮਲ ਕਰ ਲਏ ਗਏ ਹਨ। ਇਸ ਮੌਕੇ ਰਾਜੇਸ਼ ਕੁਮਾਰ, ਲਵਲੀ, ਨੀਲਮ ਕੁਮਾਰੀ, ਹਰਸਿਤਾ, ਸਤੀਸ਼ ਚੰਦਰ, ਸੁਰੇਸ਼ ਚੰਦਰ ਆਦਿ ਹਾਜ਼ਰ ਸਨ।

ਸਟ੍ਰੀਕਸ ਪ੍ਰੋਫੈਸ਼ਨਲ ਲਗਜ਼ਰੀ ਬਰੂਨੇਟ ਵੱਲੋਂ 'ਬ੍ਰਿਊਲੇਟ-2026' ਦੇ ਰੂਪ 'ਚ ਨਵੇਂ ਯੁੱਗ ਦੀ ਸ਼ੁਰੂਆਤ

ਜਲੰਧਰ- ਸਟ੍ਰੀਕਸ ਪ੍ਰੋਫੈਸ਼ਨਲ ਭਾਰਤ ਦਾ ਮੋਹਰੀ ਸੈਲੂਨ-ਐਕਸਕਲੂਸਿਵ ਵਾਲਾਂ ਦਾ ਰੰਗ ਅਤੇ ਦੇਖਭਾਲ ਬ੍ਰਾਂਡ, ਮਾਣ ਨਾਲ ਬ੍ਰਿਊਲੇਟ-2026 ਦਾ ਉਦਘਾਟਨ ਕਰਦਾ ਹੈ।ਡਾਰਕ ਰੋਸਟ ਕੌਫੀ ਦੀ ਹੌਲੀ ਅਮੀਰੀ, ਪੁਰਾਣੀ ਵਾਈਨ ਦੀ ਡੂੰਘਾਈ ਅਤੇ ਮਖਮਲੀ ਦੀ ਸਪਰਸ਼ਯੋਗ ਸੁੰਦਰਤਾ ਤੋਂ ਪ੍ਰੇਰਿਤ, ਬ੍ਰਿਊਲੇਟ ਇੱਕ ਰੰਗ ਕਹਾਣੀ ਤੋਂ ਵੱਧ ਹੈ ।ਲਾਂਚ ਤੇ ਟਿੱਪਣੀ ਕਰਦੇ ਹੋਏ ਹਾਈਜੀਨਿਕ ਰਿਸਰਚ ਇੰਸਟੀਚਿਊਟ ਪ੍ਰਾਈਵੇਟ ਲਿਮਟਿਡ ਦੇ ਸੀਨੀਅਰ ਵਾਈਸ ਪ੍ਰੈਜ਼ੀਡੈਂਟ ਮਾਰਕੀਟਿੰਗ, ਪ੍ਰਿਯੰਕਾ ਪੁਰੀ ਨੇ ਕਿਹਾ ਕਿ ਬ੍ਰੂਲੇਟ ਦੇ ਨਾਲ ਅਸੀਂ ਅੱਜ ਸੁੰਦਰਤਾ ਵਿੱਚ ਹੋ ਰਹੇ ਇੱਕ ਵੱਡੇ ਬਦਲਾਅ ਨੂੰ ਕੈਦ ਕਰਨਾ ਚਾਹੁੰਦੇ ਸੀ।ਸਟ੍ਰੀਕਸ ਪ੍ਰੋਫੈਸ਼ਨਲ ਦੀ ਮੁਖੀ ਰੋਸ਼ੇਲ ਛਾਬੜਾ ਨੇ ਕਿਹਾ ਕਿ ਬ੍ਰੂਲੇਟ, ਸ਼ਾਨਦਾਰ ਕਪੜੇ ਦੀ ਕਲਾ ਦਾ ਜਸ਼ਨ ਹੈ ਜੋ ਡੂੰਘਾਈ, ਗਤੀ ਅਤੇ ਆਯਾਮ ਨੂੰ ਪ੍ਰੀਮੀਅਮ ਅਤੇ ਪਹਿਨਣਯੋਗ ਮਹਿਸੂਸ ਕਰਵਾਉਣ ਵਾਲੇ ਤਰੀਕਿਆਂ ਨਾਲ ਪੈਦਾ ਕਰਦੀ ਹੈ। ਸਟ੍ਰੀਕਸ ਪ੍ਰੋਫੈਸ਼ਨਲ ਵਿਖੇ ਸਾਡਾ ਵੱਡਾ ਉਦੇਸ਼ ਹਮੇਸ਼ਾ ਸੈਲੂਨ ਅਤੇ ਹੇਅਰ ਸਟਾਈਲਿਸਟਾਂ ਲਈ ਪ੍ਰੇਰਨਾ, ਸਿੱਖਿਆ ਅਤੇ ਰੁਝਾਨ ਲੀਡਰਸ਼ਿਪ ਰਾਹੀਂ ਵਧਣ ਦੇ ਮੌਕੇ ਪੈਦਾ ਕਰਨਾ ਰਿਹਾ ਹੈ।

'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਤਹਿਤ ਧੂਰੀ ਤੋਂ ਜਾਗਰੂਕਤਾ ਵਾਹਨ ਰਵਾਨਾ

ਧੂਰੀ (ਮੋਹਿਤ ਗਰਗ, ਮਨੋਹਰ ਸੱਗੂ, ਬਿੰਨੀ ਗਰਗ)-ਪੰਜਾਬ ਸਰਕਾਰ ਵੱਲੋਂ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਸੂਬੇ ਨੂੰ ਨਸ਼ਾ ਮੁਕਤ ਬਣਾਉਣ ਦੇ ਉਦੇਸ਼ ਨਾਲ ਚਲਾਈ ਜਾ ਰਹੀ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਤਹਿਤ ਧੂਰੀ ਵਿਖੇ ਮੁੱਖ ਮੰਤਰੀ ਸਹਾਇਤਾ ਕੇਂਦਰ ਤੋਂ ਵਿਸ਼ੇਸ਼ ਜਾਗਰੂਕਤਾ ਵਾਹਨਾਂ ਨੂੰ ਰਵਾਨਾ ਕੀਤਾ ਗਿਆ।ਇਨ੍ਹਾਂ ਵਾਹਨਾਂ ਵਿੱਚ ਵਿਸ਼ੇਸ਼ ਸ਼ਿਕਾਇਤ ਬਾਕਸ ਲਗਾਏ ਗਏ ਹਨ, ਜਿਨ੍ਹਾਂ ਰਾਹੀਂ ਆਮ ਲੋਕ ਨਸ਼ਾ ਤਸਕਰੀ ਨਾਲ ਸਬੰਧਤ ਗੁਪਤ ਜਾਣਕਾਰੀ ਤੇ ਨਸ਼ੇ ਦੀ ਲਤ ਨਾਲ ਪੀੜਤ ਵਿਅਕਤੀਆਂ ਸਬੰਧੀ ਵੇਰਵੇ ਸਾਂਝੇ ਕਰ ਸਕਣਗੇ।ਇਸ ਮੌਕੇ ਜਾਗਰੂਕਤਾ ਵਾਹਨਾਂ ਨੂੰ ਹਰੀ ਝੰਡੀ ਦਿੰਦਿਆਂ ਮਾਰਕੀਟ ਕਮੇਟੀ ਧੂਰੀ ਦੇ ਚੇਅਰਮੈਨ ਤੇ ਮੁੱਖ ਮੰਤਰੀ ਸਹਾਇਤਾ ਕੇਂਦਰ ਦੇ ਦਫ਼ਤਰ ਇੰਚਾਰਜ ਰਾਜਵੰਤ ਸਿੰਘ ਘੁਲੀ ਤੇ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਦੇ ਹਲਕਾ ਕੋਆਰਡੀਨੇਟਰ ਤੇ ਜ਼ਿਲ੍ਹਾ ਪ੍ਰੀਸ਼ਦ ਚੇਅਰਮੈਨ ਰਛਪਾਲ ਸਿੰਘ ਭੁੱਲਰ ਨੇ ਕਿਹਾ ਕਿ ਪੰਜਾਬ ਸਰਕਾਰ ਨਸ਼ਿਆਂ ਦੀ ਸਮੱਸਿਆ ਨੂੰ ਜੜ੍ਹ ਤੋਂ ਖ਼ਤਮ ਕਰਨ ਲਈ ਦ੍ਰਿੜ੍ਹ ਸੰਕਲਪ ਨਾਲ ਕੰਮ ਕਰ ਰਹੀ ਹੈ।ਉਨ੍ਹਾਂ ਕਿਹਾ ਕਿ ਜੇਕਰ ਕਿਸੇ ਵਿਅਕਤੀ ਨੂੰ ਆਪਣੇ ਪਿੰਡ ਜਾਂ ਇਲਾਕੇ ਵਿੱਚ ਨਸ਼ਾ ਤਸਕਰੀ ਬਾਰੇ ਕੋਈ ਜਾਣਕਾਰੀ ਹੈ, ਪਰ ਉਹ ਆਪਣੀ ਪਛਾਣ ਜਨਤਕ ਨਹੀਂ ਕਰਨਾ ਚਾਹੁੰਦਾ ਤਾਂ ਉਹ ਸ਼ਿਕਾਇਤ ਬਾਕਸ ਵਿੱਚ ਲਿਖਤੀ ਰੂਪ ਵਿੱਚ ਸੂਚਨਾ ਦੇ ਸਕਦਾ ਹੈ।ਸੂਚਨਾ ਦੇਣ ਵਾਲੇ ਦੀ ਪਛਾਣ ਨੂੰ ਪੂਰੀ ਤਰ੍ਹਾਂ ਗੁਪਤ ਰੱਖਿਆ ਜਾਵੇਗਾ ਤੇ ਦੋਸ਼ੀਆਂ ਖ਼ਿਲਾਫ਼ ਕਾਨੂੰਨ ਅਨੁਸਾਰ ਸਖ਼ਤ ਕਾਰਵਾਈ ਕੀਤੀ ਜਾਵੇਗੀ।ਉਨ੍ਹਾਂ ਲੋਕਾਂ ਨੂੰ ਅਪੀਲ ਕੀਤੀ ਕਿ ਪੰਜਾਬ ਨੂੰ ਨਸ਼ਾ ਮੁਕਤ ਬਣਾਉਣ ਲਈ ਇਸ ਜਨ ਅੰਦੋਲਨ ਵਿੱਚ ਵੱਧ ਤੋਂ ਵੱਧ ਯੋਗਦਾਨ ਪਾਇਆ ਜਾਵੇ।ਇਸ ਮੌਕੇ ਹਰਪ੍ਰੀਤ ਸਿੰਘ ਗਿੱਲ, ਗੌਰਵ ਸ਼ਰਮਾ, ਅਨਿਲ ਮਿੱਤਲ, ਮਨਜੀਤ ਸ਼ਰਮਾ, ਹਰਵਿੰਦਰ ਸਿੰਘ, ਕੌਂਸਲਰ ਰਜੀਵ ਵਰਮਾ, ਅਸ਼ਵਨੀ ਧੀਰ, ਭੁਪਿੰਦਰ ਸਿੰਘ ਸਮੇਤ ਹੋਰ ਪਤਵੰਤੇ ਮੌਜੂਦ ਸਨ।

ਕਬਾੜ ਦੀਆਂ ਦੁਕਾਨਾਂ 'ਤੇ ਜਾ ਕੇ ਡੇਂਗੂ ਤੋਂ ਬਚਾਅ ਲਈ ਕੀਤਾ ਜਾਗਰੂਕ

ਮਾਨਸਾ (ਆਤਮਾ ਸਿੰਘ ਪਮਾਰ)-'ਹਰ ਸ਼ੁੱਕਰਵਾਰ, ਡੇਂਗੂ ਤੇ ਵਾਰ' ਮੁਹਿੰਮ ਤਹਿਤ ਸਿਵਲ ਸਰਜਨ ਡਾ. ਰਣਜੀਤ ਸਿੰਘ ਰਾਏ ਦੇ ਦਿਸ਼ਾ ਨਿਰਦੇਸ਼ਾਂ ਤੇ ਡਿਪਟੀ ਮੈਡੀਕਲ ਕਮਿਸ਼ਨਰ ਡਾ. ਮਯੰਕ ਜੋਤ ਦੀ ਰਹਿਨੁਮਾਈ ਹੇਠ ਮਾਨਸਾ ਤਿੰਨ ਕੋਨੀ ਨਜ਼ਦੀਕ ਕਬਾੜ ਦੀਆਂ ਦੁਕਾਨਾਂ 'ਤੇ ਕੰਮ ਕਰਦੇ ਵਰਕਰਾਂ ਨੂੰ ਡੇਂਗੂ ਤੋਂ ਬਚਾਅ ਸਬੰਧੀ ਸਾਵਧਾਨੀਆਂ ਬਾਰੇ ਜਾਗਰੂਕ ਕੀਤਾ।ਇਸ ਮੌਕੇ ਪਵਨ ਕੁਮਾਰ, ਜ਼ਿਲ੍ਹਾ ਮਾਸ ਮੀਡੀਆ ਨੇ ਕਿਹਾ ਕਿ ਡੇਂਗੂ ਤੋਂ ਬਚਾਅ ਤੇ ਜਾਗਰੂਕਤਾ ਲਈ ਇਸ ਸਾਲ ਸਿਹਤ ਵਿਭਾਗ ਵੱਲੋਂ 'ਡੇਂਗੂ-ਮੁਕਤ ਭਵਿੱਖ ਲਈ ਇੱਕਜੁੱਟ ਹੋਵੋ' ਥੀਮ ਨਿਰਧਾਰਤ ਕੀਤਾ ਗਿਆ ਹੈ।ਇਸ ਦੇ ਖ਼ਾਤਮੇ ਲਈ ਸਮੂਹ ਸਮਾਜ ਸੇਵੀ, ਧਾਰਮਿਕ, ਵਪਾਰਕ ਤੇ ਸਿਹਤ ਨਾਲ ਜੁੜੀਆਂ ਸੰਸਥਾਵਾਂ ਨੂੰ ਡੇਂਗੂ ਸਬੰਧੀ ਜਾਗਰੂਕਤਾ ਲਈ ਸਿਹਤ ਵਿਭਾਗ ਦਾ ਸਹਿਯੋਗ ਦੇਣ ਆਲੇ ਦੁਆਲੇ ਦੀ ਸਾਫ਼ ਸਫ਼ਾਈ ਦਾ ਧਿਆਨ ਰੱਖਣ ਲਈ ਕਿਹਾ ਗਿਆ।ਉਨ੍ਹਾਂ ਇੱਕ ਜੁੱਟ ਹੋ ਕੇ ਡੇਂਗੂ ਮੁਕਤ ਸਮਾਜ ਸਿਰਜਣ ਦਾ ਸੱਦਾ ਦਿੱਤਾ।ਸੰਤੋਸ਼ ਭਾਰਤੀ, ਜ਼ਿਲ੍ਹਾ ਐਪੀਡੀਮਾਲੋਜਿਸਟ ਨੇ ਵਿਸਥਾਰ 'ਚ ਜਾਣਕਾਰੀ ਦਿੰਦਿਆਂ ਦੱਸਿਆ ਕਿ ਡੇਂਗੂ ਇੱਕ ਵਾਇਰਲ ਬੁਖ਼ਾਰ ਹੈ ਜੋ ਕਿ ਏਡੀਜ਼ ਅਜਿਪਟੀ ਨਾਂ ਦੇ ਮੱਛਰ ਦੇ ਕੱਟਣ ਨਾਲ ਫੈਲਦਾ ਹੈ।ਉਨ੍ਹਾਂ ਦੱਸਿਆ ਕਿ ਸਾਰੇ ਹੀ ਸਰਕਾਰੀ ਹਸਪਤਾਲਾਂ 'ਚ ਡੇਂਗੂ ਵਾਰਡ ਬਣਾਏ ਗਏ ਹਨ, ਜ਼ਿਲ੍ਹਾ ਪੱਧਰ 'ਤੇ ਡੇਂਗੂ ਦਾ ਮੁਫ਼ਤ ਟੈਸਟ ਕੀਤਾ ਜਾਂਦਾ ਹੈ।ਇਸ ਮੌਕੇ ਰਾਮ ਕੁਮਾਰ ਸਿਹਤ ਸੁਪਰਵਾਈਜ਼ਰ ਰਾਮ ਕੁਮਾਰ, ਰਾਜਵੀਰ ਕੌਰ ਜ਼ਿਲ੍ਹਾ ਬੀ.ਸੀ.ਸੀ. ਕੋਆਰਡੀਨੇਟਰ, ਬਲਜੀਤ ਸਿੰਘ ਮਲਟੀਪਰਪਜ਼ ਹੈਲਥ ਵਰਕਰ, ਸੁਖਜੀਤ ਕੌਰ ਏ.ਐਨ.ਐਮ, ਕ੍ਰਿਸ਼ਨ ਕੁਮਾਰ ਇਨਸੈਕਟ ਕਲੈਕਟਰ ਆਦਿ ਹਾਜ਼ਰ ਸਨ।

ਹਲਕਾ ਪਾਇਲ 'ਚ ਸਰਗਰਮ ਡਾ. ਜਸਪ੍ਰੀਤ ਸਿੰਘ ਨੇ ਵਰਕਰਾਂ ਨਾਲ ਕੀਤਾ ਵਿਚਾਰ-ਵਟਾਂਦਰਾ

ਦੋਰਾਹਾ (ਹਰਮਿੰਦਰ ਸੇਠ)-ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਤੇ ਜ਼ਿਲ੍ਹਾ ਲੁਧਿਆਣਾ ਦਿਹਾਤੀ ਐੱਸ.ਸੀ. ਵਿੰਗ ਦੇ ਪ੍ਰਧਾਨ ਡਾ. ਜਸਪ੍ਰੀਤ ਸਿੰਘ ਬੀਜਾ ਇਨ੍ਹੀਂ ਦਿਨੀਂ ਵਿਧਾਨ ਸਭਾ ਹਲਕਾ ਪਾਇਲ ਵਿੱਚ ਕਾਫੀ ਸਰਗਰਮ ਨਜ਼ਰ ਆ ਰਹੇ ਹਨ।ਪਾਰਟੀ ਦੀਆਂ ਜ਼ਮੀਨੀ ਗਤੀਵਿਧੀਆਂ ਨੂੰ ਮਜ਼ਬੂਤ ਕਰਨ ਦੇ ਮਕਸਦ ਨਾਲ ਉਹ ਲਗਾਤਾਰ ਵਰਕਰਾਂ ਤੇ ਆਗੂਆਂ ਨਾਲ ਮੀਟਿੰਗਾਂ ਕਰ ਰਹੇ ਹਨ, ਜਿਸ ਕਾਰਨ ਹਲਕੇ ਦੀ ਰਾਜਨੀਤੀ ਵਿੱਚ ਵੀ ਉਨ੍ਹਾਂ ਦੀ ਚਰਚਾ ਤੇਜ਼ ਹੋ ਗਈ ਹੈ।ਇਸੇ ਤਹਿਤ ਅੱਜ ਦੋਰਾਹਾ ਵਿਖੇ ਆਮ ਆਦਮੀ ਪਾਰਟੀ ਵੱਲੋਂ ਵਾਰਡ ਨੰਬਰ 9 ਤੋਂ ਕੌਂਸਲਰ ਦੀ ਚੋਣ ਲੜੇ ਸ੍ਰੀ ਸੁਖਵਿੰਦਰ ਸਿੰਘ ਨੋਨਾ ਦੇ ਗ੍ਰਹਿ ਵਿਖੇ ਪਾਰਟੀ ਵਰਕਰਾਂ ਨਾਲ ਵਿਸ਼ੇਸ਼ ਮੀਟਿੰਗ ਕੀਤੀ ਗਈ।ਮੀਟਿੰਗ ਦੌਰਾਨ ਪਾਰਟੀ ਦੀਆਂ ਨੀਤੀਆਂ ਨੂੰ ਘਰ-ਘਰ ਤੱਕ ਪਹੁੰਚਾਉਣ, ਆਉਣ ਵਾਲੀਆਂ ਰਾਜਨੀਤਕ ਸਰਗਰਮੀਆਂ ਤੇ ਹਲਕਾ ਪਾਇਲ ਵਿੱਚ ਪਾਰਟੀ ਦੇ ਢਾਂਚੇ ਨੂੰ ਹੋਰ ਮਜ਼ਬੂਤ ਕਰਨ ਸਬੰਧੀ ਵਿਸਥਾਰ ਨਾਲ ਵਿਚਾਰ-ਵਟਾਂਦਰਾ ਕੀਤਾ ਗਿਆ।ਡਾ. ਜਸਪ੍ਰੀਤ ਸਿੰਘ ਬੀਜਾ ਨੇ ਵਰਕਰਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਲੋਕਾਂ ਨਾਲ ਕੀਤੇ ਵਾਅਦਿਆਂ ਨੂੰ ਪੂਰਾ ਕਰਨ ਲਈ ਵਚਨਬੱਧ ਹੈ।ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਸਿੱਖਿਆ, ਸਿਹਤ, ਬਿਜਲੀ ਤੇ ਭ੍ਰਿਸ਼ਟਾਚਾਰ ਖ਼ਿਲਾਫ਼ ਵੱਡੇ ਪੱਧਰ 'ਤੇ ਕੰਮ ਕਰ ਰਹੀ ਹੈ, ਜਿਸ ਦਾ ਲਾਭ ਆਮ ਲੋਕਾਂ ਤੱਕ ਪਹੁੰਚ ਰਿਹਾ ਹੈ।ਉਨ੍ਹਾਂ ਵਰਕਰਾਂ ਨੂੰ ਲੋਕਾਂ ਨਾਲ ਨਿਰੰਤਰ ਸੰਪਰਕ ਵਿੱਚ ਰਹਿਣ ਤੇ ਸਰਕਾਰ ਦੀਆਂ ਲੋਕ ਭਲਾਈ ਯੋਜਨਾਵਾਂ ਨੂੰ ਜਨ-ਜਨ ਤੱਕ ਪਹੁੰਚਾਉਣ ਦੀ ਅਪੀਲ ਕੀਤੀ।ਮੀਟਿੰਗ ਦੌਰਾਨ ਵਰਕਰਾਂ ਨੇ ਵੀ ਹਲਕੇ ਨਾਲ ਜੁੜੇ ਕਈ ਮਸਲੇ ਅਤੇ ਪਾਰਟੀ ਨੂੰ ਹੋਰ ਮਜ਼ਬੂਤ ਕਰਨ ਸਬੰਧੀ ਆਪਣੇ ਵਿਚਾਰ ਸਾਂਝੇ ਕੀਤੇ।ਡਾ. ਬੀਜਾ ਨੇ ਕਿਹਾ ਕਿ ਪਾਰਟੀ ਵਰਕਰਾਂ ਦੀ ਮਿਹਨਤ ਤੇ ਇਕਜੁੱਟਤਾ ਦੇ ਸਦਕਾ ਹੀ ਆਮ ਆਦਮੀ ਪਾਰਟੀ ਨੇ ਪੰਜਾਬ ਵਿੱਚ ਮਜ਼ਬੂਤ ਪਕੜ ਬਣਾਈ ਹੈ ਤੇ ਆਉਣ ਵਾਲੇ ਸਮੇਂ ਵਿੱਚ ਇਹ ਪਕੜ ਹੋਰ ਮਜ਼ਬੂਤ ਹੋਵੇਗੀ।ਇਸ ਮੌਕੇ ਪਾਰਟੀ ਦੇ ਕਈ ਸਥਾਨਕ ਆਗੂ ਤੇ ਵਰਕਰ ਵੀ ਹਾਜ਼ਰ ਸਨ।

ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਗਿਆਨੀ ਰਘਬੀਰ ਸਿੰਘ ਨੇ ਸਿਆਸੀ ਹਿੱਤਾਂ ਲਈ ਵਰਤਿਆ : ਵਿਨਰਜੀਤ ਗੋਲਡੀ

ਸੁਨਾਮ ਊਧਮ ਸਿੰਘ ਵਾਲਾ (ਹਾਕਮ ਭੱਟੀ, ਅਸ਼ੋਕ ਬਾਂਸਲ)-ਸ਼੍ਰੋਮਣੀ ਅਕਾਲੀ ਦਲ ਦੇ ਜਨਰਲ ਸਕੱਤਰ ਤੇ ਹਲਕਾ ਇੰਚਾਰਜ ਵਿਨਰਜੀਤ ਸਿੰਘ ਗੋਲਡੀ ਨੇ ਸਾਬਕਾ ਜਥੇਦਾਰ ਗਿਆਨੀ ਰਘਬੀਰ ਸਿੰਘ ਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਮਰਿਆਦਾ ਨੂੰ ਸਿਆਸੀ ਹਿੱਤਾਂ ਲਈ ਵਰਤਣ ਦਾ ਦੋਸ਼ ਲਾਇਆ ਹੈ।ਉਨ੍ਹਾਂ ਕਿਹਾ ਕਿ 2 ਦਸੰਬਰ ਨੂੰ ਜਥੇਦਾਰ ਜੀ ਦਾ ਸਵਾਲ ਇਹ ਸੀ ਕਿ ਬੇਅਦਬੀ ਦੀਆਂ ਘਟਨਾਵਾਂ ਤੁਹਾਡੇ ਕਾਰਜਕਾਲ ਦੌਰਾਨ ਹੋਈਆਂ ਸਨ, ਨਾ ਕਿ ਇਹ ਕਿ ਤੁਸੀਂ ਉਹ ਕਰਵਾਈਆਂ ਸਨ। ਇਸ 'ਤੇ ਸੁਖਬੀਰ ਸਿੰਘ ਬਾਦਲ ਨੇ ਸਪੱਸ਼ਟ ਕੀਤਾ ਸੀ ਕਿ ਬੇਅਦਬੀ ਦੀਆਂ ਘਟਨਾਵਾਂ ਉਨ੍ਹਾਂ ਦੇ ਕਾਰਜਕਾਲ ਦੌਰਾਨ ਹੋਈਆਂ ਤੇ ਇਸ ਲਈ ਉਹ ਸ੍ਰੀ ਅਕਾਲ ਤਖ਼ਤ ਸਾਹਿਬ ਅੱਗੇ ਸਮਰਪਤ ਹਨ।ਉਨ੍ਹਾਂ ਕਿਹਾ ਕਿ ਧਰਮ ਨੂੰ ਸਿਆਸੀ ਰੰਗਤ ਦੇ ਕੇ ਸ਼੍ਰੋਮਣੀ ਅਕਾਲੀ ਦਲ ਤੇ ਸੁਖਬੀਰ ਸਿੰਘ ਬਾਦਲ ਨੂੰ ਕਮਜ਼ੋਰ ਕਰਨ ਦੀਆਂ ਕੋਸ਼ਿਸ਼ਾਂ ਕਦੇ ਵੀ ਕਾਮਯਾਬ ਨਹੀਂ ਹੋਣਗੀਆਂ।ਉਨ੍ਹਾਂ ਕਿਹਾ ਕਿ ਉਹ ਕਿਸੇ ਵਿਅਕਤੀ ਵਿਸ਼ੇਸ਼ ਨਹੀਂ, ਸਗੋਂ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸਰਵ-ਉੱਚਤਾ 'ਤੇ ਵਿਸ਼ਵਾਸ ਰੱਖਦੇ ਹਨ ਤੇ ਉਹ ਸੁਖਬੀਰ ਸਿੰਘ ਬਾਦਲ ਨਾਲ ਚੱਟਾਨ ਵਾਂਗ ਖੜ੍ਹੇ ਹਨ ਅਤੇ ਹਮੇਸ਼ਾ ਖੜ੍ਹੇ ਰਹਿਣਗੇ।

ਰਜਿੰਦਰ ਸ਼ਰਮਾ ਬਣੇ ਬ੍ਰਾਹਮਣ ਭਲਾਈ ਬੋਰਡ ਦੇ ਜ਼ਿਲ੍ਹਾ ਚੇਅਰਮੈਨ

ਫਿਰੋਜ਼ਪੁਰ (ਅਸ਼ੋਕ ਸ਼ਰਮਾ, ਗੁਰਬਚਨ ਸਿੰਘ)-ਇਤਿਹਾਸਕ ਪਿੰਡ ਬਾਜੀਦਪੁਰ ਦੇ ਪ੍ਰਸਿੱਧ ਸਮਾਜ ਸੇਵੀ ਤੇ ਆਮ ਆਦਮੀ ਪਾਰਟੀ ਦੇ ਆਗੂ ਰਜਿੰਦਰ ਕੁਮਾਰ ਸ਼ਰਮਾ ਨੂੰ ਪੰਜਾਬ ਸਰਕਾਰ ਵੱਲੋਂ ਬ੍ਰਾਹਮਣ ਭਲਾਈ ਬੋਰਡ ਪੰਜਾਬ ਦਾ ਜ਼ਿਲ੍ਹਾ ਫ਼ਿਰੋਜ਼ਪੁਰ ਚੇਅਰਮੈਨ ਨਿਯੁਕਤ ਕੀਤਾ ਗਿਆ ਹੈ। ਉਨ੍ਹਾਂ ਦੀ ਇਸ ਨਿਯੁਕਤੀ ਨੂੰ ਲੈ ਕੇ ਜ਼ਿਲ੍ਹੇ ਭਰ ਤੇ ਖ਼ਾਸ ਕਰਕੇ ਪਿੰਡ ਬਾਜੀਦਪੁਰ ਵਿੱਚ ਖ਼ੁਸ਼ੀ ਦਾ ਮਾਹੌਲ ਹੈ। ਪੰਜਾਬ ਸਰਕਾਰ ਵੱਲੋਂ ਇਸ ਸਬੰਧੀ ਅਧਿਕਾਰਤ ਸਰਕੂਲਰ ਵੀ ਜਾਰੀ ਕਰ ਦਿੱਤਾ ਗਿਆ ਹੈ। ਇਹ ਨਿਯੁਕਤੀ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਤੇ ਫ਼ਿਰੋਜ਼ਪੁਰ ਦਿਹਾਤੀ ਦੇ ਵਿਧਾਇਕ ਰਜਨੀਸ਼ ਕੁਮਾਰ ਦਹੀਆ ਦੀ ਅਗਵਾਈ ਹੇਠ ਕੀਤੀ ਗਈ। ਇਸ ਫ਼ੈਸਲੇ ਨੂੰ ਬ੍ਰਾਹਮਣ ਸਮਾਜ ਦੀ ਭਲਾਈ ਤੇ ਵਿਕਾਸ ਲਈ ਸਰਕਾਰ ਦੀ ਵਚਨਬੱਧਤਾ ਦਾ ਪ੍ਰਤੀਕ ਮੰਨਿਆ ਜਾ ਰਿਹਾ ਹੈ। ਇਸ ਮੌਕੇ ਉਨ੍ਹਾਂ ਦੇ ਵੱਡੇ ਭਰਾ ਸੇਵਾ ਮੁਕਤ ਐੱਸ.ਐੱਚ.ਓ. ਤਰਸੇਮ ਸ਼ਰਮਾ, ਸਾਬਕਾ ਸਰਪੰਚ ਬਲਵਿੰਦਰ ਕੁਮਾਰ ਸ਼ਰਮਾ, ਕਮਲ ਲਾਹੌਰੀਆ, ਨਿਤੀਸ਼ ਕੁਮਾਰ ਸ਼ਰਮਾ, ਸੰਦੀਪ ਸ਼ਰਮਾ, ਟੇਜਿੰਦਰ ਕੁਮਾਰ, ਜੌਲੀ ਟਰਨਾ, ਗੁਰਦੀਪ ਸ਼ਰਮਾ, ਸੋਹਨ ਲਾਲ ਸ਼ਰਮਾ, ਅਮਰਜੀਤ ਸ਼ਰਮਾ, ਪ੍ਰਿੰਸੀਪਲ ਦਰਸ਼ਨ ਲਾਲ ਸ਼ਰਮਾ, ਹਰਜੀਤ ਕੁਮਾਰ ਸ਼ਰਮਾ, ਬਲਰਾਮ ਸ਼ਰਮਾ, ਗੁਲਸ਼ਨ ਸ਼ਰਮਾ, ਬਲਵਿੰਦਰ ਸਿੰਘ ਲਾਡੀ ਨੰਬਰਦਾਰ ਤੇ ਸ਼ਾਮ ਸਿੰਘ ਮੁਦਕਾ ਸਮੇਤ ਵੱਡੀ ਗਿਣਤੀ ਵਿੱਚ ਪਤਵੰਤੇ ਵਿਅਕਤੀਆਂ ਨੇ ਰਜਿੰਦਰ ਕੁਮਾਰ ਸ਼ਰਮਾ ਨੂੰ ਮੁਬਾਰਕਬਾਦ ਦਿੱਤੀ। ਉਨ੍ਹਾਂ ਆਸ ਪ੍ਰਗਟਾਈ ਕਿ ਰਜਿੰਦਰ ਸ਼ਰਮਾ ਆਪਣੀ ਨਵੀਂ ਜ਼ਿੰਮੇਵਾਰੀ ਨੂੰ ਪੂਰੀ ਇਮਾਨਦਾਰੀ, ਲਗਨ ਤੇ ਸਮਰਪਣ ਨਾਲ ਨਿਭਾਉਣਗੇ ਅਤੇ ਬ੍ਰਾਹਮਣ ਸਮਾਜ ਦੀ ਭਲਾਈ ਲਈ ਅਹਿਮ ਯੋਗਦਾਨ ਪਾਉਣਗੇ।

ਨਵ-ਨਿਯੁਕਤ ਮੈਨੇਜਿੰਗ ਡਾਇਰੈਕਟਰ ਦਾ ਪੈਨਸ਼ਨਰਾਂ ਵੱਲੋਂ ਸਵਾਗਤ

ਪਟਿਆਲਾ (ਰਾਜਿੰਦਰ ਸਿੰਘ ਥਿੰਦ)-ਪੀ ਆਰ ਟੀ ਸੀ ਪੈਨਸ਼ਨਰਜ਼ ਐਸੋਸੀਏਸ਼ਨ ਦੀ ਕੇਂਦਰੀ ਬਾਡੀ ਦੇ ਸੂਬਾ ਪ੍ਰਧਾਨ ਭਗਵੰਤ ਸਿੰਘ ਕੰਗਣਵਾਲ, ਸਕੱਤਰ ਜਨਰਲ ਹਰੀ ਸਿੰਘ ਚਮਕ ਤੇ ਕੈਸ਼ੀਅਰ ਅਮੋਲਕ ਸਿੰਘ ਵੱਲੋਂ ਪੀ ਆਰ ਟੀ ਸੀ ਦੀ ਨਵ-ਨਿਯੁਕਤ ਮੈਨੇਜਿੰਗ ਡਾਇਰੈਕਟਰ ਦਾ ਪੀ ਆਰ ਟੀ ਸੀ ਦੀ ਵਾਗਡੋਰ ਸੰਭਾਲਣ 'ਤੇ ਬੁੱਕਾ ਦੇ ਕੇ ਸਵਾਗਤ ਕੀਤਾ ਗਿਆ ਅਤੇ ਸੀਮਤ ਸਮੇਂ ਵਿੱਚ ਹੋਈ ਇਸ ਮੀਟਿੰਗ ਵਿੱਚ ਰਹਿੰਦੇ ਬਕਾਇਆਂ ਬਾਰੇ ਵੀ ਵਿਚਾਰ ਵਟਾਂਦਰਾ ਕੀਤਾ ਗਿਆ।ਪੀ ਆਰ ਟੀ ਸੀ ਪੈਨਸ਼ਨਰਾਂ ਦੇ ਨੁਮਾਇੰਦਿਆਂ ਨੇ ਰਹਿੰਦੀ 20% ਪੈਨਸ਼ਨ, 2016 ਦੇ ਪੇ-ਕਮਿਸ਼ਨ ਦੇ ਬਕਾਏ ਤੇ ਮੈਡੀਕਲ ਬਿਲਾਂ ਦੀ ਅਦਾਇਗੀ ਬਾਰੇ ਵੀ ਗੱਲ ਕੀਤੀ, ਜਿਸ ਸਬੰਧੀ ਐੱਮ ਡੀ ਨੇ ਵਿਸ਼ਵਾਸ ਦਿਵਾਇਆ ਕਿ ਜਲਦੀ ਹੀ ਸਰਕਾਰ ਵੱਲੋਂ ਪੈਸੇ ਆ ਰਹੇ ਹਨ।ਇਹ ਪੈਸੇ ਆਉਣ ਦੇ ਨਾਲ ਹੀ ਰਹਿੰਦੇ ਭੁਗਤਾਨ ਜਿੰਨੇ ਵੀ ਹੋ ਸਕੇ ਕਰ ਦਿੱਤੇ ਜਾਣਗੇ, ਬਾਕੀ ਰਹਿੰਦੇ ਅਗਲੇ ਮਹੀਨੇ ਦੀ ਪੈਨਸ਼ਨ ਦੇ ਨਾਲ ਜਾਂ ਕੁਝ ਦਿਨ ਮਗਰੋਂ ਕਰ ਦਿੱਤੇ ਜਾਣਗੇ।ਮੀਟਿੰਗ ਬਹੁਤ ਹੀ ਖ਼ੁਸ਼ਗੁਬਾਰ ਮਾਹੌਲ ਵਿੱਚ ਹੋਈ ਪੈਨਸ਼ਨਰਜ਼ ਨੁਮਾਇੰਦਿਆਂ ਨੇ ਐੱਮ ਡੀ ਦਾ ਧੰਨਵਾਦ ਕੀਤਾ।

ਈ-ਪੋਸ਼ ਮਸ਼ੀਨਾਂ ਦੇ ਨਵੇਂ ਸਿਸਟਮ ਕਾਰਨ ਡਿਪੂ ਹੋਲਡਰ ਤੇ ਖਪਤਕਾਰ ਪ੍ਰੇਸ਼ਾਨ

- ਮਸਲਾ ਹੱਲ ਨਾ ਹੋਣ 'ਤੇ ਮੁੱਖ ਮੰਤਰੀ ਦੇ ਘਿਰਾਓ ਦੀ ਚੇਤਾਵਨੀ
- ਕਣਕ ਦੇ ਸ਼ੱਕੀ ਕਾਰਨਾਂ 'ਚ ਵਧਦੇ ਵਜ਼ਨ ਦੀ ਹੋਵੇ ਜਾਂਚ : ਕਾਂਝਲਾ

ਧੂਰੀ (ਮੋਹਿਤ ਗਰਗ, ਮਨੋਹਰ ਸੱਗੂ, ਬਿੰਨੀ ਗਰਗ)

ਰਾਸ਼ਨ ਡਿਪੂ ਹੋਲਡਰ ਫੈਡਰੇਸ਼ਨ ਆਫ਼ ਪੰਜਾਬ ਦੇ ਸੂਬਾ ਪ੍ਰਧਾਨ ਸੁਖਵਿੰਦਰ ਸਿੰਘ ਕਾਂਝਲਾ ਨੇ ਕੇਂਦਰ ਤੇ ਪੰਜਾਬ ਸਰਕਾਰ 'ਤੇ ਡਿਪੂ ਹੋਲਡਰਾਂ ਤੇ ਖਪਤਕਾਰਾਂ ਨੂੰ ਤੰਗ-ਪ੍ਰੇਸ਼ਾਨ ਕਰਨ ਦਾ ਗੰਭੀਰ ਦੋਸ਼ ਲਗਾਇਆ ਹੈ।ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਉਨ੍ਹਾਂ ਕਿਹਾ ਕਿ ਪਹਿਲਾਂ ਖਪਤਕਾਰਾਂ ਨੂੰ ਤਿੰਨ ਮਹੀਨਿਆਂ ਦਾ ਰਾਸ਼ਨ ਵੰਡਣ ਲਈ ਈ-ਪੋਸ਼ ਮਸ਼ੀਨ ਰਾਹੀਂ ਸਿਰਫ਼ ਇੱਕ ਹੀ ਪਰਚੀ ਜਾਰੀ ਹੁੰਦੀ ਸੀ, ਜਿਸ ਨਾਲ ਰਾਸ਼ਨ ਵੰਡਣ ਦਾ ਕੰਮ ਬੇਹੱਦ ਆਸਾਨ ਤੇ ਸੁਚਾਰੂ ਤਰੀਕੇ ਨਾਲ ਚੱਲ ਰਿਹਾ ਸੀ, ਪਰ ਹੁਣ ਖੁਰਾਕ ਤੇ ਸਪਲਾਈ ਵਿਭਾਗ ਨੇ ਹਰ ਮਹੀਨੇ ਦੀ ਵੱਖਰੀ ਪਰਚੀ ਤੇ ਰਾਸ਼ਨ ਕਿੱਟ ਲਈ ਇੱਕ ਹੋਰ ਵੱਖਰੀ ਪਰਚੀ ਕੱਟਣ ਦਾ ਨਵਾਂ ਅੜਿੱਕਾ ਖੜ੍ਹਾ ਕਰ ਦਿੱਤਾ ਹੈ, ਜਿਸ ਨੇ ਡਿਪੂ ਹੋਲਡਰਾਂ ਦਾ ਕੰਮ ਚਾਰ ਗੁਣਾਂ ਵਧਾ ਕੇ ਰੱਖ ਦਿੱਤਾ ਹੈ।

ਸੂਬਾ ਪ੍ਰਧਾਨ ਨੇ ਪ੍ਰਸ਼ਾਸਨ ਤੇ ਸਰਕਾਰ ਨੂੰ ਜਨਤਾ ਦੀਆਂ ਮੁਸ਼ਕਲਾਂ ਤੋਂ ਜਾਣੂ ਕਰਵਾਉਂਦਿਆਂ ਦੱਸਿਆ ਕਿ ਇੱਕ ਲਾਭਪਾਤਰੀ ਲਈ ਚਾਰ ਵੱਖ-ਵੱਖ ਪਰਚੀਆਂ ਕੱਢਣ ਵਿੱਚ ਕਰੀਬ 12 ਤੋਂ 15 ਮਿੰਟ ਦਾ ਕੀਮਤੀ ਸਮਾਂ ਬਰਬਾਦ ਹੋ ਰਿਹਾ ਹੈ।ਪੇਂਡੂ ਖੇਤਰਾਂ ਵਿੱਚ ਇੰਟਰਨੈੱਟ ਤੇ ਨੈੱਟਵਰਕ ਦੀ ਰੇਂਜ ਘੱਟ ਹੋਣ ਕਾਰਨ ਇਹ ਮਸ਼ੀਨਾਂ ਹੋਰ ਵੀ ਹੌਲੀ ਚੱਲਦੀਆਂ ਹਨ।ਇਸ ਤਕਨੀਕੀ ਖ਼ਰਾਬੀ ਤੇ ਨਵੇਂ ਗੁੰਝਲਦਾਰ ਸਿਸਟਮ ਕਾਰਨ ਡਿਪੂਆਂ 'ਤੇ ਖਪਤਕਾਰਾਂ ਦੀਆਂ ਲੰਮੀਆਂ ਕਤਾਰਾਂ ਲੱਗ ਰਹੀਆਂ ਹਨ, ਜਿਸ ਨਾਲ ਆਮ ਲੋਕਾਂ ਵਿੱਚ ਭਾਰੀ ਬੇਚੈਨੀ ਤੇ ਖੱਜਲ-ਖੁਆਰੀ ਦੇਖਣ ਨੂੰ ਮਿਲ ਰਹੀ ਹੈ।ਸ੍ਰੀ ਕਾਂਝਲਾ ਨੇ ਮੰਗ ਕੀਤੀ ਕਿ ਮਹੀਨਾਵਾਰ ਪਰਚੀਆਂ ਤੇ ਕਿੱਟਾਂ ਲਈ ਵੱਖਰੀ ਪਰਚੀ ਕੱਢਣ ਦੇ ਇਸ ਗੁੰਝਲਦਾਰ ਸਿਸਟਮ ਨੂੰ ਤੁਰੰਤ ਬੰਦ ਕੀਤਾ ਜਾਵੇ।ਲੋਕ ਹਿੱਤਾਂ ਨੂੰ ਮੁੱਖ ਰੱਖਦਿਆਂ, ਪਹਿਲਾਂ ਵਾਂਗ 'ਇੱਕੋ ਪਰਚੀ' ਰਾਹੀਂ ਰਾਸ਼ਨ ਤੇ ਕਿੱਟਾਂ ਵੰਡਣ ਦੇ ਹੁਕਮ ਜਾਰੀ ਕੀਤੇ ਜਾਣ ਤਾਂ ਜੋ ਜਨਤਾ ਤੇ ਡਿਪੂ ਹੋਲਡਰਾਂ ਨੂੰ ਵੱਡੀ ਰਾਹਤ ਮਿਲ ਸਕੇ।ਉਨ੍ਹਾਂ ਚੇਤਾਵਨੀ ਦਿੱਤੀ ਕਿ ਜੇਕਰ ਸਰਕਾਰ ਨੇ ਇਸ ਮਸਲੇ ਦਾ ਜਲਦ ਹੱਲ ਨਾ ਕੀਤਾ ਤਾਂ ਅੱਕੇ ਹੋਏ ਡਿਪੂ ਹੋਲਡਰ ਤੇ ਲਾਭਪਾਤਰੀ ਤਿੱਖਾ ਸੰਘਰਸ਼ ਵਿੱਢਣਗੇ ਤੇ ਮੁੱਖ ਮੰਤਰੀ ਭਗਵੰਤ ਮਾਨ ਦਾ ਘਿਰਾਓ ਕਰਨ ਲਈ ਮਜਬੂਰ ਹੋਣਗੇ।ਉਨ੍ਹਾਂ ਮਹਿਕਮੇ ਦੀ ਅਫ਼ਸਰਸ਼ਾਹੀ 'ਤੇ ਖਪਤਕਾਰਾਂ ਨੂੰ ਜਾਣ-ਬੁੱਝ ਕੇ ਤੰਗ ਕਰਨ ਦਾ ਦੋਸ਼ ਲਗਾਉਂਦਿਆਂ ਇੱਕ ਵੱਡਾ ਖੁਲਾਸਾ ਕਰਦਿਆਂ ਕਿਹਾ ਕਿ ਖਰੀਦ ਕਰਨ ਵੇਲੇ ਕਣਕ ਦੀ ਬੋਰੀ ਦਾ ਵਜ਼ਨ 50 ਕਿੱਲੋ ਹੁੰਦਾ ਹੈ, ਪਰ ਜਦੋਂ ਇਹ ਕਣਕ ਡਿਪੂ ਹੋਲਡਰਾਂ ਕੋਲ ਪਹੁੰਚਦੀ ਹੈ ਤਾਂ ਸ਼ੱਕੀ ਕਾਰਨਾਂ ਕਰਕੇ ਇਸ ਦਾ ਵਜ਼ਨ 51 ਤੋਂ 55 ਕਿੱਲੋ ਤੱਕ ਵੱਧ ਜਾਂਦਾ ਹੈ, ਜਿਸ ਦੇ ਅਸਲ ਕਾਰਨਾਂ ਦੀ ਉੱਚ ਪੱਧਰੀ ਜਾਂਚ ਕਰਵਾਉਣੀ ਬੇਹੱਦ ਜ਼ਰੂਰੀ ਹੈ।

ਸਚਿਨ ਧੀਰ ਨੂੰ ਨਗਰ ਕੌਂਸਲਰ ਬਣਨ 'ਤੇ ਖੱਤਰੀ ਸਭਾ ਨੇ ਕੀਤਾ ਸਨਮਾਨਤ

ਮੋਗਾ (ਇਕਬਾਲ ਸਿੰਘ ਖਹਿਰਾ)-ਖੱਤਰੀ ਮਹਾਂ ਸਭਾ ਪੰਜਾਬ ਦੇ ਸੂਬਾ ਚੀਫ ਪੈਟਰਨ ਤੇ ਮਾਰਕੀਟ ਕਮੇਟੀ ਕੋਟ ਈਸੇ ਖਾਂ ਦੇ ਸਾਬਕਾ ਚੇਅਰਮੈਨ ਵਿਜੇ ਧੀਰ ਦੇ ਹੋਣਹਾਰ ਸਪੁੱਤਰ ਸਚਿਨ ਧੀਰ ਦੇ ਹਾਲ ਹੀ ਵਿੱਚ ਹੋਈ ਮਿਊਂਸਪਲ ਚੋਣਾਂ ਵਿੱਚ ਨਗਰ ਕੌਂਸਲਰ ਕੋਟ ਈਸੇ ਖਾਂ ਦੇ ਨਗਰ ਕੌਂਸਲਰ ਚੁਣੇ ਜਾਣ 'ਤੇ ਖੱਤਰੀ ਸਭਾ ਮੋਗਾ ਨੇ ਸਨਮਾਨਤ ਕੀਤਾ ਤੇ ਕੋਟ ਈਸੇ ਖਾਂ ਦੇ ਧੀਰ ਪਰਵਾਰ ਨੂੰ ਵਧਾਈ ਦਿੱਤੀ।ਖੱਤਰੀ ਸਭਾ ਮੋਗਾ ਦੇ ਚੇਅਰਮੈਨ ਵਿਜੇ ਧੀਰ ਐਡਵੋਕੇਟ, ਪ੍ਰਧਾਨ ਡਾ. ਐੱਮ ਐੱਲ ਜੈਦਕਾ, ਜ਼ਿਲ੍ਹਾ ਪ੍ਰਧਾਨ ਵਿਕਾਸ ਕਪੂਰ, ਪ੍ਰਚਾਰ ਸਕੱਤਰ ਰਕੇਸ਼ ਸਿਤਾਰਾ ਬਰਾਂਡ ਅੰਬੈਸਡਰ ਤੇ ਵਿੱਤ ਸਕੱਤਰ ਸਰਬਜੀਤ ਮੈਂਗੀ ਨੇ ਨਵ-ਨਿਰਵਾਚਿਤ ਨਗਰ ਕੌਂਸਲਰ ਸਚਿਨ ਧੀਰ ਨੂੰ ਖੱਤਰੀ ਸਭਾ ਦਾ ਸਿਰੋਪਾਓ, ਦੋਸ਼ਾਲਾ ਪਹਿਨਾ ਕੇ ਤੇ ਫੁੱਲਾਂ ਦਾ ਗੁਲਦਸਤਾ ਦੇ ਕੇ ਸਨਮਾਨਤ ਕੀਤਾ।ਇਸ ਮੌਕੇ ਨਵ-ਨਿਰਵਾਚਿਤ ਨਗਰ ਕੌਂਸਲਰ ਸਚਿਨ ਧੀਰ ਦੇ ਪਿਤਾ ਵਿਜੇ ਧੀਰ ਤੇ ਸਚਿਨ ਧੀਰ ਦੀ ਧਰਮ ਪਤਨੀ ਡਾਕਟਰ ਮਾਲਤੀ ਧੀਰ ਨੂੰ ਵੀ ਸਨਮਾਨਤ ਕੀਤਾ।ਇਸ ਮੌਕੇ ਖੱਤਰੀ ਸਭਾ ਚੇਅਰਮੈਨ ਵਿਜੇ ਧੀਰ ਐਡਵੋਕੇਟ, ਪ੍ਰਧਾਨ ਡਾਕਟਰ ਐੱਮ ਐੱਲ ਜੈਦਕਾ ਨੇ ਕਿਹਾ ਕਿ ਸਚਿਨ ਧੀਰ ਨੇ ਨਗਰ ਕੌਂਸਲਰ ਬਣ ਕੇ ਖੱਤਰੀ ਬਿਰਾਦਰੀ ਦਾ ਨਾਮ ਰੋਸ਼ਨ ਕੀਤਾ ਹੈ।

ਕਾਰ ਚਾਲਕ 100 ਕਿਲੋ ਭੁੱਕੀ ਸਮੇਤ ਕਾਬੂ

ਸਮਾਣਾ (ਇਕਬਾਲ ਸਿੰਘ ਬੱਲ)-ਨਸ਼ਿਆਂ ਵਿਰੁੱਧ ਵਿੱਢੀ ਮੁਹਿੰਮ ਤਹਿਤ ਸਮਾਣਾ ਪੁਲਸ ਨੂੰ ਉਸ ਵੇਲੇ ਇੱਕ ਵੱਡੀ ਸਫਲਤਾ ਮਿਲੀ, ਜਦੋਂ ਡੀ.ਐੱਸ.ਪੀ. ਸਮਾਣਾ ਫਤਿਹ ਸਿੰਘ ਬਰਾੜ ਤੇ ਐੱਸ ਐੱਚ ਓ ਸਦਰ ਅਜੇ ਪਰੋਚਾ ਦੀ ਅਗਵਾਈ ਹੇਠ ਥਾਣਾ ਸਦਰ ਸਮਾਣਾ ਦੀ ਪੁਲਸ ਨੇ ਇੱਕ ਕਾਰ ਚਾਲਕ ਨੂੰ 100 ਕਿੱਲੋ ਭੁੱਕੀ (ਚੂਰਾ ਪੋਸਤ) ਸਮੇਤ ਗ੍ਰਿਫ਼ਤਾਰ ਕੀਤਾ।ਪੁਲਸ ਨੇ ਮੌਕੇ ਤੋਂ ਤਸਕਰੀ ਲਈ ਵਰਤੀ ਜਾ ਰਹੀ ਇੱਕ ਕਰੇਟਾ ਗੱਡੀ ਵੀ ਜ਼ਬਤ ਕੀਤੀ ਹੈ। ?ਮਾਮਲੇ ਸਬੰਧੀ ਜਾਣਕਾਰੀ ਦਿੰਦੇ ਹੋਏ ਥਾਣਾ ਸਦਰ ਦੇ ਐੱਸ.ਐੱਚ.ਓ. ਅਜੇ ਪਰੋਚਾ ਦੀ ਅਗਵਾਈ ਹੇਠ ਸਬ-ਇੰਸਪੈਕਟਰ ਜਸਵਿੰਦਰ ਸਿੰਘ ਨੇ ਦੱਸਿਆ ਕਿ ਉਹ ਆਪਣੀ ਪੁਲਸ ਪਾਰਟੀ ਸਮੇਤ ਇਲਾਕੇ ਵਿੱਚ ਸ਼ੱਕੀ ਪੁਰਸ਼ਾਂ ਤੇ ਮਾੜੇ ਅਨਸਰਾਂ 'ਤੇ ਨਜ਼ਰ ਰੱਖਣ ਲਈ ਗਸ਼ਤ 'ਤੇ ਤਾਇਨਾਤ ਸਨ।ਜਦੋਂ ਪੁਲਸ ਪਾਰਟੀ ਗਸ਼ਤ ਕਰਦੀ ਹੋਈ ਪਿੰਡ ਧਨੇਠਾ ਤੋਂ ਅਸਮਾਨਪੁਰ-ਰਤਨਹੇੜੀ ਲਿੰਕ ਰੋਡ ਵੱਲ ਜਾ ਰਹੀ ਸੀ, ਤਾਂ ਧਨੇਠਾ ਵਾਲੇ ਪਾਸੇ ਤੋਂ ਰਤਨਹੇੜੀ ਵੱਲ ਆ ਰਹੀ ਇੱਕ ਕਰੇਟਾ ਗੱਡੀ ਪੁਲਸ ਪਾਰਟੀ ਨੂੰ ਦੇਖ ਕੇ ਅਚਾਨਕ ਰੁਕ ਗਈ।ਪੁਲਸ ਨੂੰ ਸਾਹਮਣੇ ਦੇਖ ਕੇ ਕਾਰ ਚਾਲਕ ਘਬਰਾ ਗਿਆ ਤੇ ਗੱਡੀ ਨੂੰ ਮੌਕੇ 'ਤੇ ਹੀ ਛੱਡ ਕੇ ਭੱਜਣ ਦੀ ਕੋਸ਼ਿਸ਼ ਕਰਨ ਲੱਗਾ, ਪਰ ਪੁਲਸ ਪਾਰਟੀ ਨੇ ਮੁਸਤੈਦੀ ਦਿਖਾਉਂਦੇ ਹੋਏ ਤੁਰੰਤ ਉਕਤ ਕਾਰ ਚਾਲਕ ਨੂੰ ਕਾਬੂ ਕਰ ਲਿਆ।ਕਾਬੂ ਕੀਤੇ ਗਏ ਵਿਅਕਤੀ ਦੀ ਮੌਜੂਦਗੀ ਵਿੱਚ ਜਦੋਂ ਕ੍ਰੇਟਾ ਗੱਡੀ ਦੀ ਤਲਾਸ਼ੀ ਲਈ ਗਈ, ਤਾਂ ਉਸ ਵਿੱਚੋਂ 100 ਕਿੱਲੋ ਭੁੱਕੀ ਬਰਾਮਦ ਹੋਈ।ਫੜੇ ਗਏ ਕਾਰ ਚਾਲਕ ਦੀ ਪਛਾਣ ਸੁਖਵਿੰਦਰ ਸਿੰਘ ਪੁੱਤਰ ਗੁਰਮੀਤ ਸਿੰਘ, ਨਿਵਾਸੀ ਪਿੰਡ ਮਰੌੜੀ, ਥਾਣਾ ਸਦਰ ਸਮਾਣਾ ਵਜੋਂ ਹੋਈ ਹੈ।ਪੁਲਸ ਨੇ ਫੜੇ ਗਏ ਕਥਿਤ ਦੋਸ਼ੀ ਸੁਖਵਿੰਦਰ ਸਿੰਘ ਖਿਲਾਫ ਮੁਕੱਦਮਾ ਦਰਜ ਕਰਕੇ ਅਗਲੇਰੀ ਕਾਰਵਾਈ ਆਰੰਭ ਕਰ ਦਿੱਤੀ ਹੈ।

ਨੈਸ਼ਨਲ ਮਾਸਟਰ ਐਥਲੈਟਿਕਸ ਚੈਂਪੀਅਨਸ਼ਿਪ 'ਚ ਫ਼ਿਰੋਜ਼ਪੁਰ ਦੀ ਬੱਲੇ-ਬੱਲੇ

ਕਈ ਸੋਨ ਤਮਗਿਆਂ ਤੇ ਨਵੇਂ ਰਿਕਾਰਡਾਂ ਨਾਲ ਪੰਜਾਬ ਦਾ ਨਾਂਅ ਕੀਤਾ ਰੌਸ਼ਨ

ਫ਼ਿਰੋਜ਼ਪੁਰ (ਗੁਰਬਚਨ ਸਿੰਘ)-ਪਿਛਲੇ ਦਿਨੀਂ ਨੈਸ਼ਨਲ ਮਾਸਟਰ ਐਥਲੈਟਿਕਸ ਚੈਂਪੀਅਨਸ਼ਿਪ ਵਿੱਚ ਫ਼ਿਰੋਜ਼ਪੁਰ ਦੇ ਖਿਡਾਰੀਆਂ ਨੇ ਇੱਕ ਵਾਰ ਫਿਰ ਆਪਣੀ ਸ਼ਾਨਦਾਰ ਖੇਡ ਦਾ ਲੋਹਾ ਮਨਵਾਉਂਦਿਆਂ ਜ਼ਿਲ੍ਹੇ ਤੇ ਪੰਜਾਬ ਦਾ ਨਾਮ ਰੌਸ਼ਨ ਕੀਤਾ ਹੈ।ਡਾ. ਗੁਰਿੰਦਰਜੀਤ ਸਿੰਘ ਢਿੱਲੋਂ ਪ੍ਰਧਾਨ ਡਿਸਟ੍ਰਿਕਟ ਮਾਸਟਰਜ਼ ਐਸੋਸੀਏਸ਼ਨ ਫ਼ਿਰੋਜ਼ਪੁਰ ਦੀ ਅਗਵਾਈ ਹੇਠ ਫ਼ਿਰੋਜ਼ਪੁਰ ਦੇ 6 ਖਿਡਾਰੀਆਂ ਨੇ ਇਸ ਰਾਸ਼ਟਰੀ ਪੱਧਰ ਦੇ ਮੁਕਾਬਲੇ ਵਿੱਚ ਭਾਗ ਲਿਆ ਤੇ ਕਈ ਸੋਨੇ ਦੇ ਤਮਗੇ ਜਿੱਤ ਕੇ ਜ਼ਿਲ੍ਹੇ ਨੂੰ ਮਾਣ ਦਿਵਾਇਆ।

70 ਸਾਲ ਤੋਂ ਵੱਧ ਉਮਰ ਵਰਗ ਵਿੱਚ ਡਾ. ਗੁਰਿੰਦਰਜੀਤ ਸਿੰਘ ਢਿੱਲੋਂ ਨੇ ਸ਼ਾਟ-ਪੁੱਟ ਤੇ ਜੈਵਲਿਨ ਥ੍ਰੋ ਵਿੱਚ ਸੋਨ ਤਮਗੇ, 65 ਸਾਲ ਤੋਂ ਵੱਧ ਉਮਰ ਵਰਗ ਵਿੱਚ ਪ੍ਰੋਫੈਸਰ ਸਰਜੀਤ ਸਿੰਘ ਸਿੱਧੂ ਨੇ ਹੈਮਰ ਥਰੋ ਤੇ ਸ਼ਾਟ-ਪੁੱਟ ਵਿੱਚ ਸੋਨ ਤਮਗੇ, 60 ਸਾਲ ਤੋਂ ਵੱਧ ਉਮਰ ਵਰਗ ਵਿੱਚ ਡਾ. ਜਸਵੰਤ ਸਿੰਘ ਨੇ 200 ਮੀਟਰ ਤੇ 400 ਮੀਟਰ ਦੌੜ ਵਿੱਚ ਸੋਨ ਤਮਗੇ, 50 ਸਾਲ ਤੋਂ ਵੱਧ ਉਮਰ ਵਰਗ ਵਿੱਚ ਅਧਿਆਪਕ ਈਸ਼ਵਰ ਸ਼ਰਮਾ ਨੇ ਨਵਾਂ ਨੈਸ਼ਨਲ ਰਿਕਾਰਡ ਕਾਇਮ ਕਰਦਿਆਂ ਸ਼ਾਟ-ਪੁੱਟ ਤੇ ਜੈਵਲਿਨ ਥਰੋ ਵਿੱਚ ਸੋਨ ਤਮਗੇ ਪੰਜਾਬ ਦੀ ਝੋਲੀ ਪਾਏ।45 ਸਾਲ ਤੋਂ ਵੱਧ ਉਮਰ ਵਰਗ ਵਿੱਚ ਲੈਕਚਰਾਰ ਜਸਵਿੰਦਰ ਸਿੰਘ ਸੰਧੂ ਨੇ ਹੈਮਰ ਥਰੋ 'ਚ ਸੋਨ ਤਮਗਾ, ਜਦਕਿ 40 ਸਾਲ ਤੋਂ ਵੱਧ ਉਮਰ ਵਰਗ 'ਚ ਏਸ਼ੀਅਨ ਚੈਂਪੀਅਨ ਪਰਗਟ ਸਿੰਘ ਗਿੱਲ ਨੇ ਨਵਾਂ ਰਿਕਾਰਡ ਬਣਾਉਂਦਿਆਂ ਹੈਮਰ ਥਰੋ ਤੇ ਸ਼ਾਟ-ਪੁੱਟ ਵਿੱਚ ਸੋਨ ਤਮਗੇ ਆਪਣੇ ਨਾਮ ਕੀਤੇ।ਜੇਤੂ ਖਿਡਾਰੀਆਂ ਨੂੰ ਵਧਾਈ ਦਿੰਦਿਆਂ ਹਲਕਾ ਫ਼ਿਰੋਜ਼ਪੁਰ ਸ਼ਹਿਰੀ ਦੇ ਵਿਧਾਇਕ ਰਣਬੀਰ ਸਿੰਘ ਭੁੱਲਰ ਨੇ ਕਿਹਾ ਕਿ ਫ਼ਿਰੋਜ਼ਪੁਰ ਦੇ ਇਹ ਖਿਡਾਰੀ ਨੌਜਵਾਨਾਂ ਲਈ ਪ੍ਰੇਰਣਾ ਸਰੋਤ ਹਨ ਤੇ ਉਨ੍ਹਾਂ ਦਾ ਇਸ ਵਾਰ ਵੀ ਵਿਸ਼ੇਸ਼ ਮਾਣ-ਸਨਮਾਨ ਕੀਤਾ ਜਾਵੇਗਾ।

ਇਸ ਮੌਕੇ ਗੁਰਦਿਆਲ ਸਿੰਘ ਵਿਰਕ ਸੀਨੀਅਰ ਮੀਤ ਪ੍ਰਧਾਨ, ਦਲੀਪ ਸਿੰਘ ਸੰਧੂ ਕੈਸ਼ੀਅਰ, ਹਰਬਰਿੰਦਰ ਸਿੰਘ ਮੀਤ ਪ੍ਰਧਾਨ, ਕੇਵਲ ਕ੍ਰਿਸ਼ਨ ਸ਼ਰਮਾ, ਗੁਰਬਚਨ ਸਿੰਘ ਭੁੱਲਰ, ਮਲਕੀਤ ਸਿੰਘ ਹਰਾਜ ਜ਼ਿਲ੍ਹਾ ਪ੍ਰਧਾਨ ਡੈਮੋਕ੍ਰੇਟਿਕ ਟੀਚਰ ਫਰੰਟ, ਸਰਬਜੀਤ ਸਿੰਘ ਭਾਵੜਾ ਸੂਬਾ ਕਮੇਟੀ ਮੈਂਬਰ ਡੀਟੀਐੱਫ, ਡਾ. ਸਤਿੰਦਰ ਸਿੰਘ ਉੱਪ ਜ਼ਿਲ੍ਹਾ ਸਿੱਖਿਆ ਅਫ਼ਸਰ ਤੇ ਕੋਮਲ ਅਰੋੜਾ ਉਪ ਜ਼ਿਲ੍ਹਾ ਸਿੱਖਿਆ ਅਫ਼ਸਰ ਨੇ ਵੀ ਜੇਤੂ ਖਿਡਾਰੀਆਂ ਨੂੰ ਵਧਾਈ ਦਿੰਦਿਆਂ ਉਨ੍ਹਾਂ ਦੇ ਉੱਜਵਲ ਭਵਿੱਖ ਲਈ ਸ਼ੁੱਭ-ਕਾਮਨਾਵਾਂ ਦਿੱਤੀਆਂ।

ਰਾਜਪਾਲ ਕਟਾਰੀਆ ਭਲਕੇ ਕਰਨਗੇ ਸਕਿੱਲ ਡਿਵੈਲਪਮੈਂਟ ਸੈਂਟਰ ਦਾ ਉਦਘਾਟਨ

ਫ਼ਰੀਦਕੋਟ (ਐਲਿਗਜ਼ੈਂਡਰ ਡਿਸੂਜ਼ਾ)-ਪੰਜਾਬ ਦੇ ਰਾਜਪਾਲ ਸ੍ਰੀ ਗੁਲਾਬ ਚੰਦ ਕਟਾਰੀਆ 15 ਜੂਨ ਨੂੰ ਫਰੀਦਕੋਟ ਦੇ ਦੌਰੇ 'ਤੇ ਆ ਰਹੇ ਹਨ।ਆਪਣੇ ਇਸ ਦੌਰੇ ਦੌਰਾਨ ਉਹ ਰੈੱਡ ਕਰਾਸ ਭਵਨ ਵਿਖੇ ਨਵੇਂ ਸਥਾਪਤ ਕੀਤੇ ਗਏ ਸਕਿੱਲ ਡਿਵੈਲਪਮੈਂਟ ਸੈਂਟਰ ਦਾ ਉਦਘਾਟਨ ਕਰਨਗੇ।ਇਸ ਤੋਂ ਬਾਅਦ ਉਹ ਸੱਭਿਆਚਾਰਕ ਕੇਂਦਰ ਦੇ ਆਡੀਟੋਰੀਅਮ ਹਾਲ ਵਿਖੇ ਜ਼ਿਲ੍ਹਾ ਵਾਸੀਆਂ ਦੇ ਇੱਕ ਇਕੱਠ ਨੂੰ ਵੀ ਸੰਬੋਧਨ ਕਰਨਗੇ।ਇਸ ਅਹਿਮ ਪ੍ਰੋਗਰਾਮ ਦੀਆਂ ਤਿਆਰੀਆਂ ਨੂੰ ਲੈ ਕੇ ਡਿਪਟੀ ਕਮਿਸ਼ਨਰ ਫਰੀਦਕੋਟ ਸ੍ਰੀ ਰਾਹੁਲ ਚਾਬਾ ਨੇ ਵੱਖ-ਵੱਖ ਵਿਭਾਗਾਂ ਦੇ ਉੱਚ ਅਧਿਕਾਰੀਆਂ ਨਾਲ ਇੱਕ ਵਿਸ਼ੇਸ਼ ਮੀਟਿੰਗ ਕੀਤੀ ਤੇ ਪ੍ਰਬੰਧਾਂ ਦਾ ਜਾਇਜ਼ਾ ਲਿਆ।

ਮੀਟਿੰਗ ਦੌਰਾਨ ਜਾਣਕਾਰੀ ਦਿੰਦਿਆਂ ਡਿਪਟੀ ਕਮਿਸ਼ਨਰ ਸ੍ਰੀ ਰਾਹੁਲ ਚਾਬਾ ਨੇ ਦੱਸਿਆ ਕਿ ਇਹ ਨਵਾਂ ਸਕਿੱਲ ਡਿਵੈਲਪਮੈਂਟ ਸੈਂਟਰ 'ਸਨ ਫਾਊਂਡੇਸ਼ਨ' ਵੱਲੋਂ ਚਲਾਇਆ ਜਾਵੇਗਾ। ਇਸ ਸੈਂਟਰ 'ਚ ਇਲਾਕੇ ਦੇ ਨੌਜਵਾਨਾਂ ਨੂੰ ਸੱਤ ਵੱਖ-ਵੱਖ ਹੁਨਰਾਂ ਦੀ ਬਿਲਕੁਲ ਮੁਫ਼ਤ ਸਿਖਲਾਈ ਦਿੱਤੀ ਜਾਵੇਗੀ। ਇਸ ਉਪਰੰਤ ਰਾਜਪਾਲ ਸ੍ਰੀ ਕਟਾਰੀਆ ਸਰਕਾਰੀ ਬ੍ਰਿਜਿੰਦਰਾ ਕਾਲਜ ਵਿਖੇ ਬਣੇ ਐਸਟ੍ਰੋਟਰਫ ਹਾਕੀ ਗਰਾਊਂਡ ਦਾ ਦੌਰਾ ਵੀ ਕਰਨਗੇ।

ਮਾਨ ਸਰਕਾਰ ਸਿਆਸੀ ਪੱਖਪਾਤ ਦੀਆਂ ਕੰਧਾਂ ਢਾਹ ਕੇ ਪੇਂਡੂ ਵਿਕਾਸ ਨੂੰ ਬਣਾਏਗੀ ਨੰਬਰ ਵਨ : ਡਾ. ਜਵੰਧਾ

ਭਵਾਨੀਗੜ੍ਹ (ਰਾਜ ਖੁਰਮੀ)-ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੇਂਡੂ ਵਿਕਾਸ ਨੂੰ ਨਵੀਂ ਦਿਸ਼ਾ ਦੇਣ ਦੇ ਉਦੇਸ਼ ਨਾਲ ਪੰਜਾਬ ਇਨਫੋਟੈਕ ਤੇ ਭਾਈ ਗੁਰਦਾਸ ਗਰੁੱਪ ਦੇ ਚੇਅਰਮੈਨ ਡਾ. ਗੁਨਿੰਦਰਜੀਤ ਸਿੰਘ ਮਿੰਕੂ ਜਵੰਧਾ ਨੇ ਪਿੰਡ ਗੁਰਦਾਸਪੁਰਾ (ਗੁਰਥਲੀ) ਦਾ ਦੌਰਾ ਕਰਕੇ ਪਿੰਡ ਵਾਸੀਆਂ ਨਾਲ ਅਹਿਮ ਬੈਠਕ ਕੀਤੀ।ਇਸ ਮੌਕੇ ਗ੍ਰਾਮ ਪੰਚਾਇਤ ਤੇ ਪਿੰਡ ਵਾਸੀਆਂ ਵੱਲੋਂ ਉਨ੍ਹਾਂ ਦਾ ਭਰਵਾਂ ਸਵਾਗਤ ਕੀਤਾ ਗਿਆ।ਪਿੰਡ ਦੀ ਵਿਕਾਸ ਯੋਜਨਾਵਾਂ ਤੇ ਲੋਕ ਭਲਾਈ ਸਕੀਮਾਂ ਸਬੰਧੀ ਕਰਵਾਈ ਗਈ ਬੈਠਕ ਨੂੰ ਸੰਬੋਧਨ ਕਰਦਿਆਂ ਡਾ. ਜਵੰਧਾ ਨੇ ਕਿਹਾ ਕਿ ਮਾਨ ਸਰਕਾਰ ਪਿੰਡਾਂ ਦੇ ਵਿਕਾਸ ਲਈ ਪੂਰੀ ਤਰ੍ਹਾਂ ਵਚਨਬੱਧ ਹੈ ਤੇ ਹੁਣ ਕਿਸੇ ਵੀ ਪਿੰਡ ਜਾਂ ਵਿਅਕਤੀ ਨਾਲ ਸਿਆਸੀ ਆਧਾਰ 'ਤੇ ਕੋਈ ਭੇਦਭਾਵ ਨਹੀਂ ਕੀਤਾ ਜਾਵੇਗਾ।ਉਨ੍ਹਾਂ ਕਿਹਾ ਕਿ ਸਰਕਾਰ ਦਾ ਮਕਸਦ ਪੰਜਾਬ ਦੇ ਹਰ ਪਿੰਡ ਨੂੰ ਸਰਵਪੱਖੀ ਵਿਕਾਸ ਦਾ ਮਾਡਲ ਬਣਾਉਣਾ ਹੈ।ਉਨ੍ਹਾਂ ਕਿਹਾ ਕਿ ਅਸਲ ਵਿਕਾਸ ਉਦੋਂ ਹੀ ਸੰਭਵ ਹੈ ਜਦੋਂ ਲੋਕ ਸਿਆਸੀ ਮੱਤਭੇਦਾਂ ਨੂੰ ਪਿੱਛੇ ਛੱਡ ਕੇ ਭਾਈਚਾਰਕ ਸਾਂਝ ਤੇ ਪਿੰਡ ਦੇ ਸਾਂਝੇ ਹਿੱਤਾਂ ਲਈ ਇਕਜੁੱਟ ਹੋ ਕੇ ਕੰਮ ਕਰਨ।ਡਾ. ਜਵੰਧਾ ਨੇ ਭਰੋਸਾ ਦਿੱਤਾ ਕਿ ਪਿੰਡ ਗੁਰਦਾਸਪੁਰਾ (ਗੁਰਥਲੀ) ਦੇ ਵਿਕਾਸ ਕਾਰਜਾਂ ਲਈ ਫੰਡਾਂ ਦੀ ਕੋਈ ਕਮੀ ਨਹੀਂ ਆਉਣ ਦਿੱਤੀ ਜਾਵੇਗੀ ਤੇ ਲੋਕਾਂ ਦੀਆਂ ਜਾਇਜ਼ ਮੰਗਾਂ ਨੂੰ ਪਹਿਲ ਦੇ ਆਧਾਰ 'ਤੇ ਹੱਲ ਕੀਤਾ ਜਾਵੇਗਾ।ਬੈਠਕ ਵਿੱਚ ਪੰਚਾਇਤ ਮੈਂਬਰ ਰਾਜਿੰਦਰ ਸਿੰਘ, ਰਜਵੰਤ ਸਿੰਘ, ਸਰਨਜੀਤ ਕੌਰ, ਜਗਤਾਰ ਸਿੰਘ, ਮਨਿੰਦਰ ਸਿੰਘ, ਨਰਿੰਦਰ ਸਿੰਘ, ਦੇਵ ਸਿੰਘ, ਹਰਦੇਵ ਸਿੰਘ, ਰਣਜੀਤ ਸਿੰਘ, ਕਰਨੈਲ ਸਿੰਘ, ਗੁਰਫਤਿਹ ਸਿੰਘ, ਦਲੀਪ ਸਿੰਘ, ਭਜਨ ਸਿੰਘ ਸਮੇਤ ਵੱਡੀ ਗਿਣਤੀ ਵਿੱਚ ਪਿੰਡ ਵਾਸੀ, ਨੌਜਵਾਨ ਤੇ ਮਹਿਲਾਵਾਂ ਹਾਜ਼ਰ ਸਨ।

ਵੱਖ-ਵੱਖ ਸੜਕ ਹਾਦਸਿਆਂ 'ਚ ਦੋ ਦੀ ਮੌਤ, ਇੱਕ ਜ਼ਖ਼ਮੀ

ਸ੍ਰੀ ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)-ਖੇੜੀ ਨੌਧ ਸਿੰਘ ਨੇੜੇ ਤੇ ਉਦਯੋਗਿਕ ਸ਼ਹਿਰ ਮੰਡੀ ਗੋਬਿੰਦਗੜ੍ਹ ਵਿਖੇ ਵਾਪਰੇ ਦੋ ਵੱਖ-ਵੱਖ ਸੜਕ ਹਾਦਸਿਆਂ ਵਿੱਚ ਦੋ ਵਿਅਕਤੀਆਂ ਦੀ ਮੌਤ ਹੋ ਜਾਣ ਤੇ ਇੱਕ ਦੇ ਜ਼ਖ਼ਮੀ ਹੋ ਜਾਣ ਦੀ ਸੂਚਨਾ ਹੈ।ਪ੍ਰਾਪਤ ਜਾਣਕਾਰੀ ਅਨੁਸਾਰ ਅਕਾਸ਼ਦੀਪ ਸਿੰਘ ਵਾਸੀ ਪਿੰਡ ਸੈਦਪੁਰਾ ਆਪਣੀ ਨਾਨੀ ਗੁਰਮੀਤ ਕੌਰ (65) ਨੂੰ ਮੋਟਰਸਾਈਕਲ ਪਿੱਛੇ ਬਿਠਾ ਕੇ ਖੇੜੀ ਨੌਧ ਸਿੰਘ ਤੋਂ ਪਿੰਡ ਸੈਦਪੁਰਾ ਨੂੰ ਜਾ ਰਿਹਾ ਸੀ ਤਾਂ ਐੱਚ.ਡੀ.ਐੱਫ.ਸੀ. ਬੈਂਕ ਨੇੜੇ ਪੁੱਜਣ 'ਤੇ ਇੱਕ ਟਰੱਕ ਨੇ ਉਨ੍ਹਾਂ ਨੂੰ ਫੇਟ ਮਾਰ ਦਿੱਤੀ।ਇਸ ਹਾਦਸੇ ਵਿੱਚ ਜ਼ਖ਼ਮੀ ਹੋਏ ਦੋਵੇਂ ਨਾਨੀ-ਦੋਹਤੇ ਨੂੰ ਹਸਪਤਾਲ ਲਿਜਾਇਆ ਗਿਆ, ਜਿੱਥੇ ਇਲਾਜ ਦੌਰਾਨ ਗੁਰਮੀਤ ਕੌਰ ਦੀ ਮੌਤ ਹੋ ਗਈ, ਜਦੋਂਕਿ ਅਕਾਸ਼ਦੀਪ ਸਿੰਘ ਹਸਪਤਾਲ ਵਿੱਚ ਜ਼ੇਰੇ ਇਲਾਜ ਹੈ।ਟਰੱਕ ਦੇ ਕਥਿਤ ਡਰਾਈਵਰ ਲਾਭ ਸਿੰਘ ਵਾਸੀ ਸੋਲਨ (ਹਿਮਾਚਲ ਪ੍ਰਦੇਸ਼) ਵਿਰੁੱਧ ਕੇਸ ਦਰਜ ਕਰਕੇ ਥਾਣਾ ਖੇੜੀ ਨੌਧ ਸਿੰਘ ਦੀ ਪੁਲਸ ਵੱਲੋਂ ਮਾਮਲੇ ਦੀ ਤਫ਼ਤੀਸ਼ ਕੀਤੀ ਜਾ ਰਹੀ ਹੈ।ਇੱਕ ਵੱਖਰੇ ਮਾਮਲੇ ਵਿੱਚ ਉਦਯੋਗਿਕ ਸ਼ਹਿਰ ਮੰਡੀ ਗੋਬਿੰਦਗੜ੍ਹ ਵਿਖੇ ਨਿਯਮਾਂ ਨੂੰ ਛਿੱਕੇ ਟੰਗ ਕੇ ਗੈਰ-ਕਾਨੂੰਨੀ ਢੰਗ ਨਾਲ ਫੈਕਟਰੀਆਂ ਦਾ ਲੋਹਾ ਢੋਹ ਰਹੀਆਂ ਟ੍ਰੈਕਟਰ ਟਰਾਲੀਆਂ ਵੱਲੋਂ ਇੱਕ ਹੋਰ ਰਾਹਗੀਰ ਦੀ ਜਾਨ ਲੈ ਲਏ ਜਾਣ ਦੀ ਸੂਚਨਾ ਹੈ।ਪ੍ਰਾਪਤ ਵੇਰਵਿਆਂ ਅਨੁਸਾਰ ਮੰਡੀ ਗੋਬਿੰਦਗੜ੍ਹ ਦੇ ਅਮਲੋਹ ਰੋਡ 'ਤੇ ਜੀਓ ਪੈਟਰੋਲ ਪੰਪ 'ਤੇ ਨੌਕਰੀ ਕਰਨ ਵਾਲਾ ਵਿਜੇ ਕੁਮਾਰ ਆਪਣੀ ਸ਼ਿਫਟ ਖ਼ਤਮ ਕਰਨ ਉਪਰੰਤ ਐਕਟਿਵਾ 'ਤੇ ਸਵਾਰ ਹੋ ਕੇ ਘਰ ਨੂੰ ਜਾ ਰਿਹਾ ਸੀ ਤਾਂ ਇੱਕ ਤੇਜ਼ ਰਫਤਾਰ ਟ੍ਰੈਕਟਰ ਟਰਾਲੀ ਦੇ ਡਰਾਈਵਰ ਨੇ ਉਸ ਨੂੰ ਟ੍ਰੈਕਟਰ ਦੇ ਟਾਇਰਾਂ ਹੇਠ ਉਸ ਨੂੰ ਕੁਚਲ ਦਿੱਤਾ, ਜਿਸ ਕਾਰਨ ਵਿਜੇ ਕੁਮਾਰ ਦੀ ਮੌਤ ਹੋ ਗਈ।ਮ੍ਰਿਤਕ ਦੇ ਪਿਤਾ ਦੇ ਬਿਆਨਾਂ 'ਤੇ ਟ੍ਰੈਕਟਰ ਦੇ ਨਾਮਾਲੂਮ ਡਰਾਈਵਰ ਖ਼ਿਲਾਫ਼ ਕੇਸ ਦਰਜ ਕਰਕੇ ਥਾਣਾ ਮੰਡੀ ਗੋਬਿੰਦਗੜ੍ਹ ਦੀ ਪੁਲਸ ਵੱਲੋਂ ਮਾਮਲੇ ਦੀ ਤਫ਼ਤੀਸ਼ ਕੀਤੀ ਜਾ ਰਹੀ ਹੈ।

ਭਾਸ਼ਾ ਵਿਭਾਗ ਵੱਲੋਂ ਸਮਾਜ ਸੇਵੀ ਰਣਧੀਰ ਸਿੰਘ ਢਿੱਲੋਂ ਦਾ ਵਿਸ਼ੇਸ਼ ਸਨਮਾਨ

- ਚੂਹੜਚੱਕ ਵਿਖੇ ਵਿਅਕਤੀਗਤ ਪੱਧਰ 'ਤੇ ਚਲਾ ਰਹੇ ਹਨ ਲਾਇਬ੍ਰੇਰੀ

ਮੋਗਾ (ਇਕਬਾਲ ਸਿੰਘ ਖਹਿਰਾ)-ਭਾਸ਼ਾ ਵਿਭਾਗ ਪੰਜਾਬ ਦੁਆਰਾ ਪੰਜਾਬੀ ਭਾਸ਼ਾ ਤੇ ਸਾਹਿਤ ਲਈ ਸੇਵਾਵਾਂ ਪ੍ਰਦਾਨ ਕਰਨ ਵਾਲੇ ਵਿਅਕਤੀਆਂ ਤੇ ਸੰਸਥਾਵਾਂ ਨੂੰ ਉਤਸ਼ਾਹਤ ਕੀਤੇ ਜਾਣ ਦੇ ਪ੍ਰਮੁੱਖ ਏਜੰਡੇ ਤਹਿਤ ਜ਼ਿਲ੍ਹਾ ਭਾਸ਼ਾ ਦਫ਼ਤਰ ਮੋਗਾ ਵੱਲੋਂ ਸਾਹਿਤ ਦੇ ਪ੍ਰਸਾਰ ਲਈ ਤਨਦੇਹੀ ਨਾਲ ਨਿਸ਼ਕਾਮ ਸੇਵਾਵਾਂ ਪ੍ਰਦਾਨ ਕਰ ਰਹੇ ਸਮਾਜ ਸੇਵੀ ਸ੍ਰ. ਰਣਧੀਰ ਸਿੰਘ ਢਿੱਲੋਂ ਦਾ ਵਿਸ਼ੇਸ਼ ਤੌਰ 'ਤੇ ਸਨਮਾਨ ਕੀਤਾ ਗਿਆ।ਉਨ੍ਹਾਂ ਵੱਲੋਂ ਸਾਹਿਤ ਦੀ ਕੀਤੀ ਜਾ ਰਹੀ ਇਸ ਨਿਸ਼ਕਾਮ ਸੇਵਾ ਦੀ ਭਰਪੂਰ ਸ਼ਲਾਘਾ ਕਰਦਿਆਂ ਜ਼ਿਲ੍ਹਾ ਭਾਸ਼ਾ ਅਫ਼ਸਰ ਡਾ. ਅਜੀਤਪਾਲ ਜਟਾਣਾ ਨੇ ਦੱਸਿਆ ਕਿ ਜ਼ਿਲ੍ਹਾ ਮੋਗਾ ਦੇ ਪਿੰਡ ਚੂਹੜਚੱਕ ਦੇ ਵਸਨੀਕ ਸ੍ਰ. ਰਣਧੀਰ ਸਿੰਘ ਢਿੱਲੋਂ ਵਿਅਕਤੀਗਤ ਪੱਧਰ 'ਤੇ ਪਿੰਡ ਵਿਖੇ ਪਿਛਲੇ ਕਈ ਸਾਲਾਂ ਤੋਂ ਪਿੰਡ ਦੀ ਖੂਬਸੂਰਤੀ ਲਈ ਕੀਤੇ ਜਾ ਰਹੇ ਅਣਥੱਕ ਉਪਰਾਲਿਆਂ ਦੇ ਨਾਲ-ਨਾਲ ਵਿਸ਼ੇਸ਼ ਤੌਰ 'ਤੇ ਇਕ ਲਾਇਬ੍ਰੇਰੀ ਦਾ ਸੰਚਾਲਨ ਕਰਦਿਆਂ ਸਾਹਿਤਕ ਸੇਵਾਵਾਂ ਨਿਭਾਅ ਰਹੇ ਹਨ।ਉਨ੍ਹਾਂ ਆਪਣੇ ਜੱਦੀ ਘਰ ਨੂੰ ਪੂਰੀ ਤਰ੍ਹਾਂ ਲਾਇਬ੍ਰੇਰੀ ਵਿੱਚ ਤਬਦੀਲ ਕੀਤਾ ਹੋਇਆ ਹੈ।ਇੱਥੇ ਆ ਕੇ ਕੋਈ ਵੀ ਸਾਹਿਤ ਪ੍ਰੇਮੀ ਪੁਸਤਕਾਂ ਪੜ੍ਹ ਸਕਦਾ ਹੈ ਤੇ ਪੜ੍ਹਨ ਲਈ ਲਿਜਾ ਸਕਦਾ ਹੈ।ਇਸ ਲਾਇਬ੍ਰੇਰੀ ਨੂੰ ਨਿਰੰਤਰ ਨਵਿਆਉਂਦੇ ਰੱਖਣ ਲਈ ਉਹ ਹਮੇਸ਼ਾ ਚੰਗੀਆਂ ਕਿਤਾਬਾਂ ਦੀ ਭਾਲ ਦੇ ਆਹਰ ਵਿੱਚ ਰਹਿੰਦੇ ਹਨ ਤੇ ਅਜਿਹੀਆਂ ਕਿਤਾਬਾਂ ਨੂੰ ਖ਼ੁਦ ਖਰੀਦ ਕੇ ਇਸ ਲਾਇਬ੍ਰੇਰੀ ਦਾ ਸ਼ਿੰਗਾਰ ਬਣਾਉਂਦੇ ਹਨ।ਡਾ. ਅਜੀਤਪਾਲ ਜਟਾਣਾ ਵੱਲੋਂ ਸ੍ਰ. ਰਣਧੀਰ ਸਿੰਘ ਢਿੱਲੋਂ ਨਾਲ ਸੰਪਰਕ ਕਰਦਿਆਂ ਵਿਸ਼ੇਸ਼ ਤੌਰ 'ਤੇ ਆਪਣੀ ਟੀਮ ਨਾਲ ਇਸ ਲਾਇਬ੍ਰੇਰੀ ਦਾ ਦੌਰਾ ਕੀਤਾ ਗਿਆ ਤੇ ਉਨ੍ਹਾਂ ਦੀਆਂ ਮੁੱਲਵਾਨ ਨਿਸ਼ਕਾਮ ਸੇਵਾਵਾਂ ਬਦਲੇ ਉਨ੍ਹਾਂ ਦਾ ਲਾਇਬ੍ਰੇਰੀ ਵਿਖੇ ਹੀ ਵਿਸ਼ੇਸ਼ ਸਨਮਾਨ ਕੀਤਾ ਗਿਆ।ਸ. ਰਣਧੀਰ ਸਿੰਘ ਢਿੱਲੋਂ ਨੇ ਕਿਹਾ ਕਿ ਉਹ ਤਾ-ਉਮਰ ਇਹ ਸੇਵਾਵਾਂ ਜਾਰੀ ਰੱਖਣਗੇ ਤੇ ਉਨ੍ਹਾਂ ਦੀ ਸਦਾ ਕੋਸ਼ਿਸ਼ ਰਹੇਗੀ ਕਿ ਨਵੀਂ ਪੀੜ੍ਹੀ ਨੂੰ ਪੁਸਤਕ ਸੱਭਿਆਚਾਰ ਦੇ ਮਹੱਤਵ ਤੋਂ ਜਾਣੂ ਕਰਵਾਉਂਦਿਆਂ ਇਸ ਨਾਲ ਜੋੜਿਆ ਜਾਵੇ।

ਰਾਏ ਨੇ ਕੋਟਲਾ ਬਜਵਾੜਾ 'ਚ ਧਰਮਸ਼ਾਲਾ ਤੇ ਸੀਵਰੇਜ ਪ੍ਰੋਜੈਕਟ ਦਾ ਰੱਖਿਆ ਨੀਂਹ ਪੱਥਰ

ਫਤਿਹਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)-ਆਮ ਆਦਮੀ ਪਾਰਟੀ ਦੀ ਭਗਵੰਤ ਮਾਨ ਸਰਕਾਰ ਨੇ 4 ਸਾਲਾਂ ਦੇ ਵਿੱਚ ਸੂਬੇ ਨੂੰ ਰੰਗਲਾ ਪੰਜਾਬ ਬਣਾਉਣ ਦੀ ਪਿਰਤ ਪਾ ਦਿੱਤੀ ਹੈ, ਜਿਸ ਦੇ ਤਹਿਤ ਪਿੰਡਾਂ ਦੇ ਸਰਬਪੱਖੀ ਵਿਕਾਸ ਲਈ ਕਰੋੜਾਂ ਰੁਪਏ ਦੀਆਂ ਗਰਾਂਟਾਂ ਦਿੱਤੀਆਂ ਜਾ ਰਹੀਆਂ ਹਨ। ਇਹ ਪ੍ਰਗਟਾਵਾ ਫਤਿਹਗੜ੍ਹ ਸਾਹਿਬ ਦੇ ਵਿਧਾਇਕ ਐਡਵੋਕੇਟ ਲਖਬੀਰ ਸਿੰਘ ਰਾਏ ਨੇ ਪਿੰਡ ਕੋਟਲਾ ਬਜਵਾੜਾ ਵਿਖੇ ਨਵੀਂ ਬਣਨ ਵਾਲੀ ਧਰਮਸ਼ਾਲਾ ਤੇ ਸੀਵਰੇਜ ਪ੍ਰੋਜੈਕਟ ਦਾ ਨੀਂਹ ਪੱਥਰ ਰੱਖਣ ਮੌਕੇ ਕੀਤਾ।ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਪਿੰਡਾਂ ਦੇ ਸਰਬਪੱਖੀ ਵਿਕਾਸ ਲਈ ਵਚਨਬੱਧ ਹੈ, ਜਿਸ ਦੇ ਤਹਿਤ ਪਿੰਡਾਂ ਨੂੰ ਰੰਗਲਾ ਬਣਾਉਣ ਲਈ ਕਰੋੜਾਂ ਰੁਪਏ ਦੀਆਂ ਗਰਾਂਟਾਂ ਮੁਹੱਈਆ ਕਰਵਾਈਆਂ ਜਾ ਰਹੀਆਂ ਹਨ।ਇਸ ਮੌਕੇ ਗ੍ਰਾਮ ਪੰਚਾਇਤ ਕੋਟਲਾ ਬਜਵਾੜਾ ਵੱਲੋਂ ਆਏ ਮਹਿਮਾਨਾਂ ਨੂੰ ਸਿਰੋਪਾਓ ਦੇ ਨਾਲ ਸਨਮਾਨਤ ਕੀਤਾ ਗਿਆ।ਇਸ ਮੌਕੇ ਹੋਰਨਾਂ ਤੋਂ ਇਲਾਵਾ ਰੋਕੀ ਸਿੰਘ, ਕੁਲਵਿੰਦਰ ਸਿੰਘ ਡੇਰਾ ਮਨਦੀਪ ਸਿੰਘ ਪੋਲਾ ਬਿਕਰਮਜੀਤ ਸਿੰਘ, ਬਲਵੀਰ ਸਿੰਘ ਚੀਮਾ, ਸਰਪੰਚ ਅਮਰਜੀਤ ਸਿੰਘ, ਮਾਨਵ ਟਿਵਾਣਾ ਸਤੀਸ਼ ਲਟੌਰ ਆਦਿ ਹਾਜ਼ਰ ਸਨ।

ਪਟਿਆਲਾ ਦੇ ਪੀਲੀਆ ਪ੍ਰਭਾਵਤ ਖੇਤਰ ਦਾ ਸਿਹਤ ਮੰਤਰੀ ਵੱਲੋਂ ਦੌਰਾ

ਲੋਕਾਂ ਦੀ ਸਿਹਤ ਸੁਰੱਖਿਆ ਲਈ ਸਰਕਾਰ ਪੂਰੀ ਤਰ੍ਹਾਂ ਵਚਨਬੱਧ : ਡਾ. ਬਲਬੀਰ ਸਿੰਘ

ਪਟਿਆਲਾ (ਰਾਜਿੰਦਰ ਸਿੰਘ ਥਿੰਦ)

ਪੰਜਾਬ ਦੇ ਸਿਹਤ ਤੇ ਪਰਿਵਾਰ ਭਲਾਈ ਮੰਤਰੀ ਡਾ. ਬਲਬੀਰ ਸਿੰਘ ਨੇ ਪਟਿਆਲਾ ਦੇ ਡੋਗਰਾ ਮੁਹੱਲਾ, ਸਰਹੰਦੀ ਗੇਟ ਵਿਖੇ ਪੀਲੀਆ (ਹੈਪਾਟਾਈਟਿਸ-ਏ) ਦੇ ਮਾਮਲਿਆਂ ਦੀ ਸੂਚਨਾ ਮਿਲਣ ਉਪਰੰਤ ਖ਼ੁਦ ਸਮੁੱਚੀ ਟੀਮ ਸਮੇਤ ਪ੍ਰਭਾਵਿਤ ਖੇਤਰ ਦਾ ਦੌਰਾ ਕਰਕੇ ਗੰਦੇ ਪਾਣੀ ਨਾਲ ਬੀਮਾਰ ਹੋਏ ਲੋਕਾਂ ਦੀ ਸਥਿਤੀ ਦਾ ਜਾਇਜ਼ਾ ਲਿਆ ਤੇ ਮੁਹੱਲਾ ਨਿਵਾਸੀਆਂ ਨਾਲ ਮੁਲਾਕਾਤ ਕੀਤੀ।ਇਸ ਮੌਕੇ ਉਨ੍ਹਾਂ ਨਾਲ ਪਟਿਆਲਾ ਸ਼ਹਿਰੀ ਦੇ ਵਿਧਾਇਕ ਅਜੀਤਪਾਲ ਸਿੰਘ ਕੋਹਲੀ, ਮੇਅਰ ਕੁੰਦਨ ਗੋਗੀਆ, ਨਗਰ ਨਿਗਮ ਕਮਿਸ਼ਨਰ ਪਰਮਜੀਤ ਸਿੰਘ, ਵਧੀਕ ਡਿਪਟੀ ਕਮਿਸ਼ਨਰ ਨਵਰੀਤ ਕੌਰ ਸੇਖੋਂ, ਜੁਆਇੰਟ ਕਮਿਸ਼ਨਰ ਮਨਰੀਤ ਰਾਣਾ, ਕਾਰਜਕਾਰੀ ਸਿਵਲ ਸਰਜਨ ਡਾ. ਕੁਸ਼ਲਦੀਪ ਕੌਰ ਤੇ ਨਗਰ ਨਿਗਮ ਤੇ ਸਿਹਤ ਵਿਭਾਗ ਦੇ ਹੋਰ ਅਧਿਕਾਰੀ ਮੌਜੂਦ ਸਨ।ਡਾ. ਬਲਬੀਰ ਸਿੰਘ ਨੇ ਦੱਸਿਆ ਕਿ ਹੁਣ ਤੱਕ ਪੀਲੀਆ ਹੈਪਾਟਾਈਟਿਸ-ਏ) ਦੇ 15 ਮਾਮਲਿਆਂ ਦੀ ਪੁਸ਼ਟੀ ਹੋਈ ਹੈ ਤੇ 5 ਮਰੀਜ਼ ਹਸਪਤਾਲ ਵਿੱਚ ਦਾਖ਼ਲ ਹਨ ਅਤੇ ਡਾਕਟਰਾਂ ਦੀ ਨਿਗਰਾਨੀ ਹੇਠ ਇਲਾਜ ਅਧੀਨ ਹਨ, ਜਦਕਿ ਬਾਕੀ ਮਰੀਜ਼ਾਂ ਦਾ ਘਰ ਵਿੱਚ ਹੀ ਇਲਾਜ ਚੱਲ ਰਿਹਾ ਹੈ।

ਉਨ੍ਹਾਂ ਕਿਹਾ ਕਿ ਸਿਹਤ ਵਿਭਾਗ ਵੱਲੋਂ ਪ੍ਰਭਾਵਿਤ ਖੇਤਰ ਵਿੱਚ ਮੈਡੀਕਲ ਕੈਂਪ ਸਥਾਪਤ ਕੀਤਾ ਗਿਆ ਹੈ, ਜੋ ਅੱਜ ਵੀ ਨਿਰੰਤਰ ਜਾਰੀ ਰਿਹਾ।ਇਸ ਦੇ ਨਾਲ ਹੀ ਆਸ਼ਾ ਵਰਕਰਾਂ ਤੇ ਏ.ਐੱਨ.ਐੱਮ. ਟੀਮਾਂ ਰਾਹੀਂ ਘਰ-ਘਰ ਸਰਵੇ ਕਰਕੇ ਲੋਕਾਂ ਦੀ ਸਿਹਤ ਦੀ ਨਿਗਰਾਨੀ ਕੀਤੀ ਜਾ ਰਹੀ ਹੈ। ਘਰਾਂ ਘਰਾਂ ਵਿੱਚ ਕਲੋਰੀਨ ਗੋਲੀਆਂ ਤੇ ਓ.ਆਰ.ਐੱਸ. ਪੈਕਟ ਵੰਡੇ ਜਾ ਰਹੇ ਹਨ ਤਾਂ ਜੋ ਬਿਮਾਰੀ ਦੇ ਹੋਰ ਫੈਲਾਅ ਨੂੰ ਰੋਕਿਆ ਜਾ ਸਕੇ। ਸਾਰੇ ਮਰੀਜ਼ਾਂ ਦੀ ਲਗਾਤਾਰ ਨਿਗਰਾਨੀ ਕੀਤੀ ਜਾ ਰਹੀ ਹੈ ਤੇ ਸਥਿਤੀ ਪੂਰੀ ਤਰ੍ਹਾਂ ਕਾਬੂ ਹੇਠ ਹੈ।ਉਨ੍ਹਾਂ ਲੋਕਾਂ ਨੂੰ ਭਰੋਸਾ ਦਿਵਾਇਆ ਕਿ ਪੰਜਾਬ ਸਰਕਾਰ ਇਸ ਸਥਿਤੀ 'ਤੇ ਪੂਰੀ ਤਰ੍ਹਾਂ ਨਜ਼ਰ ਰੱਖ ਰਹੀ ਹੈ ਤੇ ਪ੍ਰਭਾਵਿਤ ਪਰਵਾਰਾਂ ਨੂੰ ਹਰ ਲੋੜੀਂਦੀ ਸਿਹਤ ਸਹੂਲਤ ਮੁਹੱਈਆ ਕਰਵਾਈ ਜਾ ਰਹੀ ਹੈ।ਸਿਹਤ ਮੰਤਰੀ ਨੇ ਦੱਸਿਆ ਕਿ ਸਿਹਤ ਵਿਭਾਗ ਵੱਲੋਂ

ਪੇਟ ਤੇ ਜਿਗਰ ਰੋਗਾਂ ਦਾ ਮੁਫ਼ਤ ਜਾਂਚ ਕੈਂਪ ਅੱਜ

ਫਿਰੋਜ਼ਪੁਰ (ਅਸ਼ੋਕ ਸ਼ਰਮਾ)-ਲੋਕਾਂ ਨੂੰ ਪੇਟ ਤੇ ਜਿਗਰ ਨਾਲ ਸਬੰਧਤ ਬਿਮਾਰੀਆਂ ਬਾਰੇ ਜਾਗਰੂਕ ਕਰਨ ਤੇ ਉਨ੍ਹਾਂ ਨੂੰ ਮਾਹਰ ਡਾਕਟਰੀ ਸਲਾਹ ਪ੍ਰਦਾਨ ਕਰਨ ਦੇ ਉਦੇਸ਼ ਨਾਲ ਮੈਡੀਵੇਜ਼ ਹਸਪਤਾਲ ਫਿਰੋਜ਼ਪੁਰ ਵੱਲੋਂ 14 ਜੂਨ 2026 ਨੂੰ ਵਿਸ਼ੇਸ਼ ਮੁਫ਼ਤ ਜਾਂਚ ਕੈਂਪ ਲਾਇਆ ਜਾ ਰਿਹਾ ਹੈ। ਇਸ ਕੈਂਪ ਵਿੱਚ ਪੇਟ, ਜਿਗਰ ਤੇ ਪਾਚਨ ਤੰਤਰ ਨਾਲ ਜੁੜੀਆਂ ਸਮੱਸਿਆਵਾਂ ਤੋਂ ਪੀੜਤ ਮਰੀਜ਼ਾਂ ਨੂੰ ਮਾਹਰ ਡਾਕਟਰਾਂ ਦੀ ਸਲਾਹ ਤੇ ਜਾਂਚ ਦੀ ਸਹੂਲਤ ਪ੍ਰਦਾਨ ਕੀਤੀ ਜਾਵੇਗੀ। ਕੈਂਪ ਵਿੱਚ ਪ੍ਰਸਿੱਧ ਗੈਸਟਰੋਐਂਟਰੋਲੋਜਿਸਟ ਤੇ ਹੈਪਾਟੋਲੋਜਿਸਟ ਡਾ. ਵਿਸ਼ਵਨੂਰ ਸਿੰਘ ਕਲਰਾ ਆਪਣੀਆਂ ਸੇਵਾਵਾਂ ਦੇਣਗੇ।

ਇਸ ਦੇ ਨਾਲ ਹੀ ਐਂਡੋਸਕੋਪੀ ਤੇ ਕੋਲੋਨੋਸਕੋਪੀ ਵਰਗੀਆਂ ਜਾਂਚਾਂ 'ਤੇ ਵੀ ਵਿਸ਼ੇਸ਼ ਰਿਆਇਤ ਦਿੱਤੀ ਜਾਵੇਗੀ। ਕੈਂਪ ਦੌਰਾਨ ਪੇਟ ਦਰਦ, ਐਸਿਡਿਟੀ, ਗੈਸ, ਜਿਗਰ ਦੀਆਂ ਬਿਮਾਰੀਆਂ, ਪੀਲੀਆ, ਕਬਜ਼, ਬਵਾਸੀਰ ਤੇ ਹੋਰ ਪਾਚਨ ਤੰਤਰ ਨਾਲ ਜੁੜੀਆਂ ਸਮੱਸਿਆਵਾਂ ਬਾਰੇ ਮਾਹਰ ਸਲਾਹ ਦਿੱਤੀ ਜਾਵੇਗੀ। ਇਹ ਕੈਂਪ ਸਵੇਰੇ 10 ਵਜੇ ਤੋਂ ਦੁਪਹਿਰ 2 ਵਜੇ ਤੱਕ ਮੈਡੀਵੇਜ਼ ਹਸਪਤਾਲ ਫਿਰੋਜ਼ਪੁਰ ਰੋਡ ਲੁਧਿਆਣਾ ਵਿਖੇ ਲਾਇਆ ਜਾਵੇਗਾ।

ਜੇ ਐੱਮ ਐੱਸ ਇਮੀਗ੍ਰੇਸ਼ਨ ਨੇ ਯੂ ਕੇ ਦਾ ਵਿਜ਼ਿਟਰ ਵੀਜ਼ਾ ਲਵਾਇਆ



ਬਾਘਾ ਪੁਰਾਣਾ (ਮਨੀ ਸਿੰਗਲਾ)-ਸਥਾਨਕ ਸ਼ਹਿਰ ਦੀ ਮੰਨੀ ਪ੍ਰਮੰਨੀ ਸੰਸਥਾ ਜੇ.ਐੱਮ.ਐੱਸ. ਇਮੀਗ੍ਰੇਸ਼ਨ, ਜੋ ਕਿ ਰਫਿਊਜ਼ ਕੇਸਾਂ ਨੂੰ ਹੱਲ ਕਰਨ ਵਿੱਚ ਮਾਹਰ ਦੇ ਨਾਮ ਨਾਲ ਜਾਣੀ ਜਾਂਦੀ ਹੈ, ਵੱਲੋਂ ਬਹੁਤ ਹੀ ਘੱਟ ਉਮਰ ਵਾਲਿਆਂ ਬੱਚਿਆਂ ਦਾ ਵਿਦੇਸ਼ਾਂ ਵਿੱਚ ਜਾਣ ਦਾ ਸੁਪਨਾ ਵੀ ਬੜੀ ਜਲਦੀ ਪੂਰਾ ਕੀਤਾ ਜਾ ਰਿਹਾ ਹੈ।ਕਾਮਯਾਬੀ ਦੀ ਇਸ ਲੜੀ ਨੂੰ ਜਾਰੀ ਰੱਖਦਿਆਂ ਸੰਸਥਾਂ ਵੱਲੋਂ ਕੁਲਵੰਤ ਸਿੰਘ ਵਾਸੀ ਸੇਲਬਰਾਹ ਦਾ ਯੂ ਕੇ ਦਾ ਵਿਜ਼ਿਟਰ ਵੀਜ਼ਾ ਬਹੁਤ ਹੀ ਘੱਟ ਸਮੇਂ ਵਿੱਚ ਲਗਵਾ ਕੇ ਦਿੱਤਾ ਗਿਆ ਹੈ।ਉਨ੍ਹਾ ਆਪਣੀ ਖੁਸ਼ੀ ਸਾਂਝੀ ਕਰਦਿਆਂ ਕਿਹਾ ਕਿ ਉਸ ਨੂੰ ਬਹੁਤ ਹੀ ਜਲਦ ਜੇ.ਐੱਮ.ਐੱਸ. ਸੰਸਥਾ ਵੱਲੋਂ ਯੂ ਕੇ ਦਾ ਵਿਜ਼ਿਟਰ ਵੀਜ਼ਾ ਪ੍ਰਾਪਤ ਹੋਇਆ ਹੈ।ਇੱਥੇ ਇਹ ਵੀ ਦੱਸਣਯੋਗ ਹੈ ਕਿ ਮਾਹਰਾਂ ਦੀ ਦੇਖ-ਰੇਖ ਹੇਠ ਪਹਿਲਾਂ ਵੀਜ਼ੇ ਲਈ ਸਾਰੇ ਦਸਤਾਵੇਜ਼ ਤਸੱਲੀਬਖ਼ਸ਼ ਪੂਰੇ ਕੀਤੇ ਜਾਂਦੇ ਹਨ ਤੇ ਵਿਦੇਸ਼ਾਂ ਵਿੱਚ ਜਾਣ ਦੇ ਚਾਹਵਾਨਾਂ ਨੂੰ ਪਹਿਲੀ ਵਾਰ ਵਿੱਚ ਹੀ ਸੰਸਥਾ ਵੱਲੋਂ ਵੀਜ਼ਾ ਪ੍ਰਾਪਤ ਹੋ ਜਾਂਦਾ ਹੈ।ਸੰਸਥਾਂ ਵੱਲੋਂ ਵਿਜ਼ਿਟਰ ਵੀਜ਼ਾ, ਸਪਾਊਸ ਓਪਨ ਵਰਕ ਪਰਮਿਟ, ਸਟੱਡੀ ਵੀਜ਼ਾ ਬਹੁਤ ਹੀ ਘੱਟ ਸਮੇਂ ਵਿੱਚ ਲਗਵਾ ਕੇ ਦਿੱਤੇ ਜਾਂਦੇ ਹਨ।ਜੇਕਰ ਤੁਸੀਂ ਵੀ ਆਪਣੇ ਵਿਦੇਸ਼ਾਂ ਵਿੱਚ ਘੁੰਮਣ ਜਾਣ ਦੇ ਸੁਪਨਿਆਂ ਨੂੰ ਉੱਚੀ ਉਡਾਣ ਦੇਣਾ ਚਾਹੁੰਦੇ ਹੋ ਤਾਂ ਇੱਕ ਵਾਰ ਸੰਸਥਾਂ ਵਿਖੇ ਪਹੁੰਚ ਕੇ ਆਪਣੇ ਦਸਤਾਵੇਜ਼ ਜ਼ਰੂਰ ਸਾਂਝੇ ਕਰੋ।ਸੰਸਥਾ ਦੇ ਡਾਇਰੈਕਟਰ ਹਰਲਾਲ ਸਿੰਘ ਮਾਨ ਨੇ ਵੀਜ਼ਾ ਚਾਹਵਾਨਾਂ ਨੂੰ ਵੀਜ਼ਾ ਸੌਂਪਦਿਆਂ ਵਧਾਈ ਦਿੱਤੀ।

ਜਿੰਨਾ ਚਿਰ ਵੋਟ ਦੀ ਵਰਤੋਂ ਸਹੀ ਤਰੀਕੇ ਨਾਲ ਨਹੀਂ ਕਰਦੇ, ਸਰਕਾਰਾਂ ਹੋਸ਼ 'ਚ ਨਹੀਂ ਆਉਂਦੀਆਂ : ਬਚਿੱਤਰ ਧੋਥੜ

- ਪੈਨਸ਼ਨਰਾਂ ਦੀਆਂ ਮੰਗਾਂ ਸੰਬੰਧੀ ਜਨਰਲ ਮੈਨੇਜਰ ਨੂੰ ਸੌਂਪਿਆ ਮੰਗ ਪੱਤਰ

ਮੋਗਾ (ਇਕਬਾਲ ਸਿੰਘ ਖਹਿਰਾ)-ਪੰਜਾਬ ਪੈਨਸ਼ਨਰਜ਼ ਯੂਨੀਅਨ (ਏਟਕ) ਜ਼ਿਲ੍ਹਾ ਮੋਗਾ ਦੀ ਮਹੀਨਾਵਾਰ ਮੀਟਿੰਗ ਸ਼ਹੀਦ ਕਾਮਰੇਡ ਨਛੱਤਰ ਸਿੰਘ ਧਾਲੀਵਾਲ ਭਵਨ ਮੋਗਾ ਵਿੱਚ ਹੋਈ।ਮੀਟਿੰਗ ਦੀ ਪ੍ਰਧਾਨਗੀ ਜ਼ਿਲ੍ਹਾ ਪ੍ਰਧਾਨ ਬਚਿੱਤਰ ਸਿੰਘ ਧੋਥੜ ਨੇ ਕੀਤੀ।ਮੀਟਿੰਗ ਸ਼ੁਰੂ ਕਰਨ ਤੋਂ ਪਹਿਲਾਂ ਭੁਪਿੰਦਰ ਸਿੰਘ ਭਿੰਦਾ ਦੀ ਲੜਕੀ, ਹਰਭਜਨ ਸਿੰਘ ਇੰਸਪੈਕਟਰ ਦੇ ਭਾਣਜੇ, ਸੋਢੀ ਸਿੰਘ ਚੰਡੀਗੜ੍ਹ ਦੀ ਮੌਤ 'ਤੇ ਦੁੱਖ ਪ੍ਰਗਟ ਕਰਦੇ ਹੋਏ ਦੋ ਮਿੰਟ ਦਾ ਮੋਨ ਧਾਰਨ ਕੀਤਾ ਗਿਆ।ਮੀਟਿੰਗ ਵਿੱਚ ਜਨ. ਸਕੱਤਰ ਬੂਟਾ ਸਿੰਘ ਭੱਟੀ ਨੇ ਸੰਬੋਧਨ ਕਰਦਿਆਂ ਕਿਹਾ ਕਿ ਇਹ ਸਰਕਾਰਾਂ ਤੋਂ ਆਮ ਲੋਕਾਂ ਦੇ ਹੱਕ ਦੀ ਆਸ ਕਰਨੀ ਹੀ ਗਲਤ ਹੈ। ਇਹ ਸਰਕਾਰਾਂ ਕਾਰਪੋਰੇਟਾਂ ਦੇ ਦਲਾਲਾਂ ਵਾਂਗ ਹੀ ਕੰਮ ਕਰਦੀਆਂ ਹਨ।ਵੋਟਾਂ ਮੌਕੇ ਸਬਜ਼ਬਾਗ਼ ਦਿਖਾ ਕੇ ਵੋਟਾਂ ਲੈ ਲੈਂਦੀਆਂ ਹਨ, ਪਰ ਅਮਲ ਵਿੱਚ ਅਮੀਰਾਂ ਦਾ ਹੀ ਪੱਖ ਪੂਰਦੀਆਂ ਹਨ।ਇਸ ਮੌਕੇ ਭੁਪਿੰਦਰ ਸਿੰਘ ਸੇਖੋਂ ਨੇ ਕਿਹਾ ਕਿ ਅਸੀਂ ਧਰਨੇ ਮੁਜ਼ਾਹਰੇ ਤਾਂ ਕਰ ਰਹੇ ਹਾਂ ਕਿ ਸਾਡੀਆਂ ਮੰਗਾਂ ਦੀ ਪੂਰਤੀ ਹੋ ਸਕੇ, ਪਰ ਜਦੋਂ ਵੋਟ ਦੇ ਅਧਿਕਾਰ ਦੀ ਵਰਤੋਂ ਕਰਦੇ ਹਾਂ ਤਾਂ ਉਨ੍ਹਾਂ ਹੀ ਸਰਕਾਰਾਂ ਦੇ ਹੱਕ ਵਿੱਚ ਭੁਗਤ ਜਾਂਦੇ ਹਾਂ। ਇਸ ਦਾ ਸਾਫ਼ ਮਤਲਬ ਹੈ ਕਿ ਅਸੀਂ ਆਪਣੀਆਂ ਮੰਗਾਂ ਪ੍ਰਤੀ ਸੰਵੇਦਨਸ਼ੀਲ ਤੇ ਗੰਭੀਰ ਨਹੀਂ ਹਾਂ।ਇਹ ਸਰਕਾਰਾਂ ਹਮੇਸ਼ਾ ਵੋਟਾਂ ਦੀ ਗਿਣਤੀ ਮਿਣਤੀ ਅਨੁਸਾਰ ਹੀ ਕੰਮ ਕਰਦੀਆਂ ਹਨ।ਜੇ ਮੰਗਾਂ ਪੂਰੀਆਂ ਕਰਵਾਉਣੀਆਂ ਹਨ ਤਾਂ ਇਨ੍ਹਾਂ ਸਰਕਾਰਾਂ ਦੇ ਉਲਟ ਵੋਟ ਪਾਉਣੀ ਪਵੇਗੀ, ਨਹੀਂ ਤਾਂ ਧਰਨਿਆਂ ਮੁਜ਼ਾਹਰਿਆਂ 'ਤੇ ਸਮਾਂ ਤੇ ਪੈਸੇ ਦੀ ਬਰਬਾਦੀ ਹੀ ਹੋਵੇਗੀ।ਉਨ੍ਹਾਂ ਕਿਹਾ ਕਿ ਜਿੰਨਾ ਚਿਰ ਅਸੀਂ ਵੋਟ ਦੇ ਅਧਿਕਾਰ ਦੀ ਸਹੀ ਵਰਤੋਂ ਨਹੀਂ ਕਰਦੇ, ਉਨਾ ਚਿਰ ਇਹ ਸਰਕਾਰਾਂ ਹੋਸ਼ ਵਿੱਚ ਨਹੀਂ ਆਉਂਦੀਆਂ।ਇਸ ਮੀਟਿੰਗ ਵਿੱਚ ਉਂਕਾਰ ਸਿੰਘ ਫਰਵਾਹਾ, ਪੋਹਲਾ ਸਿੰਘ ਬਰਾੜ ਨੇ ਵੀ ਸੰਬੋਧਨ ਕੀਤਾ।ਇਸ ਉਪਰੰਤ ਬਾਬੂ ਸਿੰਘ ਖੋਸਾ, ਉਂਕਾਰ ਸਿੰਘ, ਨਛੱਤਰ ਸਿੰਘ ਰੋਡੇ, ਨਾਇਬ ਸਿੰਘ ਜਨੇਰ, ਹਾਕਮ ਸਿੰਘ ਘੋਲੀਆ, ਪ੍ਰੀਤਮਪਾਲ ਸਿੰਘ ਕੜਿਆਲ, ਕਸ਼ਮੀਰ ਸਿੰਘ ਧੱਲੇਕੇ, ਬਲਵਿੰਦਰ ਸਿੰਘ ਬੂਹ, ਗੁਰਚਰਨ ਸਿੰਘ ਬਾਘਾ ਪੁਰਾਣਾ ਨੂੰ ਜਥੇਬੰਦੀ ਵਿੱਚ ਸਰਗਰਮ ਰਹਿਣ ਕਾਰਨ ਇੱਕ ਲੋਈ ਤੇ ਮੋਮੈਂਟੋ ਦੇ ਕੇ ਸਨਮਾਨਤ ਕੀਤਾ ਗਿਆ। ਅੰਤ ਵਿੱਚ ਪ੍ਰਧਾਨ ਬਚਿੱਤਰ ਸਿੰਘ ਧੋਥੜ ਨੇ ਜਿੱਥੇ ਆਏ ਮੈਂਬਰਾਂ ਦਾ ਧੰਨਵਾਦ ਕੀਤਾ, ਉੱਥੇ ਨਾਲ ਹੀ ਕਿਹਾ ਕਿ 27 ਜੂਨ ਨੂੰ ਬਲਵਿੰਦਰ ਸਿੰਘ ਸੰਧੂ ਦੀ ਬਰਸੀ ਸ਼ਹੀਦ ਨਛੱਤਰ ਸਿੰਘ ਧਾਲੀਵਾਲ ਭਵਨ ਮੋਗਾ ਵਿੱਚ ਮਨਾਈ ਜਾ ਰਹੀ ਹੈ ਤੇ 11 ਜੁਲਾਈ ਨੂੰ ਪੰਜਾਬ ਮੁਲਾਜ਼ਮ ਤੇ ਪੈਨਸ਼ਨਰਜ਼ ਸਾਂਝਾ ਫਰੰਟ ਜ਼ਿਲ੍ਹਾ ਮੋਗਾ ਵੱਲੋਂ ਸ਼ਹੀਦ ਨਛੱਤਰ ਸਿੰਘ ਧਾਲੀਵਾਲ ਭਵਨ ਮੋਗਾ ਵਿੱਚ ਇੱਕ ਵਿਸ਼ਾਲ ਕਨਵੈਨਸ਼ਨ ਕੀਤੀ ਜਾ ਰਹੀ ਹੈ।ਉਨ੍ਹਾਂ ਸਾਰੇ ਸਾਥੀਆਂ ਨੂੰ ਇਨ੍ਹਾਂ ਦੋ ਪ੍ਰੋਗਰਾਮਾਂ ਵਿੱਚ ਵਧ-ਚੜ੍ਹ ਕੇ ਹਿੱਸਾ ਲੈਣ ਦੀ ਅਪੀਲ ਕੀਤੀ।ਇਸ ਮੌਕੇ ਪੰਜਾਬ ਰੋਡਵੇਜ਼ ਡਿਪੂ ਮੋਗਾ ਦੇ ਜਨਰਲ ਮੈਨੇਜਰ ਨੂੰ ਪੈਨਸ਼ਨਰਾਂ ਦੀਆਂ ਮੰਗਾਂ ਸਬੰਧੀ ਮੰਗ ਪੱਤਰ ਵੀ ਦਿੱਤਾ ਗਿਆ।

ਕਿਰਪਾਨ ਰੱਖਣਾ ਕੋਈ ਜੁਰਮ ਨਹੀਂ : ਇੰਦਰਜੀਤ ਸੰਧੂ



ਸਨੌਰ/ਪਟਿਆਲਾ (ਰਾਜਿੰਦਰ ਸਿੰਘ ਥਿੰਦ)-ਹਲਕਾ ਸਨੌਰ ਤੋਂ ਆਪ ਦੇ ਆਗੂ ਤੇ ਕੌਨਵੇਅਰ ਪੰਜਾਬ ਦੇ ਵਾਈਸ ਚੇਅਰਮੈਨ ਇੰਦਰਜੀਤ ਸਿੰਘ ਸੰਧੂ ਨੇ ਕਿਹਾ ਕਿ ਘਰ ਵਿੱਚ ਕਿਰਪਾਨ ਰੱਖਣਾ ਕੋਈ ਜੁਰਮ ਨਹੀਂ ਹੈ ਅਤੇ ਇਸ ਨੂੰ ਅਪਰਾਧ ਦੀ ਨਜ਼ਰ ਨਾਲ ਦੇਖਣਾ ਗਲਤ ਹੈ।ਉਨ੍ਹਾਂ ਕਿਹਾ ਕਿ ਹਰ ਵਿਅਕਤੀ ਨੂੰ ਆਪਣੀ ਤੇ ਆਪਣੇ ਪਰਵਾਰ ਦੀ ਸੁਰੱਖਿਆ ਲਈ ਸਾਧਨ ਆਪਣੇ ਘਰ ਵਿੱਚ ਰੱਖਣ ਦਾ ਅਧਿਕਾਰ ਹੈ।ਸੰਧੂ ਨੇ ਕਿਹਾ ਕਿ ਦੇਸ਼ ਦੇ ਜ਼ਿਆਦਾਤਰ ਘਰਾਂ ਵਿੱਚ ਲੋਕ ਆਪਣੀ ਲੋੜ ਤੇ ਸੁਰੱਖਿਆ ਨੂੰ ਧਿਆਨ ਵਿੱਚ ਰੱਖਦੇ ਹੋਏ ਵੱਖ-ਵੱਖ ਕਿਸਮ ਦੇ ਸੰਦ ਜਾਂ ਬਿਨਾਂ ਲਾਇਸੈਂਸ ਵਾਲੇ ਰਵਾਇਤੀ ਹਥਿਆਰ ਰੱਖਦੇ ਹਨ।ਪੇਂਡੂ ਖੇਤਰਾਂ ਵਿੱਚ ਦਾਤਰ, ਗੰਡਾਸਾ, ਕਿਰਪਾਨ ਤੇ ਹੋਰ ਖੇਤੀਬਾੜੀ ਨਾਲ ਸਬੰਧਤ ਸੰਦ ਆਮ ਤੌਰ 'ਤੇ ਘਰਾਂ ਵਿੱਚ ਮੌਜੂਦ ਹੁੰਦੇ ਹਨ।ਅਜਿਹੀਆਂ ਵਸਤਾਂ ਨੂੰ ਸਿਰਫ਼ ਹਥਿਆਰ ਸਮਝ ਕੇ ਸ਼ੱਕ ਦੀ ਨਜ਼ਰ ਨਾਲ ਦੇਖਣਾ ਠੀਕ ਨਹੀਂ।ਉਨ੍ਹਾਂ ਕਿਹਾ ਕਿ ਸਿੱਖ ਧਰਮ ਵਿੱਚ ਕਿਰਪਾਨ ਦਾ ਵਿਸ਼ੇਸ਼ ਧਾਰਮਿਕ ਤੇ ਇਤਿਹਾਸਕ ਮਹੱਤਵ ਹੈ।ਇਹ ਕੇਵਲ ਸਵੈ-ਰੱਖਿਆ ਦਾ ਪ੍ਰਤੀਕ ਹੀ ਨਹੀਂ, ਸਗੋਂ ਸੱਚ, ਨਿਆਂ ਤੇ ਕਮਜ਼ੋਰਾਂ ਦੀ ਰੱਖਿਆ ਦਾ ਸੰਦੇਸ਼ ਵੀ ਦਿੰਦੀ ਹੈ।ਇਸ ਲਈ ਕਿਰਪਾਨ ਨੂੰ ਕਿਸੇ ਗੈਰ-ਕਾਨੂੰਨੀ ਵਸਤੂ ਵਜੋਂ ਪੇਸ਼ ਕਰਨਾ ਸਿੱਖ ਭਾਈਚਾਰੇ ਦੀਆਂ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਦੇ ਬਰਾਬਰ ਹੈ।ਉਨ੍ਹਾਂ ਕਿਹਾ ਕਿ ਲੋਕਾਂ ਦੇ ਸੰਵਿਧਾਨਕ ਤੇ ਧਾਰਮਿਕ ਅਧਿਕਾਰਾਂ ਦਾ ਸਤਿਕਾਰ ਕੀਤਾ ਜਾਣਾ ਚਾਹੀਦਾ ਹੈ ਅਤੇ ਅਜਿਹੇ ਮਾਮਲਿਆਂ ਵਿੱਚ ਸੰਵੇਦਨਸ਼ੀਲਤਾ ਨਾਲ ਕੰਮ ਲੈਣਾ ਚਾਹੀਦਾ ਹੈ ਤਾਂ ਜੋ ਕਿਸੇ ਵੀ ਭਾਈਚਾਰੇ ਵਿੱਚ ਬੇਲੋੜੀ ਚਿੰਤਾ ਜਾਂ ਨਾਰਾਜ਼ਗੀ ਪੈਦਾ ਨਾ ਹੋਵੇ।

ਨੀਟ ਘੁਟਾਲੇ ਕਾਰਨ ਕੇਂਦਰ ਸਰਕਾਰ ਤੇ ਸਿੱਖਿਆ ਵਿਭਾਗ ਦੀ ਭਰੋਸੇਯੋਗਤਾ 'ਤੇ ਲੱਗਿਆ ਸਵਾਲੀਆ ਚਿੰਨ੍ਹ : ਬਲਕਰਨ ਮੋਗਾ, ਨਵਜੋਤ ਜੋਗੇਵਾਲਾ

ਕੇਂਦਰੀ ਸਿੱਖਿਆ ਮੰਤਰੀ ਧਰਮਿੰਦਰ ਪ੍ਰਧਾਨ ਦਾ ਫੂਕਿਆ ਪੁਤਲਾ

ਮੋਗਾ (ਇਕਬਾਲ ਸਿੰਘ ਖਹਿਰਾ)-ਨੀਟ ਪੇਪਰ ਲੀਕ ਮਾਮਲੇ ਨੇ ਦੇਸ਼ ਦੀ ਕੇਂਦਰ ਸਰਕਾਰ ਤੇ ਸਿੱਖਿਆ ਢਾਂਚੇ ਦੀ ਭਰੋਸੇਯੋਗਤਾ, ਪਾਰਦਰਸ਼ਤਾ 'ਤੇ ਸਵਾਲੀਆ ਚਿੰਨ੍ਹ ਲੱਗ ਗਿਆ ਹੈ।ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਬਲਕਰਨ ਮੋਗਾ, ਨਵਜੋਤ ਜੋਗੇਵਾਲਾ, ਅਕਸ਼ ਭੁੱਲਰ ਨੇ ਕੀਤਾ।ਉਨ੍ਹਾਂ ਕਿਹਾ ਕਿ 2014 ਵਿੱਚ ਭਾਜਪਾ ਸਰਕਾਰ ਬਣਨ ਤੋਂ ਬਾਅਦ ਦੇਸ਼ ਦੀ ਸਿੱਖਿਆ ਤੇ ਪ੍ਰੀਖਿਆ ਪ੍ਰਣਾਲੀ ਨੂੰ ਹੌਲੀ-ਹੌਲੀ ਖੋਖਲਾ ਕੀਤਾ ਗਿਆ ਹੈ।ਸਰਕਾਰੀ ਖੇਤਰ ਨੂੰ ਕਮਜ਼ੋਰ ਕਰਕੇ ਕੁਝ ਗਿਣਤੀ ਦੇ ਕਾਰਪੋਰੇਟ ਘਰਾਣਿਆਂ ਨੂੰ ਮੁਨਾਫ਼ਾ ਪਹੁੰਚਾਉਣ ਦੀ ਨੀਤੀ ਕਾਰਨ ਅੱਜ ਭਾਰਤ ਦੀ ਸਿੱਖਿਆ ਪ੍ਰਣਾਲੀ ਵੈਂਟੀਲੇਟਰ 'ਤੇ ਨਜ਼ਰ ਆ ਰਹੀ ਹੈ।ਪਿਛਲੇ ਕੁਝ ਸਾਲਾਂ ਦੌਰਾਨ 90 ਤੋਂ ਵੱਧ ਵੱਖ-ਵੱਖ ਪ੍ਰਤੀਯੋਗੀ ਪ੍ਰੀਖਿਆਵਾਂ ਦੇ ਪੇਪਰ ਲੀਕ ਹੋ ਚੁੱਕੇ ਹਨ, ਪਰ ਸਰਕਾਰ ਲੋਕਾਂ ਦੇ ਅਸਲ ਮੁੱਦਿਆਂ ਦਾ ਹੱਲ ਕਰਨ ਦੀ ਬਜਾਏ ਉਨ੍ਹਾਂ ਨੂੰ ਫਿਰਕੂ ਰੰਗ ਦੇਣ ਵਿੱਚ ਰੁੱਝੀ ਹੋਈ ਹੈ।

ਨੀਟ ਪੇਪਰ ਲੀਕ ਮਾਮਲੇ ਵਿੱਚ 22 ਲੱਖ ਤੋਂ ਵੱਧ ਵਿਦਿਆਰਥੀਆਂ ਦੇ ਭਵਿੱਖ ਨਾਲ ਖਿਲਵਾੜ ਕੀਤਾ ਗਿਆ।ਦੇਸ਼ ਦੇ ਕਰੋੜਾਂ ਨੌਜਵਾਨਾਂ ਦੀਆਂ ਆਸਾਂ ਨਾਲ ਜੁੜੀ ਇਸ ਪ੍ਰੀਖਿਆ ਵਿੱਚ ਹੋਈਆਂ ਗੰਭੀਰ ਗੜਬੜੀਆਂ ਲਈ ਸਿੱਖਿਆ ਮੰਤਰੀ ਧਰਮਿੰਦਰ ਪ੍ਰਧਾਨ ਦੀ ਨਾਕਾਮੀ ਸਪੱਸ਼ਟ ਹੈ।ਇਹ ਵੀ ਗੰਭੀਰ ਸਵਾਲ ਹੈ ਕਿ ਪਿਛਲੇ ਵਿਵਾਦਾਂ ਨਾਲ ਜੁੜੀਆਂ ਕੰਪਨੀਆਂ ਨੂੰ ਪ੍ਰੀਖਿਆ ਪ੍ਰਬੰਧਨ ਦੇ ਠੇਕੇ ਕਿਵੇਂ ਦਿੱਤੇ ਗਏ।ਦੇਸ਼ ਦੇ ਨੌਜਵਾਨਾਂ ਤੇ ਵਿਦਿਆਰਥੀਆਂ ਦੇ ਭਵਿੱਖ ਨੂੰ ਧਿਆਨ ਵਿੱਚ ਰੱਖਦਿਆਂ ਸ਼ਹੀਦ ਭਗਤ ਸਿੰਘ ਨੌਜਵਾਨ ਸਭਾ, ਇਨਕਲਾਬੀ ਨੌਜਵਾਨ ਸਭਾ, ਆਲ ਇੰਡੀਆ ਸਟੂਡੈਂਟਸ ਐਸੋਸੀਏਸ਼ਨ ਤੇ ਪੰਜਾਬ ਸਟੂਡੈਂਟਸ ਫੈਡਰੇਸ਼ਨ ਵੱਲੋਂ ਸਾਂਝੇ ਐਕਸ਼ਨ ਦਾ ਐਲਾਨ ਕੀਤਾ ਗਿਆ ਸੀ।

ਕੇਂਦਰੀ ਸਿੱਖਿਆ ਮੰਤਰੀ ਧਰਮਿੰਦਰ ਪ੍ਰਧਾਨ ਦੇ ਅਸਤੀਫ਼ੇ ਦੀ ਮੰਗ ਕਰਦਿਆਂ ਅੱਜ ਪੰਜਾਬ ਭਰ ਵਿੱਚ ਨੀਟ ਪੇਪਰ ਲੀਕ ਮਾਮਲੇ ਖ਼ਿਲਾਫ਼ ਪੁਤਲਾ ਫੂਕ ਮੁਜ਼ਾਹਰੇ ਦੇ ਸੱਦੇ ਤਹਿਤ ਅੱਜ ਮੋਗਾ ਬੱਸ ਸਟੈਂਡ ਵਿਖੇ ਪੁਤਲਾ ਫੂਕਿਆ ਗਿਆ।

ਸੀ ਪੀ ਆਈ 'ਲੋਕ ਬਚਾਓ ਮਾਰਚ' ਕਰਕੇ ਜਗਰਾਉਂ 'ਚ ਕਰੇਗੀ ਵੱਡੀ ਰੈਲੀ : ਚਮਕੌਰ ਬਰਮੀ

ਬੇਰੁਜ਼ਗਾਰਾਂ ਨੂੰ ਪੱਕਾ ਰੁਜ਼ਗਾਰ ਦੇਣ ਤੋਂ ਭੱਜੀ ਪੰਜਾਬ ਸਰਕਾਰ

ਚੌਂਕੀਮਾਨ (ਇੰਜੀ. ਬਲਬੀਰ ਸਿੰਘ ਮਾਨ)

ਭਾਰਤੀ ਕਮਿਊਨਿਸਟ ਪਾਰਟੀ ਦੀ ਹਲਕਾ ਜਗਰਾਉਂ ਦੀ ਮੀਟਿੰਗ ਵਰਕਿੰਗ ਜਨਰਲ ਸਕੱਤਰ ਚਮਕੌਰ ਸਿੰਘ ਬਰਮੀਂ ਦੀ ਅਗਵਾਈ ਵਿੱਚ ਨਛੱਤਰ ਸਿੰਘ ਧਾਲੀਵਾਲ ਹਾਲ ਵਿਖੇ ਹੋਈ।ਮੀਟਿੰਗ ਦੌਰਾਨ ਵਿਜੇ ਕੁਮਾਰ ਪ੍ਰਧਾਨ ਨਗਰ ਨਿਗਮ ਲੁਧਿਆਣਾ, ਬਲਬੀਰ ਸਿੰਘ ਮਾਨ, ਏਰੀਆ ਸਿੱਧਵਾਂ ਬੇਟ ਤੋਂ ਕਾਮਰੇਡ ਗੁਰਨਾਮ ਸਿੰਘ ਅੱਬੂਪੁਰਾ, ਮਾਸਟਰ ਤਰਲੋਚਨ ਸਿੰਘ, ਏਰੀਆ ਮਾਣੂੰਕੇ ਤੋਂ ਹੁਕਮਰਾਜ ਸਿੰਘ ਦੇਹੜਕਾ ਤੇ ਸਾਥੀ, ਜਗਰਾਉਂ ਤੋਂ ਕਾਮਰੇਡ ਜਗਦੀਸ਼ ਸਿੰਘ, ਚਮਕੌਰ ਸਿੰਘ, ਅਵਤਾਰ ਸਿੰਘ ਗਗੜਾ, ਪਰਮਜੀਤ ਸਿੰਘ, ਅਮਰਜੀਤ ਸਿੰਘ ਆਦਿ ਨੇ ਸੰਬੋਧਨ ਕਰਦਿਆਂ ਕਿਹਾ ਕਿ ਸੀ ਪੀ ਆਈ ਪਾਰਟੀ ਦੀ ਬਿਹਤਰੀ ਤੇ ਅੰਗਾਮੀ ਚੋਣਾਂ ਦੌਰਾਨ ਵਧੀਆ ਪ੍ਰਦਸ਼ਨ ਕਰਨ ਲਈ 'ਲੋਕ ਜਗਾਓ ਚੇਤਨਾ ਮਾਰਚ' ਕਰਕੇ ਪਾਰਟੀ ਅੰਦਰ ਇੱਕਜੁੱਟਤਾ ਦਾ ਪ੍ਰਗਟਾਵਾ ਕਰਦੇ ਹੋਏ ਬਲਾਕ ਸਿੱਧਵਾਂ ਬੇਟ, ਮਾਣੂੰਕੇ ਤੇ ਜਗਰਾਉਂ ਅੰਦਰ ਮੋਟਰਸਾਈਕਲ, ਸਕੂਟਰ ਝੰਡਾ ਮਾਰਚ ਕਰਕੇ ਆਮ ਆਦਮੀ ਪਾਰਟੀ ਦੀ ਸਰਕਾਰ ਤੋਂ ਅੱਕੇ ਲੋਕਾਂ ਅੰਦਰ ਨਵੀਂ ਰੂਹ ਫੂਕਣ ਲਈ, ਲੋਕ ਜਗਾਓ ਚੇਤਨਾ ਮਾਰਚ ਕਰਕੇ, ਹਲਕਾ ਜਗਰਾਉਂ ਅੰਦਰ ਵੱਡੀ ਰੈਲੀ ਕਰਕੇ ਲੋਕਾਂ ਨਾਲ ਹੁੰਦੀਆਂ ਵਧੀਕੀਆਂ ਨੂੰ ਜੱਗ ਜ਼ਾਹਰ ਕਰਦਿਆਂ ਅਕਾਲੀ-ਭਾਜਪਾ ਸਰਕਾਰ ਦੀਆਂ ਕੁਤਾਹੀਆਂ, ਕਾਂਗਰਸ ਪਾਰਟੀ ਦੀ ਮਿਲੀਭੁਗਤ ਨਾਲ ਕੀਤੀਆਂ ਬੇਨਿਯਮੀਆਂ, ਸੰਸਦੀ ਚੋਣਾਂ ਦੌਰਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਵੱਲੋਂ ਕਾਮਰੇਡਾਂ ਨਾਲ ਕੀਤੇ ਵਾਅਦੇ ਮੁਤਾਬਿਕ ਜਿੱਤ ਪ੍ਰਾਪਤ ਕਰਕੇ ਅੱਜ ਤੱਕ ਉਨ੍ਹਾਂ ਨੂੰ ਧੰਨਵਾਦ ਕਰਨ ਦਾ ਸਮਾਂ ਨਹੀਂ ਮਿਲਿਆ, ਜਦੋਂ ਕਿ ਜਗਰਾਉਂ ਤੋਂ ਵੱਡੇ ਪੱਧਰ 'ਤੇ ਵੜਿੰਗ ਨੂੰ ਜਿਤਾਉਣ ਵਾਲੇ ਅੱਜ ਤੜਿੰਗ ਹੋਏ ਆਪਣੇ ਫ਼ੈਸਲਿਆਂ ਨੂੰ ਕੋਸ ਰਹੇ ਹਨ।ਆਉਣ ਵਾਲੇ ਦਿਨਾਂ ਵਿੱਚ ਰੋਸ ਪ੍ਰਦਰਸ਼ਨ ਕਰਦਿਆਂ ਜਗਰਾਉਂ ਅੰਦਰ ਵੱਡੀ ਰੈਲੀ ਕਰਕੇ ਵਾਅਦਿਆਂ ਤੋਂ ਮੁੱਕਰੀ ਭਗਵੰਤ ਮਾਨ ਦੀ ਸਰਕਾਰ ਨੂੰ ਹਲੂਣਦਿਆਂ ਲੋਕਾਂ ਨੂੰ ਜਾਗਰੂਕ ਕਰਕੇ ਨਵੇਂ ਬਦਲ ਦੀ ਤਿਆਰੀ ਦਾ ਮੁੱਢ ਬੰਨਣਗੇ।ਇਸ ਮੌਕੇ ਜ਼ਿਲ੍ਹਾ ਇਕਾਈ ਲੁਧਿਆਣਾ ਐਗਜ਼ੈਕਟਿਵ ਮੈਂਬਰ ਬਲਬੀਰ ਸਿੰਘ ਮਾਨ, ਗੁਰਮੇਲ ਸਿੰਘ ਰੂਮੀ, ਸਵਰਨ ਸਿੰਘ ਹਠੂਰ, ਅਮਰਜੀਤ ਸਿੰਘ, ਚਮਕੌਰ ਸਿੰਘ, ਹੁਕਮਰਾਜ ਦੇਹੜਕਾ, ਅਵਤਾਰ ਸਿੰਘ ਗਗੜਾ ਆਦਿ ਨੇ ਅੱਜ ਦੀ ਭਰਵੀਂ ਮੀਟਿੰਗ ਵਿੱਚ ਸ਼ਮੂਲੀਅਤ ਕਰਦਿਆਂ ਲੋਕਾਂ ਨੂੰ ਅਗਲੇ ਸੰਘਰਸ਼ਾਂ ਵਿੱਚ ਵੱਡੇ ਪੱਧਰ 'ਤੇ ਸ਼ਾਮਲ ਹੋਣ ਦੀ ਅਪੀਲ ਕੀਤੀ।

ਐੱਨ ਟੀ ਐੱਫ ਵੱਲੋਂ ਕਰੋੜਾਂ ਦੀ ਹੈਰੋਇਨ ਤੇ ਅ਼ਫੀਮ ਸਮੇਤ 3 ਤਸਕਰ ਕਾਬੂ

ਫਿਰੋਜ਼ਪੁਰ (ਅਸ਼ੋਕ ਸ਼ਰਮਾ)

ਪੰਜਾਬ ਨੂੰ ਨਸ਼ਾ ਮੁਕਤ ਕਰਨ ਦੇ ਉਦੇਸ਼ ਨਾਲ ਸੂਬਾ ਸਰਕਾਰ ਤੇ ਪੁਲਸ ਪ੍ਰਸ਼ਾਸਨ ਵੱਲੋਂ ਵਿੱਢੀ ਗਈ ਸਖ਼ਤ ਮੁਹਿੰਮ ਨੂੰ ਉਸ ਵੇਲੇ ਕਾਮਯਾਬੀ ਮਿਲੀ ਜਦੋਂ ਐਂਟੀ ਨਾਰਕੋਟਿਕਸ ਟਾਸਕ ਫੋਰਸ ਦੀ ਫਿਰੋਜ਼ਪੁਰ ਰੇਂਜ ਨੇ ਤਿੰਨ ਵੱਖ-ਵੱਖ ਕਾਰਵਾਈਆਂ ਦੌਰਾਨ ਤਿੰਨ ਨਸ਼ਾ ਤਸਕਰਾਂ ਨੂੰ ਗ੍ਰਿਫਤਾਰ ਕੀਤਾ। ਪੁਲਸ ਨੇ ਇਨ੍ਹਾਂ ਪਾਸੋਂ 6.155 ਕਿੱਲੋ ਹੈਰੋਇਨ ਤੇ 2.795 ਕਿੱਲੋ ਅਫ਼ੀਮ ਸਮੇਤ ਹੋਰ ਨਸ਼ੀਲੇ ਪਦਾਰਥ ਬਰਾਮਦ ਕੀਤੇ ਹਨ। ਡੀਜੀਪੀ ਪੰਜਾਬ ਤੇ ਏਡੀਜੀਪੀ ਐਂਨਟੀਐੱਫ ਦੇ ਦਿਸ਼ਾ-ਨਿਰਦੇਸ਼ਾਂ ਹੇਠ ਨਸ਼ਾ ਤਸਕਰਾਂ ਦੇ ਲੱਕ ਤੋੜਨ ਲਈ ਪੁਲਸ ਪੂਰੀ ਤਰ੍ਹਾਂ ਸਰਗਰਮ ਹੈ। ਇਸੇ ਲੜੀ ਤਹਿਤ ਗੁਰਿੰਦਰਬੀਰ ਸਿੰਘ, ਪੀਪੀਐੱਸ ਕਪਤਾਨ ਪੁਲਸ, ਐਂਨਟੀਐੱਫ ਫਿਰੋਜ਼ਪੁਰ ਦੀ ਕੁਸ਼ਲ ਅਗਵਾਈ ਵਿੱਚ ਵਿਸ਼ੇਸ਼ ਟੀਮਾਂ ਗਠਿਤ ਕੀਤੀਆਂ ਗਈਆਂ ਸਨ। ਉਨ੍ਹਾਂ ਦੱਸਿਆ ਕਿ ਪਹਿਲੇ ਮਾਮਲੇ ਵਿੱਚ ਐਂਨਟੀਐੱਫ ਥਾਣਾ ਐੱਸਏਐੱਸ ਨਗਰ ਵਿਖੇ ਦਰਜ ਮੁਕੱਦਮਾ ਨੰਬਰ 124 ਮਿਤੀ 11 ਜੂਨ 2026 ਤਹਿਤ ਕਾਰਵਾਈ ਕਰਦਿਆਂ ਦਵਿੰਦਰ ਸਿੰਘ ਉਰਫ਼ ਏਕਮ ਜੋ ਕਿ ਧਰਮਕੋਟ ਜ਼ਿਲ੍ਹਾ ਮੋਗਾ ਦਾ ਰਹਿਣ ਵਾਲਾ ਹੈ, ਨੂੰ ਗ੍ਰਿਫਤਾਰ ਕੀਤਾ ਗਿਆ। ਤਲਾਸ਼ੀ ਦੌਰਾਨ ਦੋਸ਼ੀ ਪਾਸੋਂ 3 ਕਿੱਲੋ 55 ਗ੍ਰਾਮ ਹੈਰੋਇਨ ਬਰਾਮਦ ਹੋਈ। ਇਸੇ ਤਰ੍ਹਾਂ ਮੁਕੱਦਮਾ ਨੰਬਰ 125 ਮਿਤੀ 12 ਜੂਨ 2026 ਪੁਲਸ ਟੀਮ ਨੇ ਪ੍ਰੇਮ ਸਿੰਘ ਵਾਸੀ ਮੱਛੀਵਾੜਾ ਜ਼ਿਲ੍ਹਾ ਫਿਰੋਜ਼ਪੁਰ ਨੂੰ ਨਾਕੇਬੰਦੀ ਦੌਰਾਨ ਰੋਕਿਆ। ਉਸ ਦੇ ਮੋਟਰਸਾਈਕਲ ਦੀ ਤਲਾਸ਼ੀ ਲੈਣ 'ਤੇ 3 ਕਿੱਲੋ 100 ਗ੍ਰਾਮ ਹੈਰੋਇਨ ਬਰਾਮਦ ਕੀਤੀ ਗਈ। ਦੋਸ਼ੀ ਖ਼ਿਲਾਫ਼ ਐਂਨਡੀਪੀਐੱਸ ਐਕਟ ਦੀ ਧਾਰਾ 21 ਤਹਿਤ ਮਾਮਲਾ ਦਰਜ ਕੀਤਾ ਗਿਆ ਹੈ। ਉਨ੍ਹਾਂ ਦੱਸਿਆ ਕਿ ਅੰਮ੍ਰਿਤਸਰ ਨਾਲ ਸਬੰਧਤ ਰਣਜੀਤ ਸਿੰਘ ਉਰਫ਼ ਰਾਣਾ ਨੂੰ ਕਾਬੂ ਕੀਤਾ ਗਿਆ। ਮੁਕੱਦਮਾ ਨੰਬਰ 128 ਮਿਤੀ 13 ਜੂਨ 2026 ਤਹਿਤ ਹੋਈ ਇਸ ਕਾਰਵਾਈ ਵਿੱਚ ਦੋਸ਼ੀ ਕੋਲੋਂ 2 ਕਿੱਲੋ 795 ਗ੍ਰਾਮ ਅਫ਼ੀਮ, 204 ਗ੍ਰਾਮ ਨਸ਼ੀਲੀਆਂ ਜੜੀ-ਬੂਟੀਆਂ, 485 ਗ੍ਰਾਮ ਚਿੱਟਾ ਪਾਊਡਰ ਅਤੇ 1 ਕਿੱਲੋ 35 ਗ੍ਰਾਮ ਕਾਲੇ ਰੰਗ ਦਾ ਸ਼ੱਕੀ ਤਰਲ ਪਦਾਰਥ ਬਰਾਮਦ ਹੋਇਆ। ਪੁਲਸ ਨੇ ਤਸਕਰੀ ਵਿਚ ਵਰਤੀ ਜਾਣ ਵਾਲੀ ਸਵਿੱਫਟ ਕਾਰ ਨੂੰ ਵੀ ਜ਼ਬਤ ਕਰ ਲਿਆ ਹੈ। ਐਂਨਟੀਐੱਫ ਫਿਰੋਜ਼ਪੁਰ ਰੇਂਜ ਦੇ ਅਧਿਕਾਰੀਆਂ ਨੇ ਦੱਸਿਆ ਕਿ ਇਨ੍ਹਾਂ ਮਾਮਲਿਆਂ ਦੀ ਤਫ਼ਤੀਸ਼ ਬਾਰੀਕੀ ਨਾਲ ਕੀਤੀ ਜਾ ਰਹੀ ਹੈ। ਪੁਲਸ ਹੁਣ ਇਹ ਪਤਾ ਲਗਾਉਣ ਦੀ ਕੋਸ਼ਿਸ਼ ਕਰ ਰਹੀ ਹੈ ਕਿ ਇਹ ਨਸ਼ਾ ਕਿੱਥੋਂ ਲਿਆਂਦਾ ਗਿਆ ਸੀ ਤੇ ਇਸ ਦੇ ਮੁੱਖ ਸਪਲਾਇਰ ਕੌਣ ਹਨ?

ਕਾਤਰਾਂ

ਪਲੇਸਮੈਂਟ ਕੈਂਪ 'ਚ 4 ਉਮੀਦਵਾਰਾਂ ਦੀ ਚੋਣ

ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)-ਜ਼ਿਲ੍ਹੇ ਦੇ ਬੇਰੁਜ਼ਗਾਰ ਨੌਜਵਾਨਾਂ ਨੂੰ ਰੋਜ਼ਗਾਰ ਦੇ ਸਰਵੋਤਮ ਮੌਕੇ ਪ੍ਰਦਾਨ ਕਰਨ ਦੇ ਮੰਤਵ ਨਾਲ ਜ਼ਿਲ੍ਹਾ ਰੋਜ਼ਗਾਰ ਤੇ ਕਾਰੋਬਾਰ ਬਿਊਰੋ ਵਿਖੇ ਇੱਕ ਵਿਸ਼ੇਸ਼ ਪਲੇਸਮੈਂਟ ਕੈਂਪ ਦਾ ਲਗਾਇਆ ਗਿਆ।ਇਸ ਕੈਂਪ ਵਿੱਚ ਐੱਚ ਡੀ ਐੱਫ ਸੀ ਬੈਂਕ ਤੇ ਕੇਅਰ ਲਾਈਫ ਕੰਪਨੀ ਵੱਲੋਂ ਯੋਗ ਨੌਜਵਾਨਾਂ ਦੀ ਇੰਟਰਵਿਊ ਪ੍ਰਕਿਰਿਆ ਚਲਾਈ ਗਈ, ਜਿਸ ਵਿੱਚ ਐੱਚ ਡੀ ਐੱਫ ਸੀ ਬੈਂਕ ਵੱਲੋਂ ਸ਼ਾਨਦਾਰ ਪ੍ਰਦਰਸ਼ਨ ਕਰਨ ਵਾਲੇ 4 ਉਮੀਦਵਾਰਾਂ ਦੀ ਰੋਜ਼ਗਾਰ ਲਈ ਅੰਤਿਮ ਚੋਣ ਕੀਤੀ ਗਈ।ਇਸ ਸਬੰਧੀ ਜਾਣਕਾਰੀ ਦਿੰਦਿਆਂ ਜ਼ਿਲ੍ਹਾ ਰੋਜ਼ਗਾਰ ਅਫ਼ਸਰ ਹਰਪ੍ਰੀਤ ਸਿੰਘ ਸਿੱਧੂ ਨੇ ਦੱਸਿਆ ਕਿ ਇਸ ਕੈਂਪ ਵਿੱਚ 12ਵੀਂ ਤੇ ਗ੍ਰੈਜੂਏਸ਼ਨ ਪਾਸ 18 ਤੋਂ 28 ਸਾਲ ਦੇ ਨੌਜਵਾਨਾਂ ਨੇ ਹਿੱਸਾ ਲਿਆ।ਉਨ੍ਹਾਂ ਦੱਸਿਆ ਕਿ ਚੁਣੇ ਗਏ ਉਮੀਦਵਾਰਾਂ ਨੂੰ ਕੰਪਨੀ ਵੱਲੋਂ ਸਾਲਾਨਾ 4.4 ਲੱਖ ਰੁਪਏ ਤੱਕ ਦਾ ਆਕਰਸ਼ਕ ਤਨਖਾਹ ਪੈਕੇਜ ਦਿੱਤਾ ਜਾਵੇਗਾ।

ਹਨੀ ਫੱਤਣਵਾਲਾ ਨੇ ਨਰਿੰਦਰ ਬਾਂਸਲ ਨਾਲ ਕੀਤੀ ਹਮਦਰਦੀ ਪ੍ਰਗਟ



ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ ਸਿੰਘ, ਪੂਜਾ)
ਸ੍ਰੀ ਮੁਕਤਸਰ ਸਾਹਿਬ ਵਾਸੀ ਨਰਿੰਦਰ ਬਾਂਸਲ ਸਾਬਕਾ ਕੌਂਸਲਰ ਦੇ ਸਤਿਕਾਰਯੋਗ ਮਾਤਾ ਸ੍ਰੀਮਤੀ ਸੱਤਿਆ ਦੇਵੀ (100 ਸਾਲ), ਜਿਨ੍ਹਾਂ ਦਾ ਬੀਤੇ ਦਿਨੀਂ ਦਿਹਾਂਤ ਹੋ ਗਿਆ ਸੀ, ਦੇ ਦਿਹਾਂਤ 'ਤੇ ਮ੍ਰਿਤਕ ਦੇ ਪੁੱਤਰ ਨਰਿੰਦਰ ਬਾਂਸਲ ਨਾਲ ਅਫਸੋਸ ਪ੍ਰਗਟ ਕਰਦਿਆ ਸ਼੍ਰੋਮਣੀ ਅਕਾਲੀ ਦਲ ਦੇ ਸਾਬਕਾ ਜਨਰਲ ਸਕੱਤਰ ਜਗਜੀਤ ਸਿੰਘ ਬਰਾੜ ਹਨੀ ਫੱਤਣਵਾਲਾ ਨੇ ਹਮਦਰਦੀ ਪ੍ਰਗਟ ਕੀਤੀ।ਇਸ ਮੌਕੇ ਮਹਿੰਦੀ, ਰੋਬਿਨ ਬਾਂਸਲ, ਅਨੁਜ ਬਾਂਸਲ, ਗੁਰਵਿੰਦਰ ਸਿੰਘ ਤੋਂ ਇਲਾਵਾ ਪਰਿਵਾਰਕ ਮੈਂਬਰ ਤੇ ਰਿਸ਼ਤੇਦਾਰ ਹਾਜ਼ਰ ਸਨ।

'ਏਕਮ ਕਾ ਤਿਉਹਾਰ' 16 ਨੂੰ ਮਨਾਇਆ ਜਾਵੇਗਾ : ਵਿਕਰਮ ਗਰਗ



ਸੁਨਾਮ ਊਧਮ ਸਿੰਘ ਵਾਲਾ (ਹਾਕਮ ਭੱਟੀ, ਅਸ਼ੋਕ ਬਾਂਸਲ)-ਅਗਰਵਾਲ ਸਭਾ ਸੁਨਾਮ ਦੇ ਪ੍ਰਧਾਨ ਵਿਕਰਮ ਗਰਗ ਵਿੱਕੀ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਅਗਰਵਾਲ ਸਭਾ ਵੱਲੋਂ 16 ਜੂਨ ਮੰਗਲਵਾਰ ਨੂੰ 'ਏਕਮ ਕਾ ਤਿਉਹਾਰ' ਸਥਾਨਕ ਅਗਰਸੈਨ ਚੌਕ ਵਿਖੇ ਸਵੇਰੇ 7 ਵਜੇ ਮਨਾਇਆ ਜਾਵੇਗਾ।ਉਨ੍ਹਾਂ ਦੱਸਿਆ ਕਿ ਇਸ ਮੌਕੇ ਅਗਰਵਾਲ ਸਭਾ ਸੁਨਾਮ ਵੱਲੋਂ ਨਗਰ ਕੌਂਸਲ ਦੇ ਨਵੇਂ ਚੁਣੇ ਗਏ ਅਗਰਵਾਲ ਕੌਂਸਲਰਾਂ ਨੂੰ ਵਿਸ਼ੇਸ਼ ਤੌਰ 'ਤੇ ਸਨਮਾਨਤ ਕੀਤਾ ਜਾਵੇਗਾ।ਉਨ੍ਹਾਂ ਦੱਸਿਆ ਕਿ ਇਸ ਸਮਾਗਮ ਵਿੱਚ ਪੂਜਾ ਅਰਚਨਾ ਦੇ ਯਜਮਾਨ ਇੰਜੀਨੀਅਰ ਰਾਜੇਸ਼ ਗਰਗ ਤੇ ਰਾਕੇਸ਼ ਗਰਗ (ਗ੍ਰੀਨ ਸਿਟੀ) ਆਪਣੇ ਪਰਿਵਾਰ ਸਮੇਤ ਸ਼ਾਮਲ ਹੋਣਗੇ।ਉਨ੍ਹਾਂ ਸਮੂਹ ਅਗਰਵਾਲਾਂ ਨੂੰ ਬੇਨਤੀ ਕੀਤੀ ਕਿ ਅਗਰਵਾਲ ਸਭਾ ਵੱਲੋਂ ਰੱਖੇ ਗਏ ਇਸ ਵਿਸ਼ੇਸ਼ ਪ੍ਰੋਗਰਾਮ ਵਿੱਚ ਸ਼ਾਮਲ ਹੋ ਕੇ ਮਹਾਰਾਜਾ ਅਗਰਸੇਨ ਜੀ ਦਾ ਆਸ਼ੀਰਵਾਦ ਪ੍ਰਾਪਤ ਕਰਨ।

ਪੈਨਸ਼ਨਰਜ਼ ਵੈੱਲਫੇਅਰ ਐਸੋਸੀਏਸ਼ਨ ਵੱਲੋਂ ਲਾਠੀਚਾਰਜ ਖਿਲਾਫ ਰੋਸ ਪ੍ਰਦਰਸ਼ਨ

ਸੰਗਰੂਰ (ਪ੍ਰਵੀਨ ਸਿੰਘ)-ਸਥਾਨਕ ਤਹਿਸੀਲ ਕੰਪਲੈਕਸ ਵਿਖੇ ਗੌਰਮਿੰਟ ਪੈਨਸ਼ਨਰਜ਼ ਵੈੱਲਫੇਅਰ ਐਸੋਸੀਏਸ਼ਨ ਸੰਗਰੂਰ ਨੇ ਪਟਿਆਲਾ ਪੁਲਸ ਪ੍ਰਸ਼ਾਸਨ ਵੱਲੋਂ ਆਪਣੇ ਹੱਕਾਂ ਦੀ ਰਾਖੀ ਲਈ ਸ਼ਾਂਤਮਈ ਸੰਘਰਸ਼ ਕਰ ਰਹੇ ਬਿਜਲੀ ਬੋਰਡ ਦੇ ਸਹਾਇਕ ਲਾਈਨਮੈਨਾਂ 'ਤੇ ਕੀਤੇ ਗਏ ਅੰਧਾਧੁੰਦ ਲਾਠੀਚਾਰਜ ਤੇ ਅਣਮਨੁੱਖੀ ਵਰਤਾਰੇ ਦੀ ਘੋਰ ਨਿੰਦਾ ਕੀਤੀ ਅਤੇ ਰੋਸ ਪ੍ਰਦਰਸ਼ਨ ਯੂਨਿਟ ਪ੍ਰਧਾਨ ਭੁਪਿੰਦਰ ਸਿੰਘ ਜੱਸੀ, ਜੰਟ ਸਿੰਘ ਸੋਹੀ ਚੇਅਰਮੈਨ ਦੀ ਅਗਵਾਈ ਵਿੱਚ ਕੀਤਾ।ਅਵਿਨਾਸ਼ ਸ਼ਰਮਾ ਜਨਰਲ ਸਕੱਤਰ ਵੱਲੋਂ ਕੀਤੇ ਮੰਚ ਸੰਚਾਲਨ ਅਧੀਨ ਰਾਜ ਕੁਮਾਰ ਅਰੋੜਾ ਜ਼ਿਲ੍ਹਾ ਪ੍ਰਧਾਨ, ਰਵਿੰਦਰ ਸਿੰਘ ਗੁੱਡੂ ਸਰਪ੍ਰਸਤ, ਪ੍ਰਿੰਸੀਪਲ ਹਰਵਿੰਦਰ ਸਿੰਘ ਭੱਠਲ, ਸਤਪਾਲ ਸਿੰਗਲਾ ਆਦਿ ਨੇ ਕਿਹਾ ਕਿ ਆਪਣੀ ਸਰਵਿਸ ਨੂੰ ਰੈਗੂਲਰ ਕਰਵਾਉਣ ਲਈ ਬਿਜਲੀ ਵਿਭਾਗ ਦੇ ਮੁਲਾਜ਼ਮਾਂ ਤੇ ਪੁਲਸ ਪ੍ਰਸ਼ਾਸਨ ਵੱਲੋਂ ਡੰਡਾਤੰਤਰ ਵਰਤ ਕੇ ਮਾਸੂਮਾਂ ਨੂੰ ਛੱਲੀਆਂ ਵਾਂਗ ਕੁੱਟਿਆ ਤੇ ਜ਼ਿੰਮੇਵਾਰ ਪੁਲਸ ਅਧਿਕਾਰੀਆਂ ਨੇ ਗੁੰਡਾਗਰਦੀ ਦੀ ਹੱਦ ਪਾਰ ਕਰ ਦਿੱਤੀ ਹੈ।ਬੁਲਾਰਿਆਂ ਨੇ ਪੰਜਾਬ ਸਰਕਾਰ ਨੂੰ ਚਿਤਾਵਨੀ ਦਿੱਤੀ ਕਿ ਜੇਕਰ ਪੈਨਸ਼ਨਰਾਂ, ਮੁਲਾਜ਼ਮਾਂ ਤੇ ਸੰਘਰਸ਼ਸ਼ੀਲ ਨੌਜਵਾਨਾਂ ਦੀਆਂ ਮੰਗਾਂ ਦਾ ਨਿਪਟਾਰਾ ਨਾ ਕੀਤਾ ਗਿਆ ਤਾਂ ਆਉਣ ਵਾਲੀਆਂ ਚੋਣਾਂ ਵਿੱਚ ਮੁਲਾਜ਼ਮ ਸਰਕਾਰ ਵਿਰੁੱਧ ਭੁਗਤਣਗੇ।ਇਸ ਮੌਕੇ ਨੰਦ ਲਾਲ ਮਲਹੋਤਰਾ, ਲਾਭ ਸਿੰਘ ਦੇਵਿੰਦਰ ਜਿੰਦਲ, ਸੁਖਦੇਵ ਸਿੰਘ ਜੱਸੀ, ਓਮ ਪ੍ਰਕਾਸ਼ ਸ਼ਰਮਾ, ਗੁਰਦੇਵ ਸਿੰਘ ਲੂੰਬਾ, ਸੁਰਿੰਦਰ ਪਾਲ ਸਿੰਘ ਸਿਦਕੀ, ਪੀ ਸੀ ਬਾਘਾ, ਹਰਪਾਲ ਸਿੰਘ ਸੰਗਰੂਰਵੀ, ਜਰਨੈਲ ਸਿੰਘ ਲੁਬਾਣਾ, ਸੁਰਿੰਦਰ ਸਿੰਘ ਸੋਢੀ, ਮਨਮੋਹਨ ਸਿੰਘ, ਮਲਕੀਤ ਸਿੰਘ ਸਕਰੌਦੀ ਆਦਿ ਸਮੇਤ ਵੱਡੀ ਗਿਣਤੀ ਵਿੱਚ ਪੈਨਸ਼ਨਰਜ਼ ਸਾਥੀ ਹਾਜ਼ਰ ਸਨ।

ਪ੍ਰਸ਼ਾਸਨ ਵੱਲੋਂ ਕੀਤੀਆਂ ਜਾ ਰਹੀਆਂ ਵਪਾਰਕ ਮਿਲਣੀਆਂ ਸ਼ਲਾਘਾਯੋਗ : ਆਜ਼ਮ ਦਾਰਾ

ਵਪਾਰੀਆਂ ਦੀ ਸੁਰੱਖਿਆ ਲਈ ਪੁਲਸ ਪ੍ਰਬੰਧ ਹੋਰ ਮਜ਼ਬੂਤ ਕੀਤੇ ਜਾ ਰਹੇ ਹਨ : ਚੇਅਰਮੈਨ



ਮਾਲੇਰਕੋਟਲਾ (ਅਸਗਰ ਪਰਿਹਾਰ)-ਪੰਜਾਬ ਸਰਕਾਰ ਵੱਲੋਂ ਵਪਾਰਕ ਭਾਈਚਾਰੇ ਦੀਆਂ ਸਮੱਸਿਆਵਾਂ ਦਾ ਮੌਕੇ 'ਤੇ ਨਿਪਟਾਰਾ ਕਰਨ ਅਤੇ ਉਨ੍ਹਾਂ ਨੂੰ ਸੁਰੱਖਿਅਤ ਤੇ ਸੁਖਾਵਾਂ ਕਾਰੋਬਾਰੀ ਮਾਹੌਲ ਪ੍ਰਦਾਨ ਕਰਨ ਦੇ ਉਦੇਸ਼ ਨਾਲ ਮਾਲੇਰਕੋਟਲਾ ਵਿਖੇ ਵਿਸ਼ੇਸ਼ ਵਪਾਰਕ ਮਿਲਣੀ ਦਾ ਆਯੋਜਨ ਕੀਤਾ ਗਿਆ।ਪੰਜਾਬ ਟਰੇਡਰਜ਼ ਕਮਿਸ਼ਨ ਦੇ ਜ਼ਿਲ੍ਹਾ ਚੇਅਰਮੈਨ ਆਜ਼ਮ ਦਾਰਾ ਤੇ ਵਿਧਾਨ ਸਭਾ ਹਲਕਾ ਮਾਲੇਰਕੋਟਲਾ ਦੇ ਟਰੇਡਰਜ਼ ਕਮਿਸ਼ਨ ਚੇਅਰਮੈਨ ਇਮਤਿਆਜ਼ ਅਲੀ ਦੀ ਅਗਵਾਈ ਹੇਠ ਸਥਾਨਕ ਦਿੱਲੀ ਗੇਟ ਨੇੜੇ ਇੱਕ ਵਿਸ਼ੇਸ਼ ਮੀਟਿੰਗ ਵਿੱਚ ਵਪਾਰੀਆਂ ਨੇ ਆਪਣੇ ਮੁੱਦੇ ਤੇ ਸੁਝਾਅ ਪ੍ਰਸ਼ਾਸਨਿਕ ਅਧਿਕਾਰੀਆਂ ਸਾਹਮਣੇ ਰੱਖੇ।

ਇਸ ਮੌਕੇ ਆਜ਼ਮ ਦਾਰਾ ਨੇ ਕਿਹਾ ਕਿ ਮੁੱਖ ਮੰਤਰੀ ਸ੍ਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਵਪਾਰੀਆਂ ਨਾਲ ਸਿੱਧਾ ਸੰਵਾਦ ਕਾਇਮ ਕਰਕੇ ਉਨ੍ਹਾਂ ਦੀਆਂ ਸਮੱਸਿਆਵਾਂ ਦਾ ਤੁਰੰਤ ਹੱਲ ਕਰਨ ਲਈ ਵਚਨਬੱਧ ਹੈ।ਉਨ੍ਹਾਂ ਕਿਹਾ ਕਿ ਅਜਿਹੀਆਂ ਵਪਾਰਕ ਮਿਲਣੀਆਂ ਵਪਾਰੀਆਂ ਤੇ ਪ੍ਰਸ਼ਾਸਨ ਦਰਮਿਆਨ ਭਰੋਸੇ ਨੂੰ ਹੋਰ ਮਜ਼ਬੂਤ ਕਰਦੀਆਂ ਹਨ।ਉਨ੍ਹਾਂ ਜ਼ਿਲ੍ਹਾ ਪ੍ਰਸ਼ਾਸਨ ਤੇ ਵੱਖ-ਵੱਖ ਵਿਭਾਗਾਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਵਪਾਰਕ ਵਰਗ ਦੀਆਂ ਜਾਇਜ਼ ਮੰਗਾਂ ਨੂੰ ਗੰਭੀਰਤਾ ਨਾਲ ਸੁਣਿਆ ਜਾ ਰਿਹਾ ਹੈ ਅਤੇ ਉਨ੍ਹਾਂ ਦੇ ਹੱਲ ਲਈ ਸਕਾਰਾਤਮਕ ਕਦਮ ਚੁੱਕੇ ਜਾ ਰਹੇ ਹਨ।ਇਸੇ ਤਰ੍ਹਾਂ ਵਪਾਰੀਆਂ ਦੀ ਸੁਰੱਖਿਆ ਲਈ ਪੁਲਸ ਪ੍ਰਬੰਧ ਹੋਰ ਮਜ਼ਬੂਤ ਕੀਤੇ ਜਾ ਰਹੇ ਹਨ।ਮੀਟਿੰਗ ਦੌਰਾਨ ਬਾਜ਼ਾਰਾਂ ਦੀ ਸਫ਼ਾਈ, ਟ੍ਰੈਫਿਕ ਪ੍ਰਬੰਧਨ, ਬਿਜਲੀ ਸਬੰਧੀ ਮੁੱਦਿਆਂ ਤੇ ਹੋਰ ਨਾਗਰਿਕ ਸਹੂਲਤਾਂ ਬਾਰੇ ਵਿਸਥਾਰਪੂਰਵਕ ਵਿਚਾਰ-ਵਟਾਂਦਰਾ ਕੀਤਾ ਗਿਆ।ਸਬੰਧਤ ਵਿਭਾਗਾਂ ਦੇ ਅਧਿਕਾਰੀਆਂ ਨੇ ਇਨ੍ਹਾਂ ਮਸਲਿਆਂ ਦੇ ਜਲਦ ਹੱਲ ਦਾ ਭਰੋਸਾ ਦਿਵਾਇਆ।ਇਸ ਮੌਕੇ ਈ.ਟੀ.ਓ. ਨਛੱਤਰ ਸਿੰਘ ਨੇ ਜਾਣਕਾਰੀ ਦਿੱਤੀ ਕਿ 16 ਜੂਨ ਨੂੰ ਸਵੇਰੇ 11 ਵਜੇ ਸਥਾਨਕ ਤੇਲੀਆਂ ਬਾਜ਼ਾਰ ਤੋਂ ਅਜੀਮਪੁਰ ਰੋਡ, ਮਾਲੇਰਕੋਟਲਾ ਤੇ ਗਾਂਧੀ ਚੌਂਕ-ਰਾਏਕੋਟ ਅੱਡਾ, ਅਹਿਮਦਗੜ੍ਹ ਵਿਖੇ ਵਿਸ਼ੇਸ਼ ਵਪਾਰਕ ਮਿਲਣੀ ਕੈਂਪ ਲਗਾਏ ਜਾਣਗੇ।ਉਨ੍ਹਾਂ ਸਮੂਹ ਵਪਾਰੀਆਂ ਨੂੰ ਇਨ੍ਹਾਂ ਕੈਂਪਾਂ ਵਿੱਚ ਵੱਧ ਚੜ੍ਹ ਕੇ ਸ਼ਮੂਲੀਅਤ ਕਰਕੇ ਆਪਣੀਆਂ ਸਮੱਸਿਆਵਾਂ ਪ੍ਰਸ਼ਾਸਨ ਦੇ ਧਿਆਨ ਵਿੱਚ ਲਿਆਉਣ ਦੀ ਅਪੀਲ ਕੀਤੀ।

ਪੁਸ਼ਪਿੰਦਰ ਸਿੰਘ ਸ਼੍ਰੋਮਣੀ ਅਕਾਲੀ ਦਲ ਦੇ ਹਲਕਾ ਯੂਥ ਪ੍ਰਧਾਨ ਨਿਯੁਕਤ



ਸੁਨਾਮ ਊਧਮ ਸਿੰਘ ਵਾਲਾ (ਹਾਕਮ ਭੱਟੀ/ਅਸ਼ੋਕ ਬਾਂਸਲ)-ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਵੱਲੋਂ ਪੁਸ਼ਪਿੰਦਰ ਸਿੰਘ ਲਖਮੀਰਵਾਲਾ ਨੂੰ ਹਲਕਾ ਸੁਨਾਮ ਯੂਥ ਵਿੰਗ ਦਾ ਪ੍ਰਧਾਨ ਨਿਯੁਕਤ ਕੀਤਾ ਗਿਆ ਹੈ।ਉਨ੍ਹਾਂ ਦੀ ਇਸ ਨਿਯੁਕਤੀ ਨਾਲ ਪਾਰਟੀ ਵਰਕਰਾਂ ਤੇ ਸਮਰਥਕਾਂ ਵਿੱਚ ਖੁਸ਼ੀ ਦੀ ਲਹਿਰ ਹੈ।ਦੱਸਣਯੋਗ ਹੈ ਕਿ ਪੁਸ਼ਪਿੰਦਰ ਸਿੰਘ ਲਖਮੀਰਵਾਲਾ ਐੱਸਜੀਪੀਸੀ ਮੈਂਬਰ ਇੰਦਰਮੋਹਨ ਸਿੰਘ ਲਖਮੀਰਵਾਲਾ ਦੇ ਪੁੱਤਰ ਹਨ ਤੇ ਸਮਾਜਿਕ ਤੇ ਧਾਰਮਿਕ ਗਤੀਵਿਧੀਆਂ ਵਿੱਚ ਸਰਗਰਮ ਭੂਮਿਕਾ ਨਿਭਾਉਂਦੇ ਆ ਰਹੇ ਹਨ।ਉਨ੍ਹਾਂ ਦੀ ਨਿਯੁਕਤੀ ਨਾਲ ਪਾਰਟੀ ਆਗੂਆਂ ਤੇ ਵਰਕਰਾਂ ਨੇ ਆਸ ਜਤਾਈ ਹੈ ਕਿ ਉਹ ਯੂਥ ਵਿੰਗ ਨੂੰ ਹੋਰ ਮਜ਼ਬੂਤ ਕਰਨਗੇ ਤੇ ਨੌਜਵਾਨਾਂ ਨੂੰ ਪਾਰਟੀ ਨਾਲ ਜੋੜਨ ਲਈ ਆਪਣਾ ਅਹਿਮ ਯੋਗਦਾਨ ਪਾਉਣਗੇ।ਇਸ ਮੌਕੇ ਇਲਾਕੇ ਦੀਆਂ ਵੱਖ-ਵੱਖ ਸਮਾਜਿਕ, ਧਾਰਮਿਕ ਤੇ ਰਾਜਨੀਤਕ ਸ਼ਖ਼ਸੀਅਤਾਂ ਨੇ ਪੁਸ਼ਪਿੰਦਰ ਸਿੰਘ ਲਖਮੀਰਵਾਲਾ ਨੂੰ ਨਵੀਂ ਜ਼ਿੰਮੇਵਾਰੀ ਮਿਲਣ 'ਤੇ ਵਧਾਈਆਂ ਦਿੱਤੀਆਂ ਤੇ ਉਨ੍ਹਾਂ ਦੇ ਚੰਗੇ ਭਵਿੱਖ ਲਈ ਸ਼ੁੱਭ-ਕਾਮਨਾਵਾਂ ਪ੍ਰਗਟ ਕੀਤੀਆਂ।

ਸੜਕ ਹਾਦਸੇ 'ਚ ਦੋ ਨੌਜਵਾਨਾਂ ਦੀ ਮੌਤ

ਰਾਮਪੁਰਾ ਫੂਲ (ਦਰਸ਼ਨ ਜਿੰਦਲ)-ਸਥਾਨਕ ਸ਼ਹਿਰ ਰਾਮਪੁਰਾ ਮੰਡੀ ਤੋਂ ਪਿੰਡ ਮਹਿਰਾਜ ਨੂੰ ਜਾਂਦੀ ਲਿੰਕ ਸੜਕ 'ਤੇ ਸਥਿਤ ਕੋਠੇ ਮਹਾ ਸਿੰਘ ਵਾਲੇ ਦੇ ਨਜ਼ਦੀਕ ਭਿਆਨਕ ਸੜਕ ਹਾਦਸੇ ਵਿੱਚ ਦੋ ਨੌਜਵਾਨਾਂ ਦੀ ਮੌਤ ਹੋਣ ਦਾ ਸਮਾਚਾਰ ਪ੍ਰਾਪਤ ਹੋਇਆ।ਮਿਲੀ ਜਾਣਕਾਰੀ ਅਨੁਸਾਰ ਸਹਾਰਾ ਸਮਾਜ ਸੇਵਾ ਦੇ ਪ੍ਰਧਾਨ ਸੰਦੀਪ ਵਰਮਾ ਨੇ ਦੱਸਿਆ ਕਿ ਹਰਪ੍ਰੀਤ ਸਿੰਘ ਪੁੱਤਰ ਕੇਵਲ ਸਿੰਘ ਵਾਸੀ ਕੋਠੇ ਮਹਾ ਸਿੰਘ ਵਾਲੇ, ਮਨਪ੍ਰੀਤ ਸਿੰਘ ਪੁੱਤਰ ਜੱਗਰ ਸਿੰਘ ਵਾਸੀ ਰਾਮਪੁਰਾ ਮੰਡੀ ਜੋ ਕਿ ਮੋਟਰਸਾਈਕਲ ਤੇ ਰਾਮਪੁਰਾ ਤੋਂ ਮਹਿਰਾਜ ਵੱਲ ਜਾ ਰਹੇ ਸੀ।ਪਿੰਡ ਮਹਿਰਾਜ ਤੋਂ ਰਾਮਪੁਰਾ ਵੱਲ ਟਰੈਕਟਰ ਟਰਾਲੀ ਆ ਰਿਹਾ ਸੀ ਤਾਂ ਕੋਠੇ ਮਹਾਂ ਸਿੰਘ ਵਾਲਾ ਦੇ ਨਜ਼ਦੀਕ ਭਿਆਨਕ ਐਕਸੀਡੈਂਟ ਹੋ ਗਿਆ, ਜਿਸ ਵਿੱਚ ਦੋਨੋਂ ਨੌਜਵਾਨ ਗੰਭੀਰ ਰੂਪ ਵਿੱਚ ਜ਼ਖ਼ਮੀ ਹੋ ਗਏ। ਸਹਾਰਾ ਦੀਆਂ ਐਂਬੂਲੈਂਸਾਂ ਵੱਲੋਂ ਤੁਰੰਤ ਇਲਾਜ ਲਈ ਸਿਵਲ ਹਸਪਤਾਲ ਵਿਖੇ ਲਿਆਂਦਾ ਗਿਆ, ਜਿੱਥੇ ਡਾਕਟਰਾਂ ਵੱਲੋਂ ਇਲਾਜ ਦੌਰਾਨ ਦੋਨਾਂ ਨੂੰ ਮ੍ਰਿਤਕ ਘੋਸ਼ਿਤ ਕਰ ਦਿੱਤਾ ਗਿਆ। ਥਾਣਾ ਸਿਟੀ ਸਟੀ ਰਾਮਪੁਰਾ ਵੱਲੋਂ ਮੋਟਰਸਾਈਕਲ ਸਮੇਤ ਟਰੈਕਟਰ ਟਰਾਲੀ ਨੂੰ ਕਬਜ਼ੇ ਵਿੱਚ ਲੈ ਕੇ ਅਗਲੀ ਕਾਰਵਾਈ ਸ਼ੁਰੂ ਕੀਤੀ।

ਭੱਠਾ ਮਾਲਕਾਂ ਵੱਲੋਂ 6 ਮਹੀਨੇ ਕੰਮਕਾਜ ਬੰਦ ਰੱਖਣ ਦਾ ਫੈਸਲਾ

ਸਮਾਣਾ (ਇਕਬਾਲ ਸਿੰਘ ਬੱਲ)-ਰਾਜਿੰਦਰਾ ਮਹਾਰਾਣੀ ਕਲੱਬ ਪਟਿਆਲਾ ਵਿਖੇ ਪੰਜਾਬ ਦੇ ਇੱਟ ਭੱਠਾ ਉਦਯੋਗ ਨਾਲ ਸਬੰਧਤ ਐਸੋਸੀਏਸ਼ਨਾਂ ਦੇ ਆਗੂਆਂ ਤੇ ਭੱਠਾ ਮਾਲਕਾਂ ਦੀ ਇੱਕ ਅਹਿਮ ਤੇ ਵਿਸ਼ੇਸ਼ ਮੀਟਿੰਗ ਹੋਈ।ਜ਼ਿਲ੍ਹਾ ਪਟਿਆਲਾ ਭੱਠਾ ਮਾਲਕ ਐਸੋਸੀਏਸ਼ਨ ਦੇ ਪ੍ਰਧਾਨ ਸ੍ਰੀ ਹਰਸ਼ ਗੁਪਤਾ ਤੇ ਜਨਰਲ ਸਕੱਤਰ ਸ੍ਰੀ ਅਨੂਪ ਸਿੰਗਲਾ ਦੀ ਅਗਵਾਈ ਹੇਠ ਹੋਈ ਇਸ ਮੀਟਿੰਗ ਵਿੱਚ ਉਦਯੋਗ ਨੂੰ ਦਰਪੇਸ਼ ਗੰਭੀਰ ਆਰਥਿਕ ਚੁਣੌਤੀਆਂ ਤੇ ਲਗਾਤਾਰ ਹੋ ਰਹੇ ਨੁਕਸਾਨ ਉੱਤੇ ਡੂੰਘੀ ਚਿੰਤਾ ਪ੍ਰਗਟ ਕੀਤੀ ਗਈ। ਮੀਟਿੰਗ ਦੌਰਾਨ ਸਰਬਸੰਮਤੀ ਨਾਲ ਫ਼ੈਸਲਾ ਲਿਆ ਗਿਆ ਕਿ ਪੰਜਾਬ ਦਾ ਇੱਟ ਭੱਠਾ ਉਦਯੋਗ ਅਗਲੇ ਛੇ ਮਹੀਨਿਆਂ ਲਈ ਆਪਣਾ ਕੰਮਕਾਜ ਮੁਕੰਮਲ ਤੌਰ 'ਤੇ ਬੰਦ ਰੱਖੇਗਾ।

ਮੀਟਿੰਗ ਨੂੰ ਸੰਬੋਧਨ ਕਰਦਿਆਂ ਭੱਠਾ ਆਗੂਆਂ ਨੇ ਦੱਸਿਆ ਕਿ ਸਰਕਾਰਾਂ ਦੀਆਂ ਗਲਤ ਨੀਤੀਆਂ ਕਾਰਨ ਇਹ ਉਦਯੋਗ ਬੰਦ ਹੋਣ ਦੇ ਕੰਢੇ ਪਹੁੰਚ ਚੁੱਕਾ ਹੈ।ਉਨ੍ਹਾਂ ਦੱਸਿਆ ਕਿ ਇੱਟਾਂ ਉੱਤੇ ਜੀ ਐੱਸ ਟੀ ਦੀ ਦਰ 6% ਤੋਂ ਵਧਾ ਕੇ 12% ਤੇ ਕੋਇਲੇ ਉੱਤੇ 5% ਤੋਂ ਵਧਾ ਕੇ ਸਿੱਧੀ 18% ਕਰ ਦਿੱਤੀ ਗਈ ਹੈ।ਮਿੱਟੀ ਸਮੇਤ ਹੋਰ ਕੱਚੇ ਮਾਲ ਦੀਆਂ ਕੀਮਤਾਂ ਦੋਗੁਣੇ ਤੋਂ ਵੀ ਵੱਧ ਹੋ ਚੁੱਕੀਆਂ ਹਨ, ਪੰਜਾਬ ਸਰਕਾਰ ਵੱਲੋਂ ਮਜ਼ਦੂਰੀ ਦਰਾਂ ਵਿੱਚ ਇੱਕਮੁਸ਼ਤ 15% ਵਾਧਾ ਕੀਤਾ ਗਿਆ ਹੈ, ਜਿਸ ਨਾਲ ਪੰਜਾਬ ਦਾ ਉਦਯੋਗ ਗੁਆਂਢੀ ਸੂਬਿਆਂ ਦੇ ਮੁਕਾਬਲੇ ਬੁਰੀ ਤਰ੍ਹਾਂ ਪੱਛੜ ਗਿਆ ਹੈ।ਡੀਜ਼ਲ, ਕੋਇਲੇ ਤੇ ਭਾੜੇ ਦੀਆਂ ਲਗਾਤਾਰ ਵਧਦੀਆਂ ਕੀਮਤਾਂ ਨੇ ਉਤਪਾਦਨ ਤੇ ਸਪਲਾਈ ਲਾਗਤ ਵਿੱਚ ਭਾਰੀ ਵਾਧਾ ਕਰ ਦਿੱਤਾ ਹੈ। ਆਗੂਆਂ ਨੇ ਚਿੰਤਾ ਜ਼ਾਹਰ ਕਰਦਿਆਂ ਕਿਹਾ ਕਿ ਵੱਧ ਰਹੀਆਂ ਲਾਗਤਾਂ ਕਾਰਨ ਇੱਟਾਂ ਦੀਆਂ ਕੀਮਤਾਂ ਵਿੱਚ ਵਾਧਾ ਕਰਨਾ ਉਨ੍ਹਾਂ ਦੀ ਮਜਬੂਰੀ ਬਣ ਰਿਹਾ ਹੈ।ਐਸੋਸੀਏਸ਼ਨ ਨੇ ਕੇਂਦਰ ਤੇ ਪੰਜਾਬ ਸਰਕਾਰ ਨੂੰ ਜ਼ੋਰਦਾਰ ਅਪੀਲ ਕੀਤੀ ਕਿ ਜੀ ਐੱਸ ਟੀ ਦਰਾਂ ਵਿੱਚ ਤੁਰੰਤ ਰਾਹਤ ਦਿੱਤੀ ਜਾਵੇ, ਮਾਈਨਿੰਗ ਨੀਤੀ ਵਿੱਚ ਸੁਧਾਰ ਕੀਤਾ ਜਾਵੇ ਤੇ ਡੁੱਬਦੇ ਉਦਯੋਗ ਨੂੰ ਬਚਾਉਣ ਲਈ ਠੋਸ ਕਦਮ ਚੁੱਕੇ ਜਾਣ, ਤਾਂ ਜੋ ਇਸ ਧੰਦੇ ਨਾਲ ਜੁੜੇ ਲੱਖਾਂ ਮਜ਼ਦੂਰਾਂ ਤੇ ਲੋਕਾਂ ਦੇ ਰੋਜ਼ਗਾਰ ਤੇ ਭਵਿੱਖ ਦੀ ਰੱਖਿਆ ਹੋ ਸਕੇ।ਇਸ ਮੀਟਿੰਗ ਨੂੰ ਸਫਲ ਬਣਾਉਣ ਲਈ ਤਹਿਸੀਲ ਪ੍ਰਧਾਨ ਪਵਨ ਕੁਮਾਰ, ਸੁਮੀਤ ਗੁਪਤਾ, ਸੰਤੋਸ਼ ਮਿੱਤਲ ਤੇ ਸੰਜੀਵ ਕੁਮਾਰ ਦਾ ਵਿਸ਼ੇਸ਼ ਧੰਨਵਾਦ ਕੀਤਾ ਗਿਆ।ਇਸ ਦੇ ਨਾਲ ਹੀ ਐਸੋਸੀਏਸ਼ਨ ਦੇ ਚੇਅਰਮੈਨ ਯਸ਼ਪਾਲ ਸਿੰਗਲਾ, ਮੁੱਖ ਮਹਿਮਾਨ ਹਰਵਿੰਦਰ ਸਿੰਘ ਸੇਖੋਂ, ਗਿੰਨੀ ਗੁਪਤਾ, ਪ੍ਰੇਮ ਗੁਪਤਾ ਤੇ ਸੁਭਾਸ਼ ਦਾ ਸੰਗਰੂਰ ਤੋਂ ਵਿਸ਼ੇਸ਼ ਤੌਰ 'ਤੇ ਪਟਿਆਲਾ ਪਹੁੰਚ ਕੇ ਮੀਟਿੰਗ ਦੀ ਸ਼ੋਭਾ ਵਧਾਉਣ ਤੇ ਆਪਣੇ ਕੀਮਤੀ ਵਿਚਾਰ ਸਾਂਝੇ ਕਰਨ ਲਈ ਦਿਲੋਂ ਧੰਨਵਾਦ ਪ੍ਰਗਟਾਇਆ ਗਿਆ।

ਕਾਕਰੋਚ ਜਨਤਾ ਪਾਰਟੀ ਦੇ ਆਗੂਆਂ ਨੂੰ ਟਾਵਰ 'ਤੇ ਬੈਠੇ ਬੇਰੁਜ਼ਗਾਰ ਅਧਿਆਪਕ ਤੇ ਲਾਈਨਮੈਨਾਂ ਨੂੰ ਮਿਲਣ ਦੀ ਅਪੀਲ

ਬਰੇਟਾ (ਰੀਤਵਾਲ)-ਬੇਰੁਜ਼ਗਾਰ ਈ.ਟੀ.ਟੀ ਅਧਿਆਪਕ, ਲਾਈਨਮੈਨ ਅਤੇ ਹੋਰ ਬੇਰੁਜ਼ਗਾਰਾਂ ਨੂੰ ਮੁੱਖ ਮੰਤਰੀ ਪੰਜਾਬ ਤੇ ਅਦਾਲਤਾਂ ਵੱਲੋਂ ਕੀਤੇ ਜਾ ਰਹੇ ਮਖੌਲਾਂ ਅਤੇ ਪੁਲਸ ਤਸ਼ੱਦਦ ਦਾ ਬੇਰੁਜ਼ਗਾਰ ਤੇ ਉਨ੍ਹਾਂ ਦੇ ਮਾਪੇ ਆਉਣ ਵਾਲੀਆਂ ਵਿਧਾਨ ਸਭਾ ਦੀਆਂ ਚੋਣਾਂ ਵਿੱਚ ਹਿਸਾਬ ਲੈਣਗੇ। ਇਹ ਵਿਚਾਰ ਪ੍ਰਗਟ ਕਰਦਿਆਂ ਬੇਰੁਜ਼ਗਾਰ ਅਧਿਆਪਕ ਤੇ ਮਾਪੇ ਐਕਸ਼ਨ ਕਮੇਟੀ ਬਰੇਟਾ (ਮਾਨਸਾ) ਦੇ ਮੈਂਬਰ ਡਾ. ਖਜ਼ਾਨਚੀ ਰਾਮ ਸ਼ਰਮਾ, ਮੇਜਰ ਸਿੰਘ ਕੈਂਥ, ਮਾਲਵਿੰਦਰ ਸਿੰਘ ਮਘਾਣੀਆਂ, ਜਗਦੇਵ ਸਿੰਘ ਜਲਵੇੜਾ ਨੇ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਜਾਰੀ ਕੀਤੇ ਗਏ ਰੁਜ਼ਗਾਰ ਦੇਣ ਦੇ ਅੰਕੜੇ ਜ਼ਮੀਨੀ ਪੱਧਰ 'ਤੇ ਮੇਲ ਨਹੀਂ ਖਾਂਦੇ। ਪੰਜਾਬ ਸਰਕਾਰ ਵੱਲੋਂ ਇੱਕ ਵੀ ਅਧਿਆਪਕ ਦੀ ਅਸਾਮੀ ਦਾ ਇਸ਼ਤਿਹਾਰ ਜਾਰੀ ਨਹੀਂ ਕੀਤਾ ਗਿਆ ਅਤੇ 2000 ਪੀ.ਟੀ.ਆਈ ਅਧਿਆਪਕਾਂ ਦੀ ਭਰਤੀ ਦਾ ਇਸ਼ਤਿਹਾਰ ਦਿੱਤਾ ਸੀ ਜੋ ਕਿ ਕੁਝ ਦਿਨਾਂ ਵਿੱਚ ਰੱਦ ਕਰ ਦਿੱਤਾ ਗਿਆ।ਕਾਂਗਰਸ ਸਰਕਾਰ ਵੱਲੋਂ ਜਾਰੀ ਕੀਤੇ ਗਏ ਇਸ਼ਤਿਹਾਰ 8393 ਨਰਸਰੀ ਟੀਚਰ, 2364, 6635, 5994 ਈ.ਟੀ.ਟੀ ਅਧਿਆਪਕ ਜੋ ਕਿ 23386 ਅਸਾਮੀਆਂ ਬਣਦੀਆਂ ਹਨ ਜ਼ਮੀਨੀ ਪੱਧਰ 'ਤੇ 10600 ਨੂੰ ਨਿਯੁਕਤੀ ਪੱਤਰ ਦਿੱਤੇ ਹਨ, ਨਾਟ ਜੋਆਇਨਿੰਗ ਤੇ 12786 ਬਾਕੀ ਇਨ੍ਹਾਂ ਨੂੰ ਨਿਯੁਕਤੀ ਪੱਤਰ ਦਿਵਾਉਣ ਲਈ ਹਰਜੀਤ ਸਿੰਘ ਬਰਨਾਲਾ ਮਾਨਸਾ ਟਾਵਰ 'ਤੇ ਜ਼ਿੰਦਗੀ ਮੌਤ ਦੀ ਲੜਾਈ ਲੜ ਰਿਹਾ ਹੈ।ਇਸ ਤਰ੍ਹਾਂ ਬੇਰੁਜ਼ਗਾਰ ਲਾਈਨਮੈਨ ਵੀ ਟਾਵਰ 'ਤੇ ਮਰਨ ਵਰਤ 'ਤੇ ਬੈਠੇ ਹਨ। ਲੰਬੇ ਸਮੇਂ ਤੋਂ ਬੇਰੁਜ਼ਗਾਰ ਸਾਂਝਾ ਮੋਰਚਾ ਦਾ ਮੁੱਖ ਮੰਤਰੀ ਦੀ ਕੋਠੀ ਸੰਗਰੂਰ ਵਿਖੇ ਪੱਕਾ ਧਰਨਾ ਚੱਲ ਰਿਹਾ ਹੈ।ਉਪਰੋਕਤ ਆਗੂਆਂ ਨੇ ਬੇਰੁਜ਼ਗਾਰ ਅਧਿਆਪਕਾਂ ਦੇ ਮਾਪਿਆਂ ਨੂੰ ਅਪੀਲ ਕਰਦਿਆਂ ਕਿਹਾ ਕਿ ਉਨ੍ਹਾਂ ਨੂੰ ਤੁਰੰਤ ਟਾਵਰ 'ਤੇ ਬੈਠੇ ਬੱਚਿਆਂ ਦੀ ਜਾਨ ਬਚਾਉਣ ਲਈ ਘੱਟੋ ਘੱਟ ਆਪਣੇ ਹਲਕੇ ਦੇ ਵਿਧਾਇਕਾਂ ਰਾਹੀਂ ਮੁੱਖ ਮੰਤਰੀ ਦੁਆਰਾ ਜਾਰੀ ਕੀਤੀ ਗਈ ਸਰਕਾਰੀ ਨੌਕਰੀ ਦੇਣ ਦੀ ਗਿਣਤੀ ਦੇ ਅੰਕੜਿਆਂ ਦਾ ਹਿਸਾਬ ਪੁੱਛਿਆ ਜਾਵੇ। ਇਸੇ ਕਰਕੇ ਭਾਰਤ ਵਿੱਚ ਬਣੀ ਕਾਕਰੋਚ ਜਨਤਾ ਪਾਰਟੀ ਦੇ ਆਗੂਆਂ ਦਾ ਟਾਵਰ 'ਤੇ ਬੈਠੇ ਬੇਰੁਜ਼ਗਾਰਾਂ ਨੂੰ ਮਿਲਣ ਦਾ ਫਰਜ਼ ਬਣਦਾ ਹੈ ਤਾਂ ਜੋ ਪੰਜਾਬ ਸਰਕਾਰ ਵੱਲੋਂ ਪੁਲਿਸ ਵੱਲੋਂ ਕਰਾਏ ਗਏ ਤਸ਼ੱਦਦ ਦਾ ਭਾਰਤ ਦੇ ਲੋਕਾਂ ਨੂੰ ਪਤਾ ਲੱਗ ਸਕੇ।

ਸਾਬਕਾ ਵਿਦਿਆਰਥੀਆਂ ਨੇ ਹਿੰਦੀ ਵਿਭਾਗ ਦਾ ਕੀਤਾ ਕਾਇਆ-ਕਲਪ

ਸਮਰਾਲਾ (ਸੁਰਜੀਤ ਸਿੰਘ)

ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਹਿੰਦੀ ਵਿਭਾਗ ਦੇ ਪੁਰਾਣੇ ਵਿਦਿਆਰਥੀਆਂ ਨੇ ਵਿਭਾਗ ਦੀ ਇਮਾਰਤ ਦੀਆਂ ਛੱਤਾਂ, ਖਸਤਾ ਹਾਲ ਕੰਧਾਂ, ਟੁੱਟੇ ਫਰਨੀਚਰ ਤੇ ਟਾਇਲਟਾਂ ਦੀ ਮੁਰੰਮਤ ਕਰਵਾ ਕੇ ਵਿਭਾਗ ਦੀ ਕਾਇਆ-ਕਲਪ ਕਰਵਾ ਕੇ ਇੱਕ ਮਿਸਾਲ ਕਾਇਮ ਕੀਤੀ ਹੈ।ਪੁਰਾਣੇ ਵਿਦਿਆਰਥੀਆਂ ਦੀ ਸੰਸਥਾ 'ਹਮ ਪੰਛੀ ਏਕ ਡਾਲ ਕੇ' (ਰਜਿ.) ਨੇ ਇਹ ਜ਼ਿੰਮੇਵਾਰੀ ਆਪਣੇ ਸਿਰ ਲੈਂਦਿਆਂ ਵਿਭਾਗ ਦੇ ਕਲਾਸ ਰੂਮਾਂ ਤੇ ਦਫ਼ਤਰਾਂ ਦੀ ਰੰਗ-ਰੋਗਨ ਸਮੇਤ ਬਿਜਲੀ ਦੀ ਫਿਟਿੰਗ ਤੇ ਟੁੱਟੀਆਂ ਕੁਰਸੀਆਂ ਦੀ ਮੁਰੰਮਤ ਵਰਗੇ ਕਈ ਕੰਮ ਕਰਵਾਏ।ਸੰਸਥਾ ਦੇ ਪ੍ਰਧਾਨ ਡਾ. ਰਵੀ ਕੁਮਾਰ 'ਅਨੁ' ਨੇ 'ਨਵਾਂ ਜ਼ਮਾਨਾ' ਨਾਲ ਗੱਲਬਾਤ ਕਰਦਿਆਂ ਦੱਸਿਆ ਕਿ ਇਮਾਰਤ ਦੀਆਂ ਛੱਤਾਂ ਉੱਤੇ ਘਾਹ ਉੱਗ ਆਈ ਸੀ, ਜਿਸ ਕਾਰਨ ਮੀਂਹ ਦਾ ਪਾਣੀ ਛੱਤਾਂ ਉੱਤੇ ਹੀ ਖੜ੍ਹਾ ਰਹਿੰਦਾ ਸੀ।

ਸਮੇਂ ਸਿਰ ਮੁਰੰਮਤ ਨਾ ਹੋਣ ਕਾਰਨ ਬਰਸਾਤ ਦੇ ਦਿਨਾਂ ਵਿੱਚ ਛੱਤਾਂ ਟਪਕਣ ਲੱਗ ਪਈਆਂ ਸਨ।ਇਸ ਨਾਲ ਵਿਭਾਗ ਦਾ ਕਾਫ਼ੀ ਰਿਕਾਰਡ ਖਰਾਬ ਹੋ ਗਿਆ ਤੇ ਅਲਮਾਰੀਆਂ ਵਿੱਚ ਰੱਖਿਆ ਸਾਮਾਨ ਤੇ ਪੁਸਤਕਾਂ ਨੂੰ ਵੀ ਭਾਰੀ ਨੁਕਸਾਨ ਪਹੁੰਚਿਆ।ਕੰਧਾਂ ਦਾ ਸੀਮਿੰਟ ਝੜ ਜਾਣ ਕਾਰਨ ਉਹ ਖਸਤਾ ਹਾਲ ਹੋ ਗਈਆਂ ਸਨ।ਇਸੇ ਤਰ੍ਹਾਂ ਬਾਥਰੂਮ ਵੀ ਲੰਬੇ ਸਮੇਂ ਤੋਂ ਮੁਰੰਮਤ ਨਾ ਹੋਣ ਕਾਰਨ ਬੁਰੀ ਹਾਲਤ ਵਿੱਚ ਸਨ।

ਲਗਭਗ ਤਿੰਨ ਮਹੀਨੇ ਤੱਕ ਚੱਲੇ ਮੁਰੰਮਤ ਕਾਰਜ ਦੇ ਮੁਕੰਮਲ ਹੋਣ ਉਪਰੰਤ ਅੱਜ ਸੰਸਥਾ 'ਹਮ ਪੰਛੀ ਏਕ ਡਾਲ ਕੇ' (ਰਜਿ.) ਦੀ ਇੱਕ ਵਿਸ਼ੇਸ਼ ਮੀਟਿੰਗ ਮੀਤ ਪ੍ਰਧਾਨ ਡਾ. ਸੁਖਵਿੰਦਰ ਕੌਰ ਬਾਠ ਦੀ ਅਗਵਾਈ ਹੇਠ ਹੋਈ।ਡਾ. ਰਵੀ ਦੱਤ ਨੇ ਸਮੂਹ ਮੁਰੰਮਤ ਕਾਰਜ ਦੀ ਰਿਪੋਰਟ ਪੇਸ਼ ਕੀਤੀ, ਜਦਕਿ ਡਾ. ਰਿਤੂ ਚੌਧਰੀ ਨੇ ਆਮਦਨ ਤੇ ਖਰਚੇ ਦਾ ਵਿਸਥਾਰਪੂਰਵਕ ਲੇਖਾ-ਜੋਖਾ ਪੇਸ਼ ਕੀਤਾ।

ਮੀਟਿੰਗ ਵਿੱਚ ਹਾਜ਼ਰ ਸਮੂਹ ਮੈਂਬਰਾਂ ਨੇ ਵਿਭਾਗ ਦੀ ਕਾਇਆ-ਕਲਪ 'ਤੇ ਸੰਤੁਸ਼ਟੀ ਤੇ ਖੁਸ਼ੀ ਜ਼ਾਹਰ ਕੀਤੀ ਅਤੇ ਭਵਿੱਖ ਦੀਆਂ ਯੋਜਨਾਵਾਂ 'ਤੇ ਵੀ ਵਿਸਥਾਰ ਨਾਲ ਵਿਚਾਰ ਕੀਤਾ।ਹਾਊਸ ਨੇ ਡਾ. ਰਵੀ ਕੁਮਾਰ 'ਅਨੁ', ਡਾ. ਰਵੀ ਦੱਤ, ਡਾ. ਕੁਲਵਿੰਦਰ ਕੌਰ ਤੇ ਹੋਰ ਸਹਿਯੋਗੀਆਂ ਦਾ ਵਿਸ਼ੇਸ਼ ਧੰਨਵਾਦ ਕੀਤਾ, ਜਿਨ੍ਹਾਂ ਨੇ ਵਿਭਾਗ ਦੇ ਨਵੀਨੀਕਰਨ ਲਈ ਆਰਥਿਕ ਸਹਿਯੋਗ ਦਿੱਤਾ।ਇਸ ਮੌਕੇ ਡਾ. ਰਜਨੀ (ਵਿਭਾਗ ਮੁਖੀ), ਡਾ. ਨੀਤੂ ਕੌਸ਼ਲ, ਡਾ. ਰੁਪਿੰਦਰ ਸ਼ਰਮਾ, ਡਾ. ਕਿਰਨਦੀਪ ਸਿੰਘ, ਡਾ. ਪਰਮਿੰਦਰ ਕੌਰ, ਡਾ. ਵਰਿੰਦਰ ਕੌਰ ਤੇ ਹੋਰ ਹਾਜ਼ਰ ਸਨ।

ਪੰਜਾਬ ਦੀ ਕਾਨੂੰਨ-ਵਿਵਸਥਾ ਤੇ ਬੇਰੁਜ਼ਗਾਰੀ ਨੂੰ ਲੈ ਕੇ ਬਸਪਾ ਨੇ ਰਾਜਪਾਲ ਦੇ ਨਾਂਅ ਡੀ ਸੀ ਨੂੰ ਸੌਂਪਿਆ ਮੰਗ ਪੱਤਰ



ਫਿਰੋਜ਼ਪੁਰ (ਅਸ਼ੋਕ ਸ਼ਰਮਾ)-ਬਹੁਜਨ ਸਮਾਜ ਪਾਰਟੀ ਦੇ ਜ਼ਿਲ੍ਹਾ ਪ੍ਰਧਾਨ ਅਸ਼ੋਕ ਕਪਤਾਨ ਦੀ ਅਗਵਾਈ ਹੇਠ ਪਾਰਟੀ ਵੱਲੋਂ ਪੰਜਾਬ ਦੇ ਰਾਜਪਾਲ ਨੂੰ ਡਿਪਟੀ ਕਮਿਸ਼ਨਰਾਂ ਰਾਹੀਂ ਇੱਕ ਅਹਿਮ ਮੰਗ-ਪੱਤਰ ਭੇਜਿਆ ਗਿਆ ਹੈ। ਇਸ ਵਿੱਚ ਸੂਬੇ ਅੰਦਰ ਲਗਾਤਾਰ ਵਿਗੜ ਰਹੀ ਕਾਨੂੰਨ-ਵਿਵਸਥਾ, ਵਧਦੀ ਬੇਰੁਜ਼ਗਾਰੀ ਤੇ ਮੌਜੂਦਾ ਸਰਕਾਰ ਦੀਆਂ ਪ੍ਰਸ਼ਾਸਨਕ ਨਾਕਾਮੀਆਂ 'ਤੇ ਡੂੰਘੀ ਚਿੰਤਾ ਪ੍ਰਗਟ ਕਰਦਿਆਂ ਰਾਜਪਾਲ ਤੋਂ ਤੁਰੰਤ ਦਖ਼ਲ ਦੇਣ ਦੀ ਮੰਗ ਕੀਤੀ ਗਈ ਹੈ। ਬਸਪਾ ਵੱਲੋਂ ਸੌਂਪੇ ਗਏ ਇਸ ਮੰਗ-ਪੱਤਰ ਵਿਚ ਪੰਜਾਬ ਸਰਕਾਰ ਦੀਆਂ ਜਨ-ਵਿਰੋਧੀ ਨੀਤੀਆਂ ਤੇ ਸੂਬੇ ਦੇ ਮੌਜੂਦਾ ਹਾਲਾਤ 'ਤੇ ਤਿੱਖੇ ਸਵਾਲ ਖੜ੍ਹੇ ਕੀਤੇ ਗਏ। ਪਾਰਟੀ ਆਗੂਆਂ ਦਾ ਕਹਿਣਾ ਹੈ ਕਿ ਪੰਜਾਬ ਵਿੱਚ ਅਮਨ-ਕਾਨੂੰਨ ਦੀ ਸਥਿਤੀ ਪੂਰੀ ਤਰ੍ਹਾਂ ਨਿਵਾਣ ਵੱਲ ਜਾ ਚੁੱਕੀ ਹੈ, ਜਿਸ ਕਾਰਨ ਆਮ ਸ਼ਹਿਰੀਆਂ ਦੀ ਜਾਨ-ਮਾਲ ਦੀ ਸੁਰੱਖਿਆ ਸਖ਼ਤ ਖ਼ਤਰੇ ਵਿੱਚ ਪੈ ਗਈ ਹੈ। ਅਪਰਾਧਿਕ ਅਨਸਰ ਬੇਖ਼ੌਫ਼ ਹੋ ਚੁੱਕੇ ਹਨ ਤੇ ਸਰਕਾਰ ਸਥਿਤੀ ਨੂੰ ਸੰਭਾਲਣ ਵਿਚ ਨਾਕਾਮ ਸਾਬਿਤ ਹੋ ਰਹੀ ਹੈ। ਮੰਗ-ਪੱਤਰ ਵਿੱਚ ਵਿਸ਼ੇਸ਼ ਤੌਰ 'ਤੇ ਬੇਰੁਜ਼ਗਾਰੀ ਦੇ ਗੰਭੀਰ ਮੁੱਦੇ ਨੂੰ ਉਭਾਰਿਆ ਗਿਆ ਹੈ।

ਪਾਰਟੀ ਨੇ ਦੋਸ਼ ਲਾਇਆ ਕਿ ਸਰਕਾਰ ਪੜ੍ਹੇ-ਲਿਖੇ ਨੌਜਵਾਨਾਂ ਨੂੰ ਰੁਜ਼ਗਾਰ ਦੇਣ ਦੇ ਆਪਣੇ ਵਾਅਦਿਆਂ ਤੋਂ ਮੁੱਕਰ ਚੁੱਕੀ ਹੈ। ਪੀ.ਐੱਸ.ਪੀ.ਸੀ.ਐੱਲ. (ਪਾਵਰਕਾਮ) ਵਿੱਚ ਪ੍ਰੀਖਿਆ ਪਾਸ ਕਰ ਚੁੱਕੇ 2600 ਉਮੀਦਵਾਰਾਂ ਨੂੰ ਅਜੇ ਤੱਕ ਨਿਯੁਕਤੀ ਪੱਤਰ ਨਹੀਂ ਦਿੱਤੇ ਗਏ। ਇਸ ਤੋਂ ਵੀ ਵੱਧ ਮੰਦਭਾਗੀ ਗੱਲ ਇਹ ਹੈ ਕਿ ਜਦੋਂ ਇਹ ਨੌਜਵਾਨ ਆਪਣੇ ਹੱਕਾਂ ਲਈ ਸ਼ਾਂਤਮਈ ਰੋਸ ਪ੍ਰਦਰਸ਼ਨ ਕਰਦੇ ਹਨ, ਤਾਂ ਪੁਲਸ ਵੱਲੋਂ ਉਨ੍ਹਾਂ 'ਤੇ ਅੰਨ੍ਹਾ ਤਸ਼ੱਦਦ ਢਾਹਿਆ ਜਾਂਦਾ ਹੈ, ਜਿਸ ਦੀ ਬਸਪਾ ਸਖ਼ਤ ਸ਼ਬਦਾਂ ਵਿੱਚ ਨਿਖੇਧੀ ਕਰਦੀ ਹੈ। ਮੰਗ-ਪੱਤਰ ਵਿੱਚ ਡਾ. ਰਣਦੀਪ ਸਿੰਘ, ਡਾ. ਯੋਗੇਸ਼ ਤੇ ਵਿਦਿਆਰਥੀ ਵਰੁਣਪ੍ਰੀਤ ਸਿੰਘ ਨਾਲ ਵਾਪਰੀਆਂ ਘਟਨਾਵਾਂ ਦਾ ਹਵਾਲਾ ਦਿੰਦਿਆਂ ਕਿਹਾ ਕਿ ਇਨ੍ਹਾਂ ਮਾਮਲਿਆਂ ਵਿੱਚ ਪੀੜਤਾਂ ਨੂੰ ਇਨਸਾਫ਼ ਦੇਣ ਦੀ ਬਜਾਏ ਕਥਿਤ ਤੌਰ 'ਤੇ ਮਾਮਲਿਆਂ ਨੂੰ ਦਬਾਉਣ ਤੇ ਦੋਸ਼ੀਆਂ ਨੂੰ ਪਨਾਹ ਦੇਣ ਦੀ ਕੋਸ਼ਿਸ਼ ਕੀਤੀ ਗਈ ਹੈ। ਪਾਰਟੀ ਨੇ ਦੋਸ਼ ਲਾਇਆ ਕਿ ਮੌਜੂਦਾ ਸਰਕਾਰ ਜਨਤਾ ਦੇ ਟੈਕਸ ਦੇ ਪੈਸੇ ਦੀ ਦੁਰਵਰਤੋਂ ਕਰਕੇ ਸਿਰਫ਼ ਆਪਣੀ ਕਾਗਜ਼ੀ ਵਾਹ-ਵਾਹੀ ਤੇ ਪ੍ਰਚਾਰ ਵਿੱਚ ਰੁੱਝੀ ਹੋਈ ਹੈ, ਜਦਕਿ ਜ਼ਮੀਨੀ ਹਕੀਕਤ ਬਹੁਤ ਭਿਆਨਕ ਹੈ। ਸੂਬੇ ਵਿੱਚ ਦਲਿਤਾਂ 'ਤੇ ਹੋ ਰਹੇ ਅੱਤਿਆਚਾਰਾਂ ਨੂੰ ਸਖ਼ਤੀ ਨਾਲ ਰੋਕਿਆ ਜਾਵੇ ਤੇ ਅਪਰਾਧੀਆਂ ਨੂੰ ਸਖ਼ਤ ਸਜ਼ਾਵਾਂ ਦਿੱਤੀਆਂ ਜਾਣ। ਹੱਕ ਮੰਗਦੇ ਨੌਜਵਾਨਾਂ 'ਤੇ ਲਾਠੀਚਾਰਜ ਕਰਨ ਵਾਲੇ ਜ਼ਿੰਮੇਵਾਰ ਪੁਲਸ ਅਧਿਕਾਰੀਆਂ ਖ਼ਿਲਾਫ਼ ਕਾਰਵਾਈ ਕੀਤੀ ਜਾਵੇ। ਜ਼ਿਲ੍ਹਾ ਪ੍ਰਧਾਨ ਨੇ ਅਖੀਰ ਵਿੱਚ ਕਿਹਾ ਕਿ ਰਾਜਪਾਲ ਸੂਬੇ ਦੇ ਸੰਵਿਧਾਨਕ ਸਰਪ੍ਰਸਤ ਹਨ, ਇਸ ਲਈ ਉਨ੍ਹਾਂ ਨੂੰ ਪੰਜਾਬ ਦੇ ਲੋਕਾਂ ਦੇ ਹਿੱਤਾਂ ਦੀ ਰਾਖੀ ਲਈ ਤੁਰੰਤ ਦਖ਼ਲ ਦੇਣਾ ਚਾਹੀਦਾ ਹੈ। ਇਸ ਮੌਕੇ ਪਾਰਟੀ ਦੇ ਕਈ ਹੋਰ ਸੀਨੀਅਰ ਆਗੂ ਤੇ ਵਰਕਰ ਵੀ ਵੱਡੀ ਗਿਣਤੀ ਵਿੱਚ ਹਾਜ਼ਰ ਸਨ।

ਪੰਜਾਬ 'ਚ ਡੀ ਏ ਪੀ ਦੀ ਘਾਟ ਨੂੰ ਪੂਰਨ ਦਾ ਭਾਜਪਾ ਨੇ ਕੇਂਦਰ ਕੋਲ ਮੁੱਦਾ ਚੁੱਕਿਆ

ਕੇਵਲ ਢਿੱਲੋਂ ਨੇ ਕੇਂਦਰੀ ਮੰਤਰੀ ਜੇ ਪੀ ਨੱਢਾ ਨੂੰ ਪੱਤਰ ਲਿਖਿਆ

ਪਟਿਆਲਾ (ਰਾਜਿੰਦਰ ਸਿੰਘ ਥਿੰਦ)-ਪੰਜਾਬ ਭਾਜਪਾ ਦੇ ਪ੍ਰਧਾਨ ਕੇਵਲ ਸਿੰਘ ਢਿੱਲੋਂ ਨੇ ਕੇਂਦਰ ਸਰਕਾਰ ਕੋਲ ਪੰਜਾਬ ਵਿੱਚ ਡੀ ਏ ਪੀ ਖਾਦ ਦਾ ਮੁੱਦਾ ਚੁੱਕਿਆ ਹੈ।ਉਨ੍ਹਾਂ ਕੇਂਦਰੀ ਰਸਾਇਣ ਤੇ ਖਾਦ ਮੰਤਰੀ ਜੇ ਪੀ ਨੱਢਾ ਨੂੰ ਪੱਤਰ ਲਿਖ ਕੇ ਪੰਜਾਬ ਵਿੱਚ ਝੋਨੇ ਦੀ ਲੁਆਈ ਦੇ ਸੀਜ਼ਨ ਦੌਰਾਨ ਡੀ ਏ ਪੀ ਤੇ ਯੂਰੀਆ ਖਾਦਾਂ ਦੀ ਨਿਰਵਿਘਨ ਅਤੇ ਸਮੇਂ ਸਿਰ ਸਪਲਾਈ ਯਕੀਨੀ ਬਣਾਉਣ ਦੀ ਮੰਗ ਕੀਤੀ ਹੈ।ਸ੍ਰੀ ਢਿੱਲੋਂ ਨੇ ਕੇਂਦਰੀ ਮੰਤਰੀ ਦੇ ਧਿਆਨ ਵਿੱਚ ਲਿਆਂਦਾ ਕਿ ਜੂਨ ਤੇ ਜੁਲਾਈ ਮਹੀਨਿਆਂ ਵਿੱਚ ਪੰਜਾਬ ਅੰਦਰ ਖਾਦਾਂ ਦੀ ਮੰਗ ਸਿਖਰ 'ਤੇ ਹੁੰਦੀ ਹੈ।ਇਸ ਦੌਰਾਨ ਕੁਝ ਗ਼ੈਰ-ਸਮਾਜਿਕ ਅਨਸਰ ਜਮ੍ਹਾਂਖੋਰੀ ਤੇ ਕਾਲਾਬਾਜ਼ਾਰੀ ਸ਼ੁਰੂ ਕਰ ਦਿੰਦੇ ਹਨ, ਜਿਸ ਕਾਰਨ ਖਾਦਾਂ ਦੀ ਕਿੱਲਤ ਸ਼ੁਰੂ ਹੋ ਜਾਂਦੀ ਹੈ।ਇਸ ਦਾ ਅਸਰ ਫ਼ਸਲ ਦੇ ਝਾੜ ਤੇ ਦੇਸ਼ ਦੇ ਅੰਨ ਭੰਡਾਰ 'ਤੇ ਪੈਂਦਾ ਹੈ।ਇਸੇ ਦੌਰਾਨ ਕਿਸਾਨਾਂ ਨੂੰ ਸਹਿਕਾਰੀ ਸਭਾਵਾਂ ਤੇ ਦੁਕਾਨਾਂ ਦੇ ਬਾਹਰ ਲੰਮੀਆਂ ਕਤਾਰਾਂ ਵਿੱਚ ਖੜ੍ਹਨਾ ਪੈਂਦਾ ਹੈ ਤੇ ਐੱਮ ਆਰ ਪੀ ਤੋਂ ਵੱਧ ਕੀਮਤਾਂ 'ਤੇ ਖਾਦ ਖ਼ਰੀਦਣ ਲਈ ਮਜਬੂਰ ਹੋਣਾ ਪੈਂਦਾ ਹੈ।ਸ੍ਰੀ ਢਿੱਲੋਂ ਨੇ ਕੇਂਦਰ ਸਰਕਾਰ ਤੋਂ ਮੰਗ ਕੀਤੀ ਕਿ ਪੰਜਾਬ ਲਈ ਡੀ ਏ ਪੀ ਦਾ ਵਾਧੂ ਕੋਟਾ ਤੁਰੰਤ ਜਾਰੀ ਕੀਤਾ ਜਾਵੇ ਤੇ ਮੰਗ ਵਧਣ ਤੋਂ ਪਹਿਲਾਂ ਹੀ ਸੂਬੇ ਵਿੱਚ 2 ਤੋਂ 3 ਲੱਖ ਮੀਟ੍ਰਿਕ ਟਨ ਦਾ ਵਾਧੂ ਭੰਡਾਰ ਤਿਆਰ ਰੱਖਿਆ ਜਾਵੇ।

ਉਨ੍ਹਾਂ ਯੂਰੀਆ ਖਾਦ ਦੀ ਸਪਲਾਈ ਲਈ ਮਹੀਨਾਵਾਰ ਸ਼ਡਿਊਲ ਬਣਾ ਕੇ ਪੰਜਾਬ ਸਰਕਾਰ ਨਾਲ ਸਾਂਝਾ ਕਰਨ ਦੀ ਅਪੀਲ ਕੀਤੀ ਤਾਂ ਜੋ ਵੰਡ ਪ੍ਰਣਾਲੀ ਨੂੰ ਸੁਚਾਰੂ ਬਣਾਇਆ ਜਾ ਸਕੇ।ਢਿੱਲੋਂ ਨੇ ਪੰਜਾਬ ਦੀ ਸੰਘਣੀ ਖੇਤੀ ਤੇ ਦੇਸ਼ ਦੇ ਅੰਨ ਭੰਡਾਰ ਵਿੱਚ ਸੂਬੇ ਦੇ ਵੱਡੇ ਯੋਗਦਾਨ ਨੂੰ ਮੁੱਖ ਰੱਖਦਿਆਂ ਖਾਦਾਂ ਦੀ ਵੰਡ ਦੇ ਮੌਜੂਦਾ ਫਾਰਮੂਲੇ ਦੀ ਸਮੀਖਿਆ ਕਰਨ ਦੀ ਮੰਗ ਕੀਤੀ।ਉਨ੍ਹਾਂ ਕਿਹਾ ਕਿ ਪੰਜਾਬ ਨੂੰ ਉਸ ਦੀ ਅਸਲ ਲੋੜ ਮੁਤਾਬਕ ਵੱਧ ਕੋਟਾ ਦਿੱਤਾ ਜਾਵੇ ਤਾਂ ਜੋ ਕਿਸਾਨਾਂ ਨੂੰ ਖਾਦ ਦੀ ਕਿੱਲਤ ਤੇ ਕਾਲਾ ਬਾਜ਼ਾਰੀ ਦਾ ਸਾਹਮਣਾ ਨਾ ਕਰਨਾ ਪਵੇ।

ਵਪਾਰਕ ਮੰਡਲ ਦੇ ਪ੍ਰਧਾਨ ਬਣਨ 'ਤੇ ਸੀਨੀਅਰ ਅਕਾਲੀ ਆਗੂ ਪਵਨ ਗੋਇਲ ਦਾ ਭਰਵਾਂ ਸਨਮਾਨ

ਬਾਘਾ ਪੁਰਾਣਾ (ਮਨੀ ਸਿੰਗਲਾ)

ਸਮਾਜਿਕ, ਧਾਰਮਿਕ ਤੇ ਲੋਕ ਭਲਾਈ ਦੇ ਕਾਰਜਾਂ ਵਿੱਚ ਹਮੇਸ਼ਾ ਅਗਵਾਈ ਕਰਨ ਵਾਲੇ ਪ੍ਰਸਿੱਧ ਕਾਨੂੰਨ ਵਿਦ, ਸੀਨੀਅਰ ਅਕਾਲੀ ਆਗੂ ਤੇ ਸਮਾਜ ਸੇਵੀ ਪਵਨ ਗੋਇਲ ਨੂੰ ਵਪਾਰਕ ਮੰਡਲ ਦਾ ਪ੍ਰਧਾਨ ਨਿਯੁਕਤ ਕੀਤੇ ਜਾਣ 'ਤੇ ਖੁੱਲ੍ਹੀ ਗਊਸ਼ਾਲਾ ਪ੍ਰਬੰਧਕ ਕਮੇਟੀ ਵੱਲੋਂ ਇੱਕ ਪ੍ਰਭਾਵਸ਼ਾਲੀ ਤੇ ਭਰਵਾਂ ਸਨਮਾਨ ਸਮਾਗਮ ਕਰਕੇ ਸਨਮਾਨਤ ਕੀਤਾ ਗਿਆ।ਇਹ ਸਮਾਗਮ ਨਿਹਾਲ ਸਿੰਘ ਵਾਲਾ ਰੋਡ ਸਥਿਤ ਚਿੱਲੀ ਚਟਕਾਰਾ ਚਾਲਾ ਰੈਸਟੋਰੈਂਟ ਵਿੱਚ ਕਰਵਾਇਆ ਗਿਆ, ਜਿਸ ਵਿੱਚ ਸ਼ਹਿਰ ਤੇ ਇਲਾਕੇ ਦੀਆਂ ਕਈ ਨਾਮਵਰ ਸਮਾਜਿਕ, ਧਾਰਮਿਕ, ਰਾਜਨੀਤਕ ਤੇ ਵਪਾਰਕ ਸ਼ਖ਼ਸੀਅਤਾਂ ਨੇ ਸ਼ਮੂਲੀਅਤ ਕਰਦਿਆਂ ਪਵਨ ਗੋਇਲ ਨੂੰ ਨਵੀਂ ਜ਼ਿੰਮੇਵਾਰੀ ਲਈ ਵਧਾਈਆਂ ਦਿੱਤੀਆਂ।ਸਮਾਗਮ ਦੀ ਅਗਵਾਈ ਖੁੱਲ੍ਹੀ ਗਊਸ਼ਾਲਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਲਵਲੀ ਬਾਂਸਲ ਨੇ ਕੀਤੀ।ਉਨ੍ਹਾਂ ਆਪਣੇ ਸੰਬੋਧਨ ਦੌਰਾਨ ਕਿਹਾ ਕਿ ਪਵਨ ਗੋਇਲ ਇੱਕ ਅਜਿਹੀ ਸ਼ਖ਼ਸੀਅਤ ਹਨ, ਜਿਨ੍ਹਾਂ ਨੇ ਆਪਣੀ ਪੇਸ਼ਾਵਰ ਜ਼ਿੰਦਗੀ ਦੇ ਨਾਲ-ਨਾਲ ਸਮਾਜਿਕ ਜ਼ਿੰਮੇਵਾਰੀਆਂ ਨੂੰ ਵੀ ਪੂਰੀ ਨਿਸ਼ਠਾ ਤੇ ਇਮਾਨਦਾਰੀ ਨਾਲ ਨਿਭਾਇਆ ਹੈ।ਉਨ੍ਹਾਂ ਕਿਹਾ ਕਿ ਲੋਕਾਂ ਦੇ ਹੱਕਾਂ ਦੀ ਰੱਖਿਆ, ਸਮਾਜਿਕ ਮੁੱਦਿਆਂ ਦੇ ਹੱਲ ਤੇ ਵਪਾਰਕ ਵਰਗ ਦੀਆਂ ਸਮੱਸਿਆਵਾਂ ਨੂੰ ਉਭਾਰਨ ਲਈ ਪਵਨ ਗੋਇਲ ਹਮੇਸ਼ਾ ਅੱਗੇ ਰਹੇ ਹਨ। ਇਸ ਲਈ ਉਨ੍ਹਾਂ ਦੀ ਵਪਾਰਕ ਮੰਡਲ ਦੇ ਪ੍ਰਧਾਨ ਵਜੋਂ ਨਿਯੁਕਤੀ ਨਾ ਸਿਰਫ਼ ਵਪਾਰੀਆਂ ਲਈ, ਸਗੋਂ ਪੂਰੇ ਇਲਾਕੇ ਲਈ ਮਾਣ ਤੇ ਖੁਸ਼ੀ ਦੀ ਗੱਲ ਹੈ।

ਲਵਲੀ ਬਾਂਸਲ ਨੇ ਕਿਹਾ ਕਿ ਅੱਜ ਦੇ ਸਮੇਂ ਵਿੱਚ ਵਪਾਰਕ ਭਾਈਚਾਰਾ ਕਈ ਚੁਣੌਤੀਆਂ ਦਾ ਸਾਹਮਣਾ ਕਰ ਰਿਹਾ ਹੈ ਤੇ ਅਜਿਹੇ ਸਮੇਂ ਵਿੱਚ ਇੱਕ ਤਜਰਬੇਕਾਰ, ਦੂਰਅੰਦੇਸ਼ ਤੇ ਲੋਕ ਹਿਤੈਸ਼ੀ ਆਗੂ ਦੀ ਲੋੜ ਸੀ।ਪਵਨ ਗੋਇਲ ਦੀ ਨਿਯੁਕਤੀ ਨਾਲ ਵਪਾਰੀਆਂ ਨੂੰ ਇੱਕ ਮਜ਼ਬੂਤ ਤੇ ਪ੍ਰਭਾਵਸ਼ਾਲੀ ਆਵਾਜ਼ ਮਿਲੇਗੀ, ਜੋ ਉਨ੍ਹਾਂ ਦੀਆਂ ਮੁਸ਼ਕਲਾਂ ਨੂੰ ਸਰਕਾਰ ਤੇ ਪ੍ਰਸ਼ਾਸਨ ਤੱਕ ਪਹੁੰਚਾਉਣ ਦੇ ਨਾਲ-ਨਾਲ ਉਨ੍ਹਾਂ ਦੇ ਹੱਲ ਲਈ ਵੀ ਸਰਗਰਮ ਭੂਮਿਕਾ ਨਿਭਾਏਗੀ।

ਇਸ ਮੌਕੇ ਖੁੱਲ੍ਹੀ ਗਊਸ਼ਾਲਾ ਪ੍ਰਬੰਧਕ ਕਮੇਟੀ ਵੱਲੋਂ ਪਵਨ ਗੋਇਲ ਨੂੰ ਸਨਮਾਨ ਚਿੰਨ੍ਹ ਤੇ ਯਾਦਗਾਰੀ ਚਿੰਨ੍ਹ ਭੇਟ ਕਰਕੇ ਉਨ੍ਹਾਂ ਦੀਆਂ ਸਮਾਜਿਕ, ਕਾਨੂੰਨੀ ਤੇ ਲੋਕ ਭਲਾਈ ਸੰਬੰਧੀ ਸੇਵਾਵਾਂ ਦੀ ਸ਼ਲਾਘਾ ਕੀਤੀ ਗਈ।ਆਪਣੇ ਸਨਮਾਨ ਲਈ ਧੰਨਵਾਦ ਪ੍ਰਗਟ ਕਰਦਿਆਂ ਪਵਨ ਗੋਇਲ ਨੇ ਕਿਹਾ ਕਿ ਇਹ ਸਨਮਾਨ ਉਨ੍ਹਾਂ ਲਈ ਮਾਣ ਦੀ ਗੱਲ ਹੈ ਤੇ ਇਹ ਉਨ੍ਹਾਂ ਦੀਆਂ ਜ਼ਿੰਮੇਵਾਰੀਆਂ ਨੂੰ ਹੋਰ ਵਧਾਉਂਦਾ ਹੈ।

ਉਨ੍ਹਾਂ ਕਿਹਾ ਕਿ ਵਪਾਰਕ ਮੰਡਲ ਦੇ ਪ੍ਰਧਾਨ ਵਜੋਂ ਉਹ ਵਪਾਰੀਆਂ ਦੇ ਹਿੱਤਾਂ ਦੀ ਰੱਖਿਆ, ਉਨ੍ਹਾਂ ਦੀਆਂ ਸਮੱਸਿਆਵਾਂ ਦੇ ਹੱਲ ਤੇ ਵਪਾਰਕ ਮਾਹੌਲ ਨੂੰ ਹੋਰ ਮਜ਼ਬੂਤ ਬਣਾਉਣ ਲਈ ਪੂਰੀ ਤਨਦੇਹੀ ਨਾਲ ਕੰਮ ਕਰਨਗੇ।ਸਮਾਗਮ ਦੌਰਾਨ ਵੱਖ-ਵੱਖ ਬੁਲਾਰਿਆਂ ਨੇ ਆਪਣੇ ਵਿਚਾਰ ਸਾਂਝੇ ਕਰਦਿਆਂ ਪਵਨ ਗੋਇਲ ਦੇ ਸਮਾਜਿਕ ਯੋਗਦਾਨ, ਕਾਨੂੰਨੀ ਖੇਤਰ ਵਿੱਚ ਉਨ੍ਹਾਂ ਦੀ ਮਹਾਰਤ ਤੇ ਲੋਕਾਂ ਨਾਲ ਉਨ੍ਹਾਂ ਦੇ ਨਜ਼ਦੀਕੀ ਰਿਸ਼ਤਿਆਂ ਦੀ ਭਰਪੂਰ ਪ੍ਰਸ਼ੰਸਾ ਕੀਤੀ।ਇਸ ਮੌਕੇ ਸੁਖਦਰਸ਼ਨ ਸਿੰਗਲਾ, ਕ੍ਰਿਸ਼ਨ ਕਾਂਸਲ, ਕ੍ਰਿਸ਼ਨ ਸਿੰਗਲਾ, ਰਮਨ ਗੁਪਤਾ, ਆਤਮਾ ਮੋਹਨ, ਡਾ. ਗੁਲਸ਼ਨ, ਵੀਰੂ ਦੀਵਾਨਾ, ਰਘੂਭੂਸ਼ਣ ਗੋਇਲ, ਮੇਸੀ ਅਰੋੜਾ ਸਮੇਤ ਹੋਰ ਕਈ ਪ੍ਰਮੁੱਖ ਸ਼ਖ਼ਸੀਅਤਾਂ ਹਾਜ਼ਰ ਸਨ।ਅੰਤ ਵਿੱਚ ਕਮੇਟੀ ਵੱਲੋਂ ਆਏ ਹੋਏ ਮਹਿਮਾਨਾਂ ਦਾ ਧੰਨਵਾਦ ਕੀਤਾ ਗਿਆ ਤੇ ਪਵਨ ਗੋਇਲ ਦੇ ਉੱਜਵਲ ਭਵਿੱਖ ਤੇ ਵਪਾਰਕ ਮੰਡਲ ਦੀ ਤਰੱਕੀ ਲਈ ਸ਼ੁੱਭ-ਕਾਮਨਾਵਾਂ ਪ੍ਰਗਟ ਕੀਤੀਆਂ ਗਈਆਂ।

ਥੋੜ੍ਹੀ ਜਿਹੀ ਬਾਰਿਸ਼ ਨਾਲ ਹੀ ਡੁੱਬਿਆ ਜਲੰਧਰ

ਜਲੰਧਰ (ਸ਼ੈਲੀ ਐਲਬਰਟ) ਸ਼ਨੀਵਾਰ ਹੋਈ ਦੋ ਘੰਟੇ ਦੀ ਬਾਰਿਸ਼ ਨੇ ਜਲੰਧਰ ਸ਼ਹਿਰ ਵਿੱਚ ਸੀਵਰੇਜ ਅਤੇ ਸਫ਼ਾਈ ਪ੍ਰਬੰਧਾਂ ਦੀ ਪੋਲ ਖੋਲ੍ਹ ਕੇ ਰੱਖ ਦਿੱਤੀ।

ਸ਼ਹਿਰ ਦੀਆਂ ਮੁੱਖ ਸੜਕਾਂ, ਬਾਜ਼ਾਰਾਂ ਅਤੇ ਰਿਹਾਇਸ਼ੀ ਇਲਾਕਿਆਂ ਵਿੱਚ ਪਾਣੀ ਭਰਨ ਕਾਰਨ ਲੋਕਾਂ ਨੂੰ ਭਾਰੀ ਮੁਸ਼ਕਲਾਂ ਦਾ ਸਾਹਮਣਾ ਕਰਨਾ ਪਿਆ। ਸ਼ਹਿਰ ਦੀ ਮਕਸੂਦਾਂ ਸਬਜ਼ੀ ਮੰਡੀ ਵੀ ਬਾਰਿਸ਼ ਦੇ ਪਾਣੀ ਨਾਲ ਭਰ ਗਈ, ਜਿਸ ਨਾਲ ਸਬਜ਼ੀ ਵੇਚਣ ਵਾਲੀਆਂ ਨੂੰ ਅਤੇ ਖਰੀਦਣ ਵਾਲੀਆ ਨੂੰ ਕਈ ਮੁਸ਼ਕਲਾਂ ਦਾ ਸਾਹਮਣਾ ਕਰਨਾ ਪਿਆ।

ਇਸ ਮਾਮਲੇ 'ਤੇ ਨਗਰ ਨਿਗਮ ਕਮਿਸ਼ਨਰ ਸੰਦੀਪ ਰਿਸ਼ੀ ਨੂੰ ਕੌਂਸਲਰ 'ਤੇ ਵਿਰੋਧੀ ਧਿਰ ਦੇ ਨੇਤਾ ਮਨਜੀਤ ਸਿੰਘ ਟੀਟੂ ਨੇ ਮਿਉਂਸੀਪਲ ਕਾਰਪੋਰੇਸ਼ਨ ਦੇ ਪ੍ਰਬੰਧਾਂ 'ਤੇ ਸਵਾਲ ਚੁੱਕੇ। ਮਨਜੀਤ ਸਿੰਘ ਟੀਟੂ ਨੇ ਕਿਹਾ ਕਿ ਜਦੋਂ ਹਾਲੇ ਮਾਨਸੂਨ ਦੀ ਸ਼ੁਰੂਆਤ ਵੀ ਨਹੀਂ ਹੋਈ ਅਤੇ ਸ਼ਹਿਰ ਦਾ ਇਹ ਹਾਲ ਹੈ ਤਾਂ ਆਉਣ ਵਾਲੇ ਦਿਨਾਂ ਵਿੱਚ ਲਗਾਤਾਰ ਬਰਸਾਤ ਦੌਰਾਨ ਹਾਲਾਤ ਹੋਰ ਵੀ ਭਿਆਨਕ ਹੋ ਸਕਦੇ ਹਨ। ਉਨ੍ਹਾਂ ਮੰਗ ਕੀਤੀ ਕਿ ਸ਼ਹਿਰ ਦੇ ਸੀਵਰੇਜ ਸਿਸਟਮ ਦੀ ਤੁਰੰਤ ਜੰਗੀ ਪੱਧਰ 'ਤੇ ਸਫ਼ਾਈ ਕਰਵਾਈ ਜਾਵੇ।

ਢਾਬਿਆਂ ਅੱਗੇ ਮੇਨ ਸੜਕ 'ਤੇ ਭਾਰੀ ਵਾਹਨ ਖੜ੍ਹਨ ਕਾਰਨ ਹੋ ਰਹੇ ਹਨ ਹਾਦਸੇ

ਮੋਰਿੰਡਾ (ਨਿਹਾਲ ਸਿੰਘ ਕਲਸੀ) ਮੋਰਿੰਡਾ ਸਰਹਿੰਦ ਰੋਡ 'ਤੇ ਢਾਬਿਆਂ ਅੱਗੇ ਮੇਨ ਸੜਕ 'ਤੇ ਗੱਡੀਆਂ ਖੜ੍ਹਨ ਕਾਰਨ ਆਉਣ-ਜਾਣ ਵਾਲੇ ਰਾਹਗੀਰਾਂ ਤੇ ਇਲਾਕਾ ਨਿਵਾਸੀਆਂ ਨੂੰ ਪਿਛਲੇ ਕਈ ਮਹੀਨਿਆਂ ਤੋਂ ਭਾਰੀ ਪ੍ਰੇਸ਼ਾਨੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ ਇਸ ਸੰਬੰਧੀ ਪ੍ਰੈਸ ਨੋਟ ਜਾਰੀ ਕਰਦਿਆਂ ਪਿੰਡ ਸੱਖੋ ਮਾਜਰਾ ਦੇ ਸਰਪੰਚ ਬਲਜਿੰਦਰ ਕੌਰ, ਅਵਤਾਰ ਸਿੰਘ ਪੁੱਤਰ ਰਘਬੀਰ ਸਿੰਘ, ਜਸਪਾਲ ਸਿੰਘ, ਨੰਬਰਦਾਰ ਧਰਮਵੀਰ ਸਿੰਘ, ਠੇਕੇਦਾਰ ਜਸਵੀਰ ਸਿੰਘ, ਪੰਚਾਇਤ ਮੈਂਬਰ ਹਰਮਿੰਦਰ ਸਿੰਘ, ਕਾਂਗਰਸੀ ਆਗੂ ਬਲਵਿੰਦਰ ਸਿੰਘ ਚਲਾਕੀ, ਬਲਵਿੰਦਰ ਸਿੰਘ ਕਾਲਾ ਆਦਿ ਨੇ ਦੱਸਿਆ ਕਿ ਮੋਰਿੰਡਾ ਸਰਹੰਦ ਰੋਡ 'ਤੇ ਪਿੰਡ ਸੁੱਖੋ ਮਾਜਰਾ ਤੱਕ ਜੋ ਵੀ ਢਾਬੇ ਖੋਲ੍ਹੇ ਹੋਏ ਹਨ, ਉਹਨਾਂ ਕੋਲ ਗੱਡੀਆਂ ਪਾਰਕਿੰਗ ਕਰਨ ਲਈ ਕੋਈ ਵੀ ਥਾਂ ਦਾ ਪ੍ਰਬੰਧ ਨਹੀਂ ਹੈ ਜਿਸ ਕਾਰਨ ਢਾਬੇ 'ਤੇ ਰੋਟੀ ਖਾਣ ਵਾਲੇ ਡਰਾਈਵਰ ਆਪਣੀਆਂ ਗੱਡੀਆਂ ਨੂੰ ਸੜਕ 'ਤੇ ਹੀ ਖੜ੍ਹੀਆਂ ਕਰਦੇ ਹਨ, ਜਿਸ ਕਾਰਨ ਇਸ ਸੜਕ 'ਤੇ ਆਉਣ-ਜਾਣ ਵਾਲੇ ਰਾਹਗੀਰਾਂ ਤੇ ਇਲਾਕਾ ਨਿਵਾਸੀਆਂ ਨੂੰ ਵੱਡੀ ਸਮੱਸਿਆ ਆ ਰਹੀ ਹੈ, ਉਨ੍ਹਾਂ ਕਿਹਾ ਕਿ ਕਈ ਵਾਰ ਇਨ੍ਹਾ ਵਾਹਨਾਂ ਕਾਰਨ ਸੜਕ ਹਾਦਸੇ ਦੀ ਵਾਪਰ ਚੁੱਕੇ ਹਨ। ਇਲਕਾ ਨਿਵਾਸੀਆਂ ਨੇ ਦੱਸਿਆ ਕਿ ਇਸ ਸਮੱਸਿਆਵਾਂ ਨੂੰ ਲੈ ਕੇ ਉਹਨਾਂ ਵੱਲੋਂ 10 ਸਤੰਬਰ 2025 ਨੂੰ ਇਲਾਕੇ ਦੇ ਸਰਪੰਚਾਂ ਪੰਚਾਂ, ਮੋਹਤਬਰਾਂ ਤੇ ਸਕੂਲਾਂ ਦੇ ਕਈ ਪ੍ਰਿੰਸੀਪਲਾਂ ਵੱਲੋ ਏਡੀਸੀ ਰੂਪਨਗਰ ਨੂੰ ਇੱਕ ਲਿਖਤੀ ਸ਼ਿਕਾਇਤ ਕੀਤੀ ਗਈ ਸੀ, ਪਰ ਹੁਣ ਤੱਕ ਕਿਸੇ ਵੀ ਪ੍ਰਸ਼ਾਸਨ ਅਧਿਕਾਰੀ ਵੱਲੋਂ ਇਹਨਾਂ ਢਾਬੇ ਵਾਲਿਆਂ 'ਤੇ ਕੋਈ ਵੀ ਕਾਰਵਾਈ ਨਹੀਂ ਕੀਤੀ ਗਈ। ਇਸ ਮੌਕੇ ਉਹਨਾਂ ਡਿਪਟੀ ਕਮਿਸ਼ਨਰ ਰੂਪਨਗਰ ਤੇ ਪੰਜਾਬ ਸਰਕਾਰ ਤੋਂ ਜ਼ੋਰਦਾਰ ਮੰਗ ਕਰਦਿਆਂ ਕਿਹਾ ਕਿ ਜਾਂ ਤਾਂ ਇਹਨਾਂ ਢਾਬੇ ਦੇ ਮਾਲਕਾਂ ਨੂੰ ਗੱਡੀਆਂ ਖੜ੍ਹੀਆਂ ਕਰਨ ਲਈ ਪਾਰਕਿੰਗ ਦਾ ਪ੍ਰਬੰਧ ਕਰਨ ਲਈ ਸਖ਼ਤ ਹਦਾਇਤ ਕੀਤੀਆਂ ਜਾਣ।

ਨਵੀਆਂ ਨਿਯੁਕਤੀਆਂ ਨਾਲ ਸ਼੍ਰੋਮਣੀ ਅਕਾਲੀ ਦਲ ਹੋਵੇਗਾ ਹੋਰ ਮਜ਼ਬੂਤ : ਤਲਵਾੜ

ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ) ਸ਼੍ਰੋਮਣੀ ਅਕਾਲੀ ਦਲ ਦੇ ਹਲਕਾ ਇੰਚਾਰਜ ਸੰਜੀਵ ਤਲਵਾੜ ਵੱਲੋਂ ਹੁਸ਼ਿਆਰਪੁਰ ਵਿਖੇ ਪਾਰਟੀ ਦੀ ਮਜ਼ਬੂਤੀ ਲਈ ਅਹਿਮ ਨਿਯੁਕਤੀਆਂ ਦਾ ਐਲਾਨ ਕੀਤਾ ਗਿਆ।ਜਾਣਕਾਰੀ ਦਿੰਦੇ ਹੋਏ ਉਹਨਾਂ ਦੱਸਿਆ ਕਿ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਦੇ ਦਿਸ਼ਾ-ਨਿਰਦੇਸ਼ਾਂ ਹੇਠ ਵਿਧਾਨ ਸਭਾ ਹਲਕਾ ਹੁਸ਼ਿਆਰਪੁਰ ਦੇ ਵੱਖ-ਵੱਖ ਵਿੰਗਾਂ ਨੂੰ ਹੋਰ ਸਰਗਰਮ ਕਰਨ ਲਈ ਇਹ ਨਵੀਆਂ ਜ਼ਿੰਮੇਵਾਰੀਆਂ ਸੌਂਪੀਆਂ ਗਈਆਂ ਹਨ।ਇਹਨਾਂ ਨਿਯੁਕਤੀਆਂ ਤਹਿਤ ਸੰਜੀਵ ਕੁਮਾਰ (ਰਿਟਾਇਰਡ ਜ਼ਿਲ੍ਹਾ ਜੰਗਲਾਤ ਵਿਭਾਗ ਅਫ਼ਸਰ) ਨੂੰ ਪੱਛੜੀਆਂ ਸ਼੍ਰੇਣੀਆਂ ਦਾ ਹਲਕਾ ਇੰਚਾਰਜ।ਪਰਮਜੀਤ ਕੌਰ ਸ਼ੇਰਗੜ੍ਹ ਨੂੰ ਇਸਤਰੀ ਅਕਾਲੀ ਦਲ ਦਾ ਹਲਕਾ ਇੰਚਾਰਜ। ਜਸਵਿੰਦਰ ਸਿੰਘ ਛਾਉਣੀ ਕਲਾਂ ਨੂੰ ਵਪਾਰ ਵਿੰਗ ਦਾ ਹਲਕਾ ਇੰਚਾਰਜ।ਰਣਧੀਰ ਭਾਰਜ ਨੂੰ ਸ਼੍ਰੋਮਣੀ ਅਕਾਲੀ ਦਲ ਯੂਥ ਦਾ ਹਲਕਾ ਇੰਚਾਰਜ ਨਿਯੁਕਤ ਕੀਤਾ ਗਿਆ ਹੈ।ਸੰਜੀਵ ਤਲਵਾੜ ਨੇ ਦੱਸਿਆ ਕਿ ਇਹ ਸਾਰੀਆਂ ਨਿਯੁਕਤੀਆਂ ਤੁਰੰਤ ਪ੍ਰਭਾਵ ਨਾਲ ਲਾਗੂ ਹੋਣਗੀਆਂ ਅਤੇ ਸਾਰੇ ਨਵੇਂ ਨਿਯੁਕਤ ਅਹੁਦੇਦਾਰ ਅਗਲੇ 15 ਦਿਨਾਂ ਦੇ ਅੰਦਰ-ਅੰਦਰ ਆਪਣੀਆਂ ਹਲਕਾ ਪੱਧਰੀ ਟੀਮਾਂ ਦਾ ਗਠਨ ਕਰਨਗੇ।

ਗੁਰਦੁਆਰਾ ਕੋਤਵਾਲੀ ਸਾਹਿਬ ਵਿਖੇ ਖਾਲਸਾ ਫੁਲਵਾੜੀ ਕੈਂਪ ਲਗਾਇਆ

ਮੋਰਿੰਡਾ (ਨਿਹਾਲ ਸਿੰਘ ਕਲਸੀ) ਡੇਰਾ ਕਾਰ ਸੇਵਾ ਵਲੋਂ ਪ੍ਰਬੰਧਕ ਕਮੇਟੀ ਦੇ ਸਹਿਯੋਗ ਨਾਲ ਇਤਿਹਾਸਕ ਗੁਰਦੁਆਰਾ ਸ੍ਰੀ ਕੋਤਵਾਲੀ ਸਾਹਿਬ ਵਿਖੇ ਪੰਜ ਰੋਜ਼ਾ ਖਾਲਸਾ ਫੁਲਵਾੜੀ ਕੈਂਪ ਲਗਾਇਆ ਗਿਆ।ਜਿਸ ਵਿਚ 3 ਸਾਲ ਤੋਂ ਲੈ ਕੇ 14 ਸਾਲ ਤੱਕ ਦੇ 170 ਬੱਚਿਆਂ ਨੇ ਸ਼ਮੂਲੀਅਤ ਕੀਤੀ।

ਇਸ ਸਬੰਧੀ ਜਾਣਕਾਰੀ ਦਿੰਦਿਆਂ ਕੈਂਪ ਦੇ ਪ੍ਰਬੰਧਕ ਜਗਨਦੀਪ ਸਿੰਘ ਅਨੰਦ ਨੇ ਦੱਸਿਆ ਕਿ ਕੈਂਪ ਦੌਰਾਨ ਭੈਣ ਅਮਨਪ੍ਰੀਤ ਕੌਰ ਅਨੰਦ, ਬਾਬਾ ਸੁਰਿੰਦਰ ਸਿੰਘ ਸੋਢੀ, ਗਿਆਨੀ ਹਰਵਿੰਦਰ ਸਿੰਘ ਮਨੈਲੀ, ਸਿਮਰਨਜੀਤ ਸਿੰਘ ਢੋਲਣ ਮਾਜਰਾ, ਅਵਤਾਰ ਸਿੰਘ ਸਲੇਮਪੁਰ ਸਮੇਤ ਕਈ ਸਿੱਖ ਵਿਦਵਾਨਾਂ ਵਲੋਂ ਸਿੱਖ ਇਤਿਹਾਸ ਬਾਰੇ ਵਿਸਥਾਰ ਪੂਰਵਕ ਜਾਣਕਾਰੀ ਦਿੱਤੀ। ਇਸ ਮੌਕੇ ਹੋਰਨਾਂ ਤੋਂ ਇਲਾਵਾ ਉਘੇ ਸਮਾਜ ਸੇਵਕ ਡਾ ਨਿਰਮਲ ਧੀਮਾਨ, ਮੈਨੇਜਰ ਦਵਿੰਦਰ ਸਿੰਘ ਦੇਵਗਨ, ਐਡਵੋਕੇਟ ਪਰਮਿੰਦਰ ਸਿੰਘ ਤੂਰ, ਹੈਡ ਮਾਸਟਰ ਗੁਰਦੇਵ ਸਿੰਘ, ਗੁਰਤੇਜ ਸਿੰਘ, ਕਾਕਾ ਸਿੰਘ, ਸਿਮਰਨ ਜੀਤ, ਭਾਈ ਮਨੀ ਸਿੰਘ, ਸੁਖਵਿੰਦਰ ਸਿੰਘ, ਅਮਰਜੀਤ ਸਿੰਘ, ਹਰਚੰਦ ਸਿੰਘ ਕਲਹੇੜੀ ਆਦਿ ਪਤਵੰਤੇ ਸੱਜਣ ਅਤੇ ਸੇਵਾਦਾਰ ਹਾਜ਼ਰ ਸਨ।

ਬਾਬਾ ਚਿੰਤਾ ਭਗਤ ਤੇ ਬਾਬਾ ਅੰਮੀ ਚੰਦ ਦਾ ਸਾਲਾਨਾ ਜੋੜ ਮੇਲਾ ਅੱਜ ਤੋਂ

ਗੁਰਾਇਆ (ਬਿੰਦਰ ਸੁੰਮਨ): ਧੰਨ ਧੰਨ ਬਾਬਾ ਚਿੰਤਾ ਭਗਤ ਅਤੇ ਬਾਬਾ ਅੰਮੀ ਚੰਦ ਟਰੱਸਟ ਪਿੰਡ ਰੁੜਕਾ ਕਲਾਂ ਵੱਲੋਂ ਗ੍ਰਾਮ ਪੰਚਾਇਤ, ਐੱਨ ਆਰ ਆਈ ਵੀਰਾਂ ਅਤੇ ਸਮੂਹ ਨਗਰ ਨਿਵਾਸੀਆਂ ਦੇ ਸਹਿਯੋਗ ਨਾਲ ਧੰਨ ਧੰਨ ਬਾਬਾ ਚਿੰਤਾ ਭਗਤ ਅਤੇ ਬਾਬਾ ਅੰਮੀ ਚੰਦ ਜੀ ਦੀ ਯਾਦ 'ਚ ਸਲਾਨਾ ਜੋੜ ਮੇਲਾ ਧੰਨ ਧੰਨ ਬਾਬਾ ਚਿੰਤਾ ਭਗਤ ਜੀ ਅਤੇ ਬਾਬਾ ਅੰਮੀ ਚੰਦ ਜੀ ਦੇ ਪਵਿੱਤਰ ਅਸਥਾਨ ਪਿੰਡ ਰੁੜਕਾ ਕਲਾਂ ਵਿਖੇ 14, 15 ਅਤੇ 16 ਜੂਨ ਨੂੰ ਬੜੀ ਸ਼ਰਧਾ ਅਤੇ ਧੂਮ ਧਾਮ ਨਾਲ ਮਨਾਇਆ ਜਾ ਰਿਹਾ ਹੈ। ਮੇਲੇ ਨੂੰ ਲੈ ਕੇ ਸ਼੍ਰੀ ਆਖੰਡ ਪਾਠ ਸਾਹਿਬ ਆਰੰਭ ਕੀਤੇ ਗਏ। ਮੇਲੇ ਸੰਬਧੀ ਜਾਣਕਾਰੀ ਦਿੰਦੇ ਹੋਏ ਪ੍ਰਬੰਧਕਾ ਨੇ ਦੱਸਿਆ ਕਿ 14 ਜੂਨ ਨੂੰ ਸ਼੍ਰੀ ਆਖੰਡ ਪਾਠ ਸਾਹਿਬ ਜੀ ਦੇ ਭੋਗ ਉਪਰੰਤ ਪੰਥ ਪ੍ਰਸਿੱਧ ਢਾਡੀ ਜਥਾ ਭਾਈ ਮੇਜ਼ਰ ਸਿੰਘ ਖਾਲਸਾ ਸੁਲਤਾਨਪੁਰ ਲੋਧੀ ਵਾਲੇ ਢਾਡੀ ਵਾਰਾ ਗਾ ਕੇ ਸੰਗਤਾਂ ਨੂੰ ਗੁਰੂ ਚਰਨਾ ਨਾਲ ਜੋੜਨਗੇ। 15 ਜੂਨ ਨੂੰ ਖੁੱਲ੍ਹੇ ਪੰਡਾਲ ਵਿੱਚ ਸੱਭਿਆਚਾਰਕ ਪ੍ਰੋਗਰਾਮ ਕਰਵਾਇਆ ਜਾਵੇਗਾ। 16 ਜੂਨ ਨੂੰ ਸਟੇਜ਼ ਪ੍ਰੋਗਰਾਮ ਦੌਰਾਨ ਗਾਇਕ ਪੰਮਾ ਡੂਮੇਵਾਲ ਅਤੇ ਆਰ ਕੇ ਮਹਿੰਦੀ ਤੇ ਮਾਹੀ ਖਾਨ ਆਪਣੇ ਗੀਤਾਂ ਨਾਲ ਹਾਜ਼ਰੀ ਲਗਾਉਣਗੇ। 17 ਜੂਨ ਨੂੰ ਬੇੜੇ ਤਾਰਨ ਦੀ ਰਸਮ ਅਦਾ ਕੀਤੀ ਜਾਵੇਗੀ। ਇਸ ਮੌਕੇ ਪ੍ਰਧਾਨ ਨਰਿੰਦਰ ਸਿੰਘ, ਸਰਬਜੀਤ ਸਿੰਘ, ਪਰਮਜੀਤ ਸਿੰਘ, ਗੁਰਵਿੰਦਰ ਸਿੰਘ ਭੀਮਾ, ਕਸ਼ਮੀਰ ਸਿੰਘ ਰਾਣਾ, ਗੁਰਨੇਕ ਸਿੰਘ, ਸੁਖਦੇਵ ਸਿੰਘ, ਗੁਰਨਿੰਦਰਪ੍ਰੀਤ ਸਿੰਘ, ਬਲਵੀਰ ਸਿੰਘ ਆਦਿ ਹਾਜ਼ਰ ਸਨ।

ਮਹੰਤ ਧਰਮਪਾਲ ਨੂੰ ਸ਼ਰਧਾ ਦੇ ਫੁੱਲ ਭੇਟ

ਬਿਲਗਾ (ਵਿਜੇ ਕੁਮਾਰ) ਸਥਾਨਕ ਠਾਕਰ ਦੁਆਰਾ ਮੌਲਾ ਮੱਲ ਨੇੜੇ ਬੱਸ ਸਟੈਂਡ ਪੱਤੀ ਭਲਾਈ ਬਿਲਗਾ ਦੇ ਮਹੰਤ ਧਰਮਪਾਲ ਦਾ ਪਿਛਲੇ ਦਿਨੀ ਦਿਲ ਦਾ ਦੌਰਾ ਪੈਣ ਕਾਰਨ ਦੇਹਾਂਤ ਹੋ ਗਿਆ ਸੀ, ਉਨ੍ਹਾਂ ਦੀ ਅੰਤਿਮ ਅਰਦਾਸ ਅਤੇ ਰਸਮ ਕਿਰਿਆ ਠਾਕਰ ਦੁਆਰਾ ਮੌਲਾ ਮੱਲ ਵਿਖੇ ਕੀਤੀ ਗਈ।ਜਿਸ ਵਿੱਚ ਧਾਰਮਿਕ, ਸਮਾਜਿਕ ਅਤੇ ਰਾਜਨੀਤਕ ਸੋਚ ਰੱਖਣ ਵਾਲੇ ਵਿਅਕਤੀਆਂ ਤੋਂ ਇਲਾਵਾ ਨਗਰ ਬਿਲਗਾ ਦੇ ਲੋਕ ਅਤੇ ਰਿਸ਼ਤੇਦਾਰ ਹਾਜ਼ਰ ਸਨ। ਧਰਮਪਾਲ ਧੰਮਾ ਕਾਫੀ ਲੰਮੇ ਸਮੇਂ ਤੋਂ ਇਸ ਠਾਕੁਰ ਦੁਆਰੇ ਨਾਲ ਜੁੜਿਆ ਹੋਇਆ ਸੀ। ਇਸ ਮੌਕੇ ਮਹੰਤ ਅਵਤਾਰ ਸਿੰਘ ਚਾਨੀਆਂ, ਮਹੰਤ ਵਰਿੰਦਰ ਦਾਸ ਫਗਵਾੜਾ ਉਪ ਪ੍ਰਧਾਨ ਦੁਆਬਾ ਮੰਡਲ, ਮਹੰਤ ਜਸਵਿੰਦਰ ਸਿੰਘ, ਮਹੰਤ ਜਾਨਕੀ ਦਾਸ, ਮਹੰਤ ਹੁਸਨ ਦਾਸ, ਮਹੰਤ ਸੋਮ ਨਾਥ, ਮਹੰਤ ਬਲਦੇਵ ਰਾਜ, ਮਹੰਤ ਪ੍ਰੇਮ ਦਾਸ, ਮਹੰਤ ਬਲਵਿੰਦਰ ਦਾਸ, ਮਹੰਤ ਸੰਜੀਵ ਕੁਮਾਰ, ਮਹੰਤ ਗੁਰਚੇਤਨ ਸਿੰਘ ਪੰਡੋਰੀ ਅਤੇ ਸੰਤ ਰਵਿੰਦਰ ਸੁੰਢਾ ਤੋਂ ਇਲਾਵਾ ਇੰਸ:ਪ੍ਰੇਮ ਦਾਸ,ਜਸਜੀਤ ਸਿੰਘ ਸਨੀ, ਪਰਮਿੰਦਰ ਸਿੰਘ ਪੰਮਾ, ਮਹਿੰਦਰ ਪਾਲ ਸਿਆਲ, ਪਟਵਾਰੀ ਤੀਰਥ ਰਾਮ, ਪਟਵਾਰੀ ਸਤੀਸ਼ ਕੁਮਾਰ, ਪਟਵਾਰੀ ਪੁਸ਼ਪਿੰਦਰ ਜੋਸ਼ੀ, ਹਰੀ ਓਮ, ਪੁਸ਼ਕਰ ਅਰੋੜਾ, ਪ੍ਰਿੰਸ ਸਿਆਲ, ਦਵਿੰਦਰ ਜੌਹਲ, ਰਾਜਿੰਦਰ ਸਿੰਘ, ਰੇਸ਼ਮ ਲਾਲ, ਮਨਜਿੰਦਰ ਜੌਹਲ, ਤਜਿੰਦਰ ਕੁਮਾਰ, ਲਾਇਜ਼ ਕਲੱਬ ਅਤੇ ਭਾਰਤ ਵਿਕਾਸ ਪ੍ਰੀਸ਼ਦ ਦੇ ਮੈਂਬਰ ਹਾਜ਼ਰ ਸਨ।

ਬਾਬਾ ਬੂਟੇ ਸ਼ਾਹ ਦੇ ਸਾਲਾਨਾ ਮੇਲੇ 'ਤੇ ਲਗਾਇਆ ਖੂਨਦਾਨ ਕੈਂਪ

ਬਲਾਚੌਰ (ਜਸਵਿੰਦਰ ਬੈਂਸ)- ਬਾਬਾ ਬੂਟੇ ਸ਼ਾਹ ਸਾਲਾਨਾ ਮੇਲਾ ਪਿੰਡ ਗਹੂੰਣ ਵਿਖੇ ਸੂਰੀ ਹਸਪਤਾਲ ਵੱਲੋਂ ਆਪਣੇ ਸੰਸਥਾਪਕ ਸਵ. ਡਾ. ਉਜਾਗਰ ਸਿੰਘ ਸੂਰੀ ਤੇ ਸਵ. ਸੁਰਜੀਤ ਸਿੰਘ ਮਹਿਕਾ ਦੀ ਯਾਦ ਵਿੱਚ ਉਹਨਾਂ ਦੇ ਸਪੁੱਤਰਾਂ ਜਗਦੀਪ ਸਿੰਘ ਅਸਟਰੀਆ, ਜਸਪ੍ਰੀਤ ਸਿੰਘ ਫੌਜੀ ਦੇ ਸਹਿਯੋਗ ਨਾਲ ਡਾ. ਭੁਪਿੰਦਰ ਸਿੰਘ ਸੂਰੀ ਦੀ ਅਗਵਾਹੀ ਵਿੱਚ ਖੂਨਦਾਨ ਤੇ ਮੈਡੀਕਲ ਜਾਂਚ ਕੈਂਪ ਲਗਾਇਆ ਗਿਆ।ਪਰਵਾਰ ਵੱਲੋਂ ਪਿੰਡ ਗਹੂੰਣ ਵਿੱਚ ਹਰ ਲੜਕੀ ਦੇ ਵਿਆਹ ਵਿੱਚ 11000 ਰੁਪਏ ਸ਼ਗਨ ਦੇਣ ਦਾ ਵੀ ਐਲਾਨ ਕੀਤਾ ਗਿਆ।ਮੇਲੇ ਵਿੱਚ ਹਰ ਸਾਲ ਵਾਂਗੂ ਭਾਰੀ ਗਿਣਤੀ ਵਿੱਚ ਪਹੁੰਚੀਆਂ ਹੋਈਆਂ ਸੰਗਤਾਂ ਨੇ ਪਹੁੰਚ ਕੇ ਮੈਡੀਕਲ ਸਹੂਲਤਾਂ ਅਤੇ ਦਵਾਈਆਂ ਦੇ ਲੰਗਰ ਦਾ ਲਾਹਾ ਲਿਆ ਤੇ ਖੂਨਦਾਨ ਕੀਤਾ। ਇਸ ਮੌਕੇ ਵਿਸੇਸ਼ ਤੌਰ 'ਤੇ ਪਹੁੰਚੇ ਕਰਨਵੀਰ ਕਟਾਰੀਆ ਜਿਲ੍ਹਾ ਪ੍ਰੀਸ਼ਦ ਮੈਂਬਰ ਨੇ ਵੀ ਮੈਡੀਕਲ ਟੀਮ ਦੀ ਪ੍ਰਸ਼ੰਸਾ ਕੀਤੀ ਤੇ ਸੰਗਤਾਂ ਦੇ ਦਰਸ਼ਨ ਕੀਤੇ। ਇਸ ਸਮੇ ਮੇਲਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਗੁਰਨਾਮ ਸਿੰਘ ਦੇਹਲ, ਹਰਦੀਪ ਸਿੰਘ ਗਹੂੰਣ, ਡਾ. ਹਰੀ ਸਿੰਘ ਦਿਆਲਪੁਰ ਤੇ ਵੱਡੀ ਗਿਣਤੀ ਵਿਚ ਸੰਗਤਾਂ ਤੇ ਪਤਵੰਤੇ ਹਾਜ਼ਰ ਸਨ।

ਮੇਰੀ ਰਸੋਈ ਸਕੀਮ : ਡਾ. ਇਸ਼ਾਂਕ ਕੁਮਾਰ ਨੇ ਵੰਡੀਆਂ 191 ਰਾਸ਼ਨ ਕਿੱਟਾਂ

ਹੁਸ਼ਿਆਰਪੁਰ (ਓ ਪੀ ਰਾਣਾ)- ਪੰਜਾਬ ਸਰਕਾਰ ਦੀ 'ਮੇਰੀ ਰਸੋਈ' ਤਹਿਤ ਵਿਧਾਇਕ ਡਾ. ਇਸ਼ਾਂਕ ਕੁਮਾਰ ਨੇ ਸ਼ਨੀਵਾਰ ਨੇੜਲੇ ਪਿੰਡ ਠੱਕਰਵਾਲ ਵਿੱਚ 191 ਲਾਭਪਾਤਰੀ ਪਰਵਾਰਾਂ ਨੂੰ ਰਾਸ਼ਨ ਕਿੱਟਾਂ ਵੰਡਦਿਆਂ ਕਿਹਾ ਕਿ ਸੂਬਾ ਸਰਕਾਰ ਹਰ ਵਰਗ ਦੀ ਭਲਾਈ ਲਈ ਲਗਾਤਾਰ ਇਤਿਹਾਸਿਕ ਫ਼ੈਸਲੇ ਲੈ ਰਹੀ ਹੈ।ਪਿੰਡ ਵਿਚ ਸਮਾਗਮ ਨੂੰ ਸੰਬੋਧਨ ਕਰਦਿਆਂ ਵਿਧਾਇਕ ਡਾ. ਇਸ਼ਾਂਕ ਕੁਮਾਰ ਨੇ ਕਿਹਾ ਕਿ ਪੰਜਾਬ ਸਰਕਾਰ ਲੋੜਵੰਦ ਅਤੇ ਆਰਥਿਕ ਤੌਰ 'ਤੇ ਕਮਜ਼ੋਰ ਪਰਵਾਰਾਂ ਦੀ ਸਹਾਇਤਾ ਲਈ ਪੂਰੀ ਤਰ੍ਹਾਂ ਵਚਨਬੱਧ ਹੈ। ਉਨ੍ਹਾਂ ਦੱਸਿਆ ਕਿ ਹਰ ਲਾਭਪਾਤਰੀ ਪਰਵਾਰ ਨੂੰ ਹਰ ਤਿੰਨ ਮਹੀਨੇ ਬਾਅਦ ਇੱਕ ਵਿਸ਼ੇਸ਼ ਤੌਰ 'ਤੇ ਤਿਆਰ ਕੀਤੀ ਰਸੋਈ ਕਿੱਟ ਦਿੱਤੀ ਜਾਵੇਗੀ ਜਿਸ ਵਿਚ ਸਰ੍ਹੋਂ ਦਾ ਤੇਲ, ਦਾਲਾਂ, ਖੰਡ, ਨਮਕ, ਹਲਦੀ ਅਤੇ ਹੋਰ ਰੋਜ਼ਾਨਾ ਵਰਤੋਂ ਦੀਆਂ ਜ਼ਰੂਰੀ ਕਰਿਆਨੇ ਦੀਆਂ ਵਸਤਾਂ ਸ਼ਾਮਲ ਹੋਣਗੀਆਂ।ਵਿਧਾਇਕ ਨੇ ਪਿੰਡ ਠੱਕਰਵਾਲ ਵਿਖੇ ਹੋਣ ਵਾਲੇ ਵਿਕਾਸ ਕਾਰਜਾਂ ਦੀ ਗੱਲ ਕਰਦਿਆਂ ਵਿਧਾਇਕ ਡਾ. ਇਸ਼ਾਂਕ ਕੁਮਾਰ ਨੇ ਕਿਹਾ ਕਿ ਪਿੰਡ ਦੇ ਅੰਦਰ 50 ਲੱਖ ਰੁਪਏ ਦੇ ਵਿਕਾਸ ਕਾਰਜਾਂ ਦੇ ਨਾਲ-ਨਾਲ ਪਿੰਡ ਨੂੰ ਜੁੜਦੀਆਂ ਮੁੱਖ ਸੜਕਾਂ ਦੇ ਨਵੀਨੀਕਰਨ 3.51 ਕਰੋੜ ਰੁਪਏ ਦੇ ਕਰੀਬ ਖ਼ਰਚ ਆਉਣਗੇ। ਉਨ੍ਹਾਂ ਕਿਹਾ ਕਿ ਇਸ ਤਰ੍ਹਾਂ 4.01 ਕਰੋੜ ਰੁਪਏ ਨਾਲ ਵੱਖ-ਵੱਖ ਵਿਕਾਸ ਕਾਰਜ ਮੁਕੰਮਲ ਹੋਣ ਨਾਲ ਨਾ ਸਿਰਫ ਠੱਕਰਵਾਲ ਪਿੰਡ ਦੀ ਸਗੋਂ ਨਾਲ ਲੱਗਦੇ ਇਲਾਕਿਆਂ ਦੀ ਵੀ ਨੁਹਾਰ ਬਦਲ ਜਾਵੇਗੀ। ਵਿਧਾਇਕ ਨੇ ਕਿਹਾ ਕਿ ਇਨ੍ਹਾਂ ਪ੍ਰੋਜੈਕਟਾਂ ਵਿੱਚ ਪਿੰਡ ਠੱਕਰਵਾਲ ਵਿਖੇ 3.50 ਲੱਖ ਰੁਪਏ ਦੀ ਲਾਗਤ ਨਾਲ ਬਣਨ ਵਾਲਾ ਸਟੇਡੀਅਮ, 5 ਲੱਖ ਰੁਪਏ ਨਾਲ ਗਲੀਆਂ ਅਤੇ ਨਾਲੀਆਂ ਦੇ ਕੰਮ, 3 ਲੱਖ ਰੁਪਏ ਨਾਲ ਸਰਕਾਰੀ ਹਾਈ ਸਕੂਲ ਵਿੱਚ ਰਸੋਈਘਰ, 2 ਲੱਖ ਰੁਪਏ ਨਾਲ ਉਸਾਰੀ ਦਾ ਕਾਰਜ ਸ਼ਾਮਲ ਹੈ। ਇਸ ਤੋਂ ਇਲਾਵਾ ਮੁੱਖ ਸੜਕ ਤੋਂ ਮਾਂਝ ਜਠੇਰੇ ਰੰਗਲਾ ਪੰਜਾਬ ਤੱਕ ਗਲੀ ਅਤੇ ਨਾਲੀ ਨਿਰਮਾਣ 'ਤੇ ਕਰੀਬ 8 ਲੱਖ ਰੁਪਏ ਅਤੇ 14.29 ਲੱਖ ਰੁਪਏ ਦੀ ਲਾਗਤ ਨਾਲ ਗਲੀਆਂ ਅਤੇ ਨਾਲੀਆਂ ਦਾ ਕੰਮ ਅਤੇ 7 ਲੱਖ ਰੁਪਏ ਨਾਲ ਜਿਮਨੇਜ਼ੀਅਮ ਦੀ ਉਸਾਰੀ ਅਤੇ ਠੱਕਰਵਾਲ-ਦਿਹਾਣਾ ਸੜਕ ਤੋਂ ਮਾਂਝ ਜਠੇਰੇ ਤੱਕ ਲਿੰਕ ਰੋਡ ਦਾ 8 ਲੱਖ ਰੁਪਏ ਨਾਲ ਨਿਰਮਾਣ ਵੀ ਸ਼ਾਮਲ ਹਨ। ਡਾ. ਇਸ਼ਾਂਕ ਨੇ ਦੱਸਿਆ ਕਿ ਭਾਮ ਠੱਕਰਵਾਲ-ਦਿਹਾਣਾ-ਕੁਕੋਵਾਲ-ਮਾਯੋ ਪੱਟੀ ਸੜਕ ਨੂੰ ਨਗਰ ਕੌਂਸਲ ਹੱਦ ਤੱਕ ਬਣਾਉਣ ਲਈ 3.31 ਕਰੋੜ ਰੁਪਏ ਅਤੇ ਭਾਮ-ਠੱਕਰਵਾਲ ਸੜਕ ਤੋਂ ਥੱਪਲ ਸੜਕ ਤੱਕ ਦੇ ਪ੍ਰੋਜੈਕਟ ਲਈ 20 ਲੱਖ ਰੁਪਏ ਮਨਜ਼ੂਰ ਕੀਤੇ ਗਏ ਹਨ। ਉਨ੍ਹਾਂ ਦੱਸਿਆ ਕਿ ਦੋਵੇਂ ਪ੍ਰੋਜੈਕਟਾਂ ਨੂੰ ਮਨਜ਼ੂਰੀ ਮਿਲ ਚੁੱਕੀ ਹੈ ਅਤੇ ਜਲਦ ਹੀ ਕੰਮ ਸ਼ੁਰੂ ਕੀਤਾ ਜਾਵੇਗਾ।

21 ਨੂੰ ਪੁਲਸ ਲਾਈਨ ਗਰਾਊਂਡ 'ਚ ਮਨਾਇਆ ਜਾਵੇਗਾ ਅੰਤਰਰਾਸ਼ਟਰੀ ਯੋਗ ਦਿਵਸ

ਹੁਸ਼ਿਆਰਪੁਰ (ਓ ਪੀ ਰਾਣਾ)- ਜ਼ਿਲ੍ਹਾ ਪ੍ਰਸ਼ਾਸਨ ਵੱਲੋਂ 21 ਜੂਨ ਨੂੰ ਸਥਾਨਕ ਪੁਲਸ ਲਾਈਨਜ਼ ਗਰਾਊਂਡ ਵਿਖੇ ਅੰਤਰਰਾਸ਼ਟਰੀ ਯੋਗਾ ਦਿਵਸ ਮਨਾਇਆ ਜਾਵੇਗਾ ਜਿਸ ਦੀਆਂ ਤਿਆਰੀਆਂ ਸੰਬੰਧੀ ਵਧੀਕ ਡਿਪਟੀ ਕਮਿਸ਼ਨਰ (ਵਿਕਾਸ) ਨਿਕਾਸ ਕੁਮਾਰ ਨੇ ਜ਼ਿਲ੍ਹਾ ਪ੍ਰੀਸ਼ਦ ਕੰਪਲੈਕਸ ਵਿਖੇ ਅਧਿਕਾਰੀਆਂ ਨਾਲ ਮੀਟਿੰਗ ਕੀਤੀ।ਵਧੀਕ ਡਿਪਟੀ ਕਮਿਸ਼ਨਰ ਨਿਕਾਸ ਕੁਮਾਰ ਨੇ ਦੱਸਿਆ ਕਿ ਡਿਪਟੀ ਕਮਿਸ਼ਨਰ ਆਸ਼ਿਕਾ ਜੈਨ ਦੀ ਅਗਵਾਈ ਹੇਠ ਵੱਖ-ਵੱਖ ਸੰਸਥਾਵਾਂ ਦੇ ਸਹਿਯੋਗ ਨਾਲ 21 ਜੂਨ ਨੂੰ ਪੁਲਸ ਲਾਈਨ ਗਰਾਊਂਡ ਵਿਖੇ ਸਵੇਰੇ 7 ਤੋਂ 8 ਵਜੇ ਤੱਕ ਅੰਤਰਰਾਸ਼ਟਰੀ ਯੋਗ ਦਿਵਸ ਮਨਾਇਆ ਜਾਵੇਗਾ। ਸਵੇਰੇ 6.30 ਤੋਂ 7 ਵਜੇ ਤੱਕ ਰਜਿਸਟ੍ਰੇਸ਼ਨ ਹੋਵੇਗੀ। ਉਨ੍ਹਾਂ ਕਿਹਾ ਕਿ ਸੰਬੰਧਤ ਅਧਿਕਾਰੀ ਸਮੇਂ ਸਿਰ ਪ੍ਰੋਗਰਾਮ ਦੀਆਂ ਤਿਆਰੀਆਂ ਦੀ ਸਮੀਖਿਆ ਕਰਨ ਅਤੇ ਸਾਰੇ ਪ੍ਰਬੰਧ ਯਕੀਨੀ ਬਣਾਉਣ। ਉਨ੍ਹਾਂ ਸਮਾਜ ਸੇਵੀ ਸੰਸਥਾਵਾਂ, ਪੁਲਸ ਵਿਭਾਗ, ਪੀ.ਆਰ. ਟੀ.ਸੀ ਜਹਾਨ ਖੇਲਾਂ, ਬੀ.ਐਸ.ਐਫ ਕੈਂਪ ਖੜਕਾਂ, ਕਾਲਜਾਂ ਦੇ ਵਿਦਿਆਰਥੀਆਂ, ਯੂਥ ਕਲੱਬਾਂ ਦੇ ਮੈਂਬਰਾਂ ਸਮੇਤ ਸਮੂਹ ਵਿਭਾਗਾਂ ਦੇ ਮੁਖੀਆਂ ਅਤੇ ਲੋਕਾਂ ਨੂੰ ਅਪੀਲ ਕੀਤੀ ਕਿ ਉਹ 21 ਜੂਨ ਨੂੰ ਸਵੇਰੇ 6.30 ਵਜੇ ਪੁਲਸ ਲਾਈਨ ਗਰਾਊਂਡ ਵਿਚ ਪਹੁੰਚ ਕੇ ਇਸ ਜ਼ਿਲ੍ਹਾ ਪੱਧਰੀ ਯੋਗ ਦਿਵਸ ਵਿਚ ਵੱਧ ਤੋਂ ਵੱਧ ਗਿਣਤੀ ਵਿਚ ਸ਼ਿਰਕਤ ਕਰਨ। ਇਸ ਮੌਕੇ ਸਹਾਇਕ ਕਮਿਸ਼ਨਰ ਸੁਮਿਤ ਮੁਧ ਅਤੇ ਹੋਰ ਅਧਿਕਾਰੀ ਵੀ ਮੌਜੂਦ ਸਨ।

ਈਸ਼ਾਨ ਸੂਦ ਭਾਰਤ ਦੀ ਅੰਡਰ-19 ਕ੍ਰਿਕਟ ਟੀਮ ਚੁਣੇ ਗਏ

ਮੋਰਿੰਡਾ (ਨਿਹਾਲ ਸਿੰਘ ਕਲਸੀ) ਸਵਾਮੀ ਸ਼ਿਵਾਨੰਦਾ ਸੀਨੀਅਰ ਸੈਕੰਡਰੀ ਸਕੂਲ, ਮੋਰਿੰਡਾ ਦੇ ਕਲਾਸ ਬਾਰ੍ਹਵੀਂ ਦੇ ਵਿਦਿਆਰਥੀ ਈਸ਼ਾਨ ਸੂਦ ਨੂੰ ਭਾਰਤ ਦੀ ਅੰਡਰ-19 ਕ੍ਰਿਕਟ ਟੀਮ ਵਿੱਚ ਆਉਣ ਵਾਲੇ ਸ਼੍ਰੀਲੰਕਾ ਦੌਰੇ 2026 ਲਈ ਚੁਣੇ ਜਾਣ 'ਤੇ ਸਕੂਲ ਅਤੇ ਪ੍ਰਬੰਧਕ ਕਮੇਟੀ ਵੱਲੋਂ ਈਸ਼ਾਨ ਸੂਦ ਅਤੇ ਉਸਦੇ ਪਰਵਾਰ ਨੂੰ ਵਧਾਈ ਦਿੱਤੀ ਗਈ। ਸਕੂਲ ਦੇ ਪ੍ਰਿੰਸੀਪਲ ਰਾਜੇਸ਼ ਕੁਮਾਰ ਨੇ ਦੱਸਿਆ ਕਿ ਈਸ਼ਾਨ ਸੂਦ ਕਲਾਸ ਸੱਤਵੀਂ ਤੋਂ ਹੀ ਸਾਡੇ ਸਕੂਲ ਪਰਵਾਰ ਦਾ ਹਿੱਸਾ ਰਿਹਾ ਹੈ। ਪ੍ਰਿੰਸੀਪਲ ਰਾਜੇਸ਼ ਕੁਮਾਰ, ਸਮੂਹ ਅਧਿਆਪਕਾਂ, ਸਟਾਫ ਮੈਂਬਰਾਂ ਅਤੇ ਸਕੂਲ ਮੈਨੇਜਮੈਂਟ ਕਮੇਟੀ ਦੇ ਮੈਂਬਰਾਂ ਵੱਲੋਂ ਈਸ਼ਾਨ ਸੂਦ ਨੂੰ ਵਧਾਈਆਂ ਅਤੇ ਸ਼ੁਭਕਾਮਨਾਵਾਂ ਦਿੱਤੀਆਂ ਗਈਆਂ। ਇਸ ਮੌਕੇ ਸਕੂਲ ਮੈਨੇਜਮੈਂਟ ਕਮੇਟੀ ਦੇ ਮੈਂਬਰ (ਯੁਵਾ ਬ੍ਰਾਹਮਣ ਸਭਾ ਪੰਜਾਬ ਦੇ ਸੀਨੀਅਰ ਵਾਈਸ ਪ੍ਰਧਾਨ) ਅਤੇ ਪੂਰਬ ਐਸ, ਆਰ ਰਾਧੇਸ਼ਾਮ ਸ਼ਰਮਾ ਵੱਲੋਂ ਇਸ਼ਾਨ ਸੂਦ ਲਈ ਕ੍ਰਿਕਟ ਦੇ ਖੇਤਰ ਵਿੱਚ ਇੱਕ ਸ਼ਾਨਦਾਰ ਭਵਿੱਖ ਦੀ ਕਾਮਨਾ ਕਰਦੇ ਹੋਏ ਉਸ ਨੂੰ ਸਫਲਤਾ ਅਤੇ ਸ਼੍ਰੀਲੰਕਾ ਦੇ ਸ਼ਾਨਦਾਰ ਦੌਰੇ ਲਈ ਸ਼ੁਭਕਾਮਨਾਵਾਂ ਦਿੱਤੀਆਂ ਗਈਆਂ।

ਇਨੋਸੈਂਟ ਹਾਰਟਸ ਕਾਲਜ ਆਫ਼ ਐਜੂਕੇਸ਼ਨ 'ਚ ਬੀ. ਐੱਡ ਦਾਖਲਿਆਂ ਲਈ ਹੈਲਪ ਡੈਸਕ ਸਥਾਪਤ

ਜਲੰਧਰ (ਸ਼ੈਲੀ ਐਲਬਰਟ)- ਇਨੋਸੈਂਟ ਹਾਰਟਸ ਕਾਲਜ ਆਫ਼ ਐਜੂਕੇਸ਼ਨ, ਜਲੰਧਰ ਨੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਨਾਲ ਸੰਬੰਧਤ ਕਾਲਜਾਂ ਵਿੱਚ ਸੈਸ਼ਨ 2026-2027 ਲਈ ਬੀ.ਐੱਡ. ਪ੍ਰੋਗਰਾਮ ਵਿੱਚ ਦਾਖਲਾ ਲੈਣ ਵਾਲੇ ਉਮੀਦਵਾਰਾਂ ਨੂੰ ਸਹਾਇਤਾ ਪ੍ਰਦਾਨ ਕਰਨ ਲਈ ਇੱਕ ਹੈਲਪ ਡੈਸਕ ਸਥਾਪਤ ਕੀਤਾ ਹੈ।ਕਾਲਜ ਪ੍ਰਿੰਸੀਪਲ ਡਾ. ਅਰਜਿੰਦਰ ਸਿੰਘ ਨੇ ਦੱਸਿਆ ਕਿ ਇਸ ਸਾਲ ਪੰਜਾਬ ਵਿੱਚ ਦੋ ਸਾਲਾ ਬੀ.ਐੱਡ. ਪ੍ਰੋਗਰਾਮ ਵਿੱਚ ਦਾਖਲੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੁਆਰਾ ਕਰਵਾਏ ਜਾ ਰਹੇ ਹਨ। ਉਨ੍ਹਾਂ ਇਹ ਵੀ ਕਿਹਾ ਕਿ ਮਿਸ ਪ੍ਰਭਜੋਤ ਕੌਰ ਐਡਮਿਸ਼ਨ ਕਾਊਂਸਲਰ ਵਜੋਂ ਹੈਲਪ ਡੈਸਕ ਦੀ ਅਗਵਾਈ ਕਰਨਗੇ ਅਤੇ ਹੈਲਪ ਡੈਸਕ ਮੁਫ਼ਤ ਮਾਰਗਦਰਸ਼ਨ ਪ੍ਰਦਾਨ ਕਰੇਗਾ। ਇਹ ਬੀ.ਐੱਡ. ਉਮੀਦਵਾਰਾਂ ਨੂੰ ਪੰਜਾਬ ਬੀ.ਐੱਡ. ਕਾਮਨ ਐਂਟਰੈਂਸ ਟੈਸਟ (ਸੀਈਟੀ) 2026 ਲਈ ਔਨਲਾਈਨ ਅਰਜ਼ੀ ਫਾਰਮ ਭਰਨ ਵਿੱਚ ਸਹਾਇਤਾ ਕਰੇਗਾ। ਇਹ ਟੈਸਟ ਫਾਰਮੈਟ, ਯੋਗਤਾ ਮਾਪਦੰਡ, ਸਿਲੇਬਸ, ਯੋਗਤਾ ਅੰਕ ਅਤੇ ਸੰਭਾਵਿਤ ਪ੍ਰਸ਼ਨਾਂ ਬਾਰੇ ਵੀ ਕੀਮਤੀ ਮਾਰਗਦਰਸ਼ਨ ਪ੍ਰਦਾਨ ਕਰੇਗਾ। ਮਿਸ ਪ੍ਰਭਜੋਤ ਕੌਰ ਨੇ ਦੱਸਿਆ ਕਿ ਕਾਲਜ ਦਾ ਹੈਲਪ ਡੈਸਕ 2 ਅਗਸਤ, 2026 ਨੂੰ ਹੋਣ ਵਾਲੇ ਕਾਮਨ ਐਂਟਰੈਂਸ ਟੈਸਟ ਬਾਰੇ ਚਿੰਤਤ ਉਮੀਦਵਾਰਾਂ ਨੂੰ ਮਾਰਗਦਰਸ਼ਨ ਪ੍ਰਦਾਨ ਕਰ ਰਿਹਾ ਹੈ, ਜਿਸ ਦੀ ਔਨਲਾਈਨ ਅਰਜ਼ੀ ਪ੍ਰਕਿਰਿਆ 20 ਜੂਨ ਤੋਂ ਸ਼ੁਰੂ ਹੋ ਰਹੀ ਹੈ। ਹੈਲਪ ਡੈਸਕ ਦਾਖਲਾ ਪ੍ਰੀਖਿਆ ਨਾਲ ਸਬੰਧਤ ਦਾਖਲਾ ਚਾਹਵਾਨਾਂ ਨੂੰ ਕੋਚਿੰਗ ਵੀ ਪ੍ਰਦਾਨ ਕਰੇਗਾ।ਪ੍ਰਿੰਸੀਪਲ ਡਾ. ਅਰਜਿੰਦਰ ਸਿੰਘ ਨੇ ਕਿਹਾ ਕਿ ਦਿਲਚਸਪੀ ਰੱਖਣ ਵਾਲੇ ਵਿਦਿਆਰਥੀ ਕਿਸੇ ਵੀ ਪ੍ਰਸ਼ਨ ਜਾਂ ਚਿੰਤਾਵਾਂ ਲਈ ਕਾਲਜ ਦਫ਼ਤਰ ਨਾਲ ਸੰਪਰਕ ਕਰ ਸਕਦੇ ਹਨ। ਉਹ ਕੰਮਕਾਜੀ ਦਿਨਾਂ ਤੇ ਗ੍ਰੀਨ ਮਾਡਲ ਟਾਊਨ, ਜਲੰਧਰ ਵਿਖੇ ਕਾਲਜ ਕੈਂਪਸ ਆ ਸਕਦੇ ਹਨ।

ਲਾਇਨਜ਼ ਕਲੱਬ ਬੰਗਾ ਸਿਮਰਨ ਵੱਲੋਂ ਅਨੁਸ਼ਕਾ ਐਪ੍ਰੀਸ਼ੀਏਸ਼ਨ ਇਨਾਮ ਵੰਡ ਸਮਾਗਮ

ਬੰਗਾ (ਅਵਤਾਰ ਕਲੇਰ) ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਅੰਦਰ ਆਪਣੇ ਸਮਾਜ ਸੇਵੀ ਕਾਰਜਾਂ ਲਈ ਜਾਣੀ ਜਾਂਦੀ ਲਾਇਨਜ਼ ਕਲੱਬ ਬੰਗਾ ਸਿਮਰਨ ਵੱਲੋਂ ਕਲੱਬ ਐਡਮਿਨਿਸਟਰ ਧੀਰਜ ਮੱਕੜ ਤੇ ਚਾਰਟਰ ਪ੍ਰਧਾਨ ਤੇ ਡਾਇਰੈਕਟਰ ਮੀਨੂੰ ਭੁੱਟਾ ਦੀ ਅਗਵਾਈ ਹੇਠ ਇਨਾਮ ਵੰਡ ਸਮਾਗਮ ਕਰਵਾਇਆ ਗਿਆ। ਇਨਾਮ ਵੰਡ ਸਮਾਗਮ ਵਿੱਚ ਮੁੱਖ ਮਹਿਮਾਨ ਦੇ ਰੂਪ ਵਿੱਚ ਮੈਡਮ ਹਰਜੋਤ ਕੌਰ ਲੋਹਟੀਆ ਤੇ ਵਿਸ਼ੇਸ਼ ਮਹਿਮਾਨ ਦੇ ਰੂਪ ਵਿੱਚ ਪਾਸਟ ਗਵਰਨਰ ਪਰਮਜੀਤ ਸਿੰਘ ਚਾਵਲਾ, ਪਾਸਟ ਗਵਰਨਰ ਹਰੀਸ਼ ਬੰਗਾ, ਡਿਪਟੀ ਗਵਰਨਰ ਐਮਜੇਐਫ ਸੁਖਜਿੰਦਰ ਸਿੰਘ, ਲਾਇਨ ਲੇਡੀ ਰਜਨੀ ਬੰਗਾ ਸ਼ਾਮਿਲ ਹੋਏ। ਇਸ ਇਨਾਮ ਵੰਡ ਸਮਾਗਮ ਦਾ ਉਦਘਾਟਨ ਮੈਡਮ ਹਰਜੋਤ ਕੌਰ ਲੋਹਟੀਆ ਵਲੋਂ ਰੀਬਨ ਕੱਟ ਕੇ ਕੀਤਾ ਗਿਆ। ਇਸ ਸਮਾਗਮ ਨੂੰ ਸੰਬੋਧਨ ਕਰਦੇ ਹੋਏ ਮੈਡਮ ਹਰਜੋਤ ਕੌਰ ਲੋਹਟੀਆ, ਪਰਮਜੀਤ ਸਿੰਘ ਚਾਵਲਾ, ਹਰੀਸ਼ ਬੰਗਾ, ਸੁਖਜਿੰਦਰ ਸਿੰਘ, ਕੁਲਵਿੰਦਰ ਸਿੰਘ ਸਿੱਧੂ ਨੇ ਕਿਹਾ ਕਿ ਲਾਇਨਜ਼ ਕਲੱਬ ਬੰਗਾ ਸਿਮਰਨ ਕਲੱਬ ਜਦੋਂ ਤੋਂ ਬਣੀ ਹੈ ਇਸ ਕਲੱਬ ਨੇ ਬਹੁਤ ਕੰਮ ਕੀਤਾ ਤੇ ਇਕ ਸਾਲ ਦੇ ਅੰਦਰ ਪੂਰੀ ਡਿਸਟਿਕ ਅੰਦਰ ਰਿਕਾਰਡ ਤੋੜ ਪ੍ਰੋਜੈਕਟ ਕੀਤੇ ਹਨ। ਇਹਨਾਂ ਪ੍ਰੋਜੈਕਟਾਂ ਨੂੰ ਦੇਖਦੇ ਹੋਏ ਮੌਕੇ ਦੇ ਗਵਰਨਰ ਵੱਲੋਂ ਇਸ ਕਲੱਬ ਨੂੰ ਸੈਵਨ ਸਟਾਰ ਕਲੱਬ ਦੇ ਖਿਤਾਬ ਨਾਲ ਵੀ ਨਿਵਾਜਿਆ ਜਾ ਚੁੱਕਾ ਹੈ। ਚਾਰਟਰ ਪ੍ਰਧਾਨ ਤੇ ਡਾਇਰੈਕਟਰ ਮੀਨੂੰ ਭੁੱਟਾ ਵੱਲੋਂ ਆਏ ਹੋਏ ਮੁੱਖ ਮਹਿਮਾਨਾਂ ਦਾ ਪਹੁੰਚਣ 'ਤੇ ਧੰਨਵਾਦ ਕੀਤਾ ਤੇ ਯਾਦਗਾਰੀ ਚਿੰਨ੍ਹ ਦੇ ਕੇ ਸਨਮਾਨਿਤ ਕੀਤਾ। ਇਸ ਮੌਕੇ ਚਾਰਟਰ ਪ੍ਰਧਾਨ ਤੇ ਡਾਇਰੈਕਟਰ ਮੀਨੂੰ ਭੁੱਟਾ, ਐਮ.ਸੀ. ਕਵਿਤਾ ਅੱਬੀ, ਡਾ. ਵਨੀਤਾ ਕੁਮਾਰੀ, ਸੁਖਜਿੰਦਰ ਸਿੰਘ, ਰੋਹਿਤ ਚੋਪੜਾ, ਪ੍ਰਿਆ ਚੋਪੜਾ, ਪ੍ਰਿਯੰਕਾ ਕਲਸੀ, ਮਨਿੰਦਰ ਕੌਰ, ਜਸਪ੍ਰੀਤ ਜੱਸੀ, ਅਹਿਮ, ਸੀਮਾ ਤੋਂ ਇਲਾਵਾ ਹੋਰ ਵੀ ਅਹੁਦੇਦਾਰ ਹਾਜ਼ਰ ਸਨ।

ਗੁਰਦੁਆਰਾ ਬਾਬਾ ਕਲਿਆਣਾ ਬੀੜ ਬੰਸੀਆਂ ਵਿਖੇ ਸਾਲਾਨਾ ਜੋੜ ਮੇਲਾ 17 ਤੋਂ

ਗੁਰਾਇਆ (ਬਿੰਦਰ ਸੁੰਮਨ): ਗੁਰਦੁਆਰਾ ਬਾਬਾ ਕਲਿਆਣਾ ਪਿੰਡ ਬੀੜ ਬੰਸੀਆਂ ਵਿਖੇ ਪ੍ਰਬੰਧਕ ਕਮੇਟੀ ਵੱਲੋਂ ਬਾਬਾ ਕਲਿਆਣਾ ਜੀ ਦੀ ਨਿੱਘੀ ਯਾਦ ਨੂੰ ਸਮਰਪਿਤ ਸਲਾਨਾ ਜੋੜ ਮੇਲਾ ਅਤੇ ਢਾਡੀ ਦਰਬਾਰ ਗ੍ਰਾਮ ਪੰਚਾਇਤ, ਐਨ ਆਰ ਆਈ ਵੀਰਾਂ ਅਤੇ ਸਮੂਹ ਨਗਰ ਨਿਵਾਸੀਆ ਦੇ ਸਹਿਯੋਗ ਨਾਲ 17, 18 ਅਤੇ 19 ਜੂਨ ਨੂੰ ਕਰਵਾਇਆ ਜਾ ਰਿਹਾ ਹੈ। ਇਸ ਸੰਬੰਧੀ ਜਾਣਕਾਰੀ ਦਿੰਦੇ ਹੋਏ ਪ੍ਰਬੰਧਕਾ ਨੇ ਦੱਸਿਆ ਕਿ 17 ਜੂਨ ਨੂੰ ਸਵੇਰੇ 7 ਵਜੇ ਨਿਸ਼ਾਨ ਸਾਹਿਬ ਦੇ ਚੋਲਿਆ ਦੀ ਸੇਵਾ ਉਪਰੰਤ ਸ਼੍ਰੀ ਆਖੰਡ ਪਾਠ ਸਾਹਿਬ ਆਰੰਭ ਕੀਤੇ ਜਾਣਗੇ। ਇਸ ਮੌਕੇ 10 ਤੋਂ 20 ਸਾਲ ਤੱਕ ਦੇ ਬੱਚਿਆ ਦਰਮਿਆਨ ਦਸਤਾਰ ਮੁਕਾਬਲੇ ਵੀ ਕਰਵਾਏ ਜਾਣਗੇ, ਜਿਸ ਦੀ ਸੇਵਾ ਯੂ.ਐਸ.ਏ ਬ੍ਰਦਰਜ਼ ਵੱਲੋਂ ਕੀਤੀ ਜਾਵੇਗੀ। 18 ਜੂਨ ਨੂੰ ਗੁਰਦੁਆਰਾ ਬਾਬਾ ਕਲਿਆਣਾ ਦੇ ਪਵਿੱਤਰ ਅਸਥਾਨਾ ਤੋਂ ਨਗਰ ਕੀਰਤਨ ਸਜਾਇਆ ਜਾਵੇਗਾ। 19 ਜੂਨ ਨੂੰ ਸ਼੍ਰੀ ਆਖੰਡ ਪਾਠ ਸਾਹਿਬ ਦੇ ਭੋਗ ਉਪਰੰਤ ਢਾਡੀ ਦਰਬਾਰ ਸਜਾਇਆ ਜਾਵੇਗਾ, ਜਿਸ ਵਿੱਚ ਭਾਈ ਰੇਸ਼ਮ ਸਿੰਘ ਪਾਸਲਾ, ਭਾਈ ਪਵਿੱਤਰ ਸਿੰਘ ਸੰਧੂ ਰੁੜਕਾ ਕਲਾਂ ਵਾਲੇ, ਬੀਬੀ ਬੇਅੰਤ ਕੌਰ ਖਾਲਸਾ ਜਲੰਧਰ ਵਾਲੇ, ਭਾਈ ਪ੍ਰਿਤਪਾਲ ਸਿੰਘ ਬਰਗਾੜੀ ਵਾਲੇ ਅਤੇ ਭਾਈ ਜਸਵਿੰਦਰ ਸਿੰਘ ਸਿੱਧੂ ਦੁਸਾਂਝਾ ਵਾਲੇ ਢਾਡੀ ਵਾਰਾ ਅਤੇ ਕਵਿਸ਼ਰੀ ਗਾ ਕੇ ਸੰਗਤਾਂ ਨੂੰ ਗੁਰੂ ਚਰਨਾ ਨਾਲ ਜੋੜਨਗੇ।

ਵਿਭਾਗ ਬਿਜਲੀ ਸਪਲਾਈ ਦਰੁਸਤ ਕਰੇ, ਨਹੀਂ ਤਾਂ ਸ਼ਿਵ ਸੈਨਾ ਕਰੇਗੀ ਪੁਤਲੇ ਫੂਕ ਪ੍ਰਦਰਸ਼ਨ : ਮਿੱਕੀ ਪੰਡਤ

ਟਾਂਡਾ ਉੜਮੁੜ (ਮਿਥਲੇਸ਼ ਗਰਗ, ਜਸਵਿੰਦਰ ਸੰਧੂ)- ਵਾਰ ਵਾਰ ਬਿਜਲੀ ਸਪਲਾਈ ਬੰਦ ਹੋਣ ਕਾਰਨ ਟਾਂਡਾ ਸ਼ਹਿਰ ਨਿਵਾਸੀਆਂ ਦੀਆਂ ਪਰੇਸ਼ਾਨੀਆਂ ਨੂੰ ਵੇਖਦੇ ਹੋਏ ਸ਼ਿਵ ਸੈਨਾ ਪੰਜਾਬ ਦੇ ਉੱਤਰ ਭਾਰਤ ਪ੍ਰਧਾਨ ਮਿੱਕੀ ਪੰਡਿਤ ਦੀ ਅਗਵਾਈ ਵਿੱਚ ਇਲਾਕਾ ਨਿਵਾਸੀਆਂ ਦੇ ਸਹਿਯੋਗ ਨਾਲ ਸ਼ਿਵ ਸੈਨਾ ਵਰਕਰਾਂ ਨੇ ਮਾਨ ਸਰਕਾਰ ਖਿਲਾਫ਼ ਰੋਸ ਦਾ ਪ੍ਰਗਟਾਵਾ ਕਰਦੇ ਹੋਏ ਨਾਅਰੇਬਾਜ਼ੀ ਕੀਤੀ। ਹਾਜ਼ਰ ਇਕੱਠ ਨੂੰ ਸੰਬੋਧਨ ਕਰਦੇ ਹੋਏ ਪ੍ਰਧਾਨ ਮਿੱਕੀ ਪੰਡਿਤ ਨੇ ਕਿਹਾ ਕਿ ਮਾਨ ਸਰਕਾਰ ਆਏ ਦਿਨ ਇਹ ਦਾਅਵੇ ਕਰ ਰਹੀ ਹੈ ਕਿ ਪੰਜਾਬ ਕੋਲ ਬਿਜਲੀ ਬਹੁਤ ਜ਼ਿਆਦਾ ਸਰਪ੍ਰਸਤ ਹੈ ਇਸ ਦੇ ਬਾਵਜੂਦ ਪੰਜਾਬ ਭਰ ਵਿੱਚ ਆਏ ਦਿਨ ਅਨਿਸਚਿਤ ਸਮੇਂ ਲਈ ਕੱਟ ਲਗ ਰਹੇ ਹਨ, ਪਰ ਟਾਂਡਾ ਉੜਮੁੜ ਸ਼ਹਿਰ ਵਿੱਚ ਬਿਜਲੀ ਵਿਭਾਗ ਵੱਲੋਂ ਬਣਾਏ ਗਏ ਗਰੁੱਪ ਵਿੱਚ ਮੈਸੇਜ ਰਾਹੀਂ ਇਹ ਸੁਨੇਹਾ ਦੇ ਕੇ ਕਈ ਕਈ ਘੰਟੇ ਬਿਜਲੀ ਸਪਲਾਈ ਬੰਦ ਕਰ ਦਿੱਤੀ ਜਾਂਦੀ ਹੈ ਕਿ ਟਰਾਂਸਫਾਰਮਰਾਂ ਵਿੱਚ ਫਾਲਟ ਪੈ ਗਿਆ ਹੈ, ਲਾਈਨਾਂ ਉੱਤੇ ਫਾਲਟ ਪੈ ਗਿਆ ਹੈ ਹੋਰ ਜਾਣਕਾਰੀ ਲਈ ਜੇ.ਈ ਨਾਲ ਸੰਪਰਕ ਕਰੋ। ਉਨ੍ਹਾਂ ਕਿਹਾ ਕਿ ਬਿਜਲੀ ਸਬੰਧੀ ਜਾਣਕਾਰੀ ਲੈਣ ਲਈ ਸ਼ਹਿਰ ਨਿਵਾਸੀ ਜੇ.ਈ ਨਾਲ ਸੰਪਰਕ ਕਰਨ ਦੀ ਕੋਸ਼ਿਸ਼ ਕਰਦੇ ਹਨ ਤਾਂ ਜੇ.ਈ ਵੱਲੋਂ ਫੋਨ ਨਹੀਂ ਉਠਾਇਆ ਜਾਂਦਾ ਜਿਸ ਕਾਰਨ ਸ਼ਹਿਰ ਨਿਵਾਸੀਆਂ ਨੂੰ ਕਾਫ਼ੀ ਪਰੇਸ਼ਾਨੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਮਿੱਕੀ ਪੰਡਿਤ ਨੇ ਕਿਹਾ ਕਿ ਸ਼ਹਿਰ ਵਿੱਚ ਬਿਜਲੀ ਦੀਆਂ ਤਾਰਾਂ ਇੰਨੀਆਂ ਢਿੱਲੀਆਂ ਹਨ ਕਿ ਥੋੜ੍ਹੀ ਜਿਹੀ ਹਨੇਰੀ ਚੱਲਣ 'ਤੇ ਇਹ ਤਾਰਾਂ ਆਪਸ ਵਿੱਚ ਜੁੜ ਜਾਂਦੀਆਂ ਹਨ ਜਿਸ ਸਦਕਾ ਕਈ ਵਾਰੀ ਪਟਾਕੇ ਪੈਣ ਕਾਰਨ ਬਿਜਲੀ ਖਪਤਕਾਰਾਂ ਦੇ ਸਾਜ਼ੋ ਸਮਾਨ ਦਾ ਨੁਕਸਾਨ ਵੀ ਹੋ ਜਾਂਦਾ ਹੈ। ਉਨ੍ਹਾਂ ਕਿਹਾ ਕਿ ਟਾਂਡਾ ਸ਼ਹਿਰ ਦੇ ਬਿਜਲੀ ਖਪਤਕਾਰਾਂ ਨੂੰ ਦਰਪੇਸ਼ ਇਨ੍ਹਾਂ ਔਕੜਾਂ ਤੋਂ ਨਿਜਾਤ ਦਿਵਾਉਣ ਦੇ ਮਾਨ ਸਰਕਾਰ ਨੂੰ ਠੋਸ ਯਤਨ ਕਰਨੇ ਚਾਹੀਦੇ ਹਨ ਤਾਂ ਜੋ ਲੋਕ ਰਾਤ ਨੂੰ ਚੈਨ ਦੀ ਨੀਂਦ ਸੌਂ ਸਕਣ।ਇਸ ਮੌਕੇ ਹਾਜ਼ਰ ਦੋਆਬਾ ਪ੍ਰਧਾਨ ਸ਼ਿਵਮ ਵੈਦ, ਜ਼ਿਲ੍ਹਾ ਚੇਅਰਮੈਨ ਵਿਕਾਸ ਜਸਰਾ, ਸਨਾਤਨ ਧਰਮ ਸਭਾ ਕਲੋਇਆਂ ਦੇ ਪ੍ਰਧਾਨ ਆਕਾਸ਼ ਰਾਣਾ, ਬੇਟ ਏਰੀਆ ਪ੍ਰਧਾਨ ਗਗਨ ਪਰੋਜ, ਹਿੰਦੂ ਨੇਤਾ ਗਿੰਦਾ ਪਰੋਜ, ਹਿੰਦੂ ਨੇਤਾ ਜਿੰਦਰ ਬਨਿਆਲ, ਯੁਵਾ ਨੇਤਾ ਹਰਜੀਤ ਸਿੰਘ ਬਘੇਲ, ਹਿੰਦੂ ਨੇਤਾ ਸ਼ੁਭਮ ਮਲਹੋਤਰਾ ਅਤੇ ਹੋਰ ਸ਼ਿਵ ਸੈਨਾ ਵਰਕਰਾਂ ਨੇ ਕਿਹਾ ਕਿ ਬਿਜਲੀ ਦੀ ਕੰਪਲੇਂਟ ਲਿਖਵਾਉਣ ਲਈ ਭਾਵੇਂ 1912 ਭਾਵੇਂ ਭੋਗਪੁਰ ਬਿਜਲੀ ਦਫਤਰ ਵਿਖੇ ਟੈਲੀਫੋਨ ਕਰੋ ਕੋਈ ਵੀ ਜਵਾਬ ਨਹੀਂ ਦਿੱਤਾ ਜਾਂਦਾ। ਉਨ੍ਹਾਂ ਮਾਨ ਸਰਕਾਰ ਅਤੇ ਪਾਵਰ ਕਾਮ ਨੂੰ ਚੇਤਾਵਨੀ ਦਿੰਦੇ ਹੋਏ ਕਿਹਾ ਕਿ ਜੇਕਰ ਟਾਂਡਾ ਉੜਮੁੜ ਸ਼ਹਿਰ ਨਿਵਾਸੀਆਂ ਨੂੰ 24 ਘੰਟੇ ਲਗਾਤਾਰ ਨਿਰਵਿਘਨ ਬਿਜਲੀ ਸਪਲਾਈ ਨਾ ਦਿੱਤੀ ਤਾਂ ਸ਼ਿਵ ਸੈਨਾ ਪੁਤਲੇ ਫੂਕ ਪ੍ਰਦਰਸ਼ਨ ਸ਼ੁਰੂ ਕਰ ਦੇਵੇਗੀ।

ਸਪੋਰਟਸ ਵੈੱਲਫੇਅਰ ਬੋਰਡ ਪੰਜਾਬ ਦੇ ਚੇਅਰਮੈਨ ਨੂੰ ਮਿਲੇ ਜ਼ਿਲ੍ਹਾ ਕਪੂਰਥਲਾ ਰੈਸਲਿੰਗ ਐਸੋਸੀਏਸ਼ਨ ਦੇ ਅਹੁਦੇਦਾਰ

ਫਗਵਾੜਾ (ਡਾ. ਰਮਨ, ਜਸਵਿੰਦਰ ਢੱਡਾ) ਜ਼ਿਲ੍ਹਾ ਕਪੂਰਥਲਾ ਰੈਸਲਿੰਗ ਐਸੋਸੀਏਸ਼ਨ ਦੇ ਪ੍ਰਧਾਨ ਰਿੰਪਲ ਕੁਮਾਰ ਪਹਿਲਵਾਨ ਵਜੀਦੋਵਾਲ ਅਤੇ ਜਨਰਲ ਸਕੱਤਰ ਗੀਤ ਪ੍ਰੀਤ ਪਾਲ ਸਿੰਘ ਨੇ ਸੂਬਾ ਸਰਕਾਰ ਵਲੋਂ ਸਪੋਰਟਸ ਵੈਲਫੇਅਰ ਬੋਰਡ ਪੰਜਾਬ ਦੇ ਨਵਨਿਯੁਕਤ ਚੇਅਰਮੈਨ ਜਸਕੰਵਰ ਸਿੰਘ ਜੱਸਾ ਪੱਟੀ ਨਾਲ ਮੁਲਾਕਾਤ ਕੀਤੀ ਅਤੇ ਨਿਯੁਕਤੀ ਲਈ ਮੁਬਾਰਕਬਾਦ ਦਿੱਤੀ। ਉਪਰੰਤ ਜ਼ਿਲ੍ਹਾ ਐਸੋਸੀਏਸ਼ਨ ਦੀਆਂ ਗਤੀਵਿਧੀਆਂ ਨਾਲ ਜਾਣੂ ਕਰਵਾਇਆ ਅਤੇ ਪਹਿਲਵਾਨਾਂ ਦੀ ਟਰੇਨਿੰਗ ਸਬੰਧੀ ਦਰਪੇਸ਼ ਮੁਸ਼ਕਿਲਾਂ ਨੂੰ ਵੀ ਉਹਨਾਂ ਦੇ ਨਾਲ ਸਾਂਝਾ ਕੀਤਾ।ਜ਼ਿਲ੍ਹਾ ਪ੍ਰਧਾਨ ਰਿੰਪਲ ਕੁਮਾਰ ਨੇ ਚੇਅਰਮੈਨ ਜੱਸਾ ਪੱਟੀ ਨੂੰ ਦੱਸਿਆ ਕਿ ਜ਼ਿਲ੍ਹਾ ਕਪੂਰਥਲਾ ਐਸੋਸੀਏਸ਼ਨ ਵਲੋਂ ਤਿਆਰ ਕੀਤੇ ਅਨੇਕਾਂ ਪਹਿਲਵਾਨਾਂ ਨੇ ਦੇਸ਼-ਵਿਦੇਸ਼ ਵਿੱਚ ਮੱਲਾਂ ਮਾਰੀਆਂ ਹਨ ਪਰ ਇਸ ਸਮੇਂ ਪਹਿਲਵਾਨਾਂ ਨੂੰ ਅੰਤਰਰਾਸ਼ਟਰੀ ਨਿਯਮਾਂ ਅਨੁਸਾਰ ਗੱਦੇ ਵਾਲੀ ਕੁਸ਼ਤੀ ਦੀ ਟਰੇਨਿੰਗ ਦੇਣ ਲਈ ਢੁੱਕਵੀਂ ਜਗ੍ਹਾ ਦਾ ਪ੍ਰਬੰਧ ਨਹੀਂ ਹੈ ਅਤੇ ਗੱਦਿਆਂ ਦੀ ਵੀ ਘਾਟ ਹੈ।ਜਿਸ ਕਰਕੇ ਵੱਧ ਤੋਂ ਵੱਧ ਨੌਜਵਾਨਾਂ ਨੂੰ ਗੱਦੇ ਦੀ ਕੁਸ਼ਤੀ ਲਈ ਤਿਆਰ ਕਰਨਾ ਮੁਸ਼ਕਲ ਹੋ ਰਿਹਾ ਹੈ। ਚੇਅਰਮੈਨ ਜੱਸਾ ਪੱਟੀ ਨੇ ਐਸੋਸੀਏਸ਼ਨ ਦੇ ਅਹੁਦੇਦਾਰਾਂ ਦੀਆਂ ਗੱਲਾਂ ਨੂੰ ਧਿਆਨ ਨਾਲ ਸੁਣਦਿਆਂ ਭਰੋਸਾ ਦਿੱਤਾ ਕਿ ਪੰਜਾਬ ਸਰਕਾਰ ਖੇਡਾਂ ਅਤੇ ਖਿਡਾਰੀਆਂ ਦੀ ਭਲਾਈ ਲਈ ਵਚਨਬੱਧ ਹੈ। ਉਨ੍ਹਾਂ ਕਿਹਾ ਕਿ ਜ਼ਿਲ੍ਹਾ ਕਪੂਰਥਲਾ ਦੇ ਪਹਿਲਵਾਨਾਂ ਨੂੰ ਦਰਪੇਸ਼ ਸਮੱਸਿਆਵਾਂ ਨੂੰ ਤਰਜੀਹ ਦੇ ਆਧਾਰ 'ਤੇ ਵਿਚਾਰਿਆ ਜਾਵੇਗਾ। ਇਸ ਮੌਕੇ ਦੋਵਾਂ ਧਿਰਾਂ ਵਿਚਕਾਰ ਪੰਜਾਬ ਵਿੱਚ ਕੁਸ਼ਤੀ ਖੇਡ ਨੂੰ ਹੋਰ ਪ੍ਰਫੁੱਲਤ ਕਰਨ ਅਤੇ ਪਿੰਡ ਪੱਧਰ 'ਤੇ ਨਵੀਂ ਪ੍ਰਤਿਭਾ ਨੂੰ ਉਤਸ਼ਾਹਿਤ ਕਰਨ ਸਬੰਧੀ ਵੀ ਵਿਸਥਾਰ ਨਾਲ ਵਿਚਾਰ-ਵਟਾਂਦਰਾ ਕੀਤਾ ਗਿਆ। ਐਸੋਸੀਏਸ਼ਨ ਦੇ ਜਨਰਲ ਸਕੱਤਰ ਗੀਤ ਪ੍ਰੀਤ ਪਾਲ ਸਿੰਘ ਨੇ ਚੇਅਰਮੈਨ ਜੱਸਾ ਪੱਟੀ ਦਾ ਧੰਨਵਾਦ ਕਰਦਿਆਂ ਆਸ ਪ੍ਰਗਟਾਈ ਕਿ ਪਹਿਲਵਾਨਾਂ ਦੀਆਂ ਮੁਸ਼ਕਿਲਾਂ ਦਾ ਚਲਦੀ ਢੁਕਵਾਂ ਹਲ ਹੋਵੇਗਾ।

ਅਸ਼ਮਿਤਾ ਖੇਲੋ ਇੰਡੀਆ ਵੂਮੈਨ ਲੀਗ ਤੇ ਵਿਸ਼ਾਲ ਸਾਈਕਲ ਰੈਲੀ ਕਰਵਾਈ

ਐੱਸ.ਏ.ਐਸ. ਨਗਰ (ਮੋਹਾਲੀ) (ਗੁਰਜੀਤ ਬਿੱਲਾ)- ਵਿਸ਼ਵ ਸਾਈਕਲ ਦਿਵਸ ਸਬੰਧੀ ਸਾਈਕਲਿੰਗ ਐਸੋਸੀਏਸ਼ਨ ਆਫ ਪੰਜਾਬ ਵੱਲੋਂ ਫੇਜ਼-07, ਮੋਹਾਲੀ ਵਿਖੇ ਅਸ਼ਮਿਤਾ ਖੇਲੋ ਇੰਡੀਆ ਵਿਮੈਨ ਲੀਗ ਅਤੇ ਵਿਸ਼ਾਲ ਸਾਈਕਲ ਰੈਲੀ ਬੜੇ ਉਤਸ਼ਾਹ ਅਤੇ ਜੋਸ਼ ਨਾਲ ਕਰਵਾਈ ਗਈ। ਇਸ ਸਮਾਗਮ ਦਾ ਮੁੱਖ ਉਦੇਸ਼ ਮਹਿਲਾਵਾਂ ਨੂੰ ਸਾਈਕਲਿੰਗ ਖੇਡ ਨਾਲ ਜੋੜਨਾ, ਉਨ੍ਹਾਂ ਵਿੱਚ ਖੇਡਾਂ ਪ੍ਰਤੀ ਰੁਚੀ ਪੈਦਾ ਕਰਨਾ ਅਤੇ ਸਿਹਤਮੰਦ ਜੀਵਨਸ਼ੈਲੀ ਨੂੰ ਉਤਸ਼ਾਹਿਤ ਕਰਨਾ ਸੀ।ਇਸ ਮੌਕੇ ਮਹਿਲਾ ਸਾਈਕਲ ਸਵਾਰਾਂ ਨੇ ਵੱਖ-ਵੱਖ ਉਮਰ ਵਰਗਾਂ ਵਿੱਚ ਭਾਗ ਲੈ ਕੇ ਆਪਣੀ ਕਾਬਲਿਅਤ, ਹੁਨਰ ਅਤੇ ਜਜ਼ਬੇ ਦਾ ਪ੍ਰਦਰਸ਼ਨ ਕੀਤਾ। ਮੁਕਾਬਲਿਆਂ ਦੇ ਨਤੀਜਿਆਂ ਅਨੁਸਾਰ ਸਬ ਜੂਨੀਅਰ ਵਰਗ ਵਿੱਚ ਅਰਸ਼ਿਤਾ ਨੇ ਪਹਿਲਾ ਅਤੇ ਪਰੀਨਾਜ਼ ਨੇ ਦੂਜਾ ਸਥਾਨ ਹਾਸਲ ਕੀਤਾ। ਜੂਨੀਅਰ ਵਰਗ ਵਿੱਚ ਪੂਨਿਆ ਨੇ ਪਹਿਲਾ ਅਤੇ ਸਮਾਇਰਾ ਨੇ ਦੂਜਾ ਸਥਾਨ ਪ੍ਰਾਪਤ ਕੀਤਾ। ਅਲੀਟ ਵਰਗ ਵਿੱਚ ਦੀਪ ਇੰਦਰ ਕੌਰ ਨੇ ਪਹਿਲਾ, ਨੇਮੀ ਨੇ ਦੂਜਾ ਅਤੇ ਹਰਪ੍ਰੀਤ ਕੌਰ ਕੰਗ ਨੇ ਤੀਜਾ ਸਥਾਨ ਹਾਸਲ ਕੀਤਾ।ਇਸ ਮੌਕੇ ਸਾਈਕਲਿੰਗ ਐਸੋਸੀਏਸ਼ਨ ਆਫ ਪੰਜਾਬ ਦੇ ਜਨਰਲ ਸਕੱਤਰ ਜਗਦੀਪ ਸਿੰਘ ਕਾਹਲੋਂ ਨੇ ਕਿਹਾ ਕਿ ਅਸ਼ਮਿਤਾ ਖੇਲੋ ਇੰਡੀਆ ਵਿਮੈਨ ਲੀਗ ਦਾ ਮੰਤਵ ਮਹਿਲਾਵਾਂ ਨੂੰ ਖੇਡਾਂ ਵਿੱਚ ਅੱਗੇ ਆਉਣ ਲਈ ਪ੍ਰੇਰਿਤ ਕਰਨਾ ਅਤੇ ਉਨ੍ਹਾਂ ਨੂੰ ਇੱਕ ਮਜ਼ਬੂਤ ਮੁਕਾਬਲਾਤੀ ਮੰਚ ਮੁਹੱਈਆ ਕਰਵਾਉਣਾ ਹੈ। ਉਨ੍ਹਾਂ ਕਿਹਾ ਕਿ ਸਾਈਕਲਿੰਗ ਨਾ ਸਿਰਫ ਇੱਕ ਖੇਡ ਹੈ, ਸਗੋਂ ਇਹ ਤੰਦਰੁਸਤ ਜੀਵਨ, ਵਾਤਾਵਰਨ ਸੰਭਾਲ ਅਤੇ ਟ੍ਰੈਫਿਕ ਪ੍ਰਬੰਧਨ ਲਈ ਵੀ ਬਹੁਤ ਮਹੱਤਵਪੂਰਨ ਹੈ।ਉਹਨਾਂ ਕਿਹਾ ਕਿ ਸਾਈਕਲਿੰਗ ਐਸੋਸੀਏਸ਼ਨ ਆਫ ਪੰਜਾਬ ਨੇ ਸਾਈਕਲਿੰਗ ਫੈਡਰੇਸ਼ਨ ਆਫ ਇੰਡੀਆ ਦੇ ਪ੍ਰਧਾਨ ਪੰਕਜ ਸਿੰਘ, ਚੇਅਰਮੈਨ ਓਂਕਾਰ ਸਿੰਘ, ਸਕੱਤਰ ਜਨਰਲ ਮਨਿੰਦਰਪਾਲ ਸਿੰਘ ਅਤੇ ਸਾਈਕਲਿੰਗ ਐਸੋਸੀਏਸ਼ਨ ਆਫ ਪੰਜਾਬ ਦੇ ਪ੍ਰਧਾਨ ਚਰਨਜੀਤ ਸਿੰਘ ਅਤੇ ਜਨਰਲ ਸਕੱਤਰ ਜਗਦੀਪ ਸਿੰਘ ਦਾ ਇਹ ਮਹੱਤਵਪੂਰਨ ਈਵੈਂਟ ਪੰਜਾਬ ਨੂੰ ਦੇਣ ਲਈ ਵਿਸ਼ੇਸ਼ ਧੰਨਵਾਦ ਕੀਤਾ।ਸਮਾਗਮ ਵਿੱਚ ਜੂਨੀਅਰ ਵਰਲਡ ਚੈਂਪੀਅਨ ਹਾਕੀ ਖਿਡਾਰੀ ਇੰਦਰਜੀਤ ਸਿੰਘ ਚੱਢਾ, ਮੈਡਮ ਜੋਤਇੰਦਰ ਕੌਰ ਕਮਾਂਡੈਂਟ ਸੀ ਆਈ ਐਸ ਐਫ, ਬ੍ਰਿਗੇਡੀਅਰ ਐਚ.ਐਸ. ਬੇਦੀ ਅਤੇ ਪਰਦੀਪ ਕੁਮਾਰ ਈ ਟੀ ਓ ਮੁੱਖ ਮਹਿਮਾਨ ਅਤੇ ਵਿਸ਼ੇਸ਼ ਮਹਿਮਾਨਾਂ ਵਜੋਂ ਸ਼ਾਮਲ ਹੋਏ। ਉਨ੍ਹਾਂ ਨੇ ਜੇਤੂ ਖਿਡਾਰੀਆਂ ਨੂੰ ਸਨਮਾਨਿਤ ਕਰਦਿਆਂ ਕਿਹਾ ਕਿ ਮਹਿਲਾਵਾਂ ਦਾ ਖੇਡਾਂ ਵਿੱਚ ਵਧਦਾ ਯੋਗਦਾਨ ਪੰਜਾਬ ਲਈ ਮਾਣ ਦੀ ਗੱਲ ਹੈ। ਇਸ ਮੌਕੇ ਜਸਵੀਰ ਸਿੰਘ ਵਾਈਸ ਪ੍ਰੈਜ਼ੀਡੈਂਟ, ਸੁਖਜਿੰਦਰ ਸਿੰਘ ਜੁਆਇੰਟ ਸਕੱਤਰ, ਮੈਡਮ ਦਮਨਪ੍ਰੀਤ ਕੌਰ ਚੇਅਰਮੈਨ ਈਵੈਂਟ ਮੈਨੇਜਮੈਂਟ ਕਮੇਟੀ, ਅਮਨਦੀਪ ਸਿੰਘ ਰੁਮਾਣਾ ਅਤੇ ਹੋਰ ਅਨੇਕ ਖੇਡ ਪ੍ਰੇਮੀ, ਕੋਚ ਅਤੇ ਖਿਡਾਰੀ ਵੀ ਸਮਾਗਮ ਵਿੱਚ ਮੌਜੂਦ ਰਹੇ।ਸਮਾਗਮ ਦੇ ਅੰਤ ਵਿੱਚ ਜੇਤੂ ਖਿਡਾਰੀਆਂ ਨੂੰ ਮੈਡਲ ਅਤੇ ਸਨਮਾਨ ਚਿੰਨ੍ਹ ਦੇ ਕੇ ਸਨਮਾਨਤ ਕੀਤਾ ਗਿਆ।

ਪੱਤਰਕਾਰ ਕੁਲਦੀਪ ਸਿੰਘ ਉਇੰਦ ਨੂੰ ਸਦਮਾ, ਪਿਤਾ ਦਾ ਦੇਹਾਂਤ

ਸ੍ਰੀ ਚਮਕੌਰ ਸਾਹਿਬ (ਗੁਰਵਿੰਦਰ ਸਿੰਘ ਬੋਬੀ)- ਪੱਤਰਕਾਰ ਕੁਲਦੀਪ ਸਿੰਘ ਉਇੰਦ ਦੇ ਪਿਤਾ ਸੂਬੇਦਾਰ ਗੁਰਮੀਤ ਸਿੰਘ ਉਇੰਦ ਦਾ ਦੇਹਾਂਤ ਹੋ ਗਿਆ। ਉਨ੍ਹਾਂ ਦੇ ਸਸਕਾਰ ਮੌਕੇ ਵੱਡੀ ਗਿਣਤੀ ਵਿੱਚ ਰਾਜਨੀਤਿਕ, ਧਾਰਮਿਕ ਅਤੇ ਸਮਾਜਿਕ ਆਗੂ ਪਹੁੰਚੇ। ਇਸ ਮੌਕੇ ਵਿਜੇ ਸ਼ਰਮਾ ਟਿੰਕੂ ਹਲਕਾ ਇੰਚਾਰਜ ਖਰੜ, ਕਮਲ ਕਿਸ਼ੋਰ ਕਾਲਾ ਪ੍ਰਧਾਨ ਜ਼ਿਲ੍ਹਾ ਕਾਂਗਰਸ ਕਮੇਟੀ ਮੋਹਾਲੀ, ਬਾਬਾ ਸੁਖਬੀਰ ਸਿੰਘ ਕੰਦੋਲਾ ਵਾਲੇ , ਅਮਨਦੀਪ ਸਿੰਘ ਮਾਂਗਟ ਸਾਬਕਾ ਪ੍ਰਧਾਨ ਨਗਰ ਕੌਂਸਲ ਸ੍ਰੀ ਚਮਕੌਰ ਸਾਹਿਬ, ਅਮਨਦੀਪ ਕੌਰ ਰਾਏ ਬੀ ਜੇ ਪੀ ਆਗੂ ਹਲਕਾ ਸ੍ਰੀ ਚਮਕੌਰ ਸਾਹਿਬ, ਜਤਿੰਦਰ ਗੁੰਬਰ ਬੀ ਜੇ ਪੀ ਆਗੂ, ਗੁਰਿੰਦਰ ਸਿੰਘ ਵੈਦਵਾਨ ਬਲਾਕ ਕਾਂਗਰਸ ਪ੍ਰਧਾਨ ਖਰੜ, ਮਦਨ ਸਿੰਘ ਮਾਣਕਪੁਰ ਸ਼ਰੀਫ ਬਲਾਕ ਕਾਂਗਰਸ ਪ੍ਰਧਾਨ ਮਾਜਰੀ, ਰਣਜੀਤ ਸਿੰਘ ਨਗਲੀਆਂ ਚੇਅਰਮੈਨ ਐਸ ਸੀ ਡਿਪਾਰਟਮੈਂਟ ਜ਼ਿਲ੍ਹਾ ਮੋਹਾਲੀ, ਬਾਬੂ ਸਿੰਘ ਖਰੜ, ਕੁਲਵਿੰਦਰ ਸਿੰਘ ਕਲਹੇੜੀ, ਗਗਨਦੀਪ ਸਿੰਘ ਤੋਲੇ ਮਾਜਰਾ, ਦਰਸ਼ਨ ਸਿੰਘ ਸੰਧੂ ਬਲਾਕ ਪ੍ਰਧਾਨ ਕਾਂਗਰਸ ਕਮੇਟੀ ਮੋਰਿੰਡਾ, ਜੋਗਿੰਦਰ ਸਿੰਘ ਬੰਗੀਆਂ ਸੀਨੀਅਰ ਅਕਾਲੀ ਆਗੂ, ਤਜਿੰਦਰ ਸਿੰਘ ਬਿੱਲੂ ਸਾਬਕਾ ਸਰਪੰਚ ਕਲਾਰਾ, ਪ੍ਰੋਫੈਸਰ ਰਵਿੰਦਰ ਸਿੰਘ ਰੱਬੀ, ਦੀਦਾਰ ਸਿੰਘ ਡਹਿਰ ਅਕਾਲੀ ਆਗੂ, ਧਰਮਪਾਲ ਥੰਮਣ ਸਿਟੀ ਕਾਂਗਰਸ ਪ੍ਰਧਾਨ ਮੋਰਿੰਡਾ, ਕਰਨੈਲ ਸਿੰਘ ਜੀਤ ਉਪ ਚੇਅਰਮੈਨ ਲੈਂਡ ਮਾਰਟਗੇਜ ਬੈਂਕ ਮੋਰਿੰਡਾ, ਸਾਹਿਤਕਾਰ ਸੁਰਿੰਦਰ ਸਿੰਘ ਰਸੂਲਪੁਰ, ਇੰਦਰਜੀਤ ਸਿੰਘ ਆਨੰਦ, ਸਤਿੰਦਰ ਸਿੰਘ ਭੰਗੂ, ਰਜੇਸ਼ ਕੁਮਾਰ ਐਮ ਸੀ ਮੋਰਿੰਡਾ, ਹਰਜਿੰਦਰ ਸਿੰਘ ਐਮ ਸੀ ਮੋਰਿੰਡਾ, ਰਕੇਸ਼ ਕੁਮਾਰ ਬੱਗਾ ਸਾਬਕਾ ਪ੍ਰਧਾਨ ਨਗਰ ਕੌਂਸਲ ਮੋਰਿੰਡਾ, ਪੱਤਰਕਾਰ ਸੰਜੀਵ ਕੁਮਾਰ ਬੱਬੀ, ਪੱਤਰਕਾਰ ਅਰਵਿੰਦਰ ਸਿੰਘ ਬੱਬੂ, ਪੱਤਰਕਾਰ ਅਮਰਜੀਤ ਸਿੰਘ ਕਲਸੀ, ਮੇਜਰ ਸਿੰਘ ਸਰਪੰਚ, ਪ੍ਰਿਤਪਾਲ ਸਿੰਘ ਬਲਾਕ ਸੰਮਤੀ ਮੈਂਬਰ, ਹੰਸਰਾਜ ਸਿੰਘ ਬੂਥਗੜ੍ਹ ਸਕੱਤਰ ਪੰਜਾਬ ਪ੍ਰਦੇਸ਼ ਕਾਂਗਰਸ, ਜ਼ਿਲ੍ਹਾ ਸਿੱਖਿਆ ਅਫਸਰ ਰੋਪੜ ਅਤੇ ਸਮੂਹ ਸਟਾਫ, ਹਰਦੀਪ ਸਿੰਘ ਖਾਬੜਾ, ਬਲਜਿੰਦਰ ਸਿੰਘ ਧਨੌਰੀ, ਅੰਮ੍ਰਿਤਪਾਲ ਸਿੰਘ ਬਾਠ, ਅਮਨ ਸ਼ਰਮਾ ਝੰਝੇੜੀ ਆਦਿ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਨਗਰ ਨਿਵਾਸੀ ਅਤੇ ਇਲਾਕਾ ਨਿਵਾਸੀ ਹਾਜ਼ਰ ਸਨ। ਅੰਤ ਵਿੱਚ ਉਪਰੋਕਤ ਆਗੂਆਂ ਦਾ ਆਪਣੇ ਪਿਤਾ ਦੇ ਸਸਕਾਰ ਮੌਕੇ ਪਹੁੰਚਣ 'ਤੇ ਉਹਨਾਂ ਦੇ ਬੇਟਿਆਂ ਹਰਜਿੰਦਰ ਸਿੰਘ, ਕੁਲਦੀਪ ਸਿੰਘ, ਸੁਰਜੀਤ ਸਿੰਘ ਅਤੇ ਸਤਨਾਮ ਸਿੰਘ ਨੇ ਧੰਨਵਾਦ ਕੀਤਾ। ਸੂਬੇਦਾਰ ਗੁਰਮੀਤ ਸਿੰਘ ਉਇੰਦ ਦੀ ਅੰਤਿਮ ਅਰਦਾਸ 22 ਜੂਨ 12 ਤੋਂ 1 ਵਜੇ ਤੱਕ ਗੁਰਦੁਆਰਾ ਸਾਹਿਬ ਵਿਖੇ ਹੋਵੇਗੀ।

ਸੜਕ ਹਾਦਸੇ 'ਚ ਪਤੀ-ਪਤਨੀ ਜ਼ਖਮੀ

ਬਲਾਚੌਰ (ਜਸਵਿੰਦਰ ਬੈਂਸ) ਇੱਕ ਤੇਜ਼ ਰਫ਼ਤਾਰ ਕਾਰ ਦੇ ਬੇਕਾਬੂ ਹੋ ਕੇ ਪਲਟਣ ਕਾਰਨ ਸੜਕ ਹਾਦਸੇ 'ਚ ਪਤੀ-ਪਤਨੀ ਗੰਭੀਰ ਰੂਪ 'ਚ ਜ਼ਖਮੀ ਹੋ ਗਏ ਹਨ। ਇੱਕ ਹੌਂਡਾ ਆਈ-10 ਕਾਰ, ਜਿਸਨੂੰ ਵਿਸ਼ ਨੂੰ ਵਾਸੀ ਅੰਮ੍ਰਿਤਸਰ ਚਲਾ ਰਿਹਾ ਸੀ ਅਤੇ ਉਸ ਦੀ ਪਤਨੀ ਮੋਨਿਕਾ ਵੀ ਉਸਦੇ ਨਾਲ ਸਵਾਰ ਸੀ, ਜਦੋਂ ਪੁੱਲ ਦੇ ਨੇੜੇ ਪਹੁੰਚੀ ਤਾਂ ਅਚਾਨਕ ਸੰਤੁਲਨ ਵਿਗੜਨ ਕਾਰਨ ਬੇਕਾਬੂ ਹੋ ਕੇ ਪੁੱਲ ਦੇ ਉੱਪਰ ਹੀ ਪਲਟ ਗਈ।ਹਾਦਸਾ ਇੰਨਾ ਭਿਆਨਕ ਸੀ ਕਿ ਕਾਰ ਸਵਾਰ ਦੋਵੇਂ ਪਤੀ-ਪਤਨੀ ਨੂੰ ਕਾਫੀ ਸੱਟਾਂ ਲੱਗੀਆਂ।ਪੁਲਸ ਮੁਲਾਜ਼ਮਾਂ ਨੇ ਤੁਰੰਤ ਮੁਸਤੈਦੀ ਦਿਖਾਉਂਦੇ ਹੋਏ ਜ਼ਖਮੀਆਂ ਨੂੰ ਆਪਣੀ ਸਰਕਾਰੀ ਗੱਡੀ ਵਿੱਚ ਬਿਠਾ ਕੇ ਇਲਾਜ ਲਈ ਸਿਵਲ ਹਸਪਤਾਲ ਰੋਪੜ ਪਹੁੰਚਾਇਆ।

ਰਨਦੀਪ ਕੌਰ ਇਸਤਰੀ ਅਕਾਲੀ ਦਲ ਹਲਕਾ ਚਮਕੌਰ ਸਾਹਿਬ ਦੀ ਪ੍ਰਧਾਨ ਨਿਯੁਕਤ

ਮੋਰਿੰਡਾ (ਨਿਹਾਲ ਸਿੰਘ ਕਲਸੀ) ਸ਼੍ਰੋਮਣੀ ਅਕਾਲੀ ਦਲ ਵੱਲੋਂ ਰਨਦੀਪ ਕੌਰ ਬਹਿਰਾਮਪੁਰ ਜਿੰਮੀਦਾਰਾਂ ਨੂੰ ਇਸਤਰੀ ਅਕਾਲੀ ਦਲ ਹਲਕਾ ਸ੍ਰੀ ਚਮਕੌਰ ਸਾਹਿਬ ਦੇ ਪ੍ਰਧਾਨ ਨਿਯੁਕਤ ਕਰਨ 'ਤੇ ਸ਼੍ਰੋਮਣੀ ਅਕਾਲੀ ਦਲ ਦੇ ਆਗੂ ਹਰਮੋਹਣ ਸਿੰਘ ਸੰਧੂ ਇੰਚਾਰਜ ਸ਼੍ਰੋਮਣੀ ਅਕਾਲੀ ਦਲ ਹਲਕਾ ਸ੍ਰੀ ਚਮਕੌਰ ਸਾਹਿਬ, ਜਥੇਦਾਰ ਅਜਮੇਰ ਸਿੰਘ ਖੇੜਾ ਮੈਂਬਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ, ਕੌਂਸਲਰ ਜਗਪਾਲ ਸਿੰਘ ਜੌਲੀ, ਕੌਂਸਲਰ ਰਾਜਿੰਦਰ ਕੌਰ, ਸਰਪੰਚ ਦਵਿੰਦਰ ਸਿੰਘ ਮੜੌਲ, ਸਾਬਕਾ ਸਰਪੰਚ ਸੁਰਜੀਤ ਸਿੰਘ ਤਾਜਪੁਰ, ਸਾਬਕਾ ਚੇਅਰਮੈਨ ਹਰਮਿੰਦਰ ਸਿੰਘ ਡਿੰਪੀ, ਜਸਵੀਰ ਸਿੰਘ ਜੱਸੀ ਕਾਈਨੌਰ, ਅਰਵਿੰਦਰ ਸਿੰਘ ਰੰਗੀ ਸਾਬਕਾ ਚੇਅਰਮੈਨ ਸ਼ੂਗਰ ਮਿੱਲ ਮੋਰਿੰਡਾ, ਨੰਬਰਦਾਰ ਜਗਵਿੰਦਰ ਸਿੰਘ ਪੰਮੀ, ਜੁਗਰਾਜ ਸਿੰਘ ਮਾਨਖੇੜੀ, ਹਰਚੰਦ ਸਿੰਘ ਡੂਮਛੇੜੀ, ਹਰਪ੍ਰੀਤ ਸਿੰਘ ਸੰਗਤਪੁਰਾ, ਮਨਦੀਪ ਸਿੰਘ ਰੌਣੀ, ਛਤਰਜੀਤ ਸਿੰਘ ਵੜੈਚ, ਬਲਦੇਵ ਸਿੰਘ ਚੱਕਲ ਅਤੇ ਬਲਜੀਤ ਸਿੰਘ ਅਰਨੌਲੀ ਨੇ ਇਸ ਨਿਯੁਕਤੀ ਬਦਲੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਅਤੇ ਇਸਤਰੀ ਅਕਾਲੀ ਦਲ ਪੰਜਾਬ ਦੇ ਪ੍ਰਧਾਨ ਹਰਗੋਬਿੰਦ ਕੌਰ ਦਾ ਧੰਨਵਾਦ ਕਰਦਿਆਂ ਆਖਿਆ ਕਿ ਰਨਦੀਪ ਕੌਰ ਦੀ ਅਗਵਾਈ ਹੇਠ ਇਸਤਰੀ ਅਕਾਲੀ ਦਲ ਹੋਰ ਮਜ਼ਬੂਤ ਹੋਵੇਗਾ।

ਐੱਸ ਐੱਸ ਪੀ ਨੇ ਅਚਨਚੇਤ ਕੀਤੀ ਨਾਕਿਆਂ ਦੀ ਚੈਕਿੰਗ

ਕਪੂਰਥਲਾ (ਮਨਜੀਤ ਮਾਨ)- ਪੰਜਾਬ ਸਰਕਾਰ ਵੱਲੋਂ ਪੰਜਾਬ ਭਰ ਵਿੱਚ ਲਾਅ ਐਂਡ ਆਰਡਰ ਨੂੰ ਠੀਕ ਰੱਖਣ ਲਈ ਜ਼ਿਲ੍ਹਾ ਕਪੂਰਥਲਾ ਦੇ ਐਸ ਐਸ ਪੀ ਗੌਰਵ ਤੂਰਾ ਵੱਲੋਂ ਕਪੂਰਥਲਾ ਦੇ ਵੱਖ-ਵੱਖ ਇਲਾਕਿਆਂ ਅਤੇ ਕਸਬਿਆਂ ਵਿੱਚ ਅਚਨਚੇਤ ਚੈਕਿੰਗ ਕੀਤੀ ਗਈ। ਇਸ ਮੌਕੇ ਮੀਡੀਆ ਨੂੰ ਜਾਣਕਾਰੀ ਦਿੰਦਿਆਂ ਗੌਰਵ ਤੂਰਾ ਨੇ ਦੱਸਿਆ ਕਿ ਜ਼ਿਲ੍ਹਾ ਭਰ ਵਿੱਚ ਕਸਬੇ ਅਤੇ ਪਿੰਡਾਂ ਵਿੱਚ ਵਿੱਚ ਇਹ ਮੁਹਿੰਮ ਚਲਾਈ ਜਾ ਰਹੀ ਹੈ। ਇਹ ਇੱਕ ਰੂਟੀਨ ਚੈਕਿੰਗ ਹੈ। ਇਸ ਦੌਰਾਨ ਜਿਨ੍ਹ ਲੋਕਾਂ ਦੇ ਵਾਹਨਾਂ ਦੇ ਕਾਗਜ਼ ਨਹੀਂ ਹਨ ਉਹਨਾਂ ਵਾਹਨਾਂ ਨੂੰ ਨੂੰ ਜ਼ਬਤ ਵੀ ਕੀਤਾ ਗਿਆ ਅਤੇ ਸ਼ੱਕੀ ਵਾਹਨਾਂ ਦੀ ਪੁੱਛ ਪੜਤਾਲ ਵੀ ਕੀਤੀ ਗਈ। ਇਸ ਮੌਕੇ ਗੌਰਵ ਤੂਰਾ ਨੇ ਆਮ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਪੁਲਸ ਦਾ ਸਾਥ ਦੇਣ ਤਾਂ ਜੋ ਜ਼ਿਲ੍ਹੇ ਵਿੱਚ ਵਧ ਰਹੇ ਕ੍ਰਾਈਮ ਨੂੰ ਨੱਥ ਪਾ ਸਕਣ। ਉਨ੍ਹਾਂ ਨੇ ਕਿਹਾ ਕਿ ਜੇ ਕਿਸੇ ਵਿਅਕਤੀ ਉੱਤੇ ਸ਼ੱਕ ਹੁੰਦਾ ਹੈ ਤਾਂ ਉਸ ਦੀ ਜਾਣਕਾਰੀ ਨਜ਼ਦੀਕੀ ਥਾਣੇ ਜਾ ਕਿਸੇ ਪੁਲਸ ਅਫਸਰ ਨੂੰ ਦਿੱਤੀ ਜਾਵੇ। ਪੁਲਸ ਵੱਲੋਂ ਆਮ ਲੋਕਾਂ ਦਾ ਪੂਰਾ ਧਿਆਨ ਰੱਖਿਆ ਜਾਵੇਗਾ। ਇਸ ਮੌਕੇ ਉਹਨਾਂ ਨਾਲ ਜ਼ਿਲ੍ਹਾ ਕਪੂਰਥਲਾ ਦੇ ਅਧਿਕਾਰੀ ਵੀ ਮੌਜੂਦ ਸਨ।

ਕੇਂਦਰ ਦੀ ਭਾਜਪਾ ਸਰਕਾਰ ਤੇ ਪੰਜਾਬ ਸਰਕਾਰ ਵਿਰੁੱਧ ਪੁਤਲਾ ਫੂਕ ਮੁਜ਼ਾਹਰਾ

ਫਿਲੌਰ (ਹਰਜਿੰਦਰ ਕੌਰ ਚਾਹਲ, ਨਿਰਮਲ)- ਸ਼ਹੀਦ ਭਗਤ ਸਿੰਘ ਨੌਜਵਾਨ ਸਭਾ, ਇਨਕਲਾਬੀ ਨੌਜਵਾਨ ਸਭਾ (ਆਈਸਾ) ਅਤੇ ਪੰਜਾਬ ਸਟੂਡੈਂਟਸ ਫੈਡਰੇਸ਼ਨ (ਪੀ ਐੱਸ ਐੱਫ) ਦੇ ਸਾਂਝੇ ਸੱਦੇ 'ਤੇ ਇਥੇ ਨੌਜਵਾਨਾਂ ਅਤੇ ਵਿਦਿਆਰਥੀਆਂ ਵੱਲੋਂ ਨੀਟ ਦੇ ਪੇਪਰ ਲੀਕ ਅਤੇ ਪਟਿਆਲਾ ਵਿਖੇ ਕੱਚੇ ਮੁਲਾਜ਼ਮਾਂ 'ਤੇ ਕੀਤੇ ਲਾਠੀਚਾਰਜ ਦੇ ਵਿਰੁੱਧ ਕੇਂਦਰ ਦੀ ਬੀ ਜੇ ਪੀ ਸਰਕਾਰ ਅਤੇ ਪੰਜਾਬ ਸਰਕਾਰ ਦਾ ਪੁਤਲਾ ਫੂਕ ਮੁਜ਼ਾਹਰਾ ਕੀਤਾ। ਇਸ ਦੀ ਅਗਵਾਈ ਸਭਾ ਦੇ ਤਹਿਸੀਲ ਪ੍ਰਧਾਨ ਮੱਖਣ ਸੰਗਰਾਮੀ ਅਤੇ ਬਲਦੇਵ ਸਾਹਨੀ ਨੇ ਕੀਤੀ। ਇਸ ਮੌਕੇ ਸ਼ਹੀਦ ਭਗਤ ਸਿੰਘ ਨੌਜਵਾਨ ਸਭਾ ਦੇ ਸੂਬਾ ਵਿੱਤ ਸਕੱਤਰ ਐਡਵੋਕੇਟ ਅਜੈ ਫਿਲੌਰ ਨੇ ਸੰਬੋਧਨ ਕਰਦਿਆਂ ਕਿਹਾ ਕਿ ਕੇਂਦਰ ਸਰਕਾਰ ਨੇ ਨੀਟ ਦਾ ਪੇਪਰ ਲੀਕ ਕਰਕੇ ਦੇਸ਼ ਦੀ ਜਵਾਨੀ ਦੇ ਭਵਿੱਖ ਨਾਲ ਖਿਲਵਾੜ ਕੀਤਾ ਹੈ। ਜਿਸ ਕਾਰਨ ਕਈ ਵਿਦਿਆਰਥੀਆਂ ਨੇ ਆਤਮ ਹੱਤਿਆ ਵੀ ਕੀਤੀ ਹੈ। ਇਸ ਨਾਲ ਭਾਜਪਾ ਸਰਕਾਰ ਦੀ ਸਿੱਖਿਆ ਅਤੇ ਪ੍ਰੀਖਿਆ ਪ੍ਰਣਾਲੀ ਨੂੰ ਕਮਜ਼ੋਰ ਕਰਨ ਦੀ ਸਾਜ਼ਿਸ਼ ਸਾਹਮਣੇ ਆ ਜਾਂਦੀ ਹੈ। ਅਜੈ ਫਿਲੌਰ ਨੇ ਕਿਹਾ ਕਿ ਕੁਝ ਕੁ ਗਿਣਤੀ ਦੇ ਕਾਰਪੋਰੇਟ ਘਰਾਣਿਆਂ ਨੂੰ ਮੁਨਾਫ਼ੇ ਪਹੁੰਚਾਉਣ ਦੀ ਨੀਤੀ ਕਾਰਨ ਅੱਜ ਦੇਸ਼ ਦੀ ਸਿੱਖਿਆ ਪ੍ਰਣਾਲੀ ਦਾ ਘਾਣ ਕੀਤਾ ਜਾ

ਰਿਹਾ ਹੈ ਜਿਸ ਨਾਲ ਦੇਸ਼ ਦੇ ਕਰੋੜਾਂ ਨੌਜਵਾਨ, ਵਿਦਿਆਰਥੀਆਂ ਦੀਆਂ ਆਸਾਂ ਨਾਲ ਜੁੜੀ ਇਸ ਪ੍ਰੀਖਿਆ ਵਿੱਚ ਗੰਭੀਰ ਗੜਬੜੀਆਂ ਲਈ ਯੂਨੀਅਨ ਸਿੱਖਿਆ ਮੰਤਰੀ ਧਰਮੇਂਦਰ ਪ੍ਰਧਾਨ ਦੀ ਨਾਕਾਮੀ ਸਪੱਸ਼ਟ ਨਜ਼ਰ ਆ ਰਹੀ ਹੈ। ਅਜੈ ਨੇ ਕਿਹਾ ਕਿ ਪਿਛਲੇ ਵਿਵਾਦਾਂ ਨਾਲ ਜੁੜੀਆ ਕੰਪਨੀਆਂ ਨੂੰ ਪ੍ਰੀਖਿਆ ਪ੍ਰਬੰਧ ਦੇ ਠੇਕੇ ਦਿੱਤੇ ਗਏ ਹਨ। ਸਭਾ ਦੇ ਆਗੂਆਂ ਨੇ ਚਿਤਾਵਨੀ ਦਿੰਦਿਆ ਕਿਹਾ ਕਿ ਯੂਨੀਅਨ ਸਿੱਖਿਆ ਮੰਤਰੀ ਧਰਮੇਂਦਰ ਪ੍ਰਧਾਨ ਤੁਰੰਤ ਅਸਤੀਫਾ ਦੇਵੇ ਨਹੀਂ ਤਾਂ ਆਉਣ ਵਾਲੇ ਸਮੇਂ ਵਿੱਚ ਹੋਰ ਤਿੱਖਾ ਸੰਘਰਸ਼ ਕੀਤਾ ਜਾਵੇਗਾ।ਸਭਾ ਦੇ ਤਹਿਸੀਲ ਸਕੱਤਰ ਸੁਨੀਲ ਭੈਣੀ ਨੇ ਕਿਹਾ ਕਿ ਪਟਿਆਲਾ ਵਿਚ ਬਿਜਲੀ ਵਿਭਾਗ ਦੇ ਕੱਚੇ ਮੁਲਾਜ਼ਮਾਂ ਉਪਰ ਕੀਤੇ ਲਾਠੀਚਾਰਜ ਦੀ ਸਖ਼ਤ ਸ਼ਬਦਾਂ ਵਿੱਚ ਨਿਖੇਧੀ ਕੀਤੀ ਅਤੇ ਪੰਜਾਬ ਸਰਕਾਰ ਅਤੇ ਕੇਂਦਰ ਸਰਕਾਰ ਖ਼ਿਲਾਫ਼ ਨਾਅਰੇਬਾਜ਼ੀ ਕੀਤੀ ਅਤੇ ਪੰਜਾਬ ਸਰਕਾਰ ਤੋਂ ਮੰਗ ਕੀਤੀ ਕਿ ਸਾਰੇ ਅਦਾਰਿਆਂ ਦੇ ਕੱਚੇ ਕਰਮਚਾਰੀਆਂ ਨੂੰ ਪੱਕੇ ਕੀਤਾ ਜਾਵੇ ਅਤੇ ਖਾਲੀ ਪਈਆਂ ਸਰਕਾਰੀ ਆਸਾਮੀਆਂ ਨੂੰ ਤੁਰੰਤ ਭਰਿਆ ਜਾਵੇ ਅਤੇ ਪੁਲਸ ਸਿਆਸੀ ਗਠਜੋੜ ਨੂੰ ਨੱਥ ਪਾਈ ਜਾਵੇ। ਕਾਮਿਆਂ ਉਪਰ ਕੀਤੇ ਪਰਚੇ ਬਿਨਾਂ ਸ਼ਰਤ ਰੱਦ ਕੀਤੇ ਜਾਣ ਅਤੇ ਇਸ ਸਬੰਧੀ ਦੋਸ਼ੀ ਪੁਲਸ ਮੁਲਾਜ਼ਮਾਂ ਉਪਰ ਸਖ਼ਤ ਕਾਰਵਾਈ ਕੀਤੀ ਜਾਵੇ।ਇਸ ਮੌਕੇ ਪਾਰਸ ਚਾਵਲਾ, ਗੈਰੀ ਗਿੱਲ, ਸਾਬੀ ਫਿਲੌਰ, ਤਲਵਿੰਦਰ ਸਿੰਘ, ਤਰਜਿੰਦਰ ਧਾਲੀਵਾਲ, ਸੋਨੂੰ ਢੇਸੀ, ਸਚਿਨ, ਰਾਜ ਕਵੀ, ਗਗਨਦੀਪ ਗੱਗਾ, ਮਨੀ ਬਾਰਦੀ, ਗੋਗੀ ਬੇਗਮਪੁਰ, ਅਮਨ ਬਿਰਦੀ, ਜੱਸਾ ਫਿਲੌਰ, ਗਿੱਲ, ਹਨੀ ਅਟਵਾਲ ਆਦਿ ਵੀ ਹਾਜ਼ਰ ਸਨ।

ਵਿਸ਼ਵ ਪੰਜਾਬੀ ਪ੍ਰਚਾਰ ਸਭਾ ਵੱਲੋਂ ਮਾਂ ਬੋਲੀ ਪੰਜਾਬੀ ਕਮਿਸ਼ਨ ਦੀ ਸਥਾਪਨਾ ਦੀ ਮੰਗ

ਚੰਡੀਗੜ੍ਹ (ਸੁਰਜੀਤ ਸੁਮਨ)- ਵਿਸ਼ਵ ਪੰਜਾਬੀ ਪ੍ਰਚਾਰ ਸਭਾ ਚੰਡੀਗੜ੍ਹ ਦੇ ਸੈਕਟਰ-42 (ਬਡਹੇੜੀ) ਸਥਿਤ ਦਫਤਰ ਵਿਖੇ ਸਭਾ ਦੇ ਪ੍ਰਧਾਨ ਪ੍ਰਿੰ. ਬਹਾਦਰ ਸਿੰਘ ਗੋਸਲ ਦੀ ਪ੍ਰਧਾਨਗੀ ਹੇਠ ਹੋਈ ਮੀਟਿੰਗ ਵਿੱਚ ਸਭਾ ਦੇ ਮੈਂਬਰਾਂ, ਬੁੱਧੀਜੀਵੀਆਂ ਅਤੇ ਪੰਜਾਬੀ ਪ੍ਰੇਮੀਆਂ ਨੇ ਭਾਗ ਲਿਆ, ਜਿਨ੍ਹਾਂ ਵਿੱਚ ਸਭਾ ਦੇ ਸੀਨੀਅਰ ਮੀਤ ਪ੍ਰਧਾਨ ਜਗਤਾਰ ਸਿੰਘ ਜੋਗ, ਮੁੱਖ ਸਲਾਹਕਾਰ ਰਾਜਕੁਮਾਰ ਸਾਹੋਵਾਲੀਆ ਸਾਬਕਾ ਡਿਪਟੀ ਸਕੱਤਰ ਪੰਜਾਬ ਸਰਕਾਰ, ਸਲਾਹਕਾਰ ਬਲਵਿੰਦਰ ਸਿੰਘ ਅਤੇ ਪ੍ਰਭਦੀਪ ਸਿੰਘ ਆਦਿ ਸ਼ਾਮਲ ਸਨ। ਮੀਟਿੰਗ ਵਿੱਚ ਸਰਬਸੰਮਤੀ ਨਾਲ ਇੱਕ ਅਹਿਮ ਮਤਾ ਪਾਸ ਕਰਕੇ ਪੰਜਾਬ ਸਰਕਾਰ ਤੋਂ ਮੰਗ ਕੀਤੀ ਗਈ ਕਿ ਪੰਜਾਬੀ ਮਾਂ ਬੋਲੀ ਨੂੰ ਸਹੀ ਅਰਥਾਂ ਵਿੱਚ ਲਾਗੂ ਕਰਨ ਅਤੇ ਸਨਮਾਨ ਦੇਣ ਲਈ ਮਾਂ-ਬੋਲੀ ਪੰਜਾਬੀ ਕਮਿਸ਼ਨ ਦੀ ਸਥਾਪਨਾ ਕੀਤੀ ਜਾਵੇ, ਜਿਸ ਦੀ ਕਾਰਜਵਿਧੀ ਮੌਜੂਦਾ ਅਨੁਸੂਚਿਤ ਜਾਤੀਆਂ ਕਮਿਸ਼ਨ ਅਤੇ ਮਹਿਲਾ ਕਮਿਸ਼ਨ ਦੀ ਤਰਜ਼ 'ਤੇ ਹੋਵੇ। ਸਭਾ ਦੇ ਪ੍ਰਧਾਨ ਪ੍ਰਿੰ. ਬਹਾਦਰ ਸਿੰਘ ਗੋਸਲ ਨੇ ਕਿਹਾ ਕਿ ਪੰਜਾਬ ਵਿੱਚ ਪੰਜਾਬੀ ਲਾਗੂ ਕਰਨ

ਸਮੇਂ ਕਿਸੇ ਵੀ ਤਰ੍ਹਾਂ ਦੀ ਢਿੱਲ-ਮੱਠ ਨਾ ਵਰਤੀ ਜਾਵੇ ਅਤੇ ਪੰਜਾਬੀ ਨੂੰ ਪੂਰਨ ਰੂਪ ਵਿੱਚ ਲਾਗੂ ਕਰਨ ਲਈ ਇਸ ਕਮਿਸ਼ਨ ਦੀ ਸਥਾਪਨਾ ਸਮੇਂ ਦੀ ਮੁੱਖ ਲੋੜ ਹੈ। ਉਨ੍ਹਾਂ ਇਸ ਮੰਗ ਨੂੰ ਜਲਦੀ ਪੂਰਾ ਕਰਨ 'ਤੇ ਜ਼ੋਰ ਦਿੱਤਾ। ਉਨ੍ਹਾਂ ਕਿਹਾ ਕਿ ਇਸ ਸਬੰਧ ਵਿਚ ਸਭਾ ਦਾ ਇਕ ਵਫ਼ਦ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੂੰ ਇਸ ਕਮਿਸ਼ਨ ਦੀ ਸਥਾਪਨਾ ਲਈ ਮਿਲ਼ੇਗਾ। ਇਸ ਮੌਕੇ ਰਾਜ ਕੁਮਾਰ ਸਾਹੋਵਾਲੀਆ ਅਤੇ ਜਗਤਾਰ ਸਿੰਘ ਜੋਗ ਨੇ ਕਿਹਾ ਕਿ ਪੰਜਾਬ ਸਰਕਾਰ ਨੂੰ ਸਭਾ ਦੀ ਇਹ ਮੰਗ ਮੰਨ ਕੇ ਪੰਜਾਬੀ ਮਾਂ ਬੋਲੀ ਨੂੰ ਬਣਦਾ ਸਤਿਕਾਰ ਅਤੇ ਸਨਮਾਨ ਦੇਣਾ ਚਾਹੀਦਾ ਹੈ।

ਮਹਾਂਸਤੀ ਦਾਦੀ ਰਾਣੀ ਦੀ ਯਾਦ 'ਚ ਮੁੱਗੋਵਾਲ 'ਚ ਸਾਲਾਨਾ ਮੇਲਾ ਸ਼ੁਰੂ

ਜੇਜੋਂ ਦੋਆਬਾ (ਨਿਰਮਲ ਸਿੰਘ ਮੁੱਗੋਵਾਲ)- ਸੰਘਾ ਗੋਤ ਨਾਲ ਸੰਬੰਧਤ ਬਾਵਾ ਦੇਵੀ ਦਿਆਲ ਉਰਫ ਨਾਂਗਾ ਬਾਵਾ ਅਤੇ ਬਾਬਾ ਗਿਆਨਪੁਰੀ ਨੂੰ ਸਮਰਪਤ ਚਾਰ ਦਿਨ ਚੱਲਣ ਵਾਲਾ ਸਲਾਨਾ ਮੇਲਾ ਮਹਾਂਸਤੀ ਦਾਦੀ ਰਾਣੀ ਦੇ ਦਰਬਾਰ ਪਿੰਡ ਮੁੱਗੋਵਾਲ ਵਿਖੇ ਸ਼ੁਰੂ ਹੋਇਆ। ਪ੍ਰਬੰਧਕ ਕਮੇਟੀ ਵੱਲੋਂ ਸਮੂਹ ਨਗਰ ਨਿਵਾਸੀਆਂ, ਪਿੰਡ ਦੇ ਐਨ.ਆਰ.ਆਈਜ਼ ਅਤੇ ਇਲਾਕਾ ਨਿਵਾਸੀ ਸੰਗਤਾਂ ਦੇ ਸਹਿਯੋਗ ਨਾਲ ਸਭ ਤੋਂ ਪਹਿਲਾਂ ਅੱਜ ਸ੍ਰੀ ਅਖੰਡ ਪਾਠ ਸਾਹਿਬ ਅਤੇ ਸ੍ਰੀ ਰਮਾਇਣ ਦੇ ਪਾਠ ਆਰੰਭ ਕੀਤੇ ਗਏ। ਇਸ ਮੌਕੇ ਪਿੰਡ ਦੇ ਸਰਪੰਚ ਭੁਪਿੰਦਰ ਸਿੰਘ ਸੰਘਾ, ਪ੍ਰਧਾਨ ਬਲਵੀਰ ਸਿੰਘ ਸੰਘਾ, ਸਾਬਕਾ ਸਰਪੰਚ ਸੁਖਵਿੰਦਰ ਸਿੰਘ, ਜੋਗਾ ਸਿੰਘ, ਰਘਵੀਰ ਸਿੰਘ, ਜਸਵੀਰ ਸਿੰਘ ਸੰਘਾ, ਹਰਦੀਪ ਸਿੰਘ, ਜਸਵੀਰ ਸਿੰਘ, ਦਰਸ਼ਨ ਸਿੰਘ, ਮਾਸਟਰ ਸੁਰਿੰਦਰ ਸ਼ੈਂਕੀ, ਬਲਰਾਮ ਚੋਪੜਾ ਸਮੇਤ ਪੰਚਾਇਤ ਮੈਂਬਰ, ਕਮੇਟੀ ਮੈਂਬਰ ਅਤੇ ਨਗਰ ਨਿਵਾਸੀ ਵੱਡੀ ਗਿਣਤੀ ਵਿੱਚ ਹਾਜ਼ਰ ਸਨ। ਹਲਟ ਦੌੜਾਂ ਵੀ ਕਰਵਾਈਆਂ ਗਈਆਂ। 14 ਜੂਨ ਨੂੰ ਸ੍ਰੀ ਅਖੰਡ ਪਾਠ ਦਾ ਭੋਗ ਪਵੇਗਾ । ਇਸ ਤੋਂ ਬਾਅਦ ਕਥਾ ਕੀਰਤਨ ਹੋਵੇਗਾ। ਅੱਜ ਮਹਾਂਸਤੀ ਮੰਦਰ ਦਾਦੀ ਰਾਣੀ ਵਿਖੇ ਯਾਮਨੀ ਗੋਮਰ ਵਰਕਿੰਗ ਚੇਅਰਮੈਨ ਐਸ.ਸੀ. ਡਿਪਾਰਟਮੈਂਟ ਪੰਜਾਬ ਕਾਂਗਰਸ, ਐਡਵੋਕੇਟ ਪੰਕਜ ਕਿਰਪਾਲ ਗੜ੍ਹਸ਼ੰਕਰ, ਜ਼ਿਲ੍ਹਾ ਪ੍ਰਧਾਨ ਚੌਧਰੀ ਬਲਵਿੰਦਰ ਬਿੱਟੂ, ਜਗਤਾਰ ਸਿੰਘ ਸਾਧੋਵਾਲ, ਪਰਮਜੀਤ ਸਿੰਘ, ਪੂਜਾ ਰਾਣੀ ਅਤੇ ਹੋਰ ਮੋਹਤਬਰ ਵਿਅਕਤੀ ਹਾਜ਼ਰ ਹੋਏ। ਮੰਦਰ ਵਿਖੇ ਮਾਤਾ ਜੀ ਦਾ ਲੰਗਰ ਅਟੁੱਟ ਚੱਲ ਰਿਹਾ ਹੈ।

ਫਿਲੌਰ ਨੂੰ ਨਸ਼ਾ ਮੁਕਤ ਬਣਾਉਣਾ ਮੇਰੀ ਤਰਜੀਹ : ਐੱਸ ਐੱਚ ਓ

ਫਿਲੌਰ (ਹਰਜਿੰਦਰ ਕੌਰ ਚਾਹਲ) ਚਾਰਜ ਸੰਭਾਲਣ ਤੋਂ ਬਾਅਦ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ, ਫਿਲੌਰ ਪੁਲਿਸ ਸਟੇਸ਼ਨ ਦੇ ਨਵ-ਨਿਯੁਕਤ ਐੱਸ ਐੱਚ ਓ ਬਲਵਿੰਦਰ ਸਿੰਘ ਨੇ ਕਿਹਾ ਕਿ ਇਲਾਕੇ ਵਿੱਚ ਕਾਨੂੰਨ ਵਿਵਸਥਾ ਨੂੰ ਮਜ਼ਬੂਤ ਕਰਨਾ, ਸ਼ਾਂਤੀ ਵਿਵਸਥਾ ਬਣਾਈ ਰੱਖਣਾ ਅਤੇ ਨਸ਼ਿਆਂ ਦੀ ਦੁਰਵਰਤੋਂ ਵਿਰੁੱਧ ਸਖ਼ਤ ਮੁਹਿੰਮ ਚਲਾਉਣਾ ਉਨ੍ਹਾਂ ਦੀਆਂ ਪ੍ਰਮੁੱਖ ਤਰਜੀਹਾਂ ਵਿੱਚੋਂ ਇੱਕ ਹੈ।ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਅਤੇ ਸੀਨੀਅਰ ਪੁਲਿਸ ਅਧਿਕਾਰੀਆਂ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ, ਉਹ ਫਿਲੌਰ ਖੇਤਰ ਨੂੰ ਅਪਰਾਧ ਅਤੇ ਨਸ਼ਾ ਮੁਕਤ ਬਣਾਉਣ ਲਈ ਪੂਰੀ ਇਮਾਨਦਾਰੀ ਅਤੇ ਵਚਨਬੱਧਤਾ ਨਾਲ ਕੰਮ ਕਰਨਗੇ। ਨਸ਼ਾ ਤਸਕਰਾਂ, ਸਮਾਜ ਵਿਰੋਧੀ ਤੱਤਾਂ ਅਤੇ ਕਾਨੂੰਨ ਤੋੜਨ

ਵਾਲਿਆਂ ਵਿਰੁੱਧ ਕੋਈ ਵੀ ਨਰਮੀ ਨਹੀਂ ਦਿਖਾਈ ਜਾਵੇਗੀ।ਐਸ ਐਚ ਓ ਬਲਵਿੰਦਰ ਸਿੰਘ ਨੇ ਕਿਹਾ ਕਿ ਪੁਲਿਸ ਜਨਤਾ ਦੀ ਸੁਰੱਖਿਆ ਅਤੇ ਸੇਵਾ ਲਈ ਹੈ, ਉਨ੍ਹਾਂ ਨੂੰ ਡਰਾਉਣ ਲਈ ਨਹੀਂ। ਉਨ੍ਹਾਂ ਜਨਤਾ ਨੂੰ ਅਪੀਲ ਕੀਤੀ ਕਿ ਉਹ ਬਿਨਾਂ ਕਿਸੇ ਝਿਜਕ ਦੇ ਕਿਸੇ ਵੀ ਸਮੱਸਿਆ ਜਾਂ ਸ਼ਿਕਾਇਤ ਲਈ ਸਿੱਧੇ ਤੌਰ 'ਤੇ ਉਨ੍ਹਾਂ ਨਾਲ ਸੰਪਰਕ ਕਰਨ। ਫਿਲੌਰ ਪੁਲਿਸ ਸਟੇਸ਼ਨ ਦੇ ਦਰਵਾਜ਼ੇ ਜਨਤਾ ਲਈ ਹਰ ਸਮੇਂ ਖੁੱਲ੍ਹੇ ਹਨ, ਅਤੇ ਸ਼ਿਕਾਇਤਾਂ ਦਾ ਹੱਲ ਪਹਿਲ ਦੇ ਆਧਾਰ 'ਤੇ ਕੀਤਾ ਜਾਵੇਗਾ।

ਭਾਜਪਾ ਦੀਆਂ ਨੀਤੀਆਂ ਨੂੰ ਘਰ-ਘਰ ਪਹੁੰਚਾਇਆ ਜਾਵੇਗਾ : ਖੁਰਾਣਾ

ਟਾਂਡਾ ਉੜਮੁੜ (ਮਿਥਲੇਸ਼ ਗਰਗ, ਜਸਵਿੰਦਰ ਸੰਧੂ)- ਭਾਰਤੀ ਜਨਤਾ ਪਾਰਟੀ ਮੰਡਲ ਟਾਂਡਾ ਦੀ ਇੱਕ ਵਿਸ਼ੇਸ਼ ਮੀਟਿੰਗ ਭਾਜਪਾ ਦੇ ਸੀਨੀਅਰ ਆਗੂ ਤੇ ਸਾਬਕਾ ਚੇਅਰਮੈਨ ਪਲੈਨਿੰਗ ਬੋਰਡ ਹੁਸ਼ਿਆਰਪੁਰ ਦੀ ਅਗਵਾਈ ਵਿੱਚ ਹੋਈ। ਮੀਟਿੰਗ ਦੌਰਾਨ ਭਾਜਪਾ ਵਰਕਰਾਂ ਨੇ ਪਾਰਟੀ ਦੀ ਮਜ਼ਬੂਤੀ ਸਬੰਧੀ ਵਿਚਾਰ ਵਟਾਂਦਰਾ ਕੀਤਾ। ਇਸ ਮੌਕੇ ਸਾਬਕਾ ਚੇਅਰਮੈਨ ਜਵਾਹਰ ਲਾਲ ਖੁਰਾਣਾ ਨੇ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਕੇਂਦਰ ਸਰਕਾਰ ਨੇ ਦੇਸ਼ ਵਿੱਚ ਲਗਾਤਾਰ 12 ਸਾਲ ਕਾਰਜਕਾਲ ਪੂਰਾ ਕੀਤਾ ਹੈ ਜੋ ਕਿ ਦੇਸ਼ ਲਈ ਇੱਕ ਇਤਿਹਾਸਕ ਮੌਕਾ ਹੈ। ਉਨ੍ਹਾਂ ਹੋਰ ਕਿਹਾ ਕਿ ਪ੍ਰਧਾਨ ਮੰਤਰੀ ਮੋਦੀ ਨੇ ਦੇਸ਼ ਨੂੰ ਹਰ ਪੱਖੋਂ ਮਜ਼ਬੂਤ ਕਰਕੇ ਵਿਸ਼ਵ ਪੱਧਰ 'ਤੇ ਭਾਰਤ ਦਾ ਝੰਡਾ ਬੁਲੰਦ ਕੀਤਾ ਹੈ। ਖੁਰਾਣਾ ਨੇ ਕਿਹਾ ਕਿ ਪ੍ਰਧਾਨ ਮੰਤਰੀ ਸ ਮੋਦੀ ਦੇਸ਼ ਦੇ ਅਜਿਹੇ ਪਹਿਲੇ ਪ੍ਰਧਾਨ ਮੰਤਰੀ ਹਨ ਜਿਨ੍ਹਾਂ ਦਾ ਕਾਰਜਕਾਲ ਬਹੁਤ ਵਧੀਆ ਰਿਹਾ ਹੈ।ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਦੀਆਂ ਸਾਰਥਕ ਨੀਤੀਆਂ ਅਤੇ ਸਕੀਮਾਂ ਨੂੰ ਘਰ ਘਰ ਪਹੁੰਚਾਉਣ ਲਈ ਇੱਕ ਵਿਸ਼ੇਸ਼ ਮੁਹਿੰਮ ਚਲਾਈ ਜਾਵੇਗੀ। ਇਸ ਮੀਟਿੰਗ ਦੌਰਾਨ ਹੋਰਨਾਂ ਤੋਂ ਇਲਾਵਾ ਵੀਨੂੰ ਪੰਡਿਤ, ਹਰਭਜਨ ਸੈਣੀ, ਵਿੱਕੀ ਮਦਾਨ, ਜੁਗਰਾਜ ਸਿੰਘ ਗੁਰੂ, ਦਰਸ਼ਨ ਲਾਲ, ਦੇਵ ਕੁਮਾਰ, ਬਲਜੀਤ ਸਿੰਘ, ਪ੍ਰੇਮ ਕੁਮਾਰ, ਹਰੀ ਦੇਵ ਸਿੰਘ, ਕੁੱਕੂ ਨਰਿੰਦਰ ਕੁਮਾਰ ਵੀ ਮੌਜੂਦ ਸਨ।

ਈਜ਼ੀ ਜਮ੍ਹਾਂਬੰਦੀ ਪੋਰਟਲ ਮਾਲ ਦਫ਼ਤਰਾਂ 'ਚ ਭ੍ਰਿਸ਼ਟਾਚਾਰ ਨੂੰ ਖ਼ਤਮ ਕਰਦਾ : ਸਪੀਕਰ

ਚੰਡੀਗੜ੍ਹ (ਗੁਰਜੀਤ ਬਿੱਲਾ)- ਪੰਜਾਬ ਵਿਧਾਨ ਸਭਾ ਦੇ ਸਪੀਕਰ ਕੁਲਤਾਰ ਸਿੰਘ ਸੰਧਵਾਂ ਨੇ ਸ਼ੁਕਰਵਾਰ ਨੂੰ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਪਹਿਲਾਂ ਹੀ ਇਤਿਹਾਸਕ 'ਈਜ਼ੀ ਰਜਿਸਟਰੀ' ਅਤੇ ਨੂੰਈਜ਼ੀ ਜਮ੍ਹਾਂਬੰਦੀ ਪੋਰਟਲ' ਸ਼ੁਰੂ ਕਰ ਦਿੱਤਾ ਗਿਆ ਹੈ ਤਾਂ ਜੋ ਨਾਗਰਿਕਾਂ ਤੱਕ ਨਿਰਵਿਘਨ ਸਿੱਧੇ ਤੌਰ 'ਤੇ ਜਨਤਕ ਸੇਵਾਵਾਂ ਦੀ ਸਪੁਰਦਗੀ ਕੀਤੀ ਜਾ ਸਕੇ ਅਤੇ ਸੂਬੇ ਦੀਆਂ ਤਹਿਸੀਲਾਂ ਵਿੱਚ ਵਿਚੋਲਿਆਂ ਦੀ ਲੋੜ ਨੂੰ ਖਤਮ ਕੀਤਾ ਜਾ ਸਕੇ। ਉਨ੍ਹਾਂ ਨੇ ਪੜ੍ਹੇ-ਲਿਖੇ ਨੌਜਵਾਨਾਂ, ਸਰਕਾਰੀ ਮੁਲਾਜ਼ਮਾਂ, ਪੰਚਾਇਤ ਮੈਂਬਰਾਂ, ਸਰਪੰਚਾਂ ਤੇ ਹੋਰ ਜਨਤਕ ਪ੍ਰਤੀਨਿਧੀਆਂ ਨੂੰ ਇਸ ਮਹੱਤਵਪੂਰਨ ਪਹਿਲਕਦਮੀ ਬਾਰੇ ਜਾਗਰੂਕਤਾ ਪੈਦਾ ਕਰਨ ਅਤੇ ਭ੍ਰਿਸ਼ਟਾਚਾਰ ਨੂੰ ਖਤਮ ਕਰਨ ਲਈ ਲੋਕਾਂ ਨੂੰ ਇਨ੍ਹਾਂ ਡਿਜੀਟਲ ਸੇਵਾਵਾਂ ਦੀ ਵਰਤੋਂ ਕਰਨ ਲਈ ਪ੍ਰੇਰਿਆ।ਸਪੀਕਰ ਸੰਧਵਾਂ ਨੇ ਅੱਗੇ ਦੱਸਿਆ ਕਿ ਪੰਜਾਬ ਵਿੱਚ ਲਗਭਗ 40 ਲੱਖ ਨਾਗਰਿਕਾਂ ਨੂੰ ਪਹਿਲਾਂ ਆਪਣੀ ਫਰਦ (ਜ਼ਮੀਨ ਰਿਕਾਰਡ ਦੀਆਂ ਕਾਪੀਆਂ) ਪ੍ਰਾਪਤ ਕਰਨ ਲਈ ਪਟਵਾਰਖਾਨਿਆਂ ਦੇ ਗੇੜੇ ਲਾਣੇ ਪੈਂਦੇ ਸਨ ਜਾਂ ਸੇਵਾ ਕੇਂਦਰਾਂ ਵਿੱਚ ਲੰਬੀਆਂ ਕਤਾਰਾਂ ਵਿੱਚ ਖੜ੍ਹੇ ਹੋਣਾ ਪੈਂਦਾ ਸੀ। ਇਸ ਪੁਰਾਣੀ ਪ੍ਰਕਿਰਿਆ ਕਾਰਨ ਅਕਸਰ ਨਾਗਰਿਕਾਂ ਨੂੰ ਲਾਲ ਫੀਤਾਸ਼ਾਹੀ ਅਤੇ ਰਿਸ਼ਵਤਖੋਰੀ ਦਾ ਸਾਹਮਣਾ ਕਰਨਾ ਪੈਂਦਾ ਸੀ।

ਰਘਬੀਰ ਸਿੰਘ ਦੀ ਕਾਰਵਾਈ ਨੇ ਪਰੰਪਰਾਵਾਂ ਨੂੰ ਵੱਡੀ ਢਾਹ ਲਾਈ : ਚਾਵਲਾ



ਸ੍ਰੀ ਅਨੰਦਪੁਰ ਸਾਹਿਬ (ਅਰਵਿੰਦਰ ਸਿੰਘ ਬਿੰਦੀ)- ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਦੇ ਮੈਂਬਰ ਭਾਈ ਅਮਰਜੀਤ ਸਿੰਘ ਚਾਵਲਾ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਾਬਕਾ ਜਥੇਦਾਰ ਗਿਆਨੀ ਰਘਬੀਰ ਵਲੋਂ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਦੇ ਸਬੰਧ ਵਿੱਚ ਪੁਲੀਸ ਨੂੰ ਦਿੱਤੇ ਗਏ ਬਿਆਨਾਂ ਦੀ ਸਖ਼ਤ ਨਿਖੇਧੀ ਕਰਦਿਆਂ ਕਿਹਾ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਾਬਕਾ ਜੱਥੇਦਾਰ ਰਘਬੀਰ ਸਿੰਘ ਨੇ ਇਹ ਕਾਰਵਾਈ ਕਰਕੇ ਸਿੱਖ ਪੰਥ ਦੇ ਸਿਰਮੌਰ ਤਖ਼ਤ ਸਾਹਿਬ ਦੀਆਂ ਮਹਾਨ ਪਰੰਪਰਾਵਾਂ ਨੂੰ ਭਾਰੀ ਸੱਟ ਮਾਰੀ ਹੈ ਅਤੇ ਪੰਥ ਨਾਲ ਵੱਡਾ ਵਿਸ਼ਵਾਸਘਾਤ ਕੀਤਾ ਹੈ।

ਐੱਚ ਐੱਮ ਵੀ ਦੀਆਂ ਵਿਦਿਆਰਥਣਾਂ ਦਾ ਸ਼ਾਨਦਾਰ ਪ੍ਰਦਰਸ਼ਨ

ਜਲੰਧਰ (ਸ਼ੈਲੀ ਐਲਬਰਟ)- ਹੰਸ ਰਾਜ ਮਹਿਲਾ ਮਹਾਵਿਦਿਆਲਿਆ ਜਲੰਧਰ ਦੇ ਰਾਜਨੀਤੀ ਸ਼ਾਸਤਰ ਵਿਭਾਗ ਦੀਆਂ ਵਿਦਿਆਰਥਣਾਂ ਨੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੀਆਂ ਪ੍ਰੀਖਿਆਵਾਂ ਵਿੱਚ ਸ਼ਾਨਦਾਰ ਪ੍ਰਦਰਸ਼ਨ ਕਰਕੇ ਮਹਾਵਿਦਿਆਲਿਆ ਦਾ ਨਾਂਅ ਰੌਸ਼ਨ ਕੀਤਾ ਹੈ।

ਬੀ.ਏ. ਪੌਲਿਟੀਕਲ ਸਾਇੰਸ (ਆਨਰਜ਼) ਵਿੱਚ ਜਾਹਨਵੀ, ਪਲਕ, ਯੋਗਿਤਾ, ਮੇਘਨਾ ਨੱਡਾ, ਯਸ਼ਵੀ ਸ਼ੋਰੇ, ਵਿਸ਼ਵ ਕੀਰਤੀ, ਭੂਮਿਕਾ ਪਾਂਡੇ, ਜਸਮੀਤ ਕੌਰ, ਲਵਪ੍ਰੀਤ ਕੌਰ, ਸ਼ਿਵਾਕਸ਼ੀ, ਕਿਰਨਦੀਪ ਕੌਰ ਅਤੇ ਬਿਸਮਾ ਬਾਨੋ ਨੇ 8.00 ਐਸ ਜੀ ਪੀ ਏ ਪ੍ਰਾਪਤ ਕਰਕੇ ਸ਼ਾਨਦਾਰ ਸਫਲਤਾ ਹਾਸਲ ਕੀਤੀ। ਇਸ ਮੌਕੇ ਪ੍ਰਿੰਸੀਪਲ ਡਾ. ਏਕਤਾ ਖੋਸਲਾ ਨੇ ਵਿਦਿਆਰਥਣਾਂ ਨੂੰ ਇਸ ਪ੍ਰਾਪਤੀ ਲਈ ਵਧਾਈ ਦਿੱਤੀ ਅਤੇ ਵਿਦਿਆਰਥਣਾਂ ਦੇ ਨਾਲ-ਨਾਲ ਵਿਭਾਗ ਦੇ ਅਧਿਆਪਕਾਂ ਦੀ ਮਿਹਨਤ ਦੀ ਵੀ ਸਰਾਹਨਾ ਕੀਤੀ। ਇਸ ਮੌਕੇ ਵਿਭਾਗ ਮੁਖੀ ਅਲਕਾ ਸ਼ਰਮਾ ਅਤੇ ਸਹਾਇਕ ਪ੍ਰੋਫੈਸਰ ਡਾ. ਜੀਵਨ ਦੇਵੀ ਨੇ ਵੀ ਵਿਦਿਆਰਥਣਾਂ ਨੂੰ ਉਨ੍ਹਾਂ ਦੀ ਇਸ ਸ਼ਾਨਦਾਰ ਸਫਲਤਾ ਲਈ ਸ਼ੁੱਭਕਾਮਨਾਵਾਂ ਦਿੱਤੀਆਂ।

ਪੰਥਕ ਕਹਾਉਣ ਵਾਲਿਆਂ ਨੇ ਹੀ ਪੰਥ ਦਾ ਨੁਕਸਾਨ ਕੀਤਾ : ਮਾਸਟਰ ਕੁਲਦੀਪ ਮਸੀਤੀ

ਟਾਂਡਾ ਉੜਮੁੜ (ਮਿਥਲੇਸ਼ ਗਰਗ, ਜਸਵਿੰਦਰ ਸੰਧੂ)- ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਵੱਲੋਂ ਫਗਵਾੜਾ ਵਿੱਚ ਕੀਤੇ ਜਾ ਰਹੇ ਬੇਗਮਪੁਰਾ ਲਹਿਰ ਖਾਲਸਾ ਪੰਥਕ ਇਕੱਠ ਵਿੱਚ ਟਾਂਡਾ ਤੋਂ ਪਾਰਟੀ ਵਰਕਰਾਂ ਦਾ ਇੱਕ ਜਥਾ ਭਾਗ ਲੈਣ ਲਈ ਰਵਾਨਾ ਹੋਇਆ। ਸ਼੍ਰੋਮਣੀ ਅਕਾਲੀ ਦਲ ਦੇ ਜ਼ਿਲ੍ਹਾ ਕਾਰਜਕਾਰੀ ਪ੍ਰਧਾਨ ਤੇ ਪਾਰਟੀ ਦੇ ਸੀਨੀਅਰ ਆਗੂ ਮਾਸਟਰ ਕੁਲਦੀਪ ਸਿੰਘ ਮਸੀਤੀ ਦੀ ਅਗਵਾਈ ਵਿੱਚ ਰਵਾਨਾ ਹੋਏ ਜਥੇ ਵਿੱਚ ਟਾਂਡਾ ਦੇ ਵੱਖ ਵੱਖ ਪਿੰਡਾਂ ਤੋਂ ਪਾਰਟੀ ਵਰਕਰ ਸ਼ਾਮਲ

ਹੋਏ। ਇਸ ਮੌਕੇ ਮਾਸਟਰ ਕੁਲਦੀਪ ਸਿੰਘ ਮਸੀਤੀ ਨੇ ਗੱਲਬਾਤ ਕਰਦੇ ਹੋਏ ਕਿਹਾ ਕਿ ਪੰਥਕ ਅਖਵਾਉਣ ਵਾਲਿਆਂ ਨੇ ਹੀ ਹੁਣ ਤੱਕ ਪੰਥ ਦਾ ਨੁਕਸਾਨ ਕੀਤਾ ਹੈ ਜਿਸ ਕਾਰਨ ਅੱਜ ਸਿੱਖਾਂ ਵਿੱਚ ਬਹੁਤ ਵੱਡੀ ਪੱਧਰ ਤੇ ਵਖਰੇਵੇਂ ਪੈ ਚੁੱਕੇ ਹਨ। ਇਸ ਮੌਕੇ ਉਹਨਾਂ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦੇ ਸਰਪ੍ਰਸਤ ਪ੍ਰਧਾਨ ਸਾਬਕਾ ਸੰਸਦ ਮੈਂਬਰ ਸਿਮਰਨਜੀਤ ਸਿੰਘ ਮਾਨ, ਪਾਰਟੀ ਦੇ ਕਾਰਜਕਾਰੀ ਪੰਜਾਬ ਪ੍ਰਧਾਨ ਇਮਾਨ ਸਿੰਘ ਮਾਨ ਤੇ ਪਾਰਟੀ ਦੇ ਜਨਰਲ ਸਕੱਤਰ ਡਾ. ਹਰਜਿੰਦਰ ਸਿੰਘ ਜੱਖੂ ਦੀ ਸੋਚ ਸਦਕਾ ਕੀਤਾ ਜਾ ਰਿਹਾ ਬੇਗਮਪੁਰਾ ਪੰਥਕ ਇਕੱਠ ਪੰਥ ਨੂੰ ਇੱਕ ਪਲੇਟਫਾਰਮ 'ਤੇ ਇਕੱਠਿਆ ਕਰਨ ਲਈ ਸਾਰਥਕ ਸਾਬਤ ਹੋਵੇਗਾ। ਉਨ੍ਹਾਂ ਕਿਹਾ ਕਿ ਪੰਜਾਬ ਦੀ ਮੌਜੂਦਾ ਆਮ ਆਦਮੀ ਪਾਰਟੀ ਸਰਕਾਰ ਦੇ ਕਾਰਜਕਾਲ 'ਚ ਜਿੱਥੇ ਪੰਜਾਬ ਅੰਦਰ ਬੇਰੁਜ਼ਗਾਰੀ ਤੇ ਨਸ਼ਾਖੋਰੀ ਵਿੱਚ ਵਾਧਾ ਹੋਇਆ ਹੈ ਉੱਥੇ ਹੀ ਨਿਤ ਦਿਨ ਵਾਪਰ ਰਹੀਆਂ ਅਪਰਾਧਕ ਘਟਨਾਵਾਂ ਨੇ ਪੰਜਾਬ ਦੀ ਕਾਨੂੰਨ ਵਿਵਸਥਾ 'ਤੇ ਵੀ ਵੱਡਾ ਸਵਾਲ ਖੜ੍ਹਾ ਕੀਤਾ ਹੈ।

ਇਸ ਮੌਕੇ ਹੋਰਨਾਂ ਤੋਂ ਇਲਾਵਾ ਸਰਕਲ ਪ੍ਰਧਾਨ ਜਸਵੰਤ ਸਿੰਘ ਫੌਜੀ, ਦਲਜੀਤ ਸਿੰਘ ,ਬਲਵੀਰ ਸਿੰਘ, ਪ੍ਰਿੰਸੀਪਲ ਸਿੰਘ, ਹਰਜਿੰਦਰ ਸਿੰਘ ਫੌਜੀ, ਬਲਵਿੰਦਰ ਸਿੰਘ ਰਣਜੀਤ ਸਿੰਘ, ਦਰਸ਼ਨ ਸਿੰਘ, ਸਰਪੰਚ ਸਤਨਾਮ ਸਿੰਘ, ਜਗਦੀਸ ਸਿੰਘ ਚੌਟਾਲਾ, ਬਲਵੰਤ ਸਿੰਘ, ਜਰਨੈਲ ਸਿੰਘ, ਬਲਵਿੰਦਰ ਸਿੰਘ ਜਹੂਰਾ, ਮਨਜੀਤ ਸਿੰਘ, ਬਲਜੀਤ ਸਿੰਘ, ਗੁਰਨੇਕ ਸਿੰਘ ਵੀ ਹਾਜ਼ਰ ਸਨ।

'ਮੁੱਖ ਮੰਤਰੀ ਸਿਹਤ ਯੋਜਨਾ' ਨਿੱਜੀ ਸਿਹਤ ਬੀਮੇ ਦਾ ਕਿਫਾਇਤੀ ਵਿਕਲਪ ਬਣ ਕੇ ਉੱਭਰੀ

ਚੰਡੀਗੜ੍ਹ (ਗੁਰਜੀਤ ਬਿੱਲਾ)- ਅਜਿਹੇ ਸਮੇਂ ਵਿੱਚ ਜਦੋਂ ਸਿਹਤ ਸੇਵਾਵਾਂ ਦੀ ਵਧ ਰਹੀ ਲਾਗਤ ਪਰਵਾਰਾਂ ਉੱਤੇ ਲਗਾਤਾਰ ਆਰਥਿਕ ਬੋਝ ਵਧਾ ਰਹੀ ਹੈ, ਭਗਵੰਤ ਮਾਨ ਸਰਕਾਰ ਦੀ 'ਮੁੱਖ ਮੰਤਰੀ ਸਿਹਤ ਯੋਜਨਾ' ਇੱਕ ਵਿਆਪਕ ਅਤੇ ਕਿਫਾਇਤੀ ਸਿਹਤ ਸੁਰੱਖਿਆ ਯੋਜਨਾ ਵਜੋਂ ਉੱਭਰ ਰਹੀ ਹੈ, ਜੋ ਰਵਾਇਤੀ ਨਿੱਜੀ ਸਿਹਤ ਬੀਮਾ ਯੋਜਨਾਵਾਂ ਦੇ ਮੁਕਾਬਲੇ ਕਈ ਮਹੱਤਵਪੂਰਨ ਲਾਭ ਪ੍ਰਦਾਨ ਕਰਦੀ ਹੈ।ਯੋਜਨਾ ਦੇ ਪ੍ਰਭਾਵ ਬਾਰੇ ਜਾਣਕਾਰੀ ਦਿੰਦਿਆਂ ਸਿਹਤ ਅਤੇ ਪਰਵਾਰ ਭਲਾਈ ਮੰਤਰੀ ਡਾ. ਬਲਬੀਰ ਸਿੰਘ ਨੇ ਕਿਹਾ, ਮੁੱਖ ਮੰਤਰੀ ਸਿਹਤ ਯੋਜਨਾ ਲਾਗੂ ਹੋਣ ਦੇ ਪੰਜ ਮਹੀਨਿਆਂ ਅੰਦਰ 2,26,822 ਤੋਂ ਵੱਧ ਮਰੀਜ਼ਾਂ ਦਾ 3,65,340 ਇਲਾਜ ਪ੍ਰਕਿਰਿਆਵਾਂ ਰਾਹੀਂ 632.50 ਕਰੋੜ ਰੁਪਏ ਦੀ ਲਾਗਤ ਨਾਲ ਇਲਾਜ ਕੀਤਾ ਗਿਆ ਹੈ। ਨਿੱਜੀ ਸਿਹਤ ਬੀਮਾ ਉਨ੍ਹਾਂ ਲੋਕਾਂ ਲਈ ਇੱਕ ਵਿਕਲਪ ਹੋ ਸਕਦਾ ਹੈ ਜੋ ਆਪਣੀਆਂ ਲੋੜਾਂ ਅਨੁਸਾਰ ਵਿਸ਼ੇਸ਼ ਕਵਰੇਜ ਚਾਹੁੰਦੇ ਹਨ, ਪਰ ਮੁੱਖ ਮੰਤਰੀ ਸਿਹਤ ਯੋਜਨਾ ਇਸ ਉਦੇਸ਼ ਨਾਲ ਤਿਆਰ ਕੀਤੀ ਗਈ ਹੈ ਕਿ ਪੰਜਾਬ ਦਾ ਹਰ ਯੋਗ ਨਿਵਾਸੀ ਬਿਨਾਂ ਆਰਥਿਕ ਮੁਸ਼ਕਲ ਦੇ ਗੁਣਵੱਤਾ ਭਰੀਆਂ ਸਿਹਤ ਸੇਵਾਵਾਂ ਤੱਕ ਪਹੁੰਚ ਹਾਸਲ ਕਰ ਸਕੇ।

ਦੁਸਾਂਝ ਕਲਾਂ 'ਚ ਸਾਲਾਨਾ ਛਿੰਝ ਮੇਲਾ ਭਲਕੇ

ਗੁਰਾਇਆ (ਬਿੰਦਰ ਸੁਮਨ)- ਪਿੰਡ ਦੁਸਾਂਝ ਕਲਾਂ ਵਿਖੇ ਗੁਰਦੁਆਰਾ ਪਿੱਪਲੀ ਸਾਹਿਬ ਦੀ ਪ੍ਰਬੰਧਕ ਕਮੇਟੀ ਵੱਲੋਂ ਚਾਰ ਰੋਜ਼ਾ ਸਾਲਾਨਾ ਛਿੰਝ ਮੇਲਾ ਐੱਨ. ਆਰ. ਆਈਜ਼ ਦੇ ਸਹਿਯੋਗ ਨਾਲ ਕਰਵਾਇਆ ਜਾਵੇਗਾ। ਇਸ ਸਬੰਧੀ ਗੁਰਦੁਆਰਾ ਪਿੱਪਲੀ ਸਾਹਿਬ ਦੀ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਹਰਪ੍ਰੀਤ ਸਿੰਘ ਨੇ ਦੱਸਿਆ ਕਿ ਪਹਿਲੇ ਦਿਨ ਅਖੰਡ ਪਾਠ ਸਾਹਿਬ ਆਰੰਭ ਕੀਤੇ

ਜਾਣਗੇ, ਤੀਸਰੇ ਦਿਨ ਸ੍ਰੀ ਅਖੰਡ ਪਾਠ ਸਾਹਿਬ ਭੋਗ ਪਾਏ ਗਏ, ਉਪਰੰਤ ਕੀਰਤਨੀ ਜਥੇ ਸੰਗਤਾਂ ਨੂੰ ਗੁਰਬਾਣੀ ਇਤਿਹਾਸ ਨਾਲ ਜੋੜਨਗੇ। ਚੌਥੇ ਦਿਨ ਸਵੇਰੇ 11 ਵਜੇ ਬਜ਼ੁਰਗਾਂ ਦੀ ਰੂਹ ਦੀ ਖੁਰਾਕ ਅਲਗੋਜ਼ਿਆਂ ਦਾ ਰਾਗ ਗਾ ਕੇ ਬਜ਼ੁਰਗਾਂ ਨੂੰ ਨਿਹਾਲ ਕਰਨਗੇ। ਇਸ ਛਿੰਝ ਮੇਲੇ ਦੌਰਾਨ 30 ਤੋਂ ਵੱਧ ਅਖਾੜਿਆਂ ਦੇ ਪਹਿਲਵਾਨਾਂ ਵਿਚਕਾਰ ਕੁਸ਼ਤੀ ਕਰਵਾਈ ਜਾਵੇਗੀ। ਪ੍ਰਬੰਧਕ ਕਮੇਟੀ ਵੱਲੋਂ ਚਾਰੇ ਦਿਨ ਚਾਹ ਅਤੇ ਗੁਰੂ ਕਾ ਲੰਗਰ ਅਤੁੱਟ ਵਰਤਾਇਆ ਜਾਵੇਗਾ। ਇਸ ਮੌਕੇ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਹਰਪ੍ਰੀਤ ਸਿੰਘ, ਹਰਜਿੰਦਰ ਸਿੰਘ ਲੰਬੜਦਾਰ, ਸਤਵੰਤ ਸਿੰਘ, ਕਮਲਜੀਤ ਸਿੰਘ, ਮਨਵੀਰ ਸਿੰਘ ਪੰਚ, ਬਲਜੀਤ ਸਿੰਘ, ਹਰਜੋਤ ਸਿੰਘ, ਦੀਪਾ, ਕੁਲਵੀਰ ਸਿੰਘ, ਤਜਿੰਦਰ ਸਿੰਘ, ਹੈਂਡ ਗ੍ਰੰਥੀ ਭਾਈ ਜਸਪਾਲ ਸਿੰਘ ਪਾਲਾ ਆਦਿ ਹਾਜ਼ਰ ਸਨ।

ਵਾਤਾਵਰਣ ਪ੍ਰੇਮੀ ਰਾਮ ਸਿੰਘ ਨਹੀਂ ਰਹੇ

ਖਰੜ (ਹਰਨਾਮ ਸਿੰਘ ਡੱਲਾ)-ਖਰੜ ਸ਼ਹਿਰ ਦੇ ਸਮਾਜ ਸੇਵੀ ਤੇ ਵਾਤਾਵਰਣ ਪ੍ਰੇਮੀ ਰਾਮ ਸਿੰਘ ਇੱਕ ਸੰਖੇਪ ਜਿਹੀ ਬਿਮਾਰੀ ਤੋਂ ਬਾਅਦ ਪੀ ਜੀ ਆਈ ਵਿੱਚ ਅਕਾਲ ਚਲਾਣਾ ਕਰ ਗਏ

। ਜਿਨ੍ਹਾਂ ਦਾ ਸਸਕਾਰ ਰਾਮ ਬਾਗ਼ ਦੇ ਸ਼ਮਸ਼ਾਨਘਾਟ ਵਿੱਚ ਸੈਂਕੜੇ ਸੇਜਲ ਅੱਖਾਂ ਨਾਲ ਰਿਸ਼ਤੇਦਾਰਾਂ ਤੇ ਸ਼ਹਿਰ ਨਿਵਾਸੀਆਂ ਵਲੋਂ ਕਰ ਦਿੱਤਾ ਗਿਆ । ਉਨ੍ਹਾਂ ਨੇ ਕੋਵਡ ਦੇ ਸਮਿਆਂ ਵਿੱਚ ਬਿਨਾਂ ਕਿਸੇ ਧਾਰਮਿਕ ਅਤੇ ਜਾਤੀਭੇਦ 'ਤੇ ਸ਼ਹਿਰ ਦੇ ਕੋਵਡ ਪੀੜਤ ਪਰਵਾਰਾਂ ਦੀ ਸੇਵਾ ਕੀਤੀ ਅਤੇ ਲਾਕ ਡਾਊਨ ਦੇ ਦਿਨਾਂ ਵਿੱਚ ਵੀਰਾਨ ਪਾਰਕਾਂ ਦੀ ਸਾਂਭ ਸੰਭਾਲ ਲਈ ਆਪਣੇ ਸਾਥੀਆਂ ਤੇ ਦੋਵੇਂ ਪੁੱਤਰਾਂ ਦੇ ਸਹਿਯੋਗ ਨਾਲ ਰੁੱਖ ਵੀ ਲਗਾਏ । ਸ਼ਹਿਰ ਦੀ ਭਲਾਈ ਖਾਸਕਰ ਵਾਰਡ ਨੰਬਰ 5 ਦੀਆਂ ਸਮੱਸਿਆਵਾਂ ਹੱਲ ਕਰਵਾਉਣ ਲਈ ਉਹ ਆਗੂ ਭੂਮਿਕਾ ਨਿਭਾਉਂਦੇ ਰਹੇ ਹਨ। ਮਾਨਵੀ ਸੋਚ ਉੱਤੇ ਪਹਿਰਾ ਦੇਣ ਅਤੇ ਸਮਾਜ ਸੇਵੀ ਗਤੀਵਿਧੀਆਂ ਵਿੱਚ ਵਿਸ਼ੇਸ਼ ਯੋਗਦਾਨ ਕਰਕੇ ਇਸ ਦਾਨਸ਼ਵਰ ਨੂੰ ਸੂਝਵਾਨ ਬਾਸ਼ਿੰਦਿਆਂ ਨੇ ਲੋਕ ਆਵਾਜ਼ ਐਸੋਸੀਏਸ਼ਨ ਵਾਰਡ ਨੰਬਰ 5 ਖਰੜ ਦੇ ਮੁਖੀ ਦੀ ਜ਼ਿੰਮੇਵਾਰੀ ਵੀ ਦਿੱਤੀ ਹੋਈ ਸੀ। ਰਾਮ ਸਿੰਘ ਦੇ ਤੁਰ ਜਾਣ ਨਾਲ ਜਿੱਥੇ ਪਰਵਾਰ ਨਾ ਪੂਰਿਆ ਜਾਣ ਵਾਲਾ ਘਾਟਾ ਪਿਆ ਹੈ, ਉੱਥੇ ਲੋਕ ਆਵਾਜ਼ ਐਸੋਸੀਏਸ਼ਨ ਦੇ ਪ੍ਰਧਾਨ ਦੇ ਸਦਾ ਲਈ ਤੁਰ ਜਾਣ ਨਾਲ ਸ਼ਹਿਰ ਦੇ ਵਿਕਾਸ ਕਾਰਜਾਂ ਲਈ ਕੰਮ ਕਰਦੇ ਕਾਫਲੇ ਨੂੰ ਵੀ ਅਸਹਿ ਸੱਟ ਵੱਜੀ ਹੈ।

ਵੀ ਆਈ ਪੀ ਨਾਲ ਤਾਇਨਾਤ ਡਰਾਈਵਰਾਂ ਨੂੰ ਵਿਗਿਆਨਕ ਡਰਾਈਵਿੰਗ ਸਿਖਲਾਈ

ਚੰਡੀਗੜ੍ਹ (ਗੁਰਜੀਤ ਬਿੱਲਾ)- ਸਟੇਟ ਟ੍ਰਾਂਸਪੋਰਟ ਕਮਿਸ਼ਨਰ ਪੰਜਾਬ ਦੇ ਦਫ਼ਤਰ ਵੱਲੋਂ ਮੁੱਖ ਮੰਤਰੀ, ਕੈਬਨਿਟ ਮੰਤਰੀਆਂ ਅਤੇ ਹੋਰ ਵੀ ਆਈ ਪੀਆਂ ਨਾਲ ਤਾਇਨਾਤ ਟ੍ਰਾਂਸਪੋਰਟ ਵਿਭਾਗ ਦੇ ਲਗਭਗ 200 ਡਰਾਈਵਰਾਂ ਲਈ ਇੱਕ ਵਿਸ਼ੇਸ਼ ਸਿਖਲਾਈ ਕੈਂਪ ਦਾ ਪ੍ਰਬੰਧ ਕੀਤਾ ਗਿਆ।ਸੈਕਟਰ 17 ਸਥਿਤ ਮੁੱਖ ਦਫ਼ਤਰ ਵਿਖੇ ਕਰਵਾਏ ਗਏ ਇਸ ਉਪਰਾਲੇ ਦਾ ਉਦੇਸ਼ ਰਵਾਇਤੀ ਡਰਾਈਵਿੰਗ ਆਦਤਾਂ ਨੂੰ ਵਿਗਿਆਨਕ ਆਧਾਰਿਤ, ਬਚਾਅ ਪੱਖੀ ਸੜਕ ਸੁਰੱਖਿਆ ਹੁਨਰਾਂ ਵਿੱਚ ਤਬਦੀਲ ਕਰਨਾ ਸੀ। ਹੁਨਰ-ਆਧਾਰਿਤ ਡਰਾਈਵਿੰਗ ਤੋਂ ਵਿਗਿਆਨਕ ਗਿਆਨ ਤੱਕ ਅਤੇ ਆਤਮ-ਵਿਸ਼ਵਾਸ ਤੋਂ ਚੌਕਸੀ ਤੇ ਕੁਸ਼ਲਤਾ ਤੱਕ ਦੇ ਮੁੱਖ ਵਿਸ਼ੇ ਤਹਿਤ, ਇਸ ਪ੍ਰੋਗਰਾਮ ਦਾ ਉਦੇਸ਼ ਡਰਾਈਵਰਾਂ ਨੂੰ ਬਹੁਤ ਜ਼ਿਆਦਾ ਦਬਾਅ ਅਤੇ ਐਮਰਜੈਂਸੀ ਸਥਿਤੀਆਂ ਲਈ ਤਿਆਰ ਕਰਨਾ ਸੀ।ਇਸ ਸਿਖਲਾਈ ਦੌਰਾਨ ਡਿਫੈਂਸਿਵ ਡਰਾਈਵਿੰਗ 'ਤੇ ਜ਼ੋਰ ਦਿੱਤਾ ਗਿਆ ਤਾਂ ਜੋ ਡਰਾਈਵਰਾਂ ਦੀ ਮਾਨਸਿਕਤਾ ਨੂੰ ਪਹਿਲਾਂ ਤੋਂ ਹੀ ਜੋਖਮ ਪ੍ਰਬੰਧਨ, ਸੜਕੀ ਖ਼ਤਰਿਆਂ ਦੀ ਤੁਰੰਤ ਪਛਾਣ ਅਤੇ ਤਤਕਾਲ ਐਮਰਜੈਂਸੀ ਪ੍ਰਤੀਕਿਰਿਆ ਪ੍ਰੋਟੋਕੋਲ ਵੱਲ ਮੋੜਿਆ ਜਾ ਸਕੇ। ਇਸ ਤੋਂ ਇਲਾਵਾ, ਮਨੁੱਖੀ ਗਲਤੀਆਂ ਕਾਰਨ ਹੋਣ ਵਾਲੇ ਹਾਦਸਿਆਂ ਨੂੰ ਵੱਡੇ ਪੱਧਰ 'ਤੇ ਘਟਾਉਣ ਲਈ ਡਰਾਈਵਰਾਂ ਦੇ ਮਨੋਵਿਗਿਆਨ ਅਤੇ ਵਿਵਹਾਰਕ ਤਬਦੀਲੀਆਂ 'ਤੇ ਵਿਸ਼ੇਸ਼ ਸੈਸ਼ਨ ਲਗਾਏ ਗਏ।

ਐੱਲ ਪੀ ਯੂ 'ਚ 'ਐਕਸਪੀਰੀਐਂਸ ਐੱਲ ਪੀ ਯੂ' ਸਮਾਗਮਾਂ ਦਾ ਆਯੋਜਨ

ਜਲੰਧਰ (ਸ਼ੈਲੀ ਐਲਬਰਟ):- ਜਿਵੇਂ ਕਿ ਵਿਦਿਆਰਥੀ ਆਪਣੀ ਵਿਦਿਅਕ ਯਾਤਰਾ ਵਿੱਚ ਅਗਲਾ ਕਦਮ ਚੁੱਕਣ ਦੀ ਤਿਆਰੀ ਕਰਦੇ ਹਨ, ਯੂਨੀਵਰਸਿਟੀ ਜੀਵਨ ਦਾ ਸਿੱਧਾ ਅਨੁਭਵ ਔਨਲਾਈਨ ਆਸਾਨੀ ਨਾਲ ਪ੍ਰਦਾਨ ਕਰਦੀਆਂ ਹਨ, ਯੂਨੀਵਰਸਿਟੀ ਨੂੰ ਵਿਅਕਤੀਗਤ ਤੌਰ 'ਤੇ ਦੇਖਣ ਅਤੇ ਅਨੁਭਵ ਕਰਨ ਦੇ ਮੁਕਾਬਲੇ ਕੁਝ ਵੀ ਨਹੀਂ ਹੈ।ਇੱਕ ਇਮਰਸਿਵ ਅਤੇ ਇੰਟਰਐਕਟਿਵ ਅਨੁਭਵ ਦੇ ਰੂਪ ਵਿੱਚ ਤਿਆਰ ਕੀਤਾ ਗਿਆ, ਇਹ ਤਿੰਨ-

ਦਿਨ ਦਾ ਪ੍ਰੋਗਰਾਮ ਸੰਭਾਵੀ ਵਿਦਿਆਰਥੀਆਂ ਅਤੇ ਮਾਪਿਆਂ ਨੂੰ ਯੂਨੀਵਰਸਿਟੀ ਦੇ ਵਾਤਾਵਰਣ ਦੀ ਪੜਚੋਲ ਕਰਨ, ਸੀਨੀਅਰ ਯੂਨੀਵਰਸਿਟੀ ਫੈਕਲਟੀ ਮੈਂਬਰਾਂ ਨਾਲ ਗੱਲਬਾਤ ਕਰਨ, ਸਫਲ ਸਾਬਕਾ ਵਿਦਿਆਰਥੀਆਂ ਅਤੇ ਮੌਜੂਦਾ ਵਿਦਿਆਰਥੀਆਂ ਨਾਲ ਜੁੜਨ, ਅਤੇ ਅਕਾਦਮਿਕ ਪ੍ਰੋਗਰਾਮਾਂ, ਕਰੀਅਰ ਦੇ ਮੌਕਿਆਂ, ਸਕਾਲਰਸ਼ਿਪਾਂ, ਕੈਂਪਸ ਜੀਵਨ ਅਤੇ ਵਿਦਿਆਰਥੀ ਸਹਾਇਤਾ ਪ੍ਰਣਾਲੀਆਂ ਬਾਰੇ ਪਹਿਲੀ ਹੱਥ ਜਾਣਕਾਰੀ ਪ੍ਰਾਪਤ ਕਰਨ ਦਾ ਇੱਕ ਵਿਲੱਖਣ ਮੌਕਾ ਪ੍ਰਦਾਨ ਕਰੇਗਾ। ਇਹ ਪ੍ਰੋਗਰਾਮ ਯੂਨੀਵਰਸਿਟੀ ਦੇ ਉਦਯੋਗ-ਅਨੁਕੂਲ ਸਿਖਲਾਈ ਪ੍ਰਣਾਲੀ, ਵਿਸ਼ਵਵਿਆਪੀ ਮੌਕੇ, ਨਵੀਨਤਾ ਸੱਭਿਆਚਾਰ, ਉੱਦਮਤਾ ਪਹਿਲਕਦਮੀਆਂ ਅਤੇ ਪਲੇਸਮੈਂਟ ਸਫਲਤਾ ਦੀਆਂ ਕਹਾਣੀਆਂ ਨੂੰ ਵੀ ਪ੍ਰਦਰਸ਼ਿਤ ਕਰੇਗਾ। ਯੂਨੀਵਰਸਿਟੀ ਬਾਰੇ ਵਿਆਪਕ ਜਾਣਕਾਰੀ ਪ੍ਰਾਪਤ ਕਰਨ ਵਾਲੇ ਵਿਦਿਆਰਥੀਆਂ ਅਤੇ ਮਾਪਿਆਂ ਨੂੰ ਐਲ ਪੀ ਯੂ ਕੈਂਪਸ ਵਿੱਚ ਇਸ ਪ੍ਰਮੁੱਖ ਸਮਾਗਮ ਵਿੱਚ ਸ਼ਾਮਲ ਹੋਣ ਲਈ ਉਤਸ਼ਾਹਿਤ ਕੀਤਾ ਜਾਂਦਾ ਹੈ, ਜਿੱਥੇ ਉਹ ਸੰਸਥਾ ਦੇ ਅਕਾਦਮਿਕ ਵਾਤਾਵਰਣ ਅਤੇ ਜੀਵੰਤ ਵਿਦਿਆਰਥੀ ਸੱਭਿਆਚਾਰ ਦਾ ਖੁਦ ਅਨੁਭਵ ਕਰ ਸਕਦੇ ਹਨ। ਐਲ ਪੀ ਯੂ ਹੁਣ ਭੁਵਨੇਸ਼ਵਰ (13 ਜੂਨ), ਕੋਲਕਾਤਾ (14 ਜੂਨ), ਕੋਇੰਬਟੂਰ (26 ਜੂਨ) ਅਤੇ ਪੁਣੇ (28 ਜੂਨ) ਸਮੇਤ ਕਈ ਸ਼ਹਿਰਾਂ ਵਿੱਚ 'ਐਕਸਪੀਰੀਅੰਸ ਐਲ ਪੀ ਯੂ' ਸਮਾਗਮਾਂ ਦਾ ਆਯੋਜਨ ਕਰ ਰਿਹਾ ਹੈ। ਇਹ ਸਮਾਗਮ ਅਕਾਦਮਿਕ ਮੌਕਿਆਂ, ਸਕਾਲਰਸ਼ਿਪ, ਪਲੇਸਮੈਂਟ ਅਤੇ ਕੈਂਪਸ ਜੀਵਨ ਬਾਰੇ ਜਾਣਕਾਰੀ ਪ੍ਰਦਾਨ ਕਰਨਗੇ। 'ਐਕਸਪੀਰੀਅੰਸ ਐਲਪੀਯੂ 2026' ਦੇ ਕੈਂਪਸ ਐਡੀਸ਼ਨ ਲਈ ਰਜਿਸਟ੍ਰੇਸ਼ਨ 18 ਜੂਨ ਤੱਕ ਖੁੱਲ੍ਹੀ ਹੈ।

ਉਪਲਬਧ ਨਾ ਹੋਣ ਵਾਲੀਆਂ ਸੂਝਾਂ ਪ੍ਰਦਾਨ ਕਰ ਸਕਦਾ ਹੈ। ਸੰਭਾਵੀ ਵਿਦਿਆਰਥੀਆਂ ਅਤੇ ਉਨ੍ਹਾਂ ਦੇ ਪਰਵਾਰਾਂ ਨੂੰ ਕੈਂਪਸ ਜੀਵਨ ਦੀ ਬਿਹਤਰ ਸਮਝ ਪ੍ਰਦਾਨ ਕਰਨ ਲਈ ਲਵਲੀ ਪ੍ਰੋਫੈਸ਼ਨਲ ਯੂਨੀਵਰਸਿਟੀ (ਐਲ ਪੀ ਯੂ) 20-22 ਜੂਨ ਤੱਕ ਆਪਣੇ ਕੈਂਪਸ ਵਿੱਚ ਇੱਕ ਪ੍ਰੀ-ਐਡਮਿਸ਼ਨ ਪ੍ਰੋਗਰਾਮ, ਐਕਸਪੀਰੀਅੰਸ ਐਲ ਪੀ ਯੂ 2026 ਦੀ ਮੇਜ਼ਬਾਨੀ ਕਰ ਰਹੀ ਹੈ। ਜਦੋਂ ਕਿ ਵੈੱਬਸਾਈਟਾਂ, ਬਰੋਸ਼ਰ, ਰੈਂਕਿੰਗ ਅਤੇ ਔਨਲਾਈਨ ਸਮੀਖਿਆਵਾਂ ਕੀਮਤੀ ਜਾਣਕਾਰੀ

ਯੂਥ ਅਕਾਲੀ ਦਲ ਦੇ ਹਰਿੰਦਰ ਸਿੰਘ ਹਨੀ ਬਣੇ ਨਵੇਂ ਯੂਥ ਪ੍ਰਧਾਨ

ਡੇਰਾਬੱਸੀ, (ਵਿਨੈ ਕੁਮਾਰ ਜੈਨ) ਆਉਂਦੀਆਂ ਡੇਰਾਬੱਸੀ ਵਿਧਾਨ ਸਭਾ ਚੋਣਾਂ ਦੇ ਮੱਦੇਨਜ਼ਰ ਸ਼੍ਰੋਮਣੀ ਅਕਾਲੀ ਦਲ ਵੱਲੋਂ ਸੰਗਠਨਾਤਮਕ ਢਾਂਚੇ ਨੂੰ ਮਜ਼ਬੂਤ ਅਤੇ ਵਧੇਰੇ ਗਤੀਸ਼ੀਲ ਕਰਨ ਲਈ ਵੱਡੇ ਫੈਸਲੇ ਲਏ ਜਾ ਰਹੇ ਹਨ।ਇਸੇ ਲੜੀ ਤਹਿਤ ਹਲਕਾ ਡੇਰਾਬੱਸੀ ਵਿੱਚ ਯੂਥ ਅਕਾਲੀ ਦਲ ਨੂੰ ਹੋਰ ਮਜ਼ਬੂਤੀ ਅਤੇ ਨਵੀਂ ਊਰਜਾ ਦੇਣ ਲਈ ਇੱਕ ਅਹਿਮ ਸੰਗਠਨਾਤਮਕ ਨਿਯੁਕਤੀ ਕੀਤੀ ਗਈ ਹੈ।ਪਾਰਟੀ ਦੇ ਰਾਸ਼ਟਰੀ ਪ੍ਰਧਾਨ ਸਰਦਾਰ ਸੁਖਬੀਰ ਸਿੰਘ ਬਾਦਲ ਦੀ ਅੰਤਿਮ ਪ੍ਰਵਾਨਗੀ ਅਤੇ ਦਿਸ਼ਾ-ਨਿਰਦੇਸ਼ਾਂ ਹੇਠ, ਹਲਕੇ ਦੇ ਸੀਨੀਅਰ ਆਗੂ ਅਤੇ ਸਾਬਕਾ ਵਿਧਾਇਕ ਐਨ. ਕੇ. ਸ਼ਰਮਾ ਦੇ ਬਹੁਤ ਹੀ ਮਿਹਨਤੀ,



ਵਫ਼ਾਦਾਰ ਅਤੇ ਟਕਸਾਲੀ ਸੋਚ ਦੇ ਧਾਰਨੀ ਸਾਥੀ ਹਰਿੰਦਰ ਸਿੰਘ ਹਨੀ ਨੂੰ ਡੇਰਾਬੱਸੀ ਹਲਕੇ ਦੇ ਯੂਥ ਅਕਾਲੀ ਦਲ ਦੀ ਕਮਾਨ ਸੌਂਪੀ ਗਈ ਹੈ। ਉਨ੍ਹਾਂ ਨੂੰ ਅਧਿਕਾਰਤ ਤੌਰ 'ਤੇ ਹਲਕਾ ਯੂਥ ਪ੍ਰਧਾਨ ਨਿਯੁਕਤ ਕੀਤਾ ਗਿਆ ਹੈ। ਨਵ-ਨਿਯੁਕਤ ਯੂਥ ਪ੍ਰਧਾਨ ਹਰਿੰਦਰ ਸਿੰਘ ਹਨੀ ਨੇ ਆਪਣੀ ਇਸ ਨਿਯੁਕਤੀ ਲਈ ਪਾਰਟੀ ਹਾਈਕਮਾਂਡ, ਪ੍ਰਧਾਨ ਸੁਖਬੀਰ ਸਿੰਘ ਬਾਦਲ ਅਤੇ ਆਪਣੇ ਸਿਆਸੀ ਮਾਰਗਦਰਸ਼ਕ ਸਾਬਕਾ ਵਿਧਾਇਕ ਐਨ. ਕੇ. ਸ਼ਰਮਾ ਦਾ ਤਹਿ ਦਿਲੋਂ ਧੰਨਵਾਦ ਪ੍ਰਗਟਾਇਆ।ਉਨ੍ਹਾਂ ਭਾਵੁਕ ਹੁੰਦਿਆਂ ਕਿਹਾ ਕਿ ਪਾਰਟੀ ਨੇ ਉਨ੍ਹਾਂ ਵਰਗੇ ਇੱਕ ਸਾਧਾਰਨ ਘਰ ਦੇ ਵਰਕਰ 'ਤੇ ਜੋ ਵੱਡਾ ਭਰੋਸਾ ਜਤਾਇਆ ਹੈ, ਉਹ ਉਸ ਭਰੋਸੇ 'ਤੇ ਖਰਾ ਉਤਰਨ ਲਈ ਆਪਣੀ ਪੂਰੀ ਜਾਨ ਲਗਾ ਦੇਣਗੇ ਅਤੇ ਹਾਈਕਮਾਂਡ ਦੀਆਂ ਉਮੀਦਾਂ ਨੂੰ ਕਦੇ ਟੁੱਟਣ ਨਹੀਂ ਦੇਣਗੇ।

ਲਿਵਾਸਾ ਹਸਪਤਾਲ ਵਿਖੇ ਵਿਸ਼ਵ ਖ਼ੂਨਦਾਨ ਦਿਵਸ ਮਨਾਇਆ

ਮੋਹਾਲੀ (ਗੁਰਜੀਤ ਬਿੱਲਾ)- ਸ਼ਨੀਵਾਰ ਨੂੰ ਲਿਵਾਸਾ ਹਸਪਤਾਲ ਮੋਹਾਲੀ ਵਿਖੇ ਵਿਸ਼ਵ ਖ਼ੂਨਦਾਨ ਦਿਵਸ ਦੇ ਮੌਕੇ ਖ਼ੂਨਦਾਨ ਕੈਂਪ ਵਿੱਚ 80 ਯੂਨਿਟ ਖ਼ੂਨ ਇਕੱਠਾ ਕੀਤਾ ਗਿਆ।

ਲਿਵਾਸਾ ਹਸਪਤਾਲ ਦੇ ਸੀ ਈ ਓ ਅਨੁਰਾਗ ਯਾਦਵ ਨੇ ਕਿਹਾ, ਦਾਨ ਕੀਤੇ ਗਏ ਖ਼ੂਨ ਦੀ ਹਰ ਇਕਾਈ ਵਿੱਚ ਬਹੁਤ ਸਾਰੀਆਂ ਜਾਨਾਂ ਬਚਾਉਣ ਦੀ ਸ਼ਕਤੀ ਹੁੰਦੀ ਹੈ। ਵਿਸ਼ਵ ਖ਼ੂਨਦਾਨ ਦਿਵਸ 'ਤੇ, ਅਸੀਂ ਸਵੈ-ਇੱਛਤ ਖ਼ੂਨਦਾਨੀਆਂ, ਗੈਰ-ਸਰਕਾਰੀ ਸੰਗਠਨਾਂ ਅਤੇ ਪ੍ਰੇਰਕਕਰਤਾਵਾਂ ਦੀ ਅਸਾਧਾਰਨ ਉਦਾਰਤਾ ਨੂੰ ਸਲਾਮ ਕਰਦੇ ਹਾਂ ਜੋ ਆਪਣੀ ਨਿਰਸਵਾਰਥ ਸੇਵਾ ਨਾਲ ਸਿਹਤ ਸੰਭਾਲ ਪ੍ਰਣਾਲੀ ਨੂੰ ਮਜ਼ਬੂਤ ਕਰ ਰਹੇ ਹਨ। ਡਾ. ਅਭਿਸ਼ੇਕ ਗਰਗ ਨੇ ਕਿਹਾ, ਸਵੈ-ਇੱਛਤ ਖ਼ੂਨਦਾਨ ਕਰਨ ਵਾਲੇ ਅਣਗਿਣਤ ਹੀਰੋ ਹਨ ਜੋ ਬਿਨਾਂ ਕਿਸੇ ਸਵਾਰਥ ਜਾਂ ਪ੍ਰਚਾਰ ਦੇ ਆਪਣਾ ਖ਼ੂਨਦਾਨ ਕਰਕੇ ਕੀਮਤੀ ਜਾਨਾਂ ਬਚਾਉਂਦੇ ਹਨ। ਉਨ੍ਹਾਂ ਕਿਹਾ ਕਿ ਜਾਗਰੂਕਤਾ, ਪਛਾਣ ਅਤੇ ਭਾਈਚਾਰਕ ਭਾਗੀਦਾਰੀ ਰਾਹੀਂ, ਅਸੀਂ ਸਾਰੇ ਮਿਲ ਕੇ ਇਹ ਯਕੀਨੀ ਬਣਾ ਸਕਦੇ ਹਾਂ ਕਿ ਕਿਸੇ ਵੀ ਮਰੀਜ਼ ਨੂੰ ਖ਼ੂਨ ਦੀ ਘਾਟ ਕਾਰਨ ਸਮੱਸਿਆਵਾਂ ਦਾ ਸਾਹਮਣਾ ਨਾ ਕਰਨਾ ਪਵੇ।

ਖੇੜਾ ਵਿਖੇ ਸਲਾਨਾ ਮੇਲਾ ਸ਼ਾਨੋ-ਸ਼ੌਕਤ ਨਾਲ ਸਮਾਪਤ

ਬੰਗਾ (ਅਵਤਾਰ ਕਲੇਰ)- ਦਰਬਾਰ ਪੀਰ ਲੱਖ ਦਾਤਾ ਪਿੰਡ ਖੇੜਾ ਵਿਖੇ ਸਲਾਨਾ ਮੇਲਾ ਸੰਤ ਅਸ਼ੋਕ ਕੁਮਾਰ ਚੱਕਰਵਰਤੀ ਦੀ ਰਹਿਨੁਮਾਈ ਅਤੇ ਮੁੱਖ ਸੇਵਾਦਾਰ ਨੰਦ ਲਾਲ, ਗ੍ਰਾਮ ਪੰਚਾਇਤ, ਐਨ ਆਰ ਆਈ ਵੀਰਾਂ ਅਤੇ ਸਮੂਹ ਨਗਰ ਨਿਵਾਸੀਆਂ ਦੇ ਸਹਿਯੋਗ ਨਾਲ ਬੜੀ ਸ਼ਰਧਾ ਭਾਵਨਾ ਨਾਲ ਮਨਾਇਆ ਗਿਆ। ਵੱਖ ਵੱਖ ਦਰਬਾਰਾਂ ਤੋਂ ਸੰਤ ਮਹਾਂਪੁਰਸ਼ਾਂ ਨੇ ਸ਼ਿਰਕਤ ਕੀਤੀ। ਇਸ ਦੋ ਦਿਨਾ ਮੇਲੇ ਦੌਰਾਨ ਪਹਿਲੇ ਦਿਨ ਛਿੰਝ ਕਰਵਾਈ, ਚਿਰਾਗਾਂ ਦੀ ਰਸਮ ਉਪਰੰਤ ਕਵਾਲ ਅਤੇ ਨਕਾਲ ਪਾਰਟੀਆਂ ਨੇ ਹਾਜ਼ਰੀਆਂ ਭਰੀਆਂ। ਮੇਲੇ ਦੇ ਦੂਸਰੇ ਦਿਨ ਨਿਸ਼ਾਨ ਸਾਹਿਬ ਦੀ ਰਸਮ ਅਦਾ ਕੀਤੀ ਗਈ ,ਚਾਦਰ ਦੀ ਰਸਮ ਅਦਾ ਕੀਤੀ ਗਈ। ਉਪਰੰਤ ਸਟੇਜ ਸਜਾਈ ਗਈ ਜਿਸ ਵਿੱਚ ਨਾਮਵਰ ਕਲਾਕਾਰਾਂ ਹਰਜੀਤ ਸਿੱਧੂ -ਬੀਬਾ ਪਰਵੀਨ ਦਰਦੀ ਵਲੋਂ ਸੱਭਿਆਚਾਰ ਗੀਤਾਂ ਨਾਲ ਸੰਗਤਾਂ ਨੂੰ ਨਿਹਾਲ ਕੀਤਾ ਗਿਆ। ਰਾਤ ਨੂੰ ਧਰਮਵੀਰ ਪ੍ਰਦੇਸੀ ਦੀ ਪਾਰਟੀ ਵਲੋਂ ਨਾਟਕ (ਡਰਾਮਾ) ਖੇਡਿਆ ਗਿਆ। ਦਰਬਾਰ 'ਤੇ ਠੰਢਾ ਮਿੱਠਾ ਜਲ, ਚਾਹ ਪਕੌੜੇ ਅਤੇ ਲੰਗਰ ਅਟੁੱਟ ਵਰਤਾਇਆ ਗਿਆ।ਇਸ ਮੌਕੇ ਨੰਦ ਲਾਲ, ਸੁਖਵਿੰਦਰ ਬਿੱਲੂ, ਸੁਰਜੀਤ ਕੁਮਾਰ, ਮਹਿੰਦਰ ਪਾਲ, ਹਰਮੇਸ਼ ਲਾਲ, ਹੇਮ ਰਾਜ, ਜੀਵਨ ਲਾਲ, ਸੋਢੀ ਰਾਮ, ਬਲਵੀਰ ਚੰਦ, ਸੋਨੂੰ ਕਲੇਰ, ਅਭਿਸ਼ੇਕ ਨੂਰ, ਕੁਲਦੀਪ ਕੁਮਾਰ, ਅਕਾਸ਼, ਰਾਹੁਲ, ਗੌਰਵ, ਸ਼ਿਵਮ, ਸਾਬੀ, ਕੁਨੈਲ, ਮਨੀ ਤੋਂ ਇਲਾਵਾ ਹੋਰ ਸੰਗਤਾਂ ਹਾਜ਼ਰ ਸਨ।

ਮਹਿਲਾਵਾਂ ਲਈ 'ਸਖੀ' ਟ੍ਰੇਨਿੰਗ ਪ੍ਰੋਗਰਾਮ ਆਯੋਜਿਤ

ਡੇਰਾਬੱਸੀ (ਵਿਨੈ ਕੁਮਾਰ ਜੈਨ)- ਪੰਜਾਬ ਸਰਕਾਰ ਵੱਲੋਂ ਮਹਿਲਾਵਾਂ ਦੇ ਆਰਥਿਕ ਸਸ਼ਕਤੀਕਰਨ ਦੇ ਉਦੇਸ਼ ਨਾਲ ਪ੍ਰਸਤਾਵਿਤ ਮਹੀਨਾਵਾਰ ਸਹਾਇਤਾ ਯੋਜਨਾ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਲੋਕਾਂ ਤੱਕ ਪਹੁੰਚਾਉਣ ਅਤੇ ਯੋਗ ਲਾਭਪਾਤਰੀਆਂ ਦੀ ਰਜਿਸਟ੍ਰੇਸ਼ਨ ਪ੍ਰਕਿਰਿਆ ਨੂੰ ਸੁਚਾਰੂ ਬਣਾਉਣ ਲਈ ਹਲਕਾ ਡੇਰਾਬੱਸੀ ਵਿੱਚ ਵਿਸ਼ੇਸ਼ ਸਿਖਲਾਈ ਪ੍ਰੋਗਰਾਮ ਕਰਵਾਏ ਜਾ ਰਹੇ ਹਨ।ਇਸੇ ਲੜੀ ਤਹਿਤ ਡੇਰਾਬੱਸੀ ਸਥਿਤ ਸੁਖਮਣੀ ਕਾਲਜ ਵਿਖੇ ਉਨ੍ਹਾਂ ਮਹਿਲਾਵਾਂ ਲਈ ਟ੍ਰੇਨਿੰਗ ਕੈਂਪ ਆਯੋਜਿਤ ਕੀਤਾ ਗਿਆ, ਜਿਨ੍ਹਾਂ ਨੂੰ ਯੋਜਨਾ ਦੇ ਪ੍ਰਚਾਰ-ਪ੍ਰਸਾਰ ਅਤੇ ਰਜਿਸਟ੍ਰੇਸ਼ਨ

ਕਾਰਜਾਂ ਦੀ ਜ਼ਿੰਮੇਵਾਰੀ ਸੌਂਪੀ ਗਈ ਹੈ। ਸਰਕਾਰ ਵੱਲੋਂ ਇਨ੍ਹਾਂ ਮਹਿਲਾਵਾਂ ਨੂੰ 'ਸਖੀ' ਦਾ ਨਾਮ ਦਿੱਤਾ ਗਿਆ ਹੈ।ਸੀ ਡੀ ਪੀ ਓ ਡੇਰਾਬੱਸੀ ਸਰੋਜ ਬਾਲਾ ਦੀ ਅਗਵਾਈ ਹੇਠ ਕਰਵਾਏ ਗਏ ਇਸ ਟ੍ਰੇਨਿੰਗ ਕੈਂਪ ਦੌਰਾਨ ਭਾਗ ਲੈਣ ਵਾਲੀਆਂ ਮਹਿਲਾਵਾਂ ਨੂੰ ਯੋਜਨਾ ਦੀ ਯੋਗਤਾ, ਰਜਿਸਟ੍ਰੇਸ਼ਨ ਪ੍ਰਕਿਰਿਆ, ਲੋੜੀਂਦੇ ਦਸਤਾਵੇਜ਼ਾਂ ਅਤੇ ਲਾਭਪਾਤਰੀਆਂ ਤੱਕ ਸਹੀ ਅਤੇ ਪ੍ਰਮਾਣਿਕ ਜਾਣਕਾਰੀ ਪਹੁੰਚਾਉਣ ਸਬੰਧੀ ਜਾਣਕਾਰੀ ਦਿੱਤੀ ਗਈ।ਟ੍ਰੇਨਰਾਂ ਨੇ ਦੱਸਿਆ ਕਿ ਚੁਣੀਆਂ ਗਈਆਂ 'ਸਖੀ' ਮਹਿਲਾਵਾਂ ਸੀ ਡੀ ਪੀ ਓ ਵਿਭਾਗ ਦੇ ਸਹਿਯੋਗ ਨਾਲ ਘਰ-ਘਰ ਜਾ ਕੇ ਮਹਿਲਾਵਾਂ ਨੂੰ ਸਰਕਾਰੀ ਭਲਾਈ ਯੋਜਨਾਵਾਂ ਬਾਰੇ ਜਾਗਰੂਕ ਕਰਨਗੀਆਂ ਅਤੇ ਯੋਗ ਲਾਭਪਾਤਰੀਆਂ ਦੀ ਰਜਿਸਟ੍ਰੇਸ਼ਨ ਪ੍ਰਕਿਰਿਆ ਵਿੱਚ ਸਹਾਇਤਾ ਪ੍ਰਦਾਨ ਕਰਨਗੀਆਂ।ਜਾਣਕਾਰੀ ਅਨੁਸਾਰ ਹਲਕਾ ਡੇਰਾਬੱਸੀ ਵਿੱਚ ਕਰੀਬ 3,000 ਮਹਿਲਾਵਾਂ ਦੀ ਚੋਣ 'ਸਖੀ' ਵਜੋਂ ਕੀਤੀ ਗਈ ਹੈ।ਟ੍ਰੇਨਿੰਗ ਦੌਰਾਨ ਭਾਗੀਦਾਰਾਂ ਨੂੰ ਪੰਜਾਬ ਸਰਕਾਰ ਵੱਲੋਂ ਮਹਿਲਾਵਾਂ ਦੀ ਭਲਾਈ ਲਈ ਚਲਾਈਆਂ ਜਾ ਰਹੀਆਂ ਵੱਖ-ਵੱਖ ਯੋਜਨਾਵਾਂ ਬਾਰੇ ਵੀ ਜਾਣੂ ਕਰਵਾਇਆ ਗਿਆ। ਇਸ ਮੌਕੇ ਅਨੁਸੂਚਿਤ ਜਾਤੀ ਵਰਗ ਨਾਲ ਸਬੰਧਤ ਮਹਿਲਾਵਾਂ ਲਈ ਚਲਾਈ ਜਾ ਰਹੀਆਂ ਆਰਥਿਕ ਸਹਾਇਤਾ ਯੋਜਨਾਵਾਂ ਸਬੰਧੀ ਵੀ ਜਾਣਕਾਰੀ ਸਾਂਝੀ ਕੀਤੀ ਗਈ।ਅਧਿਕਾਰੀਆਂ ਨੇ ਦੱਸਿਆ ਕਿ ਇਸ ਵੇਲੇ ਡੇਰਾਬੱਸੀ ਅਤੇ ਲਾਲੜੂ ਵਿੱਚ ਟ੍ਰੇਨਿੰਗ ਕੈਂਪ ਕਰਵਾਏ ਜਾ ਰਹੇ ਹਨ, ਜਦਕਿ ਆਉਣ ਵਾਲੇ ਦਿਨਾਂ ਵਿੱਚ ਜ਼ੀਰਕਪੁਰ ਵਿਖੇ ਵੀ ਇਸ ਤਰ੍ਹਾਂ ਦੇ ਸਿਖਲਾਈ ਪ੍ਰੋਗਰਾਮ ਆਯੋਜਿਤ ਕੀਤੇ ਜਾਣਗੇ। ਸਮਾਜਿਕ ਸੁਰੱਖਿਆ, ਇਸਤਰੀ ਤੇ ਬਾਲ ਵਿਕਾਸ ਵਿਭਾਗ ਦੀ ਨਿਗਰਾਨੀ ਹੇਠ ਚਲਾਇਆ ਜਾ ਰਿਹਾ ਇਹ ਅਭਿਆਨ ਮਹਿਲਾਵਾਂ ਤੱਕ ਸਰਕਾਰੀ ਭਲਾਈ ਯੋਜਨਾਵਾਂ ਦੀ ਪਹੁੰਚ ਯਕੀਨੀ ਬਣਾਉਣ ਵੱਲ ਇੱਕ ਮਹੱਤਵਪੂਰਨ ਕਦਮ ਮੰਨਿਆ ਜਾ ਰਿਹਾ ਹੈ।

'ਕਤਰਾ ਕਤਰਾ ਜ਼ਿੰਦਗੀ' ਦਾ ਨਾਟ ਪਾਠ ਅੱਜ

ਚੰਡੀਗੜ੍ਹ (ਸੁਰਜੀਤ ਸੁਮਨ)- ਪੰਜਾਬੀ ਲੇਖਕ ਸਭਾ ਚੰਡੀਗੜ੍ਹ ਵੱਲੋਂ ਪੰਜਾਬ ਕਲਾ ਪ੍ਰੀਸ਼ਦ ਦੇ ਸਹਿਯੋਗ ਨਾਲ਼ 14 ਜੂਨ ਨੂੰ ਸਵੇਰੇ 10.30 ਵਜੇ ਪੰਜਾਬ ਕਲਾ ਭਵਨ ਚੰਡੀਗੜ੍ਹ ਵਿਖੇ ਸ਼੍ਰੋਮਣੀ ਨਾਟਕਕਾਰ ਦਵਿੰਦਰ ਦਮਨ ਦੇ ਸ਼ਾਹਕਾਰ ਨਾਟਕ 'ਕਤਰਾ ਕਤਰਾ ਜ਼ਿੰਦਗੀ' ਦਾ

ਨਾਟ ਪਾਠ ਕਰਵਾਇਆ ਜਾ ਰਿਹਾ ਹੈ। ਇਹ ਨਾਟ ਪਾਠ ਦਵਿੰਦਰ ਦਮਨ ਅਤੇ ਉਹਨਾਂ ਦੀ ਪਤਨੀ ਪ੍ਰਸਿੱਧ ਅਦਾਕਾਰਾ ਜਸਵੰਤ ਦਮਨ ਵੱਲੋਂ ਕੀਤਾ ਜਾਵੇਗਾ। ਇਸ ਮੌਕੇ ਮਸ਼ਹੂਰ ਰੰਗਕਰਮੀ ਡਾ. ਸਾਹਿਬ ਸਿੰਘ ਅਤੇ ਉੱਘੇ ਨਿਰਦੇਸ਼ਕ ਸ਼ਬਦੀਸ਼ ਨਾਟਕ ਪ੍ਰਤੀ ਵਿਸ਼ੇਸ਼ ਗੱਲਬਾਤ ਕਰਨਗੇ। ਸਭਾ ਦੇ ਪ੍ਰਧਾਨ ਦੀਪਕ ਸ਼ਰਮਾ ਚਨਾਰਥਲ ਅਤੇ ਜਨਰਲ ਸਕੱਤਰ ਭੁਪਿੰਦਰ ਮਲਿਕ ਨੇ ਕਲਾ ਪ੍ਰੇਮੀਆਂ ਨੂੰ ਖੁੱਲ੍ਹਾ ਸੱਦਾ ਦਿੱਤਾ ਹੈ ਕਿ ਉਹ ਇਸ ਖ਼ੂਬਸੂਰਤ ਨਾਟ ਪਾਠ ਦਾ ਆਨੰਦ ਜ਼ਰੂਰ ਮਾਣਨ।

ਗੁਰਦੇਵ ਸਿੰਘ ਚੀਮਾ ਨਮਤ ਅੰਤਮ ਅਰਦਾਸ ਸਮਾਗਮ

ਡਿਪਟੀ ਸਪੀਕਰ ਜੈ ਕ੍ਰਿਸ਼ਨ ਸਿੰਘ ਰੌੜੀ ਨੇ ਹਾਜ਼ਰੀ ਭਰੀ

ਜੇਜੋਂ ਦੋਆਬਾ (ਨਿਰਮਲ ਸਿੰਘ ਮੁੱਗੋਵਾਲ)- ਚੇਅਰਮੈਨ ਰਣਜੀਤ ਸਿੰਘ ਚੀਮਾ ਦੇ ਸਤਿਕਾਰਯੋਗ ਪਿਤਾ ਸਵ. ਗੁਰਦੇਵ ਸਿੰਘ ਚੀਮਾ ਪਿੰਡ ਦੁੱਬਲੀ ਵਿਖੇ ਅੰਤਿਮ ਅਰਦਾਸ ਮੌਕੇ ਪੰਜਾਬ ਵਿਧਾਨ ਸਭਾ ਦੇ ਡਿਪਟੀ ਸਪੀਕਰ ਜੈ ਕ੍ਰਿਸ਼ਨ ਸਿੰਘ ਰੌੜੀ ਨੇ ਹਾਜ਼ਰੀ ਭਰਦਿਆਂ ਵਿਛੜੀ ਰੂਹ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ ਅਤੇ ਦੁਖੀ ਪਰਵਾਰ ਨਾਲ ਡੂੰਘਾ ਦੁੱਖ ਸਾਂਝਾ ਕੀਤਾ।ਡਿਪਟੀ ਸਪੀਕਰ ਰੌੜੀ ਨੇ ਕਿਹਾ ਕਿ ਸਵ. ਗੁਰਦੇਵ ਸਿੰਘ ਚੀਮਾ ਇੱਕ ਧਾਰਮਿਕ ਵਿਚਾਰਾਂ ਵਾਲੇ, ਸਾਦਾ ਜੀਵਨ ਜਿਉਣ ਵਾਲੇ ਅਤੇ ਸਮਾਜ ਵਿੱਚ ਸਤਿਕਾਰਯੋਗ ਸ਼ਖ਼ਸੀਅਤ ਸਨ। ਉਨ੍ਹਾਂ ਦੇ ਅਕਾਲ ਚਲਾਣੇ ਨਾਲ ਪਰਵਾਰ, ਰਿਸ਼ਤੇਦਾਰਾਂ ਅਤੇ ਜਾਣ-ਪਛਾਣ ਵਾਲਿਆਂ ਨੂੰ ਨਾ ਪੂਰਾ ਹੋਣ ਵਾਲਾ ਘਾਟਾ ਪਿਆ ਹੈ।ਅੰਤਿਮ ਅਰਦਾਸ ਸਮਾਗਮ ਦੌਰਾਨ ਵੱਡੀ

ਗਿਣਤੀ ਵਿੱਚ ਰਾਜਨੀਤਕ, ਧਾਰਮਿਕ, ਸਮਾਜਿਕ ਅਤੇ ਇਲਾਕੇ ਦੀਆਂ ਪ੍ਰਮੁੱਖ ਸ਼ਖ਼ਸੀਅਤਾਂ ਨੇ ਹਾਜ਼ਰੀ ਭਰਦਿਆਂ ਸਵ. ਗੁਰਦੇਵ ਸਿੰਘ ਚੀਮਾ ਨੂੰ ਸ਼ਰਧਾਂਜਲੀ ਭੇਟ ਕੀਤੀ।

District Level Micro Small Enterprises Facilitation Counsil Notice
(U/O 5 rule 20cpc)
In the court of Dalwinderjit Singh (DLMSEFC cum Deputy Commissioner Amritsar).

**M/s SRC EMBRIODERIES,
4-A DAYANAND NAGAR,
NEAR BIJLI PEHALWAN MANDIR,
AMRITSAR**
(claimant)

**M/S MAHAVIR TRADERS,
88-ABADI CITY, HEART AVENEW,
BATALA ROAD, AMRITSAR.**
(respondent)

Online application no and date- UDYAM-PB-01-0003816/5/00002 Date 02.01.2025

Application has been filed u/s section 18 MSME Act 2006 in DLMSEFC by M/s SRC EMBRIODERIES, 4-A DAYANAND NAGAR, NEAR BIJLI PEHALWAN MANDIR, AMRITSAR.

Publication issued to:
M/s MAHAVIR TRADERS,
Address:
88-ABADI CITY, HEART AVENEW, BATALA ROAD, AMRITSAR. (Punjab).

in the above title case, the defendants/respondent(s) could not be served. It is ordered that defendant (s)/ respondent(s) should appear in person or through council on 10/07/2026 at 11:00am. This is last opportunity to appear before the council otherwise the case will be exparte.

Dated this day of 09/06/26

**Member Secretary
cum General Manager,
(DLMSEFC) District Industries Centre,
Focal Point, Amritsar.**

Sukhbir Hospital & Nursing Home
NEAR CHIRAG PLACE, G.T. ROAD, PUTLIGHAR, AMRITSAR

ਪਬਲਿਕ ਨੋਟਿਸ

ਇਸ ਰਾਹੀਂ ਸਾਰੇ ਮਰੀਜ਼ਾਂ ਉਨ੍ਹਾਂ ਦੇ ਸਹਾਇਕ ਅਤੇ ਸੰਬੰਧਿਤ ਵਿਅਕਤੀਆਂ ਨੂੰ ਸੂਚਿਤ ਕੀਤਾ ਜਾਂਦਾ ਹੈ। ਕਿ ਸੁਖਬੀਰ ਹਸਪਤਾਲ ਐਂਡ ਨਰਸਿੰਗ ਹੋਮ ਵਲੋ ਸਾਲ 2011 ਤੋਂ 2016 ਤੱਕ ਦੇ ਮੈਡੀਕਲ ਰਿਕਾਰਡ ਨਸ਼ਟ ਕੀਤੇ ਜਾਣੇ ਹਨ। ਜਿਹੜੇ ਵੀ ਮਰੀਜ਼ ਕਾਨੂੰਨੀ ਵਾਰਸ ਅਧਿਕਾਰਤ ਪ੍ਰਤੀਨਿਧੀ ਬੀਮਾ ਕੰਪਨੀ ਜਾਂ ਹੋਰ ਕੋਈ ਸੰਬੰਧਿਤ ਵਿਅਕਤੀ ਉਪਰੋਕਤ ਮਿਆਦ ਨਾਲ ਸੰਬੰਧਿਤ ਮੈਡੀਕਲ ਰਿਕਾਰਡ ਡਿਸ ਚਾਰਜ ਸਮਰੀ ਜਾਂਚ ਰਿਪੋਰਟਾਂ ਬਿਲਾਂ ਜਾਂ ਕਿਸੇ ਹੋਰ ਸੰਬੰਧਿਤ ਦਸਤਾਵੇਜ਼ ਦੀ ਕਾਪੀ ਪ੍ਰਾਪਤ ਕਰਨਾ ਚਾਹੁੰਦਾ ਹਨ। ਓਹ ਇਸ ਨੋਟਿਸ ਦੇ ਪ੍ਰਕਾਸ਼ਨ ਦੀ ਤਾਰੀਖ ਤੋਂ 30 ਦਿਨਾਂ ਦੇ ਅੰਦਰ ਸੁਖਬੀਰ ਹਸਪਤਾਲ ਐਂਡ ਨਰਸਿੰਗ ਹੋਮ ਦੇ ਮੈਡੀਕਲ ਰਿਕਾਰਡ ਵਿਭਾਗ ਕੋਲ ਲਿਖਤੀ ਅਰਜੀ ਜਮਾਂ ਕਰਵਾਉਣ ਅਤੇ ਲੋੜੀਦੇ ਰਿਕਾਰਡ ਪ੍ਰਾਪਤ ਕਰ ਲੈਣ।

**ਅਧਿਕਾਰਤ ਹਸਤਾਖਰ ਕਰਤਾ
ਸੁਖਬੀਰ ਹਸਪਤਾਲ ਐਂਡ ਨਰਸਿੰਗ ਹੋਮ**

ਜ਼ਮੀਨੀ ਵਿਵਾਦ ਹਮਲੇ 'ਚ ਜ਼ਖ਼ਮੀ ਵਿਅਕਤੀ ਦੀ ਮੌਤ, 3 ਗ੍ਰਿਫ਼ਤਾਰ, ਮਾਂ-ਭਰਾ ਸਣੇ 6 ਨਾਮਜ਼ਦ

ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)-ਨਜ਼ਦੀਕੀ ਪਿੰਡ ਮੰਨਣ ਵਿੱਚ ਜ਼ਮੀਨੀ ਰੰਜਿਸ਼ ਨੂੰ ਲੈ ਕੇ ਹੋਏ ਝਗੜੇ ਵਿੱਚ ਗੰਭੀਰ ਜ਼ਖ਼ਮੀ ਹੋਏ ਹਰਪਿੰਦਰ ਸਿੰਘ ਦੀ ਇਲਾਜ ਦੌਰਾਨ ਮੌਤ ਹੋ ਗਈ। ਪੁਲਸ ਨੇ ਇਸ ਮਾਮਲੇ ਵਿੱਚ 3 ਮੁੱਖ ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕਰ ਲਿਆ, ਜਦਕਿ ਸਾਜ਼ਿਸ਼ ਵਿੱਚ ਸ਼ਾਮਲ ਮੁਲਜ਼ਮ ਦੀ ਮਾਂ ਅਤੇ ਭਰਾ ਸਣੇ 6 ਹੋਰ ਲੋਕਾਂ ਨੂੰ ਮਾਮਲੇ ਵਿੱਚ ਨਾਮਜ਼ਦ ਕੀਤਾ ਗਿਆ ਹੈ।ਡਾ. ਮਨਪ੍ਰੀਤ ਸ਼ੀਹਮਾਰ ਪੁਲਸ ਕਪਤਾਨ ਤਫ਼ਤੀਸ਼ ਹੁਸ਼ਿਆਰਪੁਰ ਨੇ ਦੱਸਿਆ ਕਿ 11 ਜੂਨ ਨੂੰ ਦੁਪਹਿਰ ਕਰੀਬ 12:00 ਤੋਂ 1:00 ਵਜੇ ਦੇ ਵਿਚਕਾਰ ਹਰਪਿੰਦਰ ਸਿੰਘ ਜਦੋਂ ਹੁਸ਼ਿਆਰਪੁਰ ਤੋਂ ਕੰਮ ਨਿਪਟਾ ਕੇ ਆਪਣੇ ਘਰ ਪਰਤ ਰਿਹਾ ਸੀ, ਤਾਂ ਘਰ ਤੋਂ ਮਹਿਜ਼ 100-150 ਫ਼ੁੱਟ ਦੀ ਦੂਰੀ 'ਤੇ ਘਾਤ ਲਾ ਕੇ ਬੈਠੇ ਹਮਲਾਵਰਾਂ ਨੇ ਉਸ ਨੂੰ ਘੇਰ ਲਿਆ। ਮੁਲਜ਼ਮਾਂ ਨੇ ਜਾਨੋਂ ਮਾਰਨ ਦੀ ਨੀਅਤ ਨਾਲ ਤੇਜ਼ਧਾਰ ਹਥਿਆਰਾਂ ਨਾਲ ਉਸ 'ਤੇ ਹਮਲਾ ਕਰ ਦਿੱਤਾ, ਜਿਸ ਕਾਰਨ ਉਹ ਗੰਭੀਰ ਜ਼ਖ਼ਮੀ ਹੋ ਗਿਆ। ਉਸ ਨੂੰ ਤੁਰੰਤ ਇਲਾਜ ਲਈ ਲਿਵਾਸਾ ਹਸਪਤਾਲ ਹੁਸ਼ਿਆਰਪੁਰ ਵਿਖੇ ਦਾਖਲ ਕਰਵਾਇਆ ਗਿਆ। ਉਹਨਾਂ ਦੱਸਿਆ ਕਿ ਘਟਨਾ ਤੋਂ ਬਾਅਦ ਮ੍ਰਿਤਕ ਦੀ ਪਤਨੀ ਸਰਬਜੀਤ ਕੌਰ ਦੇ ਬਿਆਨਾਂ ਦੇ ਆਧਾਰ 'ਤੇ ਥਾਣਾ ਸਦਰ ਹੁਸ਼ਿਆਰਪੁਰ ਵਿਖੇ ਭੁਪਿੰਦਰ ਸਿੰਘ ਉਰਫ ਮੰਨੂ, ਗੁਰਿੰਦਰ ਸਿੰਘ ਉਰਫ ਭਿੰਦਾ (ਦੋਵੇਂ ਵਾਸੀ ਮੰਨਣ), ਰਜਿੰਦਰ ਸਿੰਘ ਉਰਫ ਕਾਕਾ (ਵਾਸੀ ਬਸੀ ਹਸਤ ਖਾਂ/ਮੰਨਣ) ਅਤੇ 2-3 ਅਣਪਛਾਤੇ ਵਿਅਕਤੀਆਂ ਖ਼ਿਲਾਫ਼ ਮੁਕੱਦਮਾ ਦਰਜ ਕੀਤਾ ਗਿਆ।ਉਹਨਾਂ ਦੱਸਿਆ ਕਿ ਤਫ਼ਤੀਸ਼ ਦੌਰਾਨ ਸਾਹਮਣੇ ਆਇਆ ਕਿ ਦੋਵਾਂ ਧਿਰਾਂ ਵਿਚਕਾਰ ਕਾਫੀ ਸਮੇਂ ਤੋਂ ਜ਼ਮੀਨੀ ਵਿਵਾਦ ਚੱਲ ਰਿਹਾ ਸੀ, ਜਿਸ ਦੀ ਰੰਜਿਸ਼ ਤਹਿਤ ਇਸ ਵਾਰਦਾਤ ਨੂੰ ਅੰਜਾਮ ਦਿੱਤਾ ਗਿਆ। ਇਲਾਜ ਦੌਰਾਨ ਹਰਪਿੰਦਰ ਸਿੰਘ ਦੀ ਮੌਤ ਹੋ ਜਾਣ ਤੋਂ ਬਾਅਦ ਪੁਲਸ ਵੱਲੋਂ ਮੁਕੱਦਮੇ ਵਿੱਚ ਵਾਧਾ ਜੁਰਮ ਕਰਦਿਆਂ ਕਤਲ ਦੀ ਧਾਰਾ 103 ਬੀ ਐਨ ਐਸ ਜੋੜ ਦਿੱਤੀ ਗਈ ਹੈ। ਪੁਲਸ ਕਪਤਾਨ ਨੇ ਦੱਸਿਆ ਕਿ ਮਾਮਲੇ ਦੇ ਤਿੰਨ ਨਾਮਜ਼ਦ ਮੁਲਜ਼ਮਾਂ ਭੁਪਿੰਦਰ ਸਿੰਘ ਉਰਫ ਮੰਨੂ, ਗੁਰਿੰਦਰ ਸਿੰਘ ਉਰਫ ਭਿੰਦਾ ਅਤੇ ਰਜਿੰਦਰ ਸਿੰਘ ਉਰਫ ਕਾਕਾ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਹੈ।ਇਸ ਤੋਂ ਇਲਾਵਾ, ਪੁਲਸ ਟੀਮ ਵੱਲੋਂ ਕੀਤੀ ਗਈ ਸਖ਼ਤ ਤਫ਼ਤੀਸ਼ ਦੌਰਾਨ ਵਾਰਦਾਤ ਵਿੱਚ ਸ਼ਾਮਲ ਅਣਪਛਾਤੇ ਮੁਲਜ਼ਮਾਂ ਦੀ ਪਛਾਣ ਅਰਸ਼, ਜੱਗਾ (ਦੋਵੇਂ ਵਾਸੀ ਨਾਰੂ ਨੰਗਲ), ਸਾਲੂ (ਵਾਸੀ ਵੱਡੀ ਬਸੀ) ਅਤੇ ਜੀਤਾ (ਵਾਸੀ ਸਿੰਘਪੁਰ) ਵਜੋਂ ਹੋਈ ਹੈ, ਜਿਨ੍ਹਾਂ ਨੂੰ ਕੇਸ ਵਿੱਚ ਨਾਮਜ਼ਦ ਕਰ ਲਿਆ ਗਿਆ ਹੈ। ਪੁਲਸ ਮੁਤਾਬਕ ਹਰਪਿੰਦਰ ਸਿੰਘ ਦੇ ਕਤਲ ਦੀ ਸਾਜ਼ਿਸ਼ ਰਚਣ ਅਤੇ ਸ਼ਹਿ ਦੇਣ ਦੇ ਦੋਸ਼ ਹੇਠ ਮੁੱਖ ਮੁਲਜ਼ਮ ਭੁਪਿੰਦਰ ਸਿੰਘ ਦੀ ਮਾਂ ਅਵਤਾਰ ਕੌਰ ਅਤੇ ਭਰਾ ਮਨਿੰਦਰ ਸਿੰਘ ਨੂੰ ਵੀ ਨਾਮਜ਼ਦ ਕੀਤਾ ਗਿਆ ਹੈ। ਪੁਲਸ ਅਧਿਕਾਰੀਆਂ ਨੇ ਦੱਸਿਆ ਕਿ ਫ਼ਰਾਰ ਮੁਲਜ਼ਮਾਂ ਨੂੰ ਜਲਦ ਤੋਂ ਜਲਦ ਗ੍ਰਿਫ਼ਤਾਰ ਕਰ ਲਿਆ ਜਾਵੇਗਾ।

ਉੱਤਰ ਰੇਲਵੇ

ਈ-ਨਿਵਿਦਾ ਸੂਚਨਾ

ਮੰਡਲ ਇੰਜੀਨੀਅਰ-ਹੈਡਕੁਆਟਰ ਫਿਰੋਜ਼ਪੁਰ ਦੁਆਰਾ ਭਾਰਤ ਦੇ ਰਾਸ਼ਟਰਪਤੀ ਦੇ ਵਲੋਂ ਹੇਠਾਂ ਲਿਖਤ ਈ-ਨਿਵਿਦਾਵਾਂ, ਅੰਤਮ ਮਿਤੀ 06.07.2026 ਸਮਾਂ 15.00 ਵਜੇ ਤਕ, www.ireps.gov.in ਮੰਗ ਕੀਤੀ ਜਾਂਦੀ ਹੈ। ਨਿਵਿਦਾਕਰਤਾ ਆਪਣੇ ਮੂਲ/ਸੰਸ਼ੋਧਿਤ ਟੈਂਡਰ ਮਿਤੀ ਅਤੇ ਸਮੇਂ ਤਕ ਪੇਸ਼ ਕਰ ਸਕਦੇ ਹਨ।ਮੈਨੂੰਅਲ ਨਿਵਿਦਾ ਮਾਨਯ ਨਹੀਂ ਹੈ ਅਤੇ ਐਸੇ ਕਿਸੇ ਵੀ ਮੈਨੂੰਅਲ ਪ੍ਰਾਪਤ ਪ੍ਰਸਤਾਵ ਨੂੰ ਸਵੀਕਾਰ ਨਹੀਂ ਕੀਤਾ ਜਾਵੇਗਾ।ਠੇਕੇਦਾਰ ਨਿਵਿਦਾ ਫਾਰਮ ਦੀ ਲਾਗਤ ਅਤੇ ਬਿਆਨਾ ਰਾਸ਼ੀ ਦਾ ਭੁਗਤਾਨ ਕੇਵਲ www.ireps.gov.in ਪੋਰਟਲ ਉਤੇ ਉਪਲਬਧ ਆਨ ਲਾਈਨ ਸਾਧਨਾ ਦੇ ਮਾਧਿਅਮ ਨਾਲ ਜਿਵੇਂ ਨੈਟ ਬੈਂਕਿੰਗ, ਡੇਬਿਟ ਕਾਰਡ, ਤੇ ਕਰੈਡਿਟ ਕਾਰਡ ਆਦਿ ਲਾਲ ਭੁਗਤਾਨ ਕਰ ਸਕਦੇ ਹਨ। ਡਿਮਾਂਡ ਡ੍ਰਾਫਟ, ਬੈਂਕਰਸ ਚੈਕ, ਐਫ.ਡੀ.ਆਰ. ਤੇ ਰਸੀਦਾਂ ਆਦਿ ਦੇ ਮਾਧਿਅਮ ਨਾਲ ਭੁਗਤਾਨ ਦੀ ਇਜਾਜਤ ਨਹੀਂ ਹੈ।

ਨਿਵਿਦਾ ਪ੍ਰਕਾਰ	ਖੁਲ੍ਹਾ	ਨਿਵਿਦਾ ਅਨੁਭਾਗ	ਕੰਮ	ਬੋਲੀ ਪ੍ਰਣਾਲੀ	ਸਿੰਗਲ ਅਤੇ ਸੈਕਿੰਡ ਪੈਕੇਟ ਪ੍ਰਣਾਲੀ
ਨਿਵਿਦਾ ਅਪਲੋਡ ਕਰਨ ਦੀ ਮਿਤੀ	11.06.2026	ਬੋਲੀ ਸ਼ੁਰੂ ਦੀ ਮਿਤੀ	22.06.2026	ਨਿਵਿਦਾ ਸਮਾਪਨ ਦੀ ਮਿਤੀ ਅਤੇ ਸਮਾਂ	06.07.2026/ 15:00 ਵਜੇ

ਲ.ਨੰ.	ਨਿਵਿਦਾ ਨੰ. ਮਿਤੀ	ਨਿਵਿਦਾ ਦਾ ਵੇਰਵਾ		
1.	39-2026-27-ADEN-1-FZR	ਸਹਾਇਕ ਮੰਡਲ ਇੰਜੀਨੀਅਰ-ਫਸਟ/ਫਿਰੋਜ਼ਪੁਰ ਦੇ ਤਹਿਤ ਜਗਰਾਂਵ, ਤਲਵੰਡੀ, ਰੋਰਨਵਾਲਾ, ਚੰਦ ਭਾਨ, ਗੋਲੇਵਾਲਾ, ਫਿਰੋਜ਼ਸ਼ਾਹ, ਡਗਰੂ ਅਤੇ ਗਿਆਨੀ ਜੈਲ ਸਿੰਘ ਸੰਧਵਾ ਸਟੇਸ਼ਨਾਂ ਤੇ ਮੌਜੂਦਾ ਪਲੇਟਫਾਰਮ ਦੀ ਰੀ-ਸਰਫੇਸਿੰਗ ਅਤੇ ਸਰਕੂਲੇਟਿੰਗ ਏਰੀਆ ਵਿਚ ਸੁਧਾਰ ਦਾ ਕੰਮ।		
	ਵਿਗਿਆਪਨ ਮੁੱਲ	ਬਿਆਨਾ ਰਾਸ਼ੀ (ਰੁ)	ਆਫਰ ਦੀ ਵੈਲੇਡਿਟੀ	ਸਮਾਪਨ ਦੀ ਅਵਧੀ
	₹8,50,66,427.12	₹17,01,300/-	60 ਦਿਨ	12 ਮਹੀਨੇ
	ਸਮਾਨ ਨੇਚਰ ਦਾ ਕੰਮ: "ਟ੍ਰੈਕ ਕੰਮ ਦੇ ਇਲਾਵਾ ਕੋਈ ਵੀ ਸਿਵਿਲ ਕੰਮ।"			
2.	40-2026-27-ADEN-2-FZR	ਸਹਾਇਕ ਮੰਡਲ ਇੰਜੀਨੀਅਰ-ਸੈਕਿੰਡ/ਫਿਰੋਜ਼ਪੁਰ ਦੇ ਤਹਿਤ ਮੱਲੌਨਾਵਾਲਾ ਖਾਸ (MWX), ਖੋਜੇਵਾਲਾ (KWJ) ਫਿਰੋਜ਼ਪੁਰ ਸਿਟੀ (FZP), ਪਾਜਿਯਨ (PJA), ਚੂੜੀਵਾਲਾ ਧੰਨਾ (CWDA) ਅਤੇ ਖੁਈ ਖੇੜਾ (KUKA) ਵਿਚ ਮੌਜੂਦਾ ਪਲੇਟਫਾਰਮਾਂ ਦੀ ਮੁੜ ਉਸਾਰੀ ਅਤੇ ਪਰਿਸੰਰਚਨ ਖੇਤਰ ਵਿਚ ਸੁਧਾਰ ਦਾ ਪ੍ਰਾਵਧਾਨ।		
	ਵਿਗਿਆਪਨ ਮੁੱਲ	ਬਿਆਨਾ ਰਾਸ਼ੀ (ਰੁ)	ਆਫਰ ਦੀ ਵੈਲੇਡਿਟੀ	ਸਮਾਪਨ ਦੀ ਅਵਧੀ
	₹15,54,53,491.90	₹31,09,100/-	90 ਦਿਨ	06 ਮਹੀਨੇ
	ਸਮਾਨ ਨੇਚਰ ਦਾ ਕੰਮ: "ਟ੍ਰੈਕ ਕੰਮ ਦੇ ਇਲਾਵਾ ਕੋਈ ਵੀ ਸਿਵਿਲ ਕੰਮ।"			

ਨੋਟ : 1. ਨਿਵਿਦਾ ਪਾਉਣ ਤੋਂ ਪਹਿਲਾਂ ਨਿਵਿਦਾਕਰਤਾ ਨਿਵਿਦਾ ਦੇ ਸਬੰਧ ਵਿਚ ਜਾਰੀ ਕੀਤੇ ਗਏ ਕਿਸੇ ਵੀ ਸ਼ੁਧੀਪੱਤਰ ਦੀ ਜਾਂਚ ਕਰਨਗੇ। 2. ਹਿੰਦੀ ਵਿਚ ਕਿਸੇ ਵੀ ਗਲਤੀ ਲਈ ਅੰਗ੍ਰੇਜ਼ੀ ਵਰਜਨ ਦਾ ਅਵਲੋਕਨ ਕਰੋ, ਅਤੇ ਅੰਗ੍ਰੇਜ਼ੀ ਵਰਜਨ ਹੀ ਮਾਨਯ ਹੋਣਗੇ।

ਨਿਵਿਦਾ ਨੰਬਰ:-39-2026-27-ADEN-1-FZR & 40-2026-27-ADEN-2-FZR ਤਾਰੀਕ : 12.06.2026 2031/2026

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ

☛ ਯਾਤਰੀਗਣ ਕ੍ਰਿਪਾ ਧਿਆਨ ਦੇਣ ! ☚

ਇਮਤਿਹਾਨ ਵਿਸ਼ੇਸ਼ ਰੇਲਗੱਡੀਆਂ-2026

ਸਰਵ ਸਬੰਧਿਤ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਉੱਤਰ ਰੇਲਵੇ ਦੁਆਰਾ ਆਰ.ਆਰ.ਬੀ. ਐਨਟੀਪੀਸੀ ਇਮਤਿਹਾਨ ਵਿਚ ਸ਼ਾਮਿਲ ਹੋਣ ਵਾਲੇ ਉਮੀਦਵਾਰਾਂ ਦੀ ਸੁਵਿਧਾ ਦੇ ਲਈ ਹੇਠਾ ਲਿਖੀ ਇਮਤਿਹਾਨ ਵਿਸ਼ੇਸ਼ ਰੇਲਗੱਡੀਆਂ ਚਲਾਈ ਜਾਵੇਗੀ, ਜਿਨ੍ਹਾਂ ਦਾ ਵੇਰਵਾ ਹੇਠਾ ਅਨੁਸਾਰ ਹੈ:-

ਰੇਲਗੱਡੀ ਨੰ: 04321/04322 ਮੁਰਾਦਾਬਾਦ - ਦੇਹਰਾਦੂਨ - ਮੁਰਾਦਾਬਾਦ ਅਣਰਿਜ਼ਵਰ ਇਮਤਿਹਾਨ ਵਿਸ਼ੇਸ਼ ਐਕਸਪ੍ਰੈਸ (05 ਫੇਰੇ)

ਗੱਡੀ ਨੰ: 04321 ਆਉਣਾ	ਜਾਣਾ	↓ ਸਟੇਸ਼ਨ ↑	ਗੱਡੀ ਨੰ: 04322 ਆਉਣਾ	ਜਾਣਾ
----	22:00	ਮੁਰਾਦਾਬਾਦ	05:00	----
06:15	----	ਦੇਹਰਾਦੂਨ	----	19:50

ਚਲਨ ਦੇ ਦਿਨ : 04321 ਮੁਰਾਦਾਬਾਦ ਤੋਂ ਮਿਤੀ 13.06.2026 ਤੇ 14.06.2026 ਨੂੰ ਅਤੇ 04322 ਦੇਹਰਾਦੂਨ ਤੋਂ ਮਿਤੀ 13.06.2026, 14.06.2026 ਤੇ 15.06.2026 ਨੂੰ।
ਠਹਿਰਾਵ : ਅਮਰੋਹਾ, ਗਜਰੋਲਾ ਜੰ:, ਮੰਡੀ ਘਨੋਰਾ, ਚਾਂਦ ਸਿਯਾਊ, ਹਲਦੋਰ, ਬਿਜਨੋਰ, ਬਾਸੀ ਕਿਰਤਪੁਰ, ਮੁਅਜਜਮਪੁਰ ਨਾਰਾਯਣ ਜੰ:, ਲਕਸਰ ਜੰ:, ਜਵਾਲਾਪੁਰ ਅਤੇ ਹਰਿਦੁਆਰ ਜੰ: ਸਟੇਸ਼ਨ।
ਜਗ੍ਹਾਂ : ਜਨਰਲ ਸ਼੍ਰੇਣੀ।

ਰੇਲਗੱਡੀ ਨੰ: 04323/04324 ਬਰੇਲੀ - ਗਾਜ਼ੀਆਬਾਦ - ਬਰੇਲੀ ਅਣਰਿਜ਼ਵਰ ਇਮਤਿਹਾਨ ਵਿਸ਼ੇਸ਼ ਐਕਸਪ੍ਰੈਸ (05 ਫੇਰੇ)

ਗੱਡੀ ਨੰ: 04323 ਆਉਣਾ	ਜਾਣਾ	↓ ਸਟੇਸ਼ਨ ↑	ਗੱਡੀ ਨੰ: 04324 ਆਉਣਾ	ਜਾਣਾ
----	22:50	ਬਰੇਲੀ	23:50	----
04:35	----	ਗਾਜ਼ੀਆਬਾਦ	----	20:10

ਚਲਨ ਦੇ ਦਿਨ : 04323 ਬਰੇਲੀ ਤੋਂ ਮਿਤੀ 13.06.2026 ਤੇ 14.06.2026 ਨੂੰ ਅਤੇ 04324 ਗਾਜ਼ੀਆਬਾਦ ਤੋਂ ਮਿਤੀ 13.06.2026, 14.06.2026 ਤੇ 15.06.2026 ਨੂੰ।
ਠਹਿਰਾਵ : ਰਾਮਪੁਰ, ਮੁਰਾਦਾਬਾਦ, ਅਮਰੋਹਾ, ਗਜਰੋਲਾ ਜੰ: ਅਤੇ ਹਾਪੁੜ ਸਟੇਸ਼ਨ।
ਜਗ੍ਹਾਂ : ਜਨਰਲ ਸ਼੍ਰੇਣੀ।

ਰੇਲਗੱਡੀ ਨੰ: 04425 ਨਵੀਂ ਦਿੱਲੀ - ਸਹਾਰਨਪੁਰ ਜੰ: ਅਣਰਿਜ਼ਵਰ ਇਮਤਿਹਾਨ ਵਿਸ਼ੇਸ਼ ਐਕਸਪ੍ਰੈਸ (04 ਫੇਰੇ)

ਸਟੇਸ਼ਨ ↓	ਗੱਡੀ ਨੰ: 04425 ਆਉਣਾ	ਜਾਣਾ
ਨਵੀਂ ਦਿੱਲੀ	----	04:30
ਸਹਾਰਨਪੁਰ ਜੰ:	08:30	----

ਚਲਨ ਦੇ ਦਿਨ : 04424 ਨਵੀਂ ਦਿੱਲੀ ਤੋਂ ਮਿਤੀ 13.06.2026, 14.06.2026 15.06.2026 ਤੇ 16.06.2026 ਨੂੰ।
ਠਹਿਰਾਵ : ਤਿਲਕ ਬ੍ਰਿਜ, ਆਨੰਦ ਵਿਹਾਰ, ਸਾਹਿਬਾਬਾਦ, ਗਾਜ਼ੀਆਬਾਦ, ਨਵਾ ਗਾਜ਼ੀਆਬਾਦ, ਮੁਰਾਦਨਗਰ, ਮੋਦੀਨਗਰ, ਮੇਰਠ ਨਗਰ, ਮੇਰਠ ਛਾਵਣੀ, ਦੋਰਾਲਾ, ਖਤੋਲੀ, ਮਨਸੂਰਪੁਰ, ਮੁਜੱਫਰਨਗਰ, ਦੇਵਬੰਦ, ਨਾਗਲ ਅਤੇ ਟਪਰੀ ਜੰ: ਸਟੇਸ਼ਨ।
ਜਗ੍ਹਾਂ : ਜਨਰਲ ਸ਼੍ਰੇਣੀ।

ਰੇਲਗੱਡੀ ਨੰ: 04426 ਸਹਾਰਨਪੁਰ ਜੰ: - ਸ਼ਕੂਰ ਬਸਤੀ ਅਣਰਿਜ਼ਵਰ ਇਮਤਿਹਾਨ ਵਿਸ਼ੇਸ਼ ਐਕਸਪ੍ਰੈਸ (04 ਫੇਰੇ)

ਸਟੇਸ਼ਨ ↓	ਗੱਡੀ ਨੰ: 04426 ਆਉਣਾ	ਜਾਣਾ
ਸਹਾਰਨਪੁਰ ਜੰ:	----	11:30
ਸ਼ਕੂਰ ਬਸਤੀ	16:20	----

ਚਲਨ ਦੇ ਦਿਨ : 04426 ਸਹਾਰਨਪੁਰ ਤੋਂ ਮਿਤੀ 13.06.2026, 14.06.2026 15.06.2026 ਤੇ 16.06.2026 ਨੂੰ।
ਠਹਿਰਾਵ : ਟਪਰੀ ਜੰ:, ਨਾਗਲ, ਦੇਵਬੰਦ, ਮੁਜੱਫਰਨਗਰ, ਮਨਸੂਰਪੁਰ, ਖਤੋਲੀ, ਦੋਰਾਲਾ, ਮੇਰਠ ਛਾਵਣੀ, ਮੇਰਠ ਨਗਰ, ਮੋਦੀਨਗਰ, ਮੁਰਾਦਨਗਰ, ਨਵਾ ਗਾਜ਼ੀਆਬਾਦ, ਗਾਜ਼ੀਆਬਾਦ, ਸਾਹਿਬਾਬਾਦ, ਆਨੰਦ ਵਿਹਾਰ, ਤਿਲਕ ਬ੍ਰਿਜ, ਨਵੀਂ ਦਿੱਲੀ, ਦਿੱਲੀ ਕਿਸ਼ਨਗੰਜ ਅਤੇ ਦਯਾ ਬਸਤੀ ਸਟੇਸ਼ਨ।
ਜਗ੍ਹਾਂ : ਜਨਰਲ ਸ਼੍ਰੇਣੀ।

ਰੇਲਗੱਡੀ ਨੰ: 04427 ਸ਼ਕੂਰ ਬਸਤੀ - ਸਹਾਰਨਪੁਰ ਜੰ: ਅਣਰਿਜ਼ਵਰ ਇਮਤਿਹਾਨ ਵਿਸ਼ੇਸ਼ ਐਕਸਪ੍ਰੈਸ (04 ਫੇਰੇ)

ਸਟੇਸ਼ਨ ↓	ਗੱਡੀ ਨੰ: 04427 ਆਉਣਾ	ਜਾਣਾ
ਸ਼ਕੂਰ ਬਸਤੀ	----	17:15
ਸਹਾਰਨਪੁਰ ਜੰ:	22:00	----

ਚਲਨ ਦੇ ਦਿਨ : 04427 ਸ਼ਕੂਰ ਬਸਤੀ ਤੋਂ ਮਿਤੀ 13.06.2026, 14.06.2026 15.06.2026 ਤੇ 16.06.2026 ਨੂੰ।
ਠਹਿਰਾਵ : ਦਯਾ ਬਸਤੀ, ਦਿੱਲੀ ਕਿਸ਼ਨਗੰਜ, ਨਵੀਂ ਦਿੱਲੀ, ਤਿਲਕ ਬ੍ਰਿਜ, ਆਨੰਦ ਵਿਹਾਰ, ਸਾਹਿਬਾਬਾਦ, ਗਾਜ਼ੀਆਬਾਦ, ਨਵਾ ਗਾਜ਼ੀਆਬਾਦ, ਮੁਰਾਦਨਗਰ, ਮੋਦੀਨਗਰ, ਮੇਰਠ ਨਗਰ, ਮੇਰਠ ਛਾਵਣੀ, ਦੋਰਾਲਾ, ਖਤੋਲੀ, ਮਨਸੂਰਪੁਰ, ਮਜੱਫਰਨਗਰ, ਦੇਵਬੰਦ, ਨਾਗਲ ਅਤੇ ਟਪਰੀ ਜੰ: ਸਟੇਸ਼ਨ।
ਜਗ੍ਹਾਂ : ਜਨਰਲ ਸ਼੍ਰੇਣੀ।

ਰੇਲਗੱਡੀ ਨੰ: 04428 ਸਹਾਰਨਪੁਰ - ਸ਼ਕੂਰ ਬਸਤੀ ਅਣਰਿਜ਼ਵਰ ਇਮਤਿਹਾਨ ਵਿਸ਼ੇਸ਼ ਐਕਸਪ੍ਰੈਸ (04 ਫੇਰੇ)

ਸਟੇਸ਼ਨ ↓	ਗੱਡੀ ਨੰ: 04428 ਆਉਣਾ	ਜਾਣਾ
ਸਹਾਰਨਪੁਰ ਜੰ:	----	04:45
ਸ਼ਕੂਰ ਬਸਤੀ	09:40	----

ਚਲਨ ਦੇ ਦਿਨ : 04428 ਸਹਾਰਨਪੁਰ ਜੰ: ਤੋਂ ਮਿਤੀ 14.06.2026 15.06.2026, 16.06.2026 ਤੇ 17.06.2026 ਨੂੰ।
ਠਹਿਰਾਵ : ਟਪਰੀ ਜੰ:, ਨਾਗਲ, ਦੇਵਬੰਦ, ਮੁਜੱਫਰਨਗਰ, ਮਨਸੂਰਪੁਰ, ਖਤੋਲੀ, ਦੋਰਾਲਾ, ਮੇਰਠ ਛਾਵਣੀ, ਮੇਰਠ ਨਗਰ, ਮੋਦੀਨਗਰ, ਮੁਰਾਦਨਰਗ, ਨਵਾ ਗਾਜ਼ੀਆਬਾਦ, ਗਾਜ਼ੀਆਬਾਦ, ਸਾਹਿਬਾਬਾਦ, ਆਨੰਦ ਵਿਹਾਰ, ਤਿਲਕ ਬ੍ਰਿਜ, ਨਵੀਂ ਦਿੱਲੀ, ਦਿੱਲੀ ਕਿਸ਼ਨਗੰਜ ਅਤੇ ਦਯਾ ਬਸਤੀ ਸਟੇਸ਼ਨ।
ਜਗ੍ਹਾਂ : ਜਨਰਲ ਸ਼੍ਰੇਣੀ।

ਰੇਲਗੱਡੀ ਨੰ: 04429 ਸ਼ਕੂਰ ਬਸਤੀ - ਸਹਾਰਨਪੁਰ ਜੰ: ਅਣਰਿਜ਼ਵਰ ਇਮਤਿਹਾਨ ਵਿਸ਼ੇਸ਼ ਐਕਸਪ੍ਰੈਸ (04 ਫੇਰੇ)

ਸਟੇਸ਼ਨ ↓	ਗੱਡੀ ਨੰ: 04429 ਆਉਣਾ	ਜਾਣਾ
ਸ਼ਕੂਰ ਬਸਤੀ	----	10:50
ਸਹਾਰਨਪੁਰ ਜੰ:	15:30	----

ਚਲਨ ਦੇ ਦਿਨ : 04429 ਸ਼ਕੂਰ ਬਸਤੀ ਤੋਂ ਮਿਤੀ 13.06.2026, 14.06.2026 15.06.2026 ਤੇ 16.06.2026 ਨੂੰ।
ਠਹਿਰਾਵ : ਦਯਾ ਬਸਤੀ, ਦਿੱਲੀ ਕਿਸ਼ਨਗੰਜ, ਨਵੀਂ ਦਿੱਲੀ, ਤਿਲਕ ਬ੍ਰਿਜ, ਆਨੰਦ ਵਿਹਾਰ, ਸਾਹਿਬਾਬਾਦ, ਗਾਜ਼ੀਆਬਾਦ, ਨਵਾ ਗਾਜ਼ੀਆਬਾਦ, ਮੁਰਾਦਨਗਰ, ਮੋਦੀਨਗਰ, ਮੇਰਠ ਨਗਰ, ਮੇਰਠ ਛਾਵਣੀ, ਦੋਰਾਲਾ, ਖਤੋਲੀ, ਮਨਸੂਰਪੁਰ, ਮਜੱਫਰਨਗਰ, ਦੇਵਬੰਦ, ਨਾਗਲ ਅਤੇ ਟਪਰੀ ਜੰ: ਸਟੇਸ਼ਨ।
ਜਗ੍ਹਾਂ : ਜਨਰਲ ਸ਼੍ਰੇਣੀ।

ਰੇਲਗੱਡੀ ਨੰ: 04430 ਸਹਾਰਨਪੁਰ ਜੰ: - ਨਵੀਂ ਦਿੱਲੀ ਅਣਰਿਜ਼ਵਰ ਇਮਤਿਹਾਨ ਵਿਸ਼ੇਸ਼ ਐਕਸਪ੍ਰੈਸ (04 ਫੇਰੇ)

ਸਟੇਸ਼ਨ ↓	ਗੱਡੀ ਨੰ: 04430 ਆਉਣਾ	ਜਾਣਾ
ਸਹਾਰਨਪੁਰ ਜੰ:	----	17:45
ਨਵੀਂ ਦਿੱਲੀ	22:30	----

ਚਲਨ ਦੇ ਦਿਨ : 04430 ਸਹਾਰਨਪੁਰ ਤੋਂ ਮਿਤੀ 13.06.2026, 14.06.2026 15.06.2026 ਤੇ 16.06.2026 ਨੂੰ।
ਠਹਿਰਾਵ : ਟਪਰੀ ਜੰ:, ਨਾਗਲ, ਦੇਵਬੰਦ, ਮੁਜੱਫਰਨਗਰ, ਮਨਸੂਰਪੁਰ, ਖਤੋਲੀ, ਦੋਰਾਲਾ, ਮੇਰਠ ਛਾਵਣੀ, ਮੇਰਠ ਨਗਰ, ਮੋਦੀਨਗਰ, ਮੁਰਾਦਨਗਰ, ਨਵਾ ਗਾਜ਼ੀਆਬਾਦ, ਗਾਜ਼ੀਆਬਾਦ, ਸਾਹਿਬਾਬਾਦ, ਆਨੰਦ ਵਿਹਾਰ, ਤਿਲਕ ਬ੍ਰਿਜ, ਨਵੀਂ ਦਿੱਲੀ, ਦਿੱਲੀ ਕਿਸ਼ਨਗੰਜ ਅਤੇ ਦਯਾ ਬਸਤੀ ਸਟੇਸ਼ਨ।
ਜਗ੍ਹਾਂ : ਜਨਰਲ ਸ਼੍ਰੇਣੀ।

ਰੇਲਗੱਡੀ ਨੰ: 04643/04644 ਫ਼ਿਰੋਜ਼ਪੁਰ ਛਾਵਣੀ - ਅੰਮ੍ਰਿਤਸਰ ਫ਼ਿਰੋਜ਼ਪੁਰ ਛਾਵਣੀ ਅਣਰਿਜ਼ਵਰ ਇਮਤਿਹਾਨ ਵਿਸ਼ੇਸ਼ ਐਕਸਪ੍ਰੈਸ (16 ਫੇਰੇ)

ਗੱਡੀ ਨੰ: 04643 ਆਉਣਾ	ਜਾਣਾ	↓ ਸਟੇਸ਼ਨ ↑	ਗੱਡੀ ਨੰ: 04644 ਆਉਣਾ	ਜਾਣਾ
----	05:10	ਫ਼ਿਰੋਜ਼ਪੁਰ ਛਾਵਣੀ	23:20	----
09:30	----	ਅੰਮ੍ਰਿਤਸਰ	----	19:30

ਚਲਨ ਦੇ ਦਿਨ : 04643 ਫ਼ਿਰੋਜ਼ਪੁਰ ਛਾਵਣੀ ਅਤੇ 04644 ਅੰਮ੍ਰਿਤਸਰ ਤੋਂ ਮਿਤੀ 13.06.2026 20.06.2026 ਤਕ
ਠਹਿਰਾਵ : ਮਕਖੂ, ਲੋਹਿਯਾ ਖਾਸ ਜੰ:, ਸੁਲਤਾਨਪੁਰ ਲੋਦੀ, ਕਪੂਰਥਲਾ, ਜਲੰਧਰ ਸ਼ਹਿਰ ਅਤੇ ਬਯਾਸ ਸਟੇਸ਼ਨ।
ਜਗ੍ਹਾਂ : ਜਨਰਲ ਸ਼੍ਰੇਣੀ।

ਰੇਲਗੱਡੀ ਨੰ: 04645/04646 ਲੁਧਿਆਣਾ ਜੰ: - ਜਲੰਧਰ ਸ਼ਹਿਰ - ਲੁਧਿਆਣਾ ਜੰ: ਅਣਰਿਜ਼ਵਰ ਇਮਤਿਹਾਨ ਵਿਸ਼ੇਸ਼ ਐਕਸਪ੍ਰੈਸ (16 ਫੇਰੇ)

ਗੱਡੀ ਨੰ: 04645 ਆਉਣਾ	ਜਾਣਾ	↓ ਸਟੇਸ਼ਨ ↑	ਗੱਡੀ ਨੰ: 04646 ਆਉਣਾ	ਜਾਣਾ
----	12:00	ਲੁਧਿਆਣਾ ਜੰ:	20:50	----
13:10	----	ਜਲੰਧਰ ਸ਼ਹਿਰ	----	19:30

ਚਲਨ ਦੇ ਦਿਨ : 04645 ਲੁਧਿਆਣਾ ਜੰ: ਤੋਂ ਅਤੇ 04646 ਜਲੰਧਰ ਸ਼ਹਿਰ ਤੋਂ ਮਿਤੀ 13.06.2026 20.06.2026 ਤਕ
ਠਹਿਰਾਵ : ਫਿਲੌਰ ਜੰ: ਅਤੇ ਫਗਵਾੜਾ ਜੰ: ਸਟੇਸ਼ਨ।
ਜਗ੍ਹਾਂ : ਜਨਰਲ ਸ਼੍ਰੇਣੀ।

ਰੇਲਗੱਡੀ ਨੰ: 04549/04550 ਸਹਾਰਨਪੁਰ ਜੰ: - ਜਲੰਧਰ ਸ਼ਹਿਰ - ਸਹਾਰਨਪੁਰ ਜੰ: ਅਣਰਿਜ਼ਵਰ ਇਮਤਿਹਾਨ ਵਿਸ਼ੇਸ਼ ਐਕਸਪ੍ਰੈਸ (16 ਫੇਰੇ)

ਗੱਡੀ ਨੰ: 04549 ਆਉਣਾ	ਜਾਣਾ	↓ ਸਟੇਸ਼ਨ ↑	ਗੱਡੀ ਨੰ: 04550 ਆਉਣਾ	ਜਾਣਾ
----	05:00	ਸਹਾਰਨਪੁਰ ਜੰ:	21:15	----
10:50	----	ਜਲੰਧਰ ਸ਼ਹਿਰ	----	15:20

ਚਲਨ ਦੇ ਦਿਨ : 04549 ਸਹਾਰਨਪੁਰ ਜੰ: ਤੋਂ ਅਤੇ 04550 ਜਲੰਧਰ ਸ਼ਹਿਰ ਤੋਂ ਮਿਤੀ 13.06.2026 20.06.2026 ਤਕ
ਠਹਿਰਾਵ : ਸਰਸਾਵਾ, ਯਮੁਨਾਨਗਰ ਜਗਾਧਰੀ, ਜਗਾਧਰੀ ਵਰਕਸ਼ਾਪ, ਮੁਸਤਫਾਬਾਦ, ਬਰਾੜਾ, ਅੰਬਾਲਾ ਛਾਵਣੀ ਜੰ:, ਅੰਬਾਲਾ ਸ਼ਹਿਰ, ਰਾਜਪੁਰਾਜੰ:, ਸਰਹਿੰਦ ਜੰ:, ਖੰਨਾ, ਲੁਧਿਆਣਾ ਜੰ:, ਫਿਲੌਰ ਜੰ: ਅਤੇ ਫਗਵਾੜਾ ਜੰ: ਸਟੇਸ਼ਨ।
ਜਗ੍ਹਾਂ : ਜਨਰਲ ਸ਼੍ਰੇਣੀ।

ਰੇਲਯਾਤਰੀਆਂ ਨੂੰ ਅਨੁਰੋਧ ਹੈ ਕਿ ਕਿਸੀ ਵੀ ਜਾਣਕਾਰੀ ਦੇ ਲਈ ਕ੍ਰਿਪਾ ਰੇਲਮਦਦ ਹੈਲਪਲਾਈਨ ਨੰ: 139 ਉਤੇ ਸੰਪਰਕ ਕਰੋ ਜਾਂ ਰੇਲਵੇ ਦੀ ਵੈੱਬਸਾਈਟ https://enquiry.indianrail.gov.in ਜਾਂ NTES ਐਪ ਦੇਖੋ।

ਉਤੇ ਸਾਨੂੰ ਫਾਲੋ ਕਰੋ

ਉੱਤਰ ਰੇਲਵੇ
ਤੁਹਾਡੀ ਸੁਵਿਧਾ - ਸਾਡਾ ਸ਼੍ਰੇਯ
ਸਾਨੂੰ www.nr.indianrailways.gov.in ਉਤੇ ਮਿਲੋ

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ

ਸੀ ਈ ਓ ਚੌਹਾਨ ਨੇ ਪੁਲਸ ਕਮਿਸ਼ਨਰ ਨਾਲ ਕੀਤੀ ਅਹਿਮ ਨੁਕਤਿਆਂ 'ਤੇ ਵਿਚਾਰ-ਚਰਚਾ

ਅੰਮ੍ਰਿਤਸਰ (ਅਰੋੜਾ): ਓ. ਸੀ. ਐੱਮ. ਪ੍ਰਾਈਵੇਟ ਲਿਮਟਿਡ ਦੇ ਸੀ. ਈ. ਓ. ਧਰੁਵ ਸਿੰਘ ਚੌਹਾਨ ਨੇ ਅੰਮ੍ਰਿਤਸਰ ਦੇ ਪੁਲਸ ਕਮਿਸ਼ਨਰ ਗੁਰਪ੍ਰੀਤ ਸਿੰਘ ਭੁੱਲਰ ਨਾਲ ਉਦਯੋਗ ਸੁਰੱਖਿਆ ਅਤੇ ਕਾਨੂੰਨ ਵਿਵਸਥਾ ਨੂੰ ਸਹੀ ਰੂਪ ਦੇਣ ਵਿਚ ਸ਼ਿਸ਼ਟਾਚਾਰ ਮੁਲਾਕਾਤ ਕੀਤੀ।ਇਸ ਮੌਕੇ ਉਦਯੋਗ ਅਤੇ ਪ੍ਰਸ਼ਾਸਨ ਵਿਚਾਲੇ ਵਧੀਆ ਤਾਲਮੇਲ, ਉਦਯੋਗਿਕ ਸੁਰੱਖਿਆ ਅਤੇ ਖੇਤਰ ਵਿੱਚ ਕਾਨੂੰਨ ਵਿਵਸਥਾ ਦੇ ਨਾਲ ਜੁੜੇ ਵੱਖ-ਵੱਖ ਮਹੱਤਵਪੂਰਨ ਵਿਸ਼ਿਆਂ 'ਤੇ ਚਰਚਾ ਕੀਤੀ ਗਈ।ਸ਼੍ਰੀ ਚੌਹਾਨ ਨੇ ਸ਼ਹਿਰ ਵਿੱਚ ਕਾਨੂੰਨ ਵਿਵਸਥਾ ਬਣਾਏ ਰੱਖਣ ਅਤੇ ਉਦਯੋਗਿਕ ਇਕਾਈਆਂ ਨੂੰ ਸੁਰੱਖਿਅਤ ਵਾਤਾਵਰਣ ਪ੍ਰਦਾਨ ਕਰਨ ਲਈ ਪੁਲਸ ਪ੍ਰਸ਼ਾਸਨ ਦੁਆਰਾ ਕੀਤੇ ਜਾ ਰਹੇ ਯਤਨਾਂ ਦੀ ਸ਼ਲਾਘਾ ਕੀਤੀ।ਪੁਲਸ ਕਮਿਸ਼ਨਰ ਭੁੱਲਰ ਨੇ ਉਦਯੋਗ ਸੰਸਾਰ ਅਤੇ ਪੁਲਸ ਪ੍ਰਸ਼ਾਸਨ ਦਰਮਿਆਨ ਲਗਾਤਾਰ ਸਹਿਯੋਗ ਦੀ ਲੋੜ 'ਤੇ ਜ਼ੋਰ ਦਿੰਦੇ ਹੋਏ ਕਿਹਾ ਕਿ ਪੁਲਸ ਪ੍ਰਸ਼ਾਸਨ ਉਦਯੋਗਿਕ ਇਕਾਈਆਂ ਦੀ ਸੁਰੱਖਿਆ ਅਤੇ ਸੁਚਾਰੂ ਸੰਚਾਲਨ ਲਈ ਪੂਰੀ ਤਰ੍ਹਾਂ ਵਚਨਬੱਧ ਹੈ ਅਤੇ ਹਰ ਸੰਭਵ ਸਹਾਇਤਾ ਪ੍ਰਦਾਨ ਕਰਦਾ ਰਹੇਗਾ।ਇਸ ਮੌਕੇ ਮਨਜੀਤ ਸਿੰਘ, ਐੱਮ. ਪੀ. ਸਿੰਘ, ਆਈ. ਆਰ. ਸਪਨ ਸ਼ਰਮਾ, ਸਚਿਨ ਚੋਪੜਾ, ਨਵਜੋਤ ਸਿੰਘ ਅਤੇ ਐਡਵੋਕੇਟ ਵਰੁਣ ਮਹਿਤਾ ਸਮੇਤ ਹੋਰ ਲੋਕ ਮੌਜੂਦ ਸਨ।ਸਾਰਿਆਂ ਨੇ ਉਦਯੋਗ ਅਤੇ ਪ੍ਰਸ਼ਾਸਨ ਵਿਚਕਾਰ ਵਧੀਆ ਸੰਵਾਦ ਅਤੇ ਸਹਿਯੋਗ ਨੂੰ ਮਜ਼ਬੂਤ ਕਰਨ ਬਾਰੇ ਆਪਣੇ ਵਿਚਾਰ ਸਾਂਝੇ ਕੀਤੇ।ਮੀਟਿੰਗ ਬੜੇ ਹੀ ਸੋਹਣੇ ਅਤੇ ਸੁਚੱਜੇ ਢੰਗ ਨਾਲ ਸੰਪੰਨ ਹੋਈ।

ਅਗਨੀਵੀਰ ਭਰਤੀ ਰੈਲੀ ਲਈ ਚੁਣੇ ਗਏ ਉਮੀਦਵਾਰਾਂ ਲਈ ਆਖਰੀ ਮੌਕਾ !

ਅੰਮ੍ਰਿਤਸਰ, (ਜਸਬੀਰ ਸਿੰਘ ਪੱਟੀ, ਕੰਵਲਜੀਤ ਸਿੰਘ)-ਆਰਮੀ ਰਿਕਰੂਟਿੰਗ ਦਫ਼ਤਰ (ਏ.ਆਰ.ਓ.) ਅੰਮ੍ਰਿਤਸਰ ਵੱਲੋਂ ਜਾਣਕਾਰੀ ਦਿੱਤੀ ਗਈ ਹੈ ਕਿ ਮਾਰਚ 2026 ਵਿੱਚ ਸਰਕਾਰੀ ਕਾਲਜ ਸਟੇਡੀਅਮ, ਗੁਰਦਾਸਪੁਰ ਵਿਖੇ ਕਰਵਾਈ ਗਈ ਅਗਨੀਵੀਰ ਭਰਤੀ ਰੈਲੀ ਦੀ ਪਹਿਲੀ ਅਤੇ ਦੂਜੀ ਮੈਰਿਟ ਸੂਚੀ ਜਾਰੀ ਕੀਤੀ ਜਾ ਚੁੱਕੀ ਹੈ।ਇਹ ਮੈਰਿਟ ਸੂਚੀਆਂ 26 ਮਈ ਅਤੇ 6 ਜੂਨ 2026 ਨੂੰ ਜੁਆਇਨ ਇੰਡੀਅਨ ਆਰਮੀ ਦੀ ਵੈੱਬਸਾਈਟ 'ਤੇ ਅਪਲੋਡ ਕੀਤੀਆਂ ਗਈਆਂ ਸਨ।ਏ. ਆਰ. ਓ. ਅੰਮ੍ਰਿਤਸਰ ਵੱਲੋਂ ਮੈਰਿਟ ਸੂਚੀ ਵਿੱਚ ਸ਼ਾਮਲ ਉਮੀਦਵਾਰਾਂ ਨੂੰ 1 ਜੂਨ ਤੋਂ 13 ਜੂਨ ਤੱਕ ਪ੍ਰੀ-ਡਿਸਪੈਚ ਬ੍ਰੀਫਿੰਗ ਅਤੇ ਹੋਰ ਲਾਜ਼ਮੀ ਕਾਰਵਾਈਆਂ ਲਈ ਬੁਲਾਇਆ ਗਿਆ ਸੀ।ਇਸ ਦੇ ਬਾਵਜੂਦ ਕਈ ਉਮੀਦਵਾਰ ਈ-ਮੇਲ ਅਤੇ ਟੈਲੀਫੋਨ ਰਾਹੀਂ ਸੂਚਿਤ ਕੀਤੇ ਜਾਣ ਦੇ ਬਾਅਦ ਵੀ ਰਿਪੋਰਟ ਕਰਨ ਲਈ ਨਹੀਂ ਪਹੁੰਚੇ।ਆਰਮੀ ਰਿਕਰੂਟਿੰਗ ਦਫ਼ਤਰ ਅੰਮ੍ਰਿਤਸਰ ਵੱਲੋਂ ਅਜਿਹੇ ਸਾਰੇ ਉਮੀਦਵਾਰਾਂ ਨੂੰ ਆਖਰੀ ਅਤੇ ਅੰਤਿਮ ਮੌਕਾ ਦਿੱਤਾ ਗਿਆ ਹੈ।ਉਨ੍ਹਾਂ ਨੂੰ ਨਿਰਦੇਸ਼ ਦਿੱਤੇ ਗਏ ਹਨ ਕਿ ਉਹ 14 ਜੂਨ ਨੂੰ ਸਵੇਰੇ 7:00 ਵਜੇ ਆਰਮੀ ਰਿਕਰੂਟਿੰਗ ਦਫ਼ਤਰ, ਅੰਮ੍ਰਿਤਸਰ ਵਿਖੇ ਪ੍ਰੀ-ਡਿਸਪੈਚ ਬ੍ਰੀਫਿੰਗ ਅਤੇ ਲੋੜੀਂਦੀਆਂ ਰਸਮਾਂ ਪੂਰੀਆਂ ਕਰਨ ਲਈ ਜ਼ਰੂਰ ਹਾਜ਼ਰ ਹੋਣ।ਆਰਮੀ ਅਧਿਕਾਰੀਆਂ ਨੇ ਸਪੱਸ਼ਟ ਕੀਤਾ ਹੈ ਕਿ ਇਹ ਰਿਪੋਰਟ ਕਰਨ ਲਈ ਆਖਰੀ ਸੱਦਾ ਹੈ ਅਤੇ ਇਸ ਤੋਂ ਬਾਅਦ ਕੋਈ ਹੋਰ ਨੋਟਿਸ ਜਾਂ ਕਾਲ ਜਾਰੀ ਨਹੀਂ ਕੀਤੀ ਜਾਵੇਗੀ।ਨਿਰਧਾਰਤ ਸਮੇਂ ਤੇ ਹਾਜ਼ਰ ਨਾ ਹੋਣ ਵਾਲੇ ਉਮੀਦਵਾਰ ਖੁਦ ਜ਼ਿੰਮੇਵਾਰ ਹੋਣਗੇ ਅਤੇ ਉਨ੍ਹਾਂ ਦੀ ਉਮੀਦਵਾਰੀ ਬਿਨਾਂ ਕਿਸੇ ਹੋਰ ਸੂਚਨਾ ਦੇ ਰੱਦ ਕੀਤੀ ਜਾ ਸਕਦੀ ਹੈ।ਆਰਮੀ ਰਿਕਰੂਟਿੰਗ ਦਫ਼ਤਰ ਨੇ ਮੈਰਿਟ ਸੂਚੀ ਵਿੱਚ ਸ਼ਾਮਲ ਸਾਰੇ ਬਾਕੀ ਉਮੀਦਵਾਰਾਂ ਨੂੰ ਅਪੀਲ ਕੀਤੀ ਹੈ ਕਿ ਉਹ ਇਸ ਮੌਕੇ ਦਾ ਲਾਭ ਉਠਾਉਂਦੇ ਹੋਏ ਸਮੇਂ ਸਿਰ ਹਾਜ਼ਰ ਹੋਣ ਅਤੇ ਆਪਣੀ ਚੋਣ ਪ੍ਰਕਿਰਿਆ ਨੂੰ ਪੂਰਾ ਕਰਨ।

ਸੰਦੀਪ ਦੀ ਪੰਜਾਬ ਅੰਡਰ-23 ਰਾਜ ਕ੍ਰਿਕਟ ਕੈਂਪ ਲਈ ਚੋਣ

ਪਠਾਨਕੋਟ (ਦਵਿੰਦਰ ਸਿੰਘ)- ਪਠਾਨਕੋਟ ਕ੍ਰਿਕਟ ਐਸੋਸੀਏਸ਼ਨ ਨੂੰ ਇਹ ਐਲਾਨ ਕਰਦੇ ਹੋਏ ਮਾਣ ਮਹਿਸੂਸ ਹੋ ਰਿਹਾ ਹੈ ਕਿ ਜ਼ਿਲ੍ਹਾ ਪਠਾਨਕੋਟ ਦੇ ਹੋਣਹਾਰ ਕ੍ਰਿਕਟਰ ਸੰਦੀਪ ਦੀ ਚੋਣ ਪੰਜਾਬ ਰਾਜ ਅੰਡਰ-23 ਉਮਰ ਵਰਗ ਕ੍ਰਿਕਟ ਕੈਂਪ ਲਈ ਹੋਈ ਹੈ ਜੋ ਕਿ ਮੋਹਾਲੀ ਵਿਖੇ ਲੱਗੇਗਾ।ਸੰਦੀਪ ਨੇ ਜ਼ਿਲ੍ਹਾ ਕ੍ਰਿਕਟ ਸੀਜ਼ਨ ਦੌਰਾਨ ਆਪਣੇ ਸ਼ਾਨਦਾਰ ਪ੍ਰਦਰਸ਼ਨ ਦੇ ਆਧਾਰ 'ਤੇ ਰਾਜ ਕੈਂਪ ਵਿੱਚ ਜਗ੍ਹਾ ਬਣਾਈ ਹੈ।ਉਸ ਨੇ ਪੂਰੇ ਸੀਜ਼ਨ ਦੌਰਾਨ ਬੇਹਤਰੀਨ ਨਿਰੰਤਰਤਾ, ਅਨੁਸ਼ਾਸਨ ਅਤੇ ਉੱਤਮ ਗੇਂਦਬਾਜ਼ੀ ਦਾ ਪ੍ਰਦਰਸ਼ਨ ਕੀਤਾ।ਜ਼ਿਲ੍ਹਾ ਪੱਧਰੀ ਮੁਕਾਬਲਿਆਂ ਵਿੱਚ ਉਹ ਸਭ ਤੋਂ ਵੱਧ ਵਿਕਟਾਂ ਲੈਣ ਵਾਲੇ ਪ੍ਰਮੁੱਖ ਗੇਂਦਬਾਜ਼ਾਂ ਵਿੱਚ ਸ਼ਾਮਲ ਰਿਹਾ।ਦਬਾਅ ਵਾਲੀਆਂ ਸਥਿਤੀਆਂ ਵਿੱਚ ਮੈਚ ਜਿਤਾਉਣ ਵਾਲੀ ਗੇਂਦਬਾਜ਼ੀ ਕਰਨ ਦੀ ਉਸ ਦੀ ਸਮਰੱਥਾ ਨੇ ਚੋਣਕਰਤਾਵਾਂ ਦਾ ਧਿਆਨ ਆਪਣੇ ਵੱਲ ਖਿੱਚਿਆ, ਜਿਸ ਦੇ ਨਤੀਜੇ ਵਜੋਂ ਉਸ ਦੀ ਪੰਜਾਬ ਰਾਜ ਕੈਂਪ ਲਈ ਚੋਣ ਹੋਈ।ਪਠਾਨਕੋਟ ਕ੍ਰਿਕਟ ਐਸੋਸੀਏਸ਼ਨ ਨੇ ਸੰਦੀਪ ਨੂੰ ਇਸ ਮਹੱਤਵਪੂਰਨ ਉਪਲਬਧੀ ਲਈ ਵਧਾਈ ਦਿੰਦਿਆਂ ਵਿਸ਼ਵਾਸ ਪ੍ਰਗਟਾਇਆ ਕਿ ਉਹ ਅੱਗੇ ਵੀ ਸਖ਼ਤ ਮਿਹਨਤ ਜਾਰੀ ਰੱਖੇਗਾ ਅਤੇ ਉਚ ਪੱਧਰੀ ਮੁਕਾਬਲਿਆਂ ਵਿੱਚ ਆਪਣੇ ਪ੍ਰਦਰਸ਼ਨ ਰਾਹੀਂ ਜ਼ਿਲ੍ਹੇ ਅਤੇ ਰਾਜ ਦਾ ਨਾਮ ਰੌਸ਼ਨ ਕਰੇਗਾ।ਐਸੋਸੀਏਸ਼ਨ ਨੇ ਕਿਹਾ ਕਿ ਸੰਦੀਪ ਦੀ ਚੋਣ ਪਠਾਨਕੋਟ ਤੋਂ ਉਭਰ ਰਹੀਆਂ ਕ੍ਰਿਕਟ ਪ੍ਰਤਿਭਾਵਾਂ ਦਾ ਸਬੂਤ ਹੈ ਅਤੇ ਇਹ ਉਨ੍ਹਾਂ ਨੌਜਵਾਨ ਖਿਡਾਰੀਆਂ ਲਈ ਪ੍ਰੇਰਨਾ ਦਾ ਸਰੋਤ ਹੈ ਜੋ ਭਵਿੱਖ ਵਿੱਚ ਪੰਜਾਬ ਅਤੇ ਭਾਰਤ ਦੀ ਨੁਮਾਇੰਦਗੀ ਕਰਨ ਦਾ ਸੁਪਨਾ ਦੇਖਦੇ ਹਨ।ਵਧਾਈ ਦਿੰਦਿਆਂ ਪਠਾਨਕੋਟ ਕ੍ਰਿਕਟ ਐਸੋਸੀਏਸ਼ਨ ਦੇ ਸਕੱਤਰ ਨੇ ਕਿਹਾ ਕਿ ਸੰਦੀਪ ਨੇ ਪੂਰੇ ਸੀਜ਼ਨ ਦੌਰਾਨ ਅਸਾਧਾਰਨ ਵਚਨਬੱਧਤਾ, ਸਮਰਪਣ ਅਤੇ ਦ੍ਰਿੜ੍ਹ ਇਰਾਦੇ ਦਾ ਪ੍ਰਦਰਸ਼ਨ ਕੀਤਾ ਹੈ।ਮੈਂ ਪਠਾਨਕੋਟ ਕ੍ਰਿਕਟ ਐਸੋਸੀਏਸ਼ਨ ਵੱਲੋਂ ਸੰਦੀਪ ਅਤੇ ਉਸ ਦੇ ਪਰਿਵਾਰ ਨੂੰ ਦਿਲੋਂ ਵਧਾਈ ਦਿੰਦਾ ਹਾਂ।ਆਉਣ ਵਾਲੇ ਰਾਜ ਕੈਂਪ ਅਤੇ ਉਸ ਦੇ ਰੌਸ਼ਨ ਕ੍ਰਿਕਟ ਭਵਿੱਖ ਲਈ ਸਾਡੇ ਵੱਲੋਂ ਢੇਰ ਸਾਰੀਆਂ ਸ਼ੁਭਕਾਮਨਾਵਾਂ।

ਪਬਲਿਕ ਨੋਟਿਸ

ਡਾ. ਓਮ ਪ੍ਰਕਾਸ਼ ਆਈ ਇਨਸਟੀਚਿਊਟ ਪ੍ਰਾ. ਲਿ. ਵੱਲੋਂ ਜਾਣਕਾਰੀ ਦਿੱਤੀ ਜਾਂਦੀ ਹੈ ਕਿ 1 ਜਨਵਰੀ 2020 ਤੋਂ 31 ਦਸੰਬਰ 2020 ਤੱਕ ਦੇ ਮਰੀਜ਼ਾਂ ਦੇ ਮੈਡੀਕਲ ਰਿਕਾਰਡ ਹਸਪਤਾਲ ਦੀ ਨੀਤੀ ਅਤੇ ਹੋਰ ਨਿਯਮਾਂ ਅਨੁਸਾਰ ਨਸ਼ਟ ਕੀਤੇ ਜਾਣਗੇ। ਜੇਕਰ ਇਸ ਸਮੇਂ ਦੌਰਾਨ ਤੁਸੀਂ ਇਸ ਹਸਪਤਾਲ ਵਿੱਚ ਇਲਾਜ ਕਰਵਾਇਆ ਹੈ ਅਤੇ ਭਵਿੱਖ ਲਈ ਆਪਣੇ ਮੈਡੀਕਲ ਰਿਕਾਰਡ ਸੰਭਾਲ ਕੇ ਰੱਖਣਾ ਚਾਹੁੰਦੇ ਹੋ, ਤਾਂ ਕਿਰਪਾ ਕਰਕੇ ਇਸ ਨੋਟਿਸ ਦੇ ਜਾਰੀ ਹੋਣ ਦੀ ਤਾਰੀਖ ਤੋਂ 30 ਦਿਨਾਂ ਦੇ ਅੰਦਰ ਹੇਠ ਦਿੱਤੇ ਟੈਲੀਫੋਨ ਨੰਬਰ 'ਤੇ ਸੰਪਰਕ ਕਰੋ।

ਆਦੇਸ਼ ਅਨੁਸਾਰ
ਮੈਨੇਜਿੰਗ ਡਾਇਰੈਕਟਰ
ਡਾ. ਓਮ ਪ੍ਰਕਾਸ਼ ਆਈ ਇਨਸਟੀਚਿਊਟ ਪ੍ਰਾ. ਲਿ.
117-ਏ, ਦ ਮਾਲ, ਅੰਮ੍ਰਿਤਸਰ।
ਫੋਨ ਨੰ: 9855599979

ਬਿਆਸ 'ਚ ਪਾਣੀ ਦਾ ਪੱਧਰ ਵਧਿਆ

ਬਿਆਸ (ਰੱਖੜਾ)-ਬਿਆਸ ਦਰਿਆ 'ਚ ਪਾਣੀ ਦੀ ਸਥਿਤੀ ਦੋ ਦਿਨ ਪਹਿਲਾਂ ਨਾਲੋਂ ਸਨਿੱਚਰਵਾਰ ਕੁਝ ਵੱਖ ਸੀ। ਗੇਜ ਰੀਡਰ ਵਿਜੇ ਕੁਮਾਰ ਨੇ ਦੱਸਿਆ ਕਿ ਇਹ ਪਾਣੀ ਬਰਸਾਤੀ ਨਹੀਂ, ਬਰਫ ਦਾ ਪਾਣੀ ਆ ਰਿਹਾ ਹੈ।ਅੱਜ ਦੀ ਗੇਜ ਰੀਡਿੰਗ 734.80 ਅਤੇ ਪਾਣੀ ਦਾ ਡਿਸਚਾਰਜ ਲੈਵਲ 26,467 ਹੈ, ਜੋ ਕਿ ਕਰੀਬ ਦੋ ਦਿਨਾਂ ਦੀ ਬਦਲਦੀ ਸਥਿਤੀ ਵਿੱਚ ਅੰਤਰ 5000 ਕਿਊਸਿਕ ਦਾ ਵਾਧਾ ਦਰਸਾਉਂਦਾ ਹੈ। ਪਾਣੀ ਸ਼ਾਮ ਵੇਲੇ ਘੱਟ ਹੋ ਜਾਂਦਾ ਹੈ ਅਤੇ ਸਵੇਰ ਦੇ ਸਮੇਂ 'ਚ ਵਧ ਜਾਂਦਾ ਹੈ। ਪਾਣੀ ਅਜੇ ਖਤਰੇ ਦੇ ਨਿਸ਼ਾਨ ਤੋਂ ਹੇਠਾਂ ਹੈ।

ਉੱਤਰ ਰੇਲਵੇ

ਖੁਲੀ ਨਿਵਿਦਾ ਸੂਚਨਾ

ਸੀਨੀ. ਮੰਡਲ ਬਿਜਲੀ ਇੰਜੀਨਿਅਰ/ਟੀ.ਆਰ./ ਜੰਮੂ ਤਵੀ ਉ.ਰੇ., ਫਿਰੋਜਪੁਰ ਦੇ ਲਈ ਅਤੇ ਭਾਰਤ ਦੇ ਰਾਸ਼ਟਰਪਤੀ ਦੇ ਵਲੋਂ ਈ-ਨਿਵਿਦਾਵਾਂ ਅੰਤਿਮ ਮਿਤੀ 06.07.2026 ਨੂੰ 15.00 ਵਜੇ ਤਕ ਮੰਗ ਕੀਤੀ ਜਾਂਦੀ ਹੈ। ਨਿਵਿਦਾਕਾਰਕ ਆਪਣੇ ਮੂਲ/ਸੰਸ਼ੋਧਿਤ ਟੈਂਡਰ ਮਿਤੀ 06.07.2026 ਨੂੰ 15:00 ਤਕ ਪੇਸ਼ ਕਰ ਸਕਦੇ ਹਨ। ਮੈਨੂੰਅਲ ਪ੍ਰਸਤਾਵ ਇਸ ਟੈਂਡਰ ਦੇ ਲਈ ਮਾਨਯ ਨਹੀਂ ਹਨ। ਟੈਂਡਰ ਨੰਬਰ: 763ਬੀ-ਟੀ.ਆਰ.ਡੀ.-ਜੰਮੂ ਤਵੀ-2025-26, ਕੰਮਾਂ ਦਾ ਵੇਰਵਾ: ਜੰਮੂ ਡਵੀਜਨ ਦੇ ਬਨਿਹਾਲ-ਬਾਰਾਮੂਲਾ ਸੈਕਸ਼ਨ ਅਤੇ ਸ੍ਰੀ ਮਾਤਾ ਵੈਸ਼ਨੋ ਦੇਵੀ ਕਟਰਾ ਸਟੇਸ਼ਨ ਵਿਚ ਸੇਕਸ਼ਨਿੰਗ ਸੁਧਾਰ ਦੇ ਨਾਲ-ਨਾਲ ਟੀਆਰਡੀ ਦਾ ਕੰਮ। ਅੰਦਾਜਨ ਲਾਗਤ (ਰੁ) 3,04,24,122.59, ਟੈਂਡਰ ਦੀ ਕੀਮਤ (ਰੁ.) ਜੀਰੋ, ਨਿਵਿਦਾ ਸਮਾਪਤੀ ਮਿਤੀ ਤੇ ਸਮਾਂ : 06.07.2026 15:00 ਵਜੇ ਤਕ, ਬਿਆਨਾ ਰਾਸ਼ੀ (ਰੁ): 6,08,500/- ਕੰਮ ਦਾ ਸਮਾਂ : 12 ਮਹੀਨੇ, ਟੈਂਡਰ ਖੁਲਣ ਦੀ ਮਿਤੀ ਅਤੇ ਸਮਾਂ : 06.07.2026 15:00 ਵਜੇ ਦੇ ਬਾਅਦ। ਵੈਬਸਾਈਟ: www.ireps.gov.in ਨੋਟ: ਨਿਵਿਦਾਕਰਤਾ ਕਿਰਪਾ ਧਿਆਨ ਦੇਣ ਕਿ ਬੋਲੀ ਸੁਰੱਖਿਆ ਦੇ ਬਿਨਾ ਪ੍ਰਾਪਤ ਪ੍ਰਸਤਾਵ ਜਾਂ ਤਾਂ ਈ-ਪੇਮੇਂਟ ਗੇਟਵੇ ਦੇ ਮਾਧਿਅਮ ਨਾਲ ਨਕਦ ਵਿਚ ਜਾਂ ਭਾਰਤ ਦੇ ਕਿਸੇ ਵੀ ਅਨੁਸੂਚਿਤ ਵਾਨਿਜਕ ਬੈਂਕ ਤੋਂ ਬੈਂਕ ਗਾਰੰਟੀ ਬਾਂਡ ਦੇ ਰੂਪ ਵਿਚ ਜਾਂ ਨਿਵਿਦਾ ਦਸਤਾਵੇਜਾਂ ਵਿਚ ਉਲੇਖਿਤ (ਅਨੁਲਗਨਕ-21 ਦੇ ਅਨੁਸਾਰ) ਇਕ ਸਮੇਂ ਦੇ ਲਈ ਵੈਲਿਡ ਹਨ। ਬੋਲੀ ਦੀ ਵੈਧਤਾ ਅਵਧੀ ਦੇ ਬਾਅਦ 90 ਦਿਨ ਦੇ ਲਈ ਅਧੂਰੇ ਅਤੇ ਅਣਵੈਲਿਡ ਪ੍ਰਸਤਾਵ ਦੇ ਰੂਪ ਵਿਚ ਮੰਨਿਆ ਜਾਵੇਗਾ ਅਤੇ ਜਿਸ ਦੇ ਲਈ ਠੇਕੇਦਾਰ ਦਾ ਰੇਲਵੇ ਤੇ ਕੋਈ ਦਾਅਵਾ ਨਹੀਂ ਹੋਵੇਗਾ। ਨੰ.:763ਬੀ-ਟੀ.ਆਰ.ਡੀ.-ਜੰਮੂ ਤਵੀ-2025-26 ਮਿਤੀ: 12.06.2026

2032/2026

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ

ਉੱਤਰ ਰੇਲਵੇ

ਟੈਂਡਰ ਸੂਚਨਾ

ਸੀਨੀ. ਮੰਡਲ ਯਾਂਤ੍ਰਿਕ ਇੰਜੀਨਿਅਰ, ਉੱਤਰ ਰੇਲਵੇ, ਡੀ.ਐਮ.ਯੂ. ਕਾਰ ਸ਼ੇਡ, ਜਲੰਧਰ ਸ਼ਹਿਰ, ਭਾਰਤ ਦੇ ਰਾਸ਼ਟਰਪਤੀ ਦੀ ਤਰਫ ਤੋਂ ਹੇਠਾ ਲਿਖੇ ਕੰਮ ਦੇ ਲਈ ਨਿਰਧਾਰਿਤ ਪ੍ਰਫੋਰਮੇ ਉਤੇ ਈ-ਟੈਂਡਰ ਮੰਗ ਕੀਤੀ ਜਾਂਦੀ ਹੈ।

ਕੰਮ ਦਾ ਨਾਮ	ਅੰਮ੍ਰਿਤਸਰ ਸਥਿਤ ਐਸਪੀਈਆਰਐਮਵੀ ਵਿਚ ਸਥਾਪਿਤ ਕਮਿੰਸ ਇੰਜਨਾਂ ਦੇ ਲਈ 3 ਸਾਲਾਂ ਦਾ ਪੂਰਾ ਸਲਾਨਾ ਰੱਖ-ਰੱਖਾਵ ਅਨੁਬੰਧ।
ਅਨੁਮਾਨਿਤ ਲਾਗਤ	ਰੁ: 1,09,03,408.30 /- (ਰੁ: ਇਕ ਕਰੋੜ ਨੌ ਲੱਖ ਤਿੰਨ ਹਜ਼ਾਰ ਚਾਰ ਸੋ ਅੱਠ ਰੁਪਏ ਅਤੇ ਤੀਸ ਪੈਸੇ ਕੇਵਲ)
ਬਿਆਨਾ ਰਾਸ਼ੀ	ਰੁ: 2,18,100 /- (ਰੁ: ਦੋ ਲੱਖ ਅਠਾਰਾਂ ਹਜ਼ਾਰ ਇਕ ਸੋ ਕੇਵਲ)
ਟੈਂਡਰ ਦੀ ਉਪਲਬਧਤਾ	ਮਿਤੀ 12.06.2026 ਤੋਂ
ਟੈਂਡਰ ਜਮਾਂ ਕਰਨ ਦੀ ਆਖਰੀ ਮਿਤੀ ਅਤੇ ਸਮਾਂ	ਮਿਤੀ 04.07.2026 ਨੂੰ 12.00 ਵਜੇ ਤਕ
ਟੈਂਡਰ ਖੁਲਣ ਦੀ ਮਿਤੀ ਅਤੇ ਸਮਾਂ	ਮਿਤੀ 04.07.2026 ਨੂੰ 12.15 ਵਜੇ
ਵੈਧਤਾ	ਖੁਲਣ ਦੀ ਮਿਤੀ ਤੋਂ 60 ਦਿਨ ਤਕ
ਟੈਂਡਰ ਦਾ ਪ੍ਰਕਾਰ	ਖੁਲੀ ਟੈਂਡਰ (ਏਕਲ ਪੈਕੇਟ ਪ੍ਰਣਾਲੀ)
ਕੰਮ ਦਾ ਸਮਾਂ	36 ਮਹੀਨੇ
ਵੇਬਸਾਈਟ	www.ireps.gov.in

ਟੈਂਡਰ ਨੰਬਰ: 02-2026-27-ਡੀ ਐਮ ਯੂ-ਜਲੰਧਰ ਮਿਤੀ : 12.06.2026

2005/2026

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ

3 ਆਈ ਏ ਐੱਸ ਤੇ 5 ਪੀ ਸੀ ਐੱਸ ਅਧਿਕਾਰੀਆਂ ਦੀਆਂ ਬਦਲੀਆਂ/ਤਾਇਨਾਤੀਆਂ

ਚੰਡੀਗੜ੍ਹ (ਸੁਰਜੀਤ ਸੁਮਨ)-ਪੰਜਾਬ ਸਰਕਾਰ ਦੇ ਪ੍ਰਸੋਨਲ ਵਿਭਾਗ ਵੱਲੋਂ ਪ੍ਰਬੰਧਕੀ ਜ਼ਰੂਰਤਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਤਿੰਨ ਆਈ. ਏ. ਐੱਸ. ਅਤੇ ਪੰਜ ਪੀ. ਸੀ. ਐੱਸ. ਅਧਿਕਾਰੀਆਂ ਦੀਆਂ ਬਦਲੀਆਂ/ਤਾਇਨਾਤੀਆਂ ਕੀਤੀਆਂ ਗਈਆਂ ਹਨ।ਮੁੱਖ ਸਕੱਤਰ ਪੰਜਾਬ ਵੱਲੋਂ ਜਾਰੀ ਹੁਕਮਾਂ ਅਨੁਸਾਰ ਆਈ. ਏ. ਐੱਸ. ਅਧਿਕਾਰੀ ਪਰਮਜੀਤ ਸਿੰਘ ਨੂੰ ਵਿਸ਼ੇਸ਼ ਸਕੱਤਰ ਜਲ ਸਰੋਤ, ਨੀਰੂ ਕਤਿਆਲ ਗੁਪਤਾ ਨੂੰ ਵਿਸ਼ੇਸ਼ ਸਕੱਤਰ ਆਮ ਰਾਜ ਪ੍ਰਬੰਧ ਤੇ ਤਾਲਮੇਲ ਅਤੇ ਓਜਸਵੀ ਨੂੰ ਕਮਿਸ਼ਨਰ ਨਗਰ ਨਿਗਮ ਲੁਧਿਆਣਾ ਤਾਇਨਾਤ ਕੀਤਾ ਗਿਆ ਹੈ।ਇਸੇ ਤਰ੍ਹਾਂ ਹੋਰ ਵੱਖਰੇ ਹੁਕਮਾਂ ਅਨੁਸਾਰ ਪੀ. ਸੀ. ਐੱਸ. ਅਧਿਕਾਰੀ ਪੂਜਾ ਸਿਆਲ ਨੂੰ ਕਮਿਸ਼ਨਰ ਨਗਰ ਨਿਗਮ ਪਟਿਆਲਾ, ਅਮਰਬੀਰ ਕੌਰ ਭੁੱਲਰ ਨੂੰ ਵਧੀਕ ਡਿਪਟੀ ਕਮਿਸ਼ਨਰ (ਜਨਰਲ), ਫਤਿਹਗੜ੍ਹ ਸਾਹਿਬ, ਕਨੂੰ ਥਿੰਦ ਨੂੰ ਸੰਯੁਕਤ ਡਾਇਰੈਕਟਰ (ਪ੍ਰਸ਼ਾਸਨ), ਉਦਯੋਗ ਤੇ ਵਣਜ, ਅਮਰਿੰਦਰ ਸਿੰਘ ਟਿਵਾਣਾ ਨੂੰ ਸਕੱਤਰ ਪੰਜਾਬ ਅਧੀਨ ਸੇਵਾਵਾਂ ਚੋਣ ਬੋਰਡ ਅਤੇ ਵਿਕਾਸ ਹੀਰਾ ਨੂੰ ਵਧੀਕ ਮੁੱਖ ਪ੍ਰਸ਼ਾਸਕ ਗਰੇਟਰ ਲੁਧਿਆਣਾ ਏਰੀਆ ਵਿਕਾਸ ਅਥਾਰਟੀ ਤਾਇਨਾਤ ਕੀਤਾ ਗਿਆ ਹੈ।

ਅਕਾਲੀ ਦਲ (ਅੰਮ੍ਰਿਤਸਰ) ਦਾ ਵੱਡਾ ਜਥਾ ਬੇਗਮਪੁਰਾ ਪੰਥਕ ਇਕੱਠ 'ਚ ਹੋਇਆ ਸ਼ਾਮਲ

ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)- ਗੁਰੂ ਸਾਹਿਬ ਵੱਲੋਂ ਬਖਸ਼ੇ ਸਰਬੱਤ ਦੇ ਭਲੇ ਦੇ ਸਿਧਾਂਤ ਨੂੰ ਕੁਝ ਫਿਰਕਾਪ੍ਰਸਤ ਤਾਕਤਾਂ ਵੱਲੋਂ ਸਿੱਖ ਸਮਾਜ ਅਤੇ ਦਲਿਤ ਸਮਾਜ ਵਿੱਚ ਵੰਡੀਆਂ ਪਾ ਕੇ ਇੱਕ ਦੂਜੇ ਤੋਂ ਦੂਰ ਕਰਨ ਲਈ ਬਹੁਤ ਗੰਭੀਰ ਸਾਜਿਸ਼ਾਂ ਹੋ ਰਹੀਆਂ ਹਨ ਜਿਨ੍ਹਾਂ ਨੂੰ ਗੁਰੂ ਮਹਾਰਾਜ ਦੀ ਬਖਸ਼ਿਸ਼ ਨਾਲ ਰੋਕਣ ਲਈ ਸਿਮਰਨਜੀਤ ਸਿੰਘ ਮਾਨ ਦੀ ਅਗਵਾਈ ਹੇਠ ਫਗਵਾੜਾ ਦਾਣਾ ਮੰਡੀ ਵਿਖੇ ਬੇਗਮਪੁਰਾ ਪੰਥਕ ਇਕੱਠ ਹੋਇਆ, ਜਿਸ ਵਿੱਚ ਸ਼ਾਮਲ ਹੋਣ ਲਈ ਹੁਸ਼ਿਆਰਪੁਰ ਤੋਂ ਗੁਰਦੀਪ ਸਿੰਘ ਖੁਣਖੁਣ, ਗੁਰਨਾਮ ਸਿੰਘ ਸਿੰਗੜੀਵਾਲਾ ਜ਼ਿਲ੍ਹਾ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ), ਸੰਦੀਪ ਸਿੰਘ ਖਾਲਸਾ ਟਾਂਡਾ ਪਰਮਿੰਦਰ ਸਿੰਘ ਖਾਲਸਾ ਮੁਕੇਰੀਆਂ ਹਰਵਿੰਦਰ ਸਿੰਘ ਹੀਰਾ, ਬੀਬੀ ਰਾਜਵਿੰਦਰ ਕੌਰ ਢੱਡੇ ਫਤਿਹ ਸਿੰਘ, ਪਰਮਜੀਤ ਸਿੰਘ ਮੇਗੋਵਾਲ ਤੇ ਜਗਦੀਸ਼ ਸਿੰਘ ਚੱਬੇਵਾਲ ਦੀ ਅਗਵਾਈ ਹੇਠ ਵੱਡਾ ਜਥਾ ਇਕੱਠ ਵਿੱਚ ਸ਼ਾਮਲ ਹੋਇਆ। ਇਸ ਸਮੇਂ ਗੁਰਨਾਮ ਸਿੰਘ ਸਿੰਗੜੀਵਾਲਾ, ਗੁਰਦੀਪ ਸਿੰਘ ਖੁਣਖੁਣ ਤੇ ਸੰਦੀਪ ਸਿੰਘ ਖਾਲਸਾ ਟਾਂਡਾ ਨੇ ਕਿਹਾ ਕਿ ਅੱਜ ਦਾ ਇਤਿਹਾਸਕ ਇਕੱਠ ਸਮਾਜ ਵਿੱਚ ਵੱਡੀ ਤਬਦੀਲੀ ਲਿਆਵੇਗਾ ਤੇ ਟੁੱਟ ਰਹੀਆਂ ਸਾਂਝਾਂ ਨੂੰ ਮੁੜ ਗੰਢਣਾ ਇੱਕ ਮਾਨਵਤਾਵਾਦੀ ਅਤੇ ਸਰਬੱਤ ਦੇ ਭਲੇ ਦਾ ਕਾਰਜ ਹੈ। ਇਸ ਵਿੱਚ ਸਾਨੂੰ ਵੱਧ ਚੜ੍ਹ ਕੇ ਹਿੱਸਾ ਪਾਉਣਾ ਚਾਹੀਦਾ ਹੈ। ਇਸ ਸਮੇਂ ਹਰਪ੍ਰੀਤ ਸਿੰਘ ਲਾਲੀ ਪੰਡੋਰੀ ਖਜ਼ੂਰ, ਅਕਬਰ ਸਿੰਘ ਬੁਰੇ ਜੱਟਾਂ, ਸੁਖਜਿੰਦਰ ਸਿੰਘ ਸਾਬੀ, ਇੰਦਰਜੀਤ ਸਿੰਘ ਬਸੀ ਮਰੂਫ, ਲੰਬੜਦਾਰ ਮਨਜੀਤ ਸਿੰਘ, ਸੁਖਦੇਵ ਸਿੰਘ ਖੁਣਖੁਣ, ਹਰਭਜਨ ਸਿੰਘ ਜੱਹਲ, ਅਵਤਾਰ ਸਿੰਘ ਝੀਗੜ, ਬਘੇਲ ਸਿੰਘ ਟਾਂਡਾ, ਗੁਰਨਾਮ ਸਿੰਘ ਫੱਤਣ ਚੱਕ, ਸੁਖਦੇਵ ਸਿੰਘ ਮਿਰਚਾਂ ਵਾਲੇ, ਸੰਤੋਖ ਸਿੰਘ ਡਾਲੋਵਾਲ, ਨਿਹੰਗ ਸੁਰਜਣ ਸਿੰਘ, ਜਸਬੀਰ ਸਿੰਘ ਚਕੋਵਾਲ, ਸੁਖਦੇਵ ਸਿੰਘ ਕਾਹਰੀ, ਚਰਨ ਬਰਿੰਦਰ ਸਿੰਘ, ਸਤਨਾਮ ਸਿੰਘ ਧਾਮੀਆਂ, ਗੁਰਪ੍ਰੀਤ ਸਿੰਘ ਲਾਡੀ, ਰਚਨ ਸਿੰਘ ਟਾਂਡਾ ਚੂੜੀਆਂ, ਬਚਨ ਸਿੰਘ ਟਾਂਡਾ ਚੂੜੀਆਂ, ਅਮਰਜੀਤ ਸਿੰਘ ਗੋਕਲ ਨਗਰ, ਪਰਮਜੀਤ ਸਿੰਘ ਮਿੰਟੂ, ਅਮਨਦੀਪ ਸਿੰਘ ਮੋਨਾ ਕਲਾਂ, ਸੁਰਿੰਦਰ ਸਿੰਘ ਨਸਰਾਲਾ, ਲਾਭ ਸਿੰਘ ਨਸਰਾਲਾ, ਮਦਨ ਸਿੰਘ, ਗੁਰਦੀਪ ਸਿੰਘ ਝੱਜ, ਪ੍ਰੀਤ ਸਿੰਘ ਝੱਜ, ਬੂਟਾ ਸਿੰਘ ਸਿੰਗੜੀਵਾਲਾ, ਬਲਵਿੰਦਰ ਸਿੰਘ ਗੰਥੀ ਸਿੰਘ, ਦਵਿੰਦਰ ਸਿੰਘ ਸ਼ੇਰਪੁਰ, ਅਮਰਦਾਸ ਲਾਡੀ ਜਸਵੀਰ ਸਿੰਘ ਤਨੁੱਲੀ, ਸੁਖਦੇਵ ਸਿੰਘ ਫੌਜੀ ਬੋਦਲਾਂ, ਮੁਕੇਸ਼ ਕੁਮਾਰ, ਪਾਰਸ ਸਿੰਘ, ਸਾਹਿਲ ਬੈਂਸ, ਜਿਸਰਾਜ ਸਿੰਘ ਆਦਿ ਹਾਜ਼ਰ ਸਨ।

ਕਲਾਸੀਫਾਈਡ ਇਸ਼ਤਿਹਾਰ

ਆਮ ਸੂਚਨਾ

ਮੈਂ, ਜਸਮੇਲ ਸਿੰਘ ਪੁੱਤਰ ਸਰਵਨ ਸਿੰਘ ਵਾਸੀ ਰੇਲ ਕੋਚ ਫੈਕਟਰੀ, ਤਹਿਸੀਲ ਅਤੇ ਜ਼ਿਲ੍ਹਾ ਕਪੂਰਥਲਾ, ਪਿੰਡ ਸੈਦੋ ਭੁਲਾਣਾ ਦੀ ਇੱਕ 10 ਮਰਲੇ ਦੀ ਰਿਹਾਇਸ਼ੀ ਜਾਇਦਾਦ ਖਾਤਾ ਨੰ. 536/816, ਖਸਰਾ ਨੰ. 25//25/8-0 (1/160 ਹਿੱਸਾ = 1 ਮਰਲਾ) ਅਤੇ ਖੇਵਟ ਖਾਤਾ ਨੰ. 589/880, ਖਸਰਾ ਨੰ. 26//21/7-5 (9/145 ਹਿੱਸਾ= 9 ਮਰਲੇ) ਸਾਲ ਜਮ੍ਹਾਂਬੰਦੀ 2014-2015, ਮੈਂ 22.02.2021 ਨੂੰ ਚੰਦਨਪ੍ਰੀਤ ਕੌਰ (ਪਤਨੀ ਸਤਵੇਲ ਸਿੰਘ) ਤੋਂ ਵਸੀਕਾ ਨੰ. 2020-21/30/1/2935 ਰਾਹੀਂ ਖਰੀਦੀ ਸੀ। (ਸਬ-ਰਜਿਸਟਰਾਰ ਕਪੂਰਥਲਾ ਦੁਆਰਾ ਤਸਦੀਕ)। ਇਸ ਦੀ ਚੇਨ ਸੇਲ ਡੀਡ (ਵਸੀਕਾ ਨੰ. 2020-21/30/1/746 ਮਿਤੀ 03.08.2020) ਗੁੰਮ ਹੋ ਗਈ ਹੈ। ਜੇ ਕਿਸੇ ਕੋਲ ਇਹ ਵਿਕਰੀ ਡੀਡ ਹੋਵੇ ਤਾਂ ਉਕਤ ਜਾਇਦਾਦ ਉੱਤੇ ਕਿਸੇ ਬੈਂਕ ਦਾ ਲੀਅਨ/ਚਾਰਜ/ਗਿਰਵੀ ਹੋਵੇ ਜਾਂ ਕੋਈ ਇਤਰਾਜ਼ ਹੋਵੇ ਤਾਂ 7 ਦਿਨਾਂ ਦੇ ਅੰਦਰ-ਅੰਦਰ ਸ਼ਾਖਾ ਮੈਨੇਜਰ, ਪੰਜਾਬ ਗ੍ਰਾਮੀਣ ਬੈਂਕ ਬਰਾਂਚ ਨਵਾਂ ਠੱਠਾ ਨਾਲ ਸੰਪਰਕ ਕਰੇ। ਮੋਬਾਇਲ : 70878-82842

ਆਮ ਸੂਚਨਾ

ਇੱਕ ਟਿਊਬਵੈਲ ਕੁਨੈਕਸ਼ਨ ਖ਼ਾਤਾ ਨੰਬਰ AP 63/1203W/. 8BHP ਜੋ ਪਿੰਡ ਪੁਰੋਵਾਲ ਰਾਜਪੂਤਾਂ ਜ਼ਿਲ੍ਹਾ ਗੁਰਦਾਸਪੁਰ ਵਿਖੇ ਜਗੀਰ ਸਿੰਘ ਪੁੱਤਰ ਊਧਮ ਸਿੰਘ ਦੇ ਨਾਂਅ 'ਤੇ ਚੱਲ ਰਿਹਾ ਹੈ, ਉਹ ਹੁਣ ਜਤਿੰਦਰ ਪਾਲ ਸਿੰਘ ਪੁੱਤਰ ਅਵਤਾਰ ਸਿੰਘ ਵਾਸੀ ਅੰਮ੍ਰਿਤਸਰ ਦੇ ਨਾਂਅ 'ਤੇ ਹੋਣ ਜਾ ਰਿਹਾ ਹੈ। ਜੇ ਕਿਸੇ ਨੂੰ ਇਸ ਸੰਬੰਧੀ ਕੋਈ ਇਤਰਾਜ਼ ਹੋਵੇ, ਤਾਂ ਉਹ 15 ਦਿਨਾਂ ਦੇ ਅੰਦਰ-ਅੰਦਰ ਉਪ ਮੰਡਲ ਅਫਸਰ ਪੰਜਾਬ ਰਾਜ ਬਿਜਲੀ ਬੋਰਡ ਜੋੜਾ ਛਤਰਾ (ਗੁਰਦਾਸਪੁਰ) ਦੇ ਦਫ਼ਤਰ ਵਿਖੇ ਸ਼ਿਕਾਇਤ ਕਰ ਸਕਦਾ ਹੈ। ਬਾਅਦ ਵਿੱਚ ਕੋਈ ਸੁਣਵਾਈ ਨਹੀਂ ਹੋਵੇਗੀ।

ਬੇਦਖ਼ਲੀ ਨੋਟਿਸ

ਅਸੀਂ, ਦਲਜੀਤ ਸਿੰਘ ਪੁੱਤਰ ਪਾਲਾ ਸਿੰਘ ਵਾ ਰਣਜੀਤ ਕੌਰ ਪਤਨੀ ਦਲਜੀਤ ਸਿੰਘ ਵਾਸੀ ਲੋਧੀ ਭੁਲਾਣਾ, ਜ਼ਿਲ੍ਹਾ ਕਪੂਰਥਲਾ ਬਿਆਨ ਕਰਦੇ ਹਾਂ ਕਿ ਸਾਡਾ ਲੜਕਾ ਗੁਰਪ੍ਰੀਤ ਸਿੰਘ, ਜੋ ਕਿ ਸਾਡੇ ਕਹਿਣੇਕਾਰ ਵਿੱਚ ਨਹੀਂ ਹੈ ਅਤੇ ਆਪਣੀ ਮਨ ਮਰਜ਼ੀ ਕਰਦਾ ਹੈ ਅਸੀਂ ਆਪਣੇ ਲੜਕੇ ਗੁਰਪ੍ਰੀਤ ਸਿੰਘ ਅਤੇ ਉਸ ਦੀ ਪਤਨੀ ਅਮਰਜੀਤ ਕੌਰ ਨੂੰ ਆਪਣੀ ਤਮਾਮ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੇ ਹਾਂ। ਇਹਨਾਂ ਦੋਵਾਂ ਨਾਲ ਕਿਸੇ ਵੀ ਕਿਸਮ ਦਾ ਲੈਣ-ਦੇਣ ਕਰਨ ਵਾਲਾ ਵਿਅਕਤੀ ਖੁਦ ਜ਼ਿੰਮੇਵਾਰ ਹੋਵੇਗਾ। ਸਾਡੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ।

ਮੈਂ, ਮੰਗਲ ਸਿੰਘ ਪੁੱਤਰ ਅਰਜਨ ਸਿੰਘ ਵਾਸੀ ਪਿੰਡ ਰਜਾਪੁਰ ਜ਼ਿਲ੍ਹਾ ਕਪੂਰਥਲਾ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਪਰਦੀਪ ਸਿੰਘ, ਜੋ ਕਿ ਮੇਰੇ ਕਹਿਣੇਕਾਰ ਵਿੱਚ ਨਹੀਂ ਹੈ ਅਤੇ ਆਪਣੀ ਮਰਜ਼ੀ ਕਰਦਾ ਹੈ। ਜਿਸ ਕਰਕੇ ਮੈਂ ਆਪਣੇ ਲੜਕੇ ਪਰਦੀਪ ਸਿੰਘ ਨੂੰ ਆਪਣੀ ਤਮਾਮ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਮੇਰੇ ਲੜਕੇ ਪਰਦੀਪ ਸਿੰਘ ਨਾਲ ਜੋ ਕੋਈ ਵੀ ਕਿਸੇ ਵੀ ਕਿਸਮ ਦਾ ਲੈਣ-ਦੇਣ ਕਰੇਗਾ, ਤਾਂ ਇਸ ਲਈ ਉਹ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ।

ਮੈਂ, ਪੰਮੀ ਪਤਨੀ ਜਸਪਾਲ ਸਿੰਘ ਵਾਸੀ 1515/12-ਸੀ, ਨੇੜੇ ਭੂਰੀ ਡੀਪੂ ਵਾਲਾ, ਗਵਾਲ ਮੰਡੀ, ਤਹਿਸੀਲ ਵਾ ਜ਼ਿਲ੍ਹਾ ਅੰਮ੍ਰਿਤਸਰ ਸੂਚਿਤ ਕਰਦੀ ਹਾਂ ਕਿ ਮੇਰਾ ਲੜਕਾ ਰੋਹਿਤ ਮੇਰੇ ਕਹਿਣੇ ਤੋਂ ਬਾਹਰ ਹੈ। ਇਸ ਲਈ ਮੈਂ ਉਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਉਸ ਨਾਲ ਲੈਣ-ਦੇਣ ਕਰਨ ਵਾਲਾ ਆਪਣੇ ਨਫੇ-ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਜਾਂ ਮੇਰੇ ਪਰਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਤ ਨੋਟ ਕਰਨ।

ਮੈਂ, ਨੰਦ ਸਿੰਘ ਪੁੱਤਰ ਖਜਾਨ ਸਿੰਘ ਵਾਸੀ ਪਿੰਡ ਭੰਗਵਾਂ, ਆਰ ਐੱਸ ਜੰਡਿਆਲਾ ਗੁਰੂ, ਜ਼ਿਲ੍ਹਾ ਅੰਮ੍ਰਿਤਸਰ ਸੂਚਿਤ ਕਰਦਾ ਹਾਂ ਕਿ ਮੇਰਾ ਲੜਕਾ ਕੁਲਵੰਤ ਸਿੰਘ ਅਤੇ ਉਸ ਦੀ ਪਤਨੀ ਕਿਰਨਜੀਤ ਕੌਰ ਮੇਰੇ ਕਹਿਣੇ ਤੋਂ ਬਾਹਰ ਹਨ। ਇਸ ਲਈ ਮੈਂ ਉਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਉਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਆਪਣੇ ਨਫੇ-ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਜਾਂ ਮੇਰੇ ਪਰਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਤ ਨੋਟ ਕਰਨ।

ਮੈਂ, ਬਲਵੀਰ ਕੌਰ ਪਤਨੀ ਮੁਖਤਿਆਰ ਸਿੰਘ ਵਾਸੀ ਮੁਲੇਵਾਲ ਬ੍ਰਾਹਮਣਾਂ, ਡਾਕਖਾਨਾ ਮੁਲੇਵਾਲ ਖਹਿਰਾ, ਤਹਿਸੀਲ ਸ਼ਾਹਕੋਟ, ਜ਼ਿਲ੍ਹਾ ਜਲੰਧਰ ਸੂਚਿਤ ਕਰਦੀ ਹਾਂ ਕਿ ਮੇਰਾ ਲੜਕਾ ਵੀਰਪਾਲ ਸਿੰਘ ਮੇਰੇ ਕਹਿਣੇ ਤੋਂ ਬਾਹਰ ਹੈ। ਇਸ ਲਈ ਮੈਂ ਉਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਉਸ ਨਾਲ ਲੈਣ-ਦੇਣ ਕਰਨ ਵਾਲਾ ਆਪਣੇ ਨਫੇ-ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਜਾਂ ਮੇਰੇ ਪਰਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਤ ਨੋਟ ਕਰਨ।

ਮੈਂ, ਨੀਲਮ ਵਿਧਵਾ ਮਨਜੀਤ ਸਿੰਘ ਵਾਸੀ ਮਕਾਨ ਨੰ. 2316, ਗਲੀ ਨੰ. 4, ਸਾਵਨ ਨਗਰ, ਅੰਮ੍ਰਿਤਸਰ ਸੂਚਿਤ ਕਰਦੀ ਹਾਂ ਕਿ ਮੇਰੀ ਲੜਕੀ ਖੁਸ਼ਬੂ ਕੋਹਲੀ ਮੇਰੇ ਕਹਿਣੇ ਤੋਂ ਬਾਹਰ ਹੈ। ਇਸ ਲਈ ਮੈਂ ਉਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਉਸ ਨਾਲ ਲੈਣ-ਦੇਣ ਕਰਨ ਵਾਲਾ ਆਪਣੇ ਨਫੇ-ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਜਾਂ ਮੇਰੇ ਪਰਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਤ ਨੋਟ ਕਰਨ।

ਮੈਂ, ਭਾਗੋ ਪਤਨੀ ਅਰਜੁਨ ਰਾਮ ਵਾਸੀ ਪਿੰਡ ਤੇ ਡਾਕਖਾਨਾ ਠੀਂਡਾਂ, ਤਹਿਸੀਲ ਗੜ੍ਹਸ਼ੰਕਰ, ਜ਼ਿਲ੍ਹਾ ਹੁਸ਼ਿਆਰਪੁਰ ਬਿਆਨ ਕਰਦੀ ਹਾਂ ਕਿ ਮੇਰਾ ਲੜਕਾ ਸੋਹਣ ਲਾਲ, ਨੂੰਹ ਗੁਰਪ੍ਰੀਤ ਕੌਰ, ਪੋਤੀ ਵਰਲੀਨ, ਪੋਤੀ ਜਸਪ੍ਰੀਤ ਹੋਰ ਪੋਤਾ ਪਰਮਜੀਤ ਸਿੰਘ, ਜੋ ਕਿ ਮੇਰੇ ਕਹਿਣ ਤੋਂ ਬਾਹਰ ਹੋਣ ਕਰਕੇ ਮੈਂ ਇਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋ ਬੇਦਖਲ ਕਰਦੀ ਹਾਂ। ਜੇਕਰ ਕੋਈ ਵਿਅਕਤੀ ਇਨ੍ਹਾਂ ਨਾਲ ਕਿਸੇ ਕਿਸਮ ਦਾ ਤਾਲੁਕ-ਵਾਸਤਾ ਰੱਖਦਾ ਹੈ, ਜਾਂ ਇਨ੍ਹਾਂ ਦੇ ਨਾਲ ਲੈਣ-ਦੇਣ ਕਰੇਗਾ, ਤਾਂ ਉਹ ਖੁਦ ਜ਼ਿੰਮੇਵਾਰ ਹੋਵੇਗਾ। ਇਹ ਆਪਣੇ ਚੰਗੇ ਮੰਦੇ-ਕੰਮਾਂ ਲਈ ਖੁਦ ਜ਼ਿੰਮੇਵਾਰ ਹੋਣਗੇ। ਸਾਰੇ ਸਬੰਧਤ ਨੋਟ ਕਰਨ।

ਬੇਦਖ਼ਲੀ ਨੋਟਿਸ

ਮੈਂ ਦਰਸ਼ਨ ਕੌਰ ਪਤਨੀ ਜੋਰਾ ਸਿੰਘ ਵਾਸੀ ਹਾਉਸ ਨੰ: 145 ਵਾਰਡ ਨੰਬਰ 2 1 ਜਨਤਾ ਨਗਰ ਧੂਰੀ ਜਿਲਾ ਸੰਗਰੂਰ, ਬਿਆਨ ਕਰਦੀ ਹਾਂ ਕਿ ਮੇਰਾ ਲੜਕਾ ਝਿਲਮਿਲ ਸਿੰਘ ਉਰਫ ਬੱਬੂ ਜੋ ਕਿ ਮੇਰੇ ਕਹਿਣੇ ਤੋਂ ਬਾਹਰ ਹੈ ਅਤੇ ਬੁਰੀ ਸੰਗਤ ਵਿੱਚ ਪੈ ਗਿਆ ਹੈ। ਮੈਂ ਇਸ ਨੂੰ ਆਪਣੀ ਚਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਇਸ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜਿੰਮੇਵਾਰ ਹੋਵੇਗਾ।

ਨਾਂਅ ਦੀ ਬਦਲੀ

ਮੈਂ, ਦੀਪਾਂਸ਼ੂ ਪੁੱਤਰ ਵਿਜੇ ਕੁਮਾਰ ਵਾਸੀ 61/2, ਨੰਗਲ ਕੋਟਲੀ, ਗੁਰਦਾਸਪੁਰ, ਤਹਿਸੀਲ/ਜ਼ਿਲ੍ਹਾ ਗੁਰਦਾਸਪੁਰ, ਪੰਜਾਬ, ਇੰਡੀਆ। ਮੈਂ ਆਪਣਾ ਨਾਂਅ ਦੀਪਾਂਸ਼ੂ ਤੋਂ ਬਦਲ ਕੇ ਦੀਪਾਸ਼ੂ ਮਹਾਜਨ ਰੱਖ ਲਿਆ ਹੈ।

Change of Name

I, Harsimran Kaur Pandha w/o Balwinder Singh r/o H.No 8, GTB Nagar Ext, Jalandhar 144003 (Punjab) have changed my name from Harsimran Kaur Pandha to Harsimran Kaur.

I, Renu W/O Raj Kumar R/O 2719,Gali Atar Singh,Chowk Karori,Amritsar,Punjab have changed my name from Renu to Renu Bala. Concerned note.

I, Sukhjit Singh S/O Darshan Singh R/O Vpo. Hakimpur, District Gurdaspur, Punjab, India Pin Code 143511 , I Have Changed My Name From Sukhjit Singh To Singh Sukhjit Please Note . Surname As Singh And Given Name As Sukhjit

I, Krishan Kumar S/o Surinder Nath R/o H.No. 356/R, Model Town Jalandhar, have changed my name from Krishan Kumar to Krishan Kumar Nayyar. Nayyar is my Surname.

I, DEEPAK SINGH S/o Amanjit Singh, R/o H.No. 23 Gali No. 02, Mohalla Santpura, Kapurthala, Punjab, India, declare that I have used my name "DEEPAK" as given name and "SINGH" as Surname. All Concerned please note.

I, Rohini Handa W/o Pardeep Kapoor R/o 22, Gali No.4, S.U.S Colony, Bhada Kali Mandir, O/s Gate Khazana, Amritsar have changed my name from Rohini Handa to Rohini Kapoor

I, Pardeep Kumar S/o Sham Sunder R/o H.No.126/9, Chheharta Road, Dhakha Colony, Khandwala, Amritsar have changed my name from Pardeep Kumar to Pardeep Kumar Sharma

I, Varinder Singh S/o Paramjit Singh R/o 151, Focal Point, Mehta Road, Amritsar have changed my daughter's name from Harleen to Harleen Sodhi

I, Varinder Singh S/o Paramjit Singh R/o 151, Focal Point, Mehta Road, Amritsar have changed my daughter's name from Jessica to Jessica Sodhi

I Rakesh Kumar S/o Yashpal Babbar Resident of 376-A, 100ft Road, Azad Nagar, Amritsar-I, Amritsar. I have changed my name from Rakesh Kumar to Rakesh Babbar. All concerned please note.

I, Shishpal Singh S/o Manpreet Singh R/o VPO Chamyari Tehsil Ajnala District Amritsar have declare that Shishpal is my Given name and Singh is my Surname

I, Jugraj Singh S/o Buta Singh R/o Village Sarhali Manda, PO & Tehsil Patti District Tarn Taran have declare that Jugraj is my Given name and Singh is my Surname

I Harpal Singh S/O Guljar Singh R/O village Surwind Tehsil Patti Distt. TarnTaran hereby inform that Singh is my Surname while Harpal is my given name. Concerned please note.

I, Gurpreet Singh S/o Gopal Singh R/o Village Bhoya Fatehgarh, PO Kathu Nangal, Distt. Amritsar, Punjab-143502 have changed my name from Gurpreet Singh to Singh is my surname and Gurpreet is my given name.

ਇਸ਼ਤਿਹਾਰਾਂ ਸੰਬੰਧੀ ਜ਼ਰੂਰੀ ਬੇਨਤੀ

'ਨਵਾਂ ਜ਼ਮਾਨਾ' ਅਖ਼ਬਾਰ ਵਿੱਚ ਛਪੇ ਇਸ਼ਤਿਹਾਰਾਂ (ਡਿਸਪਲੇ/ ਕਲਾਸੀਫਾਈਡ) ਦੇ ਤੱਥਾਂ ਤੇ ਦਾਅਵਿਆਂ ਦੀ ਜ਼ਿੰਮੇਵਾਰੀ ਨਹੀਂ ਲੈਂਦਾ। ਸਾਡਾ ਅਖ਼ਬਾਰ ਇਹਨਾਂ ਨੂੰ ਤਸਦੀਕ ਨਹੀਂ ਕਰਦਾ। ਪਾਠਕਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਇਹਨਾਂ ਇਸ਼ਤਿਹਾਰਾਂ 'ਤੇ ਕਾਰਵਾਈ ਤੇ ਭਰੋਸੇ ਤੋਂ ਪਹਿਲਾਂ ਤੱਥਾਂ ਦੀ ਪੁਸ਼ਟੀ ਕਰ ਲੈਣ।

ਨਵਾਂ ਜ਼ਮਾਨਾ ਐਤਵਾਰਤਾ

Regd. No : L-4/Pb-JL-0023/2024-26, (R.N.I.)-00068/57

ਜਲੰਧਰ : ਐਤਵਾਰ, 14 ਜੂਨ 2026

www.nawanzamana.in

ਕੀਮਤ 5.00 ਰੁਪਏ

ਰੌਸ ਆਈਲੈਂਡ ਤੇ ਨੌਰਥ ਪੁਆਇੰਟ ਟਾਪੂਆਂ ਦੀ ਯਾਤਰਾ

(ਆਖਰੀ ਸਫੇ 'ਤੇ)

ਰਾਤੀਂ ਖ਼ਾਬਾਂ ਵਿੱਚ ਇੱਕ ਚੰਨ ਦਾ
ਖ਼ਾਕਾ ਵਾਹਿਆ ਮੈਂ।
ਫਿਰ ਉਸ ਨੂੰ ਦੇਖ ਕੇ ਹੀ
ਸਾਰਾ ਦਿਨ ਲੰਘਾਇਆ ਮੈਂ।

- ਮਨਜੀਤ ਸੂਖਮ

.ਗ਼ਾਲਿਬ ਮੰਟੋ ਦੀ ਨਜ਼ਰ ਵਿੱਚ

ਡਾ. ਮੁਹੰਮਦ ਨਿਜ਼ਾਮੂਦੀਨ

ਅਨੁ. : ਡਾ. ਸੰਦੀਪ ਰਾਣਾ, ਡਾ. ਪਾਇਲਦੀਪ

ਮਿਰਜ਼ਾ ਗ਼ਾਲਿਬ ਤੇ ਸਆਦਤ ਹਸਨ ਮੰਟੋ ਉਰਦੂ ਸਾਹਿਤ ਦੇ ਦੋ ਨਾਮਵਰ ਫ਼ਨਕਾਰ ਹਨ, ਜੋ ਆਪਣੀਆਂ ਬੇਬਾਕ ਅਤੇ ਯਥਾਰਥਵਾਦੀ ਰਚਨਾਵਾਂ ਲਈ ਮਸ਼ਹੂਰ ਹਨ। ਗ਼ਾਲਿਬ ਉਨੀਵੀਂ ਸਦੀ ਦੇ ਇੱਕ ਲਾਸਾਨੀ ਸ਼ਾਇਰ ਹਨ, ਜੋ ਆਪਣੀ ਸ਼ਾਇਰੀ ਵਿੱਚ ਇਨਸਾਨੀ ਜਜ਼ਬੇ ਅਤੇ ਦਾਰਸ਼ਨਿਕ ਖ਼ਿਆਲਾਂ ਨੂੰ ਬੜੀ ਹੁਨਰਮੰਦੀ ਨਾਲ ਥਾਂ ਦਿੰਦੇ ਹਨ। ਮੰਟੋ ਵੀਹਵੀਂ ਸਦੀ ਦੇ ਵਿਲੱਖਣ ਕਹਾਣੀਕਾਰ ਹਨ, ਜੋ ਹਮੇਸ਼ਾ ਜ਼ਿੰਦਗੀ ਦੀਆਂ ਹਕੀਕਤਾਂ ਨੂੰ ਖੋਲ੍ਹ ਕੇ ਬਿਆਨ ਕਰਦੇ ਹਨ। ਮੰਟੋ ਦੀਆਂ ਰਚਨਾਵਾਂ ਵਿੱਚ ਗ਼ਾਲਿਬ ਦੀ ਸ਼ਖ਼ਸੀਅਤ, ਉਹਨਾਂ ਦੀ ਦਾਰਸ਼ਨਿਕਤਾ ਅਤੇ ਉਹਨਾਂ ਦੀ ਸ਼ਾਇਰੀ ਦੀ ਝਲਕ ਕਈ ਥਾਈਂ ਵਿਖਾਈ ਦਿੰਦੀ ਹੈ।

ਗ਼ਾਲਿਬ ਅਤੇ ਮੰਟੋ ਵੱਖੋ-ਵੱਖਰੀ ਕਿਸਮ ਦੇ ਸਿਰਜਕ ਸਨ। ਗ਼ਾਲਿਬ ਜ਼ਿਆਦਾਤਰ ਅਮੂਰਤ ਤਸੱਵਰਾਂ ਨੂੰ ਵਿਸ਼ਾ ਬਣਾਉਂਦੇ ਹਨ ਤੇ ਜ਼ਮੀਨ ਤੇ ਆਸਮਾਨ, ਹੋਂਦ ਤੇ ਅਣਹੋਂਦ, ਇਨਸਾਨ ਤੇ ਕਾਇਨਾਤ ਨੂੰ ਇੱਕ ਹੀ ਕਲਾਵੇ ਵਿੱਚ ਮਿਲਾਉਣ ਦੀ ਕੋਸ਼ਿਸ਼ ਕਰਦੇ ਹਨ, ਜਦੋਂਕਿ ਮੰਟੋ ਜ਼ਮੀਨ 'ਤੇ ਰਹਿਣ ਵਾਲੇ ਸਿਰਜਕ ਹਨ। ਮੰਟੋ ਦੇ ਦੌਰ ਵਿੱਚ ਅਮੂਰਤ ਅਤੇ ਪ੍ਰਤੀਕਾਤਮਕ ਕਿਸਮ ਦੇ ਸਾਹਿਤ ਦਾ ਆਗਾਜ਼ ਹੋ ਚੁੱਕਾ ਸੀ ਤੇ ਖ਼ੁਦ ਮੰਟੋ ਨੇ ਵੀ ਇੱਕ ਅੱਧ ਥਾਂ ਇਸ ਅੰਦਾਜ਼ ਵਿੱਚ ਲਿਖਣ ਦੀ ਕੋਸ਼ਿਸ਼ ਕੀਤੀ ਹੈ, ਪਰ ਉਹਨਾਂ ਦੇ ਸਾਹਿਤ ਦਾ ਕੇਂਦਰ ਆਮ ਤੌਰ 'ਤੇ ਇਨਸਾਨ ਦੇ ਅੰਦਰ ਦੇ ਹਨੇਰੇ ਵਿੱਚ ਲੁਕੀਆਂ ਹਕੀਕਤਾਂ ਨੂੰ ਜ਼ਿੰਦਗੀ ਦੀਆਂ ਅਸਲ ਘਟਨਾਵਾਂ ਅਤੇ ਹਾਦਸਿਆਂ ਦੀ ਰੌਸ਼ਨੀ ਵਿੱਚ ਉਜਾਗਰ ਕਰਨਾ ਸੀ।

ਮੰਟੋ ਦੀ ਸ਼ਖ਼ਸੀਅਤ ਵਿੱਚ ਹਮੇਸ਼ਾ ਇੱਕ ਬਾਗ਼ੀ ਅਤੇ ਗ਼ੈਰ-ਰਵਾਇਤੀ ਤੱਤ ਮੌਜੂਦ ਸੀ, ਜੋ ਗ਼ਾਲਿਬ ਦੀ ਜ਼ਿੰਦਗੀ ਅਤੇ ਉਹਨਾਂ ਦੇ ਖ਼ਿਆਲਾਂ ਵਿੱਚ ਵੀ ਨਜ਼ਰ ਆਉਂਦਾ ਹੈ। ਮੰਟੋ ਨੇ ਆਪਣੀਆਂ ਰਚਨਾਵਾਂ ਵਿੱਚ ਗ਼ਾਲਿਬ ਨੂੰ ਇੱਕ ਅਜਿਹੇ ਸ਼ਾਇਰ ਵਜੋਂ ਪੇਸ਼ ਕੀਤਾ ਜੋ ਰਸਮੀ ਸਾਹਿਤ ਤੋਂ ਹਟ ਕੇ ਆਪਣੇ ਜਜ਼ਬਾਤਾਂ, ਖ਼ਿਆਲਾਂ ਤੇ ਫ਼ਲਸਫ਼ੇ ਨੂੰ ਨਵੇਂ ਅੰਦਾਜ਼ ਵਿੱਚ ਬਿਆਨ ਕਰਦੇ ਸਨ। ਮੰਟੋ ਦੇ ਮੁਤਾਬਿਕ ਗ਼ਾਲਿਬ ਇੱਕ ਅਜਿਹੇ ਸ਼ਾਇਰ ਸਨ, ਜੋ ਲਫ਼ਜ਼ਾਂ ਨਾਲ ਨਹੀਂ, ਸਗੋਂ ਖ਼ਿਆਲਾਂ ਨਾਲ ਸ਼ਾਇਰੀ ਕਰਦੇ ਸਨ। ਉਹ ਇਨਸਾਨ ਦੇ ਅੰਦਰੂਨੀ ਦਰਦ, ਉਸ ਦੇ ਜਜ਼ਬਾਤੀ ਉਤਰਾਅ-ਚੜ੍ਹਾਅ ਅਤੇ ਸਮਾਜਿਕ ਤਲਖ਼ੀਆਂ ਨੂੰ ਬਿਆਨ ਕਰਨ ਵਿੱਚ ਮੁਹਾਰਤ ਰੱਖਦੇ ਸਨ। ਗ਼ਾਲਿਬ ਦੇ ਸ਼ੇਅਰਾਂ ਵਿੱਚ ਯਥਾਰਥਵਾਦੀ ਅਤੇ ਦਾਰਸ਼ਨਿਕ ਗਹਿਰਾਈ ਤੋਂ ਮੰਟੋ ਬੇਹੱਦ ਪ੍ਰਭਾਵਿਤ ਸਨ। ਪ੍ਰੋਫ਼ੈਸਰ ਸ਼ਮੀਮ ਹਨਫ਼ੀ ਲਿਖਦੇ ਹਨ:

ਉਵੇਂ ਤਾਂ ਗ਼ਾਲਿਬ ਤੇ ਮੰਟੋ ਦੋਵੇਂ ਆਪਣੇ-ਆਪਣੇ ਸਵੈਮਾਨ ਦੇ ਮੁਰੀਦ ਸਨ ਤੇ ਦੋਵੇਂ ਹੀ ਆਪਣੇ ਨਿੱਜ 'ਤੇ ਕੋਈ ਕਸ਼ਟ ਨਹੀਂ ਆਉਣ ਦਿੰਦੇ ਸਨ ਪਰ ਦੋਵਾਂ ਵਿੱਚ ਉਸ ਸਵੈ-ਮੁਰੀਦੀ ਦੇ ਨਾਲ-ਨਾਲ ਹੋਰ ਵੀ ਬਹੁਤ ਕੁਝ ਸਾਂਝਾ ਸੀ। ਹਰ ਤਰ੍ਹਾਂ ਦੀ ਜ਼ਿਹਨੀ, ਜਜ਼ਬਾਤੀ ਤੇ ਸਥਾਪਤ ਰਾਜਸੱਤਾ ਦੇ ਖ਼ਿਲਾਫ਼ ਇਹ ਦੋਵੇਂ ਬਹੁਤ ਸਰਗਰਮ ਸਨ। ਉਹਨਾਂ ਦੀ ਸੋਚ ਦੀ ਬੁਨਿਆਦੀ ਹਕੀਕਤ ਅਤੇ ਮਿਜਾਜ਼ ਨਾ ਤਾਂ ਜ਼ਮਾਨੇ ਦਾ ਬਖ਼ਸ਼ਿਆ ਹੋਇਆ ਸੀ ਤੇ ਨਾ ਹੀ ਆਪਣੀ ਰਵਾਇਤ ਦਾ। ਸਮੇਂ ਦੀ ਲੋੜ ਅਨੁਸਾਰ ਆਪਣੇ-ਆਪਣੇ ਦੌਰ ਦੀਆਂ ਸਗਲ ਸਮਾਜਿਕ ਸੱਚਾਈਆਂ ਦਾ ਬੋਝ ਦੋਵਾਂ ਨੇ ਚੁੱਕਿਆ ਤੇ ਦੋਵਾਂ ਨੇ ਬਹੁਤ ਲਗਨ ਨਾਲ, ਇਸ ਗੱਲ ਦੇ ਬਾਵਜੂਦ ਕਿ ਬੇਚੈਨ ਸੁਭਾਅ ਦੋਹਾਂ ਦੇ ਮਿਜਾਜ਼ ਦਾ ਹਿੱਸਾ ਸੀ, ਹਰ ਹਾਲ ਵਿੱਚ ਆਪਣੇ ਵਿਅਕਤੀਤਵ ਨੂੰ ਸੁਰੱਖਿਅਤ ਵੀ ਰੱਖਿਆ (ਮੰਟੋ : ਹਕੀਕਤ ਸੇ ਅਫ਼ਸਾਨੇ ਤੱਕ, ਦਿੱਲੀ ਕਿਤਾਬ ਘਰ, ਪੰਨਾ 290)

ਗ਼ਾਲਿਬ ਦੀ ਸ਼ਾਇਰੀ ਵਿੱਚ ਇਨਸਾਨ ਦੇ ਜ਼ਿਹਨੀ ਤੇ ਜਜ਼ਬਾਤੀ ਤਕਲੀਫ਼ਾਂ ਦਾ ਡੂੰਘਾਈ ਨਾਲ ਬਿਆਨ ਹੈ। ਮੰਟੋ ਨੇ ਗ਼ਾਲਿਬ ਦੀਆਂ ਰਚਨਾਵਾਂ ਵਿੱਚ ਉਸ ਤਲਖ਼ੀ ਤੇ ਗ਼ਮਗੀਨੀ ਨੂੰ ਮਹਿਸੂਸ ਕੀਤਾ, ਜੋ ਗ਼ਾਲਿਬ ਦੀ ਜ਼ਾਤੀ ਜ਼ਿੰਦਗੀ ਤੇ ਉਹਨਾਂ ਦੇ ਅੰਦਰੂਨੀ ਟੁੱਟਭੱਜ ਨਾਲ ਜੁੜੀ ਹੋਈ ਸੀ। ਮੰਟੋ ਦੇ ਅਨੁਸਾਰ ਗ਼ਾਲਿਬ ਦੀ ਸ਼ਾਇਰੀ ਵਿੱਚ ਇਨਸਾਨ ਦੀ ਤਰਸਯੋਗ ਹਾਲਤ ਦੀ ਇੱਕ ਅਜਿਹੀ ਤਸਵੀਰ ਹੈ, ਜਿਸ ਵਿੱਚ ਖ਼ੁਸ਼ੀ ਤੇ ਗ਼ਮ ਦੋਵਾਂ ਲਈ ਸੋਝੀ ਹੈ ਤੇ ਇਹ ਇਨਸਾਨ ਦੀ ਹਕੀਕਤ ਨੂੰ ਮੰਨਣ ਦਾ ਇੱਕ ਤਰੀਕਾ ਹੈ।

ਸਆਦਤ ਹਸਨ ਮੰਟੋ ਗ਼ਾਲਿਬ ਦੇ ਕਲਾਮ ਦੇ ਵੱਡੇ ਮੁਰੀਦ ਸਨ, ਜਿਸ ਦਾ ਇਜ਼ਹਾਰ ਉਹਨਾਂ ਨੇ ਆਪਣੀਆਂ ਰਚਨਾਵਾਂ ਵਿੱਚ ਕੀਤਾ ਹੈ। ਮੰਟੋ ਗ਼ਾਲਿਬ ਦੀ ਸ਼ਖ਼ਸੀਅਤ ਦਾ ਆਦਰ ਵੀ ਕਰਦੇ ਸਨ। ਮੰਟੋ ਦੇ ਦਿਲ ਅਤੇ ਦਿਮਾਗ਼ ਵਿੱਚ ਗ਼ਾਲਿਬ ਲਈ ਜਿੰਨੀ ਥਾਂ ਸੀ, ਓਨੀ ਥਾਂ ਕਿਸੇ ਦੂਜੇ ਫ਼ਨਕਾਰ ਲਈ ਬਿਲਕੁਲ ਨਹੀਂ ਸੀ।

ਗ਼ਾਲਿਬ ਦੀਆਂ ਰਚਨਾਵਾਂ ਵਿੱਚ ਮੰਟੋ ਨੂੰ ਇੱਕ ਖ਼ਾਸ ਕਿਸਮ ਦੀ ਡੂੰਘਾਈ ਅਤੇ ਅਕੇਵੇਂ ਦੀ ਰੂਹ ਮਿਲਦੀ ਹੈ। ਗ਼ਾਲਿਬ ਦੀ ਸ਼ਾਇਰੀ ਵਿੱਚ ਉਸ ਕਸ਼ਮਕਸ਼ ਅਤੇ ਸ਼ੱਕ ਦਾ ਜੋ ਕਣ ਮੌਜੂਦ ਹੈ, ਜੋ ਮੰਟੋ ਦੀ ਜ਼ਾਤੀ ਜ਼ਿੰਦਗੀ ਤੇ ਉਹਨਾਂ ਦੇ ਖ਼ਿਆਲਾਂ ਨਾਲ ਮੇਲ ਖਾਂਦਾ ਹੈ। ਮੰਟੋ ਨੇ ਆਪਣੀਆਂ ਰਚਨਾਵਾਂ ਵਿੱਚ ਗ਼ਾਲਿਬ ਦੇ ਸ਼ੇਅਰਾਂ ਦੀ ਡੂੰਘਾਈ ਅਤੇ ਉਹਨਾਂ ਦੀ ਦਾਰਸ਼ਨਿਕ ਸੋਚ ਨੂੰ ਬਹੁਤ ਅਹਿਮੀਅਤ ਦਿੱਤੀ। ਮੰਟੋ ਦਾ ਮੰਨਣਾ ਸੀ ਕਿ ਗ਼ਾਲਿਬ ਦੇ ਸ਼ੇਅਰਾਂ ਵਿੱਚ ਇਨਸਾਨ ਦੇ ਦੁੱਖ, ਗ਼ਮ, ਖ਼ੁਸ਼ੀ ਅਤੇ ਉਸ ਦੀ ਅੰਦਰੂਨੀ ਦੁਨੀਆ ਦੀਆਂ ਪੇਚੀਦਗੀਆਂ ਬਹੁਤ ਸਪੱਸ਼ਟ ਢੰਗ ਨਾਲ ਬਿਆਨ ਕੀਤੀਆਂ ਗਈਆਂ ਹਨ।

ਗ਼ਾਲਿਬ ਅਤੇ ਮੰਟੋ ਦੋਵਾਂ ਨੇ ਹੋਂਦ ਨਾਲ ਜੁੜੇ ਸਵਾਲਾਂ ਨੂੰ ਆਪਣੇ ਹੁਨਰ ਦਾ ਹਿੱਸਾ ਬਣਾਇਆ। ਗ਼ਾਲਿਬ ਦੀ ਸੋਚ ਵਿੱਚ ਜ਼ਿੰਦਗੀ ਦੀ ਨਿਰਾਰਥਕਤਾ, ਮੌਤ ਦਾ ਡਰ ਅਤੇ ਕਿਸਮਤ ਦੀ ਜਕੜਣ ਦਾ ਇਜ਼ਹਾਰ ਮਿਲਦਾ ਹੈ, ਜਦੋਂ ਕਿ ਮੰਟੋ ਦੀਆਂ ਕਹਾਣੀਆਂ ਵੰਡ ਵੇਲੇ ਦੀ ਗੁੰਮਸ਼ੁਦਾ ਇਨਸਾਨੀ ਸ਼ਨਾਖ਼ਤ ਅਤੇ ਹੋਂਦ ਦੀ ਤਲਾਸ਼ ਦਾ ਸੁਰਾਗ਼ ਦਿੰਦੀਆਂ ਹਨ। ਦੋਵਾਂ ਫ਼ਨਕਾਰਾਂ ਦਾ ਇਹ ਸਾਂਝਾ ਨੁਕਤਾ ਹੈ ਕਿ ਉਹ ਇਨਸਾਨ ਨੂੰ ਉਸ ਦੀਆਂ ਸਾਰੀਆਂ ਕਮਜ਼ੋਰੀਆਂ ਨਾਲ ਕਬੂਲ ਕਰਦੇ ਹਨ।



ਮੰਟੋ ਨੇ ਗ਼ਾਲਿਬ ਦੀ ਸ਼ਾਇਰੀ ਨੂੰ ਆਪਣੇ-ਆਪ ਨਾਲ ਜੋੜਨ ਦੀ ਕੋਸ਼ਿਸ਼ ਕੀਤੀ। ਮੰਟੋ ਦੀ ਜ਼ਾਤੀ ਜ਼ਿੰਦਗੀ ਵਿੱਚ ਵੀ ਗ਼ਾਲਿਬ ਦੀ ਸ਼ਾਇਰੀ ਦੇ ਪ੍ਰਭਾਵ ਦਿਸਦੇ ਹਨ। ਮੰਟੋ ਨੇ ਜ਼ਿੰਦਗੀ ਦੀਆਂ ਪੇਚੀਦਗੀਆਂ ਅਤੇ ਉਸ ਦੇ ਤਲਖ਼ ਪਹਿਲੂਆਂ ਨੂੰ ਬਹੁਤ ਨੇੜਿਓਂ ਮਹਿਸੂਸ ਕੀਤਾ ਅਤੇ ਗ਼ਾਲਿਬ ਦੀ ਸ਼ਾਇਰੀ ਵਿੱਚ ਇਹੀ ਸਭ ਕੁਝ ਉਸ ਨੂੰ ਨਜ਼ਰ ਆਇਆ। ਗ਼ਾਲਿਬ ਦੀ ਸ਼ਾਇਰੀ ਵਿੱਚ ਜੋ ਦੁੱਖ, ਦਰਦ ਤੇ ਇਕੱਲਤਾ ਹੈ, ਉਹ ਮੰਟੋ ਦੀ ਤਕਲੀਫ਼ ਭਰੀ ਜ਼ਿੰਦਗੀ ਦੀ ਹਕੀਕਤ ਨਾਲ ਮੇਲ ਖਾਂਦੀ ਹੈ। ਮੰਟੋ ਨੇ ਗ਼ਾਲਿਬ ਦੇ ਸ਼ੇਅਰਾਂ ਵਿੱਚ ਆਪਣੇ ਅੰਦਰ ਦੇ ਦੁੱਖ ਨੂੰ ਮਹਿਸੂਸ ਕੀਤਾ ਤੇ ਉਹਨਾਂ ਨੂੰ ਆਪਣੇ ਖਿਆਲਾਂ ਵਿੱਚ ਜਜ਼ਬ ਕੀਤਾ। ਪ੍ਰੋਫ਼ੈਸਰ ਸ਼ਮਸ ਉਲਹੱਕ ਉਸਮਾਨੀ ਨੇ ਆਪਣੇ ਖ਼ਿਆਲਾਂ ਦਾ ਇਜ਼ਹਾਰ ਇਸ ਤਰ੍ਹਾਂ ਕੀਤਾ ਹੈ:

ਗ਼ਾਲਿਬ ਤੇ ਮੰਟੋ, ਹੁਣ, ਨਾਂਅ ਨਹੀਂ, ਰੂਪਕ ਹਨ। ਉਹਨਾਂ ਦਾ ਮੂਲ ਤੱਤ ਇਨਸਾਨੀ ਜਜ਼ਬਾਤਾਂ ਤੇ ਅਹਿਸਾਸਾਂ ਦੀ ਸਮਝ ਤੇ ਸੰਭਾਲ ਦੀ ਕਲਾ ਵਿਚਲੀ ਮੁਸ਼ੱਕਤ ਤੋਂ ਉਠਿਆ ਹੈ। ਗ਼ਾਲਿਬ ਦੇ ਹੇਠ ਲਿਖੇ ਰੂਪਕ ਕਈ ਸਾਹਿਤ ਸਮੀਖਿਆਵਾਂ ਨੂੰ ਉਹਨਾਂ ਯੋਗਤਾਵਾਂ ਨਾਲ ਜਾਣੂ ਕਰਵਾਉਂਦੇ ਹਨ, ਜੋ ਗ਼ਾਲਿਬ ਦੇ ਬਿਆਨਾਂ ਵਿੱਚ ਬੁਨਿਆਦੀ ਮਹੱਤਵ ਰੱਖਦੇ ਹਨ :

ਯਕ ਜ਼ਰ੍ਹਾ-ਏ-ਜ਼ਮੀਂ ਨਹੀਂ ਬੇਕਾਰ ਬਾਗ਼ ਕਾ
ਯਾ ਜਾਦਾ ਭੀ ਫ਼ਤੀਲਾ ਹੈ ਲਾਲੇ ਕੇ ਦਾਗ਼ ਕਾ
ਬਖ਼ਸ਼ੇ ਹੈ ਜਲਵਾ-ਏ-ਗੁਲ ਜ਼ੌਕ-ਏ-ਤਮਾਸ਼ਾ ਗ਼ਾਲਿਬ
ਚਸ਼ਮ ਕੋ ਚਾਹੀਏ ਹਰ ਰੰਗ ਮੇ ਵਾ ਹੋ ਜਾਣਾ

ਇੱਕ ਜ਼ਰਾ ਧਿਆਨ ਦਈਏ ਤਾਂ ਇਹ ਗੱਲ ਖੁੱਲ੍ਹਦੀ ਹੈ ਕਿ ਮੰਟੋ ਨੇ ਵੀ ਜ਼ਮੀਨ 'ਤੇ ਪੈਦਾ ਹੋਣ ਵਾਲੇ ਜੀਵਾਂ ਦੀ ਅਵਸਥਾ ਨੂੰ ਸਮੀਖਿਅਕ ਦ੍ਰਿਸ਼ਟੀ ਅਤੇ ਤਸੱਵਰ ਨਾਲ ਨਿਹਾਰ-ਨਿਹਾਰ ਕੇ ਆਪਣੇ ਸਿਰਜਨਾਤਮਕ ਵਜੂਦ ਨੂੰ ਉਹ ਸੂਝ-ਵਿਵੇਕ ਤੇ ਨਿਪੁੰਨਤਾ ਪ੍ਰਦਾਨ ਕੀਤੀ ਸੀ, ਜੋ ਲਾਲ ਫੁੱਲਾਂ (ਟਿਊਲਿਪ) ਦੇ ਪੋਟੇ-ਪੋਟੇ ਬਾਹਰੀ ਤੇ ਅੰਦਰੂਨੀ ਕਣ ਨੂੰ ਲਫ਼ਜ਼ਾਂ ਵਿੱਚ ਢਾਲ ਦਿੰਦੀ ਸੀ। (ਗ਼ਾਲਿਬ ਅਤੇ ਮੰਟੋ, ਗ਼ਾਲਿਬ ਅਕੈਡਮੀ, ਪੰਨਾ 7)

ਮੰਟੋ ਦੇ ਅਨੁਸਾਰ ਗ਼ਾਲਿਬ ਇੱਕ ਅਜਿਹੇ ਸ਼ਖ਼ਸ ਹਨ, ਜਿਹਨਾਂ ਨੇ ਆਪਣੀ ਸ਼ਾਇਰੀ ਦੇ ਜ਼ਰੀਏ ਇੱਕ ਨਵੇਂ ਸਾਹਿਤਕ ਜ਼ਿਹਨ ਨੂੰ ਜਨਮ ਦਿੱਤਾ। ਗ਼ਾਲਿਬ ਦੀ ਸ਼ਾਇਰੀ ਵਿੱਚ ਜ਼ਿੰਦਗੀ ਦੀਆਂ ਹਕੀਕਤਾਂ ਨੂੰ ਇੰਨੀ ਤੀਬਰਤਾ ਨਾਲ ਪੇਸ਼ ਕੀਤਾ ਗਿਆ ਹੈ ਕਿ ਉਹ ਹਰ ਦੌਰ ਵਿੱਚ ਪੜ੍ਹਨ ਵਾਲੇ ਨੂੰ ਪ੍ਰਭਾਵਿਤ ਕਰਦੀ ਹੈ। ਮੰਟੋ ਨੇ ਗ਼ਾਲਿਬ ਦੀ ਸ਼ਾਇਰੀ ਵਿੱਚ ਉਸ ਹਕੀਕਤ ਨੂੰ ਵੇਖਿਆ ਕਿ ਗ਼ਾਲਿਬ ਨੇ ਆਪਣੇ ਵਕਤ ਦੇ ਸਮਾਜਿਕ ਤੇ ਸੱਭਿਆਚਾਰਕ ਮਸਲਿਆਂ ਨੂੰ ਆਪਣੀ ਸ਼ਾਇਰੀ ਦਾ ਵਿਸ਼ਾ ਬਣਾਇਆ ਤੇ ਉਸੇ ਤਰ੍ਹਾਂ ਮੰਟੋ ਨੇ ਵੀ ਆਪਣੀਆਂ ਸਾਹਿਤਕ ਰਚਨਾਵਾਂ ਵਿੱਚ ਉਹਨਾਂ ਮਸਲਿਆਂ ਨੂੰ ਉਜਾਗਰ ਕੀਤਾ।

ਗ਼ਾਲਿਬ ਤੋਂ ਪ੍ਰਭਾਵਿਤ ਮੰਟੋ ਦੇ ਜ਼ਿਹਨੀ ਲਗਾਅ ਤੇ ਝੁਕਾਅ ਦਾ ਪਤਾ ਸਭ ਤੋਂ ਪਹਿਲਾਂ ਅਹਿਮਦ ਨਦੀਮ ਕਾਸਮੀ ਦੇ ਨਾਂਅ ਲਿਖੇ ਮੰਟੋ ਦੇ ਖ਼ਤਾਂ ਤੋਂ ਲੱਗਦਾ ਹੈ। ਗ਼ਾਲਿਬ ਨਾਲ ਮੰਟੋ ਦੀ ਦਿਲੀ ਨੇੜਤਾ ਤੇ ਲਗਾਅ ਉਸ ਵਕਤ ਹੋਇਆ ਜਦੋਂ ਮੰਟੋ ਨੂੰ ਫ਼ਿਲਮੀ ਦੁਨੀਆ ਵਿੱਚ ਰਹਿੰਦੇ ਹੋਏ ਆਪਣੀ ਸਦੀ ਦੇ ਸਭ ਤੋਂ ਅਜ਼ੀਮ ਸ਼ਾਇਰ ਮਿਰਜ਼ਾ ਗ਼ਾਲਿਬ 'ਤੇ ਫ਼ਿਲਮ ਬਣਾਉਣ ਲਈ ਸਕ੍ਰਿਪਟ ਲਿਖਣ ਦਾ ਖ਼ਿਆਲ ਪੈਦਾ ਹੋਇਆ। ਮੰਟੋ ਦੇ ਪੰਜ ਖ਼ਤ ਅਜਿਹੇ ਹਨ, ਜਿਨ੍ਹਾਂ ਵਿੱਚ ਗ਼ਾਲਿਬ ਤੇ ਗ਼ਾਲਿਬ 'ਤੇ ਫ਼ਿਲਮੀ ਸਕ੍ਰਿਪਟ ਲਿਖੇ ਜਾਣ ਬਾਰੇ ਜ਼ਿਕਰ ਮੌਜੂਦ ਹੈ।

ਇੱਕ ਖ਼ਤ ਸਤੰਬਰ 1940 ਵਿੱਚ ਅਹਿਮਦ ਨਦੀਮ ਕਾਸਮੀ ਦੇ ਨਾਂਅ ਮੰਟੋ ਨੇ ਲਿਖਿਆ ਹੈ: ਹਾਂ ਮੈਂ ਤੁਹਾਨੂੰ ਇਹ ਵੀ ਕਹਿਣਾ ਸੀ ਕਿ ਮੈਂ ਗ਼ਾਲਿਬ ਦੇ ਨਾਂਅ ਹੇਠ ਇੱਕ ਫ਼ਿਲਮੀ ਕਹਾਣੀ ਲਿਖਣ ਦਾ ਇਰਾਦਾ ਕਰ ਰਿਹਾ ਹਾਂ। ਤੁਸੀਂ ਸ਼ਾਇਰ ਹੋ, ਜੇ ਤੁਸੀਂ ਇੱਥੇ ਹੁੰਦੇ ਤਾਂ ਮੈਨੂੰ ਕਿੰਨੀ ਮਦਦ ਮਿਲਦੀ। ਮੈਂ ਗ਼ਾਲਿਬ ਨਾਲ ਸੰਬੰਧਤ ਬਹੁਤ ਸਾਰੀਆਂ ਕਿਤਾਬਾਂ ਇਕੱਠੀਆਂ ਕਰ ਲਈਆਂ ਹਨ ਤੇ ਹੋਰ ਕਿਤਾਬਾਂ ਵੀ ਜਮ੍ਹਾਂ ਕਰ ਰਿਹਾ ਹਾਂ। ਜੇ ਤੁਹਾਡੇ ਕੋਲ ਕੋਈ ਅਜਿਹਾ ਰਸਾਲਾ ਹੋਵੇ, ਜਿਸ ਵਿੱਚ ਗ਼ਾਲਿਬ ਦੀ ਜ਼ਿੰਦਗੀ ਨਾਲ ਸੰਬੰਧਤ ਕੋਈ ਮਜ਼ਮੂਨ (ਲੇਖ) ਛਪਿਆ ਹੋਵੇ ਤਾਂ ਮੈਨੂੰ ਫ਼ੌਰਨ ਭੇਜ ਦਿਓ। (ਤੁਹਾਡਾ ਸਆਦਤ ਹਸਨ ਮੰਟੋ (ਮੰਟੋ ਦੇ ਪੱਤਰ), ਸੰਪਾਦਕ: ਮੁਹੰਮਦ ਅਸਲਮ ਪਰਵੇਜ਼, ਪੰਨਾ 118)

ਦੂਸਰਾ ਖ਼ਤ ਅਕਤੂਬਰ 1940 ਅਹਿਮਦ ਨਦੀਮ ਕਾਸਮੀ ਦੇ ਨਾਂਅ : ਮੈਂ ਅੱਜਕੱਲ੍ਹ ਗ਼ਾਲਿਬ ਦਾ ਅਧਿਐਨ ਕਰ ਰਿਹਾ ਹਾਂ। ਉਸ 'ਤੇ ਇੱਕ ਫ਼ਿਲਮੀ ਕਹਾਣੀ ਲਿਖਣ ਦਾ ਇਰਾਦਾ ਕਰ ਰਿਹਾ ਹਾਂ, ਸਮੱਗਰੀ ਬਹੁਤ ਘੱਟ ਹੈ, ਫਿਰ ਵੀ ਗੁਜ਼ਾਰਾ ਹੋ ਜਾਵੇਗਾ। (ਤੁਹਾਡਾ ਸਆਦਤ ਹਸਨ ਮੰਟੋ (ਮੰਟੋ ਦੇ ਪੱਤਰ), ਸੰਪਾਦਕ: ਮੁਹੰਮਦ ਅਸਲਮ ਪਰਵੇਜ਼ ਪੰਨਾ 121)

ਤੀਸਰਾ ਖ਼ਤ ਅਕਤੂਬਰ 1940 ਅਹਿਮਦ ਨਦੀਮ ਕਾਸਮੀ ਦੇ ਨਾਂਅ : ਮੈਂ ਅੱਜਕੱਲ੍ਹ ਗ਼ਾਲਿਬ 'ਤੇ ਫ਼ਿਲਮੀ ਕਹਾਣੀ ਲਿਖਣ ਦੇ ਸਿਲਸਿਲੇ ਵਿੱਚ ਬਹੁਤ ਮਸਰੂਫ਼ ਹਾਂ। ਖ਼ੁਦਾ ਜਾਣੇ ਕੀ-ਕੀ ਬਕਵਾਸ ਪੜ੍ਹ ਰਿਹਾ ਹਾਂ। ਸਭ ਕਿਤਾਬਾਂ ਮੰਗਵਾ ਲਈਆਂ ਹਨ। ਕੰਮ ਦੀ ਇੱਕ ਵੀ ਨਹੀਂ। ਸਮਝ ਵਿੱਚ ਨਹੀਂ ਆਉਂਦਾ ਕਿ ਸਾਡੇ ਜੀਵਨੀਕਾਰ ਜੀਵਨੀਆਂ ਲਿਖਦੇ ਹਨ ਜਾਂ ਕਿ ਲਤੀਫ਼ੇ, ਫਿਰ ਵੀ ਕੁਝ ਨਾ ਕੁਝ ਹੋ ਜਾਵੇਗਾ। (ਤੁਹਾਡਾ ਸਆਦਤ ਹਸਨ ਮੰਟੋ (ਮੰਟੋ ਦੇ ਪੱਤਰ), ਸੰਪਾਦਕ : ਮੁਹੰਮਦ ਅਸਲਮ ਪਰਵੇਜ਼ ਪੰਨਾ 122)

ਚੌਥਾ ਖ਼ਤ ਅਕਤੂਬਰ 1940 ਅਹਿਮਦ ਨਦੀਮ ਕਾਸਮੀ ਦੇ ਨਾਂਅ : ਕਿੱਸਾ ਇਹ ਹੈ ਕਿ ਮੈਂ ਗ਼ਾਲਿਬ 'ਤੇ ਇੱਕ ਫ਼ਿਲਮੀ ਕਹਾਣੀ ਲਿਖਣ ਵਾਲਾ ਹਾਂ। ਕੁਝ ਸਮੱਗਰੀ ਮੈਂ ਜਮ੍ਹਾਂ ਕਰ ਲਈ ਹੈ ਤੇ ਕੁਝ ਅਜੇ ਜਮ੍ਹਾਂ ਕਰਨਾ ਹੈ। ਮੈਨੂੰ ਉਮੀਦ ਹੈ ਕਿ ਕਹਾਣੀ ਦਿਲਚਸਪ ਹੋ ਜਾਵੇਗੀ। ਇਹ ਗੱਲ ਆਪਣੇ ਤੱਕ ਹੀ ਰੱਖਿਓ। (ਤੁਹਾਡਾ ਸਆਦਤ ਹਸਨ ਮੰਟੋ (ਮੰਟੋ ਦੇ ਪੱਤਰ), ਸੰਪਾਦਕ: ਮੁਹੰਮਦ ਅਸਲਮ ਪਰਵੇਜ਼ ਪੰਨਾ 123)

ਪੰਜਵਾਂ ਖ਼ਤ ਅਕਤੂਬਰ 1940 ਅਹਿਮਦ ਨਦੀਮ ਕਾਸਮੀ ਦੇ ਨਾਂਅ : 'ਮੈਂ ਬੇਹੱਦ ਮਸਰੂਫ਼ ਹਾਂ। ਗ਼ਾਲਿਬ ਦੀ ਜ਼ਿੰਦਗੀ ਨਾਲ ਸੰਬੰਧਤ ਮੈਂ ਬਹੁਤ ਸਾਰੀ ਸਮੱਗਰੀ ਜਮ੍ਹਾਂ ਕਰ ਲਈ ਤੇ ਕਹਾਣੀ ਲਿਖਣੀ ਸ਼ੁਰੂ ਕਰ ਦਿੱਤੀ ਹੈ। ਦਸ ਸੀਨ ਲਿਖ ਚੁੱਕਾ ਹਾਂ। ਜਦੋਂ ਅੱਧ ਮੁਕੰਮਲ ਹੋ ਜਾਵੇਗਾ ਤਾਂ ਤੁਹਾਨੂੰ ਖਰੜਾ ਭੇਜ ਦੇਵਾਂਗਾ। ਇਹ ਕੰਮ ਮੁਸ਼ਕਲ ਹੈ, ਪਰ ਨਾਮੁਮਕਿਨ ਨਹੀਂ। (ਤੁਹਾਡਾ ਸਆਦਤ ਹਸਨ ਮੰਟੋ (ਮੰਟੋ ਦੇ ਪੱਤਰ), ਸੰਪਾਦਕ: ਮੁਹੰਮਦ ਅਸਲਮ ਪਰਵੇਜ਼ ਪੰਨਾ 125)

ਮੰਟੋ ਨੂੰ ਹਮੇਸ਼ਾ ਤੋਂ ਹੀ ਮਿਰਜ਼ਾ ਗ਼ਾਲਿਬ ਨਾਲ ਲਗਾਅ ਤੇ ਮੁਹੱਬਤ ਰਹੀ ਹੈ। ਉਹਨਾਂ ਦੀ ਇੱਕ ਕਹਾਣੀ 'ਆਰਟਿਸਟ ਲੋਕ' ਵਿੱਚ ਮੰਟੋ ਦਾ ਇੱਕ ਕਿਰਦਾਰ ਗ਼ਾਲਿਬ ਬਾਰੇ ਆਪਣੇ ਖ਼ਿਆਲਾਂ ਦਾ ਇਜ਼ਹਾਰ ਕਰਦੇ ਹੋਏ ਕਹਿੰਦਾ ਹੈ : 'ਗ਼ਾਲਿਬ ਦੇ ਸਿਵਾ ਹੋਰ ਕੌਣ ਹੋ ਸਕਦਾ ਹੈ ਜੋ ਇਨਸਾਨ ਦੇ ਜਜ਼ਬਾਤਾਂ ਦੀ ਤਰਜਮਾਨੀ ਕਰ ਸਕੇ?'

ਸਆਦਤ ਹਸਨ ਮੰਟੋ ਦੀਆਂ ਰਚਨਾਵਾਂ ਵਿੱਚ ਮਿਰਜ਼ਾ ਗ਼ਾਲਿਬ ਦੀ ਸ਼ਖ਼ਸੀਅਤ ਅਤੇ ਉਹਨਾਂ ਦੇ ਕਲਾਮ ਦਾ ਜ਼ਿਕਰ ਉਹਨਾਂ ਦੀ ਗ਼ਾਲਿਬ ਨਾਲ ਮੁਹੱਬਤ ਅਤੇ ਵਿਸ਼ਵਾਸ ਦਾ ਨਤੀਜਾ ਹੈ। ਮੰਟੋ ਨੇ ਆਪਣੀਆਂ ਰਚਨਾਵਾਂ ਵਿੱਚ ਗ਼ਾਲਿਬ ਦੀ ਜ਼ਿੰਦਗੀ ਦੇ ਵੱਖਰੇ ਪਹਿਲੂਆਂ ਨੂੰ ਉਜਾਗਰ ਕੀਤਾ ਹੈ, ਜੋ ਉਰਦੂ ਸਾਹਿਤ ਵਿੱਚ ਉਹਨਾਂ ਦੀ ਡੂੰਘੀ ਦਿਲਚਸਪੀ ਅਤੇ ਅਧਿਐਨ ਦਾ ਸਬੂਤ ਹੈ। ਉਦਾਹਰਣ ਵਜੋਂ: 'ਗ਼ਾਲਿਬ ਅਤੇ ਸਰਕਾਰੀ ਨੌਕਰੀ', 'ਆਗਰਾ ਵਿੱਚ ਮਿਰਜ਼ਾ ਨੌਸ਼ਾ ਦੀ ਜ਼ਿੰਦਗੀ', 'ਮਿਰਜ਼ਾ ਗ਼ਾਲਿਬ ਦੀ ਹਸ਼ਮਤ ਖ਼ਾਨ ਦੇ ਘਰ ਦਾਵਤ', 'ਗ਼ਾਲਿਬ ਚੌਧਵੀਂ ਤੇ ਹਸ਼ਮਤ ਖ਼ਾਨ' ਅਤੇ 'ਮਿਰਜ਼ਾ ਨੌਸ਼ਾ ਔਰ ਚੌਧਵੀਂ' ਮੰਟੋ ਦੀਆਂ ਇਹ ਅਜਿਹੀਆਂ ਰਚਨਾਵਾਂ ਹਨ, ਜਿਨ੍ਹਾਂ ਵਿੱਚ ਗ਼ਾਲਿਬ ਦੀ ਜ਼ਿੰਦਗੀ ਦੇ ਵੱਖਰੇ ਪਹਿਲੂਆਂ ਦਾ ਬਿਆਨ ਬੜੀ ਹੁਨਰਮੰਦੀ ਅਤੇ ਸੁਹਜਤਾ ਨਾਲ ਕੀਤਾ ਗਿਆ ਹੈ। ਪਰ ਇਹਨਾਂ ਦੇ ਇਲਾਵਾ ਵੀ ਮੰਟੋ ਦੀ ਗ਼ਾਲਿਬ ਬਾਰੇ ਇੱਕ ਰਚਨਾ ਹੈ, 'ਕਰਜ਼ ਕੀ ਪੀਤੇ ਥੇ ਮੇ...' ਇਸ ਕਹਾਣੀ ਨੂੰ ਮੰਟੋ ਨੇ ਗ਼ਾਲਿਬ ਦੇ ਸਿਰ ਚੜ੍ਹੇ ਕਰਜ਼ੇ ਦੇ ਦਿਵਾਲੀਆਪਨ ਦੇ ਮੁਕੱਦਮੇ ਦੇ ਹਵਾਲੇ ਨਾਲ ਬਿਆਨ ਕੀਤਾ ਹੈ।

ਲੇਖ 'ਗ਼ਾਲਿਬ ਅਤੇ ਚੌਧਵੀਂ' ਵਿੱਚੋਂ ਇੱਕ ਅੰਸ਼ ਵੇਖੋ: ਮਿਰਜ਼ਾ ਗ਼ਾਲਿਬ ਆਪਣੇ ਦੋਸਤ ਹਾਤਮ ਅਲੀ ਮਿਹਰ ਦੇ ਨਾਂਅ ਇੱਕ ਖ਼ਤ ਵਿੱਚ ਲਿਖਦੇ ਹਨ : ਮੁਗ਼ਲ ਬੱਚੇ ਵੀ ਅਜੀਬ ਹੁੰਦੇ ਹਨ ਕਿ ਜਿਸ ਨਾਲ ਇਸ਼ਕ ਕਰਦੇ ਹਨ, ਉਸ 'ਤੇ ਹੱਕ ਜਤਾਉਂਦੇ ਹਨ। ਮੈਂ ਵੀ ਆਪਣੀ ਜਵਾਨੀ ਵਿੱਚ ਇੱਕ ਬੜੀ ਸਿਤਮ ਪੇਸ਼ਾ ਡੂਮਣੀ ਨਾਲ ਇਸ਼ਕ ਕੀਤਾ ਹੈ ਤੇ ਉਸ 'ਤੇ ਹੱਕ ਜਤਾਇਆ ਹੈ।

1264 ਹਿਜਰੀ ਵਿੱਚ ਮਿਰਜ਼ਾ ਗ਼ਾਲਿਬ ਚੌਸਰ ਦੀ ਬਦੌਲਤ ਕੈਦ ਹੋਏ। ਇਸ ਘਟਨਾ ਬਾਰੇ ਇੱਕ ਫ਼ਾਰਸੀ ਖ਼ਤ ਵਿੱਚ ਲਿਖਦੇ ਹਨ: ਕੋਤਵਾਲ ਦੁਸ਼ਮਣ ਸੀ ਤੇ ਮੈਜਿਸਟਰੇਟ ਨਾ ਵਾਕਿਫ਼। ਸੰਕਟ ਸਿਰ 'ਤੇ ਸੀ ਅਤੇ ਸਿਤਾਰੇ ਗਰਦਿਸ਼ ਵਿੱਚ। ਬਾਵਜੂਦ ਇੱਕ ਮੈਜਿਸਟਰੇਟ ਕੋਤਵਾਲ ਦਾ ਹਾਕਮ ਹੈ, ਮੇਰੇ ਮਾਮਲੇ ਵਿੱਚ ਉਹ ਕੋਤਵਾਲ ਦਾ ਗ਼ੁਲਾਮ ਬਣ ਗਿਆ ਤੇ ਮੇਰੀ ਕੈਦ ਦਾ ਹੁਕਮ ਸੁਣਾ ਦਿੱਤਾ।

ਕਹਾਣੀਕਾਰ ਲਈ ਇਹ ਕੁਝ ਇਸ਼ਾਰੇ ਮਿਰਜ਼ਾ ਗ਼ਾਲਿਬ ਦੀ ਰੋਮਾਂਸਵਾਦੀ ਜ਼ਿੰਦਗੀ ਦਾ ਨਕਸ਼ਾ ਤਿਆਰ ਕਰਨ ਲਈ ਕਾਫ਼ੀ ਮਦਦ ਕਰ ਸਕਦੇ ਹਨ। ਰੋਮਾਂਸ ਦੀ ਸਦੀਵੀ ਤਿਕੋਣ ਤਾਂ 'ਸਿਤਮ ਪੇਸ਼ਾ ਡੂਮਣੀ' ਅਤੇ 'ਕੋਤਵਾਲ ਦੁਸ਼ਮਣ ਸੀ' ਦੇ ਸੰਖੇਪ ਲਫ਼ਜ਼ ਪੂਰੀ ਕਰ ਦਿੰਦੇ ਹਨ। (ਲੇਖ - ਗ਼ਾਲਿਬ ਅਤੇ ਚੌਧਵੀਂ, ਪੁਸਤਕ - ਸਆਦਤ ਹਸਨ ਮੰਟੋ)

ਇਸੇ ਵਿਸ਼ੇ ਵਿੱਚ ਮੰਟੋ ਨੇ ਗ਼ਾਲਿਬ ਦੀ ਸਵੈ-ਪਸੰਦੀ ਅਤੇ ਗ਼ਜ਼ਲ ਵਿੱਚ ਉਹਨਾਂ ਦੇ ਲਾਸਾਨੀ ਹੋਣ ਦਾ ਜ਼ਿਕਰ ਬੜੇ ਸੁਚੱਜੇ ਅਤੇ ਦਿਲਚਸਪ ਢੰਗ ਨਾਲ ਬਿਆਨ ਕੀਤਾ ਹੈ: ਉਦਾਹਰਣ ਵੇਖੋ: ਸਿਤਮ ਪੇਸ਼ਾ ਡੂਮਣੀ ਨਾਲ ਮਿਰਜ਼ਾ ਗ਼ਾਲਿਬ ਦੀ ਮੁਲਾਕਾਤ ਕਿਵੇਂ ਹੋਈ? ਆਓ ਆਪਾਂ ਕਲਪਨਾ ਦੀ ਮਦਦ ਨਾਲ ਉਸ ਦੀ ਇਕ ਤਸਵੀਰ ਬਣਾਉਂਦੇ ਹਾਂ :

ਸਵੇਰ ਦਾ ਸਮਾਂ ਹੈ। ਕੁੱਕੜ ਬਾਗਾਂ ਦੇ ਰਹੇ ਹਨ। ਮਿਰਜ਼ਾ ਨੌਸ਼ਾ ਹਵਾਦਾਰ ਵਿੱਚ ਬੈਠਾ ਹੈ, ਜਿਸ ਨੂੰ ਚਾਰ ਕਹਾਰ ਲੈ ਜਾ ਰਹੇ ਹਨ। ਮਿਰਜ਼ਾ ਨੌਸ਼ਾ ਦੀ ਬੈਠਣ ਵਾਲੀ ਗੱਦੀ ਤੋਂ ਪਤਾ ਲੱਗਦਾ ਹੈ ਕਿ ਸਖ਼ਤ ਉਦਾਸ ਹੈ। ਉਦਾਸੀ ਦਾ ਕਾਰਨ ਇਹ ਹੈ ਕਿ ਉਸ ਨੇ ਮੁਸ਼ਾਅਰੇ ਵਿੱਚ ਆਪਣੀਆਂ ਬਿਹਤਰੀਨ ਗ਼ਜ਼ਲਾਂ ਸੁਣਾਈਆਂ, ਪਰ ਹਾਜ਼ਰੀਨ ਨੇ ਦਾਦ ਨਹੀਂ ਦਿੱਤੀ। ਇਕ ਸਿਰਫ਼ ਨਵਾਬ ਸ਼ਿਫ਼ਤਾ ਨੇ ਉਸ ਦੇ ਕਲਾਮ ਨੂੰ ਸਲਾਹਿਆ, ਸਦਰ ਅਲਦੀਨ ਅਜ਼ਾਰਦਾ ਨੇ ਉਸ ਦੀ ਹੌਸਲਾ ਅਫ਼ਜ਼ਾਈ ਕੀਤੀ, ਪਰ ਭਰੇ ਹੋਏ ਮੁਸ਼ਾਅਰੇ ਵਿੱਚ ਦੋ ਆਦਮੀਆਂ ਦੀ ਦਾਦ ਨਾਲ ਕੀ ਹੁੰਦਾ ਹੈ। ਮਿਰਜ਼ਾ ਨੌਸ਼ਾ ਦੀ ਤਬੀਅਤ ਹੋਰ ਵੀ ਜ਼ਿਆਦਾ ਵਿਗੜ ਗਈ ਸੀ ਜਦੋਂ ਲੋਕਾਂ ਨੇ ਜ਼ੌਕ ਦੇ ਕਲਾਮ ਨੂੰ ਸਿਰਫ਼ ਇਸ ਲਈ ਪਸੰਦ ਕੀਤਾ ਕਿਉਂਕਿ ਉਹ ਉਸਤਾਦ-ਏ-ਸ਼ਾਹ ਸੀ। (ਲੇਖ - ਗ਼ਾਲਿਬ ਅਤੇ ਚੌਧਵੀਂ, ਪੁਸਤਕ-ਸਆਦਤ ਹਸਨ ਮੰਟੋ)

ਮੰਟੋ ਦੇ ਗ਼ਾਲਿਬ ਨਾਲ ਲਗਾਅ ਦਾ ਪਤਾ ਉਹਨਾਂ ਦੀਆਂ ਕਿਤਾਬਾਂ ਦੇ ਸਿਰਲੇਖਾਂ ਅਤੇ ਵਿਸ਼ਿਆਂ ਤੋਂ ਵੀ ਲੱਗਦਾ ਹੈ। ਮੰਟੋ ਦੀਆਂ ਕਈ ਰਚਨਾਵਾਂ ਦਾ ਸਿਰਲੇਖ ਗ਼ਾਲਿਬ ਦੇ ਕਿਸੇ ਸ਼ੇਅਰ, ਮਿਸਰੇ ਜਾਂ ਕਿਸੇ ਇਕ ਹਿੱਸੇ ਤੋਂ ਲਿਆ ਗਿਆ ਹੈ, ਜਿਸ ਨਾਲ ਕਲਾਮ-ਏ-ਗ਼ਾਲਿਬ ਨਾਲ ਮੰਟੋ ਦੁਆਰਾ ਕੀਤੇ ਅਧਿਐਨ ਦਾ ਅੰਦਾਜ਼ਾ ਬਾਖ਼ੂਬੀ ਹੁੰਦਾ ਹੈ। ਮਿਸਾਲ ਵਜੋਂ : 'ਛੇੜ ਖਵਾਬਾਂ ਤੋਂ ਚਲੀ ਜਾਏ ਅਸਦ', 'ਕੁਛ ਨਹੀਂ ਤੋ ਅਦਾਵਤ (ਦੁਸ਼ਮਣੀ) ਹੀ ਸਹੀ', ਲਜ਼ਤ-ਏ-ਸੰਗ, ਜ਼ਹਿਮਤ-ਏ-ਮਹਿਰ-ਏ-ਦਰਖ਼ਸ਼ਾਂ ਅਤੇ ਜ਼ੇਬ-ਏ-ਕਫ਼ਨ ਵਗੈਰਾ। ਲਜ਼ਤ-ਏ-ਸੰਗ ਅਤੇ ਜ਼ਹਿਮਤ-ਏ-ਮਹਿਰ-ਏ-ਦਰਖ਼ਸ਼ਾਂ ਸਿਰਲੇਖ ਗ਼ਾਲਿਬ ਦੇ ਹੇਠ ਲਿਖੇ ਸ਼ੇਅਰ ਤੋਂ ਲਿਆ ਗਿਆ ਹੈ :

ਸਰ ਖੁਜਾਤਾ ਹੈ ਜਹਾਂ ਜ਼ਖ਼ਮ ਸਰ ਅੱਛਾ ਹੋ ਜਾਏ
ਲੱਜ਼ਤ-ਏ-ਸੰਗ ਬਾ ਅੰਦਾਜ਼ਾ ਤਕਰੀਰ ਨਹੀਂ
ਲਰਜ਼ਤਾ ਹੈ ਮੇਰਾ ਦਿਲ ਜ਼ਹਿਮਤ-ਏ-ਮਿਹਰ-ਏ-ਦਰਖ਼ਸ਼ਾਂ ਪਰ
ਮੈਂ ਹੂੰ ਵੋ ਕਤਰਾ ਸ਼ਬਨਮ ਜੋ ਹੋ ਖ਼ਾਰ-ਏ-ਬਿਆਬਾਂ ਪਰ

ਸਆਦਤ ਹਸਨ ਮੰਟੋ ਨੇ ਆਪਣੇ ਇਕ ਕਹਾਣੀ-ਲੇਖ ਦਾ ਨਾਂਅ 'ਨਿਮਰੌਦ ਦੀ ਖ਼ੁਦਾਈ' ਰੱਖਿਆ, ਜੋ ਗ਼ਾਲਿਬ ਦੇ ਇਸ ਸ਼ੇਅਰ ਤੋਂ ਲਿਆ ਗਿਆ ਹੈ :

ਕਿਆ ਵੋਹ ਨਿਮਰੌਦ ਕੀ ਖ਼ੁਦਾਈ ਥੀ
ਬੰਦਗੀ ਮੇਂ ਮੇਰਾ ਭਲਾ ਨਾ ਹੂਆ

ਮੰਟੋ ਦਾ ਇੱਕ ਲੇਖ 'ਬਿਨ ਬੁਲਾਏ ਮਹਿਮਾਨ' ਹੈ, ਜਿਸ ਦਾ ਆਗ਼ਾਜ਼ ਗ਼ਾਲਿਬ ਦੇ ਸ਼ੇਅਰ ਨਾਲ ਹੁੰਦਾ ਹੈ। ਮੰਟੋ ਨੇ ਸ਼ੇਅਰ ਜ਼ਰੀਏ ਆਪਣੀ ਗੱਲ ਅੱਗੇ ਵਧਾਉਣ ਅਤੇ ਸਮਝਾਉਣ ਦੀ ਕੋਸ਼ਿਸ਼ ਕੀਤੀ ਹੈ। ਮੰਟੋ ਨੇ ਲੇਖ ਦੀ ਸ਼ੁਰੂਆਤ ਕੁਝ ਇਸ ਅੰਦਾਜ਼ ਨਾਲ ਕੀਤੀ ਹੈ :

ਗ਼ਾਲਿਬ ਕਹਿੰਦਾ ਹੈ :
ਮੈਂ ਬੁਲਾਤਾ ਤੋ ਹੂੰ ਉਨ ਕੋ ਮਗਰ ਐ ਜਜ਼ਬਾ-ਏ-ਦਿਲ
ਉਨ ਪਰ ਬਣ ਜਾਏ ਕੁਛ ਐਸੀ ਕਿ ਬਿਨ ਆਏ ਨਾ ਬਣੇ

ਮਤਲਬ ਜੇ ਉਸ ਨੂੰ ਬਿਨ ਬੁਲਾਏ ਮਹਿਮਾਨਾਂ ਨਾਲ ਕਸ਼ਟ ਮਹਿਸੂਸ ਹੁੰਦਾ ਤਾਂ ਇਹ ਸ਼ੇਅਰ ਸਾਨੂੰ ਉਸ ਦੇ ਦੀਵਾਨ ਵਿੱਚ ਹਰਗਿਜ਼ ਨਾ ਮਿਲਦਾ। ਗ਼ਾਲਿਬ ਕਹਿੰਦਾ ਹੈ, ਮੈਂ ਬੁਲਾਉਂਦਾ ਹਾਂ ਉਹਨਾਂ ਨੂੰ, ਪਰ ਮੇਰਾ ਜੀਅ ਤਾਂ ਇਹ ਚਾਹੁੰਦਾ ਹੈ ਕਿ ਕੋਈ ਅਜਿਹੀ ਗੱਲ ਹੋ ਜਾਵੇ ਕਿ ਉਹ ਬਿਨ ਬੁਲਾਏ ਆ ਜਾਣ ਤੇ ਸੱਚ ਤਾਂ ਇਹ ਹੈ ਕਿ ਬੁਲਾ ਕੇ ਕਿਸੇ ਦੇ ਆ ਜਾਣ ਵਿੱਚ ਉਹ ਮਜ਼ਾ ਕਿੱਥੇ ਹੈ, ਜੋ ਬਿਨ ਬੁਲਾਏ ਆ ਜਾਣ ਵਿੱਚ, ਪਰ ਸਮਝ ਵਿੱਚ ਨਹੀਂ ਆਉਂਦਾ, ਕਿਉਂ ਲੋਕਾਂ ਨੂੰ ਬਿਨ ਬੁਲਾਏ ਮਹਿਮਾਨਾਂ ਨਾਲ ਖ਼ੁਦਾ ਵਾਸਤੇ ਦਾ ਵੈਰ ਹੈ। (ਲੇਖ - ਬਿਨ ਬੁਲਾਏ ਮਹਿਮਾਨ, ਪੁਸਤਕ-ਮੰਟੋ ਦੇ ਲੇਖ)

ਮੰਟੋ ਦੀ ਇੱਕ ਕਹਾਣੀ 'ਆਰਟਿਸਟ ਲੋਕ' ਹੈ। ਉਸ ਵਿੱਚ ਅਸਲ ਕਿਰਦਾਰ ਮਹਿਮੂਦ ਹੈ। ਮੰਟੋ ਨੇ ਮਹਿਮੂਦ ਦੀ ਜ਼ੁਬਾਨੀ ਗ਼ਾਲਿਬ ਦੇ ਸ਼ੇਅਰ ਦਾ ਇੱਕ ਮਿਸ਼ਰਾ ਬੁਲਵਾਇਆ ਹੈ: ਹਾਏ ਇਸ ਜ਼ੋਧ ਪਸ਼ੇਮਾਂ ਕਾ ਪਸ਼ੇਮਾਂ ਹੋਣਾ ਮੁਕੰਮਲ ਸ਼ੇਅਰ ਇਸ ਤਰ੍ਹਾਂ ਹੈ:

ਕੀ ਮੇਰੇ ਕਤਲ ਕੇ ਬਾਅਦ ਉਸਨੇ ਜਫ਼ਾ ਸੇ ਤੌਬਾ
ਹਾਏ ਇਸ ਜ਼ੋਧ ਪਸ਼ੇਮਾਂ ਕਾ ਪਸ਼ੇਮਾਂ ਹੋਣਾ

ਸਆਦਤ ਹਸਨ ਮੰਟੋ ਨੇ ਚਾਚੇ ਸੈਮ ਦੇ ਨਾਂਅ ਨੌਂ ਫ਼ਰਜ਼ੀ ਖ਼ਤ ਰੂਪੀ ਲੇਖ ਲਿਖੇ ਹਨ। ਆਪਣੀ ਗੱਲ ਵਿੱਚ ਪੁਖ਼ਤਗੀ ਪੈਦਾ ਕਰਨ ਲਈ ਸਆਦਤ ਹਸਨ ਮੰਟੋ ਨੇ ਸਮੇਂ-ਸਮੇਂ 'ਤੇ ਗ਼ਾਲਿਬ ਦਾ ਕੋਈ ਇਕ ਸ਼ੇਅਰ ਜਾਂ ਕਿਸੇ ਇਕ ਮਿਸਰੇ ਦੀ ਵਰਤੋਂ ਮੌਕੇ ਅਤੇ ਸਥਾਨ ਅਨੁਸਾਰ ਸੁੰਦਰਤਾ ਅਤੇ ਸ਼ਾਨ ਨਾਲ ਕੀਤੀ ਹੈ। ਇਹ ਹਵਾਲਾ ਵੇਖੋ :

ਸਾਡੀ ਭਾਸ਼ਾ ਵਿੱਚ ਉਰਦੂ ਦਾ ਇੱਕ ਸ਼ਾਇਰ ਗ਼ਾਲਿਬ ਹੋਇਆ ਹੈ। ਉਸ ਨੇ ਅੱਜ ਤੋਂ ਕਰੀਬ-ਕਰੀਬ ਇੱਕ ਸਦੀ ਪਹਿਲਾਂ ਕਿਹਾ ਸੀ :

ਹੁਏ ਮਰ ਕੇ ਜੋ ਹਮ ਰੁਸਵਾ, ਹੁਏ ਕਿਉਂ ਨਾ ਗਰਕ ਦਰਿਆ
ਨਾ ਕਹੀਂ ਜਨਾਜ਼ਾ ਉਠਤਾ, ਨਾ ਕਹੀਂ ਮਜ਼ਾਰ ਹੋਤਾ

ਗਰੀਬ ਨੂੰ ਜ਼ਿੰਦਗੀ ਵਿੱਚ ਆਪਣੀ ਰੁਸਵਾਈ ਦਾ ਡਰ ਨਹੀਂ ਸੀ ਕਿਉਂਕਿ ਉਹ ਸ਼ੁਰੂ ਤੋਂ ਅਖ਼ੀਰ ਤੱਕ ਜ਼ਮਾਨੇ ਤੋਂ ਰੁਸਵਾ ਹੀ ਰਹੇ। ਉਸ ਨੂੰ ਡਰ ਇਸ ਗੱਲ ਦਾ ਸੀ ਕਿ ਮੌਤ ਤੋਂ ਬਾਅਦ ਰੁਸਵਾਈ ਹੋਵੇਗੀ। ਆਦਮੀ ਆਪਣੀ ਗੱਲ ਦਾ ਪੱਕਾ ਸੀ। ਡਰ ਨਹੀਂ ਬਲਕਿ ਯਕੀਨ ਸੀ, ਇਸ ਲਈ ਉਸ ਨੇ ਦਰਿਆ ਵਿੱਚ ਡੁੱਬਣ ਦੀ ਖ਼ਵਾਹਿਸ਼ ਕੀਤੀ ਕਿ ਨਾ ਜਨਾਜ਼ਾ ਉਠੇ ਨਾ ਮਜ਼ਾਰ ਬਣੇ। (ਲੇਖ-ਚਾਚਾ ਸੈਮ ਦੇ ਨਾਂਅ ਇਕ ਖ਼ਤ, ਪੁਸਤਕ-ਮੰਟੋ ਦੇ ਲੇਖ)

ਚਾਚੇ ਸੈਮ ਦੇ ਨਾਂਅ ਤੀਸਰੇ ਖ਼ਤ ਵਿੱਚ ਮੰਟੋ ਨੇ ਗ਼ਾਲਿਬ ਦੇ ਇਕ ਸ਼ੇਅਰ ਦਾ ਜ਼ਿਕਰ ਕੀਤਾ ਹੈ ਅਤੇ ਮੌਕੇ ਮੁਤਾਬਿਕ ਉਸ ਦੇ ਮਿਸਰੇ ਲਿਖਣ ਵਿੱਚ ਇਕ ਲਫ਼ਜ਼ ਦਾ ਵਾਧਾ ਵੀ ਕੀਤਾ ਹੈ। ਮੰਟੋ ਨੇ ਲਿਖਿਆ ਹੈ:

ਕਿਸ ਕਿਸ ਕੀ ਹਾਜਤ ਰਵਾਂ ਕਰੇ ਕੋਈ
ਜਦੋਂ ਕਿ ਅਸਲ ਸ਼ੇਅਰ ਹੈ:
ਕੌਣ ਹੈ ਜੋ ਨਹੀਂ ਹੈ ਹਾਜਤ ਮੰਦ
ਕਿਸ ਕੀ ਹਾਜਤ ਰਵਾਂ ਕਰੇ ਕੋਈ

ਚਾਚੇ ਸੈਮ ਦੇ ਨਾਂਅ ਪੰਜਵੇਂ ਖ਼ਤ ਵਿੱਚ ਸਆਦਤ ਹਸਨ ਮੰਟੋ ਨੇ ਆਪਣੇ ਲੇਖ ਦੇ ਅੰਤ ਤੋਂ ਪਹਿਲਾਂ ਗ਼ਾਲਿਬ ਦੇ ਇੱਕ ਸ਼ੇਅਰ ਦਾ ਜ਼ਿਕਰ ਦਿਲਚਸਪ ਅੰਦਾਜ਼ ਵਿੱਚ ਕੀਤਾ ਹੈ:

ਕੋਈ ਵੀਰਾਨੀ ਜਿਹੀ ਵੀਰਾਨੀ ਹੈ, ਕੋਈ ਨੰਗੀ ਜਿਹੀ ਨੰਗੀ ਹੈ, ਕੋਈ ਤਰਸੀ

ਬਾਕੀ ਆਖਰੀ ਤੋਂ ਪਹਿਲੇ ਸਫ਼ੇ 'ਤੇ

ਬਾਬੂ ਮੰਗੂ ਰਾਮ ਮੁਗੋਵਾਲੀਆ : ਗ਼ਦਰੀ ਯੋਧਾ ਤੇ ਆਦਿ ਧਰਮ ਲਹਿਰ ਦਾ ਬਾਨੀ

ਸ਼ਤਾਬਦੀ ਵਰ੍ਹੇ 'ਤੇ

ਡਾ. ਜਸਵੰਤ ਰਾਏ

ਇਤਿਹਾਸ ਦੀ ਮੁੱਖਧਾਰਾ ਵਿੱਚੋਂ ਬਹੁਤ ਸਾਰੇ ਯੋਧੇ ਜਾਣ-ਬੁੱਝ ਕੇ ਅਣਗੌਲ਼ੇ ਕਰ ਦਿੱਤੇ ਜਾਂਦੇ ਹਨ। ਭਾਵੇਂ ਉਨ੍ਹਾਂ ਨੇ ਨਵਾਂ ਇਤਿਹਾਸ ਸਿਰਜਣ ਵਿੱਚ ਜਾਨ ਹਥੇਲੀ 'ਤੇ ਧਰ ਕੇ ਹੀ ਕੰਮ ਕਿਉਂ ਨਾ ਕੀਤਾ ਹੋਵੇ। ਅਜਿਹੇ ਯੋਧਿਆਂ ਵਿੱਚ ਹੀ ਇੱਕ ਨਾਂਅ ਬਾਬੂ ਮੰਗੂ ਰਾਮ ਮੁਗੋਵਾਲੀਆ ਦਾ ਆਉਂਦਾ ਹੈ, ਜਿਨ੍ਹਾਂ ਦਾ ਗ਼ਦਰ ਪਾਰਟੀ ਅਤੇ ਆਦਿ ਧਰਮ ਲਹਿਰ ਵਿੱਚ ਕੰਮ ਲਾਸਾਨੀ ਹੈ। ਭਾਰਤ ਨੂੰ ਅੰਗਰੇਜ਼ੀ ਸਾਮਰਾਜ ਦੀ ਗ਼ੁਲਾਮੀ ਦੀਆਂ ਜ਼ੰਜੀਰਾਂ ਤੋਂ ਮੁਕਤ ਕਰਾਉਣ ਲਈ ਵਿਦੇਸ਼ੀ ਧਰਤੀ 'ਤੇ ਉਸਰੀ ਹਥਿਆਰਬੰਦ ਜੱਥੇਬੰਦੀ 'ਗ਼ਦਰ ਪਾਰਟੀ' ਵਿੱਚ ਉਨ੍ਹਾਂ ਦੀ ਭੂਮਿਕਾ ਬਹੁਤ ਵੱਡੀ ਰਹੀ ਹੈ। ਗ਼ਦਰ ਨੂੰ ਭਾਰਤ ਵਿੱਚ ਅੰਜਾਮ ਦੇਣ ਲਈ ਜਦੋਂ ਗ਼ਦਰੀ ਬਾਬਾ ਬਾਬੂ ਮੰਗੂ ਰਾਮ ਮੁਗੋਵਾਲੀਆ ਦੁਆਰਾ ਆਪਣੇ ਚਾਰ ਸਾਥੀਆਂ ਨਾਲ ਗ਼ਦਰ ਪਾਰਟੀ ਵੱਲੋਂ ਸੌਂਪੇ ਮਿਸ਼ਨ ਤਹਿਤ ਅਮਰੀਕਾ ਤੋਂ ਹਥਿਆਰਾਂ ਦਾ ਇੱਕ ਬਹੁਤ ਵੱਡਾ ਜ਼ਖ਼ੀਰਾ ਮੈਵਰਿਕ ਜਹਾਜ਼ ਰਾਹੀਂ ਭਾਰਤ ਲਿਆਉਣ ਬਾਰੇ ਪੜ੍ਹਿਆ ਤਾਂ ਮੈਂ ਠੰਠਬਰ ਗਿਆ। ਇਹ ਸੋਚ ਕੇ ਕਿ ਯਾਰ ਏਡਾ ਵੱਡਾ ਕੰਮ! ਮੱਥਾ ਹੋਰ ਜ਼ੋਰ ਦੇਣੀ ਠਣਕਿਆ ਜਦੋਂ ਜਾਨ ਜੋਖਮ ਵਿੱਚ ਪਾ ਕੇ ਏਡੇ ਵੱਡੇ ਕੰਮ ਨੂੰ ਸਿਰੇ ਲਾਉਣ ਵਾਲੇ ਬੰਦੇ ਦੀ ਜਾਣਕਾਰੀ ਇਤਿਹਾਸ ਵਿੱਚ ਸਿਰਫ਼ ਦੋ ਸ਼ਬਦਾਂ 'ਮੰਗੂ ਰਾਮ' ਤੱਕ ਸਿਮਟ ਕੇ ਇੱਕਾ-ਦੁੱਕਾ ਥਾਵਾਂ 'ਤੇ ਰਹਿ ਗਈ ਹੋਵੇ। ਹਾਲਾਂਕਿ ਅੰਗਰੇਜ਼ ਅਧਿਕਾਰੀਆਂ ਦੀਆਂ ਫਾਇਲਾਂ ਵਿੱਚ 'ਖ਼ਤਰਨਾਕ ਅਪਰਾਧੀ ਮੰਗੂ ਰਾਮ' 'ਚ ਜ਼ਰੂਰ ਥੋੜ੍ਹਾ ਜਿਹਾ ਵਿਸਤਾਰ ਮਿਲ ਜਾਂਦਾ ਹੈ। ਵਿਸਤਾਰ ਭਾਵੇਂ 'ਅਪਰਾਧੀ' ਅਤੇ 'ਜਾਤ' ਸ਼ਬਦਾਂ ਕਰਕੇ ਹੀ ਹੋਇਆ ਹੋਵੇ। ਅਸਲ 'ਚ ਇਤਿਹਾਸ ਉਨ੍ਹਾਂ ਵੱਲੋਂ ਲਿਖਿਆ ਗਿਆ, ਜਿਨ੍ਹਾਂ ਦੇ ਹੱਥ ਵਿੱਚ ਸ਼ਕਤੀ ਸੀ।

ਇਹੋ ਜਿਹੇ ਵਰਤ-ਵਰਤਾਰੇ ਵਿੱਚ ਬਾਬੂ ਮੰਗੂ ਰਾਮ ਮੁਗੋਵਾਲੀਆ ਦਾ ਜਨਮ 14 ਜਨਵਰੀ, 1886 ਈਸਵੀ ਨੂੰ ਪਿਤਾ ਸ੍ਰੀ ਹਰਨਾਮ ਦਾਸ ਅਤੇ ਮਾਤਾ ਸ੍ਰੀਮਤੀ ਅਤਰੀ ਦੀ ਕੁੱਖੋਂ ਪਿੰਡ ਮੁਗੋਵਾਲ, ਤਹਿਸੀਲ ਗੜ੍ਹਸ਼ੰਕਰ ਜ਼ਿਲ੍ਹਾ ਹੁਸ਼ਿਆਰਪੁਰ ਦੇ ਕੰਢੀ ਇਲਾਕੇ ਵਿੱਚ ਹੋਇਆ। ਹਰਨਾਮ ਦਾਸ ਹੁਰੀਂ ਜੱਦੀ-ਪੁਸ਼ਤੀ ਮਰੇ ਹੋਏ ਪਸ਼ੂ ਚੁੱਕਣ ਦਾ ਕੰਮ ਕਰਦੇ ਸਨ, ਪਰ ਉਹ ਸਿਗਾ ਬਹੁਤ ਹਿੰਮਤੀ। ਇਸ ਲਈ ਉਸ ਨੇ ਮਰੇ ਹੋਏ ਪਸ਼ੂ ਦੀ ਖੱਲ ਉਤਾਰਨ ਨਾਲੋਂ ਲੋਕਾਂ ਤੋਂ ਚਮੜਾ ਖਰੀਦ ਕੇ ਵੇਚਣਾ ਸ਼ੁਰੂ ਕਰ ਦਿੱਤਾ। ਘਰਾਂ ਦੇ ਲਾਗੇ ਹੀ ਕੁੰਨ੍ਹਾਂ ਬਣਾ ਲਈਆਂ। ਚਮੜੇ ਨੂੰ ਕੱਚਾ ਕਰਕੇ ਰੰਗ ਕਰਕੇ ਜਦੋਂ ਵੇਚਿਆ ਜਾਂਦਾ ਤਾਂ ਵੱਧ ਕੀਮਤ ਮਿਲਦੀ। ਖ਼ੁਸ਼ਹਾਲ ਹੋ ਰਹੇ ਪਰਵਾਰ ਦੀ ਗੱਡੀ ਉਦੋਂ ਪਟੜੀਓਂ ਲਹਿ ਗਈ, ਜਦੋਂ ਹਰਨਾਮ ਦਾਸ ਦੀ ਪਤਨੀ ਅਤਰੀ ਦਾ ਦੇਹਾਂਤ ਹੋ ਗਿਆ। ਸੋ ਮੰਗੂ ਰਾਮ ਦਾ ਬਚਪਨ ਮਤਰੇਈ ਮਾਂ ਸੰਗ ਬੀਤਿਆ। ਚਮੜੇ ਦੀ ਮੰਗ ਲਈ ਆਈਆਂ ਚਿੱਠੀਆਂ ਪੜ੍ਹਾਉਣ ਲਈ ਜਦੋਂ ਹਰਨਾਮ ਦਾਸ ਨੂੰ ਉੱਚ ਬਰਾਦਰੀ ਦੇ ਲੋਕਾਂ ਦੇ ਘਰੀਂ ਕਈ-ਕਈ ਘੰਟੇ ਵਗਾਰ ਕਰਨੀ ਪੈਂਦੀ ਤਾਂ ਇਸ ਤੋਂ ਬਚਣ ਲਈ ਅਤੇ ਘਰ ਹੀ ਚਿੱਠੀਆਂ ਪੜ੍ਹਨ ਦੇ ਪ੍ਰਬੰਧ ਕਰਨ ਵਜੋਂ ਮੰਗੂ ਰਾਮ ਦੀ ਪੜ੍ਹਾਈ ਦਾ ਰਾਹ ਖੁੱਲ੍ਹਿਆ।

ਇਨ੍ਹਾਂ ਵੇਲਿਆਂ ਤੱਕ ਮਹਾਤਮਾ ਜੋਤੀਬਾ ਰਾਓ ਫੂਲੇ ਦੇ ਉਪਰਾਲਿਆਂ ਅਤੇ ਅੰਗਰੇਜ਼ੀ ਸਰਕਾਰ ਦੀਆਂ ਕੁਝ ਸਾਰਥਕ ਕੋਸ਼ਿਸ਼ਾਂ ਸਦਕਾ ਟਾਂਵੇਂ-ਟਾਂਵੇਂ ਸਕੂਲ ਖੁੱਲ੍ਹਣੇ ਸ਼ੁਰੂ ਹੋ ਗਏ ਸਨ। ਭਾਵੇਂ ਇਨ੍ਹਾਂ ਸਕੂਲਾਂ ਤੱਕ ਅਛੂਤ ਬੱਚਿਆਂ ਦੀ ਪਹੁੰਚ ਨਾ-ਮਾਤਰ ਹੀ ਸੀ। ਈਸਾਈਮਤ ਦੇ ਪ੍ਰਭਾਵ ਨੂੰ ਠੱਲ੍ਹ ਪਾਉਣ ਲਈ ਅਤੇ ਅੰਦਰਖ਼ਾਤੇ ਹਿੰਦੂ ਧਰਮ ਦੀਆਂ ਜੜ੍ਹਾਂ ਪੱਕੀਆਂ ਕਰਨ ਲਈ ਆਰੀਆ ਸਮਾਜੀਆਂ ਨੇ ਵੀ ਸਿੱਖਿਆ ਦੇ ਦਰਵਾਜ਼ੇ ਅਛੂਤਾਂ ਲਈ ਖੋਲ੍ਹ ਦਿੱਤੇ ਸਨ, ਪਰ ਉਹ ਅਛੂਤਾਂ ਨੂੰ ਆਪਣੇ ਸਕੂਲਾਂ ਵਿੱਚ ਦਾਖ਼ਲ ਕਰਨ ਤੋਂ ਪਹਿਲਾਂ ਮਾਨਸਿਕ ਤੌਰ 'ਤੇ ਭਿੱਟੇ ਜਾਣ ਦੇ ਡਰ ਤੋਂ ਮੁਕਤ ਹੋਣ ਲਈ ਸ਼ੁੱਧੀਕਰਨ ਦੀ ਰਸਮ ਜ਼ਰੂਰ ਕਰਦੇ ਸਨ।

ਅੰਗਰੇਜ਼ਾਂ ਦੀਆਂ ਦਮਨਕਾਰੀ ਨੀਤੀਆਂ ਨਾਲ ਭਾਰਤ ਦੀ ਕਿਸਾਨੀ ਲਤਾੜੀ ਗਈ ਅਤੇ ਦਸਤਕਾਰੀ ਤਬਾਹ ਹੋ ਗਈ। ਕਿਸਾਨ ਅਤੇ ਮਜ਼ਦੂਰ ਆਪਣਾ ਦੇਸ਼ ਤੇ ਪਰਵਾਰ ਛੱਡ ਕੇ ਅੰਗਰੇਜ਼ੀ ਫੌਜ ਵਿੱਚ ਭਰਤੀ ਹੋਣ ਲੱਗੇ। ਇੱਥੇ ਵੀ ਮਿਲਦੀ ਘੱਟ ਤਨਖ਼ਾਹ ਅਤੇ ਬਸਤੀਆਂ ਨੂੰ ਫ਼ਤਹਿ ਕਰਨ ਦੀ ਡਿਊਟੀ ਉਨ੍ਹਾਂ ਨੂੰ ਮਾਨਸਿਕ ਤੌਰ 'ਤੇ ਸੰਤੁਸ਼ਟ ਨਾ ਕਰ ਸਕੀ। ਸਿੱਟੇ ਵਜੋਂ ਉਨ੍ਹਾਂ ਨੇ ਵਿਦੇਸ਼ਾਂ ਵੱਲ ਵਹੀਰਾਂ ਘੱਤੀਆਂ। ਬਾਬੂ ਮੰਗੂ ਰਾਮ ਵੀ ਆਪਣੇ ਪਿੰਡ ਦੇ ਹੀ ਕੁਝ ਨੇਕਦਿਲ ਲੋਕਾਂ ਦੀ ਮਦਦ ਨਾਲ 1909 ਈਸਵੀ ਦੇ ਅਖ਼ੀਰ 'ਚ ਅਮਰੀਕਾ ਪਹੁੰਚ ਗਏ।

ਬਾਬੂ ਮੰਗੂ ਰਾਮ ਮੁਗੋਵਾਲੀਆ ਬਾਬਾ ਸੋਹਨ ਸਿੰਘ ਭਕਨਾ

ਦੀ ਪ੍ਰੇਰਨਾ ਨਾਲ ਗ਼ਦਰ ਪਾਰਟੀ ਵਿੱਚ ਸ਼ਾਮਲ ਹੋ ਗਏ। ਯੁਗਾਂਤਰ ਆਸ਼ਰਮ ਵਿੱਚ ਕੁਲਵਕਤੀ ਕਾਮੇ ਦੇ ਤੌਰ 'ਤੇ ਉਨ੍ਹਾਂ ਨੇ ਸੇਵਾਵਾਂ ਸੰਭਾਲ ਲਈਆਂ। ਇੱਥੇ ਹੀ ਉਨ੍ਹਾਂ ਨੂੰ ਅਣਦਾੜ੍ਹੀਆ ਮੁੰਡਾ ਕਰਤਾਰ ਸਿੰਘ ਸਰਾਭਾ ਦਾ ਸਾਥ ਨਸੀਬ ਹੋਇਆ। ਬਾਬੂ ਮੰਗੂ ਰਾਮ ਛਾਪੇਖ਼ਾਨੇ ਦੇ ਹਰ ਛੋਟੇ-ਵੱਡੇ ਕੰਮ ਨੂੰ ਜ਼ਿੰਦਾਦਿਲੀ ਨਾਲ ਕਰਦੇ। ਉਨ੍ਹਾਂ ਨੂੰ ਸਭ ਤੋਂ ਵਧੀਆ ਗੱਲ ਗ਼ਦਰੀਆਂ ਦੇ ਮੇਲ-ਮਿਲਾਪ ਦੀ ਲਗਦੀ ਸੀ। ਸਾਰੇ ਜਣੇ ਮਿਲ ਕੇ ਕੰਮ ਕਰਦੇ ਅਤੇ ਮਿਲ ਕੇ ਹੀ ਖਾਣਾ ਖਾਂਦੇ। ਨਿੱਤ ਜੁਝਾਰੂ ਸਾਥੀਆਂ ਦਾ ਛਾਪੇਖ਼ਾਨੇ ਵਿੱਚ ਆਉਣ-ਜਾਣ ਬਣਿਆ ਰਹਿੰਦਾ। ਅੰਗਰੇਜ਼ਾਂ ਦੀ ਗ਼ੁਲਾਮੀ ਤੋਂ ਮੁਕਤੀ ਪਾ ਕੇ ਅਜ਼ਾਦ ਭਾਰਤ ਦੀਆਂ ਦੀਵਾਰਾਂ ਸਮਤਾ, ਸਮਾਨਤਾ, ਸਾਂਝੀਵਾਲਤਾ ਦੀ ਨੀਂਹ 'ਤੇ ਉਸਾਰਨ ਦੀਆਂ ਗੱਲਾਂ ਚੱਲਦੀਆਂ ਰਹਿੰਦੀਆਂ। ਬਾਬੂ ਮੰਗੂ ਰਾਮ ਦੇ ਮਨ ਵਿੱਚ ਇਹ ਗੱਲਾਂ ਜੋਸ਼ ਭਰਦੀਆਂ। ਉਹ ਮਨੋ-ਮਨੀ ਸੋਚਦੇ ਕਿ ਮੇਰੇ ਸਮਾਜ ਲਈ ਤਾਂ ਗ਼ਦਰ ਪਾਰਟੀ ਦੀ ਲੜਾਈ ਦੂਹਰੀ ਅਜ਼ਾਦੀ ਵਾਲੀ ਸਾਬਤ ਹੋਵੇਗੀ। ਇੱਕ ਅੰਗਰੇਜ਼ਾਂ ਹੱਥੋਂ ਅਤੇ ਦੂਜੀ ਆਪਣੇ ਦੇਸ਼ ਦੇ ਸਵਰਨਾਂ ਹੱਥੋਂ। ਉਨ੍ਹਾਂ ਨੂੰ ਇਹ ਲੜਾਈ ਇੱਕ ਮਿਸ਼ਨ ਜਾਪਦੀ।

ਗ਼ਦਰੀਆਂ ਨੂੰ ਦੇਸ਼ ਅਜ਼ਾਦ ਕਰਾਉਣ ਦਾ ਚਾਅ ਵਿਆਹ ਨਾਲੋਂ ਘੱਟ ਨਹੀਂ ਸੀ। ਜਿਸ ਨੂੰ ਜਿਹੜੀ ਜ਼ਿੰਮੇਵਾਰੀ ਸੌਂਪੀ ਜਾਂਦੀ, ਉਹ ਹੱਸ ਕੇ ਕਬੂਲ ਕਰ ਲੈਂਦਾ। 1914 ਈਸਵੀ ਵਿੱਚ ਦੂਜਾ ਵਿਸ਼ਵ ਯੁੱਧ ਸ਼ੁਰੂ ਹੋਣ ਸਮੇਂ ਅੰਗਰੇਜ਼ਾਂ ਨੂੰ ਇਸ ਵਿੱਚ ਉਲਝਿਆ ਦੇਖ ਕੇ ਗ਼ਦਰੀਆਂ ਨੇ ਦੇਸ਼ ਵੱਲ ਇਸ ਸਹੀ ਮੌਕੇ ਨੂੰ ਸੰਭਾਲਣ ਹਿੱਤ ਵਹੀਰਾਂ ਘੱਤ ਦਿੱਤੀਆਂ। ਇਨ੍ਹਾਂ ਵਿੱਚ ਬਾਬਾ ਸੋਹਨ ਸਿੰਘ ਭਕਨਾ ਤੇ ਸਰਾਭੇ ਵਰਗੇ ਸਾਥੀ ਵੀ ਸ਼ਾਮਲ ਸਨ। ਭਾਰਤ ਵਿੱਚ ਅਜ਼ਾਦੀ ਦੀ ਲੜਾਈ ਨੂੰ ਹਥਿਆਰਾਂ ਨਾਲ ਸਰ ਕਰਨ ਲਈ ਬਾਬੂ ਮੰਗੂ ਰਾਮ ਆਪਣੇ ਚਾਰ ਸਾਥੀਆਂ ਬਾਬਾ ਹਰੀ ਸਿੰਘ ਉਸਮਾਨ, ਗੰਭੀਰ ਸਿੰਘ, ਹਰਨਾਮ ਚੰਦ ਅਤੇ ਹਰਚਰਨ ਦਾਸ ਨਾਲ ਐਨੀ ਲਾਰਸਨ ਜਹਾਜ਼ ਲੈ ਕੇ 15 ਅਪ੍ਰੈਲ, 1915 ਈਸਵੀ ਨੂੰ ਅਮਰੀਕਾ ਤੋਂ ਤੁਰੇ। ਇੱਥੇ ਗ਼ਦਾਰ ਬੇਲਾ ਸਿੰਘ ਜਿਆਣ ਦੀ ਗ਼ਦਾਰੀ ਕਰਕੇ ਫੇਰ ਬਾਬੂ ਜੀ ਨੂੰ ਤੋਪ ਦੇ ਗੋਲ਼ੇ ਨਾਲ ਉਡਾਉਣ ਦੀ ਸਜ਼ਾ ਮਿਲੀ। ਇੱਥੋਂ ਵੀ ਇੱਕ ਅਣਜਾਣ ਜਰਮਨ ਦੋਸਤ ਦੀ ਮਦਦ ਰਾਹੀਂ ਬਚ-ਬਚਾ ਕੇ ਉਹ ਮਨੀਲਾ ਪਹੁੰਚ ਗਏ। ਲੱਗਭੱਗ 9 ਸਾਲ ਮਨੀਲਾ ਵਿੱਚ ਰਹੇ।

ਬਾਬੂ ਮੰਗੂ ਰਾਮ ਜਾਣਦੇ ਸਨ ਕਿ ਇਹ ਲੜਾਈ 'ਕੱਲੇ-ਕਾਰ੍ਹੇ ਦਾ ਕੰਮ ਨਹੀਂ ਹੈ। ਸਭ ਤੋਂ ਪਹਿਲਾਂ ਉਨ੍ਹਾਂ ਪਿੰਡ ਮੁਗੋਵਾਲ ਵਿਖੇ ਬੱਚਿਆਂ ਲਈ ਆਦਿ ਧਰਮ ਸਕੂਲ ਖੋਲ੍ਹਿਆ, ਜਿਸ ਵਿੱਚ ਮੁੰਡਿਆਂ ਦੇ ਨਾਲ-ਨਾਲ ਕੁੜੀਆਂ ਨੇ ਵੀ ਦਾਖ਼ਲਾ ਲਿਆ। ਇਸ ਉਪਰੰਤ ਉਹ ਆਪਣੀ ਸੋਚ ਨਾਲ ਦੇ ਹੋਰ ਵਿਅਕਤੀਆਂ ਤੱਕ ਪਹੁੰਚ ਲਈ ਜ਼ਿਆਦਾ ਸਮਾਂ ਘਰੋਂ ਬਾਹਰ ਰਹਿਣ ਲੱਗੇ। ਉਨ੍ਹਾਂ ਨੇ ਚੌਧਰੀ ਹਜ਼ਾਰਾ ਰਾਮ ਪਿਪਲਾਂਵਾਲਾ, ਪੰਡਤ ਹਰੀ ਰਾਮ ਪੰਡੋਰੀ ਬੀਬੀ, ਹੰਸ ਰਾਜ ਪ੍ਰੇਮਗੜ੍ਹ ਹੁਸ਼ਿਆਰਪੁਰ, ਸੰਤ ਰਾਮ ਅਜ਼ਾਦ ਨੰਗਲ ਸ਼ਹੀਦਾਂ, ਲੱਭੂ ਰਾਮ ਅਤੇ ਬੱਗੂ ਰਾਮ ਚਿੱਤੋਂ, ਸ਼ੂਦਰਾ ਨੰਦ, ਠਾਕਰ ਚੰਦ, ਸੰਤ ਗੁਪਾਲ ਦਾਸ ਲੰਗੇਰੀ ਆਦਿ ਸ਼ਖ਼ਸੀਅਤਾਂ ਨਾਲ ਸਲਾਹ-ਮਸ਼ਵਰਾ ਕਰਕੇ 11-12 ਜੂਨ 1926 ਈਸਵੀ ਨੂੰ ਪਿੰਡ ਮੁਗੋਵਾਲ ਦੀ ਧਰਤੀ 'ਤੇ ਇੱਕ ਵਿਸ਼ਾਲ ਸੰਮੇਲਨ ਕੀਤਾ।

ਬਾਬੂ ਮੰਗੂ ਰਾਮ ਨੇ ਲੱਗਭੱਗ ਡੇਢ ਦਹਾਕਾ ਗ਼ਦਰ ਪਾਰਟੀ ਵਿੱਚ ਕੰਮ ਕੀਤਾ ਸੀ। ਇਸ ਲਈ ਆਦਿ ਧਰਮ ਮੰਡਲ ਦੀ ਸਥਾਪਨਾ ਕਰਦੇ ਸਮੇਂ ਗ਼ਦਰ ਪਾਰਟੀ ਦਾ ਸੰਗਠਨਾਤਮਕ ਢਾਂਚਾ ਉਨ੍ਹਾਂ ਦੇ ਦਿਲੋ-ਦਿਮਾਗ਼ 'ਚ ਪਿਆ ਸੀ। ਗ਼ਦਰ ਪਾਰਟੀ ਦੇ ਸਾਨ ਫਰਾਂਸਿਸਕੋ ਦਫ਼ਤਰ ਦੇ ਅਧਾਰ 'ਤੇ ਜਲੰਧਰ ਸ਼ਹਿਰ ਦੇ ਦਮੋਰੀਆ ਪੁਲ ਕੋਲ ਆਦਿ ਧਰਮ ਮੰਡਲ ਦਾ ਚਿੱਠੀ ਪੱਤਰ ਅਤੇ ਬੈਠਕਾਂ ਹਿੱਤ ਦਫ਼ਤਰ ਖੋਲ੍ਹਿਆ ਗਿਆ। ਮਹਾਂ ਪੰਜਾਬ ਤੋਂ ਇਲਾਵਾ ਕਲਕੱਤੇ ਤੱਕ ਅਤੇ ਦੇਸ਼-ਵਿਦੇਸ਼ ਦੇ 550 ਮੈਂਬਰਾਂ ਦੀ ਟੀਮ, 56 ਆਨਰੇਰੀ ਪ੍ਰਚਾਰਕਾਂ ਦਾ ਜੱਥਾ ਤਿਆਰ ਕੀਤਾ ਗਿਆ। ਮੀਡੀਆ ਦੇ ਪ੍ਰਚਾਰ-ਪ੍ਰਸਾਰ ਹਿੱਤ ਆਦਿ ਧਰਮ ਮੰਡਲ ਨੇ ਆਪਣਾ ਅਖ਼ਬਾਰ 'ਆਦੀ ਡੰਕਾ' ਕੱਢਿਆ, ਜਿਹੜਾ 1927-28 ਤੋਂ ਲੈ ਕੇ 1951 ਈਸਵੀ ਤੱਕ ਛਪਦਾ ਰਿਹਾ।

ਬਾਬੂ ਮੰਗੂ ਰਾਮ ਹੁਰਾਂ ਦੀ ਟੀਮ ਆਪਣੇ ਸਮਾਜ ਦੀਆਂ ਮੰਗਾਂ ਲਈ 1928 ਈਸਵੀ ਵਿੱਚ ਸਾਈਮਨ ਕਮਿਸ਼ਨ ਨੂੰ ਮਿਲੀ। 1931 ਈਸਵੀ ਦੀ ਜਨਗਣਨਾ ਵਿੱਚ ਆਦਿਧਰਮ ਦਾ ਵੱਖਰਾ ਖ਼ਾਨਾ ਦਰਜ ਕਰਵਾਇਆ। ਉਸ ਸਮੇਂ ਚੱਲ ਰਹੀਆਂ ਹੋਰ ਧਾਰਮਿਕ ਲਹਿਰਾਂ ਦੇ ਜ਼ਬਰਦਸਤ ਵਿਰੋਧ ਦੇ ਬਾਵਜੂਦ ਆਦਿ ਧਰਮ ਦਾ ਪ੍ਰਚਾਰ ਤੇ ਪ੍ਰਸਾਰ ਇੰਨੇ ਵਿਉਂਤਬੱਧ ਤਰੀਕੇ ਨਾਲ ਕੀਤਾ ਗਿਆ ਸੀ ਕਿ 1931 ਈਸਵੀ ਵਿੱਚ 418779 ਲੋਕਾਂ ਨੇ ਆਪਣੇ-ਆਪ ਨੂੰ ਆਦਿਧਰਮੀ ਵਜੋਂ ਦਰਜ ਕਰਵਾਇਆ। ਲੰਡਨ ਦੀਆਂ ਗੋਲਮੇਜ਼ ਕਾਨਫਰੰਸਾਂ ਸਮੇਂ ਬਾਬਾ ਸਾਹਿਬ ਨੂੰ 'ਸਾਡਾ ਲੀਡਰ ਅੰਬੇਡਕਰ ਹੈ ਗਾਂਧੀ ਨਹੀਂ' ਦੱਸਣ ਹਿੱਤ ਪੰਜਾਬ 'ਚੋਂ ਸੈਂਕੜੇ ਤਾਰਾਂ ਘੱਲੀਆਂ, 1932 ਵਿੱਚ ਬਾਬੂ ਮੰਗੂ ਰਾਮ ਨੇ ਦਲਿਤ ਸਮਾਜ ਦੀਆਂ ਮੰਗਾਂ ਖ਼ਾਤਰ ਮਹਾਤਮਾ ਗਾਂਧੀ ਖ਼ਿਲਾਫ਼ ਜਲੰਧਰ 'ਚ ਮਰਨ ਵਰਤ ਰੱਖਿਆ, 1932 'ਚ ਹੀ ਲਾਹੌਰ ਵਿਖੇ ਹਜ਼ਾਰਾਂ ਸਾਥੀਆਂ ਨੂੰ ਨਾਲ ਲੈ ਕੇ ਲਾਰਡ ਲੋਥੀਅਨ ਨਾਲ ਮੁਲਾਕਾਤ ਕੀਤੀ ਅਤੇ ਇਸ ਮੀਟਿੰਗ ਵਿੱਚ ਡਾ. ਅੰਬੇਡਕਰ ਨੇ ਆਦਿ ਧਰਮ ਮੰਡਲ ਦਾ ਵਕੀਲ ਬਣ ਕੇ ਬੜਾ ਸਾਰਥਕ ਰੋਲ ਅਦਾ ਕੀਤਾ, ਪੰਜਾਬ ਦੇ ਗਵਰਨਰ ਨੂੰ ਮੰਗ ਪੱਤਰ, ਪੰਜਾਬ ਵਿੱਚ ਪਹਿਲੀ ਵਾਰ 1937 ਈਸਵੀ 'ਚ ਹੋਈਆਂ ਚੋਣਾਂ 'ਚ ਸੱਤ ਆਦਿਧਰਮੀਆਂ ਨੂੰ ਐੱਮ.ਐੱਲ.ਏ. ਬਣਾਉਣਾ, ਮਾਹਿਲਪੁਰ ਦੇ ਪ੍ਰਾਇਮਰੀ ਸਕੂਲ ਵਿੱਚ 27 ਵਿਦਿਆਰਥੀਆਂ ਦੀ ਜਮਾਤ ਵਿੱਚ ਕਮਰੇ ਤੋਂ ਬਾਹਰ ਬੈਠ ਕੇ ਤੀਸਰੇ ਸਥਾਨ 'ਤੇ ਰਹਿ ਕੇ ਪ੍ਰਾਇਮਰੀ ਜਮਾਤ ਪਾਸ ਕਰਨ ਵਾਲੇ ਬਾਬੂ ਮੰਗੂ ਰਾਮ ਦਾ 1940 ਈਸਵੀ ਵਿੱਚ ਹੁਸ਼ਿਆਰਪੁਰ ਤੋਂ ਸਕੂਲ ਡਿਸਟ੍ਰਿਕਟ ਬੋਰਡ ਦਾ ਮੈਂਬਰ ਬਣਨਾ, 1946 'ਚ ਖ਼ੁਦ ਹੁਸ਼ਿਆਰਪੁਰ ਤੋਂ ਐੱਮ.ਐੱਲ.ਏ. ਚੁਣਿਆ ਜਾਣਾ ਉਨ੍ਹਾਂ ਦੀਆਂ ਮਿਸਾਲੀ ਪ੍ਰਾਪਤੀਆਂ ਹਨ।

ਬਾਬੂ ਮੰਗੂ ਰਾਮ ਮੁਗੋਵਾਲੀਆ ਪੜ੍ਹੇ ਭਾਵੇਂ ਥੋੜ੍ਹਾ ਸਨ, ਪਰ ਉਨ੍ਹਾਂ ਦਾ ਅਧਿਐਨ ਬਹੁਤਾ ਸੀ।

ਆਦਿ ਧਰਮ ਮੰਡਲ ਦੇ ਸ਼ਤਾਬਦੀ ਵਰ੍ਹੇ (1926-2026) 'ਤੇ ਬਿਨਾਂ ਸਾਧਨਾਂ ਤੋਂ ਅਜ਼ਾਦੀ ਅਤੇ ਸਮਤਾ ਸਮਾਨਤਾ ਦੇ ਅੰਦੋਲਨ ਦੀ ਜੰਗ ਲੜਨ ਵਾਲੇ ਯੋਧੇ ਬਾਬੂ ਮੰਗੂ ਰਾਮ ਮੁਗੋਵਾਲੀਆ ਦਾ ਜੀਵਨ ਸੰਘਰਸ਼ ਸਮਕਾਲੀ ਦੌਰ ਦੀ ਪ੍ਰੇਰਨਾ ਦਾ ਸਰੋਤ ਹੈ।

ਮੋਬਾ. 98158-25999

ਪੰਜਾਬ ਵਿੱਚ ਅਗੇਤੀਆਂ ਵਿਧਾਨ ਸਭਾ ਚੋਣਾਂ ਦੀ ਗੱਲ ਅਤੇ ਐੱਸ ਆਈ ਆਰ ਦੀ ਪ੍ਰਕਿਰਿਆ

ਦ੍ਰਿਸ਼ਟੀਕੋਣ

ਜਤਿੰਦਰ ਪਨੂੰ

ਖ਼ਬਰ ਇਹ ਪੰਜਾਬ ਬਾਰੇ ਨਹੀਂ, ਉੱਤਰ ਪ੍ਰਦੇਸ਼ ਬਾਰੇ ਸੁਣੀ ਸੀ, ਸੰਬੰਧ ਇਸ ਦਾ ਪੰਜਾਬ ਨਾਲ ਆਣ ਜੁੜਿਆ ਤੇ ਜੁੜਨਾ ਸੁਭਾਵਿਕ ਵੀ ਸੀ। ਮਾਮਲਾ ਸੀ ਉਸ ਰਾਜ ਵਿੱਚ ਹੋਣ ਵਾਲੀਆਂ ਵਿਧਾਨ ਸਭਾ ਚੋਣਾਂ ਦਾ। ਖ਼ਬਰ ਆਈ ਕਿ ਉੱਤਰ ਪ੍ਰਦੇਸ਼ ਦੀਆਂ ਅਗਲੀਆਂ ਵਿਧਾਨ ਸਭਾ ਚੋਣਾਂ ਕਰੀਬ ਚਾਰ ਮਹੀਨੇ ਪਹਿਲਾਂ ਨਵੰਬਰ ਵਿੱਚ ਕਰਵਾਈਆਂ ਜਾ ਸਕਦੀਆਂ ਨੇ। ਕਾਰਨ ਇਹ ਦੱਸਿਆ ਗਿਆ ਕਿ ਅੱਗੋਂ ਫਿਰ ਬੱਚਿਆਂ ਦੇ ਇਮਤਿਹਾਨ ਦਾ ਸਮਾਂ ਨੇੜੇ ਆ ਜਾਂਦਾ ਹੈ ਤੇ ਉਨ੍ਹਾਂ ਦੀ ਪੜ੍ਹਾਈ ਦਾ ਨੁਕਸਾਨ ਹੋਣ ਤੋਂ ਬਚਾਉਣ ਲਈ ਅਜਿਹਾ ਸੋਚਿਆ ਗਿਆ ਹੈ। ਪਹਿਲਾਂ ਤਾਂ ਕਦੇ ਇਹੋ ਜਿਹੀ ਕੋਈ ਸਲਾਹ ਸੁਣੀ ਨਹੀਂ ਸੀ, ਇਮਤਿਹਾਨ ਹੁੰਦਿਆਂ ਵੀ ਵੋਟਿੰਗ ਹੁੰਦੀ ਤੇ ਨਤੀਜੇ ਆਈ ਜਾਂਦੇ ਰਹੇ ਸਨ। ਏਦਾਂ ਉੱਤਰ ਪ੍ਰਦੇਸ਼ ਵਿੱਚ ਵੀ ਕਈ ਵਾਰ ਹੋਇਆ ਸੀ, ਸਾਡੇ ਪੰਜਾਬ ਵਿੱਚ ਵੀ ਤੇ ਕਈ ਹੋਰ ਰਾਜਾਂ ਵਿੱਚ ਵੀ ਏਸੇ ਤਰ੍ਹਾਂ ਇਮਤਿਹਾਨ ਹੁੰਦੇ ਹੋਏ ਚੋਣਾਂ ਵਾਲੀ ਸਾਰੀ ਪ੍ਰਕਿਰਿਆ ਚੱਲਦੀ ਅਤੇ ਸਿਰੇ ਚੜ੍ਹਦੀ ਰਹਿੰਦੀ ਸੀ। ਫਿਰ ਏਦਾਂ ਪਹਿਲੀ ਵਾਰ ਕਿਉਂ ਹੋਣ ਲੱਗਾ ਹੈ?

ਸਵਾਲ ਇਹ ਬਹੁਤਾ ਕਿਸੇ ਨੇ ਪੁੱਛਿਆ ਵੀ ਨਹੀਂ ਕਿ ਏਦਾਂ ਕਿਉਂ ਹੋਇਆ, ਇਸ ਦੀ ਥਾਂ ਇਹ ਚਰਚਾ ਚੱਲ ਪਈ ਕਿ ਪੰਜਾਬ ਦੀਆਂ ਵਿਧਾਨ ਸਭਾ ਚੋਣਾਂ ਵੀ ਉਨ੍ਹਾਂ ਦੇ ਨਾਲ ਕਰਵਾਈਆਂ ਜਾਣਗੀਆਂ। ਚਰਚਾ ਦਾ ਕਾਰਨ ਇਹ ਹੈ ਕਿ ਸਾਲ 2002 ਤੋਂ ਲੈ ਕੇ ਪਿਛਲੀਆਂ ਪੰਜੇ ਵਾਰੀਆਂ ਵਿੱਚ ਪੰਜਾਬ ਤੇ ਉੱਤਰ ਪ੍ਰਦੇਸ਼ ਵਿੱਚ ਵਿਧਾਨ ਸਭਾ ਦੀਆਂ ਚੋਣਾਂ ਇੱਕੋ ਵੇਲੇ ਹੁੰਦੀਆਂ ਆਈਆਂ ਸਨ, ਇਸ ਲਈ ਇਸ ਵਾਰ ਵੀ ਉਨ੍ਹਾਂ ਨਾਲ ਹੋ ਸਕਦੀਆਂ ਹਨ, ਜਿਸ ਦਿਨ ਪਹਿਲੀ ਵਾਰ ਇਹ ਖ਼ਬਰ ਆਈ ਕਿ ਉੱਤਰ ਪ੍ਰਦੇਸ਼ ਵਿੱਚ ਅਗੇਤੀਆਂ ਚੋਣਾਂ ਕਰਵਾਉਣ ਦੀ ਤਿਆਰੀ ਹੈ, ਉਸ ਦਾ ਜ਼ਿਕਰ ਸਭ ਤੋਂ ਪਹਿਲਾਂ ਪੰਜਾਬ ਵਿੱਚ ਇਨ੍ਹਾਂ ਸਤਰਾਂ ਦੇ ਲੇਖਕ ਨੇ ਆਪਣੇ ਇੱਕ ਪ੍ਰੋਗਰਾਮ ਵਿੱਚ ਕੀਤਾ ਸੀ, ਪੰਜਾਬ ਦੇ ਮੀਡੀਏ ਨੂੰ ਓਦੋਂ ਤੱਕ ਇਹੋ ਜਿਹੀ ਕਨਸੋਅ ਨਹੀਂ ਸੀ ਮਿਲੀ ਲੱਗਦੀ। ਉਸ ਦੇ ਬਾਅਦ ਅੱਧੇ ਹਫਤੇ ਤੋਂ ਉੱਪਰ ਗੁਜ਼ਰ ਜਾਣ ਦੇ ਬਾਵਜੂਦ ਇਹ ਖੰਡਨ ਉੱਤਰ ਪ੍ਰਦੇਸ਼ ਸਰਕਾਰ, ਕੇਂਦਰ ਸਰਕਾਰ ਜਾਂ ਚੋਣ ਕਮਿਸ਼ਨ ਵਿੱਚੋਂ ਕਿਸੇ ਨੇ ਕਰਨ ਦੀ ਲੋੜ ਨਹੀਂ ਸਮਝੀ ਕਿ ਓਥੇ ਅਗੇਤੀਆਂ ਚੋਣਾਂ ਨਹੀਂ ਹੋਣਗੀਆਂ, ਪਰ ਪੰਜਾਬ ਵਿੱਚ ਚੋਣਾਂ ਬਾਰੇ ਕਿਸੇ ਨੇ ਤਿਆਰੀ ਹੋਣ ਜਾਂ ਏਦਾਂ ਦੇ ਕਿਸੇ ਵਿਚਾਰ ਦਾ ਕਦੇ ਕਿਸੇ ਪੱਧਰ ਉੱਤੇ ਜ਼ਿਕਰ ਤੱਕ ਨਹੀਂ ਕੀਤਾ ਕਿ ਇਹ ਕੁਝ ਸਕਦਾ ਹੈ। ਫਿਰ ਵੀ ਪੰਜਾਬ ਵਿੱਚ ਰਾਜਨੀਤੀ ਕਿਸੇ ਖ਼ਬਰ ਜਾਂ ਕਿਸੇ ਤਿਆਰੀ ਵਰਗੀ ਕਨਸੋਅ ਤੋਂ ਬਿਨਾਂ ਹੀ ਇਸ ਮੁੱਦੇ ਦੀ ਚਰਚਾ ਛੇੜ ਬੈਠੀ ਤੇ ਇਸ ਰਾਜ ਦੀ ਰਾਜਨੀਤੀ ਦੇ ਪ੍ਰਮੁੱਖ ਚਿਹਰੇ ਆਪੋ-ਆਪਣੀ ਥਾਂ ਅਗਲੀਆਂ ਚੋਣਾਂ ਦੀਆਂ ਤਿਆਰੀਆਂ ਲਈ ਮੀਟਿੰਗਾਂ ਵਿੱਚ ਰੁੱਝੇ ਦਿਖਾਈ ਦੇਣ ਲੱਗ ਪਏ ਹਨ।

ਜਦੋਂ ਉੱਤਰ ਪ੍ਰਦੇਸ਼ ਦੀ ਇਸ ਅਗੇਤੀ ਤਿਆਰੀ ਜਾਂ ਤਿਆਰੀਆਂ ਬਾਰੇ ਕਨਸੋਅ ਦੀ ਗੱਲ ਇਸ ਲੇਖਕ ਨੇ ਪਹਿਲੀ ਵਾਰ ਕੀਤੀ, ਉਸ ਦਿਨ ਇਹ ਕਿਹਾ ਸੀ ਕਿ ਇਸ ਖ਼ਬਰ ਦਾ ਪੰਜਾਬ ਨਾਲ ਸੰਬੰਧ ਹੈ, ਪਰ ਇਹ ਸੰਬੰਧ ਬਿਲਕੁਲ ਨਹੀਂ ਕਿ ਦੋਵਾਂ ਦੀਆਂ ਚੋਣਾਂ ਇੱਕੋ ਵੇਲੇ ਹੋਣਗੀਆਂ, ਸੰਬੰਧ ਇਸ ਤੋਂ ਕੁਝ ਵੱਖਰੀ ਕਿਸਮ ਦਾ ਬਣਦਾ ਹੈ। ਅਸਲ ਗੱਲ ਇਹ ਹੈ ਕਿ ਪੰਜਾਬ ਦੀਆਂ ਚੋਣਾਂ ਵਾਸਤੇ ਵਿਹਲੇ ਹੋਣ ਲਈ ਉੱਤਰ ਪ੍ਰਦੇਸ਼ ਦਾ ਕੰਮ ਪਹਿਲਾਂ ਨਿਬੇੜ ਲੈਣ ਬਾਰੇ ਸੋਚਿਆ ਹੋਣ ਦੀ ਸੰਭਾਵਨਾ ਹੈ। ਦੋ ਸਾਲ ਪਹਿਲਾਂ ਹੋਈਆਂ ਲੋਕ ਸਭਾ ਚੋਣਾਂ ਮੌਕੇ ਪੰਜਾਬ ਦੇ ਕੁੱਲ ਵੋਟਰ ਦੋ ਕਰੋੜ ਸਾਢੇ ਪੰਦਰਾਂ ਲੱਖ ਨੇੜੇ ਬਣਦੇ ਸਨ ਤਾਂ ਉੱਤਰ ਪ੍ਰਦੇਸ਼ ਦੇ ਵੋਟਰਾਂ ਦੀ ਗਿਣਤੀ ਪੰਦਰਾਂ ਕਰੋੜ ਚੁਤਾਲੀ ਲੱਖ ਤੋਂ ਵੱਧ ਬਣੀ ਸੀ। ਇਸ ਦਾ ਮਤਲਬ ਹੈ ਕਿ ਚੋਣਾਂ ਦੌਰਾਨ ਵੋਟਰਾਂ ਦੀ ਗਿਣਤੀ ਵਿੱਚ ਉੱਤਰ ਪ੍ਰਦੇਸ਼ ਸਾਡੇ ਵਰਗੇ ਸੱਤ ਪੰਜਾਬਾਂ ਦੇ ਬਰਾਬਰ ਬਣਦਾ ਹੈ ਤੇ ਇਸ ਦੀ ਇਹੋ ਗੱਲ ਸਾਰੀ ਖੇਡ ਦੀ ਜੜ੍ਹ ਹੈ ਕਿ ਵਿਧਾਨ ਸਭਾ ਚੋਣਾਂ ਬੇਸ਼ੱਕ ਪੰਜਾਬ ਦੀਆਂ ਇੱਕ ਸੌ ਸਤਾਰਾਂ ਸੀਟਾਂ ਮੂਹਰੇ ਓਥੋਂ ਵਾਲੀਆਂ ਚਾਰ ਸੌ ਤਿੰਨ, ਯਾਨਿ ਚੌਗੁਣੀਆਂ ਨਹੀਂ, ਓਥੇ ਵੋਟਰਾਂ ਦੀ ਵੱਡੀ ਗਿਣਤੀ ਲਈ ਪ੍ਰਬੰਧ ਵੱਧ ਚਾਹੀਦੇ ਹਨ। ਜਿਸ ਰਾਜ ਵਿੱਚ ਏਨੇ ਵੋਟਰਾਂ ਲਈ ਚੋਣ ਮਸ਼ੀਨਰੀ ਦੇ ਪ੍ਰਬੰਧ ਕਰਨੇ ਹੋਣ, ਓਥੇ ਚੋਣ ਵਿੱਚ ਫਸੇ ਰਹਿਣ ਨਾਲ ਕੇਂਦਰ ਦਾ ਰਾਜ ਚਲਾਉਂਦੀ ਧਿਰ ਪੰਜਾਬ ਨੂੰ ਬਹੁਤਾ ਸਮਾਂ ਨਹੀਂ ਦੇ ਸਕਦੀ ਤੇ ਜੇ ਓਥੋਂ ਬਚਾਇਆ ਸੱਤ ਗੁਣਾਂ ਸਮਾਂ ਉਸ ਨੇ ਪੰਜਾਬ ਵਿੱਚ ਵਰਤਣ ਲਈ ਰੱਖਣਾ ਹੋਵੇ ਤਾਂ ਚਾਰ ਮਹੀਨੇ ਅਗੇਤੀਆਂ ਓਥੇ ਚੋਣਾਂ ਕਰਾਉਣ ਦੀ ਗੱਲ ਸਮਝ ਵਿੱਚ ਪੈ ਸਕਦੀ ਹੈ।

ਪਿਛਲੇ ਦਿਨੀਂ ਆਪਣੇ ਇੱਕ ਪ੍ਰੋਗਰਾਮ ਵਿੱਚ ਮੈਂ ਇਸ ਬਾਰੇ ਚਰਚਾ ਕੀਤੀ ਸੀ ਕਿ ਪੰਜਾਬ ਵਿੱਚ ਐੱਸ ਆਈ ਆਰ (ਸਪੈਸ਼ਲ ਇਨਟੈਂਸਿਵ ਰੀਵਿਊ ਆਫ ਵੋਟਰਜ਼) ਦੀ ਪ੍ਰਕਿਰਿਆ ਚੱਲ ਪਈ ਹੈ ਅਤੇ ਅਗਲੇ ਦਿਨੀਂ ਬੂਥ ਲੈਵਲ ਅਫਸਰ ਘਰੋ-ਘਰੀ ਪਹੁੰਚਣੇ ਹਨ। ਪੰਜਾਬ ਦੀ ਚੋਣ ਮਸ਼ੀਨਰੀ ਅਤੇ ਇਸ ਕੰਮ ਵਿੱਚ ਲੱਗੇ ਪੰਜਾਬ ਦੇ ਮੁਲਾਜ਼ਮਾਂ ਦੀ ਨੀਤ ਉੱਤੇ ਸਾਨੂੰ ਕਿਸੇ ਤਰ੍ਹਾਂ ਦਾ ਕੋਈ ਸ਼ੱਕ ਬਿਲਕੁਲ ਨਹੀਂ, ਉਹ ਪੰਜਾਬੀ ਹਨ ਅਤੇ ਇੱਕਾ-ਦੁੱਕਾ ਨੂੰ ਛੱਡ ਕੇ ਰਾਜ ਦੀ ਲਾਜ ਰੱਖਣ ਵਾਲੇ ਹਨ, ਜਾਣਬੁੱਝ ਕੇ ਕੋਈ ਪੁੱਠਾ ਕੰਮ ਨਹੀਂ ਕਰਨਗੇ, ਪਰ ਜਿਹੜੀ ਖੇਡ ਕਿਸੇ ਤਰ੍ਹਾਂ ਖੇਡੀ ਜਾ ਸਕਦੀ ਹੈ, ਉਹ ਇਨ੍ਹਾਂ ਕਰਮਚਾਰੀਆਂ ਰਾਹੀਂ ਨਹੀਂ, ਰਾਜਨੀਤੀ ਦੇ ਮੋਹਰਿਆਂ ਨਾਲ ਖੇਡੀ ਜਾ ਸਕਦੀ ਹੈ। ਸਾਰੇ ਜਾਣਦੇ ਹਨ ਕਿ ਇਸ ਤੋਂ ਪਹਿਲਾਂ ਇੱਕ ਵੱਡਾ ਰਾਜਸੀ ਘੋਲ ਪੱਛਮੀ ਬੰਗਾਲ ਵਿੱਚ ਹੋ ਚੁੱਕਾ ਹੈ। ਜਿਹੜੀ ਲੜਾਈ ਓਥੇ ਹੋਈ ਸੀ, ਉਸ ਦਾ ਕਿਸੇ ਨੂੰ ਓਹਲਾ ਨਹੀਂ ਹੋਣਾ ਚਾਹੀਦਾ। ਪੰਜਾਬ ਵਿੱਚ ਪਹਿਲਾਂ ਘਰ-ਘਰ ਜਾ ਕੇ ਵੋਟਰਾਂ ਬਾਰੇ ਤਸਦੀਕ ਕੀਤੀ ਜਾਵੇਗੀ, ਇਹ ਕੰਮ ਮੁੱਕਣ ਉੱਤੇ ਜਿਨ੍ਹਾਂ ਦੀ ਵੋਟ ਬਣ ਨਹੀਂ ਸਕੀ, ਉਨ੍ਹਾਂ ਦੇ ਵੋਟ ਬਣਾਉਣ ਦੇ ਦਾਅਵੇ ਅਤੇ ਜਿਨ੍ਹਾਂ ਖਿਲਾਫ ਕਿਸੇ ਸ਼ਿਕਾਇਤ ਕਰਨੀ ਹੈ, ਉਨ੍ਹਾਂ ਕੰਮਾਂ ਲਈ ਇੱਕ ਮਹੀਨੇ ਦਾ ਸਮਾਂ ਮਿੱਥ ਦਿੱਤਾ ਗਿਆ ਹੈ। ਦਾਅਵੇ ਅਤੇ ਸ਼ਿਕਾਇਤਾਂ ਕਰਨ ਵਾਲੇ ਇੱਕ ਮਹੀਨੇ ਨਾਲ ਇੱਕ ਮਹੀਨਾ ਹੋਰ ਜੋੜ ਕੇ ਪੜਤਾਲ ਦਾ ਕਰੀਬ ਦੋ ਮਹੀਨੇ ਸਮਾਂ ਰੱਖਿਆ ਗਿਆ ਹੈ। ਪ੍ਰੋਗਰਾਮ ਵਿੱਚ ਕਿਸੇ ਕਿਸਮ ਦਾ ਨੁਕਸ ਨਹੀਂ ਲੱਭਦਾ, ਕੰਮ ਕਰਨ ਵਾਲੇ ਸਟਾਫ ਬਾਰੇ ਮੈਂ ਪਹਿਲਾਂ ਕਹਿ ਦਿੱਤਾ ਹੈ ਕਿ ਉਹ ਪੰਜਾਬ ਦੇ ਨਾਂਅ ਨੂੰ ਲਾਜ ਨਹੀਂ ਲਾਉਣਗੇ, ਪਰ ਇੱਕ ਕੰਮ ਹੋਰ ਹੋ ਸਕਦਾ ਹੈ ਕਿ ਜਦੋਂ ਵੋਟਰ ਬਣਨ ਦੇ ਦਾਅਵੇ ਜਾਂ ਕਿਸੇ ਦੀ ਵੋਟ ਕਟਵਾਉਣ ਦੀ ਸ਼ਿਕਾਇਤ ਆਵੇਗੀ, ਉਸ ਵੇਲੇ ਦਾਅਵਿਆਂ ਤੇ ਸ਼ਿਕਾਇਤਾਂ ਦੀ ਗਿਣਤੀ ਹੀ ਏਨੀ ਜ਼ਿਆਦਾ ਹੋ ਜਾਵੇ ਕਿ ਮਿਥੇ ਸਮੇਂ ਵਿੱਚ ਜਾਂਚ-ਪੜਤਾਲ ਵਾਲਾ ਕੰਮ ਨਿਪਟ ਨਾ ਸਕੇ। ਫਿਰ ਜਾਂਚ ਕਰਨ ਵਾਲਿਆਂ ਅਤੇ ਚੋਣ ਕਮਿਸ਼ਨ ਦੇ ਅਧਿਕਾਰੀਆਂ ਖਿਲਾਫ ਸ਼ਿਕਾਇਤਾਂ ਪਟੀਸ਼ਨਾਂ ਦੇਸ਼ ਦੀ ਸੁਪਰੀਮ ਕੋਰਟ ਵਿੱਚ ਧੜਾ-ਧੜ ਜਾਣ ਲੱਗ ਪੈਣ ਅਤੇ ਜਿੱਦਾਂ ਬੰਗਾਲ ਵਿੱਚ ਹੋਇਆ ਹੈ, ਸੁਪਰੀਮ ਕੋਰਟ ਇਹ ਗੱਲ ਸਮਝ ਲਵੇ ਕਿ ਪੰਜਾਬ ਦੀ ਚੋਣ ਮਸ਼ੀਨਰੀ ਉੱਤੇ ਪੱਖਪਾਤ ਦੇ ਦੋਸ਼ ਲੱਗਦੇ ਹਨ, ਇਸ ਕਾਰਨ ਆਪਣੀ ਮਰਜ਼ੀ ਨਾਲ ਜਾਂਚ ਕਰਨ ਲਈ ਦੂਸਰੇ ਰਾਜਾਂ ਦੇ ਅਫਸਰ ਲਾਉਣ ਲੱਗ ਪਏ। ਉਸ ਵੇਲੇ ਜਿਹੜੇ ਅਧਿਕਾਰੀ ਬਾਹਰੋਂ ਲਾਏ ਗਏ, ਜੇ ਉਹ ਇਹ ਕਹਿਣ ਕਿ ਹਰ ਵੋਟ ਦੀ ਪੂਰੀ ਪੜਤਾਲ ਕਰਨੀ ਹੈ ਤੇ ਵੋਟਾਂ ਪੈਣ ਦੀ ਘੜੀ ਤੱਕ ਏਨੇ ਲੱਖ ਵੋਟਾਂ ਦੀ ਜਾਂਚ ਦਾ ਕੰਮ ਅਜੇ ਰਹਿੰਦਾ ਦੱਸ ਕੇ ਕਿਹਾ ਜਾਵੇ ਕਿ ਇਸ ਵਾਰੀ ਕੁਝ ਲੋਕ ਵੋਟ ਨਹੀਂ ਪਾਉਣਗੇ ਤਾਂ ਕੋਈ ਫਰਕ ਨਹੀਂ ਪੈਂਦਾ, ਅਗਲੀ ਵਾਰੀ ਪਾ ਲੈਣਗੇ, ਓਦੋਂ ਕੀ ਸਥਿਤੀ ਬਣੇਗੀ? ਕੀ ਪੱਛਮੀ ਬੰਗਾਲ ਵਿੱਚ ਏਦਾਂ ਹੋਇਆ ਨਹੀਂ ਅਤੇ ਕੀ ਗਾਰੰਟੀ ਹੈ ਕਿ ਇਸ ਤਰ੍ਹਾਂ ਪੰਜਾਬ ਵਿੱਚ ਨਹੀਂ ਹੋਵੇਗਾ ਅਤੇ ਜੇ ਏਦਾਂ ਹੋਇਆ ਤਾਂ ਪੰਜਾਬ ਦੇ ਨਤੀਜੇ ਇਸ ਨਾਲ ਕਿਸ ਹੱਦ ਤੱਕ ਅਤੇ ਕਿਸ ਪਾਸੇ ਵੱਲ ਪ੍ਰਭਾਵਤ ਹੋ ਸਕਣਗੇ, ਇਸ ਬਾਰੇ ਅਗੇਤਾ ਕੌਣ ਦੱਸ ਸਕੇਗਾ?

ਗੱਲ ਏਨੀ ਵੀ ਨਹੀਂ, ਪੱਛਮੀ ਬੰਗਾਲ ਦੀਆਂ ਚੋਣਾਂ ਦੌਰਾਨ ਪਹਿਲੀ ਵਾਰੀ ਇਹ ਹੋਇਆ ਕਿ ਵੋਟਰਾਂ ਦੇ ਵੇਰਵਿਆਂ ਦੀ ਜਾਂਚ ਤੇ ਪੇਸ਼ ਕੀਤੇ ਜਾਂਦੇ ਸਬੂਤ ਪਰਖਣ ਦਾ ਕੰਮ ਜੱਜ ਸਾਹਿਬਾਨ ਦੇ ਜ਼ਿੰਮੇ ਲਾਇਆ ਗਿਆ। ਅਦਾਲਤੀ ਢੰਗ ਨਾਲ ਇਹ ਕੰਮ ਜਦੋਂ ਜੱਜ ਸਾਹਿਬਾਨ ਕਰਨਗੇ ਤਾਂ ਹਫਤਿਆਂ ਵਿੱਚ ਹੋਣ ਵਾਲੇ ਕੰਮ ਨੂੰ ਮਹੀਨਿਆਂ ਦਾ ਸਮਾਂ ਲੱਗਦਾ ਜਾਵੇ ਤਾਂ ਹੈਰਾਨੀ ਦੀ ਗੱਲ ਨਹੀਂ, ਸਾਡੀਆਂ ਅਦਾਲਤਾਂ ਵਿੱਚ ਪੰਦਰਾਂ ਰੁਪਏ ਦਾ ਮੁਕੱਦਮਾ ਪੰਦਰਾਂ ਸਾਲ ਚੱਲਣ ਦੀ ਗੱਲ ਕੋਈ ਕਹਿ ਦੇਵੇ ਤਾਂ ਅੱਗੋਂ ਕੋਈ ਕੱਟਦਾ ਨਹੀਂ। ਪ੍ਰਧਾਨ ਮੰਤਰੀ ਨਰਸਿਮ੍ਹਾ ਰਾਉ ਵੇਲੇ ਸੁਪਰੀਮ ਕੋਰਟ ਇਹ ਗੱਲ ਕਹਿ ਚੁੱਕੀ ਹੈ ਕਿ ਜਦੋਂ ਇੱਕ ਵਾਰ ਚੋਣ ਪ੍ਰਕਿਰਿਆ ਚੱਲ ਪਏ, ਫਿਰ ਕੋਈ ਅਦਾਲਤ ਉਸ ਵਿੱਚ ਦਖਲ ਨਹੀ ਦੇ ਸਕਦੀ ਅਤੇ ਓਦੋਂ ਦੇ ਇਸ ਫੈਸਲੇ ਦਾ ਲਾਭ ਕਈ ਵਾਰ ਉਹ ਲੋਕ ਲੈ ਜਾਂਦੇ ਹਨ, ਜਿਹੜੇ ਇਸ ਸਿਸਟਮ ਨੂੰ ਸੰਨ੍ਹ ਲਾ ਕੇ ਅੱਗੇ ਨਿਕਲ ਜਾਣ ਦੀ ਨੀਤ ਵਾਲੇ ਹੁੰਦੇ ਹਨ। ਬਾਅਦ ਵਿੱਚ ਵੱਧ ਤੋਂ ਵੱਧ ਚੋਣ ਪਟੀਸ਼ਨਾਂ ਚੱਲ ਸਕਦੀਆਂ ਹਨ, ਜਿੱਦਾਂ ਨਵਜੋਤ ਸਿੰਘ ਸਿੱਧੂ ਅਤੇ ਓਮ ਪ੍ਰਕਾਸ਼ ਸੋਨੀ ਦੇ ਚੋਣ ਨਤੀਜੇ ਬਾਰੇ ਹੋਈ ਸੀ। ਸਾਲ 2009 ਵਿੱਚ ਚੋਣ ਹੋਈ ਅਤੇ ਪੰਜ ਸਾਲ ਸਮਾਂ 2014 ਵਿੱਚ ਖਤਮ ਹੋ ਗਿਆ, ਦੋ ਸਾਲ ਹੋਰ ਲੰਘਣ ਤੱਕ ਓਮ ਪ੍ਰਕਾਸ਼ ਸੋਨੀ ਦੀ ਕਾਂਗਰਸ ਪਾਰਟੀ ਵਿੱਚ ਸਿੱਧੂ ਜਾ ਸ਼ਾਮਲ ਹੋਇਆ ਤਾਂ ਦੋਵੇਂ ਵਿਧਾਇਕ ਬਣ ਗਏ, ਦੋਵੇਂ ਇੱਕੋ ਸਰਕਾਰ ਦੇ ਮੰਤਰੀ ਬਣ ਗਏ ਤੇ ਅੱਠ ਸਾਲ ਪਹਿਲੀ ਚੋਣ ਵੇਲੇ ਕੀਤੀ ਗਈ ਪਟੀਸ਼ਨ ਅਜੇ ਤੱਕ ਚੱਲੀ ਜਾਂਦੀ ਸੀ। ਤਾਮਿਲ ਨਾਡੂ ਵਿੱਚ ਪਿਛਲੇ ਮਹੀਨੇ ਇੱਕ ਪਟੀਸ਼ਨ ਦਾ ਨਿਬੇੜਾ ਹੋਇਆ ਹੈ, ਜਿਹੜੀ 2016 ਦੀ ਵਿਧਾਨ ਸਭਾ ਚੋਣ ਦੇ ਇੱਕ ਜੇਤੂ ਵਿਧਾਇਕ ਵਿਰੁੱਧ ਕੀਤੀ ਗਈ ਸੀ ਤੇ ਸਾਬਤ ਹੁੰਦਾ ਸੀ ਕਿ ਉਹ ਵੋਟਾਂ ਦੀ ਗਿਣਤੀ ਵਿੱਚ ਹੇਰਾਫੇਰੀ ਕਰਵਾ ਕੇ ਜਿੱਤਿਆ ਸੀ। ਉਸ ਨੇ ਪੰਜ ਸਾਲ ਵਿਧਾਇਕ ਵਜੋਂ ਸਹੂਲਤਾਂ ਮਾਣੀਆਂ ਅਤੇ ਪੰਜ ਸਾਲ ਹੋਰ ਲੰਘਾ ਕੇ ਸਪੱਸ਼ਟ ਹੋ ਗਿਆ ਕਿ ਉਹ ਚੋਣ ਦੀ ਹੇਰਾਫੇਰੀ ਨਾਲ ਜਿੱਤਿਆ ਸੀ, ਫਿਰ ਉਸ ਦਾ ਕੀ ਵਿਗੜ ਜਾਣਾ ਸੀ! ਚੋਣ ਪਟੀਸ਼ਨਾਂ ਦੇ ਬਹੁਤੇ ਨਤੀਜੇ ਜ਼ੋਰਾਵਰ ਅਤੇ ਮਾਇਆਧਾਰੀ ਲੀਡਰਾਂ ਦੇ ਪੱਖ ਵਿੱਚ ਜਾਂਦੇ ਹਨ।

ਪੱਛਮੀ ਬੰਗਾਲ ਵਿੱਚ ਏਦਾਂ ਦੇ ਹਾਲਾਤ ਵਿੱਚ ਜਦੋਂ ਵਿਧਾਨ ਸਭਾ ਚੋਣਾਂ ਹੋਈਆਂ ਤਾਂ ਰਾਜ ਕਰਦੀ ਧਿਰ ਨੂੰ ਪੁੱਟਣ ਲਈ ਉਸ ਵਿਰੁੱਧ ਸਾਰੇ ਭਾਰਤ ਦੀ ਸਿਆਸੀ ਤਾਕਤ ਝੋਕੀ ਗਈ। ਹਰ ਗਲੀ ਵਿੱਚ ਇੱਕ ਜਾਂ ਦੂਸਰੇ ਰਾਜ ਦਾ ਮੰਤਰੀ ਜਾਂ ਮੰਤਰੀ ਦੇ ਦਰਜੇ ਵਾਲੇ ਲੋਕ ਘਰ-ਘਰ ਜਾ ਕੇ ਵੋਟਾਂ ਦੀ ਮੰਗ ਕਰਦੇ ਰਹੇ। ਏਡੇ ਵੱਡੇ ਦਰਜੇ ਵਾਲੇ ਲੀਡਰਾਂ ਦਾ ਆਉਣਾ ਸੁਭਾਵਕ ਪਹੁੰਚ ਦਾ ਅਸਰ ਵੀ ਪਾਵੇਗਾ ਅਤੇ ਹਾਮੀ ਨਾ ਭਰਨ ਵਾਲੇ ਵੋਟਰ ਲਈ ਇੱਕ ਖਾਸ ਤਰ੍ਹਾਂ ਦਾ ਸੰਸਾ ਪੈਦਾ ਕਰਨ ਵਾਲਾ ਵੀ ਬਣ ਸਕਦਾ ਹੈ। ਸੱਤ ਪੰਜਾਬਾਂ ਜਿੱਡੇ ਉੱਤਰ ਪ੍ਰਦੇਸ਼ ਦਾ ਕੰਮ ਨਿਪਟਾਉਣ ਮਗਰੋਂ ਜਿੰਨੀ ਕਿਸਮ ਦੀ ਅਤੇ ਜਿੱਡੇ ਪੱਧਰ ਦੀ ਚੋਣ ਮੁਹਿੰਮ ਇਸ ਵਾਰ ਪੰਜਾਬ ਵਿੱਚ ਚੱਲਣ ਦੀ ਸੰਭਾਵਨਾ ਹੈ, ਉਸ ਨੂੰ ਵੇਖਣ ਦੀ ਬਜਾਏ ਪੰਜਾਬ ਦੇ ਲੀਡਰ ਇਹ ਸੋਚਣ ਦੇ ਕੰਮ ਲੱਗ ਗਏ ਹਨ ਕਿ ਚੋਣਾਂ ਨਵੰਬਰ ਵਿੱਚ ਹੋ ਜਾਣੀਆਂ ਹਨ। ਬਦਲਦੇ ਹਾਲਾਤ ਦਾ ਅੱਜ ਕੋਈ ਅਗੇਤਾ ਅੰਦਾਜ਼ਾ ਨਹੀਂ ਲਾਇਆ ਜਾ ਸਕਦਾ, ਕਿਸੇ ਅਚਾਨਕ ਵਕਤੀ ਰਾਜਨੀਤੀ ਹੇਠ ਪੰਜਾਬ ਵਿੱਚ ਅਗੇਤੇ ਚੋਣ-ਬੱਦਲ ਕਦੇ ਵੀ ਪਹੁੰਚ ਸਕਦੇ ਹਨ, ਪਰ ਬਹੁਤੀ ਸੰਭਾਵਨਾ ਇਹੋ ਹੈ ਕਿ ਏਥੇ ਚੋਣਾਂ ਮਿਥੇ ਸਮੇਂ ਤੋਂ ਪਹਿਲਾਂ ਹੋਣ ਦੀ ਗੱਲ ਸਿਰਫ ਕੱਛ 'ਚੋਂ ਮੂੰਗਲੀ ਕੱਢ ਕੇ ਮਾਰਨ ਵਰਗੀ ਹੋਈ ਤਾਂ ਬੇਸ਼ੱਕ ਹੋ ਜਾਵੇ, ਵਰਨਾ ਇਹ ਨਹੀਂ ਹੋਣ ਲੱਗੀ।

ਜਿਹੜੀ ਗੱਲ ਇਸ ਵਕਤ ਕਰਨ ਵਾਲੀ ਹੈ ਅਤੇ ਉਸ ਵਿੱਚ ਕਿਸੇ ਨੂੰ ਅਵੇਸਲੇ ਨਹੀਂ ਹੋਣਾ ਚਾਹੀਦਾ, ਉਹ ਵੋਟਰਾਂ ਦੀ ਰਿਵੀਜ਼ਨ ਦੇ ਕੰਮ, ਐੱਸ ਆਈ ਆਰ ਵੱਲ ਲਾਪਰਵਾਹੀ ਨਹੀਂ ਵਰਤਣੀ ਚਾਹੀਦੀ। ਇਹ ਗੱਲ ਸਿਰਫ ਪੰਜਾਬ ਵਿਚਲੇ ਵੋਟਰਾਂ ਦੇ ਮਾਮਲੇ ਵਿੱਚ ਨਹੀਂ, ਵਿਦੇਸ਼ ਵੱਸਦੇ ਜਾਂ ਰਿਸ਼ਤੇਦਾਰੀਆਂ ਵਿੱਚ ਜਾਂ ਕਿਸੇ ਕੰਮ ਵਾਸਤੇ ਵਿਦੇਸ਼ ਗਏ ਪੰਜਾਬ ਦੇ ਲੋਕਾਂ ਬਾਰੇ ਵੀ ਧਿਆਨ ਮੰਗਦੀ ਹੈ। ਆਮ ਕਿਹਾ ਜਾ ਰਿਹਾ ਹੈ ਕਿ ਜਿਹੜੇ ਲੋਕ ਘਰ ਨਾ ਮਿਲਣਗੇ, ਉਨ੍ਹਾਂ ਦੀ ਵੋਟ ਨਹੀਂ ਤਸਦੀਕ ਹੋ ਸਕਣੀ ਅਤੇ ਨਾ ਸਿਰਫ ਵੋਟਰ ਸੂਚੀ ਤੋਂ ਨਾਂਅ ਕੱਟੇ ਜਾ ਸਕਦੇ ਹਨ, ਸਗੋਂ ਕਈ ਹੋਰ ਵੀ ਮੁਸ਼ਕਲਾਂ ਹੋਣ ਦੀ ਸੰਭਾਵਨਾ ਹੋ ਸਕਦੀ ਹੈ, ਪਰ ਇਹ ਸੋਚਣੀ ਗਲਤ ਹੈ। ਤਸਦੀਕ ਸਮੇਂ ਪਰਵਾਰ ਦੇ ਸਿਰਫ ਇੱਕ ਜੀਅ ਦਾ ਮੌਜੂਦ ਹੋਣਾ ਕਾਫੀ ਹੈ। ਉਹ ਰਿਵੀਜ਼ਨ ਲਈ ਸਾਰਿਆਂ ਵੱਲੋਂ ਜਵਾਬ ਅਤੇ ਸਬੂਤ ਦੇ ਕੇ ਦਸਤਖਤ ਕਰ ਸਕਦਾ ਹੈ, ਕੋਈ ਸ਼ਿਕਾਇਤ ਜਾਂ ਜਵਾਬੀ ਦਾਅਵਾ ਕਰਨਾ ਪਿਆ ਤਾਂ ਉਹ ਵੀ ਉਹ ਇਕੱਲਾ ਸਾਰੇ ਪਰਵਾਰ ਵੱਲੋਂ ਕਰ ਸਕਦਾ ਹੈ। ਐੱਨ ਆਰ ਆਈਜ਼ ਦੇ ਵੋਟਾਂ ਦੇ ਹੱਕ ਬਾਰੇ ਸਾਡੇ ਲੋਕ ਬਾਕੀਆਂ ਤੋਂ ਵੱਧ ਰੌਲਾ ਪਾਉਂਦੇ ਹਨ, ਪਰ ਉਨ੍ਹਾਂ ਦੀਆਂ ਵੋਟਾਂ ਬਣਾਉਣ ਲਈ ਸਾਡੇ ਲੋਕ ਖਾਸ ਧਿਆਨ ਨਹੀਂ ਦੇਂਦੇ। ਜ਼ਰਾ ਖਿਆਲ ਕਰੋ ਕਿ ਪਿਛਲੀ ਲੋਕ ਸਭਾ ਚੋਣ ਤੱਕ ਸਾਡੇ ਪੰਜਾਬ ਦੇ ਐੱਨ ਆਰ ਆਈਜ਼ ਨੇ ਮਸਾਂ 1613 ਵੋਟਾਂ ਬਣਵਾਈਆਂ ਸਨ ਅਤੇ ਕੇਰਲਾ ਵਾਲੇ ਪਰਵਾਸੀਆਂ ਦੀਆਂ 89,839 ਵੋਟਾਂ ਸਨ। ਇਨ੍ਹਾਂ ਮੰਗਾਂ ਵਾਸਤੇ ਆਵਾਜ਼ ਉਠਾਉਣੀ ਤਾਂ ਅਸੀਂ ਜਾਣਦੇ ਹਾਂ, ਪਰ ਮਿਲੇ ਹੋਏ ਹੱਕ ਦੀ ਵਰਤੋਂ ਕਰਨ ਵਿੱਚ ਪਛੜ ਜਾਂਦੇ ਹਾਂ।

ਅੱਜ ਦੀ ਘੜੀ ਜਿੱਦਾਂ ਦੇ ਹਾਲਾਤ ਹਨ, ਅਸੀਂ ਉਨ੍ਹਾਂ ਵੱਲ ਨੀਝ ਲਾ ਕੇ ਜੋ ਕੁਝ ਵੇਖਿਆ ਹੈ, ਉਹ ਪਾਠਕਾਂ ਦੇ ਪੇਸ਼ ਕੀਤਾ ਹੈ, ਅੱਗੋਂ ਹਾਲਾਤ ਕਦੋਂ ਕਿਹੜੀ ਕਰਵਟ ਲੈਣਗੇ, ਉਸ ਮੁਤਾਬਕ ਅਗੇਤਾ ਕਹਿਣਾ ਮੁਸ਼ਕਲ ਹੈ।

ਮਾਂ ਧਰਤੀਏ ਤੇਰੀ ਗੋਦ ਨੂੰ ਚੰਨ ਹੋਰ ਬਥੇਰੇ

ਸ਼ੀਸ਼ੇ ਦੇ ਫੁੱਲ ਦੇਖ ਨਾ ਹੋਵੇਂ-70

ਸੁਰਜੀਤ ਸੁਮਨ

'ਸਵਰਨ ਸਿੰਘ ਭੰਗੂ ਨਹੀਂ ਰਹੇ' ਇਹ ਸ਼ਬਦ ਫੇਸਬੁੱਕ 'ਤੇ ਪੜ੍ਹ ਕੇ ਮਨ ਅੰਦਰ ਤੱਕ ਝੰਜੋੜਿਆ ਗਿਆ। ਕੁਝ ਪਲ ਤਾਂ ਯਕੀਨ ਹੀ ਨਹੀਂ ਹੋਇਆ। ਫਿਰ ਮਾਸਟਰ ਧਰਮਿੰਦਰ ਭੰਗੂ ਨਾਲ਼ ਗੱਲ ਕਰਕੇ ਸਭ ਕੁਝ ਜਾਣਨਾ ਚਾਹਿਆ। ਉਸ ਇਕੋ ਸਾਹੇ ਸਾਰੀ ਹੋਈ-ਬੀਤੀ ਕਹਿ ਸੁਣਾਈ। ਮਨ ਮਸੋਸਿਆ ਗਿਆ। ਕੁਝ ਰਾਹਤ ਲਈ ਅਗਲਾ ਫੋਨ ਮਾਸਟਰ ਰਬਿੰਦਰ ਸਿੰਘ ਰੱਬੀ ਨੂੰ ਮਿਲਾਉਂਦਾ ਹਾਂ। ਉਨ੍ਹਾਂ ਪੱਕ ਕੀਤਾ, ਬਈ ਇਹ ਭਾਣਾ ਤਾਂ ਤਿੰਨ ਜੂਨ ਦੀ ਜੁਆਨ ਹੋ ਰਹੀ ਰਾਤ ਦੇ ਪਹਿਲੇ ਪਹਿਰ ਹੀ ਵਰਤ ਗਿਆ ਸੀ। ਹੈਰਾਨੀ ਹੋਈ ਤੇ ਪ੍ਰੇਸ਼ਾਨੀ ਵੀ। ਸ਼ਹਿਰ ਤਾਂ ਸ਼ਹਿਰ, ਘਰ ਤੇ ਗੁਆਂਢ ਨੂੰ ਵੀ ਇਸ ਦੀ ਕੰਨੋ-ਕੰਨ ਖ਼ਬਰ ਤੱਕ ਨਾ ਹੋਈ। ਉਨ੍ਹਾਂ ਦੀ ਪਤਨੀ ਫਿਲਮ ਅਦਾਕਾਰ ਗੁਰਪ੍ਰੀਤ ਭੰਗੂ ਨੂੰ ਤਾਂ ਕਾਲ਼ੀ-ਬੋਲ਼ੀ ਰਾਤੇ ਮੌਤ ਰਾਣੀ ਦੇ ਬੇਲਿਹਾਜ਼ ਬਲੋਚਾਂ, ਭਰੇ-ਬਾਜ਼ਾਰ ਲੁੱਟ ਲਿਆ ਸੀ। ਨੀਂਦ ਦੀ ਗਹਿਰੀ ਆਗੋਸ਼ ਨੇ ਉਸ ਨੂੰ ਜਾਗ ਹੀ ਨਾ ਆਉਣ ਦਿੱਤੀ। 'ਜਦੋਂ ਭਾਵੀ ਵਾਰਦ ਹੁੰਦੀ ਏ ਭਤੀਜ ! ਉਦੋਂ ਫਿਰ ਇਵੇਂ ਈ ਵਾਪਰਦੈ। ਮਹਾਂਪੁਰਸ਼ਾਂ ਦੀ ਸੱਥ ਵਿੱਚ ਏਸੇ ਨੂੰ ਹੀ 'ਹੋਣੀ' ਕਹਿੰਦੇ ਨੇ। ਇਹ 'ਹੋਣੀ' ਭਲਾ ਕਦੋਂ ਰਾਹ ਵਿੱਚ ਤੰਬੂ ਤਾਣ ਬੈਠ ਜਾਵੇ। ਕੀ ਪਤੈ, ਜਿਸ 'ਦੁੱਲੇ' ਵਰਗਿਆਂ ਨੂੰ ਵੀ ਰਾਹ ਨਾ ਦਿੱਤਾ ਹੋਵੇ।' ਮੈਨੂੰ ਆਪਣੇ ਅੰਦਰੋਂ ਤਾਇਆ ਆਤਮਾ ਸਿੰਘ ਵੱਲੋਂ ਬੋਲੇ ਜਾ ਰਹੇ ਬੋਲ ਸੁਣਾਈ ਦੇਣ ਲਗਦੇ ਹਨ।

ਸੋਚ ਰਿਹਾਂ, ਮੁਸੀਬਤਾਂ ਦੇ ਲੱਖ ਦਰਿਆਵਾਂ ਨੂੰ ਪਾਰ ਕਰਨ ਵਾਲ਼ਾ ਮਨੁੱਖ, ਘਰ ਦੇ ਐਨ ਕੋਲ਼ ਵਗ ਰਹੇ ਨਿੱਤ ਦੇ ਜਾਣੂੰ ਇਸ ਬਰਸਾਤੀ ਨਾਲ਼ੇ ਵਿੱਚ ਕਿਵੇਂ ਜਾ ਡਿੱਗਾ? ਇਸ ਨੂੰ ਭਾਣਾ ਮੰਨਣਾ ਵੀ ਉਚਿਤ ਨਹੀਂ। ਫਿਰ ਸੋਚ ਦੇ ਘੋੜੇ ਕੋਲ਼ ਹੋਰ ਰਸਤਾ ਵੀ ਤਾਂ ਕੋਈ ਨਹੀਂ। ਮਨ ਵਿੱਚ ਰਹਿ ਰਹਿ ਕੇ ਖਿ?ਆਲ ਆਉਂਦੈ। ਬਈ ਜੇ ਇਸ ਬਰਸਾਤੀ ਨਾਲ਼ੇ 'ਤੇ ਜੰਗਲਾ ਲੱਗਿਆ ਹੁੰਦਾ, ਤਾਂ ਇਹ 'ਭਾਣਾ' ਵਾਪਰਦਾ ਹੀ ਨਾ। ਮੇਰਾ ਮਨ ਫਿਰ ਉਧੇੜ-ਬੁਣ ਵਿੱਚ ਪੈ ਜਾਂਦੈ। ਮਨਾਂ ! ਸਵਰਨ ਭੰਗੂ ਤਾਂ ਆਪ ਸਮਾਜ ਸੇਵੀ ਸੀ। ਕੀ ਓਹਦੇ ਮਨ ਵਿੱਚ ਇਸ ਨਾਲ਼ੇ ਨੂੰ ਜੰਗਲਾ-ਰਹਿਤ ਦੇਖ ਕੋਈ ਗੱਲ ਕਦੇ ਨਾ ਅਹੁੜੀ ਹੋਊ? ਜੇ ਅਹੁੜੀ ਹੁੰਦੀ ਤਾਂ ਉਸ ਪਲ ਵੀ ਨਹੀਂ ਸੀ ਲਾਉਣਾ। ਇਹ ਕੰਮ ਖ਼ੁਦ ਹੀ ਕਰ ਦੇਣਾ ਸੀ। ਅਜਿਹੇ ਮਰਜੀਵੜੇ ਸਮਾਜ ਸੇਵੀ ਕਦੋਂ ਤੱਕ 'ਊਠ ਦੇ ਬੁੱਲ੍ਹ' ਵੱਲ ਦੇਖਦੇ ਹਨ? ਨਿਰੁਤਰ ਹਾਂ। ਕੋਈ ਜਵਾਬ ਨਹੀਂ ਮਿਲ਼ਦਾ।

ਫਿਰ ਅਚਾਨਕ ਮੇਰੇ ਮਨ ਦੇ ਚਿਤਰਪਟ 'ਤੇ ਤਿੰਨ ਤਸਵੀਰਾਂ ਉੱਭਰ ਆਉਂਦੀਆਂ ਹਨ। ਇਨ੍ਹਾਂ ਤਿੰਨਾਂ ਤਸਵੀਰਾਂ ਵਿੱਚੋਂ ਸਵਰਨ ਸਿੰਘ ਭੰਗੂ, ਰਿਪੁਦਮਨ ਸਿੰਘ ਰੂਪ ਤੇ ਬਾਈ ਹਰਨਾਮ ਸਿੰਘ ਡੱਲਾ ਦੀ ਪਤਨੀ ਸੁਰਿੰਦਰ ਕੌਰ ਦੇ ਤਤਕਾਲੀ ਸਮਿਆਂ ਦੇ ਜੀਵੰਤ ਨਕਸ਼ ਉੱਘੜਦੇ ਚਲੇ ਜਾਂਦੇ ਹਨ। ਇਨ੍ਹਾਂ ਤਿੰਨਾਂ ਵਿੱਚ ਇੱਕ ਸਮਾਨਤਾ ਲੱਭੀ। ਉਹ ਇਹ ਕਿ ਇਨ੍ਹਾਂ ਤਿੰਨਾਂ ਵੱਲੋਂ ਮਰਨ ਉਪਰੰਤ ਆਪਣੀਆਂ ਦੇਹਾਂ, ਜਿਊਂਦੇ ਜੀਅ ਪੀਜੀਆਈ ਨੂੰ ਮੈਡੀਕਲ ਖੋਜ ਕਾਰਜਾਂ ਲਈ ਦਾਨ ਕੀਤੀਆਂ ਹੋਈਆਂ ਸਨ। ਇਨ੍ਹਾਂ ਦੇ ਵਾਰਸਾਂ ਵੱਲੋਂ ਇਨ੍ਹਾਂ ਦੀਆਂ ਭਾਵਨਾਵਾਂ ਦੀ ਕਦਰ ਕਰਦਿਆਂ ਇੱਛਾ ਪੂਰਤੀ ਹਿੱਤ ਰੋਂਦਿਆਂ-ਕੁਰਲਾਉਂਦਿਆਂ ਆਪਣਾ ਫਰਜ਼ ਨਿਭਾਇਆ ਗਿਆ ਹੈ। ਅੱਜ ਦੇ ਸਮਿਆਂ ਵਿੱਚ ਇਹ ਸਾਡੇ ਸਮਾਜ ਲਈ ਲੀਹ-ਪਾੜਵੀਆਂ ਪੈੜਾਂ ਹਨ। ਸੁਰਜੀਤ ਪਾਤਰ ਸਾਅਬ ਦੀ ਸ਼ਾਇਰੀ ਨੇ ਇਸ ਵਿਚਾਰ ਨੂੰ ਹੋਰ ਪੱਕਿਆਂ ਕਰਨ ਦੀ ਤਾਕਤ ਦਿੱਤੀ ਹੈ, 'ਯੁੱਗਾਂ ਤੋਂ ਕਾਫ਼ਲੇ ਆਉਂਦੇ/ ਇਸੇ ਸੱਚ ਦਾ ਗਵਾਹ ਬਣਦੇ/ ਮੈਂ ਰਾਹਾਂ ਤੇ ਨਹੀਂ ਤੁਰਦਾ/ ਮੈਂ ਤੁਰਦਾਂ ਹਾਂ ਤਾਂ ਰਾਹ ਬਣਦੇ।' ਇਨ੍ਹਾਂ ਤਿੰਨਾਂ ਤਸਵੀਰਾਂ ਵਿੱਚਲੀਆਂ ਸ਼ਖ਼ਸੀਅਤਾਂ ਅਤੇ ਇਨ੍ਹਾਂ ਨਾਲ਼ ਜੁੜੇ ਸਨੇਹੀ ਤੇ ਪਿਆਰੇ, ਇਨ੍ਹਾਂ ਦੇ ਪਾਏ ਪੂਰਨਿਆਂ ਨੂੰ ਅਦਬ ਦੀਆਂ ਨਜ਼ਰਾਂ ਨਾਲ਼ ਦੇਖਣ ਲਈ ਵਿਆਕੁਲ ਹਨ। ਜਿਸ ਦਿਨ ਰਿਪੁਦਮਨ ਸਿੰਘ ਰੂਪ ਨੂੰ ਕਿਸਾਨ ਭਵਨ ਵਿਖੇ ਸ਼ਰਧਾਂਜਲੀ ਦਿੱਤੀ ਜਾ ਰਹੀ ਸੀ, ਉਸ ਤੋਂ ਐਨ ਦੋ ਦਿਨ ਪਹਿਲਾਂ ਸਵਰਨ ਸਿੰਘ ਭੰਗੂ ਆਪਣੀ ਜੀਵਨ ਯਾਤਰਾ ਨੂੰ ਵਿਰਾਮ ਦੇਣ ਵੱਲ ਵਧ ਰਹੇ ਸਨ। ਇਹ ਕਿਹੋ ਜਿਹੀ ਵਿਡੰਬਨਾ ਹੈ। ਮੁਸੀਬਤਾਂ ਦੀ ਅੱਖ ਵਿੱਚ ਅੱਖ ਪਾ ਕੇ ਗੱਲ ਕਰਨ ਵਾਲ਼ੇ ਦਿਨ-ਬ-ਦਿਨ ਆਪਣੀ ਯਾਤਰਾ ਸਮਾਪਤ ਕਰਦੇ ਜਾ ਰਹੇ ਹਨ।

ਸਵਰਨ ਭੰਗੂ ਨੂੰ ਮੈਂ ਪਹਿਲੀ ਵਾਰੀ ਸਾਹਿਤ ਸਭਾ ਬਹਿਰਾਮਪੁਰ ਬੇਟ ਦੀ ਇਮਾਰਤ ਲਈ, ਉਸ ਵੱਲੋਂ ਇੱਟਾਂ ਦੀ ਗੱਡੀ ਦੇ ਪਾਏ ਯੋਗਦਾਨ ਵੇਲ਼ੇ ਖੁੱਲ੍ਹ ਕੇ ਮਿਲ਼ਿਆ ਸੀ। ਉਂਝ ਡੱਲਾ ਜੀ ਨਾਲ਼ ਮੈਂ ਉਨ੍ਹਾਂ ਦੀ ਪ੍ਰਿੰਟਿੰਗ ਪ੍ਰੈੱਸ 'ਤੇ ਕਈ ਵਾਰ ਹੋ ਆਇਆ ਸੀ। ਉਨ੍ਹੀਂ-ਦਿਨੀਂ ਹੀ ਮੈਂ ਏਥੇ ਟਾਈਪ ਵੀ ਸਿੱਖਦਾ ਰਿਹਾਂ। ਪੱਤਰਕਾਰਤਾ ਵਿੱਚ ਉਦੋਂ ਸਵਰਨ ਭੰਗੂ ਦਾ ਨਾਂ ਵੱਖਰੀ ਭਾਅ ਮਾਰਦਾ ਸੀ। ਇਲਾਕੇ ਵਿੱਚ ਉਸ ਦੀ ਚੜ੍ਹਤ ਸੀ। ਅਖ਼ਬਾਰਾਂ ਵੰਡਣ ਵਾਲ਼ੇ ਮੁੰਡੇ ਤੜਕੇ ਤੜਕੇ ਓਹਦੀ ਪ੍ਰੈੱਸ 'ਤੇ ਆ ਜੁੜਦੇ। ਲੋਕ ਹਿੱਤਾਂ ਲਈ ਜੁੜਦੇ ਕਾਫਲਿਆਂ ਵਿੱਚ ਉਸ ਦੀ ਸ਼ਮੂਲੀਅਤ ਹੁੰਦੀ। ਨਾਟਕਾਂ ਰਾਹੀਂ ਸਾਹਿਤ ਤੇ ਸਮਾਜਕ ਜਾਗਰੂਕਤਾ ਲਈ ਉਹ ਅਗਾਂਹਵਧੂ ਰੋਲ਼ ਨਿਭਾਉਂਦਾ। ਕਾਲ਼ੇ ਦੌਰ ਵਿੱਚ ਵੀ ਉਸ ਚਾਨਣੀ ਵਰਗੀਆਂ ਗੱਲਾਂ ਕੀਤੀਆਂ। ਫਿਰ ਹੌਲ਼ੀ ਹੌਲ਼ੀ ਉਸ ਵਿੱਦਿਆ ਦਾ ਚਾਨਣ ਚੁਫੇਰੇ ਖਿਲਾਰਨ ਲਈ ਬਸੀ ਗੁੱਜਰਾਂ ਪਿੰਡ ਨੂੰ ਜਾਂਦੇ ਰਾਹ 'ਤੇ ਆ ਚਿਰਾਗ ਜਗਾਇਆ।

ਦਸ ਜੂਨ ਦੀ ਸਵੇਰ ਸ੍ਰੀ ਚਮਕੌਰ ਸਾਹਿਬ ਵੱਲ ਤੁਰਨ ਲੱਗਿਆਂ ਮਨ ਮਨੁੱਖੀ ਨਾਸ਼ਮਾਨਤਾ ਦੇ ਖਿਆਲਾਂ ਵਿੱਚ ਖੁੱਭਿਆ ਪਿਆ ਸੀ। ਮੇਰੇ ਨਾਲ਼ ਬੈਠੇ ਮਾਸਟਰ ਪਿਆਰਾ ਸਿੰਘ ਰੇਡੀਓ ਦਾ ਬਟਨ ਦੱਬ ਦਿੰਦੇ ਹਨ। ਗੀਤ ਚੱਲ ਰਿਹੈ, 'ਤੂੰ ਹੈ ਤੋ ਦੁਨੀਆਂ ਕਿਤਨੀ ਹਸੀਂ ਹੈ/ ਜੋ ਤੂੰ ਨਹੀਂ ਤਾਂ ਕੁਛ ਭੀ ਨਹੀਂ/ ਮਹਿਬੂਬ ਮੇਰੇ ।' ਇੱਕ ਦੂਜੇ ਦੀਆਂ ਅੱਖਾਂ ਪੜ੍ਹ ਅਸੀਂ ਗੀਤ ਦੇ ਗਹਿਰੇ ਅਰਥਾਂ ਵਿੱਚ ਡੁੱਬ ਜਾਂਦੇ ਹਾਂ। ਕੁਰਾਲ਼ੀ ਬਾਈਪਾਸ ਟੱਪ, ਸਿੰਘ ਭਗਵੰਤਪੁਰਾ ਕੋਲ਼ੋਂ ਮੈਂ ਗੱਡੀ ਗੁਰੂ ਗੋਬਿੰਦ ਸਿੰਘ ਮਾਰਗ 'ਤੇ ਪਾ ਲੈਂਦਾ ਹਾਂ। ਇੰਝ ਜਾਪਣ ਲਗਦੈ ਜਿਵੇਂ ਸਾਡੇ ਅੱਗੇ ਅੱਗੇ ਗੁਰੂ ਦੇ ਸਿੰਘ ਚਮਕੌਰ ਦੀ ਕੱਚੀ ਗੜ੍ਹੀ ਵੱਲ ਤੁਰੇ ਜਾ ਰਹੇ ਹੋਣ। ਬਾਹਰ ਨਜ਼ਰ ਮਾਰਦਾ ਹਾਂ। ਖੇਤ ਧਾਨ ਲਾਉਣ ਲਈ ਤਿਆਰੀ ਅਧੀਨ ਹਨ। ਕਿਧਰੇ ਕਿਧਰੇ ਪਾਣੀ ਲਾਇਆ ਜਾ ਰਿਹੈ। ਸੁੱਕੇ ਖੇਤਾਂ ਵਿੱਚ ਧਾਨਾਂ ਦੀ ਹਰੀ-ਕਚੂਰ ਪਨੀਰੀ ਦੀਆਂ ਕਿਆਰੀਆਂ ਦੂਰੋਂ ਹਰੀਆਂ ਡੱਬੀਆਂ ਵਾਂਗ ਜਾਪ ਰਹੀਆਂ ਸਨ। ਅੰਬਾਂ ਨਾਲ਼ ਲੱਦੇ ਟਾਂਵੇਂ ਟਾਂਵੇਂ ਬੂਟੇ ਅਲੌਕਿਕ ਦ੍ਰਿਸ਼ ਪੇਸ਼ ਕਰ ਰਹੇ ਸਨ। ਕਿਤੋਂ ਕਿਤੋਂ ਟੁੱਟੀ ਸੜਕ ਦੇ ਟੋਇਆਂ ਵਿੱਚ ਡਿੱਗ ਕੇ ਨਿਕਲ਼ਦਾ ਗੱਡੀ ਦਾ ਟਾਇਰ ਰਾਜ ਦਰਬਾਰ ਦੀ ਵਿਥਿਆ ਬਿਆਨ ਰਿਹਾ ਸੀ। ਜਿਵੇਂ ਧਰਤੀ ਮਾਂ ਨੇ ਖੇਤਾਂ ਵਿੱਚ ਖੜ੍ਹੀਆਂ ਚਰ੍ਹੀਆਂ, ਕਮਾਦ ਤੇ ਮੱਕੀਆਂ ਦੀ ਹਰਿਆਵਲ ਚੁੰਨੀ ਪਹਿਨ ਲਈ ਹੋਵੇ। ਹੁਣ ਸਾਡੀ ਗੱਡੀ ਰੋਪੜ੍ਹ ਬਾਈਪਾਸ ਤੋਂ ਹੁੰਦੀ ਹੋਈ ਨਹਿਰ ਦੀ ਪਟੜੀਓ-ਪਟੜੀ ਦੌੜਨ ਲੱਗੀ। ਨਹਿਰ ਵਿੱਚ ਠਾਠਾਂ ਮਾਰਦਾ ਪਾਣੀ। ਦੋਵੇਂ ਕਿਨਾਰਿਆਂ 'ਤੇ ਝੂਮਦੇ ਰੱਜੇ-ਪੁੱਜੇ ਰੁੱਖ। ਠੰਢੀ ਹਵਾ ਦੇ ਬੁੱਲੇ ਹਵਾ ਦੀ ਗਰਮੀ ਨੂੰ ਆਪਣੇ ਆਪੇ ਵਿੱਚ ਸੋਖ ਲੈਂਦੇ।

'ਤੇਰਾ ਦਲੇਰ ਸਿੰਘ ਤਾਂ ਅਹੁ ਖੜ੍ਹੈ ਬਈ। ਰੁਕ ਜ਼ਰਾ।' ਬਾਈ ਦਲੇਰ ਸਿੰਘ ਨੂੰ ਅਸੀਂ ਦਾਸਤਾਨ-ਏ-ਸ਼ਹਾਦਤ ਕੋਲ਼ੋਂ ਹੀ ਲੈਣਾ ਸੀ। ਕੁਝ ਪਲ ਅਸੀਂ ਇਸ ਯਾਦਗਾਰ ਨੂੰ ਨਿਹਾਰਦੇ ਰਹੇ। 'ਮੁਗਲ ਫੌਜਾਂ ਕੁਰਬ ?ਲ ਕੁਰਬ ?ਲ ਕਰਦੀਆਂ ਏਥੇ ਤੱਕ ਤਾਂ ਤੰਬੂ ਤਾਣੀ ਬੈਠੀਆਂ ਈ ਹੋਣਗੀਆਂ।' ਮੇਰੇ ਮਨ ਵਿੱਚ ਖਿਆਲਾਂ ਦੇ ਗਲੋਟੇ ਉਧੜੀ ਜਾ ਰਹੇ ਸਨ। ਵਿਰਾਸਤ-ਏ-ਖ਼ਾਲਸਾ ਤੋਂ ਬਾਅਦ ਦਾਸਤਾਨ-ਏ-ਸ਼ਹਾਦਤ ਦਾ ਕੋਈ ਜਵਾਬ ਨਹੀਂ। ਵਾਪਸੀ ਵੇਲ਼ੇ ਏਥੇ ਰੁਕਣ ਦਾ ਪੱਕਾ ਕਰ ਅਸੀਂ ਅੱਗੇ ਚੱਲ ਪਏ। 'ਕਹਿੰਦੇ ਕਿਸੇ ਵੇਲ਼ੇ ਸਤਲੁਜ ਏਥੇ ਤੱਕ ਵਹਿੰਦਾ ਸੀ' ਮਾਸਟਰ ਪਿਆਰਾ ਸਿੰਘ ਨੇ ਗੱਲ ਤੋਰੀ। ਹਾਂ ਜੀ। ਤੁਸੀਂ ਸਹੀ ਕਹਿੰਨੇ ਓ ਮਾਸਟਰ ਜੀ। ਨਹਿਰ ਟੱਪਦਿਆਂ ਈ ਬੇਟ ਦਾ 'ਲਾਕਾ ਸ਼ੁਰੂ ਹੋ ਜਾਂਦੈ। ਇੱਧਰ ਚਮਕੌਰ ਦੇ 'ਲਾਕੇ ਨੂੰ ਅਸੀਂ ਢਾਹਾ ਕਹਿ ਕੇ ਬੁਲਾਉਂਦੇ ਆਂ। ਸਾਡੇ ਅੱਲ ਪਾਪੂਲਰ ਬਹੁਤ ਆ।' ਬਾਈ ਦਲੇਰ ਸਿੰਘ ਜਾਣਕਾਰੀ ਦੇਣ ਲੱਗਾ। ਮੈਂ ਗੱਡੀ ਖੱਬੇ ਪਾਸੇ ਧੌਲਰਾਂ ਪਿੰਡ ਵੱਲ ਮੋੜ ਲਈ। ਪੁਲ਼ ਸੱਜੇ ਪਾਸੇ ਰਹਿ ਗਿਆ ਸੀ। ਕਾਲ਼ੇ ਦਿਨਾਂ ਵਿੱਚ ਏਥੇ ਹੋਏ ਕਤਲਾਂ ਦੀ ਯਾਦ ਦੀ ਖ਼ੂਨੀ ਕਾਤਰ ਲਿਸ਼ਕੀ ਤੇ 'ਲੋਪ ਹੋ ਗਈ। ਸੜਕ ਵਿੱਚਲੇ ਟੋਏ ਨੂੰ ਪਾਰ ਕਰਦੀ ਗੱਡੀ ਅਗਲੇ ਟੋਇਆਂ ਵਿੱਚ ਡਿੱਗਦੀ-ਨਿਕਲ਼ਦੀ ਰਹੀ। ਸੜਕ ਦੇ ਦੋਵਾਂ ਕਿਨਾਰਿਆਂ ਉੱਤੇ ਰੂੜੀਆਂ ਦੇ ਢੇਰ ਦਿਖਾਈ ਦੇਣ ਲੱਗੇ। ਸੱਜੇ ਪਾਸੇ ਗੁੱਜਰਾਂ ਦੀਆਂ ਮੱਝਾਂ ਦੇ ਬਾੜੇ। ਥੋੜ੍ਹਾਂ ਅਗਾਂਹ ਖੱਬੇ ਪਾਸੇ ਸਕੂਲ ਦੀ ਇਮਾਰਤ ਦਿਸੀ ਤੇ ਖੜ੍ਹੀਆਂ ਗੱਡੀਆਂ। ਸਾਨੂੰ ਥਾਂ ਨਾ ਮਿਲ਼ੀ ਤਾਂ ਗੱਡੀ ਭਾਰਤ ਮਾਲਾ ਐਕਸਪ੍ਰੈੱਸ ਵੇਅ ਦੇ ਬਣ ਰਹੇ ਪੁਲ਼ ਹੇਠ ਲਾਉਣੀ ਪਈ। ਭੰਗੂ ਸਾਅਬ ਨੂੰ ਅੰਤਿਮ ਸ਼ਰਧਾਂਜਲੀ ਦਿੱਤੀ ਜਾ ਰਹੀ ਸੀ। ਅਸੀਂ ਪਿਛਾਂਹ ਜਾ ਕੇ ਧਰਮਿੰਦਰ ਭੰਗੂ, ਰੱਬੀ, ਅਵਤਾਰ ਨਗਲ਼ੀਆ, ਸੁਰਿੰਦਰ ਰਸੂਲਪੁਰ, ਕੰਗ ਤੇ ਹੋਰ ਦੋਸਤਾਂ ਕੋਲ਼ ਜਾ ਖੜ੍ਹੇ। ਬਾਗੀ ਭੰਗੂ ਗੀਤ ਗਾ ਰਿਹਾ ਸੀ, 'ਜਿੱਥੇ ਤੰਗ ਨਾ ਸਮਝਣ ਤੰਗੀਆਂ ਨੂੰ/ ਜਿੱਥੇ ਮਿਲ਼ਣ ਅੰਗੂਠੇ ਸੰਘੀਆਂ ਨੂੰ/ ਜਿੱਥੇ ਵਾਲ਼ ਤਰਸਦੇ ਕੰਘੀਆਂ ਨੂੰ/ ਨੱਕ ਵਗਦੇ ਅੱਖਾਂ ਚੁੰਨ੍ਹੀਆਂ ਤੇ ਦੰਦ ਕਰੇੜੇ/ ਤੂੰ ਮਘਦਾ ਰਹੀਂ ਵੇ ਸੂਰਜਾ ਕੰਮੀਆਂ ਦੇ ਵਿਹੜੇ/ ਮਾਂ ਧਰਤੀਏ ਤੇਰੀ ਗੋਦ ਨੂੰ ਚੰਨ ਹੋਰ ਬਥੇਰੇ ।' ਮੈਂ ਬਾਈ ਦਲੇਰ ਸਿੰਘ ਦੇ ਚਿਹਰੇ ਵੱਲ ਨਜ਼ਰ ਮਾਰੀ। ਉਹ ਪਤਾ ਨਹੀਂ ਜੁੜੇ ਇਕੱਠ ਵਿੱਚੋਂ ਕੀ ਭਾਲ਼ ਰਿਹਾ ਸੀ?

ਸੰਪਰਕ : 98144 30874

ਬੱਬਰ ਸ਼ਹੀਦ ਗਿਆਨੀ ਗੁਰਦਿੱਤ ਸਿੰਘ ਦਲੇਰ ਦਾ ਪਿੰਡ ਹੈ, ਮੰਢਾਲੀ

ਪਿੰਡ ਵਸਿਆ-80

ਵਿਜੇ ਬੰਬੇਲੀ

ਮੰਢਾਲੀ (ਜਿਲਾ ਨਵਾਂਸ਼ਹਿਰ), ਵਾਕਿਆ ਬਹਿਰਾਮ-ਫਗਵਾੜਾ ਸ਼ਾਹਮਾਰਗ, ਬਾਰੇ ਲਿਖਣ ਦਾ ਕਾਰਨ ਉੱਥੇ ਸਥਿਤ ਲੱਖਾਂ ਦੀ ਭੀੜ ਬਟੋਰਦਾ ਰੋਜ਼ਾ ਸਾਂਈ ਅਬਦੁੱਲਾ ਸ਼ਾਹ ਕਾਦਰੀ ਨਹੀਂ ਬਣਿਆ, ਆਹਲਾ ਵਤਨ ਲਈ ਕੁਰਬਾਨ ਹੋ ਜਾਣ ਵਾਲਾ ਅਣਗੌਲਿਆ ਸੂਰਮਾ ਸ਼ਹੀਦ ਗੁਰਦਿੱਤ ਸਿੰਘ ਦਲੇਰ ਬਣਿਆ ਹੈ। ਹੋਇਆ ਇਓਂ ਕਿ ਬੱਬਰ ਅਕਾਲੀ ਲਹਿਰ ਦਾ ਵਿਦਿਆਰਥੀ ਹੋਣ ਕਾਰਨ ਮੇਰਾ ਇਸ ਨਾਮਣੇ ਵਾਲੇ ਦੇਸ਼ਭਗਤ ਬਾਰੇ ਦੋ ਪੁਸਤਕਾਂ ਪੜ੍ਹਨ ਦਾ ਸਬੱਬ ਬਣਿਆ। ਪਹਿਲੀ ਸੀ, ਜਗਵਿੰਦਰ ਜੋਧਾ ਅਤੇ ਮਨਜੀਤ ਕੇਸਰ ਵਲੋਂ ਕਲਮਬੱਧ 'ਗਿਆਨੀ ਗੁਰਦਿੱਤ ਸਿੰਘ (ਜੀਵਨੀ ਤੇ ਡਾਇਰੀ) ਅਤੇ ਦੂਜੀ ਹੈ ਡਾ. ਗੁਰਦੇਵ ਸਿੰਘ ਜੀ ਸਿੱਧੂ ਵਲੋਂ ਸੰਪਾਦਿਤ ਪੁਸਤਕ 'ਅਣਗੌਲਿਆ ਆਜ਼ਾਦੀ ਘੁਲਾਟੀਆਂ ਗਿਆਨੀ ਗੁਰਦਿੱਤ ਸਿੰਘ 'ਦਲੇਰ'। ਮਨ 'ਚ ਆਇਆ ਕਿ ਭਾਰਤ ਮਾਂ ਦੇ ਇਸ ਨਾਇਕ, ਜਿਸ ਨੂੰ ਅਸੀਂ ਵਿਸਾਰ ਦਿੱਤਾ ਹੈ, ਦੀ ਜੰਮਣ ਭੌਂਇ 'ਮੰਢਾਲੀ' ਬਾਰੇ ਲਿਖਿਆ ਜਾਵੇ। ਹਾਂ; ਇਸ ਪਿੰਡ ਬਾਰੇ, ਸੰਖੇਪ ਵਿੱਚ, ਕੁੱਝ ਪੁਖਤਾ ਜਾਣਕਾਰੀ ਪ੍ਰਾਪਤ ਹੋਈ ਪ੍ਰਸਿੱਧ ਕਾਲਮ ਨਵੀਸ ਸ਼੍ਰੀ ਦੀਦਾਰ ਸ਼ੇਤਰਾ ਜੀ ਦੀ ਕਲਮ ਤੋਂ ਅਤੇ ਬਾਕੀ ਇਸ ਪਿੰਡ ਦੇ ਭ੍ਰਮਣ ਅਤੇ ਸੁਤੰਤਰਤਾ ਇਤਿਹਾਸ ਵਿੱਚੋਂ।

ਦੱਸਿਆ ਗਿਆ ਕਿ ਢੇਰ ਸਮਾਂ ਪਹਿਲਾਂ ਖਿੱਤਾ ਫਤਿਹਗੜ੍ਹ ਚੂੜੀਆਂ (ਗੁਰਦਾਸਪੁਰ) ਤਰਫੋਂ ਸਥਿਤੀਆਂ-ਪ੍ਰਸਥਿਤੀਆਂ ਵੱਸ ਦੋ ਹਠੀ ਬਜ਼ੁਰਗਾਂ ਹੰਬੂ ਅਤੇ ਲੱਖੂ ਦੀ ਅਗਵਾਈ ਹੇਠ ਬਦੇਸ਼ਾ ਕੁਨਬੇ (ਗੋਤਰੀਆਂ) ਦਾ ਇੱਕ ਪੂਰ, ਜਿਹੜੇ ਜਾਤ ਵਜੋਂ ਜੱਟ ਸਨ, ਆਪਣੇ ਹਾਲੀਆਂ-ਪਾਲੀਆਂ ਸੰਗ ਇਥੇ ਆ ਟਿੱਕਿਆ। ਖਾਲ਼ੀ ਅਤੇ ਸਬਜ਼ ਭੌਂਇ ਵੇਖ ਉਹਨਾਂ ਇਸ ਮਿੱਟੀ ਨੂੰ ਚੁਣ, ਜਿਵੇਂ ਕਿ ਵੇਲੇ ਦਾ ਚਲਨ ਸੀ, ਇਥੇ ਕਿਸੇ ਸਦਾਬਹਾਰ ਦ੍ਰਖੱਤ ਦਾ ਧੜਵੈਲ ਮੁੱਢ ਨਵ-ਵਸੇਬ ਵਜੋਂ ਗੱਡ ਦਿੱਤਾ। ਪੱਕੇ ਪੈਰੀ ਹੁਮਦਿਆਂ ਹੀ ਇਹਨਾਂ ਆਪਣੇ ਪੁਰਖਿਆਂ ਦੀ ਯਾਦ ਵਿੱਚ ਯਥਾਂ-ਸੰਭਵ ਇੱਕ ਮੱਠ (ਮੱਟ) ਦੀ ਉਸਾਰੀ ਵੀ ਕਰ ਦਿੱਤੀ। ਕਿਹਾ ਜਾਂਦਾ ਹੈ ਕਿ ਇਹਨਾਂ ਸ਼ਬਦਾਂ ਜਾਂ ਨਿਸ਼ਾਨੀਆਂ: "ਮੁੱਢ, ਮੱਟ ਜਾਂ ਮੱਠ" ਤੋਂ ਹੋਲੀ-ਹੋਲੀ ਲੋਕ-ਜ਼ੁਬਾਂ ਵਿੱਚ ਇਸ ਵਸੇਬ, ਜਿਸ ਵਿੱਚ ਲੋੜ ਮੁਜ਼ਬ ਵੱਖ-ਵੱਖ ਕਿੱਤਾ ਸਮੂਹ ਆ ਟਿਕੇ ਜਾਂ ਲਿਆ ਟਿਕਾਏ ਸਨ, ਦਾ ਨਾਂ ਪਹਿਲਾਂ ਮੁੱਢਵਾਲੀ ਜਾਂ ਮੱਟਵਾਲੀ ਅਤੇ ਅਖੀਰ ਵਿਗੜਦਾ-ਸੰਵਰਦਾ ਜਾਂ ਲਘੂ ਹੁੰਦਾਂ "ਮੰਢਾਲੀ" ਪੱਕ-ਪਕਾਅ ਗਿਆ। "ਹਕੀਕਤ ਬਿਆਂ ਪਿੰਡ" ਅਨੁਸਾਰ ਉਹਨਾਂ ਬਜ਼ੁਰਗਾਂ ਦੀਆਂ ਅਗਲੀਆਂ-ਅਗਲੇਰੀਆਂ ਪੀੜ੍ਹੀਆਂ, ਕੁਝ ਮੁਤਾਬਿਕ 10ਵੀਂ ਪੀੜ੍ਹੀ, ਵਿੱਚ ਇੱਕ ਅਧਿਆਤਮਿਕ ਬਿਰਤੀ ਬਾਬਾ ਹਬੀਰੋ ਹੋਇਆ ਜਿਸ ਦੇ ਕ੍ਰਮਯੋਗ ਨੇ ਇਸ ਵਸੇਬ ਨੂੰ, ਪਹਿਲ-ਪਲੱਕੜਿਆਂ 'ਚ ਹੀ, ਇਲਾਕੇ ਵਿੱਚ ਉੱਘਾ ਕਰ ਦਿੱਤਾ ਸੀ।

ਗ਼ਦਰ ਅਤੇ ਬੱਬਰ ਅਕਾਲੀ ਲਹਿਰ ਸਮੇਤ ਹੋਰ ਸੁਤੰਤਰਤਾ ਸੰਗਰਾਮ ਅਤੇ ਲੋਕਪੱਖੀ ਤੇ ਅਗਾਂਹਵਧੂ ਲਹਿਰਾਂ ਨਾਲ ਬਾ-ਵਾਸਤਾ ਰਹੇ ਇਸ ਪਿੰਡ ਵਿੱਚ ਅਨੇਕਾਂ ਤਨਜ਼ੀਮਾਂ ਦੇ ਦੇਸ਼ਭਗਤ ਅਤੇ ਕਾਰਕੁੰਨ ਹੋਏ ਹਨ, ਕਈ ਮਰਜੀਵੜੇ ਅਤੇ ਜਥੇਬੰਦੀਆਂ ਹੁਣ ਵੀ ਲੋਕਾਂ ਲਈ ਸਰਗਰਮ ਹਨ। ਸੰਨ 1939 ਵਿੱਚ ਬ੍ਰਿਟਿਸ਼ ਸਾਮਰਾਜ ਵਲੋਂ ਫਾਂਸੀ ਦੇ ਕੇ ਸ਼ਹੀਦ ਕੀਤੇ ਗਏ ਮਾਂ ਰਲੀ ਦੇ ਪੁੱਤ ਬੱਬਰ ਅਕਾਲੀ ਗਿਆਨੀ ਗੁਰਦਿੱਤ ਸਿੰਘ ਜੀ ਦਲੇਰ ਦੇ ਪਿਤਾ ਮੰਗਲ ਸਿੰਘ ਜੀ ਦੀ ਦੇਸ਼ ਹਿੱਤ ਲਈ ਸਰਗਰਮੀ ਕਾਰਨ ਜਿਥੇ ਨੰਬਰਦਾਰੀ ਜ਼ਬਤ ਕਰ ਲਈ ਸੀ ਉਥੇ ਉਹਨਾਂ ਦਾ ਵੱਡਾ ਭਾਈ ਰਤਨ ਸਿੰਘ ਵੀ ਜੰਗਿ-ਏ-ਆਜ਼ਾਦੀ ਵੇਲੇ ਅਕਾਲੀ ਸਫਾਂ ਵਿਚ ਸ਼ੁਮਾਰ ਅਥੇ ਕੈਦ ਰਿਹਾ। ਇਹੀ ਨਹੀਂ ਬਾਅਦ ਵਿੱਚ ਵੀ ਇਹਨਾਂ ਦੇ ਟੱਬਰ ਦੀ ਅੰਸ਼-ਵੰਸ਼ ਮੁਲਕ ਅਤੇ ਲੋਕਾਂ ਖਾਤਿਰ ਤਰੱਦਦ ਕਰਦੀ ਰਹੀ। ਇਸੇ ਨਗਰ ਦੇ ਬਾਗੀ ਰਸਾਲਦਾਰ ਹਜ਼ੂਰਾ ਸਿੰਘ 'ਤੇ ਬਰਤਾਨਵੀਆਂ ਨੇ ਕਿਲਾ ਲਾਹੌਰ ਵਿੱਚ ਅਜਿਹਾ ਤਸ਼ੱਦਦ ਕੀਤਾ ਕਿ ਉਹ ਤਾਬ ਨਾ ਝਲਦਿਆ ਮੁਜ਼ੱਫਰਪੁਰ ਜੇਲ੍ਹ ਵਿੱਚ ਸ਼ਹੀਦੀ ਪਾ ਗਿਆ। ਇਸੇ ਤਰਾਂ ਸਾਥੀ ਬਚਨ ਸਿੰਘ ਦਾ ਨਾਂ ਵੀ ਉੱਘਾ ਹੈ, ਜਿਹੜੇ ਤੋੜ ਹਿਆਤੀ ਤੱਕ ਲੋਕ ਘੋਲਾਂ ਵਿੱਚ ਸਰਗਰਮ ਅਤੇ ਜ਼ਫਰ ਹੰਢਾਉਂਦੇ ਰਹੇ।

ਜਿਥੇ ਖੁਸ਼ ਹੈਸ਼ੀਅਤ ਮੋਰਚੇ ਵਿੱਚ ਇਸ ਗਰਾਂ ਦੇ ਕਾ. ਹਰੀ ਸਿੰਘ ਪੁੱਤਰ ਰਾਮ ਰੱਖਾ ਦਾ ਵਿਸ਼ੇਸ ਜ਼ਿਕਰ ਹੈ, ਜਿਸ ਗੁਲਾਮੀ ਤੋਂ ਬੰਦ ਖਲਾਸੀ ਹਿੱਤ ਰਾਵਲਪਿੰਡੀ 'ਚ ਜੇਲ੍ਹ ਤਨਹਾਈ ਵੀ ਕੱਟੀ ਸੀ, ਉਥੇ ਇਸ ਪਿੰਡ ਦੇ ਕਈ ਹੋਰ ਫਰਜੰਦਾਂ ਨੂੰ ਸਰਕਾਰੀ ਜਬਰ, ਕੁਰਕੀਆਂ-ਜਰਮਾਨਿਆਂ ਅਤੇ ਕੈਦਾਂ ਦਾ ਸਾਹਮਣਾ ਕਰਨਾ ਪਿਆ। ਤਾਅ-ਪਿੰਡ ਅਤੇ ਤ੍ਰੀਮਤਾਂ ਨੇ ਜੋ ਸੰਤਾਪ ਭੋਗਿਆ ਉਹ ਵੱਖਰਾ। ਮੁਰੱਬਾਬੰਦੀ, ਜਿਸ ਵਿੱਚ ਕਾਮਰੇਡਾਂ ਦੀ ਅਗਵਾਈ ਹੇਠ ਪੰਜਾਬ ਵਿੱਚ ਸੱਭ ਤੋਂ ਪਹਿਲਾਂ ਬੇ-ਜ਼ਮੀਨੇ ਦਲਿਤਾਂ ਨੂੰ ਘਰਾਂ ਵਾਸਤੇ ਪਲਾਟ, ਬਕਾਇਦਾ ਕਲਮਬੰਦ ਕਰਕੇ, ਦਿੱਤੇ ਗਏ ਸਨ, ਹੋਵੇ ਜਾਂ ਕੋਈ ਵੀ ਕਿਸਾਨੀ ਜਾਂ ਕ੍ਰਿਤੀ ਸੰਘਰਸ਼ ਇਹ ਨਗਰ ਪਹਿਲੇ ਵੇਲਿਆ ਤੋਂ ਹੀ ਜੂਝਦਾ ਆ ਰਿਹਾ ਹੈ। ਵੱਖ-ਵੱਖ ਸਮੇਂ ਚਰਚਿਤ ਰਹੇ, ਜਿਹਨਾਂ ਵਿੱਚ ਦਲਿਤਾਂ ਦਾ ਵੀ ਵੱਡਾ ਹਿੱਸਾ ਸੀ, ਜੁਝਾਰੂ ਇਹ ਸਨ: ਕਾਬੁਲ ਅਤੇ ਜੀਤਾ ਪੁੱਤਰ ਬਾਬੂ, ਜਿੰਦਰ ਪੁੱਤਰ ਬੂਲਾ, ਮੇਹਰ ਪੁੱਤਰ ਰਲਾ, ਤਰਸੇਮ ਪੁੱਤਰ ਸ਼ਿਆਮਾ, ਜਗੀਰੀ ਪੁੱਤਰ ਲਛਮਣ, ਪਾਖਰ ਪੁੱਤਰ ਭਾਗੂ, ਧਨੂੰ ਪੁੱਤਰ ਪੋਹਲੋ, ਬਿਸ਼ਨਾ ਪੁੱਤਰ ਬਿਅੰਤ, ਦੇਵ ਪੁੱਤਰ ਮੇਹਰ, ਬਤਨਾ ਪੁੱਤਰ ਵਰਿਆਮਾ, ਕਰਤਾਰ ਅਤੇ ਜਥੇਦਾਰ ਨੱਥਾ ਸਿੰਘ, ਬਚਨ ਸਿੰਘ, ਭਗਤ ਸਿੰਘ, ਮੁਨਸ਼ਾ ਸਿੰਘ, ਰਾਮ ਸਿੰਘ, ਬਿੱਕਰ ਸਿੰਘ, ਮਹਿੰਦਰ ਸਿੰਘ, ਕਾਬੁਲ ਸਿੰਘ ਪੁੱਤਰ ਗੁਰਦਿੱਤ ਸਿੰਘ ਦਲੇਰ ਤੇ ਤਾਰਾ ਸਿੰਘ ਪੁੱਤਰ ਰਾਮ ਦਿੱਤਾ ਆਦਿ ਸਨ।

ਹਾਂ; ਬਾਬਾ ਹਬੀਰ ਦੇ ਚਾਰ ਪੁੱਤਰ ਹੋਏ ਸਨ। ਚਾਰੇ ਨਾਮਵਰ ਕਰਮਯੋਗੀ ਅਤੇ ਦਾਨੇ ਸਨ, ਇਹੀ ਕਾਰਨ ਹੈ ਕਿ ਪਿੰਡ ਦੇ ਚਾਰ ਮਹੱਤਵਪੂਰਨ ਕੁਰੇ (ਪੱਤੀਆਂ) ਇਹਨਾਂ ਨਾਮੇ ਸਨ। ਦਰਅਸਲ ਇਹਨਾਂ ਦੇ ਸਮੇਂ ਹੀ ਪਿੰਡ ਇੱਕ ਸਾਧਨ-ਸੰਪਨ ਪਿੰਡ ਵਜੋਂ ਵਿਕਸਤ ਹੋਣਾ ਸ਼ੁਰੂ ਹੋਇਆ ਸੀ। ਪੁਰਾਣੇ ਭਾਰਤੀ ਪਿੰਡਾਂ ਵਿੱਚ ਕੋਈ ਵੀ ਜਾਤੀ ਸਵੈ-ਨਿਰਭਰ ਨਹੀਂ ਸੀ। ਉਸਨੂੰ ਹੋਰ ਕਿੱਤਾ ਜਾਤੀਆਂ, ਜਿਹਨਾਂ ਕੋਲ ਵਿਸ਼ੇਸ ਧੰਦਿਆ, ਹੁਨਰਾਂ ਜਾਂ ਕੋਈ ਹੋਰ ਮੁਹਾਰਿਤ ਹੁੰਦੀ ਸੀ, ਦੀ ਲੋੜ ਪੈਂਦੀ ਸੀ ਜਾਂ ਲੋੜ ਮੁਜ਼ਬ ਉਹ, ਸਹਿਮਤੀ ਅਤੇ ਆਗਿਆ ਨਾਲ, ਆਪ ਆ ਵੱਸਦੇ ਸਨ। ਉਹਨਾਂ ਦੀ ਵਸੇਬ ਨਾਲ ਹੀ ਕਿਸੇ ਪਿੰਡ ਦੀ ਉਸਾਰੀ ਸੰਪੂਰਨ ਹੁੰਦੀ ਸੀ।

ਜਿੱਥੋਂ ਤੱਕ ਆਰਥਿਕ, ਸਮਾਜਿਕ ਅਤੇ ਅੰਸ਼ਕ ਹੱਦ ਤੀਕ ਸਿਆਸੀ ਮਾਮਲਿਆਂ ਦਾ ਸਬੰਧ ਸੀ ਸਾਰੇ ਪੇਂਡੂ ਤਾਣੇ-ਪੇਟੇ ਵਾਂਗ ਇੱਕ ਦੂਜੇ ਵਿਚ ਰਚੇ ਤੇ ਰਮੇ ਹੋਏ ਸਨ। ਮੁੱਖ ਤੌਰ 'ਤੇ ਪ੍ਰਮੁੱਖ ਧੰਦਾ ਵਾਹੀ-ਖੇਤੀ ਸੀ। ਪਿੰਡ ਦੀ ਸਾਰੀ ਵਸੋਂ ਕਿਰਸਾਨੀ ਦੇ ਧੁਰੇ ਨਾਲ ਬੀੜੀ ਹੋਈ ਕਰਕੇ ਖੇਤ ਅਤੇ ਫਸਲ ਹੀ ਤਾਅ-ਪਿੰਡ ਦੀ ਹੋਣੀ ਨਿਰਧਾਰਤ ਕਰਦੀ ਸੀ। ਭਾਵ; ਪਿੰਡ ਵਿਚ ਵਸਦੇ ਸ਼ਿਲਪੀ ਅਤੇ ਹੋਰ ਕਾਮੇ ਤੇ ਸ਼ੇਪੀਦਾਰ, ਭਾਵੇਂ ਵੱਖੋ-ਵੱਖਰਾ ਕੰਮ-ਧੰਦਾ ਕਰਦੇ ਸਨ, ਪਰ ਸਭਨਾਂ ਦੀ ਹੋਣੀ ਕਿਰਸਾਨੀ ਨਾਲ ਬੱਝੀ ਹੋਣ ਕਾਰਨ ਸੁਚੇਤ ਰੂਪ ਵਿਚ ਸਭ ਪਿੰਡ ਦੀ ਸਾਹ-ਰਗ 'ਖੇਤੀ' ਵਿਚ ਦਿਲਚਸਪੀ ਲੈਂਦੇ ਸਨ ਮੰਢਾਲੀ ਵੀ ਇਵੇਂ ਹੀ ਪਨਪਿਆ, ਵਿਗਸਿਆ ਅਥੇ ਅਖੀਰ ਹੋਰ ਪਿੰਡਾਂ ਵਾਂਗ ਇਸ ਦੀ ਪੇਂਡੂ ਰਹਿਤਲ ਵੀ ਸਿਸਟਮ ਨੇ ਨਿਗਲ ਲਈ।

ਅੱਜ-ਕਲ ਪਰਵਾਸ ਅਤੇ ਅਰਧ-ਕਸਬੇ ਦੀ ਰਲਗੱਡ ਹੋਣੀ ਹੰਢਾਅ ਰਹੇ ਵੱਡ ਅਕਾਰੀ ਇਸ ਪਿੰਡ ਦੀ ਪੁਰਾਣੀ ਜੀਵਨ-ਜਾਚ ਤੇਜੀ ਨਾਲ ਤਹਿਸ-ਨਹਿਸ਼ ਹੋ ਰਹੀ ਹੈ। ਹੁਣ ਇਹ ਪਿੰਡ ਤੋਂ ਕਸਬਾ ਜਿਹਾ ਬਣ ਗਿਆ ਹੈ, ਕੱਲ-ਕਲੋਤਰ ਨੂੰ ਛੋਟਾ-ਮੋਟਾ ਸ਼ਹਿਰ ਬਣ ਜਾਵੇਗਾ ਅਤੇ ਇਸਦੀਆਂ ਪੂਰਬ-ਗਾਥਾਵਾਂ ਅਤੇ ਪੁਰਾਣੀਆਂ ਪੇਂਡੂ ਪਰੰਪਰਾਵਾਂ ਇਤਿਹਾਸ ਵਿਚ ਦਫਨ ਹੋ ਜਾਣਗੀਆਂ। ਇਹ ਕਥਾ ਪੰਜਾਬ, ਜਿਹੜਾ ਪਿੰਡਾਂ ਦਾ ਸਮੂਹ ਹੈ, ਦੀ ਭਾਵੁਕ ਹੋਣੀ ਦੀ ਲਖਾਇਕ ਹੈ। ਦਰ-ਹਕੀਕਤ; ਸਾਡੇ ਪਿੰਡ ਸ਼ਹਿਰੀ ਆਦਤਾਂ ਵਿਆਜਣ ਜਾਂ ਪਰਾਈਆਂ ਧਰਤੀਆਂ ਨੂੰ ਤੁਰ ਪਏ ਹਨ। ਅਸੀਂ ਇਹਨਾਂ ਦੀਆਂ ਮਾਣ-ਮੱਤੀਆਂ ਪੂਰਵ ਗਥਾਵਾਂ ਭੁੱਲ-ਭੁਲਾਅ ਗਏ ਹਾਂ। ਮੰਢਾਲੀ ਦੀ ਹੋਣੀ ਵੀ ਇਵੇਂ ਹੀ ਹੈ। ਵੱਡਾ ਰੋਸਾ ਇਹ ਹੈ ਕਿ ਇਥੋਂ ਦੇ 'ਅਧਿਆਤਮਿਕ' ਸਥਾਨਾਂ ਉੱਤੇ ਤਾਂ, ਹੁਣ, ਮਣਾਂ-ਮੂੰਹੀਂ ਨੋਟਾਂ ਦੀ ਵਰਖਾ ਹੋ ਰਹੀ ਹੈ, ਪਰ; ਟਾਵੇਂ-ਟੱਲੇ ਅਤੇ ਵਿਰਲੇ ਹੀ ਜਾਣਦੇ ਹਨ ਕਿ ਇਸ ਪਿੰਡ ਦਾ ਕੋਈ ਜਾਇਆ ਵਤਨ ਅਤੇ ਲੋਕਾਂ ਖਾਤਿਰ ਵੀ ਜੂਝ ਮਰਿਆ ਵੀ ਸੀ।

ਸੰਪਰਕ : 94634-39075

ਫ਼ਾਸ਼ੀਵਾਦ, ਕਮਿਊਨਿਜ਼ਮ ਅਤੇ ਬੰਗਾਲ ਵਿੱਚ ਹਿੰਸਾ

ਜਗਦੀਸ਼ਵਰ ਚਤੁਰਵੇਦੀ

ਅਨੁਵਾਦ : ਐੱਮ ਐੱਸ ਭਾਟੀਆ

ਮੈਂ ਜਾਣਦਾ ਹਾਂ ਕਿ ਮੈਂ ਖ਼ੁਦ ਕਮਿਊਨਿਸਟ ਨਹੀਂ ਹਾਂ। ਬੰਗਾਲ ਵਿੱਚ ਮਾਕਪਾ ਦੇ ਲੋਕਾਂ ਨੇ ਮੈਨੂੰ ਬਹੁਤ ਦੁੱਖ ਦਿੱਤੇ, ਮੇਰਾ ਨਿੱਜੀ ਤੌਰ 'ਤੇ ਵੱਡਾ ਨੁਕਸਾਨ ਕੀਤਾ। ਉਨ੍ਹਾਂ ਨੇ ਲਗਾਤਾਰ ਮੇਰੇ ਉੱਤੇ ਚਿੱਕੜ ਉਛਾਲਣ ਦੀ ਕੋਸ਼ਿਸ਼ ਕੀਤੀ। ਅਫ਼ਸੋਸ ਦੀ ਗੱਲ ਹੈ ਕਿ ਇਹ ਸਿਰਫ਼ ਮੇਰੇ ਨਾਲ ਹੀ ਨਹੀਂ ਹੋਇਆ, ਹਜ਼ਾਰਾਂ ਲੋਕਾਂ ਨਾਲ ਉਨ੍ਹਾਂ ਕਈ ਅਮਾਨਵੀ ਅਤੇ ਗੈਰ-ਲੋਕਤਾਂਤਰਿਕ ਕੰਮ ਕੀਤੇ ਹਨ। ਇਸ ਦੇ ਬਾਵਜੂਦ ਮੇਰੇ ਸਭ ਤੋਂ ਵਧੀਆ ਦੋਸਤ ਕਮਿਊਨਿਸਟ ਹੀ ਹਨ। ਬੰਗਾਲ ਵਿੱਚ ਕਮਿਊਨਿਸਟਾਂ ਦੇ ਅਮਾਨਵੀ ਅਤੇ ਅਲੋਕਤੰਤਰਿਕ ਵਿਹਾਰ ਲਈ ਬੰਗਾਲ ਦੀ ਜਨਤਾ ਨੇ ਉਨ੍ਹਾਂ ਨੂੰ ਲੋਕਤੰਤਰਿਕ ਸਜ਼ਾ ਦਿੱਤੀ। ਜਨਤਾ ਨੇ ਉਨ੍ਹਾਂ ਦਾ ਸਾਥ ਛੱਡ ਦਿੱਤਾ।

ਭਾਰਤ ਦੇ ਕਮਿਊਨਿਸਟਾਂ ਦਾ ਚਰਿੱਤਰ ਹੋਰ ਦੇਸ਼ਾਂ ਦੇ ਕਮਿਊਨਿਸਟਾਂ ਤੋਂ ਵੱਖਰਾ ਹੈ। ਉਹ ਇੱਥੇ ਲੋਕਤੰਤਰ ਵਿੱਚ ਵਧੇ-ਫੁੱਲੇ ਹਨ, ਲੋਕਤੰਤਰਿਕ ਸੰਸਕਾਰ, ਆਚਰਨ ਅਤੇ ਕਦਰਾਂ-ਕੀਮਤਾਂ ਸਿੱਖ ਰਹੇ ਹਨ। ਉਨ੍ਹਾਂ ਦੀ ਸਿੱਖਣ ਦੀ ਰਫ਼ਤਾਰ ਕੁਝ ਹੌਲੀ ਹੋ ਸਕਦੀ ਹੈ, ਪਰ ਬੁਨਿਆਦੀ ਤੌਰ 'ਤੇ ਉਹ ਲੋਕਤੰਤਰਿਕ ਹਨ ਅਤੇ ਲੋਕਤੰਤਰ ਵਿੱਚ ਵਿਸ਼ਵਾਸ ਰੱਖਦੇ ਹਨ।

ਕਮਿਊਨਿਸਟ ਵੀ ਇਸੇ ਸਮਾਜ ਵਿੱਚੋਂ ਆਉਂਦੇ ਹਨ, ਜਿਸ ਵਿੱਚ ਅੰਧਵਿਸ਼ਵਾਸ ਹੈ, ਪੁਨਰਜਨਮ ਦੀ ਧਾਰਨਾ ਹੈ, ਗੀਤਾ ਹੈ, ਉਪਨਿਸ਼ਦ ਹਨ, ਰਾਮਾਇਣ ਹੈ, ਸ਼ਾਹਰੁਖ਼ ਖ਼ਾਨ ਹੈ, ਸਲਮਾਨ ਖ਼ਾਨ ਹੈ, ਸਤਯਜੀਤ ਰਾਏ ਹਨ, ਰਿਤਵਿਕ ਘਟਕ ਹਨ, ਪ੍ਰੇਮਚੰਦ ਹਨ, ਵੱਲਤੋਲ ਹਨ, ਰਬਿੰਦਰਨਾਥ ਹਨ। ਉਹ ਇਨ੍ਹਾਂ ਸਾਰਿਆਂ ਅਨੁਭਵਾਂ ਵਿੱਚੋਂ ਲੰਘਦੇ ਹਨ। ਕਮਿਊਨਿਸਟ ਹੋਣ ਦਾ ਮਤਲਬ ਇਹ ਨਹੀਂ ਕਿ ਮਨੁੱਖ ਜਿਵੇਂ ਹੈ, ਓਵੇਂ ਹੀ ਬਣਿਆ ਰਹੇ। ਜਦਕਿ ਹੋਰ ਦਲਾਂ ਵਿੱਚ ਇਹ ਸਹੂਲਤ ਹੈ ਕਿ ਤੁਸੀਂ ਜਿਵੇਂ ਹੋ, ਸਾਰੀ ਜ਼ਿੰਦਗੀ ਉਹੋ ਜਿਹੇ ਰਹਿ ਸਕਦੇ ਹੋ। ਤੁਹਾਡੇ ਨਜ਼ਰੀਏ ਵਿੱਚ ਕੋਈ ਮੂਲ ਤਬਦੀਲੀ ਨਹੀਂ ਆਉਂਦੀ।

ਮਾਰਕਸਵਾਦ ਅਤੇ ਕਮਿਊਨਿਸਟਾਂ ਦੇ ਸੰਪਰਕ ਵਿੱਚ ਆਉਣ ਤੋਂ ਬਾਅਦ ਅਨੇਕ ਲੋਕ ਬਦਲ ਜਾਂਦੇ ਹਨ। ਜਿਵੇਂ ਮੈਂ ਬਦਲਿਆ। ਮੈਂ ਬਿਲਕੁਲ ਪਰੰਪਰਾਵਾਦੀ ਸੀ, ਪੰਡਤਾਂ ਵਾਂਗ ਸੋਚਦਾ ਸੀ। ਮੇਰੀ ਤਰ੍ਹਾਂ ਹਜ਼ਾਰਾਂ ਲੋਕਾਂ ਦੀ ਜ਼ਿੰਦਗੀ ਅਤੇ ਨਜ਼ਰੀਆ ਮਾਰਕਸਵਾਦ ਅਤੇ ਕਮਿਊਨਿਸਟਾਂ ਨੇ ਬਦਲਿਆ ਹੈ। ਇਸੇ ਤਰ੍ਹਾਂ ਇਹ ਵੀ ਸੱਚ ਹੈ ਕਿ ਕਮਿਊਨਿਸਟਾਂ ਵਿੱਚ ਵੀ ਅਜਿਹੇ ਲੋਕ ਹਨ ਅਤੇ ਅੱਜਕੱਲ੍ਹ ਸ਼ਾਇਦ ਵੱਧ ਹਨ, ਜੋ ਸਾਲਾਂ ਤੋਂ ਪਾਰਟੀ ਵਿੱਚ ਹਨ, ਪਰ ਬਦਲੇ ਨਹੀਂ। ਜਿਵੇਂ ਆਏ ਸਨ, ਅੱਜ ਵੀ ਓਹੋ ਜਿਹੇ ਹਨ। ਉਹ ਵਫ਼ਾਦਾਰ ਵਜੋਂ ਆਏ ਸਨ ਅਤੇ ਅੱਜ ਵੀ ਵਫ਼ਾਦਾਰ ਹਨ, ਪਰ ਮਾਰਕਸਵਾਦੀ ਨਹੀਂ ਬਣ ਸਕੇ। ਇਹੀ ਸਭ ਤੋਂ ਵੱਡੀ ਚੁਣੌਤੀ ਹੈ।

ਵਫ਼ਾਦਾਰ ਕਮਿਊਨਿਸਟ ਵਿੱਚ ਅੰਨ੍ਹੀ ਆਸਥਾ ਹੁੰਦੀ ਹੈ। ਦਬਾਅ ਪੈਣ 'ਤੇ ਉਹ ਆਪਣੀ ਆਸਥਾ ਬਦਲ ਕੇ ਕਿਸੇ ਹੋਰ ਦਲ ਵੱਲ ਜਾ ਸਕਦਾ ਹੈ। ਅਸਲ ਵਿੱਚ ਬੰਗਾਲ ਅਤੇ ਤ੍ਰਿਪੁਰਾ ਵਿੱਚ ਮਾਕਪਾ ਨਾਲ ਇਹੀ ਹੋਇਆ। ਵਫ਼ਾਦਾਰ ਲੋਕ ਮਾਕਪਾ ਦਾ ਸਾਥ ਛੱਡ ਗਏ ਅਤੇ ਅੱਜ ਭਾਜਪਾ ਨਾਲ ਹਨ। ਕਹਿਣ ਦਾ ਭਾਵ ਇਹ ਹੈ ਕਿ ਕਮਿਊਨਿਸਟ ਅਤੇ ਵਫ਼ਾਦਾਰ ਕਮਿਊਨਿਸਟ ਵਿੱਚ ਫ਼ਰਕ ਕਰੋ।

ਤੁਸੀਂ ਪੁੱਛ ਸਕਦੇ ਹੋ ਕਿ ਕਮਿਊਨਿਸਟਾਂ ਨੇ ਕੀ ਕੀਤਾ? ਮੈਂ ਕਹਾਂਗਾ ਕਿ ਉਨ੍ਹਾਂ ਇਸ ਦੇਸ਼ ਨੂੰ ਸਮਾਜਿਕ ਤਬਦੀਲੀ ਦਾ ਨਵਾਂ ਨਜ਼ਰੀਆ ਦਿੱਤਾ, ਲੱਖਾਂ ਨੌਜਵਾਨਾਂ ਨੂੰ ਨਵੇਂ ਸਮਾਜਿਕ ਦ੍ਰਿਸ਼ਟੀਕੋਣ ਨਾਲ ਲੈਸ ਕੀਤਾ ਅਤੇ ਕਰੋੜਾਂ ਬਿਹਤਰ ਨਾਗਰਿਕ ਤਿਆਰ ਕਰਕੇ ਦਿੱਤੇ।

ਅੱਜ ਸੰਵਿਧਾਨ ਦੀ ਰੱਖਿਆ ਦੇ ਮਾਮਲੇ ਵਿੱਚ ਕਮਿਊਨਿਸਟ ਸਭ ਤੋਂ ਅੱਗੇ ਖੜ੍ਹੇ ਹਨ। ਉਨ੍ਹਾਂ ਦੇ ਸੰਘਰਸ਼ਾਂ ਨੇ ਲੋਕਤਾਂਤਰਿਕ ਹੱਕਾਂ ਦੇ ਵਿਸਤਾਰ ਨੂੰ ਨਵੀਂਆਂ ਉਚਾਈਆਂ ਤੱਕ ਪਹੁੰਚਾਉਣ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਈ ਹੈ।

ਇਮਾਨਦਾਰ ਅਤੇ ਸਾਦਗੀਪੂਰਨ ਪ੍ਰਸ਼ਾਸਨ ਕਾਇਮ ਕਰਨ ਵਿੱਚ ਉਹ ਬੇਮਿਸਾਲ ਰਹੇ ਹਨ । ਉਨ੍ਹਾਂ ਇਹ ਮਿਸਾਲ ਕਾਇਮ ਕੀਤੀ ਕਿ ਰਾਜਨੀਤਕ ਆਗੂਆਂ ਨੂੰ ਲੋਕਾਂ ਨਾਲ ਜੁੜ ਕੇ, ਲੋਕਾਂ ਦੇ ਸੰਘਰਸ਼ਾਂ ਵਿੱਚੋਂ ਉੱਭਰ ਕੇ ਸੱਤਾ ਤੱਕ ਪਹੁੰਚਣਾ ਚਾਹੀਦਾ ਹੈ, ਤਾਂ ਜੋ ਲੋਕਾਂ ਦੇ ਹਿੱਤਾਂ ਦੀ ਰੱਖਿਆ ਕੀਤੀ ਜਾ ਸਕੇ। ਉਨ੍ਹਾਂ ਰਾਜਨੀਤੀ ਵਿੱਚ ਕਥਨੀ ਅਤੇ ਕਰਨੀ ਦੇ ਫ਼ਰਕ ਨੂੰ ਘਟਾਉਣ ਦੀ ਕੋਸ਼ਿਸ਼ ਕੀਤੀ ਹੈ।

ਕਮਿਊਨਿਸਟ ਘੋਸ਼ਣਾ ਪੱਤਰ ਦਾ ਪਹਿਲਾ ਪੈਰ੍ਹਾ ਅੱਜ ਵੀ ਬਹੁਤ ਮਹੱਤਵਪੂਰਨ ਅਤੇ ਪ੍ਰਸੰਗਿਕ ਹੈ। ਉਸ ਵਿੱਚ ਲਿਖਿਆ ਹੈ:

ਯੂਰਪ ਨੂੰ ਇੱਕ ਭੂਤ ਡਰਾ ਰਿਹਾ ਹੈ—ਕਮਿਊਨਿਜ਼ਮ ਦਾ ਭੂਤ। ਇਸ ਭੂਤ ਨੂੰ ਭਜਾਉਣ ਲਈ ਪੋਪ ਅਤੇ ਜ਼ਾਰ, ਮੈਟਰਨਿਖ਼ ਅਤੇ ਗੀਜ਼ੋ, ਫਰਾਂਸੀਸੀ ਉਗਰਵਾਦੀ ਅਤੇ ਜਰਮਨ ਗੁਪਤ ਪੁਲਸ—ਪੁਰਾਣੇ ਯੂਰਪ ਦੀਆਂ ਸਾਰੀਆਂ ਤਾਕਤਾਂ ਨੇ ਇੱਕ ਪਵਿੱਤਰ ਗਠਜੋੜ ਬਣਾ ਲਿਆ ਹੈ।

ਮਾਰਕਸਵਾਦ ਕੋਈ ਕਿਤਾਬੀ ਗਿਆਨ ਨਹੀਂ। ਇਹ ਵਿਹਾਰਕ ਵਿਗਿਆਨ ਹੈ। ਮਾਰਕਸਵਾਦੀ ਉਹ ਹੈ, ਜਿਸ ਕੋਲ ਹਰ ਵੇਲੇ ਵਿਕਲਪ ਹੁੰਦੇ ਹਨ। ਮਾਰਕਸਵਾਦੀ ਉਹ ਨਹੀਂ, ਜਿਸ ਕੋਲ ਸਿਰਫ਼ ਇੱਕ ਹੀ ਵਿਕਲਪ ਹੋਵੇ। ਉਹ ਸਾਰੇ ਵਿਕਲਪ ਖੋਜੇ ਜਾਣੇ ਚਾਹੀਦੇ ਹਨ, ਜੋ ਸ਼ੋਸ਼ਣ-ਮੁਕਤ ਸਮਾਜ ਦੇ ਸੁਪਨੇ ਨੂੰ ਸਾਕਾਰ ਕਰਨ ਵਿੱਚ ਮਦਦਗਾਰ ਹੋਣ।

ਜੇ ਬੁਰਜੂਆ ਵਰਗ ਦੇ ਭਗਤਾਂ ਦੀ ਮੰਨੀਏ ਤਾਂ ਮਾਰਕਸਵਾਦ ਦਾ ਅੰਤ ਹੋ ਚੁੱਕਾ ਹੈ ਅਤੇ ਦੁਨੀਆ ਵਿੱਚ ਕੋਈ ਮਾਰਕਸਵਾਦੀ ਨਹੀਂ ਬਚਿਆ। ਫਿਰ ਸਵਾਲ ਹੈ ਕਿ ਮਾਰਕਸਵਾਦ ਤੋਂ ਏਨਾ ਡਰ ਕਿਉਂ? ਅਸਲ ਵਿੱਚ ਮਾਰਕਸਵਾਦੀ ਮੌਜੂਦ ਹਨ, ਇਸ ਲਈ ਡਰ ਵੀ ਮੌਜੂਦ ਹੈ।

ਹਰ ਉਹ ਵਿਅਕਤੀ ਮਾਰਕਸਵਾਦੀ ਹੈ, ਜੋ ਮਨੁੱਖ ਦੁਆਰਾ ਮਨੁੱਖ ਦੇ ਸ਼ੋਸ਼ਣ ਨੂੰ ਖਤਮ ਕਰਨਾ ਚਾਹੁੰਦਾ ਹੈ। ਸ਼ੋਸ਼ਣ-ਮੁਕਤ ਸਮਾਜ ਦਾ ਸੁਪਨਾ ਉਹ ਲੋਕ ਵੀ ਦੇਖਦੇ ਹਨ, ਜਿਨ੍ਹਾਂ ਨੇ ਕਦੇ ਮਾਰਕਸ ਦਾ ਨਾਂਅ ਤੱਕ ਨਹੀਂ ਸੁਣਿਆ।

ਇੱਕ ਮਾਰਕਸਵਾਦੀ ਦਾ ਦਿਲ ਵੱਡਾ ਹੁੰਦਾ ਹੈ। ਜੋ ਵੱਡਾ ਦਿਲ ਨਹੀਂ ਕਰ ਸਕਦੇ, ਉਹ ਕੱਟੜਪੰਥੀ ਬਣੇ ਰਹਿੰਦੇ ਹਨ। ਮਾਰਕਸਵਾਦੀ ਲਈ ਕੋਈ ਮਨੁੱਖ ਅਛੂਤ ਨਹੀਂ ਅਤੇ ਨਾ ਹੀ ਮਨੁੱਖੀ ਸੱਭਿਆਚਾਰ ਦੀ ਕੋਈ ਕੀਮਤੀ ਰਚਨਾ ਅਛੂਤ ਹੈ।

ਉਹ ਸਿਰਫ਼ ਮਨੁੱਖ ਦਾ ਸਤਿਕਾਰ ਨਹੀਂ ਕਰਦੇ, ਸਗੋਂ ਉਸ ਨੂੰ ਅਧਿਕਾਰ-ਸੰਪੰਨ ਵੀ ਦੇਖਣਾ ਚਾਹੁੰਦੇ ਹਨ। ਸਮਾਜ ਵਿੱਚ ਅਜਿਹੇ ਲੋਕ ਵੀ ਹਨ, ਜੋ ਮਨੁੱਖ ਦਾ ਸਤਿਕਾਰ ਤਾਂ ਕਰਦੇ ਹਨ, ਪਰ ਉਸ ਨੂੰ ਅਧਿਕਾਰਹੀਣ ਰੱਖਣਾ ਚਾਹੁੰਦੇ ਹਨ। ਮਾਰਕਸਵਾਦੀ ਦੀ ਬੁਨਿਆਦੀ ਚਿੰਤਾ ਮਨੁੱਖ ਨੂੰ ਅਧਿਕਾਰ-ਸੰਪੰਨ ਬਣਾਉਣਾ ਹੈ।

ਮਾਰਕਸ ਇਸ ਲਈ ਮਹਾਨ ਬਣੇ, ਕਿਉਂਕਿ ਉਹ ਸਮਾਜ ਦੇ ਮੂਲ ਸੱਚ ਨੂੰ ਸਮਝਣ ਵਿੱਚ ਸਫ਼ਲ ਰਹੇ।

ਕਾਂਗਰਸ ਅਤੇ ਕਮਿਊਨਿਸਟਾਂ ਦੇ ਰਿਸ਼ਤੇ ਵਿੱਚ ਹਿੰਸਾ ਵੀ ਰਹੀ ਹੈ ਅਤੇ ਪਿਆਰ ਵੀ। ਨਹਿਰੂ ਦੇ ਸ਼ਾਸਨ ਦੌਰਾਨ ਤੇਲੰਗਾਨਾ ਵਿੱਚ ਸੈਂਕੜੇ ਕਾਮਰੇਡ ਮਾਰੇ ਗਏ, ਹਜ਼ਾਰਾਂ 'ਤੇ ਕੇਸ ਚਲੇ। 1962 ਵਿੱਚ ਕਈ ਵੱਡੇ ਕਮਿਊਨਿਸਟ ਆਗੂਆਂ ਨੂੰ ਜੇਲ੍ਹਾਂ ਵਿੱਚ ਪਾ ਦਿੱਤਾ ਗਿਆ। ਦੂਜੇ ਪਾਸੇ ਐਮਰਜੈਂਸੀ ਦੌਰਾਨ ਭਾਕਪਾ ਨੇ ਕਾਂਗਰਸ ਦਾ ਸਮਰਥਨ ਕੀਤਾ।

ਕਾਂਗਰਸ ਅਤੇ ਕਮਿਊਨਿਸਟਾਂ ਦੇ ਸੰਬੰਧਾਂ ਦੀ ਦੂਜੀ ਵਿਡੰਬਨਾ ਇਹ ਹੈ ਕਿ ਕਮਿਊਨਿਸਟਾਂ ਨੂੰ ਉਦਾਰਵਾਦ ਪਸੰਦ ਨਹੀਂ ਅਤੇ ਕਾਂਗਰਸ ਨੂੰ ਮਾਰਕਸਵਾਦ ਪਸੰਦ ਨਹੀਂ। ਫਿਰ ਵੀ ਦੋਵਾਂ ਵਿਚਕਾਰ ਦੋਸਤੀ ਬਣੀ ਰਹੀ ਹੈ। ਇਸ ਦੋਸਤੀ ਦਾ ਆਧਾਰ ਰਾਜਨੀਤਕ ਕਾਰਜਕ੍ਰਮ ਹੋਣਾ ਚਾਹੀਦਾ ਹੈ। ਇਸ ਦਾ ਮੁੱਖ ਉਦੇਸ਼ ਫਾਸ਼ੀਵਾਦ ਵਿਰੋਧੀ ਤਾਕਤਾਂ ਨੂੰ ਇਕੱਠਾ ਕਰਨਾ ਹੋਣਾ ਚਾਹੀਦਾ ਹੈ। ਮੋਦੀ ਸ਼ਾਸਨ ਨੂੰ ਆਮ ਸਰਕਾਰ ਵਜੋਂ ਨਹੀਂ ਦੇਖਣਾ ਚਾਹੀਦਾ, ਇਹ ਕੋਈ ਆਮ ਸ਼ਾਸਨ ਨਹੀਂ, ਸਗੋਂ ਫਾਸ਼ੀਵਾਦੀ ਸ਼ਾਸਨ ਹੈ।

ਪੱਛਮੀ ਬੰਗਾਲ ਵਿੱਚ ਪਿਛਲੇ ਪੰਜਾਹ ਸਾਲਾਂ ਦੌਰਾਨ ਰਾਜਨੀਤਕ ਹਿੰਸਾ ਦੀਆਂ ਹਜ਼ਾਰਾਂ ਘਟਨਾਵਾਂ ਹੋਈਆਂ ਹਨ। 2011 ਵਿੱਚ ਮਮਤਾ ਸਰਕਾਰ ਦਾ ਉਭਾਰ ਹਿੰਸਾ ਦੇ ਵਿਰੋਧ ਦੀ ਪੈਦਾਵਾਰ ਸੀ, ਪਰ ਮਮਤਾ ਸਰਕਾਰ ਵੀ ਹਿੰਸਾ ਨੂੰ ਰੋਕਣ ਵਿੱਚ ਕਾਮਯਾਬ ਨਹੀਂ ਹੋਈ। ਉਲਟ, ਖੱਬੇ ਪੱਖੀ ਦਲਾਂ, ਖ਼ਾਸ ਤੌਰ 'ਤੇ ਮਾਕਪਾ 'ਤੇ ਤ੍ਰਿਣਮੂਲ ਕਾਂਗਰਸ ਦੇ ਗੁੰਡਾ ਤੱਤਾਂ ਵੱਲੋਂ ਅਨੇਕਾਂ ਹਮਲੇ ਕੀਤੇ ਗਏ। 2016 ਦੀਆਂ ਚੋਣਾਂ ਤੋਂ ਪਹਿਲਾਂ ਅਤੇ ਬਾਅਦ ਵੀ ਬੇਸ਼ੁਮਾਰ ਹਮਲੇ ਹੋਏ। ਇਹ ਉਸ ਸਮੇਂ ਵੀ ਜਾਰੀ ਰਹੇ, ਜਦੋਂ ਤ੍ਰਿਣਮੂਲ ਨੂੰ ਭਾਰੀ ਬਹੁਮਤ ਮਿਲਿਆ ਹੋਇਆ ਸੀ। ਜਿੱਤ ਤੋਂ ਬਾਅਦ ਵੀ ਤ੍ਰਿਣਮੂਲ ਉਦਾਰਤਾ ਦਿਖਾਉਣ ਲਈ ਤਿਆਰ ਨਹੀਂ ਹੋਈ ਅਤੇ ਹਮਲੇ ਜਾਰੀ ਰਹੇ।

ਦੂਜੇ ਪਾਸੇ ਭਾਜਪਾ ਨੇ ਸਥਾਨਕ ਅਤੇ ਬਾਹਰੀ ਅਪਰਾਧੀ ਤੱਤਾਂ ਅਤੇ ਗੁੰਡਿਆਂ ਦੇ ਸਹਾਰੇ ਮਮਤਾ ਨਾਲ ਨਜਿੱਠਣ ਦਾ ਰਾਹ ਚੁਣਿਆ। ਇਸ ਕਾਰਨ ਹਿੰਸਾ ਵਿੱਚ ਗੁਣਾਤਮਕ ਵਾਧਾ ਹੋਇਆ। 2026 ਵਿੱਚ ਬੰਗਾਲ ਵਿੱਚ ਭਾਜਪਾ ਦੀ ਜਿੱਤ ਫਾਸ਼ੀਵਾਦ ਦੀ ਜਿੱਤ ਹੈ।

ਸੱਚ ਇਹ ਹੈ ਕਿ ਹਿੰਸਾ ਦਾ ਹੱਲ ਹਿੰਸਾ ਨਹੀਂ ਹੁੰਦਾ। 2021 ਵਿੱਚ ਤ੍ਰਿਣਮੂਲ ਦੀ ਜਿੱਤ ਮੂਲ ਤੌਰ 'ਤੇ ਸੰਘੀ ਫਾਸ਼ੀਵਾਦ ਦੀ ਹਾਰ ਦੀ ਪ੍ਰਤੀਕ ਸੀ, ਪਰ ਉਸ ਜਿੱਤ ਤੋਂ ਬਾਅਦ ਵੀ ਹਿੰਸਾ ਨਹੀਂ ਰੁਕੀ। 2026 ਵਿੱਚ ਭਾਜਪਾ

● ਬਾਕੀ ਆਖਰੀ ਤੋਂ ਪਹਿਲੇ ਸਫ਼ੇ 'ਤੇ

ਨਵਾਂ ਜ਼ਮਾਨਾ
ਪੋਸਟ ਬਾਕਸ ਨੰ. 134

Printed and Published by Printer, Publisher and Editor : **Chand Singh @ Chand Fatehpuri** for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar.
ਪ੍ਰਕਾਸ਼ਕ, ਛਾਪਕ ਤੇ ਸੰਪਾਦਕ : **ਚੰਦ ਸਿੰਘ ਉਰਫ ਚੰਦ ਫਤਿਹਪੁਰੀ** ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਤ ਕੀਤਾ। * ਪੀ ਆਰ ਬੀ ਐਕਟ ਤਹਿਤ ਖ਼ਬਰਾਂ ਦੀ ਚੋਣ ਲਈ ਜ਼ਿੰਮੇਵਾਰ।
ਫੋਨ ਨੰਬਰ ਪ੍ਰਬੰਧਕੀ ਵਿਭਾਗ : 0181-5097300, **ਸਮਾਚਾਰ ਵਿਭਾਗ** : 0181-5097310, **ਈ-ਮੇਲ** : nawanzamana@gmail.com * **Web** : www.nawanzamana.in

ਇਤਿਹਾਸ ਦਾ ਯਥਾਰਥਵਾਦੀ ਗਲਪੀਕਰਨ

ਫੋਕਸ

ਚਰਚਾ ਇਕ ਪੁਸਤਕ ਦੀ

ਡਾ. ਸੁਰਜੀਤ ਬਰਾੜ

ਨਲਵਾ ਜਰਨੈਲ ਬਾਝੋਂ

(ਨਾਵਲ)
ਬਲਦੇਵ ਸਿੰਘ
ਸਫੇ : 203, ਮੁੱਲ : 350 ਰੁਪਏ
ਲੋਕਗੀਤ ਪ੍ਰਕਾਸ਼ਨ, ਮੋਹਾਲੀ

ਪੰਜਾਬੀ ਨਾਵਲਕਾਰੀ ਖੇਤਰ ਕਾਫੀ ਵਿਸਤਰਿਤ ਹੀ ਨਹੀਂ ਹੋਇਆ, ਸਗੋਂ ਕਾਫੀ ਵਿਕਸਿਤ ਵੀ ਹੋ ਚੁੱਕਾ ਹੈ। ਨਾਵਲਕਾਰੀ ਖੇਤਰ ਨੂੰ ਵਾਚਦਿਆਂ ਇਹ ਦ੍ਰਿਸ਼ਟੀ ਬਣਦੀ ਹੈ ਕਿ ਇਹ ਖੇਤਰ ਭਵਿੱਖ ਵਿੱਚ ਹੋਰ ਵਿਕਾਸ ਕਰੇਗਾ। ਇਸ ਖੇਤਰ ਦੀ ਸਮ੍ਰਿਧੀ ਅਤੇ ਵਿਕਾਸ ਵਿੱਚ ਬਹੁਤ ਸਾਰੇ ਨਾਵਲਕਾਰਾਂ ਦਾ ਯੋਗਦਾਨ ਦ੍ਰਿਸ਼ਟੀਗੋਚਰ ਹੁੰਦਾ ਹੈ। ਨਾਵਲਕਾਰੀ ਵਿੱਚ ਵਿਸ਼ਾਗਤ ਵਿਭਿੰਨਤਾ ਵੀ ਨਜ਼ਰ ਆ ਰਹੀ ਹੈ। ਨਾਵਲਕਾਰ ਸੋਜ ਕਲਾ ਦੀਆਂ ਕਈ ਨਵੀਨਤਮ ਜੁਗਤਾਂ ਵੀ ਵਰਤ ਰਹੇ ਹਨ। ਅਨੇਕ ਨਾਵਲਕਾਰਾਂ 'ਚੋਂ ਇੱਕ ਉੱਘਾ ਤੇ ਚਰਚਿਤ ਨਾਵਲਕਾਰ ਹੈ ਬਲਦੇਵ ਸਿੰਘ ਸੜਕਨਾਮਾ। ਬਲਦੇਵ ਸਿੰਘ ਨੇ ਪੰਜਾਬੀ ਨਾਵਲੀ ਜਗਤ ਦੀ ਝੋਲੀ ਵਿੱਚ ਕੁੱਲ 33 ਨਾਵਲ ਪਾਏ ਹਨ। ਇਹ ਉਸ ਦੀ ਬਹੁਤ ਵੱਡੀ ਦੇਣ ਹੈ। ਇਹ ਉਸ ਦਾ ਬਹੁਤ ਵੱਡਾ ਯੋਗਦਾਨ ਹੈ। ਨਾਵਲੀ ਜਗ ਤੇ ਵਿਸਥਾਰ ਲਈ ਬਲਦੇਵ ਨੇ ਪੂਰੀ ਮਿਹਨਤ ਕੀਤੀ। ਉਸ ਨੇ ਨਿਸ਼ਠਾ ਅਤੇ ਪ੍ਰਤੀਬੱਧਤਾ ਨਾਲ ਕਾਰਜ ਕੀਤਾ ਹੈ। ਬਲਦੇਵ ਸਿੰਘ ਸਭ ਨਾਵਲਕਾਰਾਂ ਤੋਂ ਸਭ ਤੋਂ ਵੱਧ ਪੜ੍ਹਿਆ ਜਾਣ ਵਾਲਾ ਨਾਵਲਕਾਰ ਹੈ। ਬਲਦੇਵ ਦਾ ਹਰ ਨਾਵਲ ਪੰਜਾਬ ਦੇ ਕਿਸੇ ਨਾ ਕਿਸੇ ਮਸਲੇ, ਸਮੱਸਿਆ ਨੂੰ ਟਰੇਸ ਕਰ ਰਿਹਾ ਹੈ। ਉਸ ਨੇ ਪੰਜਾਬ ਦੇ ਪ੍ਰਮੁੱਖ ਸਮਾਜਿਕ, ਸੱਭਿਆਚਾਰਕ, ਆਰਥਿਕ, ਧਾਰਮਿਕ, ਰਾਜਨੀਤਿਕ ਤੇ ਮਨੋ ਵਿਗਿਆਨਕ ਸੰਕਟਾਂ ਨੂੰ ਵੀ ਕਿਸੇ ਨਾ ਕਿਸੇ ਰੂਪ 'ਚ ਰੇਖਾਂਕਿਤ ਕੀਤਾ ਹੈ। ਇਸ ਤਰ੍ਹਾਂ ਉਸ ਨੇ ਆਪਣਾ ਮਾਨਵੀ ਫਰਜ਼ ਹੀ ਨਹੀਂ ਨਿਭਾਇਆ, ਸਗੋਂ ਆਪਣੀ ਪ੍ਰਤੀਬੱਧਤਾ ਦਾ ਪ੍ਰਮਾਣ ਵੀ ਦਿੱਤਾ ਹੈ।

ਬਲਦੇਵ ਨੇ ਇਤਿਹਾਸਕ ਨਾਵਲਕਾਰੀ ਨੂੰ ਵੀ ਵੱਖਰਾ ਅਤੇ ਨਵੀਨਤਮ ਮੋੜ ਦਿੱਤਾ ਹੈ। ਉਸ ਨੇ ਨਾਵਲ 'ਚ ਪੰਜਾਬ ਦੇ ਨਾਇਕਾਂ, ਮਹਾਂਨਾਇਕਾਂ ਰਾਹੀਂ ਸਾਡੇ ਸ਼ਾਨਾਮੱਤੇ ਇਤਿਹਾਸ ਨੂੰ ਪਦਾਰਥਵਾਦੀ ਦ੍ਰਿਸ਼ਟੀਕੋਣ ਰਾਹੀਂ ਪੂਰਨ ਸਿਰਜਤ ਸਿਰਜਿਆ ਹੈ। ਬਲਦੇਵ ਤੋਂ ਪਹਿਲਾਂ ਜਿੰਨੇ ਵੀ ਨਾਵਲਕਾਰਾਂ ਨੇ ਪੰਜਾਬ ਦੇ ਇਤਿਹਾਸਕ ਨਾਇਕ-ਨਾਇਕਾਵਾਂ ਨੂੰ ਸਿਰਜਿਆ, ਉਭਾਰਿਆ ਸੀ, ਉਹ ਯਥਾਰਥ ਵਿਗਿਆਨਕ ਘੱਟ, ਸਗੋਂ ਆਹ ਯਥਾਰਥਕ ਅਤੇ ਗੈਰ ਵਿਗਿਆਨਕ ਵਧੇਰੇ ਸੀ। ਲੱਗਭੱਗ ਸਾਰੇ ਇਤਿਹਾਸਕ ਨਾਵਲ ਸ਼ਰਧਾਵੱਸ ਲਿਖੇ ਗਏ ਸਨ। ਬਲਦੇਵ ਨੇ ਇਸ ਪਿਰਤ ਅਤੇ ਰਵਾਇਤ ਨੂੰ ਤੋੜਿਆ ਹੈ ਅਤੇ ਇਤਿਹਾਸਕ ਨਾਵਲਾਂ ਨੂੰ ਯਥਾਰਥਕ ਅਤੇ ਵਿਗਿਆਨਕ ਰੰਗਤ ਦਿੱਤੀ ਹੈ। ਇਤਿਹਾਸ 'ਚ ਪਈਆਂ ਭਰਾਂਤੀਆਂ, ਝੂਠਾਂ ਤੇ ਮਿੱਥਾਂ ਨੂੰ ਛਾਂਗਿਆ ਹੈ। ਉਸ ਨੇ ਇਤਿਹਾਸ ਨੂੰ ਇਤਿਹਾਸ ਬਣਾਇਆ ਹੈ, ਮਿਥਿਹਾਸ ਨਹੀਂ ਰਹਿਣ ਦਿੱਤਾ। ਇਤਿਹਾਸਕ ਨਾਵਲ ਰਚਣ ਸਮੇਂ ਉਸ ਨੇ ਇਤਿਹਾਸ ਨੂੰ ਪੜ੍ਹਿਆ, ਗਾਹਿਆ, ਪੁਣਿਆ, ਛਾਣਿਆ ਹੈ। ਇਤਿਹਾਸਕ ਥਾਵਾਂ ਦਾ ਸਰਵੇਖਣ ਵੀ ਕੀਤਾ। ਨੋਟਿਸ ਤਿਆਰ ਕੀਤੇ। ਨੋਟਿਸਾਂ ਦੀ ਛਾਂਗ-ਛੰਗਾਈ ਕੀਤੀ। ਉਸ ਤੋਂ ਬਾਅਦ ਇਤਿਹਾਸ ਨੂੰ ਨਾਵਲਾਂ 'ਚ ਰੇਖਾਂਕਤ ਕੀਤਾ ਹੈ। ਮੈਂ ਅਜਿਹਾ ਕਰਨ ਸਮੇਂ ਕਦੇ-ਕਦੇ ਉਸ ਦੇ ਨਾਲ ਵੀ ਹਫਤਾ ਹੁੰਦਾ ਸੀ। ਕੋਈ ਵੀ ਇਤਿਹਾਸਕ ਨਾਵਲ ਰਚਣ ਤੋਂ ਪਹਿਲਾਂ ਉਹ ਜਨੂੰਨੀ ਹੋ ਕੇ ਸਮਗਰੀ ਇਕੱਤਰ ਕਰਦਾ ਹੈ। ਉਸ ਦੇ ਕੰਮ ਤੋਂ, ਉਸ ਦੀ ਮਿਹਨਤ ਤੋਂ ਮੇਰੀ ਇਹ ਧਾਰਨਾ ਵੀ ਬਣਦੀ ਹੈ ਕਿ ਉਸ ਵਾਂਗ ਕੋਈ ਲੇਖਕ ਨਾ ਪੜ੍ਹ ਸਕਦਾ ਹੈ, ਨਾ ਲਿਖ ਸਕਦਾ ਹੈ ਤੇ ਨਾ ਮਿਹਨਤ ਕਰ ਸਕਦਾ ਹੈ।

ਵਿਭਿੰਨ ਇਤਿਹਾਸਕ ਨਾਵਲਾਂ 'ਚੋਂ ਬਲਦੇਵ ਦਾ ਨਾਵਲ 'ਸੂਰੀ ਦੀ ਅੱਖ' ਅਤੇ ਪੰਜਵਾਂ ਸਾਹਿਬਜ਼ਾਦਾ ਕਾਫੀ ਚਰਚਿੱਤ ਰਹੇ। ਬਹੁਤਿਆਂ ਨੂੰ ਇਹ ਨਾਵਲ ਬਾਕਮਾਲ ਅਤੇ ਸ਼ਾਹਕਾਰ ਲੱਗੇ, ਕਿਸੇ-ਕਿਸੇ ਨੂੰ ਇਹ ਦੋਨੋਂ ਨਾਵਲ ਕੂੜਾ-ਕਰਕਟ ਜਾਪੇ, ਪ੍ਰੰਤੂ ਮੇਰੀ ਦ੍ਰਿਸ਼ਟੀ ਅਨੁਸਾਰ ਇਹਨਾਂ ਨਾਵਲਾਂ ਦੀ ਆਮਦ ਨਾਲ ਸਾਨੂੰ ਇਹ ਚੇਤਨਾ ਹਾਸਲ ਹੋਈ ਹੈ ਕਿ ਇਤਿਹਾਸ ਨੂੰ ਸਮਝਣ ਲਈ ਬਲਦੇਵ ਵਾਂਗ ਇਤਿਹਾਸਕ ਪਦਾਰਥਵਾਦੀ ਦਵੰਦਵਾਦੀ ਪਹੁੰਚ ਨੂੰ ਅਪਣਾਉਣ ਦੀ ਜ਼ਰੂਰਤ ਹੈ। ਇਤਿਹਾਸ 'ਚੋਂ ਭਰਾਂਤੀਆਂ ਝੂਠਾਂ, ਖੋਟਾਂ, ਮਿਲਾਵਟਾਂ ਨੂੰ ਛਾਂਟਣਾ ਪਵੇਗਾ ਅਤੇ ਸੱਚ ਸਾਹਮਣੇ ਲਿਆਉਣਾ ਪਵੇਗਾ। ਅਲੋਕਾਰੀ ਮਿੱਥਕ ਘਟਨਾਵਾਂ ਇਤਿਹਾਸ ਨਹੀਂ ਹੁੰਦੀਆਂ। ਬਲਦੇਵ ਨੇ ਇਹਨਾਂ ਦੋ ਨਾਵਲਾਂ ਤੋਂ ਬਾਅਦ ਇੱਕ ਹੋਰ ਇਤਿਹਾਸਕ ਨਾਵਲ 'ਨਲਵਾ ਜਰਨੈਲ ਬਾਝੋਂ' ਸਾਡੇ ਸਨਮੁਖ ਕੀਤਾ ਹੈ। ਬਲਦੇਵ ਨੇ ਸਿੱਖ ਇਤਿਹਾਸ ਦੀਆਂ ਮਹੱਤਵਸ਼ਾਲੀ ਸ਼ਖਸੀਅਤਾਂ ਜੋ ਸਦਾ ਅਣਗੌਲੀਆਂ ਰਹੀਆਂ, ਉਹਨਾਂ ਨੂੰ ਨਾਵਲਾਂ 'ਚ ਸਪੇਸ ਦੇ ਕੇ ਸਲਾਹੁਣਯੋਗ ਕਾਰਜ ਕੀਤਾ ਹੈ। ਬਾਬਾ ਜੀਵਨ ਸਿੰਘ ਭਾਈ ਜੈਤਾ ਰੰਗਰੇਟਾ ਸੀ ਅਤੇ ਗੁਰੂ ਦਾ ਬੇਟਾ ਸੀ। ਇਸ ਮਹਾਂਨਾਇਕ ਨੂੰ ਬਲਦੇਵ ਸਿੰਘ ਨੇ ਪੁਨਰ ਜੀਵਿਤ ਕੀਤਾ ਹੈ। ਇਵੇਂ ਹੀ ਸੰਸਾਰ ਦੇ ਸੁਪ੍ਰਸਿੱਧ ਜਰਨੈਲ ਹਰੀ ਸਿੰਘ ਨਲਵਾ ਹਰੀ ਸਿੰਘ ਉੱਪਲ ਨੂੰ ਨਾਵਲ 'ਚ ਢਾਲ ਕੇ ਪੁੰਨ ਖੱਟਿਆ ਹੈ। ਇਹ ਜਰਨੈਲ ਵੀ ਪੰਜਾਬ ਦੇ ਇਤਿਹਾਸ ਦਾ ਮਹਾਂਨਾਇਕ ਸੀ। ਸਾਡੇ ਪੰਜਾਬੀਆਂ ਦਾ ਦੁਖਦ ਪਹਿਲੂ ਇਹ ਹੈ ਕਿ ਅਸੀਂ ਇਤਿਹਾਸ ਤਾਂ ਸਿਰਜੇ ਹਨ, ਪਰ ਸਾਂਭੇ ਨਹੀਂ। ਇਹ ਸਾਡਾ ਅਵੇਸਲਾਪਨ ਵੀ ਹੈ ਅਤੇ ਕਮਜ਼ੋਰੀ ਵੀ ਹੈ। ਬਲਦੇਵ ਨੇ ਇਹ ਜ਼ਿੰਮੇਵਾਰੀ ਨਿਭਾਈ ਹੈ ਅਤੇ ਆਪਣਾ ਬਣਦਾ ਫਰਜ਼ ਅਦਾ ਕੀਤਾ ਹੈ।

ਪੰਜਾਬ ਦੇ ਇਤਿਹਾਸ ਵਿੱਚ ਇੱਕ ਨਹੀਂ, ਹਜ਼ਾਰਾਂ ਬਹਾਦਰ ਯੋਧੇ ਸੂਰਮੇ ਹੋਏ ਹਨ, ਜਿਨ੍ਹਾਂ ਦੀ ਲਾਸਾਨੀ ਦੇਣ ਨੂੰ ਭੁਲਾਇਆ ਨਹੀਂ ਜਾ ਸਕਦਾ। ਇਹਨਾਂ ਸੂਰਮਿਆਂ, ਯੋਧਿਆਂ ਦੇ ਕਾਰਨਾਮਿਆਂ ਨਾਲ ਪੰਜਾਬੀ ਕੌਮ ਨੂੰ ਵੱਖਰੀ ਦਿੱਖ, ਪਹਿਚਾਣ ਮਿਲੀ ਹੈ। ਪੰਜਾਬੀ ਕੌਮ ਦੇ ਜੁਝਾਰੂ ਅਤੇ ਇਨਕਲਾਬੀ ਕਾਰਜਾਂ, ਸੰਘਰਸ਼ਾਂ ਦੀ ਬਦੌਲਤ ਉੱਤਰੀ ਭਾਰਤ ਵਿੱਚ ਮੁਗਲਾਂ, ਪਠਾਣਾਂ, ਅਫਗਾਨੀਆਂ ਤੋਂ ਮੁਕਤੀ ਪ੍ਰਾਪਤ ਹੋਈ ਸੀ। ਬਾਬਰ ਤੋਂ ਲੈ ਕੇ ਮਹਾਰਾਜਾ ਰਣਜੀਤ ਸਿੰਘ ਤੱਕ ਲੱਗਭੱਗ ਤਿੰਨ ਸਦੀਆਂ ਪੰਜਾਬੀ ਕੌਮ ਸਿੱਖੀ ਨੇ ਲੰਬੇ ਦ੍ਰਿੜ ਸੰਘਰਸ਼ ਕੀਤੇ, ਯੁੱਧ ਲੜੇ ਅਤੇ ਮੁਗਲਾਂ ਪਠਾਣਾਂ ਦਾ ਸਫਾਇਆ ਕੀਤਾ। ਅੰਗਰੇਜ਼ ਕਾਲ ਵਿੱਚ ਵੀ ਪੰਜਾਬੀ ਲੋਕ ਆਰਾਮ ਨਾਲ ਨਹੀਂ ਬੈਠੇ, ਉਹ ਨਿਰੰਤਰ ਅੰਗਰੇਜ਼ਾਂ ਵਿਰੁੱਧ ਸੰਘਰਸ਼ ਕਰਦੇ ਰਹੇ। ਅਖੀਰ ਪੰਜਾਬੀਆਂ ਦੀਆਂ ਕੁਰਬਾਨੀਆਂ ਕਾਰਨ ਦੇਸ਼ ਨੂੰ ਗੁਲਾਮੀ ਤੋਂ ਛੁਟਕਾਰਾ ਮਿਲਿਆ ਅਤੇ ਆਜ਼ਾਦੀ ਪ੍ਰਾਪਤ ਕੀਤੀ। ਹਰੀ ਸਿੰਘ ਨਲਵਾ ਮਹਾਰਾਜਾ ਰਣਜੀਤ ਸਿੰਘ ਦੀ ਫੌਜ ਦਾ ਮਹਾਂ ਜਰਨੈਲ ਸੀ। ਇਹ ਜਰਨੈਲ ਮਹਾਰਾਜਾ ਰਣਜੀਤ ਸਿੰਘ ਦਾ ਚਹੇਤਾ ਸੀ। ਨਲਵਾ ਮਹਾਰਾਜੇ ਦਾ ਵਫਾਦਾਰ ਵੀ ਸੀ। ਰਣਜੀਤ ਸਿੰਘ ਨੂੰ ਨਲਵਾ 'ਤੇ ਵਿਸ਼ਵਾਸ ਵੀ ਸੀ, ਫਖਰ ਵੀ ਸੀ। ਨਲਵਾ ਨੇ ਰਣਜੀਤ ਸਿੰਘ ਦੇ ਹਰ ਹੁਕਮ ਦੀ ਤਾਮੀਲ ਕੀਤੀ। ਤਾਮੀਲ ਕਰਦਿਆਂ ਉਸ ਨੇ ਜਹਾਦੀਆਂ, ਅਫਗਾਨਾਂ, ਪਠਾਣਾਂ ਤੇ ਬਾਗੀਆਂ ਵਿਰੁੱਧ ਜਾਨ ਹੋ ਕੇ ਯੁੱਧ ਲੜੇ ਅਤੇ ਜਿੱਤਾਂ ਦਰਜ ਕਰਵਾਈਆਂ ਅਤੇ ਮਹਾਰਾਜਾ ਦੇ ਰਾਜਪਾਲ ਦੀਆਂ ਹੱਦਾਂ ਦਾ ਵਿਸਥਾਰ ਕੀਤਾ। ਹਰੀ ਸਿੰਘ ਨਲਵਾ ਨੂੰ ਚੈਨ-ਆਰਾਮ ਨਾਲ ਜਿਉਣਾ ਨਸੀਬ ਨਹੀਂ ਹੋਇਆ। ਉਸ ਨੂੰ ਆਪਣੀਆਂ ਦੋਨੋਂ ਪਤਨੀਆਂ, ਬੱਚਿਆਂ ਭਾਵ ਪਰਵਾਰ ਨੂੰ ਵੀ ਥੋੜ੍ਹਾ-ਬਹੁਤਾ ਵਕਤ ਦੇਣ ਦਾ ਮੌਕਾ ਵੀ ਨਹੀਂ ਮਿਲਿਆ। ਖਾਲਸਾ ਰਾਜ ਨੂੰ ਵਿਸਥਾਰ ਦੇਣ ਲਈ ਉਨ੍ਹਾ ਹਰ ਯਤਨ ਕੀਤਾ। ਇਸ ਦੀ ਰੱਖਿਆ ਲਈ ਆਪਣੀ ਅਹੂਤੀ ਵੀ ਦਿੱਤੀ। ਆਪਣੇ ਪਰਵਾਰ ਨੂੰ ਵਕਤ ਨਾ ਦੇ ਸਕਣਾ ਵੀ ਉਸ ਦੀ ਕੁਰਬਾਨੀ ਸੀ। ਸੰਸਾਰ ਵਿੱਚ ਸ਼ਾਇਦ ਹੀ ਅਜਿਹਾ ਕੋਈ ਨਲਵਾ ਜਰਨੈਲ ਹੋਵੇਗਾ, ਜਿਸ ਨੇ ਆਪਣੀ ਸਾਰੀ ਉਮਰ ਕਿਸੇ ਰਾਜੇ ਦੇ ਰਾਜ ਨੂੰ ਬਚਾਉਣ ਲਈ ਅਤੇ ਉਸ ਦੀਆਂ ਹੱਦਾਂ ਫੈਲਾਉਣ ਲਈ ਖਰਚ ਕਰ ਦਿੱਤੀ ਹੋਵੇ, ਇਹੋ ਵਜ੍ਹਾ ਹੈ ਕਿ ਹਰੀ ਸਿੰਘ ਨਲਵਾ ਦਾ ਨਾਂਅ ਸੰਸਾਰ ਦੇ ਸੁਪ੍ਰਸਿੱਧ ਅਤੇ ਸਿਰਕੱਢ ਕੁਝ ਕੁ ਜਰਨੈਲਾਂ ਵਿੱਚ ਸ਼ੁਮਾਰ ਹੈ। ਹਰੀ ਸਿੰਘ ਨਲਵਾ ਕਸ਼ਮੀਰ, ਅਫਗਾਨਿਸਤਾਨ ਤੱਕ ਸੀਮਤ ਨਹੀਂ ਰਹਿਣਾ ਚਾਹੁੰਦਾ ਸੀ, ਉਹ ਹੋਰ ਦਿਸ਼ਾਵਾਂ ਵੱਲ ਵੀ ਖਾਲਸਾ ਰਾਜ ਨੂੰ ਵਧਾਉਣ, ਫੈਲਾਉਣ ਦਾ ਚਾਹਵਾਨ ਸੀ। ਹੋਰ ਤਾਂ ਹੋਰ ਉਹ ਫਰੰਗੀਆਂ ਨਾਲ ਵੀ ਟੱਕਰ ਲੈਣ ਲਈ ਤਤਪਰ ਸੀ, ਪਰ ਮਹਾਰਾਜਾ ਰਣਜੀਤ ਸਿੰਘ ਅੰਗਰੇਜ਼ਾਂ ਨਾਲ ਯੁੱਧ ਲੜਨ ਦੀ ਗਲਤੀ ਨਹੀਂ ਕਰਨੀ ਚਾਹੁੰਦਾ ਸੀ। ਜੇ ਮਹਾਰਾਜਾ ਹਰੀ ਸਿੰਘ ਨਲਵਾ ਦੇ ਵਿਚਾਰਾਂ ਨੂੰ ਮੰਨ ਲੈਂਦਾ, ਤਦ ਇਤਿਹਾਸ ਹੋਰ ਹੋਣਾ ਸੀ। ਕਈ ਵਿਦਵਾਨਾਂ ਦੀ ਇਹ ਧਾਰਨਾ ਵੀ ਹੈ ਕਿ ਜੇਕਰ ਮਹਾਰਾਜਾ ਰਣਜੀਤ ਸਿੰਘ ਕੋਲ ਹਰੀ ਸਿੰਘ ਨਲਵਾ ਵਰਗਾ ਜਰਨੈਲ ਨਾ ਹੁੰਦਾ ਤਾਂ ਇਤਿਹਾਸ ਕੁਝ ਹੋਰ ਹੋਣਾ ਸੀ।

ਮਹਾਰਾਜਾ ਰਣਜੀਤ ਸਿੰਘ ਨੇ ਹਰੀ ਸਿੰਘ ਨਲਵਾ ਦੀਆਂ ਪ੍ਰਾਪਤੀਆਂ ਅਤੇ ਕਾਰਗੁਜ਼ਾਰੀਆਂ ਤੋਂ ਖੁਸ਼ ਹੋ ਕੇ ਉਸ ਨੂੰ ਧਨ ਅਤੇ ਨਜ਼ਰਾਨੇ ਦਿੱਤੇ ਅਤੇ ਕਾਫੀ ਜਾਇਦਾਦਾਂ ਦਿੱਤੀਆਂ। ਹਰੀ ਸਿੰਘ ਨਲਵਾ ਨੂੰ ਕਸ਼ਮੀਰ ਦੀ ਗਵਰਨਰੀ ਵੀ ਸੌਂਪੀ ਗਈ ਸੀ, ਭਾਵੇਂ ਨਲਵਾ ਇੱਕ ਲਾਮਿਸਾਲ ਸੂਰਮਾ ਅਤੇ ਅਣਥੱਕ ਯੋਧਾ ਸੀ, ਪਰੰਤੂ ਉਹ ਮਨੁੱਖ ਵੀ ਸੀ। ਜਿਹੜੇ ਵੀ ਉਸ ਨੇ ਅਧੀਨ ਪਿੰਡ ਸਨ, ਉੱਥੇ ਹਰੀ ਸਿੰਘ ਨੇ ਬਹੁਤ ਸਾਰੇ ਮਾਨਵਵਾਦੀ ਕਾਰਜ ਕੀਤੇ। ਦੀਨ-ਦੁਖੀਆਂ ਦੀ ਸੇਵਾ-ਸਹਾਇਤਾ ਕੀਤੀ ਅਤੇ ਲੋਕਾਂ ਨੂੰ ਸਹੂਲਤਾਂ ਪ੍ਰਦਾਨ ਕੀਤੀਆਂ। ਪਾਣੀ ਲਈ ਖੂਹਾਂ ਦਾ ਨਿਰਮਾਣ ਕਰਵਾਇਆ। ਆਪਣੇ ਪ੍ਰਬੰਧ ਹੇਠਲੇ ਪਿੰਡਾਂ ਨੂੰ ਮਾਲੀਏ 'ਚ ਭਾਰੀ ਵੋਟਾਂ ਦੌਰਾਨ ਰਿਆਇਤਾਂ ਦਿੱਤੀਆਂ। ਹਰੀ ਸਿੰਘ ਨਲਵਾ ਨੇ ਸਹੀ ਮਾਇਨਿਆਂ ਵਿੱਚ ਕਸ਼ਮੀਰ ਨੂੰ ਸਵਰਗ ਬਣਾ ਦਿੱਤਾ। ਕਸ਼ਮੀਰ 'ਚ ਬਹੁਤ ਸਾਰੇ ਧਰਮਾਂ ਦੇ ਲੋਕਾਂ ਨੂੰ ਜਬਰੀ ਮੁਸਲਮਾਨ ਬਣਾਇਆ ਗਿਆ ਸੀ, ਉਹਨਾਂ ਨੂੰ ਆਪਣੇ ਧਰਮ 'ਚ ਵਾਪਸ ਪਰਤਣ ਦੀ ਖੁੱਲ੍ਹ ਦਿੱਤੀ। ਇਸ ਕਸ਼ਮੀਰ 'ਚ ਕੇਸਰ ਦੀ ਖੇਤੀ ਕਰਨ ਵਾਲਿਆਂ ਨੂੰ ਦਿਲ ਖੋਲ੍ਹ ਕੇ ਰਿਆਇਤਾਂ ਦਿੱਤੀਆਂ ਗਈਆਂ। ਨਲਵਾ ਨੇ ਹਰ ਜਾਤ, ਹਰ ਧਰਮ ਦੇ ਬੰਦੇ ਨੂੰ ਆਪਣੇ ਅਕੀਦੇ ਅਨੁਸਾਰ ਜਿਉਣ ਦਾ ਹੱਕ ਦਿੱਤਾ। ਕਿਸੇ ਨਾਲ ਜਾਤ ਜਾਂ ਧਰਮ ਦੇ ਨਾਂਅ 'ਤੇ ਕਿਸੇ ਨਾਲ ਕੋਈ ਵਿਤਕਰਾ ਨਹੀਂ ਹੋਣ ਦਿੱਤਾ। ਨਲਵਾ ਵਿੱਚ ਵੀ ਹਰੀ ਸਿੰਘ ਨਲਵਾ ਦੇ ਕਾਰਜਾਂ ਦਾ ਵਰਣਨ ਮਿਲਦਾ ਹੈ। ਸਰਦਾਰ ਹਰੀ ਸਿੰਘ ਸਾਰਾ ਪੈਸਾ ਜੋ ਜਗੀਰਾਂ ਤੋਂ ਹਾਸਲ ਹੁੰਦਾ ਸੀ, ਉਹ ਦਾਨ ਪੁੰਨ ਵਿੱਚ ਲਗਾ ਦਿੰਦਾ ਸੀ। ਕਦੇ ਧਰਮਸ਼ਾਲਾਵਾਂ ਬਣਾ ਦਿੱਤੀਆਂ, ਕਦੇ ਖਸਤਾ ਹਾਲ ਹੋਏ ਗੁਰੂ ਘਰਾਂ ਦੀ ਮੁਰੰਮਤ ਕਰਵਾ ਦਿੱਤੀ, ਕਦੇ ਪੁਲ ਬਣਵਾ ਦਿੱਤੇ, ਪਾਣੀ ਲਈ ਖੂਹ ਖੁਦਵਾ ਦਿੱਤੇ। ਪਿੰਡ ਗਰਾਵਾਂ ਵਿੱਚ ਛੱਪੜ ਬਣਵਾ ਦਿੱਤੇ। ਮੈਨੂੰ ਨਹੀਂ ਲੱਗਦਾ ਕਿ ਨਲਵਾ ਸਰਦਾਰ ਦੇ ਪੁੱਤਰਾਂ ਕੋਲ ਧਨ ਹੋਵੇਗਾ। ਨਲਵਾ 'ਚ ਹਰੀ ਸਿੰਘ ਦੇ ਕਾਰਜਾਂ ਦਾ ਵੇਰਵਾ ਕਈ ਥਾਵਾਂ 'ਤੇ ਦਰਜ ਹੋਇਆ ਮਿਲਦਾ ਹੈ। ਸੋ ਨਲਵਾ ਜਾਬਰਾਂ, ਧਾੜਵੀਆਂ, ਜਹਾਦੀਆਂ, ਅਫਗਾਨਾਂ ਲਈ ਖ਼ੂੰਖਾਰ ਸੀ ਪ੍ਰੰਤੂ ਉਹ ਪਰਜਾ ਦਾ ਮਸੀਹਾ ਸੀ, ਕਿਸੇ ਕਰਕੇ ਹਰੀ ਸਿੰਘ ਨਲਵਾ ਨੂੰ ਮਾਨਵਵਾਦੀ ਕਹਿਣਾ ਵਧੇਰੇ ਉਚਿੱਤ ਹੈ। ਹਰੀ ਸਿੰਘ ਨਲਵਾ ਪੰਜਾਬੀ ਇਤਿਹਾਸ ਦਾ ਮਹਾਂਨਾਇਕ ਸੀ। ਉਸ ਦੀਆਂ ਪ੍ਰਾਪਤੀਆਂ ਦੇਣਾ ਉਸ ਦੇ ਯੋਗਦਾਨਾਂ ਨੂੰ ਹਰ ਕੋਈ ਸਿਜਦਾ ਕਰਦਾ ਹੈ। ਮਹਾਰਾਜਾ ਰਣਜੀਤ ਸਿੰਘ ਖੁਦ ਵੀ ਨਲਵਾ

● ਬਾਕੀ ਆਖਰੀ ਤੋਂ ਪਹਿਲੇ ਸਫ਼ੇ 'ਤੇ

ਬਿਰਧ ਮਨੁੱਖ ਦੀ ਵੇਦਨਾ ਦਾ ਪ੍ਰਵਚਨ

ਸਾਹਿਤ ਚਿੰਤਨ

ਡਾ. ਭੁਪਿੰਦਰ ਕੌਰ

65 ਲੱਖ ਦਾ ਬੁੱਢਾ

(ਨਾਵਲ)
ਰਾਮ ਸਿੰਘ
ਸਫ਼ੇ : 108, ਮੁੱਲ : 250 ਰੁਪਏ
ਚੇਤਨਾ ਪ੍ਰਕਾਸ਼ਨ, ਲੁਧਿਆਣਾ

ਰਾਮ ਸਿੰਘ ਪੰਜਾਬੀ ਸਾਹਿਤ ਦਾ ਇਕ ਐਸਾ ਹਸਤਾਖਰ ਹੈ, ਜੋ ਹੁਣ ਤੱਕ 'ਮਰੂੰਡੀਆਂ ਡਾਲਾਂ' ਤੇ 'ਪਰਦਿਆਂ ਦੀ ਓਟ' ਦੋ ਕਾਵਿ ਸੰਗ੍ਰਹਿ, 'ਮਜਿਸਟ੍ਰੇਟ ਮੁਜਰਿਮ' (ਪੰਜਾਬੀ ਤੇ ਹਿੰਦੀ ਵਿੱਚ) 'ਪਾਸ਼ੇ ਦਾ ਮੁੰਡਾ', 'ਉਲੂ ਤਾਂ ਹੁਣ ਵੀ ਬੋਲ ਰਹੇ ਨੇ' ਵਾਰਤਕ ਪੁਸਤਕਾਂ ਤੇ 'ਸਭ ਕਾਸੇ ਆਲੇ' ਨਾਵਲ ਪੰਜਾਬੀ ਮਾਂ ਬੋਲੀ ਦੀ ਝੋਲੀ ਵਿੱਚ ਪਾ ਚੁੱਕਿਆ ਹੈ। '65 ਲੱਖ ਦਾ ਬੁੱਢਾ' ਉਸ ਦੀ ਦੂਜੀ ਨਾਵਲ ਰਚਨਾ ਹੈ। ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ, ਲੁਧਿਆਣਾ ਦੁਆਰਾ ਪ੍ਰਕਾਸ਼ਿਤ ਇਹ ਪੁਸਤਕ ਉਨ੍ਹਾਂ ਬਜ਼ੁਰਗਾਂ ਨੂੰ ਸਮਰਪਿਤ ਹੈ, ਜਿਨ੍ਹਾਂ ਦੀ ਕੋਈ ਨਹੀਂ ਸੁਣਦਾ। ਨਾਵਲ ਦਾ ਫੋਕਸ ਸੱਜਣ ਸਿੰਘ ਰਹਿੰਦਾ ਹੈ। ਉਹ ਸੱਜਣ ਸਿੰਘ ਜਿਸ ਦੇ ਨਾਂਅ ਨਾਲ ਕਿਸੇ ਵੇਲੇ ਪਿੰਡ ਦਾ ਨਾਂਅ 'ਸੱਜਣ ਸਿੰਘ ਵਾਲਾ' ਜੁੜਦਾ ਸੀ, ਉਹ ਅਖੀਰ ਵਿੱਚ ਸਿਰਫ਼ 65 ਲੱਖ ਦਾ ਬੁੱਢਾ ਹੀ ਰਹਿ ਜਾਂਦਾ ਹੈ। ਨਾਵਲ ਵਿਅੰਗ ਕਰਦਾ ਹੈ ਅੱਜ ਦੇ ਉਸ ਸਮਾਜ 'ਤੇ, ਜਿੱਥੇ ਬਜ਼ੁਰਗਾਂ ਦੀ ਕੋਈ ਕਦਰ ਨਹੀਂ, ਜਿੱਥੇ ਇਨਸਾਨ ਤੋਂ ਵੱਧ ਪੈਸੇ ਦੀ ਕਦਰ ਕੀਤੀ ਜਾਂਦੀ ਹੈ, ਜਿੱਥੇ ਨਵੀਂ ਪੀੜ੍ਹੀ ਇੰਨੀ ਸਵਾਰਥੀ ਹੋ ਗਈ ਹੈ ਕਿ ਉਹ ਆਪਣੇ ਮਾਪਿਆਂ ਦੇ ਅੰਤ ਦਾ ਕਾਰਨ ਬਣਦੀ ਹੈ। ਨਾਵਲ ਇਹ ਦੱਸਦਾ ਹੈ ਕਿ ਮਾਪਿਆਂ ਲਈ ਸਭ ਬੱਚੇ ਬਰਾਬਰ ਹੁੰਦੇ ਹਨ, ਇਸੇ ਲਈ ਸੱਜਣ ਸਿੰਘ ਮੁਆਵਜ਼ੇ ਵਿੱਚ ਮਿਲੀ ਰਕਮ ਨੂੰ ਬਰਾਬਰ ਹਿੱਸਿਆਂ ਵਿੱਚ ਵੰਡਣਾ ਚਾਹੁੰਦਾ ਸੀ, ਪਰ ਕਈ ਵਾਰ ਬੱਚੇ ਇਸ ਪ੍ਰਕਾਰ ਦੀ ਸੋਚ ਵਾਲੇ ਆਪਣੇ ਸੱਜਣ ਸਿੰਘ ਵਰਗੇ ਬਾਪ ਨਾਲ ਬਹੁਤ ਮਾੜਾ ਕਰਦੇ ਹਨ। ਕੁੱਲਰੱਖਣ ਸਿੰਘ ਸਮਝਦਾ ਸੀ ਕਿ ਸਾਰੀ ਰਕਮ ਉਸੇ ਦੀ ਹੀ ਹੈ, ਪਰ ਪਿਉ ਦਾ ਫੈਸਲਾ ਕਿ ਉਹ ਸਰਵਣ ਤੇ ਦਰਸ਼ਨ ਦਾ ਹੱਕ ਨਹੀਂ ਮਾਰਨਾ ਚਾਹੁੰਦਾ। ਕੁੱਲਰੱਖਣ ਤੜਪ ਉੱਠਿਆ ਤੇ ਨੰਬਰਦਾਰ ਨਿਰੰਜਨ ਸਿੰਘ ਅੱਗੇ ਤਰਲਾ ਕਰਕੇ ਕਹਿਣ ਲੱਗਾ, ਚਾਚਾ ਤੀਹ ਸਾਲ ਹੋ ਗਏ ਸਾਨੂੰ ਇਹਦੀ ਸੇਵਾ ਕਰਦਿਆਂ ਨੂੰ। ਉਨ੍ਹਾਂ ਨੂੰ ਤਾਂ ਕਦੀ ਫਰਜ਼ ਯਾਦ ਆਇਆ ਨੀ, ਅਸੀਂ ਉਹਨਾਂ ਦੇ ਹੱਕ ਦਾ ਖਿਆਲ ਕਿਉਂ ਰੱਖੀਏ? ਹੋਰ ਸੁਣ ਲਾ, ਦਸ ਯਾਰਾਂ ਸਾਲ ਹੋ ਗੇ ਇਹਨੂੰ ਏਦਾਂ ਹੋਏ ਨੂੰ ਉਨ੍ਹਾਂ ਤਾਂ ਕਦੀ ਨੀ ਆਖਿਆ ਪਿਓ ਨੂੰ ਚਾਰ ਦਿਨ ਘਰ ਲੈ ਜਾਈਏ ਸੇਵਾ ਕਰਨ ਵਾਸਤੇ, ਐਥੇ ਆਉਂਦੇ ਆ ਉਪਰਿਆਂ ਵਾਂਗੂੰ ਫੇਰਾ ਪਾ ਕੇ ਮੁੜ ਜਾਂਦੇ ਆ, ਆਹ ਮੇਰੇ ਹੱਥ ਬੰਨ੍ਹੇ ਆ ਤੇਰੇ ਮੂਹਰੇ, ਸਮਝਾ ਇਹਨੂੰ। ਤੇਰੀ ਇਹਨੇ ਮੰਨ ਲੈਣੀ ਆਂ ਨਾਵਲ ਦਾ ਮੁੱਖ ਪਾਤਰ ਸੱਜਣ ਸਿੰਘ ਆਪਣੇ ਪਿਓ ਦਲੀਪ ਸਿੰਘ ਦਾ ਕੱਲਾ-ਕਾਰਾ ਪੁੱਤਰ ਸੀ, ਜਿਸ ਕਰਕੇ ਇਹਨਾਂ ਦੀ ਜ਼ਮੀਨ ਸ਼ੁਰੂ ਤੋਂ ਹੀ ਇਕੱਠੀ ਰਹੀ ਸੀ, ਪਰ ਸੱਜਣ ਸਿੰਘ ਦੇ ਅੱਗੋਂ ਤਿੰਨ ਪੁੱਤਰ ਕੁੱਲਰੱਖਣ ਸਿੰਘ, ਸਰਵਨ ਸਿੰਘ ਤੇ ਦਰਸ਼ਨ ਸਿੰਘ ਦੀ ਸੋਚ ਤੇ ਸੁਭਾਅ ਵਿੱਚ ਬਹੁਤ ਫਰਕ ਸੀ। ਨੰਬਰਦਾਰ ਨਿਰੰਜਨ ਸਿੰਘ ਦੀ ਸਲਾਹ ਨਾਲ ਤਿੰਨਾਂ ਪੁੱਤਾਂ ਨੂੰ ਪੰਜ-ਪੰਜ ਕਿੱਲੇ ਜ਼ਮੀਨ ਦੇ ਕੇ 22 ਕਨਾਲ ਦੀ ਵਾਹੀ ਆਪਣੇ ਕੋਲ ਹੀ ਰੱਖੀ। ਸੱਜਣ ਸਿੰਘ ਆਪ ਕੁੱਲਰੱਖਣ ਸਿੰਘ ਵੱਡੇ ਪੁੱਤਰ ਕੋਲ ਰਹਿੰਦਾ ਸੀ ਵੱਡਾ ਪੁੱਤਰ ਤੇ ਨੂੰਹ ਉਸ ਦੀ ਬਹੁਤ ਸੇਵਾ ਕਰਦੇ ਸਨ। ਨਾਵਲ ਇਹ ਵੀ ਦੱਸਦਾ ਹੈ ਕਿ ਜਿਸ ਕੋਲ ਮਾਪੇ ਰਹਿੰਦੇ ਹਨ, ਉਹਨਾਂ ਨੂੰ ਸਾਰੀ ਸਕੀਰੀ ਵਿੱਚ ਵਰਤਣਾ ਪੈਂਦਾ ਹੈ। ਸੋ ਕੁੱਲਰੱਖਣ ਸਿੰਘ ਵੀ ਸਾਰਿਆਂ ਨਾਲ ਵਰਤਦਾ ਰਿਹਾ। ਜਦੋਂ ਸੱਜਣ ਸਿੰਘ ਦੀ ਘਰਵਾਲੀ ਸੁਰਜੀਤ ਕੌਰ ਜਿਉਂਦੀ ਸੀ, ਸਾਰਾ ਪਰਵਾਰ ਇਕੱਠੇ ਵਿਸਾਖੀ ਨੂੰ ਗੁਰਦੁਆਰੇ ਜਾਇਆ ਕਰਦਾ ਸੀ, ਕਿਉਂਕਿ ਇਸ ਦਿਨ ਨਾਲ ਉਨ੍ਹਾਂ ਦੀਆਂ ਕਈ ਯਾਦਾਂ ਜੁੜੀਆਂ ਹੋਈਆਂ ਸਨ। ਸੱਜਣ ਸਿੰਘ ਲਈ ਇਹ ਦਿਨ ਬਹੁਤ ਹੀ ਵਧੀਆ ਸਨ ਜਦੋਂ ਸਾਰਾ ਪਰਵਾਰ ਇਕੱਠਾ ਸੀ, ਪਰ ਸੁਰਜੀਤ ਕੌਰ ਦੀ ਮੌਤ ਤੋਂ ਬਾਅਦ ਉਸ ਦੇ ਭੋਗ 'ਤੇ ਐੱਮ ਐੱਲ ਏ ਦਿਲਬਾਗ ਸਿੰਘ ਦੇ ਆਉਣ ਨਾਲ ਪਰਵਾਰ ਵਿੱਚ ਫਿਕ ਪੈਣ ਦਾ ਮੁੱਢ ਬੱਝ ਗਿਆ। ਐੱਮ ਐੱਲ ਏ ਦਿਲਬਾਗ ਸਿੰਘ ਨੇ ਕੁੱਲਰੱਖਣ 'ਤੇ ਐਸਾ ਜਾਲ ਸੁੱਟਿਆ ਕਿ ਉਹ ਲਾਲਚ ਵਿੱਚ ਆ ਗਿਆ। ਉਸ ਨੇ ਕੁੱਲਰੱਖਣ ਨੂੰ ਕਿਹਾ ਕਿ ਸਾਰਾ ਪੰਜਾਬ ਜਾਣਦਾ ਹੈ ਕਿ ਨੀਵੀਂ ਜਾਤੀ ਦੇ ਅਹੁਦਿਆਂ ਦੀ ਵਰਤੋਂ ਉੱਚੀਆਂ ਜਾਤਾਂ ਵਾਲੇ ਕਰਦੇ ਆ, ਉਹ ਵਿਚਾਰੇ ਤਾਂ ਉਹਨਾਂ ਦੀਆਂ ਕਠਪੁਤਲੀਆਂ ਹੀ ਹੁੰਦੀਆਂ ਆ। ਕਾਨੂੰਨ ਅਹੁਦੇ ਬਖਸ਼ ਤਾਂ ਸਕਦਾ, ਹੰਢਾਉਣੇ ਨਹੀਂ ਸਿਖਾ ਸਕਦਾ। ਇਸ ਹਿਸਾਬ ਨਾਲ ਜੇ ਕਰਮੇ ਦੀ ਘਰਵਾਲੀ ਸਰਪੰਚ ਬਣ ਜਾਂਦੀ ਹੈ ਤਾਂ ਉਹ ਸਰਪੰਚੀ ਕੁੱਲਰੱਖਣ ਨੇ ਹੀ ਕਰਨੀ ਸੀ, ਪਰ ਐੱਮ ਐੱਲ ਏ ਦਿਲਾਵਰ ਸਿੰਘ ਤੇ ਦਿਲਬਾਗ ਸਿੰਘ ਦੀ ਆਪਸੀ ਰੰਜ਼ਿਸ਼ ਕਰਕੇ ਪਰਵਾਰਾਂ ਵਿੱਚ ਫਿੱਕ ਪੈ ਗਈ।

ਪਿਉ ਤੇ ਕੁੱਲਰੱਖਣ ਇੱਕ ਪਾਸੇ, ਦਰਸ਼ਨ ਤੇ ਸਰਵਣ ਦੂਜੇ ਪਾਸੇ। ਹੁਣ ਪਹਿਲੀ ਵਾਰ ਹੋਇਆ ਸੀ ਕਿ ਸੱਜਣ ਸਿੰਘ ਸਾਰਾ ਪਰਵਾਰ ਰਲ ਕੇ ਗੁਰਦੁਆਰੇ ਨਹੀਂ ਗਏ। ਇਸੇ ਫ਼ਿਕਰ ਵਿੱਚ ਸੱਜਣ ਸਿੰਘ ਖੂੰਡਾ ਲੈ ਕੇ ਬਾਹਰ ਨਿਕਲਿਆ ਤੇ ਕੋਈ ਸਾਈਡ ਮਾਰ ਗਿਆ ਤੇ ਉਸ ਦੇ ਸੱਟਾਂ ਲੱਗੀਆਂ। ਬੇਸ਼ੱਕ ਤੁਰਨ-ਫਿਰਨ ਜੋਗਾ ਤਾਂ ਹੋ ਗਿਆ, ਪਰ ਜ਼ੁਬਾਨ 'ਚ ਫ਼ਰਕ ਪੈ ਗਿਆ। ਜਦੋਂ ਸੱਜਣ ਸਿੰਘ ਦੇ ਬਾਈ ਕਨਾਲ ਸਰਕਾਰੀ ਸੜਕ 'ਤੇ ਦਾਇਰੇ ਵਿੱਚ ਆ ਜਾਂਦੇ ਹਨ ਤੇ ਸਰਕਾਰ ਉਸ ਨੂੰ ਪੈਹਠ ਲੱਖ ਸੱਠ ਹਜ਼ਾਰ ਸੱਤ ਸੌ ਰੁਪਏ ਦੇਣ ਦਾ ਐਲਾਨ ਕਰਦੀ ਹੈ।ਸੱਜਣ ਸਿੰਘ ਚਾਹੁੰਦਾ ਹੈ ਕਿ ਇਹ ਪੈਸਾ ਤਿੰਨਾਂ ਪੁੱਤਰਾਂ ਨੂੰ ਬਰਾਬਰ-ਬਰਾਬਰ ਵੰਡ ਦਿੱਤਾ ਜਾਵੇ, ਪਰ ਕੁੱਲਰੱਖਣ ਇਹ ਨਹੀਂ ਸੀ ਚਾਹੁੰਦਾ, ਜਿਸ ਕਰਕੇ ਇਹਨਾਂ ਵਿਚਾਲੇ ਝਗੜੇ ਦੀ ਸ਼ੁਰੂਆਤ ਹੁੰਦੀ ਹੈ। ਕੋਰਟ ਕਚਹਿਰੀਆਂ ਤਰੀਕਾਂ ਭੁਗਤਦੇ-ਭੁਗਤਦੇ ਸੱਜਣ ਸਿੰਘ ਦੀ ਹਾਲਤ ਇੰਨੀ ਮਾੜੀ ਹੋ ਜਾਂਦੀ ਹੈ ਕਿ ਸਰਵਣ ਤੇ ਦਰਸ਼ਨ ਇਹ ਕਹਿ ਕੇ ਕਿ ਉਸ ਦੇ ਬਾਪ ਦੀ ਉਸ ਘਰ ਵਿੱਚ ਸੇਵਾ ਨਹੀਂ ਹੁੰਦੀ, ਆਪਣੇ ਘਰ ਲੈ ਜਾਂਦੇ ਹਨ ਤੇ ਆਪਣੇ ਘਰ ਆਪਣੀਆਂ ਨਰਸ ਧੀਆਂ ਦੀ ਮਦਦ ਨਾਲ ਉਸ ਨੂੰ ਨਸ਼ੇ ਦੀ ਦਵਾਈ ਦੇਣੀ ਸ਼ੁਰੂ ਕਰ ਦਿੰਦੇ ਹੌਲੀ-ਹੌਲੀ ਸੱਜਣ ਸਿੰਘ ਦੀ ਮੱਤ ਮਾਰੀ ਜਾਂਦੀ ਹੈ। ਉਸ ਨੂੰ ਸਮਝ ਨਹੀਂ ਆਉਂਦੀ ਕਿ ਉਸ ਨੇ ਕੀ ਬੋਲਣਾ ਹੈ ਤੇ ਕੀ ਕਰਨਾ ਹੈ। ਨਾਵਲ ਇਹ ਵੀ ਦੱਸਦਾ ਹੈ ਕਿ ਜਦੋਂ ਪਰਵਾਰਾਂ ਵਿੱਚ ਭਰਾਵਾਂ ਦੀ ਆਪਸੀ ਰੰਜਿਸ਼ ਹੋਵੇ ਤਾਂ ਆਲਾ-ਦੁਆਲਾ ਇਸ ਦਾ ਕਿੰਨਾ ਫਾਇਦਾ ਚੁੱਕਦਾ ਹੈ। ਨੰਬਰਦਾਰ ਦਿਲਬਾਗ ਸਿੰਘ ਤੇ ਇੰਦਰ ਸਿੰਘ ਦੋਵੇਂ ਵੱਖ-ਵੱਖ ਧਿਰਾਂ ਦੇ ਨਾਲ ਜੁੜ ਜਾਂਦੇ ਹਨ ਤੇ ਉਨ੍ਹਾਂ ਦੀ ਆਪਸੀ ਰੰਜਿਸ਼ ਦਾ ਸ਼ਿਕਾਰ ਇਹ ਪਰਵਾਰ ਬਣਦੇ ਹਨ। ਨਾਵਲ ਕੋਰਟ ਕਚਹਿਰੀਆਂ ਵਿੱਚ ਨਾ ਹੋਣ ਵਾਲੇ ਫੈਸਲਿਆਂ ਬਾਰੇ ਵੀ ਗੱਲ ਕਰਦਾ ਹੈ, ਜਿਸ ਦੀਆਂ ਤਰੀਕਾਂ ਭੁਗਤਦਿਆਂ-ਭੁਗਤਦਿਆਂ ਸੱਜਣ ਸਿੰਘ ਵਰਗੇ ਇਸ ਦੁਨੀਆ ਤੋਂ ਭੁਗਤ ਜਾਂਦੇ ਹਨ, ਪਰ ਉਹਨਾਂ ਦੀਆਂ ਤਰੀਕਾਂ ਦਾ ਫੈਸਲਾ ਨਹੀਂ ਹੁੰਦਾ। ਰਾਮ ਸਿੰਘ ਨੇ ਇਸ ਨਾਵਲ ਰਾਹੀਂ ਸੱਜਣ ਸਿੰਘ ਵਰਗੇ ਪਾਤਰਾਂ ਦੀ ਪ੍ਰਤੀਨਿਧਤਾ ਕਰਨ ਵਾਲੇ ਹਰ ਉਸ ਬਜ਼ੁਰਗ ਦੀ ਕਹਾਣੀ ਨੂੰ ਪੇਸ਼ ਕੀਤਾ ਹੈ, ਜੋ ਆਪਣੇ ਬੱਚਿਆਂ ਦੀ ਆਪਸੀ ਰੰਜਿਸ਼ ਤੇ ਪੈਸਿਆਂ ਕਰਕੇ ਖਤਮ ਹੋ ਜਾਂਦੇ। ਬਜ਼ੁਰਗਾਂ ਦਾ ਉਸ ਘਰ ਨਾਲ ਬੇਹੱਦ ਪਿਆਰ ਹੁੰਦਾ ਹੈ, ਜਿੱਥੇ ਉਹਨਾਂ ਦੇ ਬੱਚਿਆਂ ਦੀਆਂ ਔਲਾਂ ਦੱਬੀਆਂ ਹੁੰਦੀਆਂ ਹਨ। ਇਹੀ ਕਾਰਨ ਹੈ ਕਿ ਸੱਜਣ ਸਿੰਘ ਕੁੱਲਰਖਣ ਸਿੰਘ ਦੇ ਘਰ ਦੇ ਵਿੱਚ ਰਹਿ ਕੇ ਜੋ ਸਕੂਨ ਮਹਿਸੂਸ ਕਰਦਾ ਹੈ, ਉਹ ਸਰਵਣ ਸਿੰਘ ਦੇ ਘਰ ਵਿੱਚ ਨਹੀਂ ਕਰਦਾ। ਜੋ ਸਵਾਦ ਉਸ ਨੂੰ ਸਹਿਜ ਕੌਰ ਦੀ ਰੋਟੀ ਵਿੱਚੋਂ ਆਉਂਦਾ ਹੈ, ਉਹ ਸਰਵਣ ਸਿੰਘ ਦੇ ਘਰ ਨਹੀਂ ਆਉਂਦਾ।

ਨਾਵਲ ਦਾ ਆਰੰਭ ਪਾਠਕਾਂ ਅੰਦਰ ਸੱਜਣ ਸਿੰਘ ਬਾਰੇ ਜਾਨਣ ਦੀ ਉਤਸੁਕਤਾ ਪੈਦਾ ਕਰਦਾ ਹੈ ਕਿ ਸੱਜਣ ਸਿੰਘ ਨੂੰ ਉਸ ਦਾ ਪੁੱਤਰ ਸਰਵਣ ਖੂੰਡਾ ਲੈ ਕੇ ਕਿਉਂ ਮਾਰਨ ਅਹੁਲਦਾ ਹੈ। ਆਪਣੇ ਪੁੱਤਰ ਨੂੰ ਗੁੱਸੇ ਵਿੱਚ ਭਖਦਾ ਦੇਖ ਕੇ ਉਸ ਨੂੰ ਆਪਣੀ ਸੱਜੀ ਲੱਤ ਦਾ ਫ਼ਿਕਰ ਕਿਉਂ ਪੈ ਜਾਂਦਾ ਹੈ। ਜਦੋਂ ਖਤਰਾ ਦੇਖਦਾ ਤਾਂ ਆਪਣੀਆਂ ਬਾਹਾਂ ਨੂੰ ਆਪਣੀ ਨਾਜ਼ੁਕ ਲੱਤ ਦੇ ਮੂਹਰੇ ਕਿਉਂ ਕਰ ਲੈਂਦਾ ਹੈ। ਪਾਠਕਾਂ ਲਈ ਇਹ ਤਰਸ ਦਾ ਪਾਤਰ ਬਣਦਾ ਹੈ। ਇਸ ਖਤਰੇ ਤੋਂ ਨਾਵਲ ਦਾ ਆਰੰਭ ਹੁੰਦਾ ਹੈ ਤੇ ਅਖੀਰ ਵਿੱਚ ਸੱਜਣ ਸਿੰਘ ਤਰੀਕ 'ਤੇ ਗਏ ਪੁੱਤਾਂ ਦੇ ਆਉਣ ਤੋਂ ਪਹਿਲਾਂ ਹੀ ਦੁਨੀਆ ਤੋਂ ਚਲਾ ਜਾਂਦਾ ਹੈ ਤੇ ਸੱਥਰ 'ਤੇ ਬੈਠੀਆਂ ਸੁਆਣੀਆਂ ਉਸ ਦੀ ਸੋਹਣੀ ਜ਼ਿੰਦਗੀ, ਬਿਲਕੁਲ ਠੀਕ, ਚੰਗਾ ਭਲਾ, ਰੱਜ ਕੇ ਸੇਵਾ ਤੇ ਭਾਗਾਂ ਵਾਲਾ ਵਰਗੇ ਲਫਜ਼ਾਂ ਨਾਲ ਯਾਦ ਕਰਦੀਆਂ ਹਨ। ਇਹ ਕਿਸੇ ਨੂੰ ਨਹੀਂ ਪਤਾ ਕਿ ਸੱਜਣ ਸਿੰਘ ਸੋਹਣੀ ਜ਼ਿੰਦਗੀ ਜੀ ਕੇ ਗਿਆ ਜਾਂ ਨਹੀਂ। ਸੱਜਣ ਸਿੰਘ ਨੇ ਕਦੀ ਵੀ ਆਪਣੀਆਂ ਨੂੰਹਾਂ ਨੂੰ ਇਸ ਗੱਲ ਦਾ ਉਲ੍ਹਾਮਾ ਨਹੀਂ ਦਿੱਤਾ। ਇਹੀ ਕਾਰਨ ਹੈ ਕਿ ਜਦੋਂ ਸਤਵੰਤ ਕੌਰ ਸਰਵਣ ਸਿੰਘ ਦੀ ਮਾੜੀ ਹਰਕਤ ਕਰਕੇ ਸਹੁਰੇ ਮੂਹਰੇ ਹੱਥ ਜੋੜ ਕੇ ਆਪਣੇ ਪਤੀ ਵੱਲੋਂ ਮਾਫੀ ਮੰਗਦੀ ਹੈ ਤਾਂ ਉਸ ਦੇ ਜੁੜੇ ਹੋਏ ਹੱਥਾਂ ਨੂੰ ਵੇਖ ਕੇ ਸੱਜਣ ਸਿੰਘ ਆਸ਼ੀਰਵਾਦ ਦੇਣ ਵਾਂਗ ਹੱਥ ਚੁੱਕਦਾ ਹੋਇਆ ਕਹਿੰਦਾ ਹੈ, ਕੋਈ ਨਹੀਂ ਪੁੱਤ, ਕੋਈ ਗੱਲ ਨਹੀਂ, ਤੇਰਾ ਕੀ ਦੋਸ਼ ਆ?' ਤੇ ਉਪਰ ਖਲਾਅ ਵੱਲ ਵੇਖਣ ਲੱਗ ਪਿਆ, ਜਿਵੇਂ ਰੱਬ ਨੂੰ ਕੋਈ ਉਲ੍ਹਾਮਾ ਦੇ ਰਿਹਾ ਹੋਵੇ। ਸੱਜਣ ਸਿੰਘ ਨੂੰ ਆਪਣੀਆਂ ਨੂੰਹਾਂ ਨਾਲ ਕੋਈ ਗ਼ਿਲਾ ਨਹੀਂ ਸੀ, ਸ਼ਿਕਾਇਤ ਸੀ ਤਾਂ ਆਪਣੇ ਮੁੰਡਿਆਂ ਨਾਲ, ਜੋ ਉਸ ਨੂੰ ਬਾਈ ਕਨਾਲਾਂ ਦੇ ਸਰਕਾਰ ਵੱਲੋਂ ਮਿਲੇ ਪੈਸਿਆਂ ਨੂੰ ਬਰਾਬਰ-ਬਰਾਬਰ ਵੰਡਣ ਦੇ ਹੱਕ ਵਿੱਚ ਨਹੀਂ ਸਨ। ਕੋਰਟ, ਕਚਹਿਰੀਆਂ ਦੀਆਂ ਤਰੀਕਾਂ ਭੁਗਤਣ ਵਿੱਚ ਭਾਵੇਂ ਸਾਰੇ ਪੈਸੇ ਖਤਮ ਹੋ ਜਾਣ। ਨਾਵਲ ਵਿਚਲਾ ਪਾਤਰ ਸੱਜਣ ਸਿੰਘ ਉਹਨਾਂ ਬਜ਼ੁਰਗ ਪਾਤਰਾਂ ਦੀ ਪ੍ਰਤੀਨਿਧਤਾ ਕਰਦਾ ਹੈ, ਜਿਨ੍ਹਾਂ ਨਾਲ ਸਮਾਜ ਵਿੱਚ ਅਣਮਨੁੱਖਾ ਵਾਪਰ ਰਿਹਾ ਹੈ। ਨਾਵਲ ਇਹ ਸਿੱਖਿਆ ਦਿੰਦਾ ਹੈ ਕਿ ਜੋ ਵੀ ਪਿਓ-ਦਾਦੇ ਦੀ ਸੰਪਤੀ ਹੈ, ਉਹਨਾਂ ਦੇ ਜਿਉਂਦਿਆਂ ਜੀ ਉਹਨਾਂ ਤੋਂ ਲੈਣਾ ਗਲਤ ਹੈ। ਉਹ ਤਾਂ ਸੱਜਣ ਸਿੰਘ ਵਰਗੇ ਬਾਪ ਖੁਦ ਹੀ ਸਾਰੇ ਬੱਚਿਆਂ ਵਿੱਚ ਵੰਡਣ ਦੇ ਚਾਹਵਾਨ ਹੁੰਦੇ ਹਨ। ਇਹ ਇਕ ਯਥਾਰਥਕ ਨਾਵਲ ਹੈ, ਜੋ ਅੱਜ ਦੇ ਸਮੇਂ ਦੀ ਸੱਚਾਈ ਨੂੰ ਪਾਠਕਾਂ ਦੇ ਰੂਬਰੂ ਕਰਦਾ ਹੈ। ਨਾਵਲਕਾਰ ਰਾਮ ਸਿੰਘ ਨੇ ਇਸ ਨਾਵਲ ਦੇ ਵੱਖ-ਵੱਖ ਹਿੱਸਿਆਂ ਵਿੱਚ ਪੂਰੀ ਕਹਾਣੀ ਨੂੰ ਪੇਸ਼ ਕਰਦੇ ਹੋਏ ਵੱਖ-ਵੱਖ ਪਾਤਰਾਂ ਦੇ ਕਿਰਦਾਰ ਨੂੰ ਵੀ ਪੇਸ਼ ਕੀਤਾ। ਜਿੱਥੇ ਨਾਵਲਕਾਰ ਨੇ ਉਨ੍ਹਾਂ ਦੇ ਪਹਿਰਾਵੇ ਦੀ ਗੱਲ ਕੀਤੀ ਹੈ, ਉੱਥੇ ਉਨ੍ਹਾਂ ਦੇ ਵੱਖ-ਵੱਖ ਸੁਭਾਵਾਂ ਬਾਰੇ ਵੀ ਦੱਸਿਆ। ਚੇਤਨਾ ਪ੍ਰਵਾਹ ਦੀ ਜੁਗਤ ਰਾਹੀਂ ਸੱਜਣ ਸਿੰਘ ਆਪਣੀ ਨਰਸ ਪੋਤੀ ਨਵਰੂਪ ਦੇ ਟੀਕਾ ਲਗਾਉਣ ਤੇ 'ਸੇਵਾ ਕਰਨ ਵਾਲੇ ਧੀਆਂ ਪੁੱਤ' ਲਫਜ਼ ਨੂੰ ਮਨ ਅੰਦਰ ਦੁਹਰਾਉਂਦਾ-ਦੁਹਰਾਉਂਦਾ ਅਤੀਤ ਵਿੱਚ ਜਾ ਵੜਦਾ, ਜਿੱਥੇ ਉਹ ਆਪਣੀ ਸਰਦਾਰਨੀ ਸੁਰਜੀਤ ਕੌਰ ਬਾਰੇ, ਵਿਸਾਖੀ ਦੇ ਤਿਉਹਾਰ ਬਾਰੇ, ਆਪਣੇ ਬੱਚਿਆਂ ਦੇ ਜਨਮ ਬਾਰੇ ਸੋਚਦਾ-ਸੋਚਦਾ ਕਿਤੇ ਦਾ ਕਿਤੇ ਨਿਕਲ ਜਾਂਦਾ ਹੈ। ਨਾਵਲ ਵਿੱਚ ਪ੍ਰਭਾਵ ਦੀ ਏਕਤਾ ਵੀ ਬਣੀ ਰਹਿੰਦੀ ਹੈ। ਜੇ ਸੱਜਣ ਸਿੰਘ ਤਰਸ ਦਾ ਪਾਤਰ ਬਣਦਾ ਹੈ ਤਾਂ ਉਸ ਸਮੇਂ ਕੁੱਲਰੱਖਣ ਸਿੰਘ ਦੇ ਉਪਰ ਤਰਸ ਆਉਂਦਾ ਹੈ, ਜਦੋਂ ਇੰਦਰ ਸਿੰਘ ਚਲਾਕੀ ਨਾਲ ਸਾਫ਼ ਕਾਗਜ਼ 'ਤੇ ਲਿਖ ਕੇ ਸੱਜਣ ਸਿੰਘ ਦਾ ਅੰਗੂਠਾ ਲਵਾ ਲੈਂਦਾ ਹੈ, ਮੈਂ ਪਿਛਲੇ ਦੋ ਮਹੀਨਿਆਂ ਤੋਂ ਆਪਣੇ ਸਭ ਤੋਂ ਛੋਟੇ ਪੁੱਤਰ ਦੇ ਘਰ ਰਹਿ ਰਿਹਾ ਹਾਂ। ਉਹ ਮੇਰਾ ਪੂਰਾ ਖ਼ਿਆਲ ਰੱਖ ਰਿਹਾ ਹੈ ਮੇਰੇ ਦਵਾ-ਦਾਰੂ 'ਤੇ ਜਿੰਨਾ ਵੀ ਖਰਚ ਹੁੰਦਾ ਹੈ, ਉਹ ਕਰ ਰਿਹਾ ਹੈ। ਉਹਦੀ ਆਪਣੀ ਘਰ ਗ੍ਰਹਿਸਤੀ ਵੀ ਹੈ। ਮੈਂ ਬੇਨਤੀ ਕਰਦਾ ਹਾਂ ਕਿ ਮੇਰੇ ਹਿੱਸੇ ਦੀ ਬਾਈ ਕਨਾਲਾਂ ਜ਼ਮੀਨ ਮੇਰੇ ਪੁੱਤਰ ਕੁੱਲਰੱਖਣ ਸਿੰਘ ਜੋ ਮੈਨੂੰ ਕੁੱਟਦਾ-ਮਾਰਦਾ ਰਿਹਾ ਹੈ, ਤੋਂ ਲੈ ਕੇ ਮੇਰੇ ਪੁੱਤਰ ਸਰਵਨ ਸਿੰਘ ਦੇ ਹਵਾਲੇ ਕੀਤੀ ਜਾਵੇ। ਹੁਣ ਮੈਂ ਇਹਦੇ ਨਾਲ ਹੀ ਰਹਿਣਾ ਚਾਹੁੰਦਾ ਹਾਂ। ਉਸ ਸਮੇਂ ਕੁੱਲਰੱਖਣ ਵੀ ਤਰਸ ਦਾ ਪਾਤਰ ਬਣਦਾ ਹੈ, ਜਦੋਂ ਪੰਚਾਇਤ 'ਚ ਪੜ੍ਹੀ ਗਈ ਇਸ ਇਬਾਰਤ ਨੂੰ ਸੁਣ ਕੇ ਉਹ ਆਪੇ ਤੋਂ ਬਾਹਰ ਹੋ ਜਾਂਦਾ ਹੈ ਤੇ ਘਰ ਆ ਕੇ ਬਾਪੂ ਵਾਲੀ ਬੈਠਕ ਵਿੱਚ ਹੀ ਉਸੇ ਦਾ ਬਿਸਤਰਾ ਵਿਛਾ ਕੇ ਲੰਮਾ ਪੈ ਜਾਂਦਾ ਹੈ ਤੇ ਕਿੰਨੀ ਦੇਰ ਪਾਸਾ ਵੱਟ ਕੇ ਰੋਂਦਾ ਰਹਿੰਦਾ ਹੈ। ਉਸ ਨੂੰ ਪਛਤਾਵਾ ਹੁੰਦਾ ਹੈ ਕਿ ਉਸ ਦੀ ਆਪਣੀ ਗਲਤੀ ਕਰਕੇ, ਲਾਲਚ ਕਰਕੇ ਉਸ ਦੇ ਸ਼ਰੀਫ ਬਾਪ ਨੂੰ ਕਸਾਈਆਂ ਦੇ ਹਵਾਲੇ ਕਰ ਦਿੱਤਾ ਗਿਆ। ਹੁਣ ਜੋ ਵੀ ਹੋ ਚੁੱਕਿਆ ਹੈ, ਉਹ ਉਸ ਨੂੰ ਉਲਟਾ ਨਹੀਂ ਸਕਦਾ। ਸੋ ਆਪਣੇ ਬਾਪ ਦੀ ਮੌਤ ਦਾ ਜ਼ਿੰਮੇਵਾਰ ਕੁੱਲਰੱਖਣ ਸਿੰਘ ਆਪਣੇ ਆਪ ਨੂੰ ਹੀ ਮੰਨਦਾ। ਕਈ ਥਾਈਂ ਨਾਵਲ ਬਹੁਤ ਹੀ ਭਾਵੁਕ ਕਰ ਦੇਣ ਵਾਲਾ ਹੁੰਦਾ ਹੈ। ਕਾਸ਼ ਕਿ ਇਸ ਪ੍ਰਕਾਰ ਦੇ ਨਾਵਲ ਅਗਲੀ ਪੀੜ੍ਹੀ ਦੇ ਅੰਦਰ ਬਜ਼ੁਰਗਾਂ ਪ੍ਰਤੀ ਤਰਸ ਦੀ ਭਾਵਨਾ ਪੈਦਾ ਕਰ ਸਕਣ ਤਾਂ ਕਿ ਉਹ ਘਰ, ਪਰਵਾਰ ਤੇ ਸਮਾਜ ਵਿੱਚ ਉਨ੍ਹਾਂ ਦਾ ਸਤਿਕਾਰ ਬਣਾਈ ਰੱਖਣ। ਬਹੁਤ ਵਧੀਆ ਨਾਵਲ ਹੈ, ਪੜ੍ਹਨ ਵਾਲਾ ਨਾਵਲ ਹੈ। ਇੱਕ ਚੰਗੇ ਉਦੇਸ਼ ਨਾਲ ਇਸ ਸੱਚਾਈ ਨੂੰ ਬਿਆਨ ਕਰਨ ਵਾਲੇ ਨਾਵਲਕਾਰ ਰਾਮ ਸਿੰਘ ਨੂੰ ਇਸ ਰਚਨਾ ਦੀਆਂ ਮੁਬਾਰਕਾਂ ਤੇ ਪੁਸਤਕ ਨੂੰ ਸਾਹਿਤ ਜਗਤ ਵਿੱਚ ਜੀ ਆਇਆਂ।

ਸੰਪਰਕ : 98555-95818

ਸਾਈਬਰ ਐਨਕਾਊਂਟਰ

ਅਸ਼ੋਕ ਕੁਮਾਰ /ਓ ਪੀ ਮਨੋਚਾ
ਅਨੁ. -ਹਰਜੋਤ/ਗੁਰਪ੍ਰੀਤ ਸਿੰਘ ਕਾਸ਼ਿਫ
ਪੰਨੇ-222, ਮੁੱਲ-399 ਰੁਪਏ
ਵ੍ਹਾਈਟ ਕਰੋਅ ਪਬਲਿਸ਼ਰਜ਼, ਰਣਜੀਤਗੜ੍ਹ ਬਾਂਦਰਾ

ਇਸ ਕਿਤਾਬ ਵਿਚ ਸਾਡੇ ਸਮਾਜ ਵਿਚ ਵਾਪਰ ਰਹੀਆਂ ਸਾਈਬਰ ਠੱਗੀਆਂ ਦੀਆਂ ਸੱਚੀਆਂ ਕਹਾਣੀਆਂ ਹਨ। ਠੱਗੀ ਕਿਵੇਂ ਵੱਜਦੀ ਹੈ। ਕੌਣ ਠੱਗੀ ਕਰਦਾ ਹੈ। ਠੱਗੀ ਵੱਜਣ ਵੇਲੇ ਠੱਗ ਲੋਕ ਬੰਦੇ ਦੀ ਮਾਨਸਿਕਤਾ ਕਿਵੇਂ ਬਦਲ ਕੇ ਰੱਖ ਦਿੰਦੇ ਹਨ। ਠੱਗੀ ਵੱਜਣ ਪਿਛੋਂ ਪਛਤਾਵਾ ਰਹਿ ਜਾਂਦਾ ਹੈ। ਫੇਰ ਸ਼ੁਰੂ ਹੁੰਦਾ ਹੈ ਪੁਲਸ ਦੀ ਤਫਤੀਸ਼ ਦਾ ਚੱਕਰ। ਲੰਮੀ ਤਫਤੀਸ਼ ਪਿੱਛੋਂ ਦੋਸ਼ੀ ਲੱਭ ਲਏ ਜਾਂਦੇ ਹਨ। ਸਜ਼ਾਵਾਂ ਹੁੰਦੀਆਂ ਹਨ ।ਕਿਸੇ ਕੇਸ ਵਿਚ ਪੈਸੇ ਦੀ ਰਿਕਵਰੀ ਹੋ ਜਾਂਦੀ ਹੈ, ਕਿਸੇ ਵਿਚ ਨਹੀਂ ਜਾਂ ਅੱਧ-ਅਧੂਰੀ।

ਠੱਗ ਦੋਸ਼ੀ ਕਿਵੇਂ ਲੱਭੇ ਜਾਂਦੇ ਹਨ? ਪੁਸਤਕ ਦੇ 12 ਕਾਂਡਾਂ ਵਿਚ ਸਨਸਨੀਖੇਜ਼ ਵਿਸਥਾਰ ਹੈ। ਕਿਤਾਬ ਮੁਢਲੇ ਰੂਪ ਵਿੱਚ ਅੰਗਰੇਜ਼ੀ ਵਿਚ ਲਿਖੀ ਗਈ ਹੈ ।ਪੰਜਾਬੀ ਵਿਚ ਕਿਤਾਬ ਦਾ ਅਨੁਵਾਦ ਕੀਤਾ ਗਿਆ ਹੈ । ਕਿਤਾਬ ਦੀ ਭੂਮਿਕਾ ਪ੍ਰਸਿੱਧ ਕਲਾਕਾਰ ਤੇ ਭਾਰਤੀ ਫਿਲਮਾਂ ਦੀ ਵੱਡੀ ਸ਼ਖਸੀਅਤ ਅਮਿਤਾਬ ਬੱਚਨ ਨੇ ਲਿਖੀ ਹੈ। ਇਹ ਦਾਸਤਾਨਾਂ ਪੜ੍ਹਨ ਨੂੰ ਬਹੁਤ ਦਿਲਚਸਪ ਹਨ। ਜਿਹੜਾ ਧਿਆਨ ਨਾਲ ਪੜ੍ਹ ਲਵੇ, ਉਹ ਕਿਸੇ ਤਰ੍ਹਾਂ ਦੀ ਠੱਗੀ ਦਾ ਸ਼ਿਕਾਰ ਨ੍ਹੀਂ ਹੋ ਸਕਦਾ । ਹਰੇਕ ਕਥਾਂ ਦੇ ਅਖੀਰ ਵਿਚ ਡੱਬੀ ਬਣਾ ਕੇ ਪਾਠਕਾਂ ਨੂੰ ਸਿੱਖਿਆ ਦਿੱਤੀ ਗਈ ਹੈ । ਵੱਡੀ ਗੱਲ ਤਾਂ ਇਹ ਹੈ ਕਿ ਲਾਲਚ ਬੰਦੇ ਨੂੰ ਡੋਬਦਾ ਹੈ, ਪਰ ਹੈਰਾਨੀ ਵਾਲੀ ਗੱਲ ਇਹ ਹੈ ਕਿ ਬੰਦੇ ਦੀ ਮਾਨਸਿਕਤਾ ਨੂੰ ਕਿਵੇਂ ਅਗਵਾ ਕਰ ਲਿਆ ਜਾਂਦਾ ਹੈ ਤੇ ਅਗਵਾ ਹੋਣ ਵਾਲੇ ਨੂੰ ਇਹ ਪਤਾ ਵੀ ਨਹੀਂ ਲਗਦਾ ਕਿ ਉਹ ਗਲਤ ਹੱਥਾਂ ਵਿਚ ਖੇਡ ਰਿਹਾ ਹੈ ।ਵਧੇਰੇ ਠੱਗੀਆਂ ਫੋਨ ਤੋਂ ਸ਼ੁਰੂ ਹੁੰਦੀਆਂ ਹਨ ।ਕਈ ਕਹਾਣੀਆਂ ਵਿਚ ਕੋਈ ਪਾਤਰ ਘਰੋਂ ਦੁਖੀ ਹੁੰਦਾ ਹੈ। ਕੋਈ ਕਿਸੇ ਆਰਥਿਕ ਸੰਕਟ ਵਿਚ ਹੈ ਤੇ ਕਿਸੇ ਨੂੰ ਪੈਸੇ ਦਾ ਲਾਲਚ ਹੈ । ਪੁਸਤਕ ਦੇ ਦੋਨੋਂ ਲੇਖਕ ਵੱਡੇ ਅਹਿਮ ਅਹੁਦਿਆਂ 'ਤੇ ਸੁਰੱਖਿਆ ਕਰਮੀ ਹਨ ।ਇਨ੍ਹਾਂ ਕੋਲ ਠੱਗੀਆਂ ਦੇ ਕੇਸ ਆਉਂਦੇ ਰਹੇ ਹਨ। ਉਨ੍ਹਾਂ ਦਾ ਹੀ ਸਿੱਟਾ ਇਹ ਕਿਤਾਬ ਹੈ । ਇਸ ਕਿਸਮ ਦੀ ਕਿਤਾਬ ਪੰਜਾਬੀ ਵਿਚ ਬਹੁਤ ਘੱਟ ਮਿਲਦੀ ਹੈ । ਸਰਕਾਰਾਂ ਦਾ ਵੀ ਇਧਰ ਘੱਟ ਹੀ ਧਿਆਨ ਹੈ ।

ਲੇਖਕਾਂ ਨੇ ਇਹ ਕਿਤਾਬ ਠੱਗੀਆਂ ਦੇ ਪੀੜਤਾਂ ਨੂੰ ਤੇ ਕਾਬਿਲ ਪੁਲਸ ਵਾਲਿਆਂ ਨੂੰ ਸਮਰਪਿਤ ਕੀਤੀ ਹੈ। ਕਿਤਾਬ ਵਿਚ ਇਕ ਠੱਗੀ ਸੈਕਸ ਸ਼ੋਸ਼ਣ ਨਾਲ ਸੰਬੰਧਤ ਹੈ। ਸਿਰਲੇਖ ਹੈ ਸੈਕਸੋਟਰੇਸ਼ਨ। ਇਹ ਗਾਥਾ ਫਿਲਮੀ ਕਹਾਣੀ ਵਰਗੀ ਹੈ । 35 ਸਾਲ ਦਾ ਲੱਕੀ ਇਸ ਵਿਚ ਸ਼ਿਕਾਰ ਹੁੰਦਾ ਹੈ। ਪਤਨੀ ਮਰ ਚੁੱਕੀ ਹੈ ।ਫੋਨ ਕਰਨ ਵਾਲੀ ਜ਼ੁਨੈਲਾ ਹੈ । ਦੋਨਾਂ ਵਿਚਕਾਰ ਪੂਰੀ ਜਾਣ-ਪਛਾਣ ਬਣਦੀ ਹੈ। ਗੱਲਬਾਤ ਵਿਚ ਅਸ਼ਲੀਲਤਾ ਤੇ ਰੁਮਾਂਸ ਹੈ । ਜਵਾਨ ਦਿਲ ਫੋਨ 'ਤੇ ਚੈਟਿੰਗ ਕਰਦੇ ਹਨ । ਲਗਾਤਾਰ ਫੋਨ ਲੱਕੀ ਨੂੰ ਆਉਂਦੇ ਹਨ ।ਉਹ ਪੂਰੀ ਤਰ੍ਹਾਂ ਜਾਲ ਵਿਚ ਫਸ ਜਾਂਦਾ ਹੈ । ਫੇਰ ਲੁੱਟ ਦਾ ਸਿਲਸਿਲਾ ਹੁੰਦਾ ਹੈ । ਜਾਅਲੀ ਬੈਂਕ ਖਾਤੇ ਕਿਵੇਂ ਖੁਲ੍ਹਦੇ ਹਨ, ਪੜ੍ਹ ਕੇ ਹੈਰਾਨੀ ਹੁੰਦੀ ਹੈ ।ਦੂਰ-ਦੁਰਾਡੇ ਦੇ ਇਲਾਕੇ ਹਨ, ਜਿੱਥੋਂ ਠੱਗੀ ਰੈਕਟ ਚੱਲਦਾ ਹੈ ।ਖਾਸ ਕਰਕੇ ਵੱਡੇ ਸੂਬੇ ਉਤਰਾਖੰਡ ਦੇ ਕੁਝ ਜ਼ਿਲ੍ਹੇ ਤੇ ਅਣਜਾਣ ਥਾਂਵਾਂ ਤੋਂ ਇਹ ਕੰਮ ਹੁੰਦਾ ਹੈ। ਪੁਲਸ ਇੰਸਪੈਕਟਰ ਮਿਲ ਕੇ ਸਾਰੀ ਸਥਿਤੀ ਦਾ ਜਾਇਜ਼ਾ ਲੈਂਦੇ ਹਨ ।ਫੇਰ ਜਿਸ ਥਾਂ ਦਾ ਪਤਾ ਲੱਗੇ, ਉਸ ਥਾਂ 'ਤੇ ਜਾ ਕੇ ਪੜਤਾਲ ਕੀਤੀ ਜਾਂਦੀ ਹੈ। 12 ਕਾਂਡਾਂ ਵਿਚ ਇਹ ਸਾਰਾ ਵੇਰਵਾ ਹੈ । ਕਿਤਾਬ ਦਾ ਇਹ ਮੁੱਖ ਕੰਟੈਂਟ ਹੈ।ਇਕ ਕਾਂਡ ਵਿਚ ਫਿਸ਼ਿੰਗ ਮਾਫੀਆ ਦਾ ਜ਼ਿਕਰ ਹੈ। ਇਸ ਗਾਥਾ ਵਿਚ ਉੱਤਰ ਪ੍ਰਦੇਸ਼ ਦਾ ਜ਼ਿਲ੍ਹਾ ਬਿਜਨੌਰ ਹੈ। ਜਾਲ੍ਹੀ ਏ ਟੀ ਐੱਮ, ਜਾਲ੍ਹੀ ਖਾਤੇ, ਜਾਲ੍ਹੀ ਖਾਤਾਕਾਰ ।ਜਾਲ੍ਹੀ ਮੈਨੇਜਰ ਜਾਲ੍ਹੀ ਪੁਲਸ ਕਰਮੀ ਇਹ ਸਭ ਕੁਝ ਇਸ ਧੰਦੇ ਵਿਚ ਹੈ। ਜ਼ਰਾ ਸੋਚੋ ਕਿੰਨਾ ਮੁਸ਼ਕਲ ਹੈ ਇਹੋ ਜਿਹੇ ਕੇਸਾਂ ਦਾ ਪਤਾ ਲਾਉਣਾ? ਇਕ ਕਾਂਡ ਵਿਚ ਠੱਗੀ ਮਾਰਨ ਦੀ ਪੂਰੀ ਸਿਖਲਾਈ ਦਿੱਤੀ ਗਈ ਹੈ। ਇਕ ਖਾਤੇ ਤੋਂ ਰਾਸ਼ੀ ਟਰਾਂਸਫਰ ਕੀਤੀ ਜਾਂਦੀ ਹੈ। ਇਹ ਧੰਦਾ ਹੋਰ ਵੀ ਪੇਚੀਦਾ ਹੈ, ਪਰ ਪੁਲਸ ਸਾਰਾ ਕੁਝ ਪਤਾ ਲਾਉਂਦੀ ਹੈ। ਇਹ ਜਾਨਣ ਲਈ ਕਿਤਾਬ ਪੜ੍ਹਨੀ ਜ਼ਰੂਰੀ ਹੈ। ਅਸਲ ਵਿੱਚ ਇਹ ਨਵੀਂ ਤਕਨੀਕ ਦੀਆਂ ਠੱਗੀਆਂ ਹਨ। ਅਜੋਕੇ ਸੋਸ਼ਲ ਮੀਡੀਆ ਦੇ ਯੁੱਗ ਦੀਆਂ ਨਵੀਆਂ ਠੱਗੀਆਂ ਦੇ ਨਵੇਂ ਢੰਗ-ਤਰੀਕੇ ਹਨ। ਜੋ ਕਿਤਾਬ ਵਿਚ ਵਿਖਾਏ ਹਨ। ਸਾਡੀ ਨੌਜਵਾਨ ਪੀੜ੍ਹੀ ਸੋਸ਼ਲ ਮੀਡੀਆ ਵਿਚ ਵਧੇਰੇ ਗਲਤਾਨ ਹੋ ਗਈ ਹੈ। ਹੁਣ ਤਾਂ ਸਾਡੇ ਬੱਚੇ ਵੀ ਇਸ ਦਾ ਸ਼ਿਕਾਰ ਹਨ ।ਇਹ ਸਭ ਸਮਾਜ ਦਾ ਗਲਤ ਵਰਤਾਰਾ ਹੈ, ਜਿਸ ਤੋਂ ਕਿਤਾਬ ਸਾਨੂੰ ਚੌਕਸ ਕਰਦੀ ਹੈ ।ਇੰਟਰਨੈੱਟ ਦੇ ਇਸ਼ਤਿਹਾਰਾਂ ਵੱਲ ਧਿਆਨ ਨਾ ਦਿਓ। ਕਿਸੇ ਘੁਟਾਲੇ ਦੀ ਧਿਰ ਨਾ ਬਣੋ। ਕਿਸੇ ਵੀ ਲੈਣ-ਦੇਣ ਵਿਚ ਕਦੇ ਵੀ ਕਾਹਲੀ ਨਾ ਕਰੋ ।ਕਿਸੇ ਨੇੜਲੇ ਬੰਦੇ ਦੀ ਸਲਾਹ ਜ਼ਰੂਰ ਲਵੋ। ਕਾਹਲੀ ਨਾਲ ਕਿਸੇ ਫੋਨ ਦਾ ਨਾ ਕੋਈ ਉੱਤਰ ਦਿਓ, ਨਾ ਹੀ ਕਾਹਲੀ ਨਾਲ ਕਿਸੇ ਦੇ ਖਾਤੇ ਵਿਚ ਪੈਸਾ ਟਰਾਂਸਫਰ ਕਰੋ। ਕਿਸੇ ਆਨ ਲਾਈਨ ਕੰਪਨੀ ਨਾਲ ਵਿਉਪਾਰਕ ਸਾਂਝ ਨਾ ਪਾਓ ।ਜੇ ਜ਼ਰੂਰੀ ਹੋਵੇ ਤਾਂ ਕੰਪਨੀ ਬਾਰੇ ਪੂਰੀ ਜਾਣਕਾਰੀ ਲਵੋ । ਜੇ ਤਕਨਾਲੋਜੀ ਦੀ ਜਾਣਕਾਰੀ ਨਾ ਹੋਵੇ ਤਾਂ ਇਸ ਤਰ੍ਹਾਂ ਦੇ ਚੱਕਰ ਤੋਂ ਦੂਰ ਰਹੋ । ਕਿਤਾਬ ਵਿਚ ਇਕ ਕਤੂਰਾ ਲੈਣ ਦੇ ਨਾਂਅ 'ਤੇ ਠੱਗੀ ਪੜ੍ਹਨ ਵਾਲੀ ਹੈ । ਕਤੂਰਾ ਹੀ ਹਜ਼ਾਰਾਂ ਰੁਪਏ ਵਿਚ ਪੈ ਗਿਆ। ਕਰੋੜਪਤੀ ਬਣਨ ਦਾ ਸੁਪਨਾ ਕਿਵੇਂ ਮਹਿੰਗਾ ਪਿਆ । ਕਾਂਡ 12ਵਾਂ ਇਸ ਬਾਰੇ ਹੈ। ਵਿਦੇਸ਼ੀ ਕੰਪਨੀਆਂ ਦੀ ਲੁੱਟ, ਫਰਜ਼ੀ ਕਾਲ ਸੈਂਟਰ ਠੱਗਾਂ ਦੀ ਕਾਢ, ਪਲਾਸਟਿਕ ਮਨੀ, ਧਾਰਮਿਕ ਯਾਤਰਾ ਦੇ ਨਾਂਅ 'ਤੇ ਠੱਗੀ, ਝੂਠੇ ਪੁਲਸ ਅਫਸਰ ਬਣ ਕੇ ਫੋਨ ਕਰਨੇ, ਭਾਸ਼ਾ ਵਿਚ ਤਿੱਖੇ ਮੋੜ ਰੱਖਣੇ, ਗੱਲਬਾਤ ਨੂੰ ਟੁੱਟਣ ਨਾ ਦੇਣਾ, ਅੱਗੇ ਦੀ ਅੱਗੇ ਵਧਾਈ ਜਾਣਾ ਤੇ ਹੋਰ ਬਹੁਤ ਕੁਝ ਕਿਤਾਬ ਵਿਚ ਹੈ।

—ਪ੍ਰਿੰ. ਗੁਰਮੀਤ ਸਿੰਘ ਫਾਜ਼ਿਲਕਾ
ਸੰਪਰਕ-98148-56160

ਪੁਸਤਕ ਰੀਵਿਊ

ਜ਼ਿੰਦਗੀ ਸਮਝੋਂ ਬਾਹਰ

(ਕਾਵਿ ਸੰਗ੍ਰਹਿ)
ਜਗਜੀਤ ਸਿੰਘ ਧਾਲੀਵਾਲ
ਪੰਨੇ-143, ਮੁੱਲ-299 ਰੁਪਏ
ਤਰਕ ਭਾਰਤੀ ਪ੍ਰਕਾਸ਼ਨ, ਬਰਨਾਲਾ

'ਜ਼ਿੰਦਗੀ ਸਮਝੋਂ ਬਾਹਰ' ਜਗਜੀਤ ਸਿੰਘ ਧਾਲੀਵਾਲ (ਝੱਲਾ ਜਗਤ ਲਿਖਾਰੀ) ਦਾ ਪਹਿਲਾ ਕਾਵਿ ਸੰਗ੍ਰਹਿ ਹੈ। ਇਸ ਕਾਵਿ ਸੰਗ੍ਰਹਿ ਵਿੱਚ ਉਸ ਨੇ 68 ਕਵਿਤਾਵਾਂ ਨੂੰ ਸ਼ਾਮਲ ਕੀਤਾ ਹੈ । ਇਸ ਕਾਵਿ ਸੰਗ੍ਰਹਿ ਵਿੱਚ ਉਸ ਦੇ ਕਵਿਤਾ ਦੇ ਰੂਪਕ ਅਤੇ ਵਸਤੂ ਪੱਖ ਬਾਰੇ ਪਲੇਠੇ ਅਨੁਭਵ ਹਨ। ਜਿਸ ਵਿੱਚ ਉਸ ਨੇ ਜ਼ਿੰਦਗੀ ਦੀਆਂ ਦੁਸ਼ਵਾਰੀਆਂ ਪ੍ਰਤੀ ਆਪਣਾ ਭਾਵੁਕ ਅਨੁਭਵ ਪੇਸ਼ ਕੀਤਾ ਹੈ। ਆਪਣੇ ਕਾਵਿਕ ਤੁਕਾਂਤ ਵਿਚ ਉਸ ਨੇ ਸਮਾਜ ,ਪਰਿਵਾਰ ਰਿਸ਼ਤੇ ਨਾਤੇ, ਸਾਕ ਸਕੀਰੀਆਂ ਅਤੇ ਦੋਸਤੀ ਨੂੰ ਵਸਤੂ ਵਜੋਂ ਚੁਣਿਆ ਹੈ। ਕੁਦਰਤ ਅਤੇ ਪੰਜਾਬ ਇਸ ਕਵਿਤਾ ਵਿੱਚ ਫ਼ਿਕਰ ਲੁਕਿਆ ਹੋਇਆ ਹੈ। ਪੰਜਾਬੀ ਦੀ ਮੌਜੂਦਾ ਸਥਿਤੀ ਉਸ ਨੂੰ ਭਾਵੁਕ ਬੋਲਾਂ ਵਿੱਚੋਂ ਕੱਢ ਕੇ ਗੰਭੀਰਤਾ ਵੱਲ ਲੈ ਤੁਰਦੀ ਹੈ। ਜੀਵਨ ਦੀ ਨਾਸ਼ਮਾਨਤਾ ਪ੍ਰਤੀ ਉਹ ਸੁਚੇਤ ਹੈ। ਦੁਨਿਆਵੀ ਜੀਵਨ ਦੇ ਹਰ ਖੇਤਰ ਵਿੱਚ ਅਬਰਾਬਰਤਾ ਲਈ ਉਹ ਰੱਬ ਨੂੰ ਸਵਾਲ ਵੀ ਕਰਦਾ ਹੈ। ਕਵੀ ਪਰਵਾਰਾਂ ਦੀ ਖੰਡਤ ਅਵਸਥਾ ਕਾਰਨ ਨਿਰਾਸ਼ ਹੈ । ਉਹ ਸਾਂਝੇ ਪਰਵਾਰਾਂ ਵਿੱਚ ਹੀ ਰਿਸ਼ਤਿਆਂ ਦੇ ਨਿੱਘ ਨੂੰ ਮਹਿਸੂਸ ਕਰਦਾ ਹੈ। ਕਵੀ ਆਪਣੇ ਨਿੱਕੇ ਨਿੱਕੇ ਅਹਿਸਾਸਾਂ ਨਾਲ ਮਨੁੱਖੀ ਮਨ ਅੰਦਰ ਪੈਦਾ ਹੋਈ ਨਫ਼ਰਤ ਨੂੰ ਦੂਰ ਕਰਨਾ ਲੋਚਦਾ ਹੈ। ਇਸ ਮੁਹੱਬਤ ਦੀ ਸਰਜ਼ਮੀਨ 'ਤੇ ਪਿਆਰ ਦੀਆਂ ਬੂੰਦਾਂ ਦੀ ਕਿਣਮਿਣ ਦੇ ਬਰਸਣ ਦੀ ਉਮੀਦ ਰੱਖਦਾ ਹੈ। ਇਹ ਪੁਸਤਕ ਵਿੱਚ ਕਵੀ ਪਹਿਲਾਂ ਪੁਸਤਕ ਦੇ ਦੇ ਖੱਬੇ ਪੰਨੇ ਤੇ ਆਪਣੀ ਕਵਿਤਾ ਇੰਦਰਾਜ਼ ਕਰਦਾ ਹੈ ਤੇ ਸੱਜੇ ਪੰਨੇ 'ਤੇ ਉਸੇ ਕਵਿਤਾ ਦੀ ਆਪ ਹੀ ਵਿਆਖਿਆ ਕਰ ਰਿਹਾ ਹੈ, ਜੋ ਪੁਸਤਕ ਪ੍ਰਕਾਸ਼ਨਾ ਦੇ ਇਤਿਹਾਸ ਵਿੱਚ ਪਹਿਲਾਂ ਕਦੇ ਨਹੀਂ ਵੇਖਿਆ ਗਿਆ। ਕਵੀ ਹੋਰ ਪੜ੍ਹੇ, ਹੋਰ ਵਧੀਆ ਲਿਖੇ, ਇਸ ਉਮੀਦ ਨਾਲ ਇਸ ਕਾਵਿ ਸੰਗ੍ਰਹਿ ਦਾ ਸਵਾਗਤ ਹੈ।

- ਰਾਮਪਾਲ ਸ਼ਾਹਪੁਰੀ

ਜ਼ਫਰਨਾਮਾ

ਜਿੱਤ ਦੀ ਚਿੱਠੀ, ਪਾਤਸ਼ਾਹੀ 10ਵੀਂ
ਅਨੁਵਾਦਕ ਤੇ ਸੰਪਾਦਕ : ਰਘਵੀਰ ਸਿੰਘ
ਪੰਨੇ : 225, ਮੁੱਲ : 395 ਰੁਪਏ
ਲੋਕਗੀਤ ਪਬਲੀਕੇਸ਼ਨ, ਮੁਹਾਲੀ

ਹਥਲੀ ਪੁਸਤਕ ਰਘਵੀਰ ਸਿੰਘ ਦੁਆਰਾ ਅਨੁਵਾਦ ਅਤੇ ਸੰਪਾਦਤ ਕੀਤੀ ਗਈ ਹੈ, ਜਿਸ ਵਿਚ ਦਸਵੇਂ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਵੱਲੋਂ ਔਰੰਗਜ਼ੇਬ ਨੂੰ ਭੇਜਿਆ ਗਿਆ ਪੱਤਰ ਹੈ। ਅਨੁਵਾਦਕ ਦੀਆਂ ਪਹਿਲਾਂ ਦੋ ਕਾਵਿ ਪੁਸਤਕਾਂ ਪ੍ਰਕਾਸ਼ਿਤ ਹੋ ਚੁੱਕੀਆਂ ਹਨ। ਜਿਸ ਵਿਚ ਦੂਜੀ ਪੁਸਤਕ ਵੀ ਗੁਰੂ ਗੋਬਿੰਦ ਸਿੰਘ ਜੀ ਦੀ ਮਹਿਮਾਂ ਵਿਚ ਲਿਖੀ ਗਈ ਹੈ। ਬੰਦੀ ਸਿੰਘਾਂ ਦੀ ਰਿਹਾਈ ਨੂੰ ਸਮਰਪਿਤ ਇਸ ਪੁਸਤਕ ਵਿਚ ਬਾਰਾਂ ਹਿਕਾਇਤਾਂ ਸ਼ਾਮਲ ਹਨ।

ਉਂਜ ਤਾਂ ਜ਼ਫਰਨਾਮੇ ਸੰਬੰਧੀ ਬਹੁਤ ਸਾਰੇ ਵਿਦਵਾਨਾਂ ਨੇ ਪੁਸਤਕਾਂ ਪ੍ਰਕਾਸ਼ਿਤ ਕਰਵਾਈਆਂ ਹਨ, ਪਰ ਇਸ ਪੁਸਤਕ ਵਿਚ ਰਘਵੀਰ ਸਿੰਘ ਨੇ ਜਿੱਥੇ ਜ਼ਫਰਨਾਮਾ ਦਾ ਅਨੁਵਾਦ ਕੀਤਾ ਹੈ, ਉਥੇ ਸੰਪਾਦਨਾ ਵੀ ਕੀਤੀ ਹੈ। ਸੰਪਾਦਨਾ ਵਿਚ ਤਾਂ ਸੰਪਾਦਕ ਵੱਲੋਂ ਵੱਖ-ਵੱਖ ਵਿਦਵਾਨਾਂ ਦੇ ਆਪਣੇ-ਆਪਣੇ ਵਿਚਾਰ ਇਕੱਤਰ ਕਰਨੇ ਹੁੰਦੇ ਹਨ, ਪਰ ਹਥਲੀ ਪੁਸਤਕ ਵਿਚ ਸੰਬੰਧਤ ਰਚਨਾਕਾਰ ਆਪ ਹੀ ਸੰਪਾਦਕ ਬਣਦਾ ਹੈ। ਪੁਸਤਕ ਵਿਚ ਔਰੰਗਜ਼ੇਬ ਨੂੰ ਉਸ ਦੀਆਂ ਕਰਤੂਤਾਂ ਇਸ ਜ਼ਫਰਨਾਮਾ ਵਿਚ ਗੁਰੂ ਜੀ ਯਾਦ ਕਰਵਾਉਂਦੇ ਹਨ। ਔਰੰਗਜ਼ੇਬ ਦੇ ਫੌਜਦਾਰਾਂ ਵੱਲੋਂ ਕਸਮ ਖਾਧੀ ਸੀ ਕਿ ਗੁਰੂ ਜੀ ਆਨੰਦਪੁਰ ਸਾਹਿਬ ਛੱਡਣ ਤੇ ਕੁਝ ਨਾ ਕਹਿਣ ਦੀ ਗੱਲ ਕਹੀ ਸੀ, ਫਿਰ ਹਮਲਾ ਕਰਨਾ ਜਾਇਜ਼ ਨਹੀਂ ਸੀ। ਦੂਜੀ ਕਹਾਣੀ ਵਿਚ ਧਰਮ ਦਾ ਰਾਜ ਕਮਾਉਣ, ਜ਼ੁਲਮ ਦਾ ਰਾਜ ਕਮਾਉਣ ਵਿਚ ਬਹੁਤ ਅੰਤਰ ਦੱਸਿਆ ਗਿਆ ਹੈ। ਪੁਸਤਕ ਵਿਚ ਵਚਨ ਕਮਾਉਣ ਅਤੇ ਮਹੱਤਵ ਬਾਰੇ ਜਾਣਕਾਰੀ ਦਿੱਤੀ ਗਈ ਹੈ। ਕਿਸੇ ਕੰਮ ਲਈ ਸਹੁੰ ਖਾਣੀ ਜਾਂ ਜ਼ੁਬਾਨ ਕਰਨੀ ਹੋਵੇ ਤਾਂ ਉਸ ਨੂੰ ਪੂਰਾ ਕਰਨਾ ਚਾਹੀਦਾ ਹੈ। ਪੁਸਤਕ ਵਿਚ ਜਿੱਥੇ ਜ਼ਫ਼ਰਨਾਮਾ ਦਾ ਅਨੁਵਾਦ ਕਾਵਿ ਰੂਪ ਵਿਚ ਕੀਤਾ ਗਿਆ ਹੈ, ਉੱਥੇ ਬਹੁਤ ਸਾਰੀਆਂ ਉਦਾਹਰਨਾਂ ਵੀ ਦਿੱਤੀਆਂ ਗਈਆਂ ਹਨ।

ਹਿਕਾਇਤ ਛੇਵੀਂ ਵਿਚ ਅਨੁਵਾਦਕ ਦੱਸਦਾ ਹੈ ਕਿ ਸਤਿਗੁਰਾਂ ਨੇ ਦੱਸਿਆ ਕਿ ਸਹੀ ਇਨਸਾਨ ਵੱਲੋਂ ਬੋਲਿਆ ਇੱਕ ਝੂਠ ਵੀ ਉਸ ਦੇ ਮਨ ਦਾ ਭਾਰ ਬਣ ਜਾਂਦਾ ਹੈ। ਉਹ ਇਸ ਇਕ ਝੂਠ ਲਈ ਵੀ ਵਾਹਿਗੁਰੂ ਅੱਗੇ ਮੁਆਫੀ ਲਈ ਜੋਦੜੀ ਕਰਦਾ ਰਹਿੰਦਾ ਹੈ, ਪਰ ਔਰੰਗਜ਼ੇਬ ਤੇਰਾ ਹਿਸਾਬ ਸਮਝ ਤੋਂ ਪਰੇ ਹੈ। ਤੇਰੇ ਸਿਰ ਪਾਪਾਂ ਦੀ ਪੰਡ ਹੈ, ਪਰ ਤੈਨੂੰ ਇਲਮ ਹੀ ਨਹੀਂ। ਜ਼ਫਰਨਾਮੇ ਵਿਚ ਲਿਖੀਆਂ ਹਿਕਾਇਤਾਂ ਪੜ੍ਹ ਕੇ ਸਾਨੂੰ ਖੁਦ ਨੂੰ ਵੀ ਸ਼ੀਸ਼ੇ ਵਿਚ ਖੜ੍ਹਾਉਣਾ ਪਵੇਗਾ ਕਿ ਕਿਧਰੇ ਅਸੀਂ ਨਾਮ ਧਰੀਕ ਸਿੱਖ ਹੀ ਤਾਂ ਨਹੀਂ? ਪੁਸਤਕ ਵਿਚ ਮੁਗ਼ਲ ਹਾਕਮ ਔਰੰਗਜ਼ੇਬ ਨੂੰ ਰਾਜ ਕਮਾਉਣ ਦਾ ਢੰਗ-ਤਰੀਕਾ ਦੱਸਿਆ ਗਿਆ ਹੈ, ਜਿਵੇਂ ਕਿ ਲੋਕ ਭਲਾਈ ਰਾਜ ਕਿਵੇਂ ਕਰਨਾ ਹੈ, ਆਪਣੇ ਗੁਨਾਹਾਂ ਦਾ ਗਿਆਨ ਹੋਣਾ ਚਾਹੀਦਾ ਹੈ, ਨਿਰਦੋਸ਼ਾਂ ਦਾ ਖ਼ੂਨ ਨਹੀਂ ਵਹਾਉਣਾ ਚਾਹੀਦਾ ਅਤੇ ਰੱਬ ਦੀ ਰਜ਼ਾ ਵਿੱਚ ਰਹਿਣਾ ਚਾਹੀਦਾ ਹੈ, ਇਤਿਆਦ।

ਅੱਠਵੀਂ ਹਿਕਾਇਤ ਵਿਚ ਸੱਚ ਦੇ ਸਨਮੁੱਖ ਹੁੰਦੀਆਂ ਇਹ ਸੱਚਾਈ ਬਿਆਨ ਕੀਤੀ ਗਈ ਹੈ ਕਿ ਸੰਸਾਰ ਵਿਚ ਕੋਈ ਵੀ ਸਥਾਈ ਨਹੀਂ ਹੈ। ਜਿਹੜਾ ਮਨੁੱਖ ਆਇਆ ਹੈ, ਉਸ ਨੂੰ ਸੰਸਾਰ ਛੱਡ ਕੇ ਜਾਣਾ ਹੀ ਪੈਣਾ ਹੈ। ਪੁਸਤਕ ਵਿਚ ਕੁਝ ਹਸਤੀਆਂ ਦੇ ਨਾਂਅ ਵੀ ਸ਼ਾਮਲ ਕੀਤੇ ਗਏ ਹਨ ਜਿਵੇਂ ਕਿ ਕੈ ਖੁਸਰੋ, ਜਾਮਜਸ, ਆਦਮ, ਮੁਹੰਮਦ ਸਾਹਿਬ, ਫਰੇਦੂ, ਸਿਕੰਦਰ, ਸ਼ੇਰ ਸ਼ਾਹ, ਤੈਮੂਰ ਆਦਿ। ਇਹਨਾਂ ਬਾਰੇ ਸੰਖੇਪ ਜਾਣਕਾਰੀ ਦਿੱਤੀ ਗਈ ਹੈ। ਦਸਵੀਂ ਹਿਕਾਇਤ ਵਿਚ ਸਰਬ ਸ਼ਕਤੀਮਾਨ ਪਰਮਾਤਮਾ ਬਾਰੇ ਜ਼ਿਕਰ ਕੀਤਾ ਹੈ ਕਿ ਵਾਹਿਗੁਰੂ ਸਦਾ ਹੀ ਇਕ ਹੈ। ਇਹ ਸਾਰਾ ਪਾਸਾਰਾ ਉਸ ਹੀ ਅਕਾਲ ਪੁਰਖ ਦਾ ਹੈ। ਉਸ ਦਾ ਕੋਈ ਮੁਕਾਬਲਾ ਨਹੀਂ ਕਰ ਸਕਦਾ। ਉਹ ਇਕ ਅਜਿਹੀ ਸ਼ਕਤੀ ਹੈ, ਜਿਸ ਨੇ ਜੰਮਣਾ, ਮਾਰਨਾ, ਜਿੱਤਣਾ ਜਾਂ ਹਰਨਾ ਨਹੀਂ ਹੈ। ਪੁਸਤਕ ਦੀ ਆਖਰੀ ਤੇ ਬਾਰ੍ਹਵੀਂ ਹਿਕਾਇਤ ਵਿਚ ਲਿਖਿਆ ਹੋਇਆ ਹੈ ਕਿ ਇਹ ਜਿੱਤ ਦੀ ਚਿੱਠੀ ਪੜ੍ਹ ਕੇ ਔਰੰਗਜ਼ੇਬ ਖਾਮੋਸ਼ੀ ਦੇ ਦਰਿਆ ਵਿੱਚ ਉਤਰ ਗਿਆ। ਉਹ ਨਾ ਕੁਝ ਬੋਲਣ ਜੋਗਾ ਰਿਹਾ, ਨਾ ਤੁਰਨ ਜੋਗਾ। ਇਹ ਚਿੱਠੀ ਭਾਈ ਦਇਆ ਸਿੰਘ ਰਾਹੀਂ ਭੇਜੀ ਗਈ ਸੀ।ਇਸ ਪੁਸਤਕ ਦੇ ਅਨੁਵਾਦਕ ਅਤੇ ਸੰਪਾਦਕ ਨੇ ਰਚਨਾ ਪੂਰੀ ਕਰਨ ਵਿਚ ਬਹੁਤ ਮਿਹਨਤ ਕੀਤੀ ਪ੍ਰਤੀਤ ਹੁੰਦੀ ਹੈ। ਇਸ ਲਈ ਇਹ ਅਨੁਵਾਦਕ ਅਤੇ ਸੰਪਾਦਕ ਵਧਾਈ ਦਾ ਪਾਤਰ ਹੈ।

— ਤੇਜਿੰਦਰ ਚੰਡਿਹੋਕ

ਸਤਨਾਮ ਚਾਨਾ ਦੀ ਕਿਤਾਬ 'ਸੰਵੇਦਨਾ ਤੋਂ ਗੂੰਗੇ ਵਿਰਲਾਪ ਤੱਕ' 'ਤੇ ਵਿਚਾਰ-ਚਰਚਾ

ਚੰਡੀਗੜ੍ਹ : ਸਾਹਿਤ ਚਿੰਤਨ ਚੰਡੀਗੜ੍ਹ ਵੱਲੋਂ ਸਤਨਾਮ ਚਾਨਾ ਦੀ ਨਵੀਂ ਕਿਤਾਬ 'ਸੰਵੇਦਨਾ ਤੋਂ ਗੂੰਗੇ ਵਿਰਲਾਪ ਤੱਕ: ਗਿਆਨ ਦੇ ਉਧਾਲੇ ਦੀ ਇਤਿਹਾਸ ਰੇਖਾ' 'ਤੇ ਚਰਚਾ ਕਰਵਾਈ ਗਈ। ਚਰਚਾ ਕਰਦਿਆਂ ਸ੍ਰੀ ਕੰਵਲਜੀਤ ਸਿੰਘ ਨੇ ਕਿਹਾ ਕਿ ਅੱਜ ਮੁਲਕ ਵਿੱਚ ਪੁਰਾਤਨ ਭਾਰਤੀ ਗਿਆਨ ਪਰੰਪਰਾ ਤੇ ਬ੍ਰਾਹਮਣਵਾਦ ਦਾ ਸ਼ੋਰ ਹੈ। ਸਰਬ ਸਾਂਝੇ ਗਿਆਨ ਉੱਤੇ ਕਬਜ਼ਾ ਕਰਨ ਦੀ ਪ੍ਰਵਿਰਤੀ ਭਾਰੂ ਹੈ। ਸ਼ੂਦਰਾਂ ਨੂੰ ਗਿਆਨ ਤੋਂ ਵਾਂਝਾ ਕਰਨ ਲਈ ਉਨ੍ਹਾਂ ਦੇ ਕੰਨਾਂ ਵਿੱਚ ਸਿੱਕਾ ਢਾਲ ਕੇ ਪਾ ਦਿੱਤਾ ਜਾਂਦਾ ਸੀ। ਚੇਤਨਾ ਤੇ ਆਤਮਾ ਇਕੱਠੇ ਨਹੀਂ ਚੱਲ ਸਕਦੇ। ਕੇਵਲ ਇੱਕ ਧਾਰਮਿਕ ਫ਼ਿਰਕੇ ਦੇ ਅਧਿਆਤਮ ਦੀ ਪ੍ਰਭੂਸੱਤਾ ਨੂੰ ਸਥਾਪਤ ਕਰਨ ਦਾ ਯਤਨ ਕੀਤਾ ਜਾ ਰਿਹਾ ਹੈ। ਗਿਆਨ ਦੇ ਉਧਾਲੇ ਨੂੰ ਦੇਸ਼ ਭਗਤੀ ਕਿਹਾ ਜਾ ਰਿਹਾ ਹੈ। ਚਾਰਵਾਕ ਤੇ ਬੋਧੀਆਂ ਉਪਰ ਹਮਲੇ ਕੀਤੇ ਗਏ। ਸੰਸਥਾਗਤ ਧਰਮ ਆਪਣਾ ਅੰਧ-ਵਿਸ਼ਵਾਸ ਦੂਜਿਆਂ ਉਪਰ ਥੋਪਦਾ ਹੈ।ਡਾ. ਜਸਪਾਲ ਸਿੰਘ ਨੇ ਬਹਿਸ ਸ਼ੁਰੂ ਕਰਦਿਆਂ ਕਿਹਾ ਕਿ ਸਾਰੀ ਵਰਕਿੰਗ ਕਲਾਸ ਪਰੋਲੇਤਾਰੀ ਨਹੀਂ ਹੁੰਦੀ। ਚੇਤੰਨ, ਸੰਗਠਤ ਤੇ ਸੰਘਰਸ਼ੀ ਜਨ ਸਮੂਹ ਹੀ ਬਦਲਾਅ ਲਈ ਕੰਮ ਕਰਦੇ ਹਨ। ਪ੍ਰਿੰਟਿੰਗ ਪ੍ਰੈੱਸ ਦੇ ਆਉਣ ਨਾਲ ਗਿਆਨ ਨਿੱਜੀ ਨਹੀਂ ਰਿਹਾ, ਇਸ ਦਾ ਜਮਹੂਰੀਕਰਨ ਹੋ ਗਿਆ ਹੈ।

ਅਭੈ ਸਿੰਘ ਨੇ ਕਿਹਾ ਕਿ ਪੂੰਜੀ ਤੇ ਮਜ਼ਦੂਰ ਦਾ ਆਪਸੀ ਵਿਰੋਧ ਵਾਲਾ ਰਿਸ਼ਤਾ ਹੈ। ਜਸਵੰਤ ਸਿੰਘ ਨੇ ਕਿਹਾ ਕਿ ਗਿਆਨ ਗਿਰੋਹ ਦਾ ਉਦੇਸ਼ ਕੇਵਲ ਮੁਨਾਫ਼ਾ ਕਮਾਉਣਾ ਹੈ।ਜੈਪਾਲ ਨੇ ਕਿਹਾ ਕਿ ਇਹ ਵਿਗਿਆਨ ਦੀ ਕਿਤਾਬ ਹੈ। ਅਮਰਜੀਤ ਸਿੰਘ ਅਰਪਨ ਨੇ ਕਿਹਾ ਕਿ ਕੁਆਂਟਿਮ ਫਿਜਿਕਸ ਦੇ ਵਿਕਸਤ ਹੋਣ ਨਾਲ ਨਵੇਂ ਢੰਗ ਨਾਲ ਸੋਚਣਾ ਪਵੇਗਾ।ਪਰਮਿੰਦਰ ਸਿੰਘ ਗਿੱਲ ਨੇ ਕਿਹਾ ਕਿ ਗਿਆਨ ਤੇ ਔਜ਼ਾਰ ਦਾ ਰਿਸ਼ਤਾ ਬੜਾ ਗੂੜ੍ਹਾ ਹੈ।ਸਤਨਾਮ ਚਾਨਾ ਨੇ ਸਰੋਤਿਆਂ ਦੇ ਸਨਮੁਖ ਹੁੰਦਿਆਂ ਕਿਹਾ ਕਿ ਹਰ ਜੀਵ ਕਿਸੇ ਦੂਜੇ ਦੀ ਖੁਰਾਕ ਹੈ। ਜਿਨ੍ਹਾਂ ਨੇ ਮਾਫੀਆਂ ਮੰਗੀਆਂ ਤੇ ਆਜ਼ਾਦੀ ਲਈ ਕੋਈ ਸੰਘਰਸ਼ ਨਹੀਂ ਕੀਤਾ, ਉਨ੍ਹਾਂ ਨੇ ਇੱਕ ਸਦੀ ਲੋਕ-ਮਾਨਸਿਕਤਾ ਉਤੇ ਗਲਬੇ ਦਾ ਕੰਮ ਕੀਤਾ ਹੈ। ਸਾਨੂੰ ਆਪਣੇ ਆਸ਼ੇ ਤੇ ਉਦੇਸ਼ ਦੀ ਪੂਰਤੀ ਲਈ ਚੰਗੇ ਸਮਾਜ ਦੀ ਸਿਰਜਣਾ ਦਾ ਕੰਮ ਕਰਨਾ ਚਾਹੀਦਾ ਹੈ। ਅਧਿਆਤਮ ਨਾਲੋਂ ਪਦਾਰਥਵਾਦ ਦੀ ਪ੍ਰਾਥਮਿਕਤਾ ਬਣੀ ਰਹੇਗੀ। ਪ੍ਰੋ. ਅਰਵਿੰਦ ਨੇ ਪ੍ਰਧਾਨਗੀ ਸਮੇਂ ਬੋਲਦਿਆਂ ਕਿਹਾ ਕਿ ਮਨੁੱਖ ਬਾਕੀ ਜੀਵਾਂ ਤੇ ਬਨਸਪਤੀ ਦੀ ਸਹਿਹੋਂਦ ਨਾਲ ਹੀ ਜਿਉਂਦਾ ਰਹਿ ਸਕਦਾ ਹੈ। ਗੂੰਗੇ ਵਿਰਲਾਪ ਵਿੱਚ ਲੋਕ ਹੀ ਹਨ। ਅਸੀਂ ਡਾਰਵਨ ਤੇ ਮਾਰਕਸ ਤੋਂ ਪਰ੍ਹੇ ਨਹੀਂ ਜਾ ਸਕਦੇ। ਹਰ ਵਰਤਾਰਾ ਵਿਕਾਸਮਈ ਹੈ।ਡਾ. ਅਰੀਤ ਕੌਰ ਨੇ ਧੰਨਵਾਦ ਕਰਦਿਆਂ ਕਿਹਾ ਕਿ ਸਾਡੇ ਗਿਆਨ ਨਹੀਂ, ਗਿਆਨੀਆਂ ਦਾ ਵੀ ਉਧਾਲਾ ਹੋਇਆ ਹੈ।ਇਸ ਸਮੇਂ ਸੁਧੀਰ ਕਟਾਰੀਆ ਦਾ ਕਾਵਿ ਸੰਗ੍ਰਹਿ 'ਵੋ ਲਮਹੇਂ ਜੋ ਗੁਜਰੇ ਨਹੀਂ' ਲੋਕ ਅਰਪਣ ਕੀਤਾ ਗਿਆ। ਮੈਡਮ ਮਾਧਵੀ ਕਟਾਰੀਆ ਨੇ ਲੇਖਕ ਤੇ ਪੁਸਤਕ ਬਾਰੇ ਜਾਣਕਾਰੀ ਦਿੱਤੀ। ਉਪਰੋਕਤ ਤੋਂ ਇਲਾਵਾ ਮੀਟਿੰਗ ਵਿੱਚ ਸਰਵਸ੍ਰੀ/ਸ੍ਰੀਮਤੀ ਮਾਧਵੀ ਕਟਾਰੀਆ, ਡਾ. ਜਗਦੀਸ਼ ਚੰਦਰ, ਡਾ. ਅਮੀਰ ਸੁਲਤਾਨਾ, ਡਾ. ਗੁਰਮੇਲ ਸਿੰਘ, ਡਾ. ਦਵਿੰਦਰ ਸਿੰਘ ਬੋਹਾ, ਡਾ. ਰਾਹੁਲ ਜੈਨ, ਡਾ. ਹਜ਼ਾਰਾ ਸਿੰਘ ਚੀਮਾ, ਡਾ. ਜੁਗਬਦਲ ਸਿੰਘ ਨਨੌਅ, ਡਾ. ਰਵਿੰਦਰ ਸਿੰਘ ਲੁਬਾਣਾ, ਕਹਾਣੀਕਾਰ ਪਰਮਜੀਤ ਸਿੰਘ ਮਾਨ, ਭਜਨਬੀਰ ਸਿੰਘ, ਲੇਖਕ ਰਾਜਵਿੰਦਰ ਸਿੰਘ ਰਾਹੀ, ਸਰਬਜੀਤ ਸਿੰਘ, ਗੁਰਵਿੰਦਰ ਕੌਰ, ਦਿਲਦਾਰ ਸਿੰਘ, ਮਾਨਵਜੋਤ, ਰਾਮ ਕ੍ਰਿਸ਼ਨ ਧੁਨਕੀਆ, ਹਰਨਾਮ ਸਿੰਘ ਡੱਲਾ, ਗੁਰਜਿੰਦਰ ਸਿੰਘ ਬਡਾਣਾ, ਸੱਜਨ ਸਿੰਘ, ਇੰਦਰਜੀਤ ਸਿੰਘ ਭਾਟੀਆ, ਅਸ਼ੋਕ ਕੁਮਾਰ ਬੱਤਰਾ, ਕੇ.ਐੱਲ. ਸ਼ਰਮਾ, ਰੈਕਟਰ ਕਥੂਰੀਆ, ਕਿਰਤਕਾ ਸਿੰਘ, ਸੁਖਦੇਵ ਸਿੰਘ, ਅਜੇ ਸਿੰਗਲਾ ਸਮੇਤ 40 ਤੋਂ ਉਪਰ ਸਾਹਿਤ ਚਿੰਤਕਾਂ ਨੇ ਭਾਗ ਲਿਆ। ਮੀਟਿੰਗ ਦੀ ਕਾਰਵਾਈ ਸ੍ਰੀ ਸਰਦਾਰਾ ਸਿੰਘ ਚੀਮਾ ਨੇ ਚਲਾਈ।

— ਸੁਰਜੀਤ ਸੁਮਨ

ਸਾਹਿਤ ਦੇ ਮੁਲਾਂਕਣ ਲਈ ਪ੍ਰਤਿਭਾਵਾਨ ਤੇ ਨਿਰਪੱਖ ਆਲੋਚਕਾਂ ਦੀ ਲੋੜ : ਧਰਮ ਸਿੰਘ ਕੰਮੇਆਣਾ

ਸੰਗਰੂਰ : ਮਾਲਵਾ ਲਿਖਾਰੀ ਸਭਾ ਸੰਗਰੂਰ (ਰਜਿ:) ਵੱਲੋਂ ਲੇਖਕ ਭਵਨ ਸੰਗਰੂਰ ਵਿਖੇ ਹੋਏ ਸਮਾਗਮ ਵਿੱਚ ਸਭਾ ਦਾ ਤੇਰ੍ਹਵਾਂ ਸਥਾਪਨਾ ਦਿਵਸ ਮਨਾਇਆ ਗਿਆ, ਜਿਸ ਦੀ ਪ੍ਰਧਾਨਗੀ ਧਰਮ ਸਿੰਘ ਕੰਮੇਆਣਾ ਨੇ ਕੀਤੀ। ਇਸ ਸਮਾਗਮ ਵਿੱਚ ਡਾ. ਮੀਤ ਖਟੜਾ ਦਾ ਗ਼ਜ਼ਲ-ਸੰਗ੍ਰਹਿ 'ਜ਼ਖ਼ਮਾਂ ਦੀ ਲੋਅ' ਲੋਕ ਅਰਪਣ ਕੀਤਾ ਗਿਆ। ਪੁਸਤਕ ਸੰਬੰਧੀ ਪੜ੍ਹੇ ਆਪਣੇ ਖੋਜਪੂਰਨ ਪਰਚੇ ਵਿੱਚ ਡਾ. ਮਨੀਸ਼ਾ ਰਾਣੀ ਨੇ ਕਿਹਾ ਕਿ ਡਾ. ਮੀਤ ਖਟੜਾ ਦੀਆਂ ਗ਼ਜ਼ਲਾਂ ਆਮ ਆਦਮੀ ਦੇ ਦਰਦ ਨੂੰ ਜ਼ੁਬਾਨ ਦਿੰਦੀਆਂ ਹਨ। ਆਪਣੇ ਪ੍ਰਧਾਨਗੀ ਭਾਸ਼ਣ ਵਿੱਚ ਬੋਲਦਿਆਂ ਸ. ਧਰਮ ਸਿੰਘ ਕੰਮੇਆਣਾ ਨੇ ਕਿਹਾ ਕਿ ਅਜੋਕੇ ਦੌਰ ਵਿੱਚ ਪੰਜਾਬੀ ਸਾਹਿਤ ਦੀ ਸੇਵਾ ਕਰਨ ਵਾਲੇ ਨਾਮਾਤਰ ਆਲੋਚਕ ਹੀ ਰਹਿ ਗਏ ਹਨ, ਇਸ ਲਈ ਸਮਕਾਲੀ ਸਾਹਿਤ ਦਾ ਮੁਲਾਂਕਣ ਕਰਕੇ ਸਥਾਪਤ ਕਰਨ ਲਈ ਪ੍ਰਤਿਭਾਵਾਨ ਤੇ ਨਿਰਪੱਖ ਆਲੋਚਕਾਂ ਦੀ ਵੱਡੀ ਲੋੜ ਹੈ। ਵਿਚਾਰ-ਚਰਚਾ ਵਿੱਚ ਸ਼ਾਮਲ ਹੁੰਦਿਆਂ ਡਾ. ਸੰਪੂਰਨ ਸਿੰਘ ਟੱਲੇਵਾਲੀਆ ਨੇ ਕਿਹਾ ਕਿ ਡਾ. ਮੀਤ ਖਟੜਾ ਨੇ ਮਿਹਨਤਕਸ਼ ਲੋਕਾਂ ਦੀ ਦਸ਼ਾ ਅਤੇ ਦਿਸ਼ਾ ਦਾ ਸੁਚੱਜਾ ਚਿੱਤਰਣ ਕੀਤਾ ਹੈ। ਸੁਰਿੰਦਰ ਸ਼ਰਮਾ ਨਾਗਰਾ ਨੇ ਕਿਹਾ ਕਿ ਡਾ. ਮੀਤ ਖਟੜਾ ਦੀਆਂ ਗ਼ਜ਼ਲਾਂ ਹਰ ਖੇਤਰ ਵਿੱਚ ਲਿਤਾੜੇ ਜਾ ਰਹੇ ਲੋਕਾਂ ਦੀ ਗੱਲ ਕਰਦੀਆਂ ਹਨ। ਵਿਚਾਰ-ਚਰਚਾ ਨੂੰ ਸਮੇਟਦਿਆਂ ਜੰਗੀਰ ਸਿੰਘ ਰਤਨ ਨੇ ਕਿਹਾ ਕਿ ਡਾ. ਮੀਤ ਖਟੜਾ ਦੀ ਰਚਨਾ ਸਰਬ ਸਾਂਝੀਵਾਲਤਾ ਦੀ ਬਹਾਲੀ ਲਈ ਨਿਰੰਤਰ ਸੰਘਰਸ਼ ਦਾ ਹੋਕਾ ਦਿੰਦੀ ਹੈ। ਡਾ. ਮੀਤ ਖਟੜਾ ਨੇ ਆਪਣੇ ਜੀਵਨ ਅਤੇ ਲਿਖਣ ਪ੍ਰਕਿਰਿਆ ਸੰਬੰਧੀ ਯਾਦਾਂ ਸਾਂਝੀਆਂ ਕਰਦਿਆਂ ਆਪਣੀਆਂ ਕੁੱਝ ਚੋਣਵੀਆਂ ਗ਼ਜ਼ਲਾਂ ਵੀ ਪੜ੍ਹ ਕੇ ਸੁਣਾਈਆਂ। ਇਸ ਮੌਕੇ ਬਲਜਿੰਦਰ ਬੱਲੀ ਈਲਵਾਲ ਦੇ ਗੀਤ 'ਭੁਲੇਖੇ' ਦਾ ਪੋਸਟਰ ਲੋਕ ਅਰਪਣ ਕੀਤਾ ਗਿਆ। ਪੰਜਾਬੀ ਭਾਸ਼ਾ, ਸਾਹਿਤ ਅਤੇ ਸੱਭਿਆਚਾਰ ਦੀ ਪ੍ਰਫੁੱਲਤਾ ਲਈ ਪਾਏ ਵਡਮੁੱਲੇ ਯੋਗਦਾਨ ਲਈ ਸ. ਧਰਮ ਸਿੰਘ ਕੰਮੇਆਣਾ, ਡਾ. ਮੀਤ ਖਟੜਾ ਅਤੇ ਬਲਜਿੰਦਰ ਬੱਲੀ ਈਲਵਾਲ ਨੂੰ ਸਨਮਾਨਿਤ ਵੀ ਕੀਤਾ ਗਿਆ। ਸਮਾਗਮ ਦੇ ਆਰੰਭ ਵਿੱਚ ਹਾਜ਼ਰ ਸਾਹਿਤਕਾਰਾਂ ਲਈ ਸਵਾਗਤੀ ਸ਼ਬਦ ਕਹਿੰਦਿਆਂ ਕਰਮ ਸਿੰਘ ਜ਼ਖ਼ਮੀ ਨੇ ਡਾ. ਮੀਤ ਖਟੜਾ ਦੇ ਗ਼ਜ਼ਲ-ਸੰਗ੍ਰਹਿ ਨਾਲ ਜਾਣ-ਪਛਾਣ ਕਰਵਾਈ। ਇਸ ਮੌਕੇ ਹਾਜ਼ਰ ਕਵੀਆਂ ਨੇ ਆਪਣੀਆਂ ਕਵਿਤਾਵਾਂ ਪੜ੍ਹੀਆਂ। ਅੰਤ ਵਿੱਚ ਰਜਿੰਦਰ ਸਿੰਘ ਰਾਜਨ ਨੇ ਸਾਰੇ ਆਏ ਸਾਹਿਤਕਾਰਾਂ ਦਾ ਧੰਨਵਾਦ ਕੀਤਾ ਅਤੇ ਮੰਚ ਸੰਚਾਲਨ ਦੀ ਭੂਮਿਕਾ ਸੁਖਵਿੰਦਰ ਸਿੰਘ ਲੋਟੇ ਨੇ ਬਾਖ਼ੂਬੀ ਨਿਭਾਈ।

'ਕਾਫ਼ਲਿਆਂ 'ਚ ਗੁਆਚੇ ਲੋਕ' ਪੁਸਤਕ ਲੋਕ ਅਰਪਣ

ਹਰਿਆਣਾ : ਕੁਰੂਕਸ਼ੇਤਰ ਯੂਨੀਵਰਸਿਟੀ, ਕੁਰੂਕਸ਼ੇਤਰ ਦੇ ਪੰਜਾਬੀ ਵਿਭਾਗ ਵਿਖੇ ਡਾ. ਨਿਸ਼ਾਨ ਸਿੰਘ ਰਾਠੌਰ ਦੀ ਨਵ-ਪ੍ਰਕਾਸ਼ਤ ਸੰਸਮਰਣ ਪੁਸਤਕ 'ਕਾਫ਼ਲਿਆਂ 'ਚ ਗੁਆਚੇ ਲੋਕ' ਨੂੰ ਇੱਕ ਭਰਵੇਂ ਸਮਾਗਮ ਵਿੱਚ ਲੋਕ ਅਰਪਣ ਕੀਤਾ ਗਿਆ। ਕੁਰੂਕਸ਼ੇਤਰ ਯੂਨੀਵਰਸਿਟੀ ਪੰਜਾਬੀ ਵਿਭਾਗ ਦੇ ਮੁਖੀ ਡਾ. ਕੁਲਦੀਪ ਸਿੰਘ, ਡਾ. ਸੁਦਰਸ਼ਨ ਗਾਸੋ, ਡਾ. ਨਰਿੰਦਰ ਸਿੰਘ ਵਿਰਕ, ਡਾ. ਗੁਰਪ੍ਰੀਤ ਸਿੰਘ ਸਾਹੂਵਾਲਾ, ਡਾ. ਗੁਰਸਾਹਿਬ ਸਿੰਘ, ਡਾ. ਬੀਰਬਲ ਸਿੰਘ, ਡਾ. ਬਲਵਾਨ ਸਿੰਘ ਔਜਲਾ, ਡਾ. ਸਿਮਰਜੀਤ ਕੌਰ, ਗੁਰਚਰਨ ਸਿੰਘ ਜੋਗੀ, ਤਰਲੋਚਨ ਮੀਰ ਆਦਿਕ ਵਿਦਵਾਨ ਮੌਜੂਦ ਸਨ।ਜ਼ਿਕਰਯੋਗ ਹੈ ਕਿ 'ਕਾਫ਼ਲਿਆਂ 'ਚ ਗੁਆਚੇ ਲੋਕ' ਡਾ. ਨਿਸ਼ਾਨ ਸਿੰਘ ਰਾਠੌਰ ਦੀ ਸੱਜਰੀ ਸੰਸਮਰਣ ਪੁਸਤਕ ਹੈ, ਜਿਸ ਵਿੱਚ ਉਹਨਾਂ ਨੇ ਫ਼ੌਜੀ ਜੀਵਨ ਦੀਆਂ ਘਟਨਾਵਾਂ ਨੂੰ ਕਲਮਬੱਧ ਕੀਤਾ ਹੈ।

ਇਸ ਮੌਕੇ ਡਾ. ਹਰਵਿੰਦਰ ਸਿੰਘ ਸਿਰਸਾ, ਮਲੂਕ ਸਿੰਘ ਵਿਰਕ, ਦਰਸ਼ਨ ਸਿੰਘ ਸ਼ਾਹਬਾਦ, ਚਰਨ ਪੁਆਧੀ, ਅਨਿਲ ਖ਼ਿਆਲ ਸਮੇਤ ਪੰਜਾਬੀ ਵਿਭਾਗ ਦੇ ਖੋਜਾਰਥੀ ਅਤੇ ਵਿਦਿਆਰਥੀ ਮੌਜੂਦ ਸਨ।

ਪ੍ਰਲੇਸ ਵੱਲੋਂ ਤਰਿੰਦਰ ਕੌਰ ਦਾ ਕਵਿਤਾ ਪਾਠ

ਜਲੰਧਰ : ਬੀਤੇ ਦਿਨੀਂ ਪ੍ਰਗਤੀਸ਼ੀਲ ਲੇਖਕ ਸੰਘ (ਜਲੰਧਰ ਇਕਾਈ) ਵੱਲੋਂ ਦੇਸ਼ ਭਗਤ ਯਾਦਗਾਰ ਹਾਲ ਵਿਖੇ ਦਿੱਲੀ ਤੋਂ ਪੁੱਜੀ ਨੌਜਵਾਨ ਸ਼ਾਇਰਾ ਤਰਿੰਦਰ ਕੌਰ ਦਾ ਕਵਿਤਾ ਪਾਠ ਕਰਵਾਇਆ ਗਿਆ। ਦੇਸ਼ ਭਗਤ ਯਾਦਗਾਰ ਹਾਲ ਦੇ ਸਕੱਤਰ ਗੁਰਮੀਤ ਨੇ ਜੀ ਆਇਆ ਕਿਹਾ ਤੇ ਸਭ ਦਾ ਸਵਾਗਤ ਕੀਤਾ। ਜਲੰਧਰ ਇਕਾਈ ਦੇ ਸੀਨੀ. ਮੀਤ ਪ੍ਰਧਾਨ ਮੱਖਣ ਮਾਨ ਨੇ ਤਰਿੰਦਰ ਕੌਰ ਦੀ ਜਾਣ ਪਛਾਣ ਕਰਵਾਉਂਦੇ ਦੱਸਿਆ ਕਿ ਤਰਿੰਦਰ ਕੌਰ ਦਿੱਲੀ ਵਿੱਚ ਸਕੂਲ ਅਧਿਆਪਕ ਹੈ। ਉਹ ਲੰਮੇ ਸਮੇਂ ਤੋਂ ਕਵਿਤਾ ਅਤੇ ਅਨੁਵਾਦ ਦਾ ਕਾਰਜ ਕਰਦੀ ਆ ਰਹੀ ਹੈ। ਉਸ ਦੇ ਹੁਣ ਤੱਕ ਦੋ ਕਾਵਿ ਸੰਗ੍ਰਹਿ ਛਪ ਚੁੱਕੇ ਹਨ। ਉਸ ਨੇ ਨਾਰੀ ਮਨ ਦੀਆਂ ਅਛੂਤੀਆਂ ਪਰਤਾਂ ਨੂੰ ਆਪਣੀ ਕਵਿਤਾ ਵਿੱਚ ਪੇਸ਼ ਕੀਤਾ ਹੈ। ਉਹ ਖ਼ਾਬਾਂ, ਬਿੰਬਾਂ ਅਤੇ ਸ਼ਬਦ ਸ਼ਿਲਪ ਦੀ ਕਵਿਤਰੀ ਹੈ। ਉਪਰੰਤ ਤਰਿੰਦਰ ਕੌਰ ਨੇ ਆਪਣੇ ਬਾਰੇ ਜਾਣਕਾਰੀ ਦਿੱਤੀ ਅਤੇ ਆਪਣੀਆਂ ਚੋਣਵੀਆਂ ਕਵਿਤਾਵਾਂ ਦਾ ਪਾਠ ਕੀਤਾ। ਉਸ ਨੇ ਸਮਾਨਅਰਥੀ, ਜ਼ਿੰਦਗੀ, ਸਫ਼ਰ ਦੇ ਟੁਕੜੇ, ਸੁਣ ਸਖੀਏ, ਬਣਵਾਸ, ਯਾਤਰਾਂ, ਹਾਕਮ ਕਵਿਤਾ ਤੋਂ ਇਲਾਵਾਂ ਕਿਸਾਨੀ ਅੰਦੋਲਨ ਤੇ ਕਵਿਤਾ ਵੀ ਪੜ੍ਹੀ। ਉਪਰੰਤ ਉਸ ਨੇ ਆਪਣੀਆਂ ਦੋ ਕਾਵਿ ਪੁਸਤਕਾਂ ਬਾਰੇ ਵੀ ਜਾਣਕਾਰੀ ਦਿੱਤੀ। ਉਨ੍ਹਾਂ 'ਸੁਣ ਸਖੀਏ' ਕਾਵਿ ਪੁਸਤਕ ਵਿੱਚੋਂ ਵੀ ਕਵਿਤਾਵਾਂ ਪੜ੍ਹੀਆਂ। ਉਪਰੰਤ ਰਾਕੇਸ਼ ਆਨੰਦ ਨੇ ਸੰਤਾਲੀ ਬਾਰੇ ਆਪਣੀ ਹਿੰਦੀ ਕਵਿਤਾ 'ਜਿਨ੍ਹੋ ਨੇ ਵੋਹ ਮੰਜ਼ਰ ਨਹੀਂ ਵੇਖੇ ਹੈਂ' ਅਤੇ ਮੱਖਣ ਮਾਨ ਨੇ ਆਪਣੀ ਕਵਿਤਾ 'ਨੀਰੂ ਦੀ ਬੰਸਰੀ' ਪੜ੍ਹੀ। ਉਪਰੰਤ ਡਾ. ਸੈਲਸ਼ ਤੇ ਕੇਸਰ ਸਿੰਘ ਨੇ ਪੜ੍ਹੀਆਂ ਗਈਆਂ ਕਵਿਤਾਵਾਂ ਉੱਤੇ ਵਿਚਾਰ ਪ੍ਰਗਟ ਕੀਤੇ। ਅੰਤ ਵਿੱਚ ਪ੍ਰਲੇਸ਼ ਜਲੰਧਰ ਇਕਾਈ ਦੇ ਜਨਰਲ ਸਕੱਤਰ ਭਗਵੰਤ ਰਸੂਲਪੁਰੀ ਨੇ ਤਰਿੰਦਰ ਕੌਰ ਦਾ ਧੰਨਵਾਦ ਕੀਤਾ ਅਤੇ ਕਿਹਾ ਕਿ ਤਰਿੰਦਰ ਕੌਰ ਦੇ ਕਵਿਤਾ ਵਿੱਚ ਪੇਸ਼ ਹੋਏ ਅਹਿਸਾਸ ਤਾਜ਼ੇ ਅਤੇ ਪ੍ਰਪੱਕ ਹਨ। ਉਸ ਨੇ ਨਾਰੀ ਦੀ ਬਣਤਰ ਨੂੰ ਤਰਕ ਨਾਲ ਪੇਸ਼ ਕੀਤਾ ਹੈ। ਅੱਜ ਤਰਿੰਦਰ ਕੌਰ ਦੀ ਕਵਿਤਾ ਦੇ ਪ੍ਰਸੰਗ ਵਿੱਚ ਪੰਜਾਬੀ ਸਾਹਿਤ ਦੀਆਂ ਗੰਭੀਰ ਗੱਲਾਂ ਹੋਈਆਂ ਹਨ।

ਸ਼ਾਇਰ ਭਜਨ ਸਿੰਘ ਵਿਰਕ ਦੀ ਯਾਦ 'ਚ ਕਵੀ ਦਰਬਾਰ

ਫਗਵਾੜਾ : ਪੰਜਾਬੀ ਸਾਹਿਤ ਸਭਾ ਦੁਸਾਂਝ ਕਲਾਂ ਵੱਲੋਂ ਪ੍ਰਧਾਨ ਸੋਹਣ ਸਿੰਘ ਭਿੰਡਰ ਪਟਵਾਰੀ ਅਤੇ ਜਨਰਲ ਸਕੱਤਰ ਰਾਮ ਪ੍ਰਕਾਸ਼ ਟੋਨੀ ਦੀ ਦੇਖ-ਰੇਖ ਹੇਠ ਡਾ. ਅੰਬੇਡਕਰ ਭਵਨ ਵਿਖੇ ਕਵੀ ਦਰਬਾਰ ਦਾ ਆਯੋਜਨ ਕੀਤਾ ਗਿਆ, ਜਿਸ ਦੇ ਪ੍ਰਧਾਨਗੀ ਮੰਡਲ ਵਿੱਚ ਪ੍ਰੋ. ਸੰਧੂ ਵਰਿਆਣਵੀ, ਜਸਵਿੰਦਰ ਫਗਵਾੜਾ, ਘਣਸ਼ਿਆਮ ਬਿਰਾਜਮਾਨ ਰਹੇ। ਇਸ ਮੌਕੇ ਪ੍ਰੋ. ਸੰਧੂ ਵਰਿਆਣਵੀ ਅਤੇ ਜਗਦੀਸ਼ ਰਾਣਾ ਨੇ ਭਜਨ ਸਿੰਘ ਵਿਰਕ ਬਾਰੇ ਬੋਲਦਿਆਂ ਵਿਸਥਾਰ-ਪੂਰਵਕ ਜਾਣਕਾਰੀ ਦਿੰਦਿਆਂ ਕਿਹਾ ਕਿ ਭਜਨ ਸਿੰਘ ਵਿਰਕ ਜਿੱਥੇ ਉੱਘੇ ਸ਼ਾਇਰ ਸਨ ਤੇ ਉਹਨਾਂ 16 ਕਿਤਾਬਾਂ ਪੰਜਾਬੀ ਸਾਹਿਤ ਦੀ ਝੋਲੀ ਪਾਈਆਂ, ਉਥੇ ਹੀ ਉਹ ਬੇਹੱਦ ਮਿਲਾਪੜੇ, ਸਮਾਜ ਸੇਵੀ ਵਿਅਕਤੀਤਵ ਦੇ ਧਨੀ ਸਨ।ਇਸ ਮੌਕੇ ਕਵੀ ਦਰਬਾਰ ਵੀ ਹੋਇਆ, ਜਿਸ ਵਿੱਚ ਐਡਵੋਕੇਟ ਹਰਦਿਆਲ ਹੁਸ਼ਿਆਰਪੁਰੀ, ਦਲਜੀਤ ਮਹਿਮੀ, ਜਸਵਿੰਦਰ ਫਗਵਾੜਾ, ਬਲਬੀਰ ਕੌਰ ਬੱਬੂ ਸੈਣੀ, ਸ਼ਾਮ ਸਰਗੂੰਦੀ, ਗੁਰਮੁਖ ਲੁਹਾਰ, ਟੋਨੀ ਦੁਸਾਂਝ, ਭਿੰਡਰ ਪਟਵਾਰੀ, ਨਿਰਮਲ ਬੱਲ, ਬੀਬਾ ਕੁਲਵੰਤ, ਡਾ. ਇੰਦਰਜੀਤ ਵਾਸੂ, ਸਾਹਿਬਾ ਜੀਟਨ ਕੌਰ, ਦੇਵ ਵਿਰਕ, ਬਲਕਾਰ ਕਟਾਰੀਆ, ਡਾ. ਤਰਲੋਕ ਸਿੰਘ, ਪ੍ਰੋ. ਸੰਧੂ ਵਰਿਆਣਵੀ ਅਤੇ ਜਗਦੀਸ਼ ਰਾਣਾ ਆਦਿ ਨੇ ਆਪਣੀਆਂ ਰਚਨਾਵਾਂ ਨਾਲ ਖ਼ੂਬ ਰੰਗ ਬੰਨ੍ਹਿਆ। ਭਿੰਡਰ ਪਟਵਾਰੀ ਨੇ ਸਟੇਜ ਸੰਚਾਲਨ ਬਾਖ਼ੂਬੀ ਢੰਗ ਨਾਲ ਕਰਦਿਆਂ ਕਈ ਰੰਗਾਂ ਦੇ ਸ਼ਿਅਰ ਸੁਣਾਏ।

ਕਾਫ਼ਲੇ ਵੱਲੋਂ 'ਬਹਿਰ' 'ਤੇ ਗੋਸ਼ਟੀ

ਟੋਰਾਂਟੋ : ਪੰਜਾਬੀ ਕਲਮਾਂ ਦਾ ਕਾਫ਼ਲਾ ਟੋਰਾਂਟੋ ਵੱਲੋਂ ਮਲਵਿੰਦਰ ਦੀ ਕਾਵਿ-ਪੁਸਤਕ 'ਬਹਿਰ' 'ਤੇ ਗੋਸ਼ਟੀ ਕੀਤੀ ਗਈ। ਕਾਫ਼ਲੇ ਦੇ ਅਗਲੇ ਸੈਸ਼ਨ 2026-27 ਲਈ ਨਵੀਂ ਸੰਚਾਲਨਾ ਕਮੇਟੀ ਦੀ ਚੋਣ ਹੋਈ, ਜਿਸ ਵਿੱਚ ਮੰਚ ਸੰਚਾਲਕ ਲਈ ਭੁਪਿੰਦਰ ਦੂਲੇ, ਮੀਡੀਆ ਸੰਚਾਲਕ ਲਈ ਉਂਕਾਰਪ੍ਰੀਤ ਅਤੇ ਵਿੱਤ ਸੰਚਾਲਕ ਲਈ ਗੁਰਪ੍ਰੀਤ ਬਟਾਲਵੀ ਨੂੰ ਸਰਬ-ਸੰਮਤੀ ਨਾਲ ਚੁਣ ਲਿਆ ਗਿਆ।ਭੁਪਿੰਦਰ ਦੂਲੇ ਨੇ ਆਪਣੇ ਪੇਪਰ ਵਿੱਚ 'ਬਹਿਰ' ਦੀ ਕਵਿਤਾ ਨੂੰ ਪ੍ਰਮੁੱਖ ਤਿੰਨ ਭਾਗਾਂ ਪਰਵਾਸ, ਬਹਿਰ ਅਤੇ ਬੀਤੇ ਦੇ ਨਕਸ਼ ਨਾਲ ਸੰਬੰਧਤ ਦੱਸਿਆ। ਉਨ੍ਹਾਂ ਨੇ ਇਸ ਪੱਖ ਤੋਂ 'ਬਹਿਰ' ਦੀ ਕਵਿਤਾ ਵਿਚਲੇ ਵਿਸ਼ੇ, ਕਾਵਿ-ਬਿੰਬਾਵਲੀ ਅਤੇ ਸ਼ਾਬਦਿਕ ਚਿੱਤਰਣ ਦੀ ਵੰਨ-ਸੁਵੰਨਤਾ ਅਤੇ ਦੂਹਰਾ ਮੁਕਤੀ ਵਰਗੇ ਗੁਣਾਂ ਨੂੰ ਖ਼ਾਸ ਤੌਰ 'ਤੇ ਉਜਾਗਰ ਕੀਤਾ।ਸੁਰਜੀਤ ਕੌਰ ਹੁਰਾਂ ਨੇ ਬਹਿਰ ਬਾਰੇ ਆਪਣੇ ਵਿਚਾਰ ਇਸ ਵਿਚਲੇ ਬਾਲ-ਭਾਸ਼ਾ ਵਿਗਿਆਨ ਤੱਤਾਂ ਦੇ ਹਵਾਲੇ ਨਾਲ ਪੇਸ਼ ਕੀਤੇ।ਬਹਿਰ ਦੀਆਂ ਕਵਿਤਾਵਾਂ ਬਾਰੇ ਬੋਲਦਿਆਂ ਸ਼ਾਇਰ ਗੁਰਦੇਵ ਚੌਹਾਨ ਨੇ ਇਹਨਾਂ ਨੂੰ ਮੀਨਿੰਗਫੁੱਲਨੈਸ ਦੀਆਂ ਕਵਿਤਾਵਾਂ ਦੱਸਿਆ। ਉਪਰੰਤ ਉੱਘੇ ਕਹਾਣੀਕਾਰ ਬਲਦੇਵ ਸਿੰਘ ਢੀਂਡਸਾ ਹੁਰਾਂ ਦਾ ਕਹਾਣੀ ਸੰਗ੍ਰਹਿ 'ਡੁੱਬਦੇ ਸੂਰਜ' ਦਾ ਲੋਕ-ਅਰਪਣ ਕੀਤਾ ਗਿਆ। ਬਲਦੇਵ ਸਿੰਘ ਢੀਂਡਸਾ ਅਤੇ ਉਨ੍ਹਾਂ ਦੇ ਕਹਾਣੀ ਸੰਗ੍ਰਹਿ ਬਾਰੇ ਪ੍ਰਿੰਸੀਪਲ ਸਰਵਣ ਸਿੰਘ ਹੁਰਾਂ ਵੱਲੋਂ ਸਵਾਗਤੀ ਸ਼ਬਦ ਕਹੇ ਗਏ। ਕਾਫ਼ਲਾ ਮੀਟਿੰਗ ਦਾ ਦੂਸਰਾ ਭਾਗ ਉੱਘੇ ਪ੍ਰਗਤੀਸ਼ੀਲ ਸ਼ਾਇਰ ਸਵ: ਨਿਰੰਜਨ ਸਿੰਘ ਨੂਰ ਹੁਰਾਂ ਦੀ ਯਾਦ ਨੂੰ ਸਮਰਪਿਤ ਕਵੀ ਦਰਬਾਰ ਸੀ। ਪਰਮਜੀਤ ਢਿੱਲੋਂ, ਰੁਪਿੰਦਰ ਗਿੱਲ, ਗਿਆਨ ਸਿੰਘ ਦਰਦੀ, ਸੁਰਜੀਤ ਕੌਰ, ਦਵਿੰਦਰ ਕੌਰ ਰੰਧਾਵਾ, ਕੁਲਵਿੰਦਰ ਖਹਿਰਾ, ਰਸ਼ਪਾਲ ਕੌਰ ਗਿੱਲ, ਦਰਸ਼ਨ ਸਿੰਘ, ਭੁਪਿੰਦਰ ਦੂਲੇ ਅਤੇ ਉਂਕਾਰਪ੍ਰੀਤ ਵੱਲੋਂ ਆਪਣੀਆਂ ਕਵਿਤਾਵਾਂ ਪੇਸ਼ ਕੀਤੀਆਂ ਗਈਆਂ।

'ਜੋਗੀ ਉੱਡਦੇ ਬੱਦਲ ਦੀ ਛਾਂ ਸੁੰਦਰਾਂ' ਸਿਡਨੀ ਵਿਖੇ ਲੋਕ ਅਰਪਿਤ

ਸਿਡਨੀ (ਆਸਟਰੇਲੀਆ)- ਸਾਹਿਤਕਾਰ ਧਰਵਿੰਦਰ ਸਿੰਘ ਔਲਖ ਦੀ ਪੁਸਤਕ 'ਜੋਗੀ ਉੱਡਦੇ ਬੱਦਲ ਦੀ ਛਾਂ ਸੁੰਦਰਾਂ' ਦਾ ਲੋਕ ਅਰਪਣ ਗੁਰੂ ਨਾਨਕ ਪੰਜਾਬੀ ਸਕੂਲ, ਗਲੈਨਵੁੱਡ ਵਿਖੇ ਇੱਕ ਸ਼ਾਨਦਾਰ ਅਤੇ ਸਾਹਿਤਕ ਸਮਾਗਮ ਦੌਰਾਨ ਕੀਤਾ ਗਿਆ। ਪੰਜਾਬੀ ਹੈਰੀਟੇਜ ਆਫ਼ ਆਸਟ੍ਰੇਲੀਆ ਅਤੇ ਆਸਟ੍ਰੇਲੀਅਨ ਸਿੱਖ ਐਸੋਸੀਏਸ਼ਨ ਦੇ ਸਾਂਝੇ ਉਪਰਾਲੇ ਸਦਕਾ ਕਰਵਾਏ ਗਏ ਇਸ ਸਮਾਗਮ ਵਿੱਚ ਸਿਡਨੀ ਦੀਆਂ ਪ੍ਰਮੁੱਖ ਸਾਹਿਤਕ, ਸਮਾਜਿਕ, ਸਿੱਖਿਆ ਅਤੇ ਧਾਰਮਿਕ ਸ਼ਖ਼ਸੀਅਤਾਂ ਨੇ ਭਰਵੀਂ ਹਾਜ਼ਰੀ ਭਰੀ। ਸਮਾਗਮ ਦੀ ਸ਼ੁਰੂਆਤ ਸ਼ਬਦ-ਕੀਰਤਨ ਅਤੇ ਮਹਿਮਾਨਾਂ ਦੇ ਸਵਾਗਤ ਨਾਲ ਹੋਈ। ਇਸ ਉਪਰੰਤ ਪੁਸਤਕ ਨੂੰ ਰਸਮੀ ਤੌਰ 'ਤੇ ਲੋਕ ਅਰਪਿਤ ਕੀਤਾ ਗਿਆ। ਸਮਾਗਮ ਨੂੰ ਸੰਬੋਧਨ ਕਰਦਿਆਂ ਪੰਜਾਬੀ ਹੈਰੀਟੇਜ ਆਫ਼ ਆਸਟ੍ਰੇਲੀਆ ਦੇ ਪ੍ਰਧਾਨ ਦਵਿੰਦਰ ਸਿੰਘ ਧਾਰੀਆ ਨੇ ਕਿਹਾ ਕਿ ਧਰਵਿੰਦਰ ਸਿੰਘ ਔਲਖ ਦੀ ਇਹ ਪੁਸਤਕ ਆਸਟ੍ਰੇਲੀਆ ਬਾਰੇ ਜਾਣਕਾਰੀ ਦਾ ਇੱਕ ਮਹੱਤਵਪੂਰਨ ਦਸਤਾਵੇਜ਼ ਹੈ।ਇਸ ਮੌਕੇ ਸੁਖਮਨ ਖਹਿਰਾ ਅਤੇ ਪ੍ਰਿੰਸੀਪਲ ਗੁਰਜੰਟ ਸਿੰਘ ਵੱਲੋਂ ਪੁਸਤਕ ਦੀ ਵਿਸਥਾਰਪੂਰਵਕ ਸਮੀਖਿਆ ਕੀਤੀ ਗਈ। ਉਨ੍ਹਾਂ ਕਿਹਾ ਕਿ ਇਹ ਪੁਸਤਕ ਪਾਠਕਾਂ ਨੂੰ ਆਸਟ੍ਰੇਲੀਆ ਦੀ ਧਰਤੀ, ਇੱਥੋਂ ਦੇ ਲੋਕਾਂ ਅਤੇ ਪਰਵਾਸੀ ਜੀਵਨ ਨਾਲ ਜੋੜਦੀ ਹੈ। ਉਨ੍ਹਾਂ ਲੇਖਕ ਦੀ ਭਾਸ਼ਾ, ਸ਼ੈਲੀ ਅਤੇ ਖੋਜਮਈ ਸੋਚ ਦੀ ਭਰਪੂਰ ਪ੍ਰਸ਼ੰਸਾ ਕੀਤੀ।

'ਮਹਾਰਾਜਾ ਰਣਜੀਤ ਸਿੰਘ ਦੀ ਜੀਵਨੀ' ਲੋਕ ਅਰਪਣ

ਭੀਖੀ : ਸ਼ਹੀਦ ਭਗਤ ਸਿੰਘ ਯਾਦਗਾਰੀ ਲਾਇਬਰੇਰੀ ਵਿਖੇ ਨਵਯੁਗ ਸਾਹਿਤ ਕਲਾ ਮੰਚ ਵੱਲੋਂ ਗੁਰਚਰਨ ਸਿੰਘ ਜ਼ਿਲ੍ਹੇਦਾਰ ਦੀ ਕਿਤਾਬ ਸ਼ਾਨ-ਏ-ਪੰਜਾਬ ਮਹਾਰਾਜਾ ਰਣਜੀਤ ਸਿੰਘ (ਜੀਵਨੀ) ਰਿਲੀਜ਼ ਕੀਤੀ ਗਈ। ਇਸ ਮੌਕੇ ਮੰਚ ਦੇ ਸਕੱਤਰ ਮਾ. ਅਮਰੀਕ ਭੀਖੀ ਨੇ ਬੋਲਦਿਆਂ ਕਿਹਾ ਕਿ ਮਹਾਰਾਜਾ ਰਣਜੀਤ ਸਿੰਘ ਬਾਰੇ ਬਹੁਤ ਲਿਖਿਆ ਗਿਆ ਹੈ। ਮੰਚ ਦੇ ਪ੍ਰਧਾਨ ਭੁਪਿੰਦਰ ਫੌਜੀ ਨੇ ਜਿੱਥੇ ਕਿਤਾਬ ਬਾਰੇ ਗੱਲਬਾਤ ਕੀਤੀ, ਉੱਥੇ ਹੀ ਮੰਚ ਦੇ ਵਿਹੜੇ ਵਿੱਚ ਆਏ ਹੋਏ ਮਹਿਮਾਨਾਂ ਦਾ ਧੰਨਵਾਦ ਕੀਤਾ।

ਪਾਠਕਾਂ ਦੇ ਝਰੋਖੇ 'ਚੋਂ

'47 ਦੇ ਉਜਾੜੇ ਦੀ ਦਾਸਤਾਨ

7 ਜੂਨ ਦੇ 'ਐਤਵਾਰਤਾ' ਵਿਚ ਮੁੱਖ ਪੰਨੇ 'ਤੇ ਸੁਰਿੰਦਰ ਗਿੱਲ ਜੈਪਾਲ ਨੇ ਦੇਸ਼ ਵੰਡ ਵੇਲੇ ਦਾ ਦਰਦ ਤੇ ਪਰਵਾਰਾਂ ਦੇ ਉਜਾੜੇ ਦਾ ਬਿਰਤਾਂਤ ਆਪਣਿਆਂ ਜਤੇ ਸੁਣ ਕੇ ਲਿਖਿਆ ਹੈ। ਇਹ ਦਰਦ ਦਿਲਾਂ ਦਾ ਹੈ। ਇਹ ਸਾਰੀ ਹਯਾਤੀ ਨਹੀਂ ਭੁੱਲ ਸਕਦਾ।ਸੰਨ ਸੰਤਾਲੀ ਦੇਸ਼ ਵੰਡ ਦੇ ਨਾਂਅ 'ਤੇ ਪੰਜਾਬ ਦਾ ਉਜਾੜਾ ਸੀ।ਲੱਖਾਂ ਲੋਕ ਮਾਰੇ ਗਏ ।ਭਾਈਚਾਰਕ ਸਾਂਝਾਂ ਖ਼ਤਮ ਹੋ ਗਈਆਂ।ਵਿਛੋੜੇ ਦੀਆਂ ਚੀਸਾਂ ਅਜੇ ਤੱਕ ਵੀ ਉੱਠਦੀਆਂ ਹਨ। ਇਹ ਲੇਖ ਸਾਡੇ ਫਾਜ਼ਿਲਕਾ ਜ਼ਿਲ੍ਹੇ ਦੇ ਪ੍ਰਸਿੱਧ ਪਿੰਡ ਜੰਡਵਾਲਾ ਭੀਮੇਸ਼ਾਹ ਤੇ ਸੰਤ ਬਾਬਾ ਤਾਰਾ ਸਿੰਘ ਖੁਸ਼ਦਿਲ ਨਾਲ ਸੰਬੰਧ ਰੱਖਦਾ ਹੈ। ਇਸ ਧਾਰਮਿਕ ਸਥਾਨ ਦੀ ਇਲਾਕੇ ਵਿਚ ਬਹੁਤ ਮਾਨਤਾ ਹੈ। ਭੁਪਿੰਦਰ ਸਿੰਘ ਮਾਨ ਨੇ ਅੰਡੇਮਾਨ ਦੀ ਯਾਤਰਾ ਦਾ ਜ਼ਿਕਰ ਕੀਤਾ ਹੈ ।ਇਹ ਥਾਂ ਸਾਡੇ ਗਦਰੀ ਬਾਬਿਆਂ ਤੇ ਆਜ਼ਾਦੀ ਲਈ ਸੰਘਰਸ਼ ਕਰਦੇ ਯੋਧਿਆਂ ਦੀਆਂ ਸ਼ਹੀਦੀਆਂ ਦੀ ਯਾਦ ਤਾਜ਼ਾ ਕਰਦਾ ਹੈ। ਲੇਖਕ ਨੇ ਲੰਮੇ ਲੇਖ ਵਿਚ ਬਹੁਤ ਕੁਝ ਦਰਜ ਕੀਤਾ ਹੈ ।ਨਿੱਕੇ-ਨਿੱਕੇ ਪਲਾਂ ਦਾ ਵੇਰਵਾ ਹੈ। ਲੇਖਕ ਦੇ ਧੰਨਭਾਗ ਹਨ ਕਿ ਉਸ ਨੇ ਯੋਧਿਆਂ ਦੀਆਂ ਯਾਦਾਂ ਨੂੰ ਵੇਖਿਆ ਹੈ। ਸਾਡਾ ਕਵੀ ਡਾ. ਦੀਵਾਨ ਸਿੰਘ ਕਾਲੇ ਪਾਣੀ ਨੂੰ ਪੰਜਾਬ ਅੱਜ ਵੀ ਯਾਦ ਕਰਦਾ ਹੈ ।ਸੁਰਜੀਤ ਸੁਮਨ ਨੇ ਇਸ ਵਾਰ ਪੰਜਵੇਂ ਗੁਰੂ ਜੀ ਦੀ ਸ਼ਹਾਦਤ ਨੂੰ ਸਿਜਦਾ ਕੀਤਾ ਹੈ। ਗੁਰੂ ਜੀ ਦੀ ਸ਼ਹਾਦਤ ਲਈ ਜਿਥੇ ਬਾਦਸ਼ਾਹ ਜਹਾਂਗੀਰ ਜ਼ਿੰਮੇਵਾਰ ਸੀ, ਨਾਲ ਹੀ ਗੁਰੂ ਜੀ ਦਾ ਆਪਣਾ ਸ਼ਰੀਕਾ ਵੀ ਬਾਦਸ਼ਾਹ ਦੇ ਕੰਨ ਭਰਨ ਵਿਚ ਅੱਗੇ ਸੀ। ਸ਼ਹੀਦ ਕਰਨ ਵੇਲੇ ਗੁਰੂ ਸਾਹਿਬ ਦੀ ਐਨੀ ਵੱਡੀ ਸਾਹਿਤਕ ਤੇ ਇਤਿਹਾਸਕ ਦੇਣ ਨੂੰ ਵੀ ਵਿਸਾਰ ਦਿੱਤਾ ਗਿਆ ।ਇਹ ਸ਼ਹਾਦਤ ਧਰਮ ਲਈ ਸੰਕੀਰਨ ਸੋਚ ਦਾ ਸਿੱਟਾ ਸੀ।

ਇਸ ਦਿਨ ਸੰਨ ਚੁਰਾਸੀ ਦਾ ਹਰਿਮੰਦਰ ਸਾਹਿਬ ਸਾਕਾ ਜੂਨ ਚੁਰਾਸੀ ਦੇ ਕਾਲੇ ਦਿਨ ਹੇਠ ਯਾਦ ਕੀਤਾ ਜਾਂਦਾ ਹੈ । ਪਿੰਡ ਭੂਲੇਵਾਲ ਦੀ ਇਤਿਹਾਸਕ ਗਾਥਾ ਪੜ੍ਹ ਕੇ ਜਾਣਕਾਰੀ ਮਿਲੀ। ਸਾਹਿਤਕ ਸਰਗਰਮੀਆਂ ਤੇ ਪਾਠਕ ਝਰੋਖਾ ਇਸ ਦਿਨ ਗਾਇਬ ਸਨ । ਇਹ ਕਾਲਮ ਜਾਰੀ ਰੱਖੋ। ਭੁਪਿੰਦਰ ਫੌਜੀ ਨੇ ਕਿਤਾਬਾਂ ਲਿਖ ਕੇ ਤੇ ਕਿਤਾਬਾਂ ਦਾ ਮੋਹ ਪਾਲ ਕੇ ਜੱਜਾਂ ਨੂੰ ਵੀ ਪ੍ਰਭਾਵਿਤ ਕਰ ਲਿਆ।ਇਹ ਹੈ ਕਲਮ ਦੀ ਕਰਾਮਾਤ । ਕਿਤਾਬਾਂ ਵਿਚ ਕਹਾਣੀ ਕਿਤਾਬ ਨੀਲੀਆਂ ਅੱਖਾਂ ਵਾਲੀ ਤੇ ਅਹਿਸਾਸ ਦਰ ਅਹਿਸਾਸ ਦੀ ਸਮੀਖਿਆ ਪੜ੍ਹ ਕੇ ਜਾਣਕਾਰੀ ਮਿਲੀ ।ਇਸ ਅੰਕ ਵਿਚ ਇਕਬਾਲ ਸਿੰਘ ਹਮਜਾਪੁਰ ਦੀਆਂ ਮਿੰਨੀ ਕਹਾਣੀਆਂ ਪੜ੍ਹ ਕੇ ਮਜ਼ਾ ਆ ਗਿਆ, ਖਾਸ ਕਰਕੇ ਮਾਂ, ਮੋਹ ਦਾ ਰਿਸ਼ਤਾ, ਵਸਤੂ ਸ਼ਾਸਤਰ ਚੰਗੀਆਂ ਰਚਨਾਵਾਂ ਹਨ ।

- ਪ੍ਰਿੰ. ਗੁਰਮੀਤ ਸਿੰਘ ਫ਼ਾਜ਼ਿਲਕਾ

ਵਿਧਾਨ ਸਭਾਵਾਂ ਦੇ ਨਤੀਜਿਆਂ ਦਾ ਵਿਸ਼ਲੇਸ਼ਣ

7 ਜੂਨ ਦੇ ਐਤਵਾਰਤਾ ਅੰਕ 'ਚ ਜਤਿੰਦਰ ਪੰਨੂ ਨੇ ਪਿਛਲੇ ਮਹੀਨੇ ਪੰਜ ਵਿਧਾਨ ਸਭਾਵਾਂ ਦੇ ਆਏ ਨਤੀਜਿਆਂ 'ਤੇ ਬੜਾ ਵਧੀਆ ਵਿਸ਼ਲੇਸ਼ਣ ਕੀਤਾ ਹੈ।ਜਿਹੋ ਜਿਹੀਆਂ ਕਿਆਸ ਅਰਾਈਆਂ ਚਲ ਰਹੀਆਂ ਸਨ ਤਕਰੀਬਨ ਓਹੋ ਜਿਹੇ ਹੀ ਨਤੀਜੇ ਆਏ ਹਨ ਕਿਸੇ ਨੂੰ ਕੋਈ ਹੈਰਾਨੀ ਨਈਂ ਹੋਈ, ਪਰ ਹੈਰਾਨੀ ਓਦੋਂ ਹੋਈ ਜਦੋਂ ਪੱਛਮੀ ਬੰਗਾਲ 'ਚ ਬੀ ਜੇ ਪੀ ਵੱਲੋਂ ਸਪੱਸ਼ਟ ਬਹੁਮਤ ਨਾਲ ਸਰਕਾਰ ਬਣੇ ਹਾਲੇ ਮਹੀਨਾ ਵੀ ਨਈਂ ਸੀ ਹੋਇਆ ਕਿ ਮਮਤਾ ਬੈਨਰਜੀ ਦੀ ਅਗਵਾਈ ਹੇਠ ਟੀ ਐਮ ਸੀ ਦੇ ਜਿਤੇ ਹੋਏ 80 ਵਿਧਾਇਕਾਂ ਵਿੱਚੋ 60 ਨੇ ਮਮਤਾ ਬੈਨਰਜੀ ਦੀ ਬੇਨਤੀ ਕੀਤੀ।ਇਸ ਦੇ ਦੋ ਹੀ ਕਾਰਨ ਹੋ ਸਕਦੇ ਹਨ। ਪਹਿਲਾ ਕਿ ਇਨਾ ਵਿਧਾਇਕਾਂ ਨੇ ਆਪਣੀਆਂ ਪਿਛਲੀਆਂ ਸਰਕਾਰ ਵੇਲੇ ਰੱਜ ਕੇ ਰਿਸ਼ਵਤਖੋਰੀ ਕੀਤੀ ਹੋਣੀ ਹੈ ਕਾਰਪੋਰੇਟ ਘਰਾਣਿਆਂ ਕੋਲੋਂ ਫੰਡ ਦੇ ਨਾਂਅ ਤੇ ਮੋਟਾ ਹੀ ਮਾਲ ਇਕੱਠਾ ਕੀਤਾ ਹੈ। ਹੁਣ ਡਰ ਹੈ ਕਿ ਬੀ ਜੇ ਪੀ ਇਨ੍ਹਾ ਦੇ ਸਾਰੇ ਕੱਚੇ ਚਿੱਠੇ ਨਾ ਖੋਲ੍ਹ ਦੇਵੇ ਤੇ ਬਾਕੀ ਦੀ ਉਮਰ ਕਿਤੇ ਜੇਲ੍ਹ ਵਿਚ ਹੀ ਨਾ ਕੱਟਣੀ ਪਵੇ ਕਿਉ ਕਿ ਬੀ ਜੇ ਪੀ ਨੂੰ ਬਾਂਹ ਮਰੋੜਣੀ ਬੜੇ ਚੰਗੇ ਢੰਗ ਨਾਲ ਆਉਂਦੀ ਹੈ ਤੇ ਇਹ ਵੀ ਪਤਾ ਹੈ ਕੋਈ ਵੀ ਵਿਧਾਇਕ ਜਾ ਸਾਂਸਦ ਜਿਨ੍ਹਾਂ ਮਰਜ਼ੀ ਕੁਰਪਟ ਹੋਵੇ ਜੇ ਉਹ ਬੀ ਜੇ ਪੀ ਨਾਲ ਆਖ ਮਿਲਾ ਲਵੇ ਤਾ ਉਹ ਦੁੱਧ ਧੋਤਾ ਹੋ ਜਾਂਦਾ ਹੈ ਬੇਦਾਗ। ਉਸ ਦਾ ਕੋਈ ਵਾਲ ਵੀ ਵਿੰਗਾ ਨਈ ਕਰ ਸਕਦਾ ਤੇ ਅਜੇ ਕਲ ਦੀ ਸਿਆਸਤ ਵਿਚ ਕੋਈ ਵੀ ਇਹੋ ਜਿਹਾ ਸੁੱਚਾ ਨੰਦ ਤੇ ਹੈ ਨਈਂ ਜਿਸ ਨੇ ਕੋਈ ਹੇਰਾਫੇਰੀ ,ਧੋਖਾਧੜੀ ਨਜਾਇਜ਼ ਕਬਜ਼ੇ ਨ ਕੀਤੇ ਹੋਣ ਕਿਸੇ ਦਾ ਹੱਕ ਨ ਮਾਰਿਆ ਹੋਵੇ ਹੁਣ ਤਾਂ ਪਿਛਲੇ ਕੁਝ ਕੁ ਸਾਲਾਂ ਤੋਂ ਸਿਆਸਤਦਾਨ ਸਮਝ ਗਏ ਹਨ ਜੇ ਆਪਣੀ ਚਮੜੀ ਬਚਾਉਣੀ ਹੈ ਤਾਂ ਕੇਂਦਰ ਦੀ ਸੱਤਾ ਧਿਰ ਨਾਲ ਮਿਲ ਕੇ ਚਲੀ ਚਲੋ ਜਦੋਂ ਕਲ ਨੂੰ ਸਰਕਾਰ ਬਦਲੇਗੀ ਪਲਟੀ ਮਾਰ ਕੇ ਓਹਨਾ ਦੇ ਕਸੀਦੇ ਪੜ੍ਹਨ ਲੱਗ ਪਵਾਂਗੇ। ਟੀ ਐਮ ਸੀ ਵਿਚ ਉਠੀ ਬਗਾਵਤ ਦਾ ਦੂਜਾ ਕਾਰਨ ਹੋ ਸਕਦਾ ਹੈ ਧੋਣ ਚ ਕਿੱਲਾ।ਜਦੋ ਕੋਈ ਵੱਡੀ ਤੇ ਉੱਚੀ ਕੁਰਸੀ ਤੇ ਬਹਿ ਜਾਂਦਾ ਹੈ ਤਾ ਬਾਕੀਆਂ ਨੂੰ ਕੀੜੇ ਮਕੌੜੇ ਸਮਝਣ ਲਗ ਪੈਂਦਾ ਹੈ 2024 ਦੀਆ ਸੰਸਦੀ ਚੋਣਾਂ ਤੋਂ ਪਹਿਲਾਂ ਬੀਜੇਪੀ ਨੂੰ ਹਰਾਉਣ ਲਈ ਜਦੋਂ ਸਾਰੀਆਂ ਵਿਰੋਧੀ ਪਾਰਟੀਆਂ ਨੇ ਇੰਡੀਆ ਨਾਮ ਦਾ ਗਠਜੋੜ ਬਣਾਇਆ ਸੀ ਤਾਂ ਮਮਤਾ ਬੈਨਰਜੀ ਬਹੁਤ ਉੱਚੀਆਂ ਹਵਾਵਾਂ ਵਿਚ ਉਡਦੀ ਸੀ ,ਕਿਸੇ ਨਾਲ ਸਿਧੇ ਮੂੰਹ ਗੱਲ ਹੀ ਨਈਂ ਸੀ ਕਰਦੀ ਉਸ ਨੇ ਸ਼ਰਤ ਰੱਖੀ ਸੀ ਕਿ ਉਹ ਗਠਜੋੜ ਵਿਚ ਤਾਂ ਹੀ ਰਹੇਗੀ ਜੇ ਕਰ ਉਸ ਦੇ ਨਾਂਅ ਨੂੰ ਪ੍ਰਧਾਨ ਮੰਤਰੀ ਵਜੋ ਸਹਿਮਤੀ ਦਿਤੀ ਜਾਵੇਗੀ ਤੇ ਉਹ ਗਠਜੋੜ ਨੂੰ ਛੱਡ ਗਈ ਸੀ।

- ਬੀ ਡੀ ਭਗਤ, ਮਜੀਠਾ ਰੋਡ ਅੰਮ੍ਰਿਤਸਰ

ਆਉਂਦੇ ਐਤਵਾਰਤਾ 'ਚ ਵਿਸ਼ੇਸ਼

ਮਸਨੂਈ ਬੁੱਧੀ ਦੀਆਂ ਮਿੱਥਾਂ : ਹਰਵਿੰਦਰ ਭੰਡਾਲ

ਅੰਡੇਮਾਨ ਡਾਇਰੀਜ਼-3 : ਭੁਪਿੰਦਰ ਸਿੰਘ ਮਾਨ

'ਪਰਜੀਵੀ' : ਕੁਲਦੀਪ ਸਿੰਘ ਬੇਦੀ (ਫੋਕਸ) ਡਾ. ਜਸਵਿੰਦਰ ਕੌਰ ਬਿੰਦਰਾ

ਰਣਜੀਤ ਆਜ਼ਾਦ ਕਾਂਝਲਾ ਦੀਆਂ ਗ਼ਜ਼ਲਾਂ ਤੇ ਹੋਰ ਬਹੁਤ ਕੁਝ

ਸਮਕਾਲ

---- ਭਗਵੰਤ ਰਸੂਲਪੁਰੀ----

ਪੰਜਾਬੀ ਦੁਨੀਆ : ਮਈ-ਜੂਨ 2025

ਭਾਸ਼ਾ ਵਿਭਾਗ ਪੰਜਾਬ ਵੱਲੋਂ 'ਪੰਜਾਬੀ ਦੁਨੀਆ' ਰਸਾਲਾ ਪਿਛਲੇ 76 ਸਾਲਾਂ ਤੋਂ ਛਪਦਾ ਆ ਰਿਹਾ ਹੈ। ਇਸ ਵਿੱਚ ਮੁੱਖ ਤੌਰ ਤੇ ਪੰਜਾਬੀ ਆਲੋਚਨਾ ਨੂੰ ਪ੍ਰਕਾਸ਼ਤ ਕੀਤਾ ਜਾਂਦਾ ਹੈ। ਪੰਜਾਬੀ ਰੈਫ਼ਰੀਡ ਰਿਸਰਡ ਜਰਨਲ ਦੇ ਚਾਰ ਮਹੱਤਵਪੂਰਨ ਅੰਕ ਛਪ ਕੇ ਪੁੱਜੇ ਹਨ। 'ਪੰਜਾਬੀ ਦੁਨੀਆ' ਦੇ ਹੱਥਲੇ ਚਾਰੇ ਅੰਕਾਂ ਦੇ ਮੁੱਖ ਸੰਪਾਦਕ ਜਸਵੰਤ ਸਿੰਘ ਜਫਰ, ਡਾਇਰੈਕਟਰ ਭਾਸ਼ਾ ਵਿਭਾਗ, ਪੰਜਾਬ ਅਤੇ ਸੰਪਾਦਕ ਡਾ. ਸੰਤੋਖ ਸਿੰਘ ਸੁਖੀ ਖੋਜ ਅਫ਼ਸਰ ਹਨ। ਇਸ ਅੰਕ ਦੇ ਕੁੱਲ ਪੰਨੇ :128 ਅਤੇ ਮੁੱਲ : 40 ਰੁਪਏ ਰੱਖਿਆ ਗਿਆ ਹੈ। 'ਪੰਜਾਬੀ ਦੁਨੀਆ' ਦੇ ਇਸ ਅੰਕ ਵਿੱਚ ਮਿਆਰੀ ਅਤੇ ਨਿੱਗਰ ਸਮੱਗਰੀ ਪ੍ਰਕਾਸ਼ਿਤ ਕੀਤੀ ਗਈ ਹੈ। ਸਾਰੇ ਲੇਖਾਂ ਨੂੰ ਪੜ੍ਹ ਕੇ ਇਹ ਕਿਹਾ ਜਾ ਸਕਦਾ ਹੈ ਕਿ ਸੰਪਾਦਕੀ ਅਮਲੇ ਨੇ ਮੈਟਰ ਦੀ ਚੋਣ ਅਤੇ ਪੇਸ਼ਕਾਰੀ ਵਿੱਚ ਮਿਹਨਤ ਕੀਤੀ ਹੈ। ਹੱਥਲੇ ਅੰਕ ਦੀ ਸੰਪਾਦਕੀ ਵਿੱਚ ਮੁੱਖ ਸੰਪਾਦਕ ਨੇ ਲਿਖਿਆ ਹੈ ਕਿ ਇਸ ਅੰਕ ਵਿੱਚ ਸਾਈਬਰ ਸੰਵਾਦ, ਭਾਸ਼ਾ ਵਿਗਿਆਨ, ਦਰਸ਼ਨ ਸ਼ਾਸਤਰ, ਚਕਿਤਸਾ ਸ਼ਾਸਤਰ, ਮਨੋਵਿਗਿਆਨ ਨਾਲ ਸੰਬੰਧਿਤ ਆਲੋਚਨਾਤਮਕ ਪੇਪਰਾਂ ਦੇ ਨਾਲ ਨਾਲ ਸਾਹਿਤਕ ਪੜਚੋਲ ਵਾਲੇ ਪੇਪਰ ਪ੍ਰਕਾਸ਼ਤ ਕੀਤੇ ਗਏ ਹਨ। ਇਸ ਅੰਕ ਵਿੱਚ ਪਵਨਜੀਤ ਕੌਰ (ਸਾਈਬਰ ਮੰਚ ਰਾਹੀਂ ਸਾਹਿਤਕ ਸੰਵਾਦ : ਇੱਕ ਅਧੀਅਨ), ਡਾ. ਅਮਨਪ੍ਰੀਤ ਕੌਰ ਘੁੱਦਾ (ਫਰਾਇਡੀਅਨ ਮਨੋਵਿਸ਼ਲੇਸ਼ਣ: ਇਕ ਪੜਤ) ਡਾ. ਪਰਮਿੰਦਰ ਸਿੰਘ (ਪੂਰਬੀ ਦਰਸ਼ਨ ਵਿੱਚ ਚੇਤਨ ਸਿਧਾਂਤ : ਅੰਤਰ ਸੰਵਾਦ) ਡਾ. ਇਕਬਾਲ ਸੋਮੀਆਂ (ਭਾਸ਼ਾ ਵਿਗਿਆਨ ਪੰਜਾਬੀ ਆਲੋਚਨਾ ਦਾ ਭਾਰਤੀ ਪਿਛੋਕੜ), ਨਵਰੀਤ ਕੌਰ (ਔਸ਼ਧਿਕ ਚਿਕਿਤਸਾ ਪ੍ਰਣਾਲੀ : ਸਿਧਾਂਤਕ ਪਰਿਪੇਖ ਅਤੇ ਵਰਗੀਕਰਨ), ਡਾ. ਜੇ. ਬੀ. ਸੇਖੋਂ (ਉਜਾੜਾ, ਵਿਸਥਾਪਨ ਅਤੇ ਦਮਨ ਦੀ ਨਾਰੀ ਤੱਕਣੀ ਤੋਂ ਮਨੋਵਿਗਿਆਨਕ ਪ੍ਰਵਚਨਕਾਰੀ : ਟੈਬੂ), ਸੰਦੀਪ ਸਿੰਘ (ਪੰਜਾਬੀ ਕਹਾਣੀ ਵਿੱਚ ਪੇਸ਼ ਫਾਸ਼ੀਵਾਦ ਦਾ ਸਰੂਪ -ਜਸਵੰਤ ਸਿੰਘ ਕੰਵਲ ਦੀਆਂ ਕਹਾਣੀਆਂ ਦੇ ਪ੍ਰਸੰਗ ਵਿੱਚ) ਆਦਿ ਲੇਖ ਪ੍ਰਕਾਸ਼ਿਤ ਕੀਤੇ ਗਏ ਹਨ। ਇਹਨਾਂ ਲੇਖਾਂ ਨੂੰ ਹਰ ਵਿਦਵਾਨ ਨੇ ਮਿਹਨਤ ਨਾਲ ਲਿਖਿਆ ਹੈ। 'ਫਰਾਇਡੀਅਨ ਮਨੋਵਿਸ਼ਲੇਸ਼ਣ' ਕਈ ਪੱਖਾਂ ਤੋਂ ਮਹੱਤਵਪੂਰਨ ਹੈ।

ਪੰਜਾਬੀ ਦੁਨੀਆ : ਡਾ. ਜਗਤਾਰ ਵਿਸ਼ੇਸ਼ ਅੰਕ

'ਪੰਜਾਬੀ ਦੁਨੀਆ' ਦਾ ਹੱਥਲਾ ਅੰਕ ਜੁਲਾਈ-ਅਕਤੂਬਰ 2025, ਡਾ. ਜਗਤਾਰ ਵਿਸ਼ੇਸ਼ ਅੰਕ ਵਜੋਂ ਪ੍ਰਕਾਸ਼ਿਤ ਕੀਤਾ ਗਿਆ ਹੈ। ਇਸ ਅੰਕ ਦੇ ਕੁੱਲ ਪੰਨੇ : 260 ਅਤੇ ਮੁੱਲ : 80 ਰੁਪਏ ਰੱਖਿਆ ਗਿਆ ਹੈ। ਪੰਜਾਬੀ ਦੁਨੀਆ ਦੇ ਵੱਖ ਵੱਖ ਸਮੇਂ ਪ੍ਰਸਿੱਧ ਪੰਜਾਬੀ ਲੇਖਕਾਂ ਦੇ ਵਿਸ਼ੇਸ਼ ਅੰਕ ਤਿਆਰ ਕਰਨ ਦੀ ਲੰਮੀ ਪੰਪਰਾ ਰਹੀ ਹੈ। ਇਸ ਅੰਕ ਵਿੱਚ ਸਾਂਭਣਯੋਗ ਸਮੱਗਰੀ ਪ੍ਰਕਾਸ਼ਤ ਕੀਤੀ ਗਈ ਹੈ। ਅੰਕ ਦੀ ਸੰਪਾਦਕੀ ਡਾ. ਜਗਤਾਰ ਦੀ ਵਿਚਾਰਧਾਰਾ ਤੇ ਰਚਨਾਕਾਰੀ ਅਤੇ ਪੰਜਾਬੀ ਕਵਿਤਾ ਵਿੱਚ ਉਸ ਦਾ ਵਿਸ਼ੇਸ਼ ਸਥਾਨ ਦੀ ਗੱਲ ਕਰਦੀ ਹੈ। ਇਸ ਅੰਕ ਵਿੱਚ ਸੁਰਜੀਤ ਜੱਜ, ਡਾ. ਮਨਮੋਹਨ ਸਿੰਘ ਤੀਰ, ਡਾ. ਸੁਰਜੀਤ ਸਿੰਘ, ਡਾ. ਗੁਰਇਕਬਾਲ ਸਿੰਘ, ਡਾ. ਸਰਦੂਰ ਸਿੰਘ ਔਜਲਾ, ਸ਼ਮਸ਼ੇਰ ਮੋਹੀ, ਜਗਵਿੰਦਰ ਜੋਧਾ, ਡਾ. ਦੀਪਕ ਧਲੇਵਾਂ, ਜਗਦੀਪ ਸਿੰਘ, ਸ਼ਹਿਬਾਜ਼ ਖਾਨ, ਡਾ. ਹਰਸਿਮਰਤ ਕੌਰ, ਡਾ. ਮਨਦੀਪ ਕੌਰ, ਡਾ. ਪਰਮਪਾਲ ਸਿੰਘ, ਡਾ. ਸੰਦੀਪ ਸਿੰਘ, ਹਰਪ੍ਰੀਤ ਕੁਮਾਰ, ਡਾ. ਦਵਿੰਦਰ ਸਿੰਘ ਬੋਹਾ, ਡਾ. ਸੰਤੋਖ ਸਿੰਘ ਸੁੱਖੀ ਆਦਿ ਦੇ ਲੇਖ ਪ੍ਰਕਾਸਿਤ ਕੀਤੇ ਗਏ ਹਨ। ਇਹਨਾਂ ਲੇਖਾਂ ਵਿੱਚ ਡਾਕਟਰ ਜਗਤਾਰ ਦੀ ਸ਼ਾਇਰੀ ਦਾ ਮੁਲਾਂਕਣ ਉਸ ਦੀਆਂ ਵੱਖ-ਵੱਖ ਕਿਤਾਬਾਂ ਦੇ ਸੰਦਰਭ ਵਿੱਚ ਕੀਤਾ ਗਿਆ ਹੈ। ਇਹ ਅੰਕ ਨਿਸ਼ਚੇ ਹੀ ਮਿਆਰੀ ਅਤੇ ਯਾਦਗਾਰ ਹੈ। ਵਿਸ਼ੇਸ਼ ਅੰਕਾਂ ਦੀ ਪਰੰਪਰਾ ਵਿੱਚ ਇਕ ਹੋਰ ਮੀਲ ਪੱਥਰ ਹੈ। ਅੰਕ ਵਿੱਚ ਡਾ. ਜਗਤਾਰ ਦੀਆਂ ਪੁਸਤਕਾਂ ਦੇ ਰੰਗੀਨ ਟਾਇਟਲ ਵੀ ਪ੍ਰਕਾਸ਼ਤ ਕੀਤੇ ਗਏ ਹਨ। ਮੁੱਖ ਪੰਨੇ ਉੱਤੇ ਜਗਤਾਰ ਦੀ ਤਸਵੀਰ ਹੈ।

ਪੰਜਾਬੀ ਦੁਨੀਆ : ਡਾ. ਹਰਿਭਜਨ ਸਿੰਘ ਵਿਸ਼ੇਸ਼ ਅੰਕ

'ਪੰਜਾਬੀ ਦੁਨੀਆਂ' ਨਵੰਬਰ-ਦਸੰਬਰ 2025 ਦਾ ਹਥਲਾ ਅੰਕ ਡਾ. ਹਰਭਜਨ ਸਿੰਘ ਵਿਸ਼ੇਸ਼ ਅੰਕ ਵਜੋਂ ਪ੍ਰਕਾਸ਼ਿਤ ਕੀਤਾ ਗਿਆ ਹੈ। ਇਸ ਅੰਕ ਦੇ ਪੰਨੇ : 135 ਅਤੇ ਮੁੱਲ : 40 ਰੁਪਏ ਰੱਖਿਆ ਗਿਆ ਹੈ। ਇਸ ਅੰਕ ਵਿੱਚ ਡਾ. ਹਰਭਜਨ ਸਿੰਘ ਦੀ ਸ਼ਾਇਰੀ ਅਤੇ ਸ਼ਖ਼ਸੀਅਤ ਨੂੰ ਉਜਾਗਰ ਕਰਦੇ ਨੌਂ ਲੇਖ ਪ੍ਰਕਾਸ਼ਿਤ ਕੀਤੇ ਗਏ ਹਨ। ਸੰਪਾਦਕੀ ਵਿੱਚ ਡਾ. ਹਰਭਜਨ ਸਿੰਘ ਨੂੰ ਇੱਕ ਚਿੰਤਕ ਅਤੇ ਸ਼ਾਇਰ ਵਜੋਂ ਉਭਾਰਨ ਦਾ ਉਪਰਾਲਾ ਕੀਤਾ ਗਿਆ ਹੈ। ਸੰਪਾਦਕੀ ਕਹਿੰਦੀ ਹੈ ਹੈ ਕਿ ਵਿਭਾਗ ਪੰਜਾਬੀ ਦੇ ਇਸ ਕਵੀ, ਆਲੋਚਕ, ਅਨੁਵਾਦਕ ਤੇ ਸੰਪਾਦਕ ਦੀ ਘਾਲਣਾ ਨੂੰ ਯਾਦ ਕਰਦਿਆਂ ਅਕੀਦ ਭੇਟ ਕਰਦਿਆਂ ਉਹਨਾਂ ਉੱਤੇ ਵਿਸ਼ੇਸ਼ ਅੰਕ ਪ੍ਰਕਾਸ਼ਤ ਕਰ ਰਿਹਾ ਹੈ। ਉਮੀਦ ਹੈ ਆਪ ਸਾਡੇ ਇਸ ਕਾਰਜ ਨੂੰ ਚੰਗਾ ਮੰਨਦੇ ਹੋਏ, ਜਿੱਥੇ ਇਸ ਨੂੰ ਪੜ੍ਹੋਗੇ। ਇਸ ਅੰਕ ਵਿੱਚ 9 ਲੇਖ ਹਨ। ਡਾ. ਹਰਭਜਨ ਸਿੰਘ ਦੀ ਸਾਹਿਤ ਸਿਧਾਂਤਕਾਰੀ (ਡਾ. ਦਵਿੰਦਰ ਸੈਫ਼ੀ), ਡਾ. ਹਰਭਜਨ ਸਿੰਘ ਦਾ ਪੰਜਾਬੀ ਸੂਫੀ ਸਾਹਿਤ ਚਿੰਤਨ ਪੁਨਰ ਸੰਵਾਦ (ਜਗਵਿੰਦਰ ਜੋਧਾ), ਡਾ. ਹਰਭਜਨ ਸਿੰਘ ਦੀ ਵਿਲੱਖਣਤਾ (ਡਾ. ਜਸਪਾਲ ਸਿੰਘ), ਡਾ. ਹਰਭਜਨ ਸਿੰਘ ਦੀ ਕਾਵ ਦ੍ਰਿਸ਼ਟੀ (ਗੁਰਜੀਤ ਸਿੰਘ ਦਿੱਲੀ), ਦਰਵੇਸ਼ ਦਾਨਿਸ਼ਮੰਦ : ਡਾ. ਹਰਭਜਨ ਸਿੰਘ (ਡਾ. ਭੀਮ ਇੰਦਰ ਸਿੰਘ), ਚੋਲਾ ਟਾਕੀਆਂ ਵਾਲਾ : ਕੁਝ ਪ੍ਰਭਾਵ (ਡਾ. ਧਰਮ ਸਿੰਘ), ਡਾ. ਹਰਭਜਨ ਸਿੰਘ ਰਚਿਤ : ਚੋਲਾ ਟਾਕੀਆਂ ਵਾਲਾ ਦਾ ਰੂਪਾਕਾਰਕ ਅਧਿਐਨ (ਕਰਮਜੀਤ ਕੌਰ), ਮਨੁੱਖੀ ਹੋਂਦ ਦੀ ਅਪ੍ਰਮਾਣਿਕ ਸਥਿਤੀ ਦੀ ਪੇਸ਼ਕਾਰੀ : ਨਾ ਧੁੱਪੇ ਨਾ ਛਾਵੇਂ (ਡਾ. ਸਰਦੂਰ ਸਿੰਘ ਔਜਲਾ), ਹਰਭਜਨ ਸਿੰਘ ਦੀ ਕਾਵਿ ਸਿਰਜਣਾ : ਰੁੱਖ ਤੇ ਰਿਸ਼ੀ ਦੇ ਸੰਦਰਭ ਵਿੱਚ (ਗਗਨਦੀਪ ਸਿੰਘ), ਆਦਿ ਲੇਖ ਪ੍ਰਕਾਸ਼ਿਤ ਕੀਤੇ ਗਏ ਹਨ। ਇਸ ਅੰਕ ਵਿੱਚ ਪਾਠਕ ਹਰਭਜਨ ਸਿੰਘ ਦੀ ਸ਼ਾਇਰੀ ਅਤੇ ਸ਼ਖ਼ਸੀਅਤ ਨੂੰ ਸਮਝ ਸਕਦੇ ਹਨ। ਇਕ ਅੰਕ ਵਿੱਚ ਹਰਿਭਜਨ ਸਿੰਘ ਦੀ ਕਹਾਣੀ ਸਮੀਖਿਆ ਦੀ ਗੱਲ ਨਹੀਂ ਹੋਈ। ਇਹ ਅੰਕ ਵੀ ਨਿਸ਼ਚੇ ਹੀ ਯਾਦਗਾਰੀ ਅੰਕ ਹੈ।

ਪੰਜਾਬੀ ਦੁਨੀਆ : ਸ਼ਹੀਦ ਭਗਤ ਸਿੰਘ ਵਿਸ਼ੇਸ਼ ਅੰਕ

'ਪੰਜਾਬੀ ਦੁਨੀਆ' ਦਾ ਜਨਵਰੀ-ਮਾਰਚ 2026 ਦਾ ਅੰਕ ਸ਼ਹੀਦ ਭਗਤ ਸਿੰਘ ਵਿਸ਼ੇਸ਼ ਅੰਕ ਵਜੋਂ ਪ੍ਰਕਾਸ਼ ਕੀਤਾ ਗਿਆ ਹੈ। ਇਸ ਅੰਕ ਦੇ ਪੰਨੇ :192 ਅਤੇ ਮੁੱਲ : 60 ਰੁਪਏ ਰੱਖਿਆ ਗਿਆ ਹੈ। ਇਸ ਅੰਕ ਦੀ ਸੰਪਾਦਕੀ ਵਿੱਚ ਭਗਤ ਸਿੰਘ ਦੇ ਜੀਵਨ ਅਤੇ ਵਿਚਾਰਧਾਰਾ ਦੀ ਗੱਲ ਪ੍ਰਮੁਖਤਾ ਨਾਲ ਉਭਾਰੀ ਗਈ ਹੈ। ਹਥਲੇ ਅੰਕ ਵਿੱਚ 10 ਲੇਖ ਪ੍ਰਕਾਸ਼ ਕੀਤੇ ਗਏ ਹਨ। ਜਿਨਾਂ ਵਿੱਚ ਭਗਤ ਸਿੰਘ ਨੂੰ ਇੱਕ ਬਹਾਦਰ, ਯੋਧਾ ਅਤੇ ਵਿਚਾਰਧਾਰਕ ਤੌਰ ਤੇ ਸੂਝਵਾਨ ਵਿਦਵਾਨ ਵਜੋਂ ਉਭਾਰਿਆ ਗਿਆ ਹੈ। ਡਾ. ਰਜਿੰਦਰ ਪਾਲ ਸਿੰਘ ਬਰਾੜ ਦਾ ਮਹੱਤਵਪੂਰਨ ਲੇਖ 'ਸ਼ਹੀਦ ਏ ਆਜ਼ਮ ਭਗਤ ਸਿੰਘ ਦਾ ਕਾਵਿ ਬਿੰਬ' ਪ੍ਰਕਾਸ਼ਤ ਕੀਤਾ ਗਿਆ ਹੈ। ਉਪਰੰਤ ਦਹਿਸ਼ਤਪਸੰਦੀ ਬਨਾਮ ਇਨਕਲਾਬੀ ਹਿੰਸਾ ਦੀ ਚਿੰਤਕ ਭਗਤ ਸਿੰਘ (ਮਨਪ੍ਰੀਤ ਸਿੰਘ), ਪੰਜਾਬੀ ਗਾਇਕੀ ਵਿੱਚ 'ਸ਼ਹੀਦ ਭਗਤ ਸਿੰਘ' ਦੇ ਬਿੰਬ ਦੀ ਪੇਸ਼ਕਾਰੀ (ਸਿਮਰਨਜੀਤ ਸਿੰਘ), ਸ਼ਹੀਦ ਭਗਤ ਸਿੰਘ : ਸੋਚ ਤੇ ਅਕਸ (ਜਗਤਾਰ ਹਵਾਰਾ), ਭਗਤ ਸਿੰਘ ਸ਼ਹੀਦ ਨਹੀਂ, ਇੱਕ ਵਿਚਾਰ (ਸੁਕ੍ਰਿਤੀ ਚੋਪੜਾ) ਅਸਲ ਭਗਤ ਸਿੰਘ ਨੂੰ ਤਲਾਸ਼ਦਿਆਂ (ਜਸਵੰਤ ਸਿੰਘ ਜਫਰ), ਸੁਤੰਤਰਤਾ ਸੰਗਰਾਮ ਅਤੇ ਤਤਕਾਲੀ ਰਾਜਨੀਤੀ ਦੇ ਸੰਦਰਭ ਵਿੱਚ ਭਗਤ ਸਿੰਘ ਦਾ ਇਨਕਲਾਬੀ ਦਖ਼ਲ : ਇਸ ਵਿਸ਼ਲੇਸ਼ਣਾਤਮਕ ਅਧਿਐਨ (ਸਰਬਜੀਤ ਸਿੰਘ ਵਿਰਕ), ਪੰਜਾਬੀ ਲੋਕ ਕਾਵਿ ਵਿਚ ਸ਼ਹੀਦ ਭਗਤ ਸਿੰਘ ਦਾ ਨਾਇਕ- ਬਿੰਬ (ਡਾ. ਪਰਵੀਨ ਕੁਮਾਰ) ਬਲਰਾਜ ਸਾਹਨੀ ਦੇ ਨਾਟਕ ਕੀ ਇਹ ਸੱਚ ਹੈ, ਬਾਪੂ ?' ਵਿੱਚ ਭਗਤ ਸਿੰਘ ਦੇ ਬਿੰਬ ਦੀ ਬਿਰਤਾਂਤਕਾਰੀ (ਡਾ. ਜਰਮਨਜੀਤ ਸਿੰਘ) ਅਤੇ ਸ਼ਹੀਦ ਭਗਤ ਸਿੰਘ ਦੇ ਨਾਇਕਤਵ ਦੀ ਨਿਰਮਾਣਕਾਰੀ : ਨਵੀਨ ਪਰਪੇਖ (ਮਨਜੀਤ ਸਿੰਘ) ਆਦਿ ਲੇਖ ਪ੍ਰਕਾਸ਼ਿਤ ਕੀਤੇ ਗਏ ਹਨ। ਪੰਜਾਬੀ ਦੁਨੀਆਂ ਦੇ ਇਹ ਚਾਰੇ ਅੰਕ ਨਿਸ਼ਚੇ ਹੀ ਮਿਆਰੀ ਅਤੇ ਨਿੱਗਰ ਸਮਗਰੀ ਲੈ ਕੇ ਪਾਠਕਾਂ ਤੱਕ ਪੁੱਜੇ ਹਨ। ਪੰਜਾਬੀ ਦੁਨੀਆਂ ਨੇ ਆਲੋਚਨਾ ਦੇ ਖੇਤਰ ਵਿੱਚ ਅਤੇ ਚਿੰਤਨ ਦੇ ਖੇਤਰ ਵਿੱਚ ਆਪਣਾ ਮਹੱਤਵਪੂਰਨ ਰੋਲ ਅਦਾ ਕੀਤਾ ਹੈ। ਅੰਕ ਮੰਗਵਾਉਣ ਲਈ- ਪੰਜਾਬੀ ਦੁਨੀਆ, ਡਾਇਰੈਕਟਰ ਭਾਸ਼ਾ ਵਿਭਾਗ ਪੰਜਾਬ ਪਟਿਆਲਾ ਨਾਲ ਸੰਪਰਕ ਕੀਤਾ ਜਾ ਸਕਦਾ ਹੈ। 'ਪੰਜਾਬੀ ਦੁਨੀਆਂ' ਨੂੰ ਸਮੱਗਰੀ ਭੇਜਣ ਲਈ ਈਮੇਲ e-mail: punjabirasala.pblanguages@gmail.com

ਬਲਵਿੰਦਰ ਭੁੱਲਰ ਦੀਆਂ ਮਿੰਨੀ ਕਹਾਣੀਆਂ

ਮੇਮਣੇ

ਲੋਕਾਂ ਦਾ ਗੋਹਾ-ਕੂੜਾ ਕਰਕੇ ਥੱਕ-ਟੁੱਟ ਕੇ ਘਰ ਆਉਂਦੀ ਪ੍ਰਸਿੰਨੀ ਨੂੰ ਚਾਹ ਦੀ ਲੋੜ ਮਹਿਸੂਸ ਹੁੰਦੀ ਸੀ। ਇਸ ਜ਼ਰੂਰਤ ਨੂੰ ਵੇਖਦਿਆਂ ਉਸ ਨੇ ਇੱਕ ਘਰ ਦਾ ਦੋ ਮਹੀਨੇ ਗੋਹਾ-ਕੂੜਾ ਕਰਨ ਲਈ ਮਜ਼ਦੂਰੀ ਦੇ ਪੈਸੇ ਲੈ ਕੇ ਇੱਕ ਸੂਣ ਵਾਲੀ ਬੱਕਰੀ ਮੁੱਲ ਲਿਆਂਦੀ। ਦੋ ਦਿਨ ਬਾਅਦ ਪ੍ਰਸਿੰਨੀ ਸੁਭਾ ਉੱਠੀ ਤਾਂ ਬੱਕਰੀ ਦਰਦ ਨਾਲ ਲੱਤਾਂ ਮਾਰ ਰਹੀ ਸੀ। ਉਸ ਨੇ ਝੱਟ ਆਪਣੇ ਮੁੰਡੇ ਘੁੱਦੇ ਨੂੰ ਉਠਾ ਕੇ ਡੰਗਰਾਂ ਵਾਲੇ ਡਾਕਟਰ ਕੋਲ ਭੇਜਿਆ। ਡਾਕਟਰ ਦੇ ਆਉਂਦਿਆਂ ਬੱਕਰੀ ਸ਼ਾਂਤ ਹੋਈ ਪਈ ਸੀ, ਉਸ ਨੇ ਚੈੱਕ ਕਰਕੇ ਦੱਸਿਆ, “ਭਾਈ ਬੱਕਰੀ ਤਾਂ ਮਰ ਚੁੱਕੀ ਐ। ਥੋੜ੍ਹਾ ਜਾ ਪਹਿਲਾਂ ਸੱਦ ਲਿਆਉਂਦੇ ਤਾਂ ਸ਼ਾਇਦ ਬਚਾਅ ਈ ਲੈਂਦੇ।” ਇਹ ਸੁਣਦਿਆਂ ਹੀ ਪ੍ਰਸਿੰਨੀ ਦੀਆਂ ਅੱਖਾਂ 'ਚੋਂ ਅੱਥਰੂ ਡਿੱਗੇ।

“ਭਾਈ ਹੁਣ ਤਾਂ ਕੁੱਛ ਨੀ ਹੋ ਸਕਦਾ। ਸਬਰ ਕਰ।” ਡਾਕਟਰ ਨੇ ਦਿਲਾਸਾ ਦਿੱਤਾ।

“ਡਾਕਟਰ ਸਾਹਿਬ! ਸਬਰ ਕਿਵੇਂ ਕਰਾਂ, ਮੈਨੂੰ ਤਾਂ ਦੋ ਮਹੀਨੇ ਸਰਦਾਰਾਂ ਦੇ ਗੋਹਾ-ਕੂੜਾ ਕਰਨਾ ਈ ਪਊ। ਜਿਹਨਾਂ ਤੋਂ ਪੈਸੇ ਲੈ ਕੇ ਇਹ ਲਿਆਂਦੀ ਸੀ।” ਪ੍ਰਸਿੰਨੀ ਦੇ ਅੰਦਰੋਂ ਮਜਬੂਰੀ ਦੇ ਸ਼ਬਦ ਨਿਕਲੇ।

“ਵਾਹਿਗੁਰੂ ਭਲਾ ਕਰੂ ਭਾਈ।” ਕਹਿ ਕੇ ਡਾਕਟਰ ਤੁਰਨ ਲੱਗਿਆ।

“ਵੇ ਮੇਰਾ ਵੀਰ! ਇਹਦਾ ਢਿੱਡ ਚੀਰ ਕੇ ਵੇਖ ਲੈ, ਜੇ ਮੇਮਣੇ ਈ ਜਿਉਂਦੇ ਹੋਣ।” ਪ੍ਰਸਿੰਨੀ ਨੇ ਹੱਥ ਬੰਨ੍ਹ ਕੇ ਅਰਜੋਈ ਕੀਤੀ।

ਕਬਰਾਂ

“ਇਸ ਕਬਰਸਤਾਨ 'ਚ ਬਹੁਤ ਸਾਰੀਆਂ ਕਬਰਾਂ ਪੱਕੀਆਂ ਤੇ ਰੰਗ-ਰੋਗਨ ਕੀਤੀਆਂ ਹੋਈਆਂ ਹਨ, ਪਰ ਬਹੁਤ ਸਾਰੀਆਂ ਕੱਚੀਆਂ ਹਨ ਤੇ ਉਹਨਾਂ ਦੇ ਘਾਹ ਵੀ ਉੱਗ ਆਇਆ ਹੈ। ਇਹ ਫ਼ਰਕ ਕਿਉਂ ਹੈ?” ਬਰਿੰਦਰ ਨੇ ਮੈਣੀ ਕਬਰਸਤਾਨ ਦੀ ਸਾਂਭ-ਸੰਭਾਲ ਕਰਨ ਵਾਲੇ ਅਬਦੁੱਲਾ ਨੂੰ ਪੁੱਛਿਆ।

“ਪੱਕੀਆਂ ਕਬਰਾਂ ਅਮੀਰ ਲੋਕਾਂ ਦੀਆਂ ਹਨ ਅਤੇ ਕੱਚੀਆਂ ਗਰੀਬ ਲੋਕਾਂ ਦੀਆਂ, ਜਿਹੜੇ ਕਬਰਾਂ ਖੁਦਵਾਉਣ ਦਾ ਖ਼ਰਚਾ ਵੀ ਅਦਾ ਨਹੀਂ ਕਰ ਸਕੇ। ਉਹਨਾਂ ਦਾ ਹਾਲ ਤਾਂ ਐਹੋ ਜਿਹਾ ਹੀ ਹੋਣਾ ਹੈ।” ਅਬਦੁੱਲਾ ਨੇ ਸਪੱਸ਼ਟ ਕੀਤਾ।

“ਅੱਛਾ! ਇਨਸਾਨ ਦੇ ਮਰਨ ਉਪਰੰਤ ਵੀ ਅਮੀਰ-ਗਰੀਬ ਦਾ ਪਾੜਾ ਬਣਿਆ ਹੀ ਰਹਿੰਦਾ ਹੈ। ਫੇਰ ਤਾਂ ਗਰੀਬ ਅੱਗੇ ਵੀ ਇੱਥੋਂ ਵਾਂਗ ਨਰਕ ਹੀ ਭੋਗਦੇ ਹੋਣਗੇ।” ਬਰਿੰਦਰ ਦੇ ਮੂੰਹੋਂ ਇਹ ਸ਼ਬਦ ਸੁਤੇ ਸੁਭਾਅ ਹੀ ਨਿਕਲ ਗਏ।

ਮੰਗੂ ਪਾਗਲ

“ਐਤਕੀਂ ਤਾਂ ਪਹਿਲਾਂ ਵਾਲੀ ਪਾਰਟੀ ਨੂੰ ਹੀ ਵੋਟਾਂ ਪਾਵਾਂਗੇ, ਉਹਨਾਂ ਦੀ ਸਰਕਾਰ ਵਧੀਆ ਸੀ” ਮਾਸਟਰ ਦਲੀਪ ਸਿੰਘ ਨੇ ਕਿਹਾ। “ਨਹੀਂ ਮਾਸਟਰ ਜੀ ਹੁਣ ਵਾਲੀ ਵਧੀਆ ਐ, ਸੂਬੇ 'ਚ ਸ਼ਾਂਤੀ ਤਾਂ ਹੈ। ਇਸੇ ਪਾਰਟੀ ਨੂੰ ਵੋਟਾਂ ਪਾਉਣੀਆਂ ਚਾਹੀਦੀਆਂ ਹਨ।” ਬੰਤੇ ਨੰਬਰਦਾਰ ਨੇ ਰਾਇ ਦਿੱਤੀ। “ਕੋਈ ਹੋਰ ਵੇਖ ਲਓ ਇਹ ਤਾਂ ਦੋਵੇਂ ਹੀ ਪਰਤਿਆ ਕੇ ਵੇਖ ਲਈਆਂ ਹਨ।” ਗੁਰਨਾਮ ਮੈਂਬਰ ਨੇ ਆਪਣਾ ਵਿਚਾਰ ਪ੍ਰਗਟਾਇਆ।

ਸੱਥ ਵਾਲੇ ਥੜ੍ਹੇ ਦੇ ਇੱਕ ਖੂੰਜੇ ਖਿੱਲਰੇ ਵਾਲਾਂ ਤੇ ਪਾਟੇ ਕੱਪੜਿਆਂ ਵਾਲੇ ਧਰਤੀ 'ਤੇ ਲਕੀਰਾਂ ਮਾਰ ਰਹੇ ਮੰਗੂ ਪਾਗਲ ਦੇ ਮੂੰਹੋਂ ਅਚਾਨਕ ਸ਼ਬਦ ਨਿਕਲੇ, “ਸਾਰੇ ਚੋਰ ਐ, ਬੇਈਮਾਨ ਕਿਤੋਂ ਦੇ।” ਇਹ ਸੁਣ ਕੇ ਸੱਥ ਵਿੱਚ ਬੈਠੇ ਸਾਰੇ ਉਹਦੇ ਮੂੰਹ ਵੱਲ ਝਾਕਣ ਲੱਗੇ, ਜਿਵੇਂ ਸੋਚ ਰਹੇ ਹੋਣ ਕਿ 'ਪਾਗਲ ਉਹ ਹੈ ਜਾਂ ਅਸੀਂ।'

ਪੁੱਤਰ ਮੋਹ

“ਮੈਂ ਪੁੱਤ ਨੂੰ ਬੇਦਖਲ ਕਰਨੈ, ਕਿੰਨੇ ਪੈਸੇ ਲੱਗਣਗੇ” ਗੁਰਨਾਮੋ ਨੇ ਪੱਤਰਕਾਰ ਨੂੰ ਪੁੱਛਿਆ।

“ਪੁੱਤ ਐ! ਮਾਈ ਕਾਹਨੂੰ ਕਰਨੈ ਬੇਦਖਲ” ਪੱਤਰਕਾਰ ਨੇ ਸਲਾਹ ਦਿੱਤੀ।

“ਭਾਈ ਮੈਂ ਵਿਧਵਾ ਔਰਤ ਮਸਾਂ ਟਾਈਮ ਪਾਸ ਕਰਦੀ ਆਂ, ਇਹ ਨਸ਼ੇ ਕਰਦੈ ਤੇ ਕਈ ਵਾਰ ਨਸ਼ੇ ਵਾਸਤੇ ਚੋਰੀ ਵੀ ਕਰ ਲੈਂਦਾ ਹੈ। ਨਸ਼ੇ ਲਈ ਮੇਰੀ ਵੀ ਕੁੱਟ-ਮਾਰ ਕਰ ਦਿੰਦੈ।” ਗੁਰਨਾਮੋ ਨੇ ਸੱਚ ਬਿਆਨ ਕੀਤਾ।

“ਚੰਗਾ ਮਾਈ ਲਿਖ ਦਿੰਦੇ ਹਾਂ ਕਿ ਨਸ਼ਈ ਐ ਤੇ ਮਾਂ ਦੀ ਕੁੱਟਮਾਰ ਕਰਦੈ, ਤਾਂ ਮੈਂ ਬੇਦਖ਼ਲ ਕਰ ਦਿੱਤਾ ਹੈ।” ਪੱਤਰਕਾਰ ਨੇ ਕਿਹਾ।

“ਨਾ ਪੁੱਤ ਐਂ ਤਾਂ ਨਾ ਲਿਖੀਂ, ਚੰਦਰੇ ਦਾ ਅਜੇ ਵਿਆਹ ਵੀ ਕਰਨੈ” ਗੁਰਨਾਮੋ ਦੇ ਅੰਦਰੋਂ ਪੁੱਤਰ ਮੋਹ ਜਾਗਿਆ।

ਸਮੇਂ ਦਾ ਸੱਚ

“ਆਪਣੇ ਘਰ ਦੀ ਖੁਸ਼ਹਾਲੀ ਦਾ ਰਾਜ਼ ਇਹੀ ਹੈ ਕਿ ਤੇਰੀ ਦਾਦੀ ਹਰ ਰੋਜ਼ ਗੁਰੂ ਘਰ ਜਾ ਕੇ ਅਰਦਾਸ ਕਰਦੀ ਹੁੰਦੀ ਸੀ ਕਿ ਮੇਰੀ ਔਲਾਦ ਨੂੰ ਵਿੱਦਿਆ, ਤੰਦਰੁਸਤੀ ਤੇ ਬਧਾਕ ਦੇਵੀਂ। ਉਹ ਬਹੁਤ ਧਾਰਮਿਕ ਬੁੜ੍ਹੀ ਸੀ, ਰੱਬ ਨੇ ਵੀ ਉਸ ਤੋਂ ਕੁੱਝ ਨਹੀਂ ਸੀ ਲਕੋ ਕੇ ਰੱਖਿਆ।” ਮਨਜੀਤ ਨੇ ਆਪਣੇ ਪੁੱਤਰ ਬੰਟੀ ਨੂੰ ਆਪਣੀ ਸੱਸ ਦੀਆਂ ਗੱਲਾਂ, ਯਾਦਾਂ ਤਾਜ਼ਾ ਕਰਾਉਂਦਿਆਂ ਦੱਸਿਆ।

“ਮਾਂ! ਤੂੰ ਵੀ ਰੋਜ਼ ਗੁਰੂ ਘਰ ਜਾਂਦੀ ਐਂ, ਤੂੰ ਕੀ ਮੰਗਦੀ ਐਂ ਅਰਦਾਸ ਕਰਕੇ।” ਬੰਟੀ ਨੇ ਜਾਨਣਾ ਚਾਹਿਆ।

“ਬੱਸ ਰੱਬਾ! ਮੇਰੇ ਪੁੱਤ ਨੂੰ ਨਸ਼ਿਆਂ ਤੋਂ ਬਚਾਈਂ” ਮਾਂ ਨੇ ਸਮੇਂ ਦਾ ਸੱਚ ਬਿਆਨ ਕੀਤਾ।

.ਗ਼ਜ਼ਲ

ਸਿਆਸਤ ਨੇ ਬਦਲ ਦਿੱਤੇ ਜਦੋਂ ਦੇ ਅਰਥ ਰੰਗਾਂ ਦੇ।
ਉਕਾਬਾਂ ਦੇ ਨਗਰ ਵਿੱਚ ਹੋ ਰਹੇ ਚਰਚੇ ਪਤੰਗਾਂ ਦੇ।

ਜਿਨ੍ਹਾਂ ਦੇ ਪੁੱਤ ਆਏ ਜਿੱਤ ਕੇ ਪਰ ਬਕਸਿਆਂ ਅੰਦਰ,
ਉਹਨਾਂ ਨੂੰ ਪੁੱਛ ਕੇ ਵੇਖੀਂ ਨਤੀਜੇ ਕੀ ਨੇ ਜੰਗਾਂ ਦੇ।

ਜਦੋਂ ਤੈਥੋਂ ਮੇਰੇ ਦਿਲ ਵਿੱਚ ਅਜੇ ਤੱਕ ਡੁੱਬ ਨਾ ਹੋਇਆ,
ਮੁਹੱਬਤ ਕਿੰਝ ਨਾਪਣਗੇ ਤੇਰੇ ਟੋਟੇ ਇਹ ਵੰਗਾਂ ਦੇ।

ਰਿਸ਼ੀ, ਸ਼ੰਭੂਕ ਤੇ ਸਰਮਦ, ਸਰਾਭਾ, ਯਾਦ ਨੇ ਤਨਵੀਰ,
ਤਦੇ ਆਏ ਨਹੀਂ ਸਾਨੂੰ ਕਦੇ ਵੀ ਖਾਬ ਝੰਗਾਂ ਦੇ।

ਚਿਰਾਗਾਂ ਨੂੰ ਬੁਝਾ ਦਿੱਤਾ ਜੇ ਨ੍ਹੇਰੀ ਨੇ ਤਾਂ ਕੀ ਹੋਇਆ,
ਮੇਰੇ ਅੰਦਰ ਅਜੇ ਵੀ ਚਮਕਦੇ ਜੁਗਨੂੰ ਉਮੰਗਾਂ ਦੇ।

ਮੈਂ ਖੁਦ ਤੋਂ ਪੁੱਛਦਾ ਹਾਂ ਰੋਜ਼ ਸਾਗਰ ਸ਼ਾਂਤ ਹੈ ਜੇਕਰ,
ਬੜੇ ਬੇਚੈਨ ਕਿਉਂ ਦਿਸਦੇ ਨੇ ਮੈਨੂੰ ਰੁਖ ਤਰੰਗਾਂ ਦੇ।

ਕੋਈ ਗੱਲ ਖਾਸ ਹੈ ਤਨਵੀਰ ਭਾਵੇਂ ਮੰਨ ਜਾਂ ਨਾ ਮੰਨ,
ਮਹਾਜਨ ਚੱਲ ਕੇ ਆਏ ਨੇ ਜੋ ਵਿਹੜੇ ਮਲੰਗਾਂ ਦੇ।

- ਅਜੈ ਤਨਵੀਰ

ਪਿਤਾ ਦੇ ਮੱਥੇ ਦੀ ਲਕੀਰ

ਦੁਖਦਾ ਪੰਨਾ-5

ਨਿੰਦਰ ਘੁਗਿਆਣਵੀ

ਸੰਨ 1995 ਸੀ। ਇਕ ਦਿਨ ਪਿਤਾ ਆਖਣ ਲੱਗਿਆ, 'ਅਧ ਪੱਕੇ ਘਰ ਵਿਚ ਕਿੰਨਾ ਚਿਰ ਬਹਾਈ ਰੱਖੂੰਗਾ ਥੋਨੂੰ, ਵਿਆਹ-ਸ਼ਾਦੀਆਂ ਵੀ ਕਰਨੇ ਆਂ, ਕੁੜੀ ਵੀ ਕੱਦ ਕਰਗੀ, ਕਰਜ਼ਾ ਵੀ ਲਾਹੁੰਣਾ ਐਂ, ਐਡੀ ਵੱਡੀ ਹਵੇਲੀ ਵਿਕਣੀ ਨਹੀਂ, ਪਿੰਡ 'ਚ ਕੌਣ ਲੈਂਦਾ ਐ ਏਨੀ ਥਾਂ? ਸਸਤੀ ਕਾਹਨੂੰ ਵੇਚਣੀ ਆਂ, ਕੌਡੀਆਂ ਦੇ ਭਾਅ—ਆਪਣਾ ਘਰ ਆ ਫੇਰ ਵੀ।' ਪਿਤਾ ਦੇ ਮੱਥੇ ਦੀਆਂ ਲਕੀਰਾਂ ਗੂੜ੍ਹੀਆਂ ਹੋ ਗਈਆਂ ਸਨ।

ਆਖਿਰ, ਢਾਈ ਲੱਖ ਨੂੰ ਕਿੱਲੇ ਦੇ ਹਿਸਾਬ ਨਾਲ ਤਿੰਨ ਕਿੱਲੇ ਵੇਚ ਦਿੱਤੀ ਸ਼ਾਹ ਵਾਲੇ ਖੇਤੋਂ। ਜਿੱਦਣ ਜੱਟਾਂ ਨੂੰ ਰਜਿਸਟਰੀ ਕਰਵਾਉਣੀ ਸੀ ਮੈਂ ਨਾਲ ਗਿਆ ਸੀ ਪਿਤਾ ਦੇ। ਕਚਹਿਰੀਆਂ ਦੇ ਚਾਹ ਵਾਲੇ ਖੋਖੇ 'ਚ ਚਾਹ ਪੀਂਦੇ ਪਿਓ ਨੇ ਅੱਖਾਂ ਭਰੀਆਂ ਤੇ ਛੇਤੀ ਹੀ ਪਰਨੇ ਨਾਲ ਪੂੰਝ ਲਈਆਂ। ਉਹ ਘਗਿਆਈ ਆਵਾਜ਼ 'ਚ ਬੋਲਿਆ, 'ਮੇਰਾ ਕੇਹੜਾ ਜੀਆ ਕਰਦਾ ਵੇਚਣ ਨੂੰ ਕਮਲਿਓ, ਥੋਡੇ ਪਿੱਛੇ ਈ ਵੇਚਦਾਂ ਵਈ ਵਿਆਹ ਹੋਜੇ ਥੋਡਾ ਤਿੰਨਾਂ ਦਾ, ਦੋ-ਤਿੰਨ ਪੱਕੇ ਕਮਰੇ ਪਾ ਲਈਏ, ਬਾਕੀ ਲੈਣਾ-ਦੇਣਾ ਲਾਹ ਦੇਈਏ ਦੋਵੇਂ ਬੈਂਕਾਂ ਦਾ।'

ਮੇਰਾ ਵੀ ਰੋਣ ਨੂੰ ਦਿਲ ਕੀਤਾ, ਪਰ ਨਾ ਰੋਇਆ ਮੈਂ ਪਿਤਾ ਸਾਹਮਣੇ। ਉਦਾਸ ਬਹੁਤ ਹੋ ਗਿਆ ਸਾਂ ਸੱਚੀਓਂ ਓਦਣ ਘਰ ਦੀ ਜੱਦੀ-ਜਾਇਦਾਦ ਨਾਲ ਖਾਸਾ 'ਮੋਹ' ਜਿਹਾ ਜਾਗਿਆ ਸੀ।

'ਡੈਡੀ, ਫੇਰ ਆਪਾਂ ਸ਼ਾਹ ਵਾਲੇ ਖੇਤ ਤਾਂ ਨੀ ਜਾਇਆ ਕਰਦੇ ਹੁਣ'?

ਮੇਰਾ ਸੁਆਲ ਸੁਣ ਪਿਤਾ ਕੁਛ ਬੋਲਿਆ ਨਹੀਂ। 'ਨਾਂਹ' ਵਿਚ ਸਿਰ ਫੇਰਿਆ ਸੀ ਉਸ ਨੇ।

ਵਸੀਕਾ ਨਵੀਸ ਦਾ ਮੁਨਸ਼ੀ ਸੱਦਣ ਆ ਗਿਆ, 'ਆਜਾ ਬਈ ਸੇਠਾ, ਤਸੀਲਦਾਰ ਬਹਿ ਗਿਆ ਐ ਨਿਬੇੜੀਏ ਕੰਮ ਥੁਆਡਾ।'

ਪੈਸੇ ਜੱਟਾਂ ਨੇ ਸਾਢੇ ਸੱਤ ਲੱਖ ਰੁਪਏ ਸਾਨੂੰ ਪਹਿਲਾਂ ਈ ਫੜਾ ਦਿੱਤੇ ਹੋਏ ਸਨ। ਪਿਤਾ ਨੇ ਖਾਦ ਵਾਲੀ ਬੋਰੀ ਦੇ ਬਣਾਏ ਝੋਲੇ ਵਿਚ ਪਾਏ ਪੈਸੇ ਕੱਛ ਵਿਚ ਲੈ ਰੱਖੇ ਸਨ ਘੁੱਟ ਕੇ।

***

ਪਿੰਡ ਵਾਲੀ ਸਹਿਕਾਰੀ ਬੈਂਕ ਦਾ ਕਰਜ਼ਾ ਲਾਹੁਣਾ ਸੀ ਤੇ ਇਕ ਕੋਈ ਬੈਂਕ ਫਰੀਦਕੋਟ ਸੀ। ਲੈਂਡ ਮਾਰਗੇਜ ਬੈਂਕ ਤੋਂ ਪਿਤਾ ਨੇ ਸੱਤਰ ਹਜ਼ਾਰ ਦਾ ਕਰਜ਼ ਚੁੱਕਿਆ ਸੀ। (ਇਹ ਸਾਰੇ ਪੈਸੇ ਮੇਰੀ ਮਾਂ ਦੀ ਬਿਮਾਰੀ ਵਾਸਤੇ ਚੁੱਕੇ ਸਨ, ਮਾਂ ਨੂੰ ਗਾਇਨੀ ਦੀ ਵੱਡੀ ਸਮੱਸਿਆ ਆ ਗਈ ਸੀ ਤੇ ਉਹ ਮਰਦੀ-ਮਰਦੀ ਬਚੀ ਸੀ)।

ਮੇਰੇ ਚਾਚੇ ਸ਼ਿਆਮ ਨੇ ਲੈਂਡ ਮਾਰਗੇਜ ਬੈਂਕ ਤੋਂ ਜਿਹੜਾ ਕਰਜ਼ਾ ਦੁਆਇਆ ਸੀ, ਉਹਦੇ ਵਿੱਚੋਂ ਭੋਲਾ ਮੋਟਰਾਂ ਵਾਲਾ ਕਮਿਸ਼ਨ ਵਾਹਵਾ ਛਕ ਗਿਆ ਸੀ, (ਇਹ ਗੱਲ ਮੈਨੂੰ ਬਹੁਤ ਸਾਲਾਂ ਮਗਰੋਂ ਬੈਂਕ ਦੇ ਮੈਨੇਜਰ ਰਹੇ ਸਰਵਨ ਸਿੰਘ ਗਿੱਲ ਮੁਮਾਰੇ ਵਾਲੇ ਨੇ ਦੱਸੀ ਸੀ)।

ਸਾਡੇ ਖੇਤਾਂ ਦੀ ਵੰਡ-ਵੰਡਾਈ ਵੇਲੇ ਘਰੇ ਬਹੁਤਾ ਖੜਖੱਸਾ ਭਾਵੇਂ ਨਹੀਂ ਸੀ ਪਿਆ, ਪਰ ਫਿਰ ਵੀ ਜੋ ਕੁਛ ਹੋਇਆ, ਉਹ ਭੁੱਲਣ ਵਾਲਾ ਨਹੀਂ ਹੈ। ਪਿਤਾ ਹੁਰਾਂ ਦਾ ਵੱਡਾ ਭਰਾਅ ਚਮਨ ਲਾਲ ਚਾਲੀ ਸਾਲਾਂ ਤੋਂ ਅੰਮ੍ਰਿਤਸਰ ਵਸ ਰਿਹਾ ਸੀ। ਉਹ ਆਪਣੇ ਹਿੱਸੇ ਦਾ ਖੇਤ ਚਾਚੇ ਸ਼ਿਆਮ ਨੂੰ ਠੇਕੇ ਉਤੇ ਦਿੰਦਾ ਤੇ ਸਾਲ ਬਾਅਦ ਹਿਸਾਬ-ਕਿਤਾਬ ਕਰਨ ਆਉਂਦਾ, ਹਰ ਵਾਰ ਕਲੇਸ਼ ਪੈਂਦਾ। ਤਾਇਆ ਖਿਚਦਾ ਕੁੜਦਾ ਮੁੜ ਜਾਂਦਾ।

ਜਦ ਅਸੀਂ ਆਪਣੇ ਹਿੱਸੇ ਦਾ ਖੇਤ ਵੇਚ ਕੇ ਘਰ ਵਾਲੀ ਥਾਵੇਂ ਤਿੰਨ ਕਮਰੇ ਤੇ ਇਕ ਵਰਾਂਡਾ ਪਾਉਣ ਵਾਸਤੇ ਨੀਂਹਾਂ ਪੁੱਟੀਆਂ ਤਾਂ ਤਾਇਆ ਚਮਨ ਲਾਲ ਤੇ ਤਾਈ ਅੰਮ੍ਰਿਤਸਰੋਂ ਆ ਗਏ। ਤਾਏ ਨੇ ਮੇਰੇ ਪਿਓ ਨੂੰ ਰੋਹਬ ਨਾਲ ਆਖਿਆ, 'ਓਏ ਬਿਲੂ, ਤੂੰ ਕੀਹਨੂੰ ਪੁੱਛ ਕੇ ਏਹ ਕੰਮ ਕਰੀ ਜਾਨੈ, ਸਾਡਾ ਹੀਸਾ ਵੀ ਬਣਦੈ ਘਰ ਆਲੀ ਥਾਂ 'ਚ, ਪਹਿਲਾਂ ਸਾਡਾ ਹੀਸਾ ਦੇਹ।'

ਪਿਤਾ ਭਬਕਿਆ, 'ਚਿਮਨ, ਤੇਰਾ ਘਰ ਵਾਲਾ ਹੀਸਾ ਤੈਨੂੰ ਖੇਤੋਂ ਵੱਧ ਜ਼ਮੀਨ ਦੇ ਕੇ ਕਦੋਂ ਦਾ ਨਿਬੇੜਿਆ ਹੋਇਆ ਐ, ਲਿਖਤ ਵੀ ਹੋਈ ਐ ਆਪਣੀ ਹੁਣ ਕਾਹਦਾ ਹੀਸਾ ਦੇਵਾਂ?'

ਤਾਈ ਜ਼ੋਰ-ਜ਼ੋਰ ਦੀ ਦੋਹੀਂ ਹੱਥੀਂ ਪਿੱਟਣ ਲੱਗੀ, 'ਹਾਏ ਹਾਏ ਵੇ, ਥੁਆਡਾ ਕੱਖ ਨਾ ਰਹੇ ਸਾਡੀ ਥਾਂ ਦੱਬਣ ਵਾਲਿਓ।' ਰੌਲਾ ਪਾਉਂਦੇ ਤਾਇਆ ਤੇ ਤਾਈ ਪੁੱਟੀਆਂ ਨੀਹਾਂ ਵਿਚ ਲੰਮੇ ਪੈ ਗਏ। ਗਲੀ-ਗੁਆਂਢ ਵਾਲੇ ਉਠਾਉਣ, ਉਹ ਉੱਠਣ ਹੀ ਨਾ। ਕਲੇਸ਼ ਪਿਆ ਦੇਖ ਕੇ ਮਿਸਤਰੀ ਤੇ ਦਿਹਾੜੀਏ ਸਾਮਾਨ ਸਾਂਭਣ ਲੱਗੇ। ਮਿਸਤਰੀਆਂ ਨੇ ਆਪਣੀਆਂ ਕਰੰਡੀਆਂ, ਤੇਸੀਆਂ ਤੇ ਹਥੌੜੀਆਂ ਚੁੱਕ ਕੇ ਝੋਲਿਆਂ ਵਿਚ ਪਾ ਲਈਆਂ। ਮਜ਼ਦੂਰਾਂ ਨੇ ਗਾਰੇ ਦੇ ਭਰੇ ਬੱਠਲ ਮੂਧੇ ਮਾਰ ਦਿੱਤੇ। ਸਾਨੂੰ ਨਿਆਣਿਆਂ ਨੂੰ ਖੁਸ਼ੀ ਚੜ੍ਹੀ ਹੋਈ ਸੀ ਕਿ ਸਾਡਾ ਨਵਾਂ ਘਰ ਬਣ ਰਿਹਾ ਹੈ। ਸਾਡੀ ਖੁਸ਼ੀ ਰੌਲੇ-ਰੱਪੇ ਨੇ ਖੋਹ ਲਈ ਸੀ। ਖੇਤ ਤਾਂ ਪਹਿਲਾਂ ਹੀ ਖੁੱਸ ਚੁੱਕਾ ਸੀ।

ਮੋਬਾ. 94174-21700

ਕਵਿਤਾ

ਮਘਦੇ ਕੋਲਿਆਂ 'ਤੇ ਤੁਰਨ ਦਾ, ਮਜ਼ਾ ਤਾਂ ਹੈ।
ਅਦਬ ਨਾਲ ਸੱਚ ਬੋਲਣ ਦੀ, ਬਣਦੀ ਸਜ਼ਾ ਤਾਂ ਹੈ।

ਸਿਜਦੇ ਕਰਦਿਆਂ ਲੰਘੇ ਹਜ਼ਾਰਾਂ, ਸਾਲਾਂ ਦੇ ਸਾਲ,
ਸਿਰ ਕਲਮ ਹੁੰਦਿਆਂ ਮੁਸਕਰਾਉਣਾ, ਅਨੋਖੀ ਅਦਾ ਤਾਂ ਹੈ।

ਉਹ ਆਏ ਸੀ, ਕੁੱਝ ਕਹਿਣ ਤੋਂ ਬਿਨਾਂ ਮੁੜ ਗਏ,
ਡੂੰਘਾ ਰਾਜ਼ ਜੇਕਰ ਨਹੀਂ, ਫਿਰ ਬਗ਼ਾਵਤ ਤਾਂ ਹੈ।

ਗਰਮ ਮੌਸਮ ਦੀ ਆਹਟ, 'ਪੁਰੇ' ਦੀ ਵਗਦੀ ਪੌਣ,
ਬਾਰੇ ਖ਼ਬਰਦਾਰ ਨਾ ਰਹਿਣਾ, ਖੋਟੀ ਆਦਤ ਤਾਂ ਹੈ।

ਘੁੱਗੀਆਂ ਦੇ ਜੋੜੇ ਗੁੰਮ ਨੇ, ਜੋ ਗੁਟ ਕੂੰ ਗੁਟ ਕੂੰ ਕਰਦੇ ਸਨ,
ਮਰ ਗਏ ਜਾਂ ਡਰ ਗਏ, ਕੋਈ ਸਾਜ਼ਿਸ਼ ਤਾਂ ਹੈ?

ਜ਼ਖ਼ਮੀ ਚਿਹਰੇ, ਬਲਦੇ ਸਿਵੇ ਤੇ ਸੁੰਨਸਾਨ ਗਲੀਆਂ ਦੇਖ,
ਬਾਘੀਆਂ ਪਾਉਣਾ ਤੇ ਮੁਸਕਰਾਉਣਾ, ਉਸ ਦੀ ਖਸਲਤ ਤਾਂ ਹੈ।

ਦਰੋਪਤੀ ਦੇ ਚੀਰ ਹਰਣ ਵੇਲੇ, ਕਿਉਂ ਖਾਮੋਸ਼ ਰਹੇ ਪਾਂਡਵ,
ਨੀਵੀਂ ਨਜ਼ਰ ਦੱਸਦੀ ਹੈ, ਕੋਈ ਵਜਾਹ ਤਾਂ ਹੈ।

ਕਿਸ਼ਤੀ ਜਰਜਰੀ 'ਤੇ ਸ਼ੂਕਦੇ ਦਰਿਆ 'ਚੋਂ ਪਾਰ ਜਾਣਾ ਹੈ,
ਬਿਨਾਂ ਪੈਰਾਂ ਤੇ ਬਾਹਾਂ ਤੋਂ, ਤੈਰਨ ਦਾ ਜਜ਼ਬਾ ਤਾਂ ਹੈ।

— ਮੰਗਤ ਰਾਮ ਪਾਸਲਾ

ਸਫ਼ਾ 1 ਦੀ ਬਾਕੀ

.ਗ਼ਾਲਿਬ ਮੰਟੋ ਦੀ ਨਜ਼ਰ ਵਿੱਚ...

ਜਿਹੀ ਤਰਸੀ ਹੈ ਲੇਕਿਨ ਚਚਾ ਜਾਨ ਦਾਦ ਦਿਓ:
ਗੋਂ ਮੈਂ ਰਹਾ ਰਹੀਂਨ ਸਿਤਮ ਹਾਏ ਰੁਜ਼ਗਾਰ
ਲੇਕਿਨ ਤੇਰੇ ਖ਼ਿਆਲ ਸੇ ਗ਼ਾਫ਼ਿਲ ਨਹੀਂ ਰਹਾ
(ਲੇਖ - ਚਾਚਾ ਸੈਮ ਦੇ ਨਾਂਅ ਇਕ ਖ਼ਤ, ਪੁਸਤਕ - ਮੰਟੋ ਦੇ ਲੇਖ)

'ਯਾਜ਼ੀਦ' ਸਆਦਤ ਹਸਨ ਮੰਟੋ ਦਾ ਕਹਾਣੀ-ਸੰਗ੍ਰਹਿ ਹੈ। ਉਸ ਸੰਗ੍ਰਹਿ ਦੇ ਅੰਤ ਵਿੱਚ 'ਜ਼ੇਬ-ਏ-ਕਫ਼ਨ' ਨਾਂਅ ਨਾਲ ਇੱਕ ਲੇਖ ਹੈ। ਇਹ ਲੇਖ ਖ਼ਾਸ ਅਹਿਮੀਅਤ ਦਾ ਹਾਸਲ ਹੈ। ਇਸ ਲੇਖ ਦੀ ਸ਼ੁਰੂਆਤ ਮੰਟੋ ਨੇ ਗ਼ਾਲਿਬ ਦੇ ਇੱਕ ਸ਼ੇਅਰ ਨਾਲ ਕੀਤੀ ਹੈ। ਸ਼ੇਅਰ ਇਹ ਹੈ:
ਫ਼ਾਰਗ਼ ਮੁਝੇ ਨ ਜਾਨ ਕਿ ਮਾਨਿਦ ਸੁਬਹ-ਓ-ਮਿਹਰ
ਹੈ ਦਾਗ਼ ਇਸ਼ਕ ਜ਼ੀਨਤ ਜ਼ੇਬ-ਏ-ਕਫ਼ਨ ਹਨੋਜ਼

ਗ਼ਾਲਿਬ ਦੀ ਸ਼ਾਇਰੀ ਦੀ ਵਿਲੱਖਣਤਾ ਵਿੱਚ ਉਹਨਾਂ ਦੀ ਜ਼ੁਬਾਨ, ਉਹਨਾਂ ਦਾ ਸੋਚਣ ਦਾ ਤਰੀਕਾ ਅਤੇ ਉਸ ਦੀ ਵਿਲੱਖਣ ਉਪਮਾ ਸ਼ੈਲੀ ਸ਼ਾਮਲ ਹੈ। ਮੰਟੋ ਦੇ ਅਨੁਸਾਰ ਗ਼ਾਲਿਬ ਨੇ ਉਰਦੂ ਸ਼ਾਇਰੀ ਵਿੱਚ ਇੱਕ ਨਵਾਂ ਰੰਗ ਅਤੇ ਇੱਕ ਨਵਾਂ ਜ਼ਾਵੀਆ ਦਾਖ਼ਲ ਕਰਵਾਇਆ। ਗ਼ਾਲਿਬ ਨੇ ਆਪਣੀ ਸ਼ਾਇਰੀ ਵਿੱਚ ਨਵੇਂ ਖ਼ਿਆਲਾਂ, ਸ਼ਬਦਾਂ ਅਤੇ ਵਿਲੱਖਣ ਸ਼ੈਲੀ ਨੂੰ ਵਰਤਿਆ, ਜਿਸ ਨੇ ਉਰਦੂ ਸ਼ਾਇਰੀ ਨੂੰ ਇੱਕ ਨਵੀਂ ਸੇਧ ਦਿੱਤੀ। ਮੰਟੋ ਨੇ ਗ਼ਾਲਿਬ ਦੀ ਵਿਲੱਖਣਤਾ ਚੌਧਵੀਂ ਭਾਸ਼ਾ ਆਪਣੀਆਂ ਰਚਨਾਵਾਂ ਵਿੱਚ ਕੁਝ ਇਸ ਤਰ੍ਹਾਂ ਬਿਆਨ ਕਰਨ ਦੀ ਕੋਸ਼ਿਸ਼ ਕੀਤੀ ਹੈ: ਅੰਸ਼ ਵੇਖੋ:

ਚੌਧਵੀਂ ਨੇ ਪਾਗਲਾਂ ਵਾਂਗ ਹਸ਼ਮਤ ਖ਼ਾਨ ਨੂੰ ਵੇਖਣਾ ਸ਼ੁਰੂ ਕੀਤਾ। 'ਮੇਰੀ ਜਾਨ ਦੀ ਕਸਮ! ਗ਼ਾਲਿਬ ਸਨ? ਛੱਡ। ਮੈਨੂੰ ਬਣਾ ਰਹੇ ਹੋ। ਅੱਲਾ ਸੱਚ ਦੱਸੋ। ਗ਼ਾਲਿਬ ਸਨ? ਹਸ਼ਮਤ ਖ਼ਾਨ ਹੈਰਾਨ ਰਹਿ ਗਿਆ: 'ਓਏ ਤੇਰੀ ਜਾਨ ਦੀ ਕਸਮ, ਗ਼ਾਲਿਬ ਸਨ। ਮਿਰਜ਼ਾ ਅਸਦ ਅੱਲਾ ਖ਼ਾਨ ਗ਼ਾਲਿਬ ਉਰਫ ਮਿਰਜ਼ਾ ਨੌਸ਼ਾ, ਜੋ ਅਸਦ ਵੀ ਤਖ਼ਲਸ ਵਰਤਦੇ ਹਨ।'

ਚੌਧਵੀਂ ਭੱਜਦੀ ਹੋਈ ਖਿੜਕੀ ਵੱਲ ਗਈ। 'ਹਾਏ ਮੈਂ ਮਰ ਗਈ! ਗ਼ਾਲਿਬ ਸਨ' ਥੱਲੇ ਝਾਕਿਆ, ਪਰ ਬਾਜ਼ਾਰ ਖ਼ਾਲੀ ਸੀ। 'ਮੇਰਾ ਸਤਿਆਨਾਸ ਹੋਵੇ, ਮੈਂ ਉਹਨਾਂ ਦੀ ਖ਼ਾਤਰਦਾਰੀ ਵੀ ਨਾ ਕੀਤੀ।' ਇਹ ਕਹਿ ਕੇ ਉਸ ਨੇ ਗ਼ਜ਼ਲ ਦਾ ਕਾਗ਼ਜ਼ ਖੋਲ੍ਹ ਕੇ ਵੇਖਿਆ ਤੇ ਸਿਰ 'ਤੇ ਹੱਥ ਮਾਰਿਆ। 'ਅੱਲਾਹ ਇਹ ਸੁਫ਼ਨਾ ਹੈ ਜਾਂ ਅਸਲੀਅਤ। ਸੱਚ ਹੈ। ਤਾਂ ਉਹ ਗ਼ਾਲਿਬ ਹੀ ਸਨ। ਸੌਂਵਾਂ ਵਿੱਚ ਗ਼ਾਲਿਬ, ਹਜ਼ਾਰਾਂ ਵਿੱਚ ਗ਼ਾਲਿਬ ਸਨ। ਜਮਾਂਦਾਰ ਸਾਹਿਬ, ਸੱਚ ਕਿਹਾ ਤੁਸੀਂ, ਜ਼ਰੂਰ ਗ਼ਾਲਿਬ ਸਨ। ਹਾਏ ਮੈਂ ਉਹਨਾਂ ਨੂੰ ਕਿਹਾ: ਤੁਸੀਂ ਗ਼ਾਲਿਬ ਦੇ ਕਲਾਮ ਨੂੰ ਕਿਥੋਂ ਸਮਝਦੇ। ਮੈਂ ਮਰ ਜਾਵਾਂ। ਭਲਾ ਉਹ ਕੀ ਦਿਲ ਵਿੱਚ ਕਹਿੰਦੇ ਹੋਣਗੇ। ਹਾਏ ਕਿੰਨੀਆਂ ਮਿੱਠੀਆਂ-ਮਿੱਠੀਆਂ ਗੱਲਾਂ ਕਰ ਰਹੇ ਸਨ। ਆਫ਼ਨਾ ਪਤਾ ਨਹੀਂ ਉਹਨਾਂ ਨੂੰ ਕੀ-ਕੀ ਕਹਿ ਗਈ।'

ਇਹ ਕਹਿੰਦੇ-ਕਹਿੰਦੇ ਉਸ ਨੇ ਗ਼ਜ਼ਲ ਦਾ ਕਾਗ਼ਜ਼ ਮੂੰਹ 'ਤੇ ਰੱਖ ਲਿਆ ਤੇ ਰੋਣ ਲੱਗੀ। (ਲੇਖ - ਗ਼ਾਲਿਬ ਅਤੇ ਚੌਧਵੀਂ, ਪੁਸਤਕ - ਸਆਦਤ ਹਸਨ ਮੰਟੋ)

ਕਈ ਹੋਰ ਰਚਨਾਵਾਂ ਵਿੱਚ ਮੰਟੋ ਨੇ ਗ਼ਾਲਿਬ ਦੇ ਰੋਜ਼ਾਨਾ ਜੀਵਨ ਦੇ ਮਾਮਲੇ, ਉਹਨਾਂ ਦੇ ਮਸਲੇ, ਉਹਨਾਂ ਦੇ ਹਾਸੇ-ਮਜ਼ਾਕ, ਉਹਨਾਂ ਦੇ ਸਾਹਿਤਕ ਜ਼ਿੰਦਗੀ ਤੇ ਉਹਨਾਂ ਦੇ ਮਖ਼ਸੂਸ ਅੰਦਾਜ਼ ਨੂੰ ਪੇਸ਼ ਕੀਤਾ ਹੈ। ਉਹਨਾਂ ਰਚਨਾਵਾਂ ਤੋਂ ਇਹ ਸਾਬਿਤ ਹੁੰਦਾ ਹੈ ਕਿ ਮੰਟੋ ਗ਼ਾਲਿਬ ਨੂੰ ਸਿਰਫ਼ ਇੱਕ ਸ਼ਾਇਰ ਹੀ ਨਹੀਂ, ਬਲਕਿ ਇੱਕ ਜ਼ਿੰਦਾ ਕਿਰਦਾਰ ਵਜੋਂ ਵੇਖਦੇ ਸਨ।

ਗ਼ਾਲਿਬ ਤੋਂ ਸਆਦਤ ਹਸਨ ਮੰਟੋ ਦੇ ਇਸ਼ਕ ਦਾ ਆਲਮ ਇਹ ਹੈ ਕਿ ਮੰਟੋ ਨੇ ਆਪਣੇ ਮਾਲਕ ਹਕੀਕੀ ਨਾਲ ਜਾ ਮਿਲਣ ਤੋਂ ਪਹਿਲਾਂ ਆਪਣਾ ਕਤਬ (ਲੇਖ) ਖ਼ੁਦ ਹੀ ਲਿਖਿਆ ਤੇ ਉਸ ਦੇ ਗ਼ਾਲਿਬ ਦੇ ਸ਼ੇਅਰ ਦਾ ਇੱਕ ਮਿਸਰਾ ਸੋਧ ਕਰਦੇ ਹੋਏ ਲਿਖਿਆ:
'ਲੋਹ ਜਹਾਂ ਪਰ ਹਰਫ਼ ਮੁਕਰਰ ਨਹੀਂ ਥਾ'
ਜਦੋਂ ਕਿ ਅਸਲ ਸ਼ੇਅਰ ਹੈ:
ਯਾ ਰੱਬ ਜ਼ਮਾਨਾ ਮੁਝ ਕੋ ਮਿਟਾਤਾ ਹੈ ਕਿਸ ਲੀਏ
ਲੋਹ ਜਹਾਂ ਪਰ ਹਰਫ਼ ਮੁਕਰਰ ਨਹੀਂ ਹੂੰ ਮੈਂ

ਅਲਬੱਤਾ ਸਆਦਤ ਹਸਨ ਮੰਟੋ ਦੀ ਗ਼ਾਲਿਬ ਫ਼ਹਿਮੀ ਵੱਖਰੀ ਨੀਅਤ ਦੀ ਹੈ। ਮੰਟੋ ਨੇ ਗ਼ਾਲਿਬ ਦੀ ਸ਼ਖ਼ਸੀਅਤ ਅਤੇ ਉਹਨਾਂ ਦੇ ਕਲਾਮ ਨੂੰ ਅਲੱਗ ਜ਼ਾਵੀਏ ਤੋਂ ਪੇਸ਼ ਕਰਨ ਦੀ ਕੋਸ਼ਿਸ਼ ਕੀਤੀ ਹੈ। ਮੰਟੋ ਨੇ ਗ਼ਾਲਿਬ ਨੂੰ ਨਾ ਸਿਰਫ਼ ਇੱਕ ਅਦਬੀ ਸ਼ਖ਼ਸੀਅਤ ਵਜੋਂ ਵੇਖਿਆ ਹੈ ਬਲਕਿ ਉਹਨਾਂ ਦੀ ਸ਼ਾਇਰੀ ਨੂੰ ਇਨਸਾਨੀ ਮਾਨਸਿਕਤਾ ਅਤੇ ਜ਼ਿੰਦਗੀ ਦੀਆਂ ਹਕੀਕਤਾਂ ਵਜੋਂ ਵੀ ਮੰਨਿਆ ਹੈ। ਗ਼ਾਲਿਬ ਦੀ ਸ਼ਾਇਰੀ ਨੇ ਮੰਟੋ ਨੂੰ ਆਪਣੀਆਂ ਕਹਾਣੀਆਂ ਵਿੱਚ ਇਨਸਾਨ ਦੀਆਂ ਪੇਚੀਦਗੀਆਂ ਨੂੰ ਬੇਨਕਾਬ ਕਰਨ ਦੀ ਸੇਧ ਦਿੱਤੀ ਹੈ। ਇਸ ਤਰ੍ਹਾਂ ਮੰਟੋ ਦੀ ਗ਼ਾਲਿਬ ਫ਼ਹਿਮੀ, ਉਹਨਾਂ ਦਾ ਸਾਹਿਤਕ ਅਧਿਐਨ ਅਤੇ ਉਹਨਾਂ ਦੇ ਡੂੰਘੀ ਵਿਸ਼ਲੇਸ਼ਣ ਗ਼ਾਲਿਬੀਅਤ ਵਿੱਚ ਨਵੀਂ ਸਮਝ ਪ੍ਰਦਾਨ ਕਰਦਾ ਹੈ।

ਸੰਪਰਕ : 98728-87551

ਸਫ਼ਾ 2 ਦੀ ਬਾਕੀ

ਫਾਸ਼ੀਵਾਦ, ਕਮਿਊਨਿਜ਼ਮ ਅਤੇ ਬੰਗਾਲ ਵਿੱਚ ਹਿੰਸਾ...

ਦੀ ਜਿੱਤ ਤੋਂ ਬਾਅਦ ਵੀ ਹਿੰਸਾ ਠਹਿਰਨ ਦਾ ਨਾਂਅ ਨਹੀਂ ਲੈ ਰਹੀ।

ਸਵਾਲ ਇਹ ਉੱਠਦਾ ਹੈ ਕਿ ਇਸ ਹਿੰਸਾ ਦੀ ਜੜ੍ਹ ਕਿੱਥੇ ਹੈ?

ਹਿੰਸਾ ਉਹ ਲੋਕ ਕਰਦੇ ਹਨ, ਜਿਨ੍ਹਾਂ ਨੂੰ ਜਨਤਾ 'ਤੇ ਭਰੋਸਾ ਨਹੀਂ ਹੁੰਦਾ। ਉਹ ਲੋਕਾਂ ਦੇ ਦਿਲਾਂ ਅਤੇ ਦਿਮਾਗਾਂ 'ਤੇ ਹਿੰਸਾ ਦੇ ਜ਼ਰੀਏ ਕਬਜ਼ਾ ਜਾਂ ਦਬਦਬਾ ਕਾਇਮ ਕਰਨਾ ਚਾਹੁੰਦੇ ਹਨ। ਜਿਸ ਦਲ ਦਾ ਜਨਤਾ ਵਿੱਚ ਪ੍ਰਭਾਵ ਹੋਵੇਗਾ, ਉਹ ਹਿੰਸਾ ਦਾ ਸਹਾਰਾ ਨਹੀਂ ਲਵੇਗਾ, ਪਰ ਜੋ ਦਲ ਹਿੰਸਾ ਦਾ ਸਹਾਰਾ ਲੈਂਦਾ ਹੈ, ਉਹ ਉਪਰੋਂ ਕਹਿੰਦਾ ਹੈ ਕਿ ਉਹ ਸਵੈ-ਰੱਖਿਆ ਲਈ ਜਾਂ ਬਦਲੇ ਦੀ ਭਾਵਨਾ ਨਾਲ ਇਹ ਕਰ ਰਿਹਾ ਹੈ।

ਹਿੰਸਾ ਦਾ ਅਸਲ ਮਕਸਦ ਦਬਦਬਾ ਕਾਇਮ ਕਰਨਾ ਹੁੰਦਾ ਹੈ। ਇਹ ਮਨੋਵਿਰਤੀ ਰਾਜਨੀਤਿਕ ਕਮਜ਼ੋਰੀ ਤੋਂ ਜਨਮ ਲੈਂਦੀ ਹੈ। ਹਿੰਸਾ ਜਿੱਥੇ ਵਾਪਰਦੀ ਹੈ, ਉਥੇ ਤਾਂ ਆਪਣਾ ਅਸਰ ਛੱਡਦੀ ਹੀ ਹੈ, ਨਾਲ ਹੀ ਦੂਰ-ਦੁਰਾਡੇ ਦੇ ਇਲਾਕਿਆਂ ਵਿੱਚ ਵੀ ਡਰ ਅਤੇ ਪ੍ਰਭਾਵ ਪੈਦਾ ਕਰਦੀ ਹੈ। ਫਿਰ ਵੀ ਹਿੰਸਾ ਆਮ ਤੌਰ 'ਤੇ ਇੱਕ ਖਾਸ ਘੇਰੇ ਵਿੱਚ ਕੇਂਦਰਤ ਰਹਿੰਦੀ ਹੈ। ਉਦਾਹਰਨ ਲਈ, ਕੇਰਲ ਦੇ ਕਿਸੇ ਜ਼ਿਲ੍ਹੇ ਵਿੱਚ ਜੇ ਮਾਕਪਾ ਅਤੇ ਆਰ ਐੱਸ ਐੱਸ ਵਿਚਕਾਰ ਹਿੰਸਾ ਹੋ ਰਹੀ ਹੈ, ਤਾਂ ਉਹ ਵੱਧ ਤੋਂ ਵੱਧ ਉਸ ਜ਼ਿਲ੍ਹੇ ਜਾਂ ਕੇਰਲ ਤੱਕ ਸੀਮਤ ਰਹੇਗੀ। ਇਸ ਅਰਥ ਵਿੱਚ ਹਿੰਸਾ ਸਥਾਨਕ ਅਤੇ ਸੂਬਾਈ ਚਰਿੱਤਰ ਰੱਖਦੀ ਹੈ।

ਬੰਗਾਲ ਦੀ ਮੌਜੂਦਾ ਹਿੰਸਾ ਦੀਆਂ ਜੜ੍ਹਾਂ ਰਾਜਨੀਤਕ ਅਸਹਿਣਸ਼ੀਲਤਾ ਵਿੱਚ ਲੁਕੀਆਂ ਹੋਈਆਂ ਹਨ। ਇਹ ਇੱਕ ਵੱਡੀ ਬਿਮਾਰੀ ਹੈ, ਜਿਸ ਦੇ ਸ਼ਿਕਾਰ ਮਾਕਪਾ, ਤ੍ਰਿਣਮੂਲ, ਭਾਜਪਾ ਅਤੇ ਹੋਰ ਸਾਰੇ ਦਲ ਹਨ। ਇਸ ਵੇਲੇ ਲਗਭਗ ਸਾਰੇ ਰਾਜਨੀਤਕ ਦਲਾਂ ਵਿੱਚ ਅਸਹਿਣਸ਼ੀਲਤਾ ਚਰਮ 'ਤੇ ਹੈ। ਕੋਈ ਵੀ ਇਸ ਨੂੰ ਛੱਡਣ ਲਈ ਤਿਆਰ ਨਹੀਂ।ਹਿੰਸਾ ਦਾ ਜਵਾਬ ਨਾ ਹਿੰਸਾ ਹੈ, ਨਾ ਹੀ ਘ੍ਰਿਣਾ ਅਤੇ ਨਾ ਹੀ ਕੇਵਲ ਨਿੰਦਾ। ਹਿੰਸਾ ਦਾ ਜਵਾਬ ਸ਼ਾਂਤੀ ਹੈ ਅਤੇ ਸ਼ਾਂਤੀ ਸੰਵਾਦ ਅਤੇ ਸਹਿਯੋਗ ਤੋਂ ਬਿਨਾਂ ਸਥਾਪਤ ਨਹੀਂ ਹੋ ਸਕਦੀ। ਲੋਕਤੰਤਰ ਦੇ ਇਹ ਦੋਵੇਂ ਬੁਨਿਆਦੀ ਤੱਤ ਹਨ।

ਜੋ ਦਲ ਕੱਲ੍ਹ ਤੱਕ ਲੋਕਤੰਤਰ ਨੂੰ ਮਜ਼ਬੂਤ ਕਰਨ ਦੇ ਨਾਂਅ 'ਤੇ ਵੋਟਾਂ ਮੰਗ ਰਿਹਾ ਸੀ, ਉਹੀ ਅੱਜ ਗੁੱਸੇ ਵਿੱਚ ਦਫ਼ਤਰਾਂ ਵਿੱਚ ਬੈਠਾ ਹੈ ਜਾਂ ਹਿੰਸਾ ਵਿੱਚ ਰੁੱਝਿਆ ਹੋਇਆ ਹੈ। ਹਿੰਸਾ ਨੂੰ ਹਿੰਸਾ ਨਾਲ ਖ਼ਤਮ ਨਹੀਂ ਕੀਤਾ ਜਾ ਸਕਦਾ। ਇਸ ਲਈ ਸ਼ਾਂਤੀ, ਸਹਿਯੋਗ ਅਤੇ ਸੰਵਾਦ ਦੀ ਲੋੜ ਹੈ।ਜੇ ਕਮਿਊਨਿਸਟਾਂ ਨੇ ਮੁੜ ਲੋਕਪ੍ਰਿਯਤਾ ਹਾਸਲ ਕਰਨੀ ਹੈ, ਤਾਂ ਉਨ੍ਹਾਂ ਨੂੰ ਸ਼ਾਂਤੀ ਅਤੇ ਲੋਕਤੰਤਰਿਕ ਹੱਕਾਂ ਦੀ ਲੜਾਈ ਦੇ ਹਾਮੀ ਵਜੋਂ ਨਵਾਂ ਪ੍ਰੋਗਰਾਮ ਤਿਆਰ ਕਰਨਾ ਹੋਵੇਗਾ, ਜਿਸ ਦਾ ਮੂਲ ਆਧਾਰ ਲੋਕਤੰਤਰ, ਸ਼ਾਂਤੀ ਅਤੇ ਨਿਆਂ ਹੋਣਾ ਚਾਹੀਦਾ ਹੈ। ਪੁਰਾਣੀਆਂ ਦੁਸ਼ਮਣੀਆਂ ਅਤੇ ਪਾਰਟੀਬਾਜ਼ੀ ਦੀ ਦਲਦਲ ਤੋਂ ਬਾਹਰ ਨਿਕਲ ਕੇ ਸੰਪਰਕ, ਸੰਬੰਧ ਅਤੇ ਸੰਘਰਸ਼ ਦੀਆਂ ਤਰਜੀਹਾਂ ਨਿਰਧਾਰਤ ਕਰਨੀਆਂ ਹੋਣਗੀਆਂ।

ਸੰਕਟ ਡੂੰਘਾ ਹੈ—ਇਹ ਕਹਿਣਾ ਹੁਣ ਬੇਮਤਲਬ ਹੈ, ਕਿਉਂਕਿ ਅਸੀਂ ਸਾਰੇ ਹੀ ਸੰਕਟ ਵਿੱਚ ਘਿਰ ਚੁੱਕੇ ਹਾਂ। ਕਾਤਲ ਕਿੰਨੇ ਤਾਕਤਵਰ ਹਨ, ਇਹ ਕਹਿਣਾ ਵੀ ਅਰਥਹੀਣ ਹੈ, ਕਿਉਂਕਿ ਅਸੀਂ ਸਾਰੇ ਬੇਵੱਸ ਸਾਬਤ ਕੀਤੇ ਜਾ ਚੁੱਕੇ ਹਾਂ।

ਜਦੋਂ ਕਿਸੇ ਬੇਕਸੂਰ ਵਿਅਕਤੀ ਨੂੰ ਭੀੜ ਕੁੱਟ ਰਹੀ ਹੋਵੇ ਅਤੇ ਲੋਕ ਤਮਾਸ਼ਾ ਦੇਖ ਰਹੇ ਹੋਣ, ਤਾਂ ਸਮਝੋ ਕਿ ਹਾਲਾਤ ਨੂੰ ਅਸੀਂ ਨਹੀਂ, ਉਹ ਤੈਅ ਕਰ ਰਹੇ ਹਨ। ਇਹ 'ਉਹ' ਕੌਣ ਹਨ? ਦੱਸਣ ਦੀ ਲੋੜ ਨਹੀਂ। ਇਹ 'ਉਹ' ਸਾਡੇ ਵਿੱਚੋਂ ਹੀ ਨਿਕਲੇ ਹਨ। 'ਅਸੀਂ' ਨੂੰ 'ਉਹ' ਵਿੱਚ ਬਦਲ ਦੇਣ ਦੀ ਕਲਾ ਦਾ ਨਾਂਅ ਹੀ ਫਾਸ਼ੀਵਾਦ ਹੈ, ਅਤੇ ਇਸ ਦੀ ਕਾਰੀਗਰੀ ਬਹੁਤ ਜਟਿਲ ਹੁੰਦੀ ਹੈ।

ਫਾਸ਼ੀਵਾਦੀ ਵਿਚਾਰ ਇੱਕ ਜਾਂ ਦੋ ਦਿਨਾਂ ਵਿੱਚ ਨਹੀਂ ਬਣਦਾ। ਨਾ ਹੀ ਇੱਕ-ਦੋ ਸਾਲਾਂ ਵਿੱਚ। ਇਹ ਲੰਮੇ ਸਮੇਂ ਵਿੱਚ ਪੱਕਦਾ ਹੈ। ਭਾਰਤ ਵਿੱਚ ਵੀ ਫਾਸ਼ੀਵਾਦੀ ਵਿਚਾਰਾਂ ਦੀ ਫ਼ਸਲ ਇੱਕ ਦਿਨ ਵਿੱਚ ਨਹੀਂ ਉੱਗੀ। ਇਸ ਨੂੰ ਕਿਸੇ ਇੱਕ ਸੰਗਠਨ ਜਾਂ ਇੱਕ ਵਿਚਾਰਧਾਰਾ ਨੇ ਨਹੀਂ ਬਣਾਇਆ। ਹਜ਼ਾਰਾਂ ਲੋਕਾਂ ਅਤੇ ਕਈ ਸੰਗਠਨਾਂ ਨੇ ਮਿਲ ਕੇ ਇਸ ਨੂੰ ਪਾਲਿਆ-ਪੋਸਿਆ ਹੈ।

ਇਹ ਕਿਸੇ ਇੱਕ ਦਿਮਾਗ ਦੀ ਖੁਰਾਫ਼ਾਤ ਨਹੀਂ, ਸਗੋਂ ਸਮਾਜਿਕ ਅਤੇ ਵਿਚਾਰਧਾਰਕ ਪ੍ਰਕਿਰਿਆ ਦਾ ਨਤੀਜਾ ਹੈ।

ਫਾਸ਼ੀਵਾਦੀ ਵਿਚਾਰਾਂ ਲਈ ਸਾਡੇ ਦੇਸ਼ ਵਿੱਚ ਪਹਿਲਾਂ ਤੋਂ ਹੀ ਭੌਤਿਕ ਅਤੇ ਵਿਚਾਰਧਾਰਕ ਆਧਾਰ ਮੌਜੂਦ ਸੀ। ਨਵੇਂ ਫਾਸ਼ੀਵਾਦੀਆਂ ਨੇ ਸਿਰਫ਼ ਇਹ ਕੀਤਾ ਕਿ ਉਸ ਆਧਾਰ ਨੂੰ ਪਾਲਿਆ-ਪੋਸਿਆ ਅਤੇ ਹੋਰ ਮਜ਼ਬੂਤ ਕੀਤਾ। ਅੱਜ ਫਾਸ਼ੀਵਾਦ ਨੂੰ ਹਰ ਵਿਅਕਤੀ ਦੇ ਅੰਦਰ ਜਗਾਇਆ ਜਾ ਚੁੱਕਾ ਹੈ।

ਫਾਸ਼ੀਵਾਦ ਨੂੰ ਉਹਨਾਂ ਪੁਰਾਣੀਆਂ ਅਤੇ ਗਲੀਆਂ-ਸੜੀਆਂ ਧਾਰਨਾਵਾਂ ਤੋਂ ਤਾਕਤ ਮਿਲ ਰਹੀ ਹੈ, ਜਿਨ੍ਹਾਂ ਬਾਰੇ ਅਸੀਂ ਸਮਝਦੇ ਸਾਂ ਕਿ ਉਹ ਹੁਣ ਮਰ ਚੁੱਕੀਆਂ ਹਨ, ਪਰ ਹਕੀਕਤ ਇਹ ਹੈ ਕਿ ਗਲੀਆਂ-ਸੜੀਆਂ ਧਾਰਨਾਵਾਂ ਆਸਾਨੀ ਨਾਲ ਨਹੀਂ ਮਰਦੀਆਂ, ਭਾਰਤ ਵਿੱਚ ਤਾਂ ਬਿਲਕੁਲ ਨਹੀਂ। ਇੱਥੇ ਪੁਰਾਣੀਆਂ ਧਾਰਨਾਵਾਂ ਨੂੰ ਸੰਭਾਲ ਕੇ ਰੱਖਣਾ, ਉਨ੍ਹਾਂ ਵਿੱਚ ਜੀਣਾ ਅਤੇ ਉਨ੍ਹਾਂ ਦੀ ਪੂਜਾ ਕਰਨਾ ਇੱਕ ਸਮਾਜਿਕ ਵਿਸ਼ੇਸ਼ਤਾ ਬਣ ਚੁੱਕੀ ਹੈ। ਇਹੀ ਉਹ ਥਾਂ ਹੈ, ਜਿੱਥੋਂ ਫਾਸ਼ੀਵਾਦੀ ਤਾਕਤਾਂ ਆਪਣੇ ਲਈ ਸਮਰਥਨ ਇਕੱਠਾ ਕਰਦੀਆਂ ਹਨ।

ਗਾਂ ਸਾਡੀ ਮਾਤਾ ਹੈ, ਵਰਗਾ ਵਿਚਾਰ ਵੀ ਉਸੇ ਕਿਸਮ ਦਾ ਪੁਰਾਣਾ ਵਿਚਾਰ ਹੈ, ਜਿਸ ਨੂੰ ਅਸੀਂ ਸਮਝਦੇ ਸਾਂ ਕਿ ਹੁਣ ਉਸ ਦੀ ਪ੍ਰਭਾਵਸ਼ੀਲਤਾ ਖ਼ਤਮ ਹੋ ਚੁੱਕੀ ਹੈ, ਪਰ ਉਹ ਏਨਾ ਤਾਕਤਵਰ ਰੂਪ ਧਾਰ ਕੇ ਵਾਪਸ ਆਵੇਗਾ, ਇਸ ਦੀ ਕਦੇ ਕਲਪਨਾ ਨਹੀਂ ਕੀਤੀ ਸੀ।

ਇਹ ਮੰਨ ਲੈਣਾ ਚਾਹੀਦਾ ਹੈ ਕਿ ਭਾਵੇਂ ਪ੍ਰਧਾਨ ਮੰਤਰੀ ਕਿੰਨਾ ਵੀ ਰੌਲਾ ਪਾਉਣ ਜਾਂ ਮੇਰੇ ਵਰਗੇ ਲੋਕ ਲੱਖਾਂ-ਕਰੋੜਾਂ ਸ਼ਬਦ ਖਰਚ ਕਰ ਦੇਣ, ਅਸੀਂ ਇਕੱਠੇ ਹੋ ਕੇ ਵੀ ਪੁਰਾਣੀਆਂ ਸੜੀਆਂ-ਗਲੀਆਂ ਧਾਰਨਾਵਾਂ ਨੂੰ ਆਸਾਨੀ ਨਾਲ ਹਰਾ ਨਹੀਂ ਸਕਦੇ। ਉਹ ਬਹੁਤ ਸ਼ਕਤੀਸ਼ਾਲੀ ਹਨ। ਆਰ ਐੱਸ ਐੱਸ ਅਤੇ ਉਸ ਨਾਲ ਜੁੜੀਆਂ ਸੰਸਥਾਵਾਂ ਨੇ ਲੱਖਾਂ ਨੌਜਵਾਨਾਂ ਨੂੰ ਇਨ੍ਹਾਂ ਪੁਰਾਣੇ ਵਿਚਾਰਾਂ ਦਾ ਵਾਹਕ ਬਣਾ ਦਿੱਤਾ ਹੈ।

ਜਦ ਤੱਕ ਅਸੀਂ ਆਪਣੇ ਮਨ ਵਿੱਚ ਪੁਰਾਣੇ ਸੜੇ-ਗਲੇ ਵਿਚਾਰਾਂ ਨੂੰ ਜੜ੍ਹੋਂ ਖਤਮ ਕਰਨ ਦੀ ਇੱਛਾ ਨਹੀਂ ਪੈਦਾ ਕਰਦੇ, ਤਦ ਤੱਕ ਅਸੀਂ ਆਧੁਨਿਕ ਮਨੁੱਖ ਨਹੀਂ ਬਣਾ ਸਕਦੇ।

ਅਸੀਂ ਇੱਕ ਅਜੀਬ ਜਿਹਾ ਮਿਲਗੋਭਾ ਕਰ ਰੱਖਿਆ ਹੈ। ਅਸੀਂ ਆਪਣੇ ਕੱਪੜੇ ਬਦਲ ਲਏ ਹਨ, ਸਿੱਖਿਆ ਦੇ ਢਾਂਚੇ ਬਦਲ ਲਏ ਹਨ, ਪ੍ਰਬੰਧ ਬਦਲ ਲਏ ਹਨ, ਸੰਚਾਰ ਦੇ ਸਾਧਨ ਬਦਲ ਲਏ ਹਨ; ਪਰ ਵਿਚਾਰਾਂ ਦੀ ਦੁਨੀਆ ਵਿੱਚ ਨਵੇਂ ਵਿਚਾਰਾਂ ਦੇ ਦਾਖ਼ਲੇ ਨੂੰ ਰੋਕ ਦਿੱਤਾ ਹੈ। ਉੱਥੇ ਅਜੇ ਵੀ ਉਹੀ ਪੁਰਾਣੇ, ਸੜੇ-ਗਲੇ ਵਿਚਾਰ ਹਾਵੀ ਹਨ।

ਫਰੈਡਰਿਕ ਐਂਗਲਜ਼ ਨੇ ਲਿਖਿਆ ਸੀ ਕਿ ਜਦੋਂ ਕੋਈ ਵਿਚਾਰ ਇੱਕ ਵਾਰ ਜਨਮ ਲੈ ਲੈਂਦਾ ਹੈ ਅਤੇ ਵਿਹਾਰ ਵਿੱਚ ਆ ਜਾਂਦਾ ਹੈ, ਤਾਂ ਉਸ ਨੂੰ ਆਸਾਨੀ ਨਾਲ ਖਤਮ ਨਹੀਂ ਕੀਤਾ ਜਾ ਸਕਦਾ। ਸਮੇਂ ਦੇ ਨਾਲ ਉਹ ਇੱਕ ਭੌਤਿਕ ਤਾਕਤ ਦਾ ਰੂਪ ਧਾਰ ਲੈਂਦਾ ਹੈ। ਕੇਵਲ ਪ੍ਰਬੰਧ ਬਦਲ ਦੇਣ ਨਾਲ ਉਹ ਖਤਮ ਨਹੀਂ ਹੁੰਦਾ, ਜਦ ਤੱਕ ਉਸ ਦੇ ਬਦਲ ਵਜੋਂ ਕੋਈ ਨਵਾਂ ਵਿਚਾਰ ਲੋਕਾਂ ਦੇ ਮਨਾਂ ਵਿੱਚ ਨਾ ਬਿਠਾਇਆ ਜਾਵੇ।

ਗਾਂ ਮਾਤਾ ਹੈ, ਵਰਗੇ ਵਿਚਾਰਾਂ ਨੂੰ ਅਸੀਂ ਅੱਜ ਤੱਕ ਲੋਕਾਂ ਦੇ ਮਨਾਂ ਵਿੱਚੋਂ ਨਹੀਂ ਕੱਢ ਸਕੇ। ਇਹ ਸਾਡੀ ਅਸਫਲਤਾ, ਸਾਡੇ ਸਮਾਜਿਕ ਢਾਂਚੇ ਦੀ ਕਮਜ਼ੋਰੀ ਅਤੇ ਸਾਡੀ ਸਿੱਖਿਆ ਦੇ ਅਧੂਰੇਪਣ ਦਾ ਸਬੂਤ ਹੈ।

ਜਦ ਤੱਕ ਇਹ ਪੁਰਾਣੇ ਵਿਚਾਰ ਮਨਾਂ ਵਿੱਚ ਬਣੇ ਰਹਿਣਗੇ, ਫਾਸ਼ੀਵਾਦੀ ਹਮਲੇ ਹੁੰਦੇ ਰਹਿਣਗੇ ਅਤੇ ਜੁਨੈਦ ਤੇ ਅਖਲਾਕ ਵਰਗੇ ਲੋਕ ਮਾਰੇ ਜਾਂਦੇ ਰਹਿਣਗੇ। ਵਾਰ-ਵਾਰ ਮੋਦੀ ਜਿੱਤਦਾ ਰਹੇਗਾ।

ਫਾਸ਼ੀਵਾਦ ਸਿਰਫ਼ ਕਿਸੇ ਇੱਕ ਸੰਗਠਨ ਦਾ ਨਾਂਅ ਨਹੀਂ ਹੈ, ਇਹ ਇੱਕ ਵਿਚਾਰਧਾਰਾ ਹੈ—ਮਨੁੱਖੀ ਇਤਿਹਾਸ ਦੀਆਂ ਸਭ ਤੋਂ ਬਰਬਰ ਵਿਚਾਰਧਾਰਾਵਾਂ ਵਿੱਚੋਂ ਇੱਕ।

ਇਸ ਨੂੰ ਅਸੀਂ ਵਿਦੇਸ਼ਾਂ ਤੋਂ ਨਹੀਂ ਮੰਗਵਾਇਆ, ਇਹ ਸਾਨੂੰ ਆਪਣੀ ਸਮਾਜਿਕ ਵਿਰਾਸਤ ਵਿੱਚੋਂ ਮਿਲਿਆ ਹੈ। ਸਾਡੇ ਸੰਸਕਾਰਾਂ ਵਿੱਚ ਇਸ ਦੀਆਂ ਡੂੰਘੀਆਂ ਜੜ੍ਹਾਂ ਹਨ। ਅਵਿਵੇਕਵਾਦ ਅਤੇ ਪਿਤ੍ਰਸੱਤਾਵਾਦ ਇਸ ਦੀ ਬੁਨਿਆਦ ਹਨ।

ਜੇ ਅਸੀਂ ਅਵਿਵੇਕਵਾਦ ਅਤੇ ਪਿਤ੍ਰਸੱਤਾਵਾਦ ਨੂੰ ਤਿਆਗ ਦੇਈਏ ਤਾਂ ਫਾਸ਼ੀਵਾਦ ਆਪਣੇ ਆਪ ਕਮਜ਼ੋਰ ਪੈ ਜਾਵੇਗਾ, ਪਰ ਜਦ ਤੱਕ ਅਸੀਂ ਅਵਿਵੇਕਵਾਦ ਨੂੰ ਗਲੇ ਲਗਾਈ ਰੱਖਾਂਗੇ, ਫਾਸ਼ੀਵਾਦ ਸਾਡੇ ਨਾਲ ਚੰਬੜਿਆ ਰਹੇਗਾ ਅਤੇ ਜੁਨੈਦ ਵਰਗੇ ਲੋਕ ਮਰਦੇ ਰਹਿਣਗੇ।

ਕਮਿਊਨਿਸਟਾਂ ਅਤੇ ਉਦਾਰਵਾਦੀ ਜਮਹੂਰੀ ਤਾਕਤਾਂ ਸਾਹਮਣੇ ਅੱਜ ਸਭ ਤੋਂ ਵੱਡੀ ਚੁਣੌਤੀ ਇਹੀ ਹੈ ਕਿ ਉਹ ਸਮਾਜ ਦੇ ਅੰਦਰ ਜੜ੍ਹ ਪਕੜ ਚੁੱਕੀਆਂ ਅਵਿਵੇਕਪੂਰਨ, ਜਾਤੀਵਾਦੀ, ਸੰਪਰਦਾਇਕ ਅਤੇ ਪਿਤ੍ਰਸੱਤਾਤਮਕ ਧਾਰਨਾਵਾਂ ਦਾ ਵਿਕਲਪ ਪੈਦਾ ਕਰਨ, ਤਾਂ ਜੋ ਲੋਕਤੰਤਰ, ਸਮਾਨਤਾ ਅਤੇ ਮਨੁੱਖੀ ਮਰਿਆਦਾ 'ਤੇ ਆਧਾਰਤ ਸਮਾਜ ਦੀ ਉਸਾਰੀ ਕੀਤੀ ਜਾ ਸਕੇ।

 # ਸੰਪਰਕ : +91 99884-91002

ਸਫ਼ਾ 3 ਦੀ ਬਾਕੀ

ਇਤਿਹਾਸ ਦਾ ਯਥਾਰਥਵਾਦੀ ਗਲਪੀਕਰਨ..

ਦੀ ਬਹਾਦਰੀ ਦਾ ਕਾਇਲ ਸੀ। ਹੋਰ ਤਾਂ ਹੋਰ ਉਸ ਦੀ ਬਹਾਦਰੀ ਉਸ ਦੀ ਸੂਰਮਗਤੀ ਕਾਰਨ ਹੀ ਮਹਾਰਾਜੇ ਨੇ ਹਰੀ ਸਿੰਘ ਦਾ ਉਪਨਾਮ ਉੱਪਲ ਤੋਂ ਬਦਲ ਕੇ ਨਲਵਾ ਰੱਖਿਆ ਸੀ। ਰਾਜਾ ਨਲਵਾ ਅਦੁੱਤੀ ਯੋਧਾ ਸੀ ਅਤੇ ਉਹ ਆਪਣੇ ਸਮਿਆਂ ਦਾ ਮਹਾਂਦਾਨੀ ਵੀ ਸੀ। ਉਹ ਸ਼ੇਰ ਦੇ ਸਾਹਮਣੇ ਖੜ ਕੇ ਸ਼ੇਰ ਨੂੰ ਲਲਕਾਰਨ ਦੀ ਜੁਰਅਤ ਰੱਖਦਾ ਸੀ। ਜਦ ਹਰੀ ਸਿੰਘ ਨਲਵਾ ਨੇ ਸ਼ੇਰ ਦੀ ਗਰਦਨ ਨੂੰ ਹੱਥਾਂ ਨਾਲ ਮਰੋੜ ਦਿੱਤਾ, ਉਸ ਦਾ ਜਬਾੜਾ ਪਾੜ ਦਿੱਤਾ ਤਾਂ ਉਸ ਦਾ ਨਾਂਅ ਮਹਾਰਾਜਾ ਰਣਜੀਤ ਸਿੰਘ ਨੇ ਨਲਵਾ ਰੱਖ ਦਿੱਤਾ। ਸੋ ਹਰੀ ਸਿੰਘ ਉੱਪਲ ਹਰੀ ਸਿੰਘ ਨਲਵਾ ਬਣ ਗਿਆ ਅਤੇ ਬਾਅਦ ਵਿੱਚ ਉਸ ਨੇ ਕਦੇ ਆਪਣੇ ਇਸ ਨਾਂਅ ਨੂੰ ਧੱਬਾ ਨਹੀਂ ਲੱਗਣ ਦਿੱਤਾ। ਇਸ ਨਾਂਅ ਨੂੰ ਉਸ ਨੇ ਜੀਵਤ ਕਰਕੇ ਇਤਿਹਾਸ 'ਚ ਪੱਕੇ ਤੌਰ 'ਤੇ ਦਰਜ ਕਰ ਦਿੱਤਾ। ਜਿਹੜਾ ਮਹਾਰਾਜਾ ਉਸ ਨੂੰ ਇਹ ਕਹਿੰਦਾ ਸੀ ਵਾਹ ਮੇਰਾ ਨਲਵਾ ਸਰਦਾਰ ਜਿਸ ਮਹਾਰਾਜੇ ਨੇ ਹਰੀ ਸਿੰਘ ਨੂੰ ਨਲਵਾ ਦਾ ਖਿਤਾਬ ਦਿੱਤਾ ਸੀ, ਪਰ ਅਫਸੋਸਜਨਕ ਪਹਿਲੂ ਇਹ ਹੈ ਕਿ ਉਹ ਮਹਾਰਾਜੇ ਨੇ ਹੀ ਹਰੀ ਸਿੰਘ ਨਲਵਾ ਦੀ ਸ਼ਹਾਦਤ ਬਾਅਦ ਉਸ ਦੀ ਸਾਰੀ ਸੰਪਤੀ ਜ਼ਬਤ ਕਰ ਲਈ। ਨਲਵਾ ਦੇ ਪੁੱਤਰਾਂ ਨੂੰ ਇਹ ਫਤਵਾ ਲਾਇਆ। ਉਹ ਸੰਪਤੀ ਸੰਭਾਲਣ ਦੇ ਕਾਬਲ ਨਹੀਂ। ਸੰਪਤੀ ਖੋਹ ਕੇ ਉਹਨਾਂ ਦੀ ਸਾਲਾਨਾ ਪੈਨਸ਼ਨ ਲਾ ਦਿੱਤੀ ਗਈ। ਸੰਪਤੀ ਦੇ ਮੁਕਾਬਲੇ ਇਹ ਪੈਨਸ਼ਨ ਤੁਛ ਸੀ, ਭਾਵ ਬਹੁਤ ਘੱਟ ਸੀ। ਨਲਵਾ ਦੀ ਸ਼ਹਾਦਤ ਬਾਅਦ ਸਗੋਂ ਮਹਾਰਾਜਾ ਰਣਜੀਤ ਸਿੰਘ ਨੇ ਇਹ ਸੋਚ ਬਣਾ ਲਈ, ਮੋਇਆਂ ਦੀ ਯਾਦ ਛਾਤੀ 'ਤੇ ਲੈ ਕੇ ਬੈਠੇ ਰਹਿਣ ਨਾਲ ਸਲਤਨਤਾਂ ਨਹੀਂ ਚੱਲਦੀਆਂ, ਲਾਹੌਰ ਜਾ ਕੇ ਹਰੀ ਸਿੰਘ ਨਲਵਾ ਦੀ ਪੂਰੀ ਜਗੀਰ ਅਤੇ ਜਾਇਦਾਦ ਦਾ ਲੇਖਾ-ਜੋਖਾ ਕਰਨ ਦਾ ਹੁਕਮ ਦੇ ਦਿੱਤਾ। ਰਣਜੀਤ ਸਿੰਘ ਦੀ ਧਾਰਨਾ ਸੀ ਕਿ ਇਸ ਤਰ੍ਹਾਂ ਰਾਜਭਾਗ ਨਹੀਂ ਚਲਦੇ। ਉਸ ਦੀ ਇਹ ਵੀ ਧਾਰਨਾ ਸੀ ਇੱਕ ਵਾਰ ਮਹਾਰਾਜਾ ਨੇ ਨਲਵਾ ਦੇ ਪੁੱਤਰਾਂ ਨੂੰ ਇਹ ਗੱਲ ਵੀ ਕਹੀ ਸੀ ਕਿ ਤੁਸੀਂ ਏਡੀ ਵੱਡੀ ਜਗੀਰ ਸੰਭਾਲਣ ਦੇ ਕਾਬਲ ਨਹੀਂ, ਇਸ ਲਈ ਹਰੀ ਸਿੰਘ ਨਲਵਾ ਦੀ ਜਗੀਰ ਅਤੇ ਜਾਇਦਾਦ ਕਾਰਵਾਈ ਕਰਕੇ ਫੌਰਨ ਜ਼ਬਤ ਕੀਤੀ ਜਾਂਦੀ ਹੈ। ਔਰ ਇਸ ਜਾਇਦਾਦ ਬਦਲੇ ਉਸ ਦੇ ਪੁੱਤਰਾਂ ਨੂੰ ਗੁਜ਼ਾਰੇ ਲਈ ਸਾਲਾਨਾ ਪੈਨਸ਼ਨ ਲਾਈ ਜਾਂਦੀ ਹੈ। ਸਾਮੰਤਸ਼ਾਹੀ ਪ੍ਰਬੰਧ ਵਿੱਚ ਮਨੁੱਖ ਦੀ ਕੋਈ ਕੀਮਤ ਨਹੀਂ ਹੁੰਦੀ, ਸਗੋਂ ਜਾਇਦਾਦ ਸੰਪਤੀ ਨੂੰ ਵਧੇਰੇ ਤਰਜੀਹ ਦਿੱਤੀ ਜਾਂਦੀ ਹੈ। ਗੁਰੂਆਂ ਤੋਂ ਬਾਅਦ ਬੰਦਾ ਸਿੰਘ ਬਹਾਦਰ ਨੇ ਸਾਮੰਤ ਸ਼ਾਹੀ ਨੂੰ ਬੁਰੀ ਤਰ੍ਹਾਂ ਭੰਨਿਆ ਤੋੜਿਆ ਸੀ, ਪ੍ਰੰਤੂ ਮਹਾਰਾਜਾ ਰਣਜੀਤ ਸਿੰਘ ਨੇ ਇਸ ਨੂੰ ਪੁਨਰ ਸਿਰਜਿਤ ਕੀਤਾ।

ਹਰੀ ਸਿੰਘ ਨਲਵਾ ਨੇ ਅਨੇਕ ਯੁੱਧ ਲੜੇ। ਉਹ ਨਿਡਰ ਬਹਾਦਰ ਤੇ ਦੂਰ-ਅੰਦੇਸ਼ੀ ਸੀ, ਜਿਸ ਕਰਕੇ ਉਸ ਨੇ ਆਪਣੀ ਹੀ ਵਿਚਾਰਧਾਰਕ ਦ੍ਰਿਸ਼ਟੀ ਨਾਲ ਯੁੱਧ ਨੀਤੀ ਤਿਆਰ ਕੀਤੀ ਅਤੇ ਯੁੱਧਾਂ ਵਿੱਚ ਵੱਡੀਆਂ ਸਫਲਤਾਵਾਂ ਹਾਸਲ ਕੀਤੀਆਂ। ਨਲਵਾ ਦੇ ਯੁੱਧਾਂ ਦੀ ਲਿਸਟ ਲੰਬੀ ਚੌੜੀ ਹੈ। ਕਾਬੁਲ-ਕੰਧਾਰ ਤੱਕ ਉਸ ਦੇ ਨਾਂਅ ਦੀ ਤੂਤੀ ਬੋਲਦੀ ਸੀ। ਸੁਲਤਾਨ ਪਿਸ਼ਾਵਰ, ਕਸ਼ਮੀਰ, ਕਸੂਰ, ਸ਼ਾਹਪੁਰ, ਬਿਲਾਵਲਪੁਰ, ਕਿਲ੍ਹਾ ਰਜੌਰੀ ਮਹਿਮੂਦ, ਕੋਟ ਮਨਕੇਰਾ, ਮਿੱਠਾ ਟਿਵਾਣਾ, ਨੂਰਾਂਪੁਰ ਗੰਧ ਗੜ੍ਹਜ ਹਜ਼ਾਰਾ, ਨਦੌਣ, ਗੁਲੇਰ ਆਦਿ ਖੇਤਰਾਂ ਵਿੱਚ ਯੁੱਧ ਕਰਕੇ ਇਹਨਾਂ ਖੇਤਰਾਂ ਦੇ ਪ੍ਰਬੰਧਕਾਂ ਨੂੰ ਗੋਡਿਆਂ ਭਾਰ ਕੀਤਾ। ਕਮਾਲ ਤੇ ਹੈਰਾਨਕੁਨ ਗੱਲ ਇਹ ਹੈ ਕਿ ਇਹਨਾਂ 'ਚੋਂ ਕੁਝ ਖੇਤਰਾਂ ਦਾ ਵਾਰ-ਵਾਰ ਬਗ਼ਾਵਤਾਂ ਹੋਣ ਬਾਰੇ ਨਲਵਾ ਦਾ ਇੱਕ ਵੇਰਵਾ ਦਰਜ ਹੈ, ਜਿਸ ਤੋਂ ਅਸੀਂ ਅਫਗਾਨੀਆਂ, ਗਾਜ਼ੀਆਂ, ਪਠਾਣਾਂ ਅਤੇ ਜਹਾਂ-ਜਹਾਂ ਬਾਰੇ ਸੱਚ ਜਾਣ ਸਕਦੇ ਹਾਂ, ਹਰੀ ਸਿੰਘ ਨੇ ਗੱਲ ਜਾਰੀ ਰੱਖੀ। ਸੁਲਤਾਨ ਪਿਸ਼ਾਵਰ ਹਜ਼ਾਰਾ ਇੱਥੇ ਕਦੇ ਵੀ ਅਮਨ-ਅਮਾਨ ਨਹੀਂ ਹੋਇਆ। ਵਾਅਦੇ ਵੀ ਕਰਦੇ ਨੇ, ਤੌਬਾ ਵੀ ਕਰਦੇ ਨੇ, ਅਹਿਦਨਾਮੇ ਕਰਦੇ ਨੇ, ਮਾਲੀਆ ਦਿੰਦੇ ਨੇ, ਜੰਗੀ ਹਰਜਾਨੇ ਵੀ ਤਾਰਦੇ ਨੇ, ਪਰ ਜਿਵੇਂ ਖਾਲਸਾ ਫੌਜ ਖਿੱਚ ਮੋੜਦੀ ਹੈ, ਇਹਨਾਂ ਦੇ ਫਿਰ ਖੁਜਲੀ ਹੋਣ ਲੱਗਦੀ ਹੈ। ਅਸੀਂ ਫਿਰ ਹਰਖਰਾ ਕਰਨ ਆ ਜਾਂਦੇ ਹਾਂ। ਇਹਨਾਂ ਨਾਲ ਕਈ ਵਾਰ ਯੁੱਧ ਹੋਏ। ਹਰੀ ਸਿੰਘ ਨੇ ਇਹਨਾਂ ਨੂੰ ਹਰ ਯੁੱਧ 'ਚ ਹਾਰ ਦਿੱਤੀ ਸੀ। ਇਸ ਨਾਵਲ 'ਚ ਵਾਰ-ਵਾਰ ਅਫਗਾਨੀਆਂ, ਗਾਜ਼ੀਆਂ, ਜਿਹਾਦੀਆਂ ਅਤੇ ਪਠਾਣਾਂ ਦੀ ਬਹਾਦਰੀ ਨੂੰ ਸਲਾਹਿਆ ਗਿਆ ਹੈ। ਇਹਨਾਂ ਦੇ ਦੋਸ਼ ਵੀ ਲਾਏ ਗਏ ਹਨ। ਇਹ ਲੋਕ ਕਿਸੇ ਗੁਰ ਪੀਰ ਦੇ ਨਹੀਂ, ਇਹਨਾਂ 'ਤੇ ਵਿਸ਼ਵਾਸ ਨਹੀਂ ਕੀਤਾ ਜਾ ਸਕਦਾ, ਫਿਰ ਵੀ ਹਰੀ ਸਿੰਘ ਨਲਵਾ ਨਾਲ ਜਿੰਨੇ ਵੀ ਇਹਨਾਂ ਨੇ ਯੁੱਧ ਕੀਤੇ, ਉਹਨਾਂ 'ਚ ਉਹਨਾਂ ਦੀਆਂ ਹਾਰਾਂ ਹੀ ਹੋਈਆਂ ਹਨ। ਉਹ ਹਾਰਾਂ ਨੂੰ ਸਵੀਕਾਰ ਕਰਕੇ ਵੀ ਹਾਰ ਨਹੀਂ ਮੰਨਦੇ ਸਨ। ਯੁੱਧ ਵਿੱਚ ਕੋਈ ਸਕਾ ਨਹੀਂ ਹੁੰਦਾ। ਯੁੱਧ ਵਿੱਚ ਦੋਵੇਂ ਪਾਸੇ ਲੋਕ ਮਰਦੇ ਹਨ। ਮਰਨ ਵਾਲੇ ਲੋਕਾਂ ਦੇ ਨਾਂਅ ਵੀ ਇਤਿਹਾਸ 'ਚ ਮਿਟ ਜਾਂਦੇ ਹਨ। ਜੋ ਆਪਣੀਆਂ ਬਾਦਸ਼ਾਹੀਆਂ ਅਤੇ ਸਫਲਤਾਵਾਂ ਨੂੰ ਚਿਰਜੀਵੀ ਬਣਾਉਣ ਲਈ ਯੁੱਧ ਕਰਦੇ ਹਨ, ਉਹਨਾਂ ਦੇ ਨਾਂਅ ਤਾਂ ਇਤਿਹਾਸ 'ਚ ਬੋਲਦੇ ਹਨ, ਗੂੰਜਦੇ ਹਨ, ਇੱਕ ਤਰ੍ਹਾਂ ਨਾਲ ਸਾਨੂੰ ਅਜਿਹੇ ਮਾਨਵੀ ਇਤਿਹਾਸ ਚੇਤਨਾ ਵੀ ਦਿੰਦੇ ਹਨ। ਇਤਿਹਾਸ ਹਮੇਸ਼ਾ ਹੀ ਮਨੁੱਖ ਨੂੰ ਸਿਖਾਉਂਦਾ ਹੈ, ਪਰ ਲੋਕ, ਰਾਜਨੀਤਕ ਆਗੂ, ਸੱਤਾਧਾਰੀ ਕਦੇ ਇਤਿਹਾਸ ਤੋਂ ਨਹੀਂ ਸਿੱਖਦੇ। ਸਾਮੰਤੀ ਸੰਰਚਨਾ ਵਿੱਚ ਯੁੱਧ ਜਗੀਰਾਂ, ਜ਼ਮੀਨਾਂ ਲਈ ਹੁੰਦੇ ਹਨ, ਪ੍ਰੰਤੂ ਪੂੰਜੀਵਾਦੀ ਪ੍ਰਬੰਧ ਵਿੱਚ ਪੈਸੇ ਡਾਲਰਾਂ, ਪੌਂਡਾਂ, ਯੂਰੋਆਂ ਦੇ ਬਲ ਰਾਹੀਂ ਫੌਜਾਂ ਅਤੇ ਹਥਿਆਰਾਂ ਦੀ ਸ਼ਕਤੀ ਨਾਲ ਸੰਸਾਰ ਦੇ ਕੱਚੇ ਸਾਧਨਾਂ, ਖਣਿਜ ਪਦਾਰਥਾਂ 'ਤੇ ਕਬਜ਼ਿਆਂ ਲਈ ਯੁੱਧ ਹੋ ਰਹੇ ਹਨ। ਇਹ ਯੁੱਧ ਵੀ ਮਨੁੱਖਤਾ ਦੇ ਘਾਣ ਦਾ ਬਾਈਸ ਬਣਦੇ ਹਨ। ਯੁੱਧ ਬਰਬਾਦੀ ਦਾ ਚਿਹਨਕ ਹੁੰਦੇ ਹਨ।

ਨਿਰਸੰਦੇਹ ਦੇ ਇਸ ਨਾਵਲ ਦੇ ਕਥਾਨਕ ਵਿੱਚ ਪ੍ਰਮੁੱਖ ਮਹਾਂਨਾਇਕ ਮਹਾਂ ਜਰਨੈਲ ਸਿੰਘ ਨਲਵਾ ਹੈ, ਪ੍ਰੰਤੂ ਬਲਦੇਵ ਸਿੰਘ ਨੇ ਮਹਾਰਾਜਾ ਰਣਜੀਤ ਸਿੰਘ ਨੂੰ ਵੀ ਕਾਫੀ ਪ੍ਰਸੰਗਾਂ 'ਚ ਵਰਤਿਆ। ਘਟਨਾਵਾਂ 'ਚ ਕਿਸੇ ਨਾ ਕਿਸੇ ਰੂਪ ਵਿੱਚ ਦਰਜ ਕੀਤਾ ਹੈ। ਇਹ ਕੁਦਰਤੀ ਵੀ ਸੀ। ਜ਼ਰੂਰੀ ਵੀ ਸੀ। ਨਾਵਲਾਂ 'ਚ ਰਣਜੀਤ ਸਿੰਘ ਬਾਰੇ ਚਰਚਾ ਹੋਣੀ ਹੀ ਹੋਣੀ ਸੀ। ਮਹਾਰਾਜਾ ਰਣਜੀਤ ਸਿੰਘ ਕੁਸ਼ਲ ਪਰਵੀਨ ਪ੍ਰਬੁੱਧ ਅਤੇ ਚਤੁਰ ਰਾਜਾ ਸੀ, ਉਹ ਕਿਸੇ ਹੱਦ ਤੱਕ ਧਰਮ ਨਿਰਪੱਖ ਵੀ ਸੀ। ਉਸ ਨੇ ਅਫਗਾਨਾਂ, ਪਠਾਣਾਂ, ਕਾਜ਼ੀਆਂ ਅਤੇ ਜਹਾਦੀਆਂ ਨਾਲ ਯੁੱਧ ਵੀ ਲੜੇ। ਇਸ ਦੇ ਬਾਵਜੂਦ ਉਹਨਾਂ ਨਾਲ ਸਮੇਂ-ਸਮੇਂ 'ਤੇ ਅਹਿਸਾਨ ਨੂੰ ਅਹਿਦਨਾਮੇ ਵੀ ਕੀਤੇ। ਉਹ ਉਹਨਾਂ ਦੀਆਂ ਅਵੱਗਿਆਵਾਂ ਗਲਤੀਆਂ ਨੂੰ ਮਾਫ ਵੀ ਕਰ ਦਿੰਦਾ ਸੀ। ਇਸ ਦੇ ਉਲਟ ਹਰੀ ਸਿੰਘ ਨਲਵਾ ਉਹਨਾਂ ਨੂੰ ਚੰਗੀ ਤਰ੍ਹਾਂ ਸਬਕ ਸਿਖਾਉਣ ਦੀ ਦ੍ਰਿਸ਼ਟੀ ਰੱਖਦਾ ਸੀ। ਮਹਾਰਾਜਾ ਰਣਜੀਤ ਸਿੰਘ ਕਿਸੇ ਕਾਰਨ ਜਾਂ ਡਰ ਵਜੋਂ ਗੋਰਿਆਂ ਨਾਲ ਸੰਧੀਆਂ ਵੀ ਕਰਦਾ ਰਿਹਾ ਅਤੇ ਉਨਾਂ ਦੀਆਂ ਚਾਲਾਂ ਬਾਰੇ ਵੀ ਜਾਣਦਾ ਸੀ। ਕਿਉਂਕਿ ਉਹ ਹੌਲੀ ਹੌਲੀ ਸਹਿਜੇ-ਸਹਿਜੇ ਖਾਲਸਾ ਰਾਜ ਨੂੰ ਸਮਝ ਵੀ ਰਹੇ ਸਨ ਅਤੇ ਘੁਸਪੈਠ ਵੀ ਕਰ ਰਹੇ ਸਨ। ਮਹਾਰਾਜਾ ਅੰਗਰੇਜ਼ਾਂ ਨਾਲ ਯੁੱਧ ਕਰਨ ਨੂੰ ਪਰਹੇਜ਼ ਕਰਦਾ ਰਿਹਾ ਸੀ, ਜਦਕਿ ਫਕੀਰ ਅਜੀਜੁਦੀਨ ਅਤੇ ਹਰੀ ਸਿੰਘ ਨਲਵਾ ਸਮੇਤ ਹੋਰ ਜਰਨੈਲ ਅੰਗਰੇਜ਼ਾਂ ਨਾਲ ਯੁੱਧਾਂ ਕਰਨ ਨੂੰ ਪਹਿਲ ਦੇ ਰਹੇ ਸਨ। ਇਵੇਂ ਹੀ ਮਹਾਰਾਜਾ ਰਣਜੀਤ ਸਿੰਘ ਧਿਆਨ ਸਿੰਘ ਵਰਗੇ ਡੋਗਰਿਆਂ ਨੂੰ ਸਿੱਖ ਜਰਨੈਲਾਂ ਨਾਲੋਂ ਵਧੇਰੇ ਵਿਸ਼ਵਾਸ-ਪਾਤਰ ਮੰਨਦਾ ਸੀ, ਹਾਲਾਂਕਿ ਇਹ ਡੋਗਰੇ ਅੰਦਰੇ ਅੰਦਰ ਖਾਲਸਾ ਰਾਜ ਦੀਆਂ ਜੜ੍ਹਾਂ ਵੱਢਣ ਵਿੱਚ ਲੱਗੇ ਹੋਏ ਸਨ। ਮਹਾਰਾਜਾ ਰਣਜੀਤ ਸਿੰਘ ਡੋਗਰਿਆਂ ਦੀਆਂ ਅਸਲੀਅਤਾਂ ਨੂੰ ਸਮਝਦਾ ਨਹੀਂ ਸੀ। ਉਹਨਾਂ ਦੀ ਕਿਸੇ ਵੱਲੋਂ ਕੀਤੀ ਵਿਰੋਧਤਾ ਨੂੰ ਸੁਣਨ ਲਈ ਤਿਆਰ ਨਹੀਂ ਸੀ। ਜਦ ਮਹਾਰਾਜਾ ਰਣਜੀਤ ਸਿੰਘ ਦੀ ਮੌਤ ਹੋ ਗਈ, ਤਦ ਅੰਗਰੇਜ਼ਾਂ ਅਤੇ ਡੋਗਰਿਆਂ ਦੀਆਂ ਕਰਤੂਤਾਂ ਅਤੇ ਚਾਲਾਂ ਦਾ ਪਰਦਾ ਚਾਕ ਹੋ ਗਿਆ ਸੀ। ਮਹਾਰਾਜਾ ਰਣਜੀਤ ਸਿੰਘ ਨੇ ਕਿਸੇ ਵੀ ਸਿੱਖ ਜਰਨੈਲ ਨੂੰ ਆਪਣੇ ਦਰਬਾਰ ਵਿੱਚ ਉੱਚ ਅਹੁਦਾ ਨਹੀਂ ਦਿੱਤਾ ਸੀ। ਸਿੱਖ ਜਰਨੈਲਾਂ ਨੂੰ ਯੁੱਧਾਂ ਵਿੱਚ ਸਰਗਰਮ ਰੱਖਿਆ। ਦਰਬਾਰ ਖਾਲਸਾ ਰਾਜ ਨੂੰ ਸੰਭਾਲਣ ਲਈ ਕਿਸੇ ਸ਼ਕਤੀਸ਼ਾਲੀ ਜਰਨੈਲ ਦੀ ਜ਼ਰੂਰਤ ਸੀ, ਪਰ ਇਸ ਅਭਾਵ ਕਾਰਨ ਖਾਲਸਾ ਰਾਜ ਦਾ ਪਦਮ ਹੋਣਾ ਕੁਦਰਤੀ ਸੀ। ਮਹਾਰਾਜਾ ਦੇ ਪੁੱਤਰਾਂ ਨੂੰ ਵੀ ਰਾਜ ਦਰਬਾਰ ਸੰਭਾਲਣ ਦੇ ਕਾਬਲ ਨਹੀਂ ਬਣਾਇਆ ਗਿਆ ਸੀ, ਇਸ ਤਰ੍ਹਾਂ ਮਹਾਰਾਜਾ ਰਣਜੀਤ ਸਿੰਘ ਦੇ ਖਾਲਸੇ ਰਾਜ ਦਾ ਦੁੱਖਦਾਈ ਅੰਤ ਹੋਇਆ। ਇੱਕ ਹੋਰ ਪੱਖ ਵੀ ਵਿਚਾਰਨਯੋਗ ਹੈ 19ਵੀਂ ਸਦੀ ਵਿੱਚ ਸਮੰਤਵਾਦੀ ਢਹਿ-ਢੇਰੀ ਹੋਣਾ ਆਰੰਭ ਹੋ ਗਿਆ ਸੀ। ਸੰਸਾਰ ਵਿੱਚ ਪੂੰਜੀਵਾਦੀ ਨਿਜ਼ਾਮ ਲੋਕਤੰਤਰ ਕਾਰਨ ਵਿਕਸਿਤ ਹੋਣ ਲੱਗ ਪਿਆ ਸੀ। ਸਿੱਟੇ ਵਜੋਂ ਬਹੁਤ ਸਾਰੇ ਦੇਸ਼ਾਂ ਵਿੱਚ ਰਜਵਾੜਾਸ਼ਾਹੀ ਹੀ ਸਾਮੰਤ ਸ਼ਾਹੀ ਦਾ ਭੋਗ ਪੈ ਚੁੱਕਾ ਸੀ ਅਤੇ ਪੈ ਰਿਹਾ ਸੀ। ਅਜਿਹੇ ਸਮੇਂ ਖਾਲਸਾ ਰਾਜ ਰਾਜੇ ਮਹਾਰਾਜੇ ਦਾ ਰਾਜ ਵੀ ਬਚਣ ਦੀ ਸੰਭਾਵਨਾ ਨਹੀਂ ਸੀ। ਇੱਕ ਸੰਰਚਨਾ ਜੋ ਪੁਰਾਤਨਵਾਦੀ ਹੁੰਦੀ ਹੈ ਤੇ ਦੂਜੀ ਸੰਰਚਨਾ ਜੋ ਨਵੀਨਤਾ ਦੀ ਲਿਖਾਇਕ ਹੁੰਦੀ ਹੈ, ਨੇ ਭਾਰੂ ਪੈਣਾ ਹੁੰਦਾ ਹੈ, ਇਸ ਪ੍ਰਤੀ ਸਾਨੂੰ ਸਾਡਾ ਮਾਨਵੀ ਇਤਿਹਾਸ ਜਾਣਕਾਰੀ ਅਤੇ ਗਿਆਨ ਦਿੰਦਾ ਹੈ। ਨਾਵਲ ਦਾ ਅੰਤ ਵੀ ਅਜਿਹਾ ਸੰਕੇਤ ਕਰਦਾ ਹੈ। ਸੂਰਜ ਇੰਨੀ ਕਾਹਲੀ ਕਿਉਂ ਹੇਠਾਂ ਜਾ ਰਿਹਾ ਹੈ। ਇਹ ਅੰਤਲਾ ਪ੍ਰਸ਼ਨ ਇੱਕ ਸੰਰਚਨਾ ਦੇ ਡੁੱਬਣ ਵੱਲ ਇਸ਼ਾਰਾ ਹੈ ਅਤੇ ਦੂਜੀ ਸੰਰਚਨਾ ਦੀ ਆਮਦ ਦਾ ਸੰਕੇਤ ਹੈ।

ਸਾਮੰਤ ਸ਼ਾਹੀ ਦੇ ਕੁਝ ਨਮੂਨੇ ਇਸ ਨਾਵਲ 'ਚ ਉੱਭਰ ਕੇ ਸਾਹਮਣੇ ਆ ਰਹੇ ਹਨ। ਮਹਾਰਾਜਾ ਰਣਜੀਤ ਸਿੰਘ ਕੋਹੇ ਨੂੰ ਹੀਰਾ ਅਤੇ ਲਾਲੀ ਘੋੜਾ ਦੀ ਪ੍ਰਾਪਤੀ ਲਈ ਹਰ ਢੰਗ-ਤਰੀਕਾ ਵਰਤਦਾ ਹੈ। ਇਹਨਾਂ ਦੀ ਪ੍ਰਾਪਤੀ ਲਈ ਉਹ ਧਨ ਦੀ ਵਰਤੋਂ ਵੀ ਕਰਦਾ ਹੈ। ਯੁੱਧਾਂ ਤੋਂ ਸਹਾਰਾ ਵੀ ਲੈਂਦਾ ਹੈ। ਕੋਹੇ ਨੂੰ ਹੀਰਾ ਅਤੇ ਲੈਲੀ ਘੋੜੀ ਦੀ ਪ੍ਰਾਪਤੀ ਲਈ ਮਨੁੱਖਤਾ ਦਾ ਲਹੂ ਵਹਾਉਣਾ ਸਾਮੰਤਸ਼ਾਹੀ ਦਾ ਜੀਵਤ ਪ੍ਰਮਾਣ ਹੈ। ਇਕ ਥਾਂ ਨਾਵਲ ਵਿੱਚ ਹਰੀ ਸਿੰਘ ਦਲ ਸਿੰਘ ਨੂੰ ਇੱਕ ਸੰਵਾਦ 'ਚ ਜੋ ਵਿਚਾਰ ਪ੍ਰਗਟ ਕਰਦਾ ਹੈ, ਉਹ ਵੀ ਸਾਮੰਤ ਸ਼ਾਹੀ ਦਾ ਇਕ ਨਮੂਨਾ ਹੈ। ਇਹ ਸੰਵਾਦ ਦੇਖੋ ਰੰਧਾਵਾ ਸਿੰਘ ਸ਼ਾਦੀਆਂ ਕਰਨਾ, ਰਖੇਲਾਂ ਰੱਖਣਾ, ਰਾਜਿਆਂ ਦਾ ਮੁਗਲ ਸ਼ੁਗਲ ਹੈ, ਔਰ ਸਰਹੱਦਾਂ ਹੋਰ ਅੱਗੇ ਲੈ ਜਾਣਾ ਇਹਨਾਂ ਦੀ ਹਵਸ ਵੀ ਹੈ ਤੇ ਮਜਬੂਰੀ ਵੀ ਹੈ। ਇੱਕ ਰਾਜਾ ਦੂਸਰੇ 'ਤੇ ਹਮਲਾ ਨਹੀਂ ਕਰੇਗਾ ਤਾਂ ਦੂਸਰਾ ਪਹਿਲਾਂ ਪਹਿਲੇ ਦੀਆਂ ਸਰਹੱਦਾਂ ਸਾਂਗ ਦਏਗਾ ਹੈ। ਨਾ ਮੋਤੀ ਰਾਮ ਦੇ ਪੁੱਤਰ ਰਾਮ ਦਿਆਲ ਦੀ ਸ਼ਹਾਦਤ ਤੋਂ ਬਾਅਦ ਮਹਾਰਾਜਾ ਰਣਜੀਤ ਸਿੰਘ ਉਸ ਨਾਲ ਸੰਵੇਦਨਾ ਵੀ ਪ੍ਰਗਟ ਕਰਦਾ ਹੈ ਪ੍ਰੰਤੂ ਇੱਕ ਸਾਮੰਤਵਾਦੀ ਧਾਰਨਾ ਪ੍ਰਗਟ ਕਰਦਿਆਂ ਕਹਿੰਦਾ ਹੈ, ਪਰ ਜੰਗਾਂ ਵਿੱਚ ਹੁੰਦੀਆਂ ਮੌਤਾਂ ਸਰ੍ਹਾਣੇ ਬੈਠ ਕੇ ਵਿਰਲਾਪ ਕਰਨ ਨਾਲ ਬਾਦਸ਼ਾਹੀਆਂ ਨਹੀਂ ਚੱਲਦੀਆਂ। ਮਹਾਰਾਜਾ ਰਣਜੀਤ ਸਿੰਘ ਆਪਣੇ ਪੋਤਰੇ ਕੰਵਰ ਨੌਂ ਨਿਹਾਲ ਸਿੰਘ ਤੋਂ ਵੀ ਮਾਲੀ ਮਾਲੀਆ ਲੈਂਦਾ ਰਿਹਾ, ਉਸ ਨੂੰ ਵੀ ਬਖਸ਼ਿਆ ਨਹੀਂ, ਕੰਵਰ ਨੂੰ ਬੰਨੂ ਟਾਕ ਅਤੇ ਡੇਰਾ ਇਸਮਾਈਲ ਦਾ ਹਾਕਮ ਬਣਾਉਣ ਸਮੇਂ ਇਹ ਸ਼ਰਤ ਲਾਈ ਗਈ ਸੀ ਕਿ ਉਹ ਸਾਲਾਨਾ ਸਾਢੇ ਚਾਰ ਲੱਖ ਰੁਪਏ ਮਾਲੀਆ ਦੇਵੇਗਾ ਨਹੀਂ ਤਾਂ ਉਸ ਨੂੰ ਹਾਕਮ ਨਹੀਂ ਬਣਾਇਆ ਜਾਵੇਗਾ। ਇਹ ਹੈ ਸਾਮੰਤਵਾਦੀ ਅਸੂਲ। ਰਾਜੇ-ਮਹਾਰਾਜੇ ਆਪਣੇ ਭਰਾਵਾਂ, ਪੁੱਤਰਾਂ ਅਤੇ ਰਿਸ਼ਤੇਦਾਰਾਂ 'ਤੇ ਕਦੇ ਵਿਸ਼ਵਾਸ ਨਹੀਂ ਕਰਦੇ ਸਨ। ਇਸ ਗੱਲ ਦਾ ਵੀ ਇਤਿਹਾਸ ਗਵਾਹ ਹੈ ਮਹਾਰਾਜਾ ਰਣਜੀਤ ਸਿੰਘ ਤਾਂ ਆਪਣੀ ਸੱਸ 'ਤੇ ਵੀ ਵਿਸ਼ਵਾਸ ਨਹੀਂ ਕਰਦਾ ਸੀ। ਉਸ ਨੂੰ ਵੀ ਅਣਐਲਾਨੀ ਜੇਲ੍ਹ ਭੁਗਤਣੀ ਪਈ ਸੀ। ਸਾਮੰਤਵਾਦ ਕਿਸੇ ਦਾ ਸਕਾ-ਸੋਧਰਾ ਨਹੀਂ ਹੁੰਦਾ।

ਨਲਵਾ ਦੇ ਅੰਤਲੇ ਭਾਗ ਉੱਤਰ ਕਥਾ ਵਿੱਚ ਵੀ ਕੁਝ ਅਹਿਮ ਸੰਕੇਤ ਦਿੱਤੇ ਗਏ ਹਨ। ਜਗੀਰਾਂ, ਜਾਇਦਾਦਾਂ, ਕੋਹਿਨੂਰ, ਹੀਰਾ, ਹਾਥੀ ਘੋੜੇ, ਕਿਲ੍ਹੇ, ਹਵੇਲੀਆਂ ਸਭ ਇੱਥੇ ਰਹਿ ਗਏ, ਪਰ ਇਹਨਾਂ ਉੱਪਰ ਆਪਣੇ ਦਾਅਵੇ ਜਿਤਾਉਣ ਵਾਲੇ ਨਹੀਂ ਰਹੇ। ਕੋਈ ਰਾਖ ਬਣ ਕੇ ਨਦੀਆਂ, ਦਰਿਆਵਾਂ ਵਿੱਚ ਵਹਿ ਗਏ, ਕੋਈ ਜ਼ਮੀਨ ਹੇਠ ਦਬਾ ਦਿੱਤੇ ਗਏ, ਕੁਝ ਵੀ ਸਥਾਈ ਨਹੀਂ, ਸਿਰਫ ਲੋਕਾਂ ਲਈ ਕੀਤੇ ਕਾਰਜ ਮਹਾਂ ਕਾਰਜ ਹੀ ਸਦੀਵੀ ਹਨ ਅਤੇ ਯੁੱਗਾਂ ਤੱਕ ਯਾਦ ਰਹਿੰਦੇ ਹਨ। ਕੁਝ ਵੀ ਸਥਾਈ ਨਹੀਂ, ਪਰਿਵਰਤਨ ਰੂਪਾਂਤਰਨ ਹੁੰਦੇ ਰਹਿਣੇ ਹਨ। ਇਕ ਚੀਜ਼ ਨੇ ਖਤਮ ਹੋਣਾ ਹੈ, ਦੂਜੀ ਨੇ ਉਸ 'ਤੇ ਉਸਰਨਾ ਹੈ। ਇਹ ਉਦੋਂ ਤੱਕ ਚਲਦਾ ਰਹਿਣਾ ਹੈ, ਜਦ ਤੱਕ ਦੁਨੀਆ ਹੈ। ਸਿੱਟਾ ਇਹ ਹੈ ਬਲਦੇਵ ਦਾ ਇਹ ਨਾਵਲ ਗੌਰਤਲਬ ਹੈ, ਕਿਉਂਕਿ ਇਸ ਵਿੱਚ ਖਾਲਸਾ ਰਾਜ ਦੇ ਕਾਲ ਨੂੰ ਉਭਾਰਿਆ ਗਿਆ ਹੈ।

ਸੰਪਰਕ : 98553-71313

ਰੌਸ ਆਈਲੈਂਡ ਤੇ ਨੌਰਥ ਪੁਆਇੰਟ ਟਾਪੂਆਂ ਦੀ ਯਾਤਰਾ

ਕੱਲ੍ਹ ਮੀਂਹ ਵਿੱਚ ਹੀ ਸੈਲੂਲਰ ਜੇਲ੍ਹ ਦੇਖੀ ਸੀ।ਸਵੇਰੇ ਉੱਠੇ ਤਾਂ ਮੌਸਮ ਸੁਹਾਵਣਾ ਸੀ। ਸੂਰਜ ਦੇਵਤਾ ਦੇ ਦਰਸ਼ਨ ਹੋ ਰਹੇ ਸਨ। ਇੱਕ ਬੁਰੀ ਖਬਰ ਵੀ ਇੰਤਜ਼ਾਰ ਕਰ ਰਹੀ ਸੀ ।ਬੇਟੀ ਦਾ ਫੋਨ ਪਾਣੀ ਪੈਣ ਕਰਕੇ ਖਰਾਬ ਹੋ ਗਿਆ ਸੀ । ਅੱਜ ਦੀ ਪੀੜ੍ਹੀ ਲਈ ਇੱਕ ਪਲ ਵੀ ਫੋਨ ਤੋਂ ਬਿਨਾਂ ਰਹਿਣਾ ਕਿੰਨਾ ਔਖਾ ਹੈ ।ਇਸ ਦਾ ਅੰਦਾਜ਼ਾ ਉਸ ਦੇ ਉੱਤਰੇ ਹੋਏ ਮੂੰਹ ਤੋਂ ਲਾਇਆ ਜਾ ਸਕਦਾ ਸੀ। ਸਾਡੀ ਗੱਡੀ ਦਾ ਡਰਾਈਵਰ ਸਾਨੂੰ ਲੈਣ ਲਈ ਹੋਟਲ ਦੇ ਸਾਹਮਣੇ ਪਹੁੰਚ ਗਿਆ । ਬੇਟੀ ਤੇ ਪਤਨੀ ਦੋਵੇਂ ਬਾਜ਼ਾਰ ਜਾ ਕੇ ਫੋਨ ਠੀਕ ਕਰਵਾਉਣ ਲਈ ਦੇ ਆਈਆਂ। ਫੋਨ ਸ਼ਾਮ ਨੂੰ ਮਿਲਣਾ ਸੀ । ਉਸ ਉੱਪਰ ਲੱਗਭੱਗ 14000 ਦਾ ਖਰਚਾ ਹੋ ਜਾਣਾ ਸੀ।ਅਜਿਹੀਆਂ ਗੱਲਾਂ ਯਾਤਰਾ ਵਿੱਚ ਅਕਸਰ ਬੀਤਦੀਆਂ ਰਹਿੰਦੀਆਂ ਹਨ। ਇਸ ਲਈ ਖੁਦ ਨੂੰ ਹਮੇਸ਼ਾ ਤਿਆਰ ਰੱਖਣਾ ਚਾਹੀਦਾ।

ਅੱਜ ਸਾਡੀ ਯਾਤਰਾ ਰੌਸ ਆਈਲੈਂਡ ਅਤੇ ਨਾਰਥ ਪੁਆਇੰਟ ਆਈਲੈਂਡ ਤੱਕ ਸੀ । ਗੱਡੀ ਵਿੱਚ ਬੈਠ ਕੇ ਅਸੀਂ ਅੰਡੇਮਾਨ ਟਾਪੂ ਸਮੂਹ ਇਹ ਬਹੁਤ ਸੁੰਦਰ ਰੌਸ ਅਤੇ ਨਾਰਥ ਬੇ ਟਾਪੂਆ ਦੀ ਇੱਕ

ਅੰਡੇਮਾਨ ਡਾਇਰੀਜ਼-2

ਭੁਪਿੰਦਰ ਸਿੰਘ ਮਾਨ

ਅਭੁੱਲ ਯਾਤਰਾ ’ਤੇ ਨਿਕਲ ਪਏ। ਸੂਰਜ ਪੂਰਾ ਚਮਕ ਰਿਹਾ ਸੀ। ਠੰਢੀ-ਠੰਢੀ ਹਵਾ ਚੱਲ ਰਹੀ ਸੀ। ਸਾਡੀ ਕਾਰ ਦਾ ਡਰਾਈਵਰ ਸਾਨੂੰ ਜੰਗਲੀ ਘਾਟ ’ਤੇ ਲੈ ਗਿਆ ।ਅਸੀਂ ਜੰਗਲੀ ਘਾਟ ਜੈੱਟੀ ਤੋਂ ਨਿੱਜੀ ਕਿਸ਼ਤੀ ਦਾ ਪ੍ਰਬੰਧ ਕੀਤਾ।ਇਹ ਇੱਕ ਸੁਵਿਧਾਜਨਕ ਵਿਕਲਪ ਸੀ ਕਿਉਂਕਿ ਐਬਰਡੀਨ ਜੈੱਟੀ ਰੱਖ-ਰਖਾਅ ਅਧੀਨ ਸੀ। ਕਿਸ਼ਤੀ ਕਿਰਾਏ ’ਤੇ ਲੈਣ ਸਮੇਂ ਏਜੰਟਾਂ ਨੇ ਸਾਨੂੰ ਘੇਰ ਲਿਆ ਸੀ। ਉਹ ਵਾਟਰ ਸਪੋਰਟਸ ਦੀਆਂ ਵੱਖਰੀਆਂ-ਵੱਖਰੀਆਂ ਗਤੀਵਿਧੀਆਂ ਬਾਰੇ ਦੱਸ ਰਹੇ ਸਨ। ਇਹ ਸਾਰਾ ਕੁਝ ਕਾਫੀ ਮਹਿੰਗਾ ਸੀ। ਅਸੀਂ ਵੀ ਆਪਣੇ ਲਈ ਗਲਾਸ ਬੋਟ ਬੁੱਕ ਕਰਵਾ ਲਈ ਸੀ। ਇਸ ਤੋਂ ਬਾਅਦ ਕਿਸ਼ਤੀ ’ਤੇ ਸਵਾਰ ਹੋ ਕੇ ਰੋਸ ਟਾਪੂ ਵੱਲ ਚੱਲ ਪਏ। ਅੰਡੇਮਾਨ ਸਾਗਰ ਦਾ ਨੀਲਾ ਪਾਣੀ ਸਾਡੇ ਸਾਹਮਣੇ ਬੇਅੰਤ ਫੈਲਿਆ ਹੋਇਆ ਸੀ। ਅਸੀਂ ਇਤਿਹਾਸ, ਕੁਦਰਤੀ ਸੁੰਦਰਤਾ ਅਤੇ ਰੋਮਾਂਚਕ ਗਤੀਵਿਧੀਆਂ ਨਾਲ ਭਰੇ ਇੱਕ ਦਿਨ ਦੀ ਉਮੀਦ ਕਰਦੇ ਸੀ। ਇਹ ਯਾਤਰਾ ਸਾਡੇ ਤਜਰਬਿਆਂ ਰੂਬਰੂ ਕਰਵਾਉਣ ਜਾ ਰਹੀ ਸੀ, ਜਿਹੜੀ ਪ੍ਰਾਚੀਨ ਇਤਿਹਾਸ, ਬ੍ਰਿਟਿਸ਼ ਬਸਤੀਵਾਦੀ ਅਤੀਤ, ਵਰਤਮਾਨ ਸਮੇਂ ਦੇ ਸੁਹਜ ਨਾਲ ਓਤਪੋਤ ਸੀ।

ਸਾਡੀ ਕਿਸ਼ਤੀ ਦਾ ਚਾਲਕ ਛਿਬੂ ਮਿੱਤਰਤਾ ਭਰਿਆ ਨੌਜਵਾਨ ਸੀ। ਉਸ ਨਾਲ ਮੇਰੀ ਕਾਫੀ ਗੱਲਬਾਤ ਹੋਈ। ਉਸ ਨੇ ਮੇਰੇ ਸਵਾਲਾਂ ਦੇ ਜਵਾਬ ਹਿੰਦੀ ਵਿੱਚ ਬਹੁਤ ਵਧੀਆ ਢੰਗ ਨਾਲ ਦਿੱਤੇ। ਰੌਸ ਟਾਪੂ ਤੱਕ 15 ਮਿੰਟ ਦੀ ਯਾਤਰਾ ਕਾਫੀ ਰੋਮਾਂਚਕ ਸੀ। ਸਮੁੰਦਰ ਦਾ ਪਾਣੀ ਹੌਲੀ-ਹੌਲੀ ਹਿਲ ਰਿਹਾ ਸੀ। ਇੱਥੇ ਸਮੁੰਦਰ ਕਾਫੀ ਸ਼ਾਂਤ ਦਿਖਾਈ ਦਿੰਦਾ ਹੈ। ਦੂਰ ਚਲਦੇ ਵੱਡੇ-ਵੱਡੇ ਜਹਾਜ਼ ਅਤੇ ਤੱਟ ਰੇਖਾ ਅਤੇ ਦੂਰ-ਦੁਰਾਡੇ ਟਾਪੂਆਂ ਦੇ ਸ਼ਾਨਦਾਰ ਦ੍ਰਿਸ਼ ਮਨ ਨੂੰ ਖੁਸ਼ ਕਰ ਰਹੇ ਸਨ। ਬੱਚਿਆਂ ਨੇ ਆਪਣੇ ਚਿਹਰੇ ਰੇਲਿੰਗ ’ਤੇ ਟਿਕਾ ਲਏ ਸਨ। ਉਹ ਦੋਵੇਂ ਆਪਸ ਵਿੱਚ ਹਾਸਾ-ਮਜ਼ਾਕ ਕਰ ਰਹੇ ਸਨ। ਮੈਂ ਚਮਕਦੇ ਪਾਣੀ ਵੱਲ ਇਸ਼ਾਰਾ ਕੀਤਾ ਤੇ ਦੱਸਿਆ ਕਿ ਇੱਥੇ ਸਮੁੰਦਰ ਕਾਫੀ ਡੂੰਘਾ ਹੈ ।ਬੱਚੇ ਤੇ ਮੇਰੀ ਪਤਨੀ ਸਮੁੰਦਰ ਦੀ ਵਿਸ਼ਾਲਤਾ ’ਤੇ ਹੈਰਾਨ ਹੋ ਗਏ ਸਨ।ਮਛੇਰਿਆਂ ਨੇ ਸਮੁੰਦਰ ਵਿੱਚ ਬਹੁਤ ਸਾਰੇ ਜਾਲ ਸੁੱਟੇ ਹੋਏ ਸੀ। ਉਹਨਾਂ ਦੇ ਉੱਪਰ ਰੱਸੀਆਂ ਤੇ ਝੰਡੇ ਬੰਨ੍ਹ ਕੇ ਨਿਸ਼ਾਨਦੇਹੀ ਕੀਤੀ ਹੋਈ ਸੀ ।ਇਸੇ ਲਈ ਕਿਸ਼ਤੀ ਉਹਨਾਂ ਤੋਂ ਬਚਦੀ ਹੋਈ ਪਾਸੇ ਦੀ ਲੰਘ ਰਹੀ ਸੀ। ਥੋੜ੍ਹੇ ਸਮੇਂ ਬਾਅਦ ਹੀ ਅਸੀਂ ਰੌਸ ਟਾਪੂ ਦੇ ਨੇੜੇ ਜਾ ਪਹੁੰਚੇ । 2018 ਵਿੱਚ ਇਸ ਦਾ ਅਧਿਕਾਰਤ ਤੌਰ ’ਤੇ ਨੇਤਾਜੀ ਸੁਭਾਸ਼ ਚੰਦਰ ਬੋਸ ਟਾਪੂ ਨਾਂਅ ਰੱਖ ਦਿੱਤਾ ਗਿਆ ਸੀ। ਮੈਨੂੰ ਸਮੁੰਦਰ ਵਿੱਚੋਂ ਹੀ ਇਸ ਛੋਟੇ ਜਿਹੇ ਟਾਪੂ ਦੀ ਹਰਿਆਲੀ ਅਤੇ ਭਿਆਨਕ ਖੰਡਰ ਨਜ਼ਰ ਆਏ, ਜੋ ਇਸ ਦੇ ਅਤੀਤ ਦਾ ਪ੍ਰਮਾਣ ਹਨ।

ਆਖਿਰ ਕਿਸ਼ਤੀ ਕਿਨਾਰੇ ਨਾਲ ਜਾ ਲੱਗੀ। ਅਸੀਂ ਛਾਲਾਂ ਮਾਰ ਕੇ ਫੱਟੇ ਰਾਹੀਂ ਉੱਪਰ ਆ ਗਏ। ਉੱਥੇ ਸੈਲਾਨੀਆਂ ਦੀ ਕਾਫੀ ਭੀੜ ਸੀ। ਅਸੀਂ ਟਿਕਟਾਂ ਖਰੀਦੀਆਂ ਅਤੇ ਅੱਗੇ ਚੱਲ ਪਏ।ਮੈਨੂੰ ਰੌਸ ਟਾਪੂ ’ਤੇ ਕਦਮ ਰੱਖਣਾ ਸਮੇਂ ਵਿੱਚ ਪਿੱਛੇ ਜਾਣ ਵਰਗਾ ਮਹਿਸੂਸ ਹੋਇਆ। ਇਹ ਛੋਟਾ ਜਿਹਾ ਟਾਪੂ, ਜੋ ਸਿਰਫ 0.6 ਵਰਗ ਕਿਲੋਮੀਟਰ ਵਿੱਚ ਫੈਲਿਆ ਹੋਇਆ ਹੈ। ਕਿਸੇ ਸਮੇਂ ਇਸ ਦਾ ਖੇਤਰਫਲ 200 ਏਕੜ ਦੇ ਲੱਗਭੱਗ ਸੀ, ਜਿਹੜਾ ਘਟ ਕੇ ਸਿਰਫ 70 ਏਕੜ ਰਹਿ ਗਿਆ। 1941 ਦੇ ਭੁਚਾਲ ਨੇ ਇਸ ਨੂੰ ਕਾਫੀ ਨੁਕਸਾਨ ਪਹੁੰਚਾਇਆ ਸੀ। 2004 ਵਿੱਚ ਆਈ ਸੁਨਾਮੀ ਨੇ ਤਾਂ ਇਸ ਦੀਆਂ ਇਮਾਰਤਾਂ ਨੂੰ ਮਲੀਆਮੇਟ ਹੀ ਕਰ ਦਿੱਤਾ। ਹੁਣ ਉੱਥੇ ਸਿਰਫ ਖੰਡਰ ਹੀ ਦਿਖਾਈ ਦਿੰਦੇ ਹਨ। ਫਿਰ ਵੀ ਦੇਖਿਆ ਜਾਵੇ ਤਾਂ ਇਸ ਦਾ ਇੱਕ ਅਮੀਰ ਅਤੇ ਹੰਗਾਮਾ ਭਰਿਆ ਇਤਿਹਾਸ ਹੈ। ਬ੍ਰਿਟਿਸ਼ ਦੇ ਆਉਣ ਤੋਂ ਬਹੁਤ ਪਹਿਲਾਂ, ਅੰਡੇਮਾਨ ਟਾਪੂਆਂ ਵਿੱਚ ਗ੍ਰੇਟ ਅੰਡੇਮਾਨੀ ਵਰਗੇ ਆਦਿਵਾਸੀ ਕਬੀਲੇ ਰਹਿੰਦੇ ਸਨ, ਜੋ ਸੰਘਣੇ ਜੰਗਲਾਂ ਅਤੇ ਤੱਟਵਰਤੀ ਪਾਣੀਆਂ ਨਾਲ ਇਕਸੁਰ ਵਿੱਚ ਸਨ। ਪੁਰਾਤੱਤਵ ਸਬੂਤ ਦੱਸਦੇ ਹਨ ਕਿ ਇੱਥੇ ਮਨੁੱਖੀ ਮੌਜੂਦਗੀ ਹਜ਼ਾਰਾਂ ਸਾਲ ਪੁਰਾਣੀ ਹੈ, ਹਾਲਾਂਕਿ ਰੌਸ ਟਾਪੂ ਦੇ ਪੂਰਵ-ਬਸਤੀਵਾਦੀ ਇਤਿਹਾਸ ਬਾਰੇ ਬਹੁਤ ਘੱਟ ਪ੍ਰਮਾਣਿਤ ਇਤਿਹਾਸ ਹੈ। ਚੌਲ ਵੰਸ਼ ਦੇ ਰਾਜੇ ਰਜਿੰਦਰ ਪਹਿਲੇ ਦੇ ਇੱਥੇ ਆਉਣ ਸੰਬੰਧੀ ਵੀ ਅਤੇ ਇਤਿਹਾਸਕਾਰ ਤੱਥ ਪੇਸ਼ ਕਰਦੇ ਹਨ। ਰਮਾਇਣ ਨਾਲ ਵੀ ਇਸ ਦਾ ਸੰਬੰਧ ਮਿਥਿਹਾਸਕ ਤੌਰ ’ਤੇ ਜੋੜਿਆ ਜਾਂਦਾ ਹੈ। ਇਸ ਟਾਪੂ ਨੂੰ ਹੀ ਆਪਣੇ ਪਹਿਲੇ ਟਾਪੂ ਤੋਂ ਬਾਅਦ ਅੰਗਰੇਜ਼ਾਂ ਨੇ ਆਪਣੀ ਰਾਜਧਾਨੀ ਦੇ ਤੌਰ ’ਤੇ ਵਿਕਸਿਤ ਕੀਤਾ ਸੀ। ਇੱਥੇ ਉਹ ਆਪਣੀ ਫੌਜ ਤੈਨਾਤ ਕਰਕੇ ਸਾਰੇ ਅੰਡੇਮਾਨ ਟਾਪੂਆਂ ਦੀ ਰਾਖੀ ਦਾ ਕਮਾਂਡ ਦਫਤਰ ਬਣਾਇਆ ਹੋਇਆ ਸੀ। 1857 ਦੇ ਵਿਦਰੋਹ ਵਿੱਚ ਕੈਦ ਕੀਤੇ ਜੰਗੀ ਕੈਦੀਆਂ ਨੂੰ ਸਭ ਤੋਂ ਪਹਿਲਾਂ ਇੱਥੇ ਹੀ ਲਿਆ ਕੇ ਰੱਖਿਆ ਗਿਆ ਸੀ।

ਸਭ ਤੋਂ ਪਹਿਲਾਂ ਸਾਨੂੰ ਸਾਹਮਣੇ ਹਿਰਨਾਂ ਦੇ ਝੁੰਡ ਚਰਦੇ ਹੋਏ ਦਿਖਾਈ ਦਿੱਤੇ। ਉਹ ਇੰਨੇ ਜ਼ਿਆਦਾ ਪਾਲਤੂ ਸਨ ਕਿ ਤੁਹਾਡੇ ਹੱਥਾਂ ਦੀ ਛੂਹ ਨੂੰ ਪਸੰਦ ਕਰਦੇ ਹਨ। ਮੈਂ ਉਹਨਾਂ ਨਾਲ ਕਈ ਵੀਡੀਓ ਸ਼ੂਟ ਕੀਤੀਆਂ। ਇੱਥੋਂ ਸੈਲਾਨੀਆਂ ਨੂੰ ਇੱਕ ਬਿਜਲਈ ਬੈਟਰੀ ਵਾਲੀ ਛੋਟੀ ਕਾਰ ਅੱਗੇ ਲੈ ਕੇ ਜਾਂਦੀ ਹੈ ਜਿਸ ਲਈ ਥੋੜ੍ਹਾ ਸਮਾਂ ਇੰਤਜ਼ਾਰ ਕਰਨਾ ਪੈਂਦਾ ਹੈ। ਉਸ ਸਮੇਂ ਦਾ ਸਾਦਰ ਸਦ ਉਪਯੋਗ ਅਸੀਂ ਨਾਰੀਅਲ ਪਾਣੀ ਪੀ ਕੇ ਕੀਤਾ। ਹੋਟਲ ਵਿੱਚੋਂ ਨਾਸ਼ਤਾ ਕਰਕੇ ਤੁਰੇ ਸੀ ।ਇਸ ਲਈ ਖਾਣ-ਪੀਣ ਦੀ ਕੋਈ ਚੀਜ਼ ਨਹੀਂ ਖਰੀਦੀ। ਇੱਥੇ ਲੱਗੀਆਂ ਦੁਕਾਨਾਂ ਵਿੱਚ ਸਾਰਾ ਸਾਮਾਨ ਪੋਰਟ ਬਲੇਅਰ ਤੋਂ ਹੀ ਕਿਸ਼ਤੀਆਂ ਰਾਹੀਂ ਆਉਂਦਾ ਹੈ। ਸੈਲਾਨੀਆਂ ਦੇ ਸਿਰ ’ਤੇ ਇੱਕ ਬਹੁਤ ਵੱਡਾ ਬਾਜ਼ਾਰ ਅੰਡੇਮਾਨ ਵਿੱਚ ਖੜ੍ਹਾ ਹੋ ਗਿਆ ਹੈ। ਮੈਂ ਉਪਰ ਨਜ਼ਰ ਮਾਰੀ ਤਾਂ ਬਹੁਤ ਨੀਲੇ ਅਸਮਾਨ ਦੇ ਦਰਸ਼ਨ ਹੋਏ। ਜਿਸ ਵਿੱਚ ਸਫੇਦ ਰੰਗ ਦੇ ਬੱਦਲ ਆਪਣੀ ਆਭਾ ਬਖੇਰ ਰਹੇ ਸਨ। ਪ੍ਰਦੂਸ਼ਣ ਨਾ ਹੋਣ ਕਰਕੇ ਅਸਮਾਨ ਦੀ ਨੀਲਤਣ ਦੇਖਣਯੋਗ ਸੀ। ਅਜਿਹੇ ਬੱਦਲ ਇਸ ਤੋਂ ਪਹਿਲਾਂ ਸਿਰਫ ਨਾਗਾਲੈਂਡ ਜਾਂ ਕੈਨੇਡਾ ਵਿੱਚ ਦੇਖੇ ਸਨ। ਸਾਡੇ ਦੇਸ਼ ਵਿੱਚ ਪ੍ਰਦੂਸ਼ਣ ਨੇ ਅਸਮਾਨ ਦੇ ਦਰਸ਼ਨ ਕਰਵਾਉਣੇ ਘੱਟ ਕਰ ਦਿੱਤੇ ਹਨ। ਨੀਲੇ-ਨੀਲੇ ਆਸਮਾਨ ਵਿੱਚ ਰੰਗ-ਬਿਰੰਗੇ ਪੰਛੀ ਚੱਕਰ ਲਗਾ ਰਹੇ ਸਨ। ਉੱਪਰ ਉੱਡਦੇ ਬਾਜ਼, ਕਈ ਸਮੁੰਦਰੀ ਪੰਛੀ ਪਾਣੀ ਵਿੱਚ ਚੁੱਭੀ ਮਾਰਦੇ ਅਤੇ ਵਿੱਚੋਂ ਮੱਛੀ ਕੱਢ ਕੇ ਲੈ ਜਾਂਦੇ ਸੀ। ਮੈਂ ਹਮੇਸ਼ਾ ਸੋਚਦਾ ਕਿ ਸਮੁੰਦਰ ਦੀ ਗਹਿਰਾਈ ਵਿੱਚ ਤੈਰਨ ਵਾਲੀਆਂ ਮੱਛੀਆਂ ਕਿਵੇਂ ਅਸਮਾਨ ਵਿਚ ਉਡਣ ਵਾਲੇ ਬਾਜ਼ਾਂ ਦਾ ਸ਼ਿਕਾਰ ਹੋ ਜਾਂਦੀਆਂ ਹਨ ? ਕੁਦਰਤ ਨੇ ਜ਼ਰੂਰ ਉਨ੍ਹਾਂ ਵਿਚ ਕੋਈ ਕੁਨੈਕਸ਼ਨ ਬਣਾਇਆ ਹੋਇਆ ਹੈ। ਇਹ ਦ੍ਰਿਸ਼ ਦੇਖਣਾ ਵੀ ਆਪਣੇ ਆਪ ਵਿੱਚ ਵੱਖਰਾ ਤਜਰਬਾ ਸੀ। ਇੰਨੇ ਵਿੱਚ ਸਾਡੀ ਬੈਟਰੀ ਵਾਲੀ ਕਾਰ ਆ ਗਈ ।ਅਸੀਂ ਉਸ ’ਤੇ ਸਵਾਰ ਹੋ ਕੇ ਅੱਗੇ ਚੱਲ ਪਏ ।ਸਭ ਤੋਂ ਪਹਿਲਾਂ ਖੰਡਰ ਹੋਇਆ ਪੁਰਾਣਾ ਬਾਜ਼ਾਰ ਦਿਖਾਈ ਦਿੱਤਾ । ਮੈਂ ਇਸ ਟਾਪੂ ਦੇ ਗੌਰਵਮਈ ਇਤਿਹਾਸ ਵਿੱਚ ਗਵਾਚ ਗਿਆ।

ਸਾਨੂੰ ਨਜ਼ਰ ਆ ਰਹੀਆਂ ਛੋਟੀਆਂ-ਛੋਟੀਆਂ ਇਮਾਰਤਾਂ ਦੇ ਖੰਡਰ ਆਪਣੇ ਪਿੱਛੇ ਬਹੁਤ ਵੱਡਾ ਇਤਿਹਾਸ ਲੁਕੋਈ ਬੈਠੇ ਸਨ। ਇਹਨਾਂ ਉਪਰ ਬ੍ਰਿਟਿਸ਼ ਯੁੱਗ ਨੇ ਅਮਿੱਟ ਛਾਪ ਛੱਡੀ ਹੋਈ ਹੈ। ਇਤਿਹਾਸ ’ਤੇ ਨਜ਼ਰ ਮਾਰੀਏ ਤਾਂ 1858 ਵਿੱਚ ਬ੍ਰਿਟਿਸ਼ ਨੇ ਅੰਡੇਮਾਨ ਅਤੇ ਨਿਕੋਬਾਰ ਟਾਪੂਆਂ ਲਈ ਆਪਣੇ ਪ੍ਰਸ਼ਾਸਕੀ ਮੁੱਖ ਦਫਤਰ ਵਜੋਂ ਰੌਸ ਟਾਪੂ ਦੀ ਸਥਾਪਨਾ ਕੀਤੀ, ਇਸ ਨੂੰ ਇੱਕ ਖੁਸ਼ਹਾਲ ਬਸਤੀਵਾਦੀ ਚੌਕੀ ਵਿੱਚ ਬਦਲ ਦਿੱਤਾ। ਸਮੁੰਦਰੀ ਸਰਵੇਅਰ ਸਰ ਡੈਨੀਅਲ ਰੌਸ ਦੇ ਨਾਂਅ ’ਤੇ ਰੱਖਿਆ ਗਿਆ, ਇਸ ਟਾਪੂ ਵਿੱਚ ਸ਼ਾਨਦਾਰ ਢਾਂਚੇ ਸਨ-ਬਾਲਰੂਮ, ਚਰਚ, ਇੱਕ ਬੇਕਰੀ, ਇੱਕ ਹਸਪਤਾਲ ਅਤੇ ਚੀਫ਼ ਕਮਿਸ਼ਨਰ ਹਾਊਸ-ਇਹ ਸਾਰੇ ਗਰਮ ਦੇਸ਼ਾਂ ਵਿੱਚ ਇੱਕ ‘ਛੋਟਾ ਇੰਗਲੈਂਡ’ ਬਣਾਉਣ ਲਈ ਤਿਆਰ ਕੀਤੇ ਗਏ ਸਨ। ਅੰਗਰੇਜ਼ਾਂ ਨੇ ਆਪਣੀ ਸੁਵਿਧਾ ਲਈ ਆਫੀਸਰ ਮੈਸ, ਸੁਬਾਰਡੀਨੇਟ ਮੈਸ, ਪਾਣੀ ਗਰਮ ਕਰਨ ਲਈ ਵੱਡੇ ਕੰਟੇਨਰ ਬਣਾਏ ਸਨ। ਇਨ੍ਹਾਂ ਕੰਟੇਨਰਾਂ ਵਿੱਚ ਪਾਣੀ ਗਰਮ ਕਰਕੇ ਭਾਫ ਨੂੰ ਠੰਢਾ ਕਰਕੇ ਦੂਜੇ ਕੰਟੇਨਰ ਵਿੱਚ ਜਮ੍ਹਾਂ ਕਰਕੇ ਪੀਣ ਲਈ ਵਰਤਿਆ ਜਾਂਦਾ ਸੀ। ਬਿਲਡਿੰਗ ਬਣਾਉਣ ਦਾ ਮਟੀਰੀਅਲ ਵੀ ਬਰਮਾ ਤੋਂ ਸਮੁੰਦਰੀ ਜਹਾਜ਼ਾਂ ਰਾਹੀਂ ਲਿਆਂਦਾ ਗਿਆ ਸੀ। ਉਹਨਾਂ ਨੇ ਆਪਣੇ ਲਈ ਵੱਖਰੀ ਬੀਚ ਵੀ ਬਣਾਈ ਹੋਈ ਸੀ। ਇਸ ਤਬਾਹ ਹੋਏ ਟਾਪੂ ਤੇ ਪੁਰਾਣੀਆਂ ਇਮਾਰਤਾਂ ਦੇ ਖੰਡਰ ਵੱਡੇ-ਵੱਡੇ ਦਰੱਖਤਾਂ ਦੀਆਂ ਜੜ੍ਹਾਂ ਨਾਲ ਜਕੜੇ ਹੋਏ ਹਨ।

ਅੰਗਰੇਜ਼ੀ ਸ਼ਾਸਨ ਸਮੇਂ ਇਹ ਟਾਪੂ ਦੰਡ ਕਾਲੋਨੀ ਦੇ ਨਿਗਰਾਨੀ ਕੇਂਦਰ ਵਜੋਂ ਕੰਮ ਕਰਦਾ ਸੀ।ਇਸ ਦੇ ਕਿਨਾਰਿਆਂ ਤੋਂ ਬਦਨਾਮ ਸੈਲੂਲਰ ਜੇਲ੍ਹ ਦਿਖਾਈ ਦਿੰਦੀ ਸੀ। ਸਾਡੇ ਗਾਈਡ, ਇੱਕ ਸਥਾਨਕ ਜੋਸਫ਼ ਵਿਅਕਤੀ ਸਨ, ਜਿਸ ਕੋਲ ਗਿਆਨ ਦਾ ਭੰਡਾਰ ਸੀ, ਨੇ ਦੱਸਿਆ ਕਿ ਕਿਵੇਂ ਟਾਪੂ 1941 ਵਿੱਚ ਇੱਕ ਵਿਨਾਸ਼ਕਾਰੀ ਭੂਚਾਲ ਤੱਕ ਵਧਿਆ-ਫੁੱਲਿਆ ਜਦੋਂ ਤੱਕ ਬ੍ਰਿਟਿਸ਼ਾਂ ਨੂੰ ਇਸ ਨੂੰ ਛੱਡਣ ਲਈ ਮਜਬੂਰ ਨਹੀਂ ਕੀਤਾ ਗਿਆ। ਦੂਜੇ ਵਿਸ਼ਵ ਯੁੱਧ ਦੌਰਾਨ, ਜਾਪਾਨੀਆਂ ਨੇ ਟਾਪੂ ’ਤੇ ਕਬਜ਼ਾ ਕਰ ਲਿਆ, ਬੰਕਰ ਅਤੇ ਬੰਦੂਕਾਂ ਦੇ ਟਿਕਾਣੇ ਬਣਾਏ, ਜਿਨ੍ਹਾਂ ਵਿੱਚੋਂ ਕੁਝ ਅੱਜ ਵੀ ਨਜ਼ਰ ਆਉਂਦੇ ਹਨ। ਇਸ ਤੋਂ ਬਾਅਦ ਇਹ ਭਾਰਤੀ ਜਲ ਸੈਨਾ ਦਾ ਮੁੱਖ ਅੱਡਾ ਬਣ ਗਿਆ ਸੀ। ਇਥੇ ਭਾਰਤੀ ਜਲ ਸੈਨਾ ਦੇ ਤਿੰਨ ਬੇੜੇ ਤੈਨਾਤ ਰਹਿੰਦੇ ਸਨ, ਜਿਨ੍ਹਾਂ ਵਿੱਚੋਂ ਦੋ ਪੋਰਟ ਬਲੇਅਰ ਅਤੇ ਇੱਕ ਰੋਸ ਆਈਲੈਂਡ ’ਤੇ ਚੱਕਰ ਲਾਉਂਦਾ ਰਹਿੰਦਾ ਸੀ। ਭੂਚਾਲ ਅਤੇ ਸੁਨਾਮੀ ਨਾਲ ਤਬਾਹ ਹੋ ਗਏ ਰੌਸ ਟਾਪੂ ਉੱਤੇ ਲੰਬਾ ਸਮਾਂ ਸਾਡੀ ਜਲ ਸੈਨਾ ਦੇ ਜਵਾਨ ਤੈਨਾਤ ਰਹੇ ਹਨ। 1971 ਤੱਕ ਇਹ ਸਾਰੇ ਟਾਪੂ ਜਲ ਸੈਨਾ ਦੀ ਨਿਗਰਾਨੀ ਹੇਠਾਂ ਸਨ। ਪ੍ਰਸਿੱਧ ਕਹਾਣੀਕਾਰ ਅਤੇ ਵੱਡੇ ਵੀਰ ਪਰਮਜੀਤ ਸਿੰਘ ਮਾਨ (ਸਮੁੰਦਰਨਾਮਾ ਵਾਲੇ) ਇੱਥੇ ਆਪਣੀ ਨੇਵੀ ਦੀ ਸਰਵਿਸ ਦੌਰਾਨ ਤੈਨਾਤ ਰਹੇ ਹਨ। ਉਨ੍ਹਾਂ ਨੇ ਇੱਕ ਦਿਲਚਸਪ ਗੱਲ ਸੁਣਾਈ। ਉਨ੍ਹਾਂ ਨੇ ਦੱਸਿਆ ਕਿ 1971 ਦੀ ਭਾਰਤ-ਪਾਕਿਸਤਾਨ ਜੰਗ ਸਿਰਫ਼ ਖੇਤਰੀ ਲੜਾਈ ਨਹੀਂ ਸੀ, ਸਗੋਂ ਠੰਢੇ ਯੁੱਧ ਦੀ ਵੱਡੀ ਘਟਨਾ ਸੀ। ਇਸ ਵਿੱਚ ਅਮਰੀਕਾ ਅਤੇ ਸੋਵੀਅਤ ਯੂਨੀਅਨ ਵਰਗੀਆਂ ਵੱਡੀਆਂ ਤਾਕਤਾਂ ਆਹਮੋ-ਸਾਹਮਣੇ ਆਈਆਂ। ਬੰਗਲਾਦੇਸ਼ ਦੀ ਆਜ਼ਾਦੀ ਦੀ ਲੜਾਈ ਵਿੱਚ ਭਾਰਤ ਦੀ ਜਿੱਤ ਦੇ ਪਿੱਛੇ ਸੋਵੀਅਤ ਯੂਨੀਅਨ ਦੀ ਸਮੁੰਦਰੀ ਮਦਦ ਅਤੇ ਭਾਰਤ ਦੇ ਵਿਦੇਸ਼ ਮੰਤਰੀ ਸਵਰਨ ਸਿੰਘ ਦੀ ਸੂਝ-ਬੂਝ ਨੇ ਵੱਡੀ ਭੂਮਿਕਾ ਨਿਭਾਈ। 1971 ਵਿੱਚ ਪੂਰਬੀ ਪਾਕਿਸਤਾਨ, ਜੋ ਹੁਣ ਬੰਗਲਾਦੇਸ਼ ਹੈ, ਵਿੱਚ ਆਜ਼ਾਦੀ ਦੀ ਲੜਾਈ ਚੱਲ ਰਹੀ ਸੀ। ਪਾਕਿਸਤਾਨੀ ਫੌਜ ਦੇ ਜ਼ੁਲਮ ਨੇ ਲੱਖਾਂ ਲੋਕਾਂ ਨੂੰ ਭਾਰਤ ਵਿੱਚ ਸ਼ਰਨ ਲੈਣ ਲਈ ਮਜਬੂਰ ਕਰ ਦਿੱਤਾ ਸੀ। ਇਸ ਕਾਰਨ ਭਾਰਤ ਨੇ ਬੰਗਲਾਦੇਸ਼ ਦੀ ਮਦਦ ਕੀਤੀ। 3 ਦਸੰਬਰ ਨੂੰ ਪਾਕਿਸਤਾਨ ਨੇ ਭਾਰਤੀ ਹਵਾਈ ਅੱਡਿਆਂ ’ਤੇ ਹਮਲਾ ਕਰਕੇ ਜੰਗ ਸ਼ੁਰੂ ਕਰ ਦਿੱਤੀ। ਅਮਰੀਕਾ ਨੇ ਪਾਕਿਸਤਾਨ ਦਾ ਸਾਥ ਦਿੱਤਾ, ਜਦਕਿ ਭਾਰਤ ਨੇ ਸੋਵੀਅਤ ਯੂਨੀਅਨ ਨਾਲ ਮਿੱਤਰਤਾ ਦਾ ਸਹਾਰਾ ਲਿਆ।ਅਮਰੀਕਾ ਨੇ ਆਪਣਾ ਜੰਗੀ ਬੇੜਾ ਸੈਵਨ ਫਲੀਟ ਮਾਰਸਿਸ ਦੇ ਟਾਪੂਆਂ ਵਿੱਚ ਲਿਆ ਕੇ ਖੜ੍ਹਾ ਲਿਆ ਸੀ। ਇਹ ਅਮਰੀਕਾ ਦਾ ਵੱਡਾ ਜਲ ਸੈਨਾ ਅੱਡਾ ਸੀ। ਸੈਵਨ ਫਲੀਟ ਵਿੱਚ ਵੱਡਾ ਜਹਾਜ਼ ਯੂ.ਐੱਸ.ਐੱਸ. ਐਂਟਰਪ੍ਰਾਈਜ਼ ਅਤੇ ਪਰਮਾਣੂ ਪਣਡੁੱਬੀ ਸੀ। 10 ਦਸੰਬਰ ਨੂੰ ਉਸ ਨੇ ਇਹ ਫਲੀਟ ਬੰਗਾਲ ਦੀ ਖਾੜੀ ਵੱਲ ਭੇਜੀ। ਇਹ 15 ਦਸੰਬਰ ਨੂੰ ਖਾੜੀ ਵਿੱਚ ਪਹੁੰਚੀ ਅਤੇ ਭਾਰਤ ’ਤੇ ਦਬਾਅ ਬਣਾਉਣ ਲਈ ਤਿਆਰ ਸੀ। ਅਮਰੀਕਾ ਚਾਹੁੰਦਾ ਸੀ ਕਿ ਭਾਰਤ ਪਿੱਛੇ ਹਟ ਜਾਵੇ। ਅਮਰੀਕਾ ਦੇ ਇਸ ਐਕਸ਼ਨ ਨਾਲ ਭਾਰਤ ਦੀ ਜਲ ਸੈਨਾ ਵਿੱਚ ਬੇਚੈਨੀ ਫੈਲ ਗਈ ਸੀ। ਬਾਈ ਨੇ ਦੱਸਿਆ ਕਿ ਸਾਨੂੰ ਲੱਗਦਾ ਸੀ ਕਿ ਕਿਸੇ ਸਮੇਂ ਵੀ ਅਮਰੀਕਾ ਦਾ ਜੰਗੀ ਬੇੜਾ ਸਾਡੀਆਂ ਕਿਸ਼ਤੀਆਂ ਨੂੰ ਡਬੋ ਦੇਵੇਗਾ। ਰੂਸ ਤੋਂ ਲਿਆਂਦਾ ਪੁਰਾਣਾ ਵਿਕਰਾਂਤ ਜਹਾਜ਼ ਵੀ ਉਸ ਦਾ ਮੁਕਾਬਲਾ ਕਰਨ ਤੋਂ ਅਸਮਰਥ ਸੀ। ਇਸੇ ਲਈ ਸਾਰਿਆਂ ਨੂੰ ਲੱਗਦਾ ਸੀ ਕਿ ਮਾਰਸਿਸ ਵਿੱਚ ਖੜ੍ਹਾ ਸੈਵਨ ਫਲੀਟ ਕਿਸੇ ਸਮੇਂ ਵੀ ਮੌਤ ਬਣ ਕੇ ਭਾਰਤੀ ਜਲ ਸੈਨਾ ’ਤੇ ਹਮਲਾ ਕਰ ਸਕਦਾ ਸੀ। ਭਾਰਤ ਨੇ ਸੋਵੀਅਤ ਯੂਨੀਅਨ ਨੂੰ ਮਦਦ ਲਈ ਕਿਹਾ। ਭਾਰਤ ਦੇ ਵਿਦੇਸ਼ ਮੰਤਰੀ ਸਵਰਨ ਸਿੰਘ ਨੇ ਜੰਗ ਤੋਂ ਪਹਿਲਾਂ, 9 ਅਗਸਤ 1971 ਨੂੰ, ਸੋਵੀਅਤ ਯੂਨੀਅਨ ਨਾਲ ਮਿੱਤਰਤਾ ਸੰਧੀ ਸਹੀ ਕੀਤੀ ਸੀ। ਇਹ ਸੰਧੀ ਜੰਗ ਵਿੱਚ ਸੋਵੀਅਤ ਮਦਦ ਦਾ ਆਧਾਰ ਬਣੀ। ਸਵਰਨ ਸਿੰਘ ਨੇ ਭਾਰਤੀ ਰਾਜਦੂਤ ਡੀ.ਪੀ. ਧਾਰ ਰਾਹੀਂ ਸੋਵੀਅਤ ਨੇਤਾਵਾਂ ਨਾਲ ਸੰਪਰਕ ਰੱਖਿਆ।

ਸੋਵੀਅਤ ਯੂਨੀਅਨ ਨੇ ਦੱਸਿਆ ਕਿ ਡਰਨ ਦੀ ਲੋੜ ਨਹੀਂ ਹੈ ।ਜਦੋਂ ਅਮਰੀਕਾ ਨੇ ਮਾਰਸਿਸ ਵਿੱਚ ਆਪਣਾ ਸੈਵਨ ਫਲੀਟ ਜੰਗੀ ਬੇੜਾ ਤੈਨਾਤ ਕੀਤਾ ਸੀ ਤਾਂ ਨਾਲ ਹੀ ਰਸ਼ੀਆ ਨੇ ਆਪਣੀਆਂ ਪਰਮਾਣੂ ਪਣਡੁੱਬੀਆਂ ਹਿੰਦ ਮਹਾਂਸਾਗਰ ਵਿੱਚ ਤੈਨਾਤ ਕਰ ਦਿੱਤੀਆਂ ਸਨ । ਇਹ ਪਰਮਾਣੂ ਪਣਡੁੱਬੀਆਂ 300 ਫੁੱਟ ਦੀ ਗਹਿਰਾਈ ਵਿੱਚ ਜੰਗੀ ਬੇੜੇ ਦਾ ਰਾਹ ਰੋਕੀ ਬੈਠੀਆਂ ਸਨ। ਪੂਰੀ ਦੁਨੀਆ ਵਿੱਚ ਅਮਰੀਕਾ ਤੋਂ ਸਿਵਾਏ ਕਿਸੇ ਨੂੰ ਇਸ ਦੀ ਖਬਰ ਨਹੀਂ ਸੀ। ਰੂਸ ਨੇ ਕਿਹਾ ਕਿ ਅਮਰੀਕਾ ਜਾਣਦਾ ਹੈ ਕਿ ਅਸੀਂ ਅੱਗੇ ਬੈਠੇ ਹਾਂ, ਉਹ ਅੱਗੇ ਤੁਰਨ ਦੀ ਹਿੰਮਤ ਨਹੀਂ ਕਰੇਗਾ। ਇਸ ਤਰ੍ਹਾਂ ਰੂਸ ਦੀਆਂ ਪਣਡੁੱਬੀਆਂ ਨੇ ਅਮਰੀਕੀ ਜਹਾਜ਼ ’ਤੇ ਨਿਸ਼ਾਨਾ ਸਾਧ ਕੇ ਉਸ ਨੂੰ ਅੱਗੇ ਵਧਣ ਤੋਂ ਰੋਕਿਆ। ਬਾਈ ਪਰਮਜੀਤ ਮਾਨ ਨੇ ਦੱਸਿਆ ਕਿ ਰੂਸ ਦੀ ਮਦਦ ਨਾਲ ਭਾਰਤੀ ਜਲ ਸੈਨਾ ਨੇ ਇੱਕ ਹੋਰ ਕਾਰਵਾਈ ਵੀ ਕੀਤੀ। ਰੂਸ ਨੇ ਭਾਰਤ ਨੂੰ ਚਾਰ ਮਿਜ਼ਾਇਲ ਵਾਲੀਆਂ ਚਾਰਜਰ ਬੋਟ ਦਿੱਤੇ ਸਨ, ਜਿਨ੍ਹਾਂ ਦੀ ਵਰਤੋਂ ਭਾਰਤ ਆਪਣੇ ਸਮੁੰਦਰੀ ਖੇਤਰ ਦੀ ਰੱਖਿਆ ਲਈ ਗਸ਼ਤ ਕਰਨ ਦੇ ਰੂਪ ਵਿੱਚ ਕਰਦਾ ਸੀ ।ਇਹ ਕਿਸ਼ਤੀਆਂ 35 ਤੋਂ 40 ਕਿਲੋਮੀਟਰ ਦੇ ਖੇਤਰ ਵਿੱਚ ਹੀ ਜਾ ਸਕਦੀਆਂ ਸਨ ।ਹਰੇਕ ਕਿਸ਼ਤੀ ਵਿੱਚ ਚਾਰ ਮਿਜ਼ਾਈਲਾਂ ਪੱਕੇ ਤੌਰ ’ਤੇ ਲੱਗੀਆਂ ਹੋਈਆਂ ਸਨ ।ਇਹਨਾਂ ਨੂੰ ਦੁਬਾਰਾ ਲੋਡ ਨਹੀਂ ਕੀਤਾ ਜਾ ਸਕਦਾ ਸੀ। ਇਹ ਭਾਰਤੀ ਟਿਕਾਣਿਆਂ ਦੀ ਰੱਖਿਆ ਲਈ ਸਨ। ਭਾਰਤੀ ਨੇਵੀ ਦੇ ਐਡਮਿਰਲ ਐੱਮ ਐੱਸ ਨੰਦਾ ਨੇ ਇਸ ਨੂੰ ਹਮਲੇ ਲਈ ਵਰਤਿਆ। ਭਾਰਤੀ ਸਮੁੰਦਰੀ ਬੇੜੇ ਨਾਲ ਬੰਨ੍ਹ ਕੇ ਇਹਨਾਂ ਨੂੰ ਕਲਕੱਤਾ ਤੋਂ ਅਰਬ ਸਾਗਰ ਵਿੱਚ ਕਰਾਚੀ ਦੇ ਨੇੜੇ ਲਿਜਾਇਆ ਗਿਆ। ਚਾਰ ਦਸੰਬਰ ਨੂੰ ਪਹਿਲਾ ਹਮਲਾ ਕੀਤਾ ਗਿਆ। ਇਸ ਤੋਂ ਬਾਅਦ ਵੀ ਕਈ ਹਮਲੇ ਹੋਏ, ਜਿਨ੍ਹਾਂ ਨੂੰ ਪਾਕਿਸਤਾਨ ਦੇ ਰਡਾਰ ਇਹਨਾਂ ਨੂੰ ਫੜ ਨਾ ਸਕੇ। ਕਰਾਚੀ ਦੇ ਨੇੜੇ ਜਾ ਕੇ ਮਿਜ਼ਾਇਲਾਂ ਦਾਗ ਦਿੱਤੀਆਂ ਗਈਆਂ। ਅਮਰੀਕਾ ਤੋਂ ਲਿਆਂਦਾ ਸਮੁੰਦਰੀ ਬੇੜਾ ਖੈਬਰ, ਦੋ ਜਹਾਜ਼ ਹੋਰ ਅਤੇ ਇਕ ਤੇਲ ਰਿਫਾਇਨਰੀ ਅਤੇ ਕਈ ਅਹਿਮ ਫੌਜੀ ਟਿਕਾਣੇ ਇਸ ਹਮਲੇ ਵਿੱਚ ਭਾਰਤੀ ਜਲ ਸੈਨਾ ਨੇ ਤਬਾਹ ਕਰ ਦਿੱਤੇ। ਪਾਕਿਸਤਾਨ ਦੀ ਫੌਜ ਵਿੱਚ ਇਸ ਗੱਲ ਨਾਲ ਹੜਬੜੀ ਫੈਲ ਗਈ ਕਿ ਭਾਰਤ ਕੋਲ ਮਿਜ਼ਾਇਲਾਂ ਵੀ ਹਨ, ਜੋ ਉਹਨਾਂ ਲਈ ਬਹੁਤ ਅਣਹੋਣੀ ਗੱਲ ਸੀ, ਇਸ ਨਾਲ ਉਹਨਾਂ ਦੇ ਹੌਸਲੇ ਪਸਤ ਹੋ ਗਏ।16 ਦਸੰਬਰ ਨੂੰ 90,000 ਪਾਕਿਸਤਾਨੀ ਫੌਜੀਆਂ ਨੇ ਹਥਿਆਰ ਸੁੱਟ ਦਿੱਤੇ ਅਤੇ ਬੰਗਲਾਦੇਸ਼ ਆਜ਼ਾਦ ਹੋ ਗਿਆ। ਸੋਵੀਅਤ ਨੌਸੈਨਾ ਅਤੇ ਭਾਰਤੀ ਫੌਜ ਦੀ ਬਹਾਦਰੀ ਨੇ ਇਹ ਜਿੱਤ ਸੰਭਵ ਕੀਤੀ। ਅਮਰੀਕੀ ਅਤੇ ਸੋਵੀਅਤ ਫਲੀਟਾਂ ਦਾ ਟਾਕਰਾ ਠੰਢੇ ਯੁੱਧ ਦੀ ਵੱਡੀ ਘਟਨਾ ਸੀ, ਜਿਸ ਨੇ ਸਾਬਤ ਕੀਤਾ ਕਿ ਭਾਰਤ-ਸੋਵੀਅਤ ਮਿੱਤਰਤਾ ਮਜ਼ਬੂਤ ਸੀ।ਸਵਰਨ ਸਿੰਘ ਦੀ ਸੰਧੀ ਨੇ ਭਾਰਤ ਨੂੰ ਅਮਰੀਕੀ ਦਬਾਅ ਦੇ ਸਾਹਮਣੇ ਟਿਕਣ ਦੀ ਤਾਕਤ ਦਿੱਤੀ। ਉਨ੍ਹਾਂ ਦੀ ਸੂਝ ਨੇ ਭਾਰਤੀ ਰਾਜਦੂਤ ਅਤੇ ਇੰਦਰਾ ਗਾਂਧੀ ਦੀ ਅਗਵਾਈ ਨੂੰ ਸੋਵੀਅਤ ਸਮਰਥਨ ਦਿਵਾਇਆ। 1971 ਦੀ ਜਿੱਤ ਸਿਰਫ਼ ਫੌਜੀ ਨਹੀਂ, ਸਗੋਂ ਕੂਟਨੀਤਕ ਅਤੇ ਮਿੱਤਰਤਾ ਦੀ ਜਿੱਤ ਸੀ। ਇਹ ਸਾਨੂੰ ਸਿਖਾਉਂਦੀ ਹੈ ਕਿ ਮੁਸ਼ਕਲ ਵੇਲੇ ਮਿੱਤਰ ਅਤੇ ਸੂਝ ਵੱਡੀਆਂ ਸ਼ਕਤੀਆਂ ਨੂੰ ਵੀ ਰੋਕ ਸਕਦੇ ਹਨ। ਰਾਸ ਆਈਲੈਂਡ ’ਤੇ ਘੁੰਮਦੇ ਹੋਏ ਇਹ ਸਾਰੀਆਂ ਗੱਲਾਂ ਮੇਰੇ ਮਨ ਵਿੱਚ ਨਾਲ-ਨਾਲ ਚੱਲ ਰਹੀਆਂ ਸਨ। ਅਸੀਂ ਤਸਵੀਰਾਂ ਖਿਚਵਾਉਂਦੇ ਹੋਏ ਵੀ ਮਹਿਸੂਸ ਕਰ ਰਹੇ ਸਾਂ ਕਿ ਭਾਰਤੀ ਜਲ ਸੈਨਾ ਦੇ ਜਵਾਨਾਂ ਨੇ ਕਿਵੇਂ ਇਸ ਇਲਾਕੇ ਵਿੱਚ ਰਹਿ ਕੇ ਸਾਡੇ ਦੇਸ਼ ਦੀ ਰੱਖਿਆ ਕੀਤੀ ਸੀ। ਸਾਡੀ ਬੈਟਰੀ ਕਾਰ ਅੰਤਿਮ ਸਿਰੇ ਤੱਕ ਪਹੁੰਚ ਗਈ। ਅਸੀਂ ਸਾਰੇ ਖੰਡਰਾਂ ਨੂੰ ਧਿਆਨ ਨਾਲ ਦੇਖਦੇ ਹੋਏ ਅੰਤਿਮ ਸਿਰੇ ’ਤੇ ਪਹੁੰਚੇ, ਉੱਥੋਂ ਹੇਠਾਂ ਲੋਨ ਸੇਲਰ ਦਾ ਬੁੱਤ ਦਿਖਾਈ ਦਿੰਦਾ ਸੀ। ਦੂਰ ਪਾਣੀ ਦਾ ਰੰਗ ਹੁਣ ਨੀਲੇ ਦੀ ਬਜਾਏ ਹਰਾ ਦਿਖਾਈ ਦੇਣ ਲੱਗ ਪਿਆ ਸੀ। ਅਸੀਂ ਪੌੜੀਆਂ ਉਤਰ ਕੇ ਹੇਠਾਂ ਵੱਲ ਨੂੰ ਤੁਰ ਪਏ।

ਅੱਜ ਰੌਸ ਟਾਪੂ ਆਪਣੇ ਪੁਰਾਣੇ ਸਵੈ ਦਾ ਪਰਛਾਵਾਂ ਹੈ, ਕੁਦਰਤ ਦੁਆਰਾ ਮੁੜ ਪ੍ਰਾਪਤ ਕੀਤਾ ਗਿਆ ਪ੍ਰਤੀਤ ਹੋ ਰਿਹਾ ਸੀ। ਬੋਹੜ ਦੇ ਦਰੱਖਤ ਢਹਿ-ਢੇਰੀ ਹੋ ਰਹੀਆਂ ਕੰਧਾਂ ਵਿੱਚੋਂ ਉੱਗ ਪਏ ਹਨ। ਉਨ੍ਹਾਂ ਦੀਆਂ ਜੜ੍ਹਾਂ ਬਸਤੀਵਾਦੀ ਆਰਕੀਟੈਕਚਰ ਦੇ ਬਚੇ ਹੋਏ ਹਿੱਸੇ ਉੱਤੇ ਲਿਪਟ ਗਈਆਂ ਹਨ। ਬੋਹੜ ਦੀਆਂ ਇਹਨਾਂ ਜੜ੍ਹਾਂ ਦੀ ਵਿਸ਼ਾਲਤਾ ਦੇਖਣ ਵਾਲੀ ਹੈ।ਭਾਰਤੀ ਜਲ ਸੈਨਾ ਹੁਣ ਵੀ ਇਸ ਟਾਪੂ ਦੀ ਨਿਗਰਾਨੀ ਕਰਦੀ ਹੈ, ਇਸ ਨੂੰ ਇੱਕ ਇਤਿਹਾਸਕ ਸਥਾਨ ਅਤੇ ਸੈਲਾਨੀ ਸਥਾਨ ਵਜੋਂ ਰੱਖਦੀ ਹੈ। ਅਸੀਂ ਖੰਡਰਾਂ ਵਿੱਚੋਂ ਲੰਘਦੇ ਹੋਏ, ਪ੍ਰੈਸਬੀਟੇਰੀਅਨ ਚਰਚ ਦੇ ਰੰਗੀਨ ਸ਼ੀਸ਼ਿਆਂ ਦੀ ਰਹਿੰਦ-ਖੂੰਹਦ ਅਤੇ ਚੀਫ਼ ਕਮਿਸ਼ਨਰ ਹਾਊਸ ਦੇ ਭਿਆਨਕ ਖੰਡਰ ਦੀਆਂ ਫੋਟੋਆਂ ਖਿੱਚਦੇ ਹੋਏ ਲਾਈਟ ਹਾਊਸ ਤੱਕ ਗਏ। ਇੱਥੋਂ ਤੱਕ ਜਾਣ ਲਈ ਸੁੰਦਰ ਪੌੜੀਆਂ ਬਣੀਆਂ ਹਨ। ਸਮੁੰਦਰ ਦਾ ਪਾਣੀ ਇੱਥੇ ਬਹੁਤ ਜ਼ਿਆਦਾ ਸਾਫ ਹੈ । ਭਾਰਤ ਦੇ ਦੂਜੇ ਬੀਚਾਂ ਦੇ ਮੁਕਾਬਲੇ ਇਹ ਬਹੁਤ ਹੀ ਜ਼ਿਆਦਾ ਸੁੰਦਰ ਹੈ। ਇਸ ਦੀ ਸੁੰਦਰਤਾ ਦੇਖ ਕੇ ਮੇਰੇ ਮੂੰਹੋਂ ਆਪ ਮੁਹਾਰੇ ਨਿਕਲਿਆ, ‘ਭਾਰਤ ਵਾਕਿਆ ਹੀ ਵਿਭਿੰਨਤਾਵਾਂ ਵਾਲਾ ਬਹੁਤ ਸੁੰਦਰ ਦੇਸ਼ ਹੈ।’ ਸਮੁੰਦਰ ਦੇ ਇਸ ਕੰਢੇ ’ਤੇ ਅਜੀਬ ਜਿਹੀ ਖਾਮੋਸ਼ੀ ਮਹਿਸੂਸ ਹੁੰਦੀ ਹੈ।ਇਸ ਖਾਮੋਸ਼ੀ ਦੇ ਦਰਮਿਆਨ, ਲਾਈਟ ਹਾਊਸ ਦੇ ਨਾਲ ਸਥਾਪਤ ਲੋਨ ਸੇਲਰ ਦਾ ਬੁੱਤ ਸਾਡਾ ਧਿਆਨ ਖਿੱਚ ਰਿਹਾ ਸੀ। ਇਹ ਮੂਰਤੀ ਇੱਕ ਇਕੱਲੇ ਮਲਾਹ ਦੀ ਹੈ, ਜੋ ਆਪਣੇ ਹੱਥ ਮੱਥੇ ’ਤੇ ਰੱਖ ਕੇ ਸਮੁੰਦਰ ਦੀ ਦਿਸ਼ਾ ਵੱਲ ਤੱਕ ਰਿਹਾ ਹੈ। ਉਸ ਦੀਆਂ ਅੱਖਾਂ ਵਿੱਚ ਉਮੀਦ ਹੈ, ਪਰ ਚਿਹਰੇ ’ਤੇ ਇਕਾਂਤ ਦੀ ਛਾਪ ਹੈ। ਇਹ ਬੁੱਤ ਸਿਰਫ਼ ਕਲਾ ਦਾ ਨਮੂਨਾ ਨਹੀਂ, ਸਗੋਂ ਮਨੁੱਖੀ ਜੱਦੋ-ਜਹਿਦ ਅਤੇ ਇਕੱਲੇਪਨ ਦੀ ਪ੍ਰਤੀਕਾਤਮਕ ਯਾਦਗਾਰ ਹੈ। ਇਹ ਉਹਨਾਂ ਮਲਾਹਾਂ ਅਤੇ ਕੈਦੀਆਂ ਦੀ ਯਾਦ ਦਿਵਾਉਂਦਾ ਹੈ, ਜਿਨ੍ਹਾਂ ਨੇ ਰੌਸ ਟਾਪੂ ’ਤੇ ਆਪਣੀ ਜ਼ਿੰਦਗੀ ਦੇ ਸਭ ਤੋਂ ਮੁਸ਼ਕਲ ਪਲ ਵਤਨ ਤੋਂ ਦੂਰ, ਸਮੁੰਦਰ ਦੇ ਬੇਅੰਤ ਸੀਨੇ ਨਾਲ ਗੱਲਾਂ ਕਰਦੇ ਹੋਏ ਬਿਤਾਏ। ਭਾਵੇਂ ਲੋਨ ਸੇਲਰ ਦਾ ਬੁੱਤ ਸੈਲਾਨੀਆਂ ਲਈ ਇੱਕ ਦਿਲ ਖਿੱਚਵਾਂ ਆਕਰਸ਼ਨ ਹੈ, ਪਰ ਇਸ ਦੀ ਅਸਲ ਮਹੱਤਤਾ ਉਹ ਅਹਿਸਾਸ ਹੈ, ਜੋ ਸਾਨੂੰ ਯਾਦ ਦਿਵਾਉਂਦਾ ਹੈ ਕਿ ਇਤਿਹਾਸ ਸਿਰਫ਼ ਇਮਾਰਤਾਂ ਅਤੇ ਦਸਤਾਵੇਜ਼ਾਂ ਵਿੱਚ ਨਹੀਂ, ਸਗੋਂ ਪੱਥਰ ਦੀਆਂ ਖਾਮੋਸ਼ ਮੂਰਤੀਆਂ ਵਿੱਚ ਵੀ ਜੀਉਂਦਾ ਰਹਿੰਦਾ ਹੈ। ਅਸੀਂ ਕੁਝ ਤਸਵੀਰਾਂ ਇਸ ਬੁੱਤ ਨਾਲ ਕਰਵਾਈਆਂ। ਬਹੁਤ ਹੀ ਸੋਹਣੀ ਹਵਾ ਚੱਲ ਰਹੀ ਸੀ ।ਹੇਠਾਂ ਪਾਣੀ ਵਿੱਚ ਘੁੰਮਦੇ ਸਮੁੰਦਰੀ ਜੀਵ ਸਪੱਸ਼ਟ ਦਿਖਾਈ ਦੇ ਰਹੇ ਸਨ। ਕਈ ਕਿਸਮ ਦੀਆਂ ਰੰਗ-ਬਰੰਗੀਆਂ ਮੱਛੀਆਂ ਸਾਨੂੰ ਨਜ਼ਰ ਵਿੱਚ ਆ ਰਹੀਆਂ ਸਨ। ਅਸੀਂ ਲੱਗਭੱਗ ਇੱਕ ਘੰਟਾ ਲਾਈਟ ਹਾਊਸ ਕੋਲ ਬਿਤਾ ਕੇ ਵਾਪਸ ਤੁਰ ਪਏ। ਇਸ ਵਾਰ ਪੌੜੀਆਂ ਚੜ੍ਹਨੀਆਂ ਥੋੜ੍ਹੀਆਂ ਜਿਹੀਆਂ ਔਖੀਆਂ ਲੱਗੀਆਂ। ਨਿਆਣੇ ਤਾਂ ਤਸਵੀਰਾਂ ਕਰਾਉਂਦੇ ਖੁਸ਼ੀ-ਖੁਸ਼ੀ ਛਾਲਾਂ ਮਾਰਦੇ ਉੱਪਰ ਆ ਗਏ। ਅਸੀਂ ਥੋੜ੍ਹੀ ਜਿਹੀ ਥਕਾਵਟ ਮਹਿਸੂਸ ਕੀਤੀ।

ਟਾਪੂ ਦੇ ਛੋਟੇ ਆਕਾਰ ਕਰਕੇ ਪੈਦਲ ਘੁੰਮਣਾ ਆਸਾਨ ਹੈ । ਜੇਕਰ ਜਲਦੀ ਹੋਵੇ ਤਾਂ ਬੈਟਰੀ ਨਾਲ ਚੱਲਣ ਵਾਲੀਆਂ ਬੱਗੀਆਂ ਵੀ ਘੁੰਮਾ ਦਿੰਦੀਆਂ ਹਨ। ਇੱਥੇ ਪੈਦਲ ਤੁਰਨ ਦਾ ਆਨੰਦ ਹੀ ਵੱਖਰਾ ਹੈ। ਚੰਗੀ ਤਰ੍ਹਾਂ ਨਿਸ਼ਾਨਬੱਧ ਰਸਤੇ ਸਾਨੂੰ ਇਸ ਦੇ ਅਤੀਤ ਵਿੱਚੋਂ ਲੰਘਾਉਂਦੇ ਸਨ। ਇੱਥੇ ਮੋਰ ਮਾਣ ਨਾਲ ਘੁੰਮਦੇ ਦਿਖਾਈ ਦੇ ਰਹੇ ਸੀ।ਉਨ੍ਹਾਂ ਦੇ ਚਮਕਦਾਰ ਖੰਭ ਸੂਰਜ ਦੀ ਰੌਸ਼ਨੀ ਵਿੱਚ ਚਮਕ ਰਹੇ ਸੀ। ਕਈ ਹਿਰਨ ਵੀ ਉੱਥੇ ਦਿਖਾਈ ਦੇ ਰਹੇ ਸਨ। ਇਹ ਜਾਨਵਰ ਤੇ ਪੰਛੀਆਂ ਨੂੰ ਅੰਗਰੇਜ਼ ਸ਼ਾਸਕ ਦੁਆਰਾ ਮਨਪ੍ਰਚਾਵੇ ਦੇ ਤੌਰ ’ਤੇ ਲਿਆਂਦਾ ਗਿਆ ਸੀ। ਹੁਣ ਉਹਨਾਂ ਦੀ ਗਿਣਤੀ ਕਾਫੀ ਵੱਧ ਹੋ ਗਈ ਹੈ।ਉਹ ਨੇੜੇ ਹੀ ਬੇਪਰਵਾਹੀ ਨਾਲ ਚਰ ਰਹੇ ਸਨ। ਪਹਾੜ ਬਨਸਪਤੀ ਨਾਲ ਹਰੇ-ਭਰੇ ਦਿਖਾਈ ਦੇ ਰਹੇ ਸਨ, ਉੱਚੇ ਨਾਰੀਅਲ ਦੇ ਦਰੱਖਤ ਅਤੇ ਫੁੱਲਦਾਰ ਝਾੜੀਆਂ ਦ੍ਰਿਸ਼ ਵਿੱਚ ਰੰਗ ਭਰ ਰਹੀਆਂ ਸਨ।

ਰੌਸ ਟਾਪੂ ’ਤੇ ਅਸੀਂ ਘੁੰਮ ਕੇ ਹਰ ਕੋਨੇ ਨੂੰ ਦੇਖਿਆ। ਲੱਗਭੱਗ ਦੋ ਘੰਟੇ ਬਿਤਾਉਣ ਤੋਂ ਬਾਅਦ ਅਸੀਂ ਨੌਰਥ ਬੇ ਟਾਪੂ ਲਈ ਚੱਲ ਪਏ। ਇਸ ਟਾਪੂ ਦੇ ਨੇੜੇ ਸਮੁੰਦਰੀ ਜੀਵਨ ਦੀ ਬਹੁਤਾਤ ਹੋਣ ਕਰਕੇ ਇਸ ਨੂੰ ਕੋਰਲ ਟਾਪੂ ਵੀ ਆਖਿਆ ਜਾਂਦਾ ਹੈ।ਰੌਸ ਟਾਪੂ ਦੇ ਇਤਿਹਾਸਕ ਕੇਂਦਰ ਦੇ ਉਲਟ, ਨੌਰਥ ਬੇ ਦੀ ਹਰਿਆਲੀ ਅਤੇ ਦਰੱਖਤ ਇਸ ਨੂੰ ਜੀਵੰਤ ਬਣਾਉਂਦੇ ਹਨ। ਇਹ ਟਾਪੂ ਆਪਣੇ ਸਾਫ਼ ਪਾਣੀਆਂ ਅਤੇ ਖੁਸ਼ਹਾਲ ਸਮੁੰਦਰੀ ਜੀਵਨ ਦੇ ਨਾਲ ਭਰਪੂਰ ਹੈ। ਲੱਗਭੱਗ 1.5 ਵਰਗ ਕਿਲੋਮੀਟਰ ਨੂੰ ਘੇਰਨ ਵਾਲਾ ਇਹ ਟਾਪੂ ਸਾਹਸ ਦੀ ਭਾਲ ਕਰਨ ਵਾਲਿਆਂ ਅਤੇ ਕੁਦਰਤ ਪ੍ਰੇਮੀਆਂ ਲਈ ਇੱਕ ਸਵਰਗ ਵਾਂਗ ਹੈ। ਇਸ ਦਾ ਇਤਿਹਾਸ ਰੌਸ ਟਾਪੂ ਨਾਲੋਂ ਘੱਟ ਦਸਤਾਵੇਜ਼ੀ ਹੈ, ਹਾਲਾਂਕਿ ਇਹ ਵੀ ਯੁੱਧ ਦੌਰਾਨ ਬ੍ਰਿਟਿਸ਼ ਮੌਜੂਦਗੀ ਅਤੇ ਬਾਅਦ ਵਿੱਚ ਜਾਪਾਨੀ ਕਬਜ਼ੇ ਤੋਂ ਪ੍ਰਭਾਵਿਤ ਰਿਹਾ ਸੀ। ਅੱਜ ਇਹ ਆਪਣੇ ਅਤੀਤ ਦੀ ਬਜਾਏ ਕੋਰਲ ਰੀਫਾਂ ਅਤੇ ਜੈਵ ਵਿਭਿੰਨਤਾ ਲਈ ਜਾਣਿਆ ਜਾਂਦਾ ਹੈ।

ਜਿਵੇਂ ਹੀ ਅਸੀਂ ਨੌਰਥ ਬੇ ਦੇ ਜੈੱਟੀ ’ਤੇ ਉੱਤਰੇ, ਟਾਪੂ ਦੇ ਪੁਰਾਣੇ ਬੀਚ ਨੇ ਸਾਡਾ ਸਵਾਗਤ ਕੀਤਾ । ਤੱਟ ਨਾਲ ਚਿੱਟੀ ਰੇਤ ਸੀ। ਬੱਚੇ ਇੰਤਜ਼ਾਰ ਨਹੀਂ ਕਰ ਸਕੇ ਤੇ ਜਾ ਕੇ ਰੇਤ ’ਤੇ ਲੇਟਣ ਲੱਗੇ । ਉਹਨਾਂ ਨੂੰ ਦੇਖ ਕੇ ਅਸੀਂ ਵੀ ਖੁਸ਼ ਹੋ ਰਹੇ ਸੀ।

ਨੌਰਥ ਬੇ ਟਾਪੂ ਦਾ ਲਾਈਟ ਹਾਊਸ

ਲੋਨ ਸੇਲਰ

ਸਾਡੀ ਪਹਿਲਾਂ ਬੁੱਕ ਕੀਤੀ ਗਲਾਸ ਬੋਟ ਵੀ ਆ ਗਈ।ਅਸੀਂ ਪਾਣੀ ਦੇ ਹੇਠਾਂ ਕੋਰਲ ਅਤੇ ਸਮੁੰਦਰੀ ਜੀਵਨ ਨੂੰ ਦੇਖਣ ਲਈ ਇਸ ਸ਼ੀਸ਼ੇ ਦੇ ਤਲ ਵਾਲੀ ਕਿਸ਼ਤੀ ਦੀ ਯਾਤਰਾ ਸ਼ੁਰੂ ਕਰ ਦਿੱਤੀ। ਅੱਧੇ ਘੰਟੇ ਦੇ ਸਮੇਂ ਵਿੱਚ ਇਹ ਕਿਸ਼ਤੀ ਕੋਰਲ ਰੀਫਾਂ ਉੱਤੇ ਰੰਗਾਂ ਦਾ ਇੱਕ ਕੈਲੀਡੋਸਕੋਪ ਪ੍ਰਗਟ ਕੀਤਾ-ਗੁਲਾਬੀ, ਜਾਮਨੀ ਅਤੇ ਸੰਤਰੀ ਦੇ ਰੰਗਾਂ ਵਿੱਚ ਜੀਵੰਤ ਕੋਰਲ, ਕਰੰਟ ਨਾਲ ਹੌਲੀ-ਹੌਲੀ ਹਿੱਲ ਰਹੇ ਸਨ। ਮੱਛੀਆਂ ਦੇ ਸਮੂਹ ਸਾਡੇ ਹੇਠਾਂ ਦੌੜ ਰਹੇ ਸਨ, ਛੋਟੀਆਂ ਕਲਾਉਨਫਿਸ਼ ਤੋਂ ਲੈ ਕੇ ਚਮਕਦੀਆਂ ਤੋਤੇ ਰੰਗੀਆਂ ਮੱਛੀਆਂ ਦਿਖਾਈ ਦੇ ਰਹੀਆਂ ਸਨ। ਉਹਨਾ ਨੂੰ ਛੂਹਣ ਲਈ ਬੱਚੇ ਆਪਣੇ ਹੱਥਾਂ ਨੂੰ ਸ਼ੀਸ਼ੇ ’ਤੇ ਲਗਾਉਣ ਲੱਗੇ । ਉਸੇ ਸਮੇਂ ਇੱਕ ਵਿਸ਼ਾਲ ਸਮੁੰਦਰੀ ਕੱਛੂ ਆਲਸ ਨਾਲ ਤੈਰ ਰਿਹਾ ਸੀ। ਇਸ ਦਾ ਭਾਰ ਮੇਰੇ ਹਿਸਾਬ ਨਾਲ ਇੱਕ ਕੁਇੰਟਲ ਤੋਂ ਕਿਸੇ ਤਰੀਕੇ ਨਾਲ ਘੱਟ ਨਹੀਂ ਹੋਵੇਗਾ।ਇਹ ਸਾਡੇ ਲਈ ਮਨਮੋਹਕ ਅਨੁਭਵ ਸੀ ।ਇਹ ਇੱਕ ਅਜਿਹੀ ਦੁਨੀਆ, ਜਿਸ ਨੂੰ ਅਸੀਂ ਸਿਰਫ਼ ਡਾਕੂਮੈਂਟਰੀ ਵਿੱਚ ਦੇਖਿਆ ਸੀ। ਸਮੁੰਦਰ ਦੇ ਕੰਢੇ ’ਤੇ ਹੋਰ ਵੀ ਕਈ ਸਾਹਸ ਨਾਲ ਭਰੇ ਕਾਰਜ ਹੋ ਰਹੇ ਸਨ, ਜਿਨ੍ਹਾਂ ਵਿੱਚੋਂ ਸਨੋਰਕਲਿੰਗ, ਸਕੂਬਾ ਡਾਈਵਿੰਗ ਆਦਿ ਸ਼ਾਮਲ ਸਨ। ਹਿੰਦੀ ਦੀ ਮਸ਼ਹੂਰ ਫਿਲਮ ‘ਜ਼ਿੰਦਗੀ ਮਿਲੇਗੀ ਨਾ ਦੋਬਾਰਾ’ ਵਿੱਚ ਮੈਂ ਇਹ ਸਭ ਕੁਝ ਦੇਖ ਚੁੱਕਾ ਸੀ। ਇਸ ਲਈ ਮੈਂ ਸੋਚ ਕੇ ਆਇਆ ਸੀ ਕਿ ਅਸੀਂ ਵੀ ਇਹ ਸਾਰੀਆਂ ਗਤੀਵਿਧੀਆਂ ਕਰਨੀਆਂ ਹਨ। ਇਸ ਟਾਪੂ ’ਤੇ ਇਹਨਾਂ ਦਾ ਰੇਟ ਜ਼ਿਆਦਾ ਹੋਣ ਕਰਕੇ ਇਹਨਾਂ ਨੂੰ ਹੈਵਲਾਕ ਟਾਪੂ ’ਤੇ ਕਰਨ ਦਾ ਫੈਸਲਾ ਕੀਤਾ।

ਇਸ ਟਾਪੂ ਦੀ ਤਸਵੀਰ ਕਿਸੇ ਸਮੇਂ ਸਾਡੇ 20 ਰੁਪਏ ਦੇ ਨੋਟ ਉੱਪਰ ਵੀ ਛਪੀ ਹੋਈ ਸੀ। ਅੰਡੇਮਾਨ ਦੇ ਲੋਕ ਇਸ ਤਸਵੀਰ ਨੂੰ ਵੱਡਾ ਕਰਵਾ ਕੇ ਬਹੁਤ ਮਾਣ ਨਾਲ ਲੋਕਾਂ ਨੂੰ ਦਿਖਾਉਂਦੇ ਹਨ। ਇਸ ਤਸਵੀਰ ਵਿੱਚ ਨਾਰਥ ਬੇ ਟਾਪੂਆਂ ਵਾਲਾ ਲਾਈਟ ਹਾਊਸ ਵੀ ਦਿਖਾਈ ਦਿੰਦਾ ਹੈ। ਸਵੇਰ ਤੋਂ ਤੁਰਨ-ਫਿਰਨ ਕਰਕੇ ਭੁੱਖ ਵੀ ਲੱਗ ਆਈ ਸੀ। ਬੀਚ ਦੇ ਨੇੜੇ ਕਾਫੀ ਸਾਰੇ ਝੌਂਪੜੀਨੁਮਾ ਹੋਟਲ ਬਣੇ ਹੋਏ ਸਨ। ਉਹਨਾਂ ਵਿੱਚੋਂ ਇੱਕ ਹੋਟਲ ਵਿੱਚ ਅਸੀਂ ਬੈਠ ਗਏ।ਜਿੱਥੇ ਗਰਿੱਲ ਕੀਤੇ ਸਮੁੰਦਰੀ ਭੋਜਨ ਦੀ ਖੁਸ਼ਬੂ ਹਵਾ ਨੂੰ ਭਰ ਰਹੀ ਸੀ। ਮੀਨੂ ਸਧਾਰਨ ਪਰ ਮਨਮੋਹਕ ਸੀ-ਤਾਜ਼ੀਆਂ ਫੜੀਆਂ ਗਈਆਂ ਮੱਛੀਆਂ, ਝੀਂਗੇ ਅਤੇ ਕੇਕੜੇ, ਸਥਾਨਕ ਮਸਾਲਿਆਂ ਨਾਲ ਤਿਆਰ ਕੀਤੇ ਗਏ ਅਤੇ ਚੌਲਾਂ ਅਤੇ ਇੱਕ ਤਿੱਖੀ ਚਟਨੀ ਨਾਲ ਪਰੋਸਿਆ ਜਾ ਰਿਹਾ ਸੀ। ਮੈਂ ਤੇ ਪ੍ਰਭ ਨੇ ਗਰਿੱਲ ਕੀਤੇ ਝੀਂਗੇ ਅਤੇ ਫਰਾਈਡ ਰਾਇਸ ਦਾ ਆਰਡਰ ਕੀਤਾ। ਬੇਟੀ ਤੇ ਸ੍ਰੀਮਤੀ ਜੀ ਦਾਲ ਅਤੇ ਸਬਜ਼ੀ ਉੱਤੇ ਹੀ ਆਸ਼ਰਿਤ ਰਹੇ। ਅਸੀਂ ਨਾਰੀਅਲ ਦੇ ਪਾਣੀ ਨਾਲ ਆਪਣਾ ਲੰਚ ਖਤਮ ਕੀਤਾ ।ਰੇਤ ਵਿੱਚ ਆਪਣੇ ਪੈਰਾਂ ਦੀਆਂ ਉਂਗਲਾਂ ਰੱਖ ਕੇ ਖਾਣਾ ਖਾਂਦੇ ਸਮੇਂ ਪੂਰੀ ਤਰ੍ਹਾਂ ਸੰਤੁਸ਼ਟ ਮਹਿਸੂਸ ਕਰ ਰਹੇ ਸੀ।

ਅਸੀਂ ਆਪਣੇ ਅਨੁਭਵ ਨੂੰ ਦਿਮਾਗ ਵਿੱਚ ਸੰਭਾਲਦੇ ਹੋਏ

ਪੋਰਟ ਬਲੇਅਰ ਦੀ ਬੰਦਰਗਾਹ ਦਾ ਦ੍ਰਿਸ਼

ਪੋਰਟ ਬਲੇਅਰ ਵੱਲ ਨੂੰ ਤੁਰ ਪਏ। ਜੰਗਲੀ ਘਾਟ ਦੀ ਨਮੀ ਵਾਲੀ ਹਵਾ ਵਿੱਚ ਇੱਕ ਅਜੀਬ ਜਿਹਾ ਜਾਦੂ ਰਚਿਆ ਹੋਇਆ ਸੀ। ਪੋਰਟ ਬਲੇਅਰ ਦੇ ਉਸ ਸੁੰਨੇ ਪਾਸੇ, ਜਿੱਥੇ ਜੰਗਲ ਸਮੁੰਦਰ ਨਾਲ ਮਿਲਦਾ ਹੈ, ਨੀਲੀਆਂ ਲਹਿਰਾਂ ਆਪਣੇ ਅੰਦਰ ਇੱਕ ਅਣਜਾਣ ਸੱਦਾ ਲੈ ਕੇ ਆ ਰਹੀਆਂ ਸਨ। ਨਾਰੀਅਲ ਦੇ ਦਰੱਖ਼ਤਾਂ ਦੀਆਂ ਲੰਮੀਆਂ ਕਤਾਰਾਂ ਜਿਵੇਂ ਪਾਣੀ ’ਤੇ ਕੋਈ ਪ੍ਰਾਚੀਨ ਕਵਿਤਾ ਲਿਖ ਰਹੀਆਂ ਹੋਣ।

ਸਾਨੂੰ ਦੂਰ ਤੱਕ ਨੀਲਾ ਪਾਣੀ ਅਤੇ ਉਸ ਵਿੱਚ ਘੁੰਮਦੇ ਹੋਏ ਵੱਡੇ ਜਹਾਜ਼ ਇੱਥੋਂ ਦਿਖਾਈ ਦਿੱਤੇ। ਇੱਕ ਵੱਡੇ ਕਰੂਜ਼ ਦੇ ਸਾਹਮਣੇ ਦੀ ਅਸੀਂ ਲੰਘੇ ਤਾਂ ਮਨ ਵਿੱਚ ਇੱਛਾ ਹੋਈ, ਇਸ ਵਿੱਚ ਵੀ ਸਵਾਰੀ ਕੀਤੀ ਜਾਵੇ। ਉਸ ਸਮੇਂ ਤੱਕ ਮੈਨੂੰ ਪਤਾ ਨਹੀਂ ਸੀ ਕਿ ਕੱਲ੍ਹ ਨੂੰ ਇਸੇ ਜਹਾਜ਼ ਉੱਪਰ ਹੀ ਅਗਲਾ ਸਫਰ ਕਰਨਾ ਹੈ। ਅਸੀਂ ਜਦੋਂ ਜੈੱਟੀ ਦੇ ਉਤਰੇ ਤਾਂ ਸਾਹਮਣੇ ਜੈਟ ਸਕੀ ਦੇ ਨਜ਼ਾਰੇ ਲੈ ਰਹੇ ਸੈਲਾਨੀ ਨਜ਼ਰ ਪਏ।ਘਾਟ ਉੱਤੇ ਜੈਟ ਸਕੀ ਦੀ ਗਰਜ਼ਦਾਰ ਆਵਾਜ਼ ਗੂੰਜ ਰਹੀ ਸੀ। ਸਾਨੂੰ ਲੱਗਿਆ ਜਿਵੇਂ ਸਮੁੰਦਰ ਦੇ ਸੀਨੇ ਵਿੱਚ ਇੱਕ ਨਵਾਂ ਰੋਮਾਂਚਿਕ ਮੌਕਾ ਸਾਡਾ ਸਵਾਗਤ ਕਰ ਰਿਹਾ ਹੋਵੇ। ਸਾਡਾ ਮਨ ਵੀ ਇਸ ਦੀ ਰਾਈਡ ਲਈ ਮਚਲ ਉੱਠਿਆ। ਥੋੜ੍ਹਾ ਮੁੱਲ, ਭਾਵ ਕਰਕੇ ਮੈਂ ਤੇ ਦੋਵੇਂ ਬੱਚਿਆਂ ਨੇ ਇਸ ਦੀ ਸਵਾਰੀ ਕੀਤੀ। ਇੰਜਣ ਦੀ ਗੜਗੜਾਹਟ ਨਾਲ ਪਾਣੀ ਛਿੜਕ ਕੇ ਹਵਾ ਵਿੱਚ ਚਮਕਦਾਰ ਮੋਤੀ ਬਣਾ ਰਿਹਾ ਸੀ। ਉਹ ਪਲ ਐਨਾ ਜੀਵੰਤ ਸੀ ਕਿ ਜਿਵੇਂ ਸਮੇਂ ਨੇ ਆਪਣੀ ਚਾਲ ਰੋਕ ਲਈ ਹੋਵੇ।ਜਦੋਂ ਜੈਟ ਸਕੀ ਲਹਿਰਾਂ ਨੂੰ ਚੀਰਦਿਆਂ ਅੱਗੇ ਵਧੀ ਤਾਂ ਦਿਲ ਦੀਆਂ ਧੜਕਣਾਂ ਸਮੁੰਦਰ ਦੀਆਂ ਗੂੰਜਾਂ ਨਾਲ ਇਕਰੂਪ ਹੋ ਗਈਆਂ। ਕਦੇ ਲੱਗਦਾ ਸੀ ਜਿਵੇਂ ਪਾਣੀ ਦੀਆਂ ਛੱਲਾਂ ਉੱਡ ਕੇ ਬਾਂਹਾਂ ਵਿੱਚ ਲਪੇਟ ਰਹੀਆਂ ਹਨ, ਕਦੇ ਲੱਗਦਾ ਸੀ ਜਿਵੇਂ ਸਮੁੰਦਰ ਦੀਆਂ ਗਹਿਰਾਈਆਂ ਸੱਦਾ ਦੇ ਰਹੀਆਂ ਹਨ। ਰਫ਼ਤਾਰ ਦੇ ਹਰ ਝਟਕੇ ਨਾਲ ਇੱਕ ਅਣਕਹੀ ਆਜ਼ਾਦੀ ਦਾ ਸੁਆਦ ਮਿਲਦਾ ਪ੍ਰਤੀਤ ਹੋ ਰਿਹਾ ਸੀ-ਜਿਵੇਂ ਬੰਦਾ ਆਪਣੇ ਹੀ ਅੰਦਰਲੇ ਕੈਦਖ਼ਾਨੇ ਤੋਂ ਬਾਹਰ ਨਿਕਲ ਕੇ ਅਨੰਤ ਨੀਲੇ ਆਕਾਸ਼ ਵਿੱਚ ਪਹੁੰਚ ਗਿਆ ਹੋਵੇ।

ਦੂਰ ਟਾਪੂਆਂ ਦੇ ਕਿਨਾਰੇ, ਜੰਗਲਾਂ ਦੀਆਂ ਘਣੀਆਂ ਛਾਵਾਂ ਕਿਸੇ ਸੁਪਨੇ ਵਾਂਗ ਲਹਿਰਾਂ ਉੱਤੇ ਝੂਲ ਰਹੀਆਂ ਸਨ। ਹਵਾ ਦਾ ਹਰ ਝੋਕਾ ਚਿਹਰੇ ਨੂੰ ਚੁੰਮਦਾ ਅਤੇ ਰੂਹ ਵਿੱਚ ਇੱਕ ਬੇਨਾਮ ਖੁਸ਼ੀ ਭਰਦਾ। ਜੈਟ ਸਕੀ ਦੀ ਉੱਡਦੀ ਰਫ਼ਤਾਰ ਨੇ ਸਮੁੰਦਰ ਨੂੰ ਇੱਕ ਸੁਰ ਬਣਾਇਆ ਸੀ। ਇਹ ਡਰ, ਰੋਮਾਂਚ ਅਤੇ ਸੁੰਦਰਤਾ ਦਾ ਅਜਿਹਾ ਸੰਗੀਤ ਸੀ, ਜੋ ਸਿਰਫ਼ ਦਿਲ ਸੁਣ ਸਕਦਾ ਸੀ। ਉਹ ਅਨੁਭਵ ਕੇਵਲ ਜੈਟ ਸਕੀ ਦੀ ਸਵਾਰੀ ਨਹੀਂ ਸੀ, ਸਗੋਂ ਸਮੁੰਦਰ ਦੀਆਂ ਬਾਂਹਾਂ ਵਿੱਚ ਇੱਕ ਛੋਟਾ ਜਿਹਾ ਮਿਲਾਪ ਸੀ-ਜਿੱਥੇ ਇਨਸਾਨ ਅਤੇ ਪ੍ਰਕ੍ਰਿਤੀ ਇੱਕ ਪਲ ਲਈ ਇੱਕ-ਦੂਜੇ ਦੇ ਹੋ ਜਾਂਦੇ ਹਨ।ਇਸ ਰਾਈਡ ਨੇ ਸਾਡੀ ਯਾਤਰਾ ਵਿੱਚ ਰੋਮਾਂਚ ਭਰ ਦਿੱਤਾ ਸੀ। ਸਮੁੰਦਰ ਦੀਆਂ ਲਹਿਰਾਂ ਨਾਲ ਦੌੜਦੀ ਜੈਟ ਸਕੀ ਦਾ ਅਨੁਭਵ ਅਭੁੱਲ ਸੀ। ਇੱਕ ਲੰਬੀ ਰਾਈਡ ਤੋਂ ਬਾਅਦ ਜਦੋਂ ਵਾਪਸ ਆਏ ਤਾਂ ਬੱਦਲ ਬਿਲਕੁਲ ਨੀਵੇਂ ਹੋ ਗਏ ਸਨ। ਹੁਣ ਸਾਨੂੰ ਛਤਰੀਆਂ ਯਾਦ ਆਈਆਂ, ਪਰ ਉਹ ਤਾਂ ਹੋਟਲ ਦੇ ਕਮਰੇ ਵਿੱਚ ਪਈਆਂ ਸਨ। ਜਲਦੀ ਹੀ ਘਨਘੋਰ ਮੀਂਹ ਸ਼ੁਰੂ ਹੋ ਗਿਆ। ਤੇਜ਼ ਮੀਂਹ ਨੇ ਸਾਨੂੰ ਭਿਉਂ ਦਿੱਤਾ। ਮੀਂਹ ਦੀਆਂ ਬੂੰਦਾਂ ਨਾਲ ਭਿੱਜਣਾ ਵੀ ਇੱਕ ਵੱਖਰਾ ਅਨੁਭਵ ਸੀ, ਪਰ ਇਸ ਨੇ ਸਾਡੇ ਉਤਸ਼ਾਹ ਨੂੰ ਘੱਟ ਨਹੀਂ ਕੀਤਾ।

ਇਸ ਤੋਂ ਬਾਅਦ ਸਾਡਾ ਅਗਲਾ ਪ੍ਰੋਗਰਾਮ ਨੇਵਲ ਮਿਊਜ਼ੀਅਮ ਦੇਖਣ ਦਾ ਸੀ। ਅਸੀਂ ਮੀਂਹ ਵਿੱਚ ਭਿੱਜਣ ਦੇ ਬਾਵਜੂਦ ਮਿਊਜ਼ੀਅਮ ਦੇਖਣ ਤੁਰ ਪਏ ।ਰਸਤੇ ਵਿੱਚ ਮੋਬਾਈਲ ਫੋਨ ਵਾਲੀ ਦੁਕਾਨ ਤੋਂ ਫੋਨ ਲਿਆ, ਜਿਹੜਾ ਉਹਨਾਂ ਨੇ ਨਵੀਂ ਡਿਸਪਲੇ ਪਾ ਕੇ ਤਿਆਰ ਕਰ ਰੱਖਿਆ ਸੀ।ਦੂਸਰੇ ਫੋਨਾਂ ਲਈ ਵੀ ਵਾਟਰ ਪਰੂਫ ਕਵਰ ਖਰੀਦ ਲਏ। ਇੱਥੇ ਯਾਤਰਾ ਕਰਨ ਵਾਲਿਆਂ ਨੂੰ ਇਹ ਸਭ ਤੋਂ ਪਹਿਲਾਂ ਲੈ ਲੈਣੇ ਚਾਹੀਦੇ ਹਨ । ਰਸਤੇ ਵਿੱਚ ਟਾਪੂ ਦੀ ਹਰਿਆਲੀ, ਸੜਕਾਂ ਦੇ ਕਿਨਾਰਿਆਂ ’ਤੇ ਖੜ੍ਹੇ ਨਾਰੀਅਲ ਦੇ ਦਰੱਖ਼ਤ ਅਤੇ ਸ਼ਾਂਤ ਮਾਹੌਲ ਮਨ ਨੂੰ ਤਾਜ਼ਗੀ ਦੇ ਰਿਹਾ ਸੀ। ਮਿਊਜ਼ੀਅਮ ਦੇ ਦਰਵਾਜ਼ੇ ਤੱਕ ਪਹੁੰਚਦੇ ਹੀ ਲੱਗਾ, ਜਿਵੇਂ ਅਸੀਂ ਕਿਸੇ ਸਮੁੰਦਰੀ ਦੁਨੀਆ ਦੇ ਦਰਵਾਜ਼ੇ ’ਤੇ ਖੜ੍ਹੇ ਹਾਂ।

ਮਿਊਜ਼ੀਅਮ ਦੇ ਅੰਦਰ ਦਾਖਲ ਹੋਣ ’ਤੇ ਸਭ ਤੋਂ ਪਹਿਲਾਂ ਸਾਨੂੰ ਪੁਰਾਣੇ ਸਮੁੰਦਰੀ ਨਕਸ਼ੇ ਅਤੇ ਤਸਵੀਰਾਂ ਦਿਸੀਆਂ। ਉਹ ਨਕਸ਼ੇ ਸਦੀ ਪਹਿਲਾਂ ਦੇ ਉਹ ਦਿਨ ਯਾਦ ਕਰਵਾ ਰਹੇ ਸਨ ਜਦੋਂ ਸਮੁੰਦਰੀ ਯੋਧੇ ਤਾਰਿਆਂ ਦੀ ਰਹਿਨੁਮਾਈ ਨਾਲ ਅਣਜਾਣ ਰਾਹਾਂ ਦੀ ਖੋਜ ਵਿੱਚ ਨਿਕਲਦੇ ਸਨ। ਉਨ੍ਹਾਂ ਦੇ ਪੁਰਾਣੇ ਸਾਧਨ, ਕੰਪਾਸ ਅਤੇ ਜਹਾਜ਼ਾਂ ਦੇ ਮਾਡਲ ਦੇਖ ਕੇ ਹੈਰਾਨੀ ਹੋਈ ਕਿ ਕਿੰਨੇ ਸੀਮਿਤ ਸਾਧਨਾਂ ਨਾਲ ਉਹ ਬੇਅੰਤ ਸਮੁੰਦਰਾਂ ਦੀ ਯਾਤਰਾ ਕਰਦੇ ਰਹੇ।

ਮਿਊਜ਼ੀਅਮ ਦੇ ਦੂਜੇ ਹਿੱਸੇ ਵਿੱਚ ਅਸੀਂ ਅੰਡੇਮਾਨ ਦੀਆਂ ਜਨਜਾਤੀਆਂ ਦੀ ਦੁਨੀਆ ਵਿੱਚ ਦਾਖਲ ਹੋਏ। ਉਨ੍ਹਾਂ ਦੇ ਬਣਾਏ ਘਰਾਂ ਦੇ ਛੋਟੇ ਮਾਡਲ, ਸ਼ਿਕਾਰ ਕਰਨ ਵਾਲੇ ਤੀਰ-ਕਮਾਨ, ਪਹਿਨਾਵੇ ਅਤੇ ਸਜਾਵਟੀ ਚੀਜ਼ਾਂ ਦੇਖ ਕੇ ਲੱਗਾ ਜਿਵੇਂ ਅਸੀਂ ਉਹਨਾਂ ਦੀਆਂ ਬਸਤੀਆਂ ਵਿੱਚ ਹੀ ਟਹਿਲ ਰਹੇ ਹੋਈਏ। ਇਹ ਸਭ ਕੁਝ ਬੜੀ ਸਾਦਗੀ ਨਾਲ ਪੇਸ਼ ਕੀਤਾ ਗਿਆ ਸੀ, ਪਰ ਇਸ ਸਾਦਗੀ ਵਿੱਚ ਹੀ ਉਹਨਾਂ ਦੀ ਸੰਸਕ੍ਰਿਤੀ ਦੀ ਗਹਿਰਾਈ ਛੁਪੀ ਹੋਈ ਸੀ। ਇਹ ਹਿੱਸਾ ਸਾਨੂੰ ਸੋਚਣ ’ਤੇ ਮਜਬੂਰ ਕਰ ਗਿਆ ਕਿ ਅੱਜ ਦੀ ਆਧੁਨਿਕ ਜ਼ਿੰਦਗੀ ਵਿੱਚ ਅਸੀਂ ਕੁਦਰਤ ਤੋਂ ਕਿੰਨੇ ਦੂਰ ਹੋ ਚੁੱਕੇ ਹਾਂ।

ਤੀਜੇ ਹਿੱਸੇ ਵਿੱਚ ਸਮੁੰਦਰੀ ਜੀਵਨ ਦੀ ਰੰਗ-ਬਿਰੰਗੀ ਝਲਕ ਸਾਡਾ ਸਵਾਗਤ ਕਰ ਰਹੀ ਸੀ। ਕੱਚ ਦੇ ਸ਼ੀਸ਼ਿਆਂ ਵਿੱਚ ਰੱਖੀਆਂ ਕੋਰਲ ਦੀਆਂ ਅਨੇਕਾਂ ਕਿਸਮਾਂ ਚਮਕਦਾਰ ਰੰਗਾਂ ਨਾਲ ਅੱਖਾਂ ਨੂੰ ਮੋਹ ਲੈਂਦੀਆਂ ਸਨ। ਸਮੁੰਦਰੀ ਜੀਵਾਂ ਦੇ ਸਾਂਭੇ ਹੋਏ ਨਮੂਨੇ-ਛੋਟੇ-ਛੋਟੇ ਸ਼ੈਲਫਿਸ਼ ਤੋਂ ਲੈ ਕੇ ਵੱਡੇ-ਵੱਡੇ ਸਾਗਰੀ ਜੀਵਾਂ ਦੇ ਹੱਡੀਲੇ ਢਾਂਚੇ-ਹਰ ਇਕ ਆਪਣੇ ਅੰਦਰ ਇੱਕ ਕਹਾਣੀ ਲੁਕਾਈ ਬੈਠੇ ਸਨ। ਪਾਣੀ ਹੇਠਾਂ ਖਿੱਚੀਆਂ ਤਸਵੀਰਾਂ ਦੇਖ ਕੇ ਮਨ ਕਰਦਾ ਸੀ ਕਿ ਅਸੀਂ ਖ਼ੁਦ ਵੀ ਉਹਨਾਂ ਗਹਿਰਾਈਆਂ ਵਿੱਚ ਝਾਕ ਕੇ ਵੇਖੀਏ, ਜਿੱਥੇ ਇਹ ਜੀਵ ਵੱਸਦੇ ਹਨ। ਇੱਥੇ ਅੱਧੇ ਘੰਟੇ ਦਾ ਸਕ੍ਰੀਨ ਉੱਪਰ ਟਾਪੂ ਸੰਬੰਧੀ ਜਾਣਕਾਰੀ ਦੇਣ ਵਾਲਾ ਪ੍ਰੋਗਰਾਮ ਵੀ ਦੇਖਣਯੋਗ ਹੈ।

ਮਿਊਜ਼ੀਅਮ ਦੇ ਅੰਤ ਵਿੱਚ ਅਸੀਂ ਬਾਹਰ ਆ ਕੇ ਕੁਝ ਪਲਾਂ ਲਈ ਚੁੱਪਚਾਪ ਬੈਠ ਗਏ। ਲੱਗ ਰਿਹਾ ਸੀ ਜਿਵੇਂ ਸਮੁੰਦਰ ਦੀਆਂ ਗੂੰਜਾਂ ਹਾਲਾਂ ਵਿੱਚੋਂ ਹੁਣ ਵੀ ਕੰਨਾਂ ਵਿੱਚ ਬੋਲ ਰਹੀਆਂ ਹਨ। ਇਹ ਯਾਤਰਾ ਸਿਰਫ਼ ਮਨੋਰੰਜਨ ਹੀ ਨਹੀਂ ਸੀ, ਸਗੋਂ ਇੱਕ ਸਿੱਖਿਆਤਮਕ ਅਨੁਭਵ ਵੀ ਸੀ। ਇਹ ਸਾਨੂੰ ਯਾਦ ਦਿਵਾਉਂਦੀ ਰਹੀ ਕਿ ਸਮੁੰਦਰ ਸਿਰਫ਼ ਪਾਣੀ ਦਾ ਖੇਤਰ ਨਹੀਂ, ਸਗੋਂ ਇੱਕ ਜੀਵੰਤ ਕਾਇਨਾਤ ਹੈ ਜਿਸ ਵਿੱਚ ਇਤਿਹਾਸ, ਸੰਸਕਾਰ ਅਤੇ ਪ੍ਰਕ੍ਰਿਤੀ ਦੀ ਬੇਮਿਸਾਲ ਤਿਕੋਣੀ ਕੜੀ ਜੀਵਤ ਹੈ।

ਪੂਰੇ ਦਿਨ ਦੀ ਯਾਤਰਾ ਨੇ ਸਾਡੇ ਮਨ ’ਤੇ ਇੱਕ ਡੂੰਘਾ ਅਸਰ ਛੱਡਿਆ ਸੀ। ਹੋਟਲ ਵਾਪਸੀ ਦੇ ਰਸਤੇ ਸਮੁੰਦਰ ਦੀਆਂ ਲਹਿਰਾਂ ਨੂੰ ਵੇਖਦਿਆਂ ਮਨ ਵਿੱਚ ਇੱਕ ਹੀ ਵਿਚਾਰ ਚੱਲ ਰਿਹਾ ਸੀ-ਅੰਡੇਮਾਨ ਦੇ ਇਹ ਟਾਪੂ ਸਿਰਫ਼ ਕੁਦਰਤੀ ਸੁੰਦਰਤਾ ਹੀ ਨਹੀਂ, ਸਗੋਂ ਇਤਿਹਾਸ ਅਤੇ ਗਿਆਨ ਦੀਆਂ ਖਾਨਾਂ ਹਨ। ਰੌਸ ਟਾਪੂ ਦੇ ਇਤਿਹਾਸਕ ਖੰਡਰ ਸਟਾਰ ਆਕਰਸ਼ਣ ਸਨ। ਅਸੀਂ ਲਾਈਟ ਹਾਊਸ ਅੰਡੇਮਾਨ ਸਾਗਰ ਅਤੇ ਪੋਰਟ ਬਲੇਅਰ ਦੀ ਅਸਮਾਨ ਰੇਖਾ ਦੇ ਪੈਨੋਰਾਮਿਕ ਦ੍ਰਿਸ਼ਾਂ ਨਾਲ ਭਰਪੂਰ ਸੀ।ਸ਼ਾਮ ਨੂੰ ਆਯੋਜਿਤ ਕੀਤਾ ਗਿਆ ਲਾਈਟ ਐਂਡ ਸਾਊਂਡ ਸ਼ੋਅ ਕੁਝ ਅਜਿਹਾ ਸੀ, ਜੋ ਅਸੀਂ ਆਪਣੀ ਦਿਨ ਦੀ ਫੇਰੀ ਕਾਰਨ ਖੁੰਝ ਗਏ ਸੀ, ਪਰ ਕਿਹਾ ਜਾਂਦਾ ਹੈ ਕਿ ਇਹ ਟਾਪੂ ਦੇ ਇਤਿਹਾਸ ਨੂੰ ਨਾਟਕੀ ਬਿਰਤਾਂਤ ਰਾਹੀਂ ਦਰਸ਼ਕਾਂ ਸਾਹਮਣੇ ਲਿਆਉਂਦਾ ਹੈ।ਉੱਤਰੀ ਖਾੜੀ ਦੀ ਬਨਸਪਤੀ ਵਧੇਰੇ ਤੱਟਵਰਤੀ ਸੀ, ਕਿਨਾਰੇ ’ਤੇ ਮੈਂਗ੍ਰੋਵ ਅਤੇ ਖਜੂਰ ਦੇ ਦਰੱਖਤ ਛਾਂ ਪ੍ਰਦਾਨ ਕਰਦੇ ਸਨ। ਇਸ ਦਾ ਅਸਲ ਖਜ਼ਾਨਾ ਪਾਣੀ ਦੇ ਹੇਠਾਂ ਪਿਆ ਸੀ, ਜਿੱਥੇ ਕੋਰਲ ਰੀਫ ਸਮੁੰਦਰੀ ਜੀਵਨ ਦੀ ਇੱਕ ਚਮਕਦਾਰ ਲੜੀ ਦਾ ਸਮਰਥਨ ਕਰਦੇ ਸਨ-ਮੱਛੀ, ਸਮੁੰਦਰੀ ਐਨੀਮੋਨ ਅਤੇ ਕਦੇ-ਕਦਾਈਂ ਕੱਛੂ। ਦੋਵੇਂ ਟਾਪੂ ਜੀਵਤ ਅਜਾਇਬ ਘਰ ਵਾਂਗ ਮਹਿਸੂਸ ਕਰਵਾਉਂਦੇ ਹਨ। ਮਨੁੱਖੀ ਇਤਿਹਾਸ ਨੂੰ ਕੁਦਰਤ ਦੀ ਲਚਕਤਾ ਨਾਲ ਮਿਲਾਉਂਦੇ ਹਨ।

ਅੱਜ ਦੇ ਸਮੇਂ ਵਿੱਚ ਰਾਸ ਆਈਲੈਂਡ ਅਤੇ ਨੌਰਥ ਪੁਆਇੰਟ ਸੈਲਾਨੀਆਂ ਲਈ ਇੱਕ ਪ੍ਰਸਿੱਧ ਸਥਾਨ ਬਣ ਗਏ ਹਨ। ਹਰ ਸਾਲ ਹਜ਼ਾਰਾਂ ਸੈਲਾਨੀ ਇਥੇ ਕੁਦਰਤ ਦੀ ਸੁੰਦਰਤਾ, ਵਾਟਰ ਸਪੋਰਟਸ ਅਤੇ ਸ਼ਾਂਤੀ ਦਾ ਆਨੰਦ ਲੈਣ ਆਉਂਦੇ ਹਨ। ਸਰਕਾਰ ਅਤੇ ਸਥਾਨਕ ਏਜੰਟਾਂ ਨੇ ਸੈਲਾਨੀਆਂ ਦੀ ਸਹੂਲਤ ਲਈ ਕਈ ਪ੍ਰਬੰਧ ਕੀਤੇ ਹਨ, ਜਿਵੇਂ ਕਿ ਕਿਸ਼ਤੀ ਸੇਵਾਵਾਂ, ਗਾਈਡ ਅਤੇ ਰਹਿਣ-ਖਾਣ ਦੀਆਂ।

ਇਹ ਯਾਤਰਾ ਸਾਡੇ ਲਈ ਕੁਦਰਤ, ਰੋਮਾਂਚ ਅਤੇ ਇਤਿਹਾਸ ਦਾ ਸੰਗਮ ਹਨ। ਰੌਸ ਆਈਲੈਂਡ ਦੀ ਹਰਿਆਲੀ, ਨੌਰਥ ਪੁਆਇੰਟ ਦੇ ਕੋਰਲ ਅਤੇ ਸੈਮੁਦ੍ਰਿਕ ਮਿਊਜ਼ੀਅਮ ਦੀ ਜਾਣਕਾਰੀ ਨੇ ਸਾਡੇ ਮਨ ’ਤੇ ਇੱਕ ਅਮਿੱਟ ਛਾਪ ਛੱਡੀ। ਜੇਕਰ ਤੁਸੀਂ ਵੀ ਅੰਡੇਮਾਨ ਦੀ ਸੈਰ ਦਾ ਪ੍ਰੋਗਰਾਮ ਬਣਾ ਰਹੇ ਹੋ, ਤਾਂ ਇਹ ਦੋਵੇਂ ਟਾਪੂ ਆਪਣੀ ਸੂਚੀ ਵਿੱਚ ਜ਼ਰੂਰ ਸ਼ਾਮਲ ਕਰੋ। ਕੱਲ੍ਹ ਨੂੰ ਨਵੇਂ ਟਾਪੂ ’ਤੇ ਜਾਣ ਦੀ ਯੋਜਨਾ ਬਣਾ ਕੇ ਆਪਣੇ-ਆਪ ਨੂੰ ਨੀਂਦ ਦੇ ਹਵਾਲੇ ਕਰ ਦਿੱਤਾ ਸੀ।

ਮੋਬਾ. 94170-81419